# ਪੰਜਾਬੀ ਸਭਿਆਚਾਰ ਤੇ ਲੋਕਧਾਰਾ

DPBI649

Edited By:
Dr. Satwant Singh

LOVELY PROFESSIONAL UNIVERSITY

# ਪੰਜਾਬੀ ਸਭਿਆਚਾਰ ਤੇ ਲੋਕਧਾਰਾ


Edited By

Dr. Satwant Singh

**Course name: ਪੰਜਾਬੀ ਸਭਿਆਚਾਰ ਤੇ ਲੋਕਧਾਰਾ**


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ-1 | ਸਭਿਆਚਾਰ: ਪਰਿਭਾਸ਼ਾ, ਵਿਸ਼ੇਸ਼ਤਾਵਾਂ ਅਤੇ ਅੰਗ | ਡਾ. ਸਤਵੰਤ ਸਿੰਘ | 1-14 |
| ਅਧਿਆਇ-2 | ਸਭਿਆਚਾਰਕ ਪਰਿਵਰਤਨ | ਡਾ. ਸਤਵੰਤ ਸਿੰਘ | 15-26 |
| ਅਧਿਆਇ-3 | ਸਭਿਆਚਾਰ ਦੇ ਵਿਭਿੰਨ ਪਾਸਾਰ | ਡਾ. ਸਤਵੰਤ ਸਿੰਘ | 27-40 |
| ਅਧਿਆਇ-4 | ਪੰਜਾਬੀ ਸਭਿਆਚਾਰ ਦਾ ਇਤਿਹਾਸ | ਡਾ. ਸਤਵੰਤ ਸਿੰਘ | 41-56 |
| ਅਧਿਆਇ-5 | ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ | ਡਾ. ਸਤਵੰਤ ਸਿੰਘ | 57-68 |
| ਅਧਿਆਇ-6 | ਪੰਜਾਬੀ ਪਰਿਵਾਰ; ਬਣਤਰ ਅਤੇ ਰਿਸ਼ਤਾ-ਨਾਤਾ ਪ੍ਰਬੰਧ | ਡਾ. ਸਤਵੰਤ ਸਿੰਘ | 69-80 |
| ਅਧਿਆਇ-7 | ਪੰਜਾਬ ਦੇ ਪਿੰਡ; ਪਰੰਪਰਕ ਭੂਗੋਲਿਕ ਬਣਤਰ ਅਤੇ ਮੁੱਖ ਸੰਸਥਾਵਾਂ | ਡਾ. ਸਤਵੰਤ ਸਿੰਘ | 81-92 |
| ਅਧਿਆਇ-8 | ਲੋਕਧਾਰਾ ਦੀ ਪ੍ਰਕਿਰਤੀ:ਪਰਿਭਾਸ਼ਾ, ਸੰਕਲਪ, ਖੇਤਰ ਅਤੇ ਲੋਕਧਾਰਾ ਸ਼ਾਸਤਰ | ਡਾ. ਸਤਵੰਤ ਸਿੰਘ | 93-106 |
| ਅਧਿਆਇ-9 | ਪੰਜਾਬੀ ਲੋਕਾਚਾਰ; ਰੀਤੀ-ਰਿਵਾਜ, ਖਾਣ-ਪੀਣ ਅਤੇ ਧੰਦੇ, ਮੇਲੇ ਤੇ ਤਿਉਹਾਰ | ਡਾ. ਸਤਵੰਤ ਸਿੰਘ | 107-128 |
| ਅਧਿਆਇ-10 | ਪੰਜਾਬ ਦੇ ਲੋਕ ਵਿਸ਼ਵਾਸ਼; ਜਾਦੂ ਟੂਣੇ, ਲੋਕ-ਧਰਮ, ਟੋਟਮ ਅਤੇ ਟੈਬੂ | ਡਾ. ਸਤਵੰਤ ਸਿੰਘ | 129-146 |
| ਅਧਿਆਇ-11 | ਪੰਜਾਬੀ ਲੋਕ ਸਾਹਿਤ; ਪਰਿਭਾਸ਼ਾ ਤੇ ਵੰਨਗੀਆਂ, ਲੋਕ ਗੀਤ, ਲੋਕ ਕਹਾਣੀਆਂ, ਬੁਝਾਰਤਾਂ, ਅਖਾਣ, ਮੁਹਾਵਰੇ ਤੇ ਲੋਕ ਵਾਰਾਂ | ਡਾ. ਸਤਵੰਤ ਸਿੰਘ | 147-166 |
| ਅਧਿਆਇ-12 | ਪੰਜਾਬੀ ਲੋਕ ਨਾਚ, ਕਲਾਵਾਂ ਤੇ ਖੇਡਾਂ; ਲੋਕ-ਨਾਚ, ਲੋਕ-ਕਲਾਵਾਂ ਅਤੇ ਲੋਕ ਖੇਡਾਂ ਦੀਆਂ ਵੰਨਗੀਆਂ ਤੇ ਮਹੱਤਵ | ਡਾ. ਸਤਵੰਤ ਸਿੰਘ | 167-186 |
| ਅਧਿਆਇ-13 | ਲੋਕਧਾਰਾ ਤੇ ਤਕਨਾਲੋਜੀ; ਲੋਕਧਾਰਾ ਤੇ ਇੰਟਰਨੈਟ, ਲੋਕਧਾਰਾ ਤੇ ਮੀਡੀਆ, ਲੋਕਧਾਰਾ ਤੇ ਸਿਨੇਮਾ | ਡਾ. ਸਤਵੰਤ ਸਿੰਘ | 187-196 |
| ਅਧਿਆਇ-14 | ਪੰਜਾਬੀ ਲੋਕਧਾਰਾ ਅਤੇ ਵਿਸ਼ਵੀਕਰਨ; ਪੰਜਾਬੀ ਲੋਕਧਾਰਾ ਵਿਚ ਨਵੇਂ ਪਰਿਵਰਤਨ ਤੇ ਚੁਣੌਤੀਆਂ | ਡਾ. ਸਤਵੰਤ ਸਿੰਘ | 197-206 |

# ਅਧਿਆਇ-1 : ਸਭਿਆਚਾਰ : ਪਰਿਭਾਸ਼ਾ, ਪ੍ਰਕਰਿਤੀ, ਵਿਸ਼ੇਸ਼ਤਾਵਾਂ ਅਤੇ ਅੰਗ

*Satwant Singh, Lovely Professional University*

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਸਭਿਆਚਾਰ: ਸੰਕਲਪ
4. ਪਰਿਭਾਸ਼ਾ
5. ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ
6. ਸਭਿਆਚਾਰ ਦੇ ਅੰਗ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਸਭਿਆਚਾਰ ਦੇ ਸਿਧਾਂਤਕ ਸਰੂਪ ਨੂੰ ਜਾਨਣਗੇ
- ਸਭਿਆਚਾਰ ਵਿਗਿਆਨ ਦੇ ਇਤਿਹਾਸ ਬਾਰੇ ਗਿਆਨ ਪ੍ਰਾਪਤ ਕਰਨਗੇ
- ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਸਮਝ ਹਾਸਿਲ ਕਰਨਗੇ
- ਸਭਿਆਚਾਰ ਤੇ ਹੋਰ ਖੇਤਰਾਂ ਦੇ ਅੰਤਰ-ਸੰਬਧਾਂ ਦੀ ਜਾਣਕਾਰੀ ਪ੍ਰਾਪਤ ਕਰਨਗੇ
- ਸਭਿਆਚਾਰ ਦੇ ਅੰਗਾਂ ਬਾਰੇ ਵਿਸਤਰਿਤ ਸਮਝ ਪ੍ਰਾਪਤ ਕਰਨਗੇ

## ਭੂਮਿਕਾ

ਮਨੁੱਖ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਉਸਦੇ ਅੰਦਰ ਸਮਾਜ ਨੂੰ ਜਾਨਣ ਦੀ ਇੱਕ ਪ੍ਰਬਲ ਇੱਛਾ ਬਣੀ ਰਹਿੰਦੀ ਹੈ, ਉਸਦੀ ਇਹ ਜਗਿਆਸਾ ਹੀ ਉਸਨੂੰ ਆਪਣੇ ਆਲੇ ਦੁਆਲੇ ਨਾਲ ਤਰਕਸ਼ੀਲ ਸਬੰਧ ਵੀ ਸਥਾਪਤ ਕਰਵਾਉਂਦੀ ਹੈ। ਉਸਦੀ ਤਰਕਬੋਧ ਪਰਵਿਰਤੀ ਅਤੇ ਸਮਾਜਿਕ ਤਾਣਾ-ਬਾਣਾ ਉਸਨੂੰ ਉਸਦੇ ਸਭਿਆਚਰ ਦੇ ਦਰਸ਼ਨ ਵੀ ਕਰਵਾਉਂਦਾ ਹੈ। ਇਹ ਸਭਿਆਚਰ ਹੀ ਹੈ ਜੋ ਉਸਨੂੰ ਸਮਾਜਿਕ ਪ੍ਰਾਣੀ ਬਣਾਉਂਦਾ ਹੈ ਤੇ ਜ਼ਿੰਦਗੀ ਜਿਉਣ ਦਾ ਢੰਗ ਵੀ ਸਿਖਾਉਂਦਾ ਹੈ, ਸਭਿਆਚਰ ਮਨੁੱਖ ਦਾ ਸਮਾਜਿਕ ਅਤੇ ਨੈਤਿਕ ਵਿਕਾਸ ਕਰਦਾ ਹੈ। ਸਭਿਆਚਰ ਆਪਣੇ ਸ਼ਾਬਦਿਕ ਪੱਖ ਤੋਂ ਜਿੰਨਾ ਸਰਲ ਅਤੇ ਇਕਹਿਰਾ ਲੱਗਦਾ ਹੈ। ਸੰਕਲਪਾਤਮਿਕ ਪੱਖਾਂ ਤੋਂ ਉਨ੍ਹਾਂ ਹੀ ਜਟਿਲ, ਗਹਿਰਾ ਅਤੇ ਵਿਸ਼ਾਲ ਅਰਥ ਖੇਤਰ ਵਾਲਾ ਹੈ। ਮਨੁੱਖ ਦੀ ਸਮਾਜਿਕ ਹੋਂਦ ਕਾਰਨ ਸਭਿਆਚਰ ਉਸਦੀ ਅਜਿਹੀ ਵਿਲੱਖਣ ਪ੍ਰਾਪਤੀ ਵਜੋਂ ਜਾਣਿਆ ਜਾਂਦਾ ਹੈ, ਜਿਹੜੀ ਨਾ ਕੇਵਲ ਉਸਨੂੰ ਪ੍ਰਾਕਿਰਤੀ ਦੇ ਬਾਕੀ ਜੀਵ ਜੰਤੂਆਂ ਤੋਂ ਹੀ ਅਲੱਗ ਕਰਦੀ ਹੈ, ਸਗੋਂ ਵਿਭਿੰਨ ਮਨੁੱਖਾਂ, ਮਨੁੱਖੀ- ਸਮੂਹਾਂ ਅਤੇ ਉਪ ਸਮੂਹਾਂ ਵਿਚਕਾਰ ਸਾਂਝ ਅਤੇ ਵੱਖਰੇਵੇ ਦੇ ਲੱਛਣ ਵੀ ਨਿਰਧਾਰਤ ਕਰਦੀ ਹੈ। ਸੋ ਸਭਿਆਚਰ ਮਨੁੱਖੀ ਜੀਵਨ ਜਿੰਨਾ ਹੀ ਵਿਸ਼ਾਲ ਅਤੇ ਅਹਿਮ ਵਰਤਾਰਾ ਹੈ, ਮਨੁੱਖੀ ਸਮਾਜ ਵਿੱਚ ਸਭਿਆਚਰ ਸੁਲਝੇ ਵਤੀਰੇ ਦੇ ਅਰਥਾਂ ਤੋਂ ਲੈ ਕੇ ਸਮੁੱਚੇ ਵਤੀਰੇ ਦੇ ਅਰਥਾਂ ਤੱਕ ਅਨੇਕ ਸੰਦਰਭਾਂ ਵਿਚ ਪ੍ਰਯੋਗ ਹੁੰਦਾ ਹੈ।

## ਸਭਿਆਚਾਰ: ਸੰਕਲਪ

**ਸਭਿਆਚਾਰ** ਦੋ ਸ਼ਬਦਾਂ ਦਾ ਯੋਗ ਹੈ, ਸੱਭਿਯ+ਅਚਾਰ। ਸੱਭਿਯ ਸ਼ਬਦ ਸਭਿਅਕ ਲੋਕਾਂ ਦਾ ਸੰਕੇਤ ਹੈ ਤੇ ਅਚਾਰ ਸ਼ਬਦ ਤੋਂ ਭਾਵ ਹੈ

ਨਿਯਮ, ਢੰਗ, ਤਰੀਕਾ ਭਾਵ ਕਿ ਸੱਭਿਅਕ ਲੋਕਾਂ ਦੇ ਰਹਿਣ ਦੇ ਨਿਯਮ ਜਾਂ ਢੰਗ ਤਰੀਕਾ। ਇਸ ਤਰ੍ਹਾਂ ਅਸੀਂ ਸਭਿਆਚਾਰ ਨੂੰ ਸਾਊ ਜਾਂ ਸੁਧਰੇ ਹੋਏ ਵਿਵਹਾਰ ਦੇ ਰੂਪ ਵਿਚ ਵੀ ਲੈ ਸਕਦੇ ਹਾਂ।

ਹਿੰਦੀ ਭਾਸ਼ਾ ਵਿਚ ਸਭਿਆਚਾਰ ਦੇ ਸਮਾਨ-ਆਰਥਕ ਸ਼ਬਦ संस्कृति ਪ੍ਰਯੋਗ ਕੀਤਾ ਜਾਂਦਾ ਹੈ। संस्कृति ਮੂਲ ਰੂਪ ਵਿਚ 'कृ' ਧਾਤੂ ਤੋਂ ਬਣਿਆ ਹੈ। ਇਸ ਧਾਤੂ ਤੋਂ ਤਿੰਨ ਸ਼ਬਦ ਬਣਦੇ ਹਨ, 'ਪ੍ਰਕਿਰਤ, ਸੰਸਕ੍ਰਿਤ ਅਤੇ ਵਿਕ੍ਰਤ। संस्कृति (ਸੰਸਕ੍ਰਿਤੀ) ਦਾ ਸ਼ਾਬਦਿਕ ਅਰਥ ਹੈ; ਉਤਮ ਜਾਂ ਸੁਧਰੀ ਹੋਈ ਸਥਿਤੀ'। ਸੰਸਕ੍ਰਿਤ ਜਾਂ ਸੰਸਕਾਰ ਤੋਂ ਉਤਪੰਨ ਹੋਇਆ ਮੰਨਿਆ ਜਾਂਦਾ ਹੈ ਜਿਹੜਾ ਅਕਸਰ ਸਜਾਉਣਾ, ਸੰਵਾਰਨਾ ਜਾਂ ਪਵਿੱਤਰ ਕਰਨ ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਰਿਹਾ ਹੈ। ਇੰਜ ਸੰਸਕ੍ਰਿਤੀ ਕਿਸੇ ਸਮਾਜ ਵਿਚ ਡੂੰਘੇ ਵਿਆਪਕ ਗੁਣਾਂ ਦੇ ਸਮਗਰ ਸਰੂਪ ਦਾ ਨਾਂ ਹੈ ਜੋ ਉਸ ਸਮਾਜ ਦੇ ਸੋਚਣ, ਵਿਚਾਰਨ ਤੇ ਵਿਹਾਰਕ ਸਰੂਪ ਵਿਚ ਹੁੰਦਾ ਹੈ। ਉਰਦੂ-ਫ਼ਾਰਸੀ ਭਾਸ਼ਾ ਬੋਲਣ ਵਾਲੇ ਇਸ ਸ਼ਬਦ ਦੇ ਸਮਰੂਪ ਸਕਾਫ਼ਤ, ਤਰਬੀਅਤ, ਸਾਇਸਤਗੀ ਅਤੇ ਤਹਿਜ਼ੀਬ ਆਦਿ ਸ਼ਬਦਾਂ ਦਾ ਪ੍ਰਯੋਗ ਕਰਦੇ ਹਨ।

ਅੰਗਰੇਜ਼ੀ ਭਾਸ਼ਾ ਵਿਚ ਸਭਿਆਚਾਰ ਵਾਸਤੇ Culture 'ਕਲਚਰ' ਸ਼ਬਦ ਦਾ ਇਸਤੇਮਾਲ ਕੀਤਾ ਜਾਂਦਾ ਹੈ, ਜਿਸਦਾ ਅਰਥ ਫਲਣਾ-ਫੁਲਣਾ ਜਾਂ ਵਿਕਾਸ ਵੱਲ ਵਧਣਾ ਹੈ। ਆਰੰਭ ਵਿਚ ਕਲਚਰ ਸ਼ਬਦ ਖੇਤੀਬਾੜੀ, ਪਸ਼ੂ-ਪਾਲਣ ਆਦਿ ਦੇ ਅਰਥਾਂ ਵਿਚ ਪ੍ਰਯੋਗ ਹੁੰਦਾ ਸੀ। ਹੈਨਰੀ ਆਰ. ਵਾਨ. ਟਿਲ. ਦੇ ਵਿਚਾਰ ਅਨੁਸਾਰ ਕਲਚਰ ਸ਼ਬਦ, Cultura (ਕਲਚਰਾ) ਤੋਂ ਨਿਕਲਿਆ ਹੈ ਜਿਸਦਾ ਅਰਥ ਹੈ ਧਰਤੀ ਵਾਹੁਣਾ ਜਾਂ ਜੋਤਨਾ। ਲਾਤੀਨੀ ਭਾਸ਼ਾ ਵਿਚ ਕਲਚਰ ਦੇ ਮੁਕਾਬਲੇ ਦਾ ਸ਼ਬਦ Cultura (ਕਲਚਰਾ) ਹੈ। ਇਹ ਲਾਤੀਨੀ ਸ਼ਬਦ ਫਰਾਂਸੀਸੀ ਰਾਹੀਂ ਅੰਗਰੇਜ਼ੀ ਵਿਚ ਆਇਆ ਜਿਥੇ ਇਸਦੇ ਸ਼ਾਬਦਿਕ ਅਰਥ ਵਿਸ਼ੇਸ਼ ਪ੍ਰਕਾਰ ਦੇ ਵਿਕਾਸ ਜਾਂ ਉਪਜਾਊ ਕਾਰਜ ਦੇ ਹਨ। ਇਸ ਤਰ੍ਹਾਂ ਅੰਗਰੇਜ਼ੀ ਸ਼ਬਦ 'ਐਗਰੀਕਲਚਰ' ਵੀ ਲਾਤੀਨੀ ਸ਼ਬਦ ਤੋਂ ਹੈ। Agri (ਖੇਤ) Culture (ਜੋਤਨਾ) ਕਲਚਰ ਸ਼ਬਦ ਦਾ ਸਬੰਧ 'ਕਲਚਰ' ਨਾਲ ਵੀ ਜੋੜਿਆ ਜਾਂਦਾ ਹੈ। ਫਸਲਾਂ ਲਈ ਧਰਤੀ ਤਿਆਰ ਕਰਨ ਦਾ ਕੰਮ, ਕਾਸ਼ਤਕਾਰੀ, ਖੇਤੀਬਾੜੀ, ਦੇਖਭਾਲ ਆਦਿ। ਜਿਸ ਬਾਰੇ ਵਿਦਵਾਨਾਂ ਦਾ ਮੱਤ ਹੈ ਕਿ Cultura ਉਹਨਾਂ ਸਾਰੇ ਤਰੀਕਿਆਂ ਵੱਲ ਸੰਕੇਤ ਕਰਦਾ ਹੈ ਜਿਨ੍ਹਾਂ ਦੁਆਰਾ ਮਨੁੱਖ ਆਪਣੇ ਅਸਲ ਵਹਿਸ਼ੀਪੁਣੇ ਤੇ ਕਾਬੂ ਪਾਉਂਦਾ ਹੈ ਅਤੇ ਪੂਰੀ ਤਰਾਂ ਮਨੁੱਖ ਬਣ ਜਾਂਦਾ ਹੈ। ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਪੂਰਬ ਤੇ ਪੱਛਮੀ ਸਮਾਜ ਦੇ ਵਿਦਵਾਨਾਂ ਨੇ ਇਸ ਨੂੰ ਮਨੁੱਖ ਦੀ ਇਕ ਸਰਗਰਮੀ ਵਜੋਂ ਹੀ ਲਿਆ ਹੈ। ਜੋ ਸਮਾਂ ਪਾ ਕੇ ਇਕ ਨਿਸ਼ਚਿਤ ਜੀਵਨ-ਜਾਚ ਵਿਚ ਬਦਲ ਗਈ। ਪੰਜਾਬੀ ਵਿਚ ਸਭਿਆਚਾਰ ਤੇ ਸੰਸਕ੍ਰਿਤੀ ਸ਼ਬਦ ਵਰਤੇ ਜਾਂਦੇ ਰਹੇ ਹਨ ਪਰ ਅਕਾਦਮਿਕਤਾ ਤੇ ਜਨ ਸਧਾਰਾਨ ਵਿਚ ਸਭਿਆਚਾਰ ਸ਼ਬਦ ਨੂੰ ਹੀ ਪ੍ਰਮੁੱਖਤਾ ਮਿਲੀ ਹੈ। ਇਸ ਲਈ ਪੰਜਾਬੀ ਵਿਚ ਸਭਿਆਚਾਰ ਸ਼ਬਦ ਨੂੰ ਸੰਸਕ੍ਰਿਤੀ ਅਤੇ ਕਲਚਰ ਦੇ ਪਰਿਆਇ ਵਜੋਂ ਵਰਤਣਾ ਵਧੇਰੇ ਢੁੱਕਵਾਂ ਹੈ।

## ਪਰਿਭਾਸ਼ਾ

ਮਨੁੱਖ ਸੁਭਾਅ ਨਾਲ ਅਗਾਂਹਵਧੂ ਜੀਵ ਹੈ। ਇਹ ਬੁੱਧੀ ਦੀ ਵਰਤੋਂ ਨਾਲ ਆਪਣੇ ਆਸ ਪਾਸ ਦੀਆਂ ਕੁਦਰਤੀ ਸਥਿਤੀਆਂ ਵਿੱਚ ਲਗਾਤਾਰ ਸੁਧਾਰ ਅਤੇ ਉਨਤ ਕਰਦਾ ਰਹਿੰਦਾ ਹੈ। ਅਜਿਹੀ ਹਰ ਜੀਵਨ ਵਿਧੀ, ਰੀਤੀ-ਰਿਵਾਜ, ਰਹਿਣ-ਸਹਿਣ, ਆਚਾਰ-ਵਿਹਾਰ, ਨਵੀਂ ਖੋਜ ਅਤੇ ਨਵੀਂ ਲੱਭਤ ਜਿਸ ਦੁਆਰਾ ਮਨੁੱਖ ਜਾਨਵਰਾਂ ਅਤੇ ਜਾਂਗਲੀ ਸਥਿਤੀ ਤੋਂ ਉੱਪਰ ਉੱਠਦਾ ਹੈ ਅਤੇ ਸਭਿਅਕ ਬਣ ਜਾਂਦਾ ਹੈ। ਸਭਿਅਤਾ, (Civilization) ਸਭਿਆਚਾਰ ਦਾ ਹਿੱਸਾ ਹੈ। ਸਭਿਅਤਾ ਮਨੁੱਖ ਦੇ ਭੌਤਿਕ ਖੇਤਰ ਦੀ ਪ੍ਰਗਤੀ ਨੂੰ ਦਰਸਾਉਂਦਾ ਹੈ ਜਦੋਂਕਿ ਸਭਿਆਚਾਰ ਮਾਨਸਿਕ ਖੇਤਰ ਦੀ ਪ੍ਰਗਤੀ ਨੂੰ ਦਰਸਾਉਂਦਾ ਹੈ। ਮਨੁੱਖ ਸਿਰਫ ਭੌਤਿਕ ਸਥਿਤੀਆਂ ਵਿਚ ਸੁਧਾਰ ਕਰਕੇ ਸੰਤੁਸ਼ਟ ਨਹੀਂ ਹੁੰਦਾ, ਉਹ ਸਿਰਫ ਭੋਜਨ ਲਈ ਹੀ ਨਹੀਂ ਜਿਉਂਦਾ, ਸਰੀਰ ਦੇ ਨਾਲ ਮਨ ਅਤੇ ਆਤਮਾ ਵੀ ਹੈ। ਭੌਤਿਕ ਉਨਤੀ ਨਾਲ ਸਰੀਰ ਦੀ ਭੁੱਖ ਮਿਟ ਜਾਂਦੀ ਹੈ ਪਰ ਮਨ ਤੇ ਆਤਮਾ ਅਤ੍ਰਿਪਤ ਰਹਿੰਦੇ ਹਨ। ਇਨ੍ਹਾਂ ਨੂੰ ਸੰਤੁਸ਼ਟ ਕਰਨ ਲਈ, ਮਨੁੱਖ ਜੋ ਆਪਣਾ ਵਿਕਾਸ ਅਤੇ ਤਰੱਕੀ ਕਰਦਾ ਹੈ, ਉਸਨੂੰ ਸਭਿਆਚਾਰ ਕਿਹਾ ਜਾਂਦਾ ਹੈ। ਮਨੁੱਖੀ ਜਗਿਆਸਾ ਦਾ ਨਤੀਜਾ ਧਰਮ ਅਤੇ ਦਰਸ਼ਨ ਹਨ। ਸੁਹਜ ਦੀ ਭਾਲ ਵਿਚ ਉਹ ਸੰਗੀਤ, ਸਾਹਿਤ, ਮੂਰਤੀ, ਚਿਤਰ, ਭਵਨ ਨਿਰਮਾਣ ਆਦਿ ਅਨੇਕਾਂ ਕਲਾਵਾਂ ਨੂੰ ਉਨਤ ਕਰਦਾ ਹੈ। ਸੁਖੀ ਜੀਵਨ ਲਈ ਸਮਾਜਿਕ ਤੇ ਰਾਜਨੀਤਕ ਖੇਤਰ ਵਿਚ ਸਰਗਰਮੀਆਂ ਕਰਦਾ ਹੈ। ਇੰਜ ਮਾਨਸਿਕ ਖੇਤਰ ਵਿਚ ਉਨਤੀ ਦੀ ਸੂਚਕ ਉਸਦੀ ਹਰ ਮੌਲਿਕ ਸਰਗਰਮੀ ਸਭਿਆਚਾਰ ਦਾ ਅੰਗ ਬਣ ਜਾਂਦੀ ਹੈ। ਇਸ ਵਿਚ ਪ੍ਰਧਾਨ ਰੂਪ ਵਿਚ ਧਰਮ, ਦਰਸ਼ਨ, ਸਾਰੇ ਗਿਆਨ-ਵਿਗਿਆਨ ਅਤੇ ਕਲਾਵਾਂ, ਸਮਾਜਿਕ ਅਤੇ ਰਾਜਨੀਤਕ ਸੰਸਥਾਵਾਂ ਅਤੇ ਪ੍ਰਥਾਵਾਂ ਸ਼ਾਮਿਲ ਹਨ।

ਪ੍ਰਾਕਿਰਤਕ ਮਨੁੱਖ ਤੋਂ ਸਮਾਜਿਕ ਮਨੁੱਖ ਬਣਨ ਦੀ ਇਕ ਬਹੁਤ ਹੀ ਜਟਿਲ ਪ੍ਰਕਿਰਿਆ ਹੀ ਸਭਿਆਚਾਰ ਹੈ ਭਾਵ ਪਸ਼ੂ ਮਨੁੱਖ ਤੋਂ ਮਨੁੱਖ ਅਤੇ ਮਨੁੱਖ ਤੋਂ ਪੂਰਣ ਮਨੁੱਖ ਬਣਨ ਦੀ ਵਿਗਿਆਨਕ ਮਾਨਵ ਚੇਸ਼ਟਾ ਹੈ। ਸ਼ਬਦ ਸਭਿਆਚਾਰ ਨੂੰ ਕਿਸੇ ਇਕੱਲੀ ਇਕਹਿਰੀ ਪ੍ਰੀਭਾਸ਼ਾ ਵਿਚ ਪੇਸ਼ ਕਰਨਾ ਸੰਭਵ ਨਹੀਂ ਹੈ, ਦੂਸਰਾ ਪੱਖ ਇਹ ਵੀ ਹੈ ਕਿ ਇਸਦੀ ਠੀਕ ਪਰਿਭਾਸ਼ਾ ਦੇਣ ਦੇ ਰਸਤੇ ਵਿਚ ਬਹੁਤ ਸਾਰੀਆਂ ਰੁਕਾਵਟਾਂ ਵੀ ਹਨ ਜਿਨ੍ਹਾਂ ਨੂੰ ਗੁਰਬਖਸ਼ ਸਿੰਘ ਫਰੈਂਕ ਵਰਣਨ ਕਰਦੇ ਹੋਏ ਲਿਖਦੇ ਹਨ: ਪਹਿਲੀ ਔਕੜ ਇਹ ਹੈ ਕਿ ਇਸਦੀ ਦਿੱਤੀ ਗਈ ਹਰ ਪਰਿਭਾਸ਼ਾ ਇਸਦੇ ਵੱਖ-ਵੱਖ ਅਰਥਾਂ ਨੂੰ ਉਘਾੜਦੀ ਹੈ, ਸੋ ਬਹੁ ਅਰਥਕਤਾ ਵੱਡੀ ਔਕੜ ਹੈ। ਦੂਜੀ ਵੱਡੀ ਔਕੜ ਇਸਦਾ ਵਿਸ਼ਾਲ ਵਿਸ਼ੈ-ਖੇਤਰ ਹੈ, ਕਿਉਂਕਿ ਇਹ ਮਨੁੱਖੀ ਸਮਾਜ ਜਿੰਨਾ ਹੀ ਵਿਆਪਕ ਹੈ। ਇਸ ਲਈ ਇਹ ਕਿਸੇ ਚੀਜ਼ ਵੱਲ ਸੰਕੇਤ ਨਹੀਂ ਕਰਦਾ ਸਗੋਂ ਇਸ ਵਿਚ ਨਿਸ਼ਚਿਤ ਠੋਸ ਪਦਾਰਥਾਂ ਅਤੇ ਸਮਾਜਿਕ ਵਰਤਾਰਿਆਂ ਤੋਂ ਲੈ ਕੇ ਨਿਰੋਲ ਭਾਵ-ਵਾਚਕ ਸੰਕਲਪਾਂ ਤੱਕ ਕਈ ਕੁਝ ਆ ਜਾਂਦਾ ਹੈ, ਜੋ ਕੁਝ ਵੈਸੇ ਵੀ ਵੱਖ-ਵੱਖ ਵਿਚਾਰਧਾਰਕ ਪ੍ਰਣਾਲੀਆਂ ਅਨੁਸਾਰ ਵੱਖ-ਵੱਖ ਅਰਥ ਵਸਤੂ ਦਾ ਸੂਚਕ ਹੁੰਦਾ ਹੈ। ਤੀਜੀ ਔਕੜ ਇਹ ਹੈ ਕਿ ਸਭਿਆਚਾਰ ਦਾ ਅਧਿਐਨ ਵੱਖ-ਵੱਖ ਸਮਾਜਿਕ ਵਿਗਿਆਨਾਂ ਜਿਵੇਂ ਮਾਨਵ ਵਿਗਿਆਨ ਸਮਾਜ ਵਿਗਿਆਨ ਅਤੇ ਮਨੋਵਿਗਿਆਨ ਵਿਚ

ਕੀਤਾ ਜਾਂਦਾ ਹੈ ਤਿੰਨਾਂ ਦੇ ਅਧਿਐਨ ਦੇ ਵੱਖ-ਵੱਖ ਸੰਦ ਹਨ। ਸਭਿਆਚਾਰ ਦੇ ਅਰਥ ਨੂੰ ਸਪਸ਼ਟ ਕਰਨ ਦਾ ਮੁੱਢਲਾ ਯਤਨ ਅੰਗਰੇਜ਼ ਮਾਨਵ ਵਿਗਿਆਨੀ ਐਡਵਰ.ਬੀ. ਟਾਇਲਰ ਵੱਲੋਂ ਕੀਤਾ ਗਿਆ ਸੀ ਜਿਸਨੂੰ ਸਭਿਆਚਾਰ ਦੀ ਸਭ ਤੋਂ ਪਹਿਲੀ ਪਰਿਭਾਸ਼ਾ ਮੰਨਿਆ ਜਾਂਦਾ ਹੈ।

**ਐਡਵਰ.ਬੀ. ਟਾਇਲਰ** ਅਨੁਸਾਰ :"ਸਭਿਆਚਾਰ ਉਹ ਜਟਿਲ ਸਮੂਹ ਹੈ, ਜਿਸ ਵਿਚ ਗਿਆਨ, ਵਿਸ਼ਵਾਸ, ਕਲਾ, ਨੈਤਿਕਤਾ, ਕਾਨੂੰਨ, ਰੀਤੀ-ਰਿਵਾਜ ਅਤੇ ਹੋਰ ਸਭ ਸਮਰੱਥਾਵਾਂ ਅਤੇ ਆਦਤਾਂ ਆ ਜਾਂਦੀਆਂ ਹਨ, ਜਿਹੜੀਆਂ ਮਨੁੱਖ, ਸਮਾਜ ਦੇ ਇੱਕ ਮੈਂਬਰ ਹੋਣ ਦੇ ਨਾਤੇ ਗ੍ਰਹਿਣ ਕਰਦਾ ਹੈ।"

**ਮੈਲਿਨੋਵਸਕੀ** ਅਨੁਸਾਰ, "ਸਭਿਆਚਾਰ ਉਹ ਜੰਤਰ ਹੈ ਜਿਸ ਰਾਹੀਂ ਮਨੁੱਖ ਆਪਣੀਆਂ ਸਰੀਰਕ ਲੋੜਾਂ ਪੂਰੀਆਂ ਕਰਦਾ ਹੈ। ਭੁੱਖ, ਪਿਆਸ, ਸੁਰੱਖਿਆ ਅਤੇ ਕਾਮ ਤ੍ਰਿਪਤੀ ਉਹ ਪਦਾਰਥਕ ਲੋੜਾਂ ਹਨ, ਜਿਨ੍ਹਾਂ ਦੀ ਪੂਰਤੀ ਅਤੇ ਸੰਤੁਸ਼ਟੀ ਉਪਰੰਤ ਗੌਣ ਲੋੜਾਂ ਉਤਪੰਨ ਹੁੰਦੀਆਂ ਹਨ। ਇਹ ਲੋੜਾਂ ਸਰਵ-ਵਿਆਪਕ ਹਨ। ਇਸ ਲਈ ਸਭਿਆਚਾਰ ਵੀ ਸਰਵ ਵਿਆਪਕ ਹੈ। ਇਨ੍ਹਾਂ ਲੋੜਾਂ ਦੀ ਪੂਰਤੀ ਦੇ ਦੌਰਾਨ ਹੀ ਸੰਸਥਾਵਾਂ ਦਾ ਜਨਮ ਹੁੰਦਾ ਹੈ ਜਿਨ੍ਹਾਂ ਰਾਹੀਂ ਮਨੁੱਖੀ ਵਿਵਹਾਰ ਦੇ ਆਦਰਸ਼ਕ ਮਾਪ ਦੰਡ ਨਿਰਧਾਰਤ ਹੁੰਦੇ ਹਨ। ਇਸ ਦ੍ਰਿਸ਼ਟੀਕੋਣ ਤੋਂ ਇਹ ਕਿਹਾ ਜਾ ਸਕਦਾ ਹੈ ਕਿ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਤ੍ਰਿਪਤੀ ਦੇ ਯਤਨ ਵਿਚੋਂ ਨਿਰਮਿਤ ਸੰਸਥਾਵਾਂ ਦੀ ਪਰਸਪਰ ਸਬੰਧ ਪ੍ਰਣਾਲੀ ਹੀ ਸਭਿਆਚਾਰ ਹੈ।

ਪ੍ਰਸਿੱਧ ਅਮਰੀਕੀ ਮਾਨਵ ਵਿਗਿਆਨੀਆਂ **ਕਰੋਬਰ ਅਤੇ ਕਲੱਕਹੋਨ** ਅਨੁਸਾਰ, "ਸਭਿਆਚਾਰ ਮਨੁੱਖੀ ਵਿਵਹਾਰ ਨਾਲ ਸਬੰਧਿਤ ਅਜਿਹੇ ਪ੍ਰੋਖ ਤੇ ਪ੍ਰਤੱਖ ਵਿਭਿੰਨ ਪੈਟਰਨਾਂ ਦਾ ਸਮੁੱਚਾ ਜਾਂ ਕਦਰਾਂ-ਕੀਮਤਾਂ ਦਾ ਸਿਸਟਮ ਹੈ ਜਿਸ ਦੇ ਵਿਭਿੰਨ ਅੰਸ਼ ਜਾਂ ਅੰਸ਼ ਸਮੂਹ ਪ੍ਰਤੀਕਾਂ ਰਾਹੀਂ ਗ੍ਰਹਿਣ ਕੀਤੇ ਜਾਂਦੇ ਹਨ ਅਤੇ ਦੂਜਿਆਂ ਤੱਕ ਪਹੁੰਚਾਏ ਜਾਂਦੇ ਹਨ।"

ਅਮਰੀਕੀ ਮਾਨਵ ਵਿਗਿਆਨੀ **ਹਿਰਸੋਕੋਵਿਤਸ** ਨੇ ਸਭਿਆਚਾਰ ਦੀਆਂ ਦੋ ਸੰਖੇਪ ਤੋਂ ਸੰਖੇਪ ਪ੍ਰੀਭਾਸ਼ਾਵਾਂ ਦਿੱਤੀਆਂ ਹਨ :

**(ੳ) "ਸਭਿਆਚਾਰ ਵਾਤਾਵਰਣ ਦਾ ਮਨੁੱਖ ਸਿਰਜਿਆ ਭਾਗ ਹੈ।"**

**(ਅ) "ਸਭਿਆਚਾਰ ਮਨੁੱਖੀ ਵਿਹਾਰ ਦੇ ਸਿੱਖੇ ਹੋਏ ਭਾਗ ਨੂੰ ਕਹਿੰਦੇ ਹਨ।"**

**ਐਨਸਾਈਕਲੋਪੀਡੀਆ ਅਮੈਰਿਕਾਨ** (ਅਮਰੀਕੀ ਵਿਸ਼ਵਕੋਸ਼) ਅਨੁਸਾਰ "ਸਭਿਆਚਾਰ ਕਿਸੇ ਸਮਾਜ ਦਾ ਵਿਹਾਰਕ ਵਸਤੂ ਹੁੰਦਾ ਹੈ।"

**ਰੇਮੰਡ ਵਿਲੀਅਮਜ਼** ਅਨੁਸਾਰ : "ਸਭਿਆਚਾਰ ਦੇ ਸੰਕਲਪ ਵਿਚ ਇਤਿਹਾਸਕ ਵਿਕਾਸ ਅਨੁਸਾਰ ਆ ਰਹੇ ਪਰਿਵਰਤਨ ਦੇ ਵਿਭਿੰਨ ਪੱਖਾਂ ਨੂੰ ਵਿਚਾਰਕੇ ਇਸਨੂੰ ਚਾਰ ਭਾਗਾਂ ਵਿੱਚ ਵੰਡਿਆ ਹੈ, ਪਹਿਲਾ ਸਭਿਆਚਾਰ ਤੋਂ ਭਾਵ ਮਾਨਵ ਦੀ ਸਧਾਰਨ ਅਵਸਥਾ ਜਾਂ ਆਦਤ ਤੋਂ ਲਿਆ ਜਾਂਦਾ ਸੀ, ਫਿਰ ਇਸ ਨੂੰ ਸਮੁੱਚੇ ਸਮਾਜ ਵਿਚ ਬੌਧਿਕ ਉਨਤੀ ਦੀ ਸਧਾਰਨ ਅਵਸਥਾ ਦੇ ਅਰਥਾਂ ਵਿਚ ਗ੍ਰਹਿਣ ਕੀਤਾ ਜਾਂਦਾ ਰਿਹਾ। ਇਸ ਤੋਂ ਬਾਅਦ ਸਭਿਆਚਾਰ ਕਲਾਵਾਂ ਦਾ ਬਾਹਰੀ ਸਧਾਰਨ ਰੂਪ ਅਤੇ ਹੁਣ ਇਸਨੂੰ ਸਮੁੱਚੇ ਜੀਵਨ ਢੰਗ ਦੇ ਅਰਥਾਂ ਵਿਚ ਪ੍ਰਵਾਨ ਕੀਤਾ ਜਾਂਦਾ ਹੈ, ਜਿਸ ਵਿਚ ਪਦਾਰਥਕ ਬੌਧਿਕ ਅਤੇ ਅਧਿਆਤਮਿਕ ਪੱਖ ਸ਼ਾਮਿਲ ਹਨ।"

ਸਮਾਜ ਵਿਗਿਆਨੀ **ਗ੍ਰਾਹਮ ਵਾਲਸ** ਅਨੁਸਾਰ, "ਸੰਸਕ੍ਰਿਤੀ ਵਿਚਾਰਾਂ, ਕਦਰਾਂ-ਕੀਮਤਾਂ ਅਤੇ ਪਦਾਰਥਾਂ ਦਾ ਸੰਗ੍ਰਹਿ ਹੈ। ਇਹ ਉਹ ਸਮਾਜਿਕ ਵਿਰਸਾ ਹੈ, ਜੋ ਅਸੀਂ ਸਿੱਖਿਆ ਦੁਆਰਾ ਪਹਿਲੀਆਂ ਪੁਸ਼ਤਾਂ ਤੋਂ ਪ੍ਰਾਪਤ ਕੀਤਾ ਹੈ ਅਤੇ ਇਹ ਜੈਵਿਕ ਵਿਰਸੇ ਤੋਂ ਭਿੰਨ ਹੈ ਜੋ ਜ਼ੀਨਾਂ (genes) ਦੁਆਰਾ ਆਪਣੇ ਆਪ ਹੀ ਅਗਲੀ ਪੁਸ਼ਤ ਨੂੰ ਪ੍ਰਾਪਤ ਹੋ ਜਾਂਦਾ ਹੈ।"

**ਲੈਵੀ ਸਤਰੋਸ** ਅਨੁਸਾਰ,"ਸਮਾਜ ਤੋਂ ਬਿਨਾਂ ਮਨੁੱਖ ਨੂੰ ਅਧੂਰਾ ਹੈ, ਆਦਮੀ ਦੂਜਿਆਂ ਬਿਨਾਂ, ਸਮਾਜ ਬਿਨਾ ਅਪ੍ਰਗਟ ਹੈ, ਗੂੰਗਾ ਹੈ, ਯਾਦ ਰਹਿਤ ਹੈ, ਉਹ ਸੋਚ ਨਹੀਂ ਸਕਦਾ, ਇਸਦਾ ਭੂਤ ਕੋਈ ਨਹੀਂ, ਭਵਿੱਖ ਕੋਈ ਨਹੀਂ, ਉਸਦਾ ਵਰਤਮਾਨ ਕੋਈ ਨਹੀਂ, ਸਮਾਜ ਬਿਨਾ ਆਦਮੀ ਕੋਈ ਨਹੀਂ, ਕੁਝ ਨਹੀਂ।"

**ਗੁਰਬਖ਼ਸ਼ ਸਿੰਘ ਫਰੈਂਕ** ਅਨੁਸਾਰ, "ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ, ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਹਾਰ ਦੇ ਪੈਟਰਨ ਅਤੇ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।"

**ਡਾ. ਜਸਵਿੰਦਰ ਸਿੰਘ** ਅਨੁਸਾਰ, "ਸਭਿਆਚਰ ਲੋਕ ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ ਜਾਚ ਦਾ ਨਾਂ ਹੈ ਜਿਸ ਵਿਚ ਪਸ਼ੂ ਜੀਵਨ ਤੋਂ ਅਗਾਂਹ ਲੰਘ, ਮਨੁੱਖ ਆਪਣੀਆਂ ਅੰਦਰੂਨੀ ਕਰਤਾਰੀ ਸ਼ਕਤੀਆਂ ਨੂੰ ਪ੍ਰਗਟ ਕਰਨ ਤੇ ਵਿਉਂਤਣ ਲਈ ਸਭਿਆਚਰ ਸਿਰਜਦਾ ਹੈ, ਮਨ, ਸਰੀਰ ਅਤੇ ਆਤਮਾ ਦੀ ਇਕਸੁਰਤਾ ਪੈਦਾ ਕਰਦਿਆਂ, ਬੁਨਿਆਦੀ ਮਨੁੱਖੀ ਲੋੜਾਂ ਨੂੰ ਪੂਰਾ ਕਰਨ ਅਤੇ ਨਾਲ ਹੀ ਮਨੁੱਖ ਦੀਆਂ ਨਿੱਜੀ ਅਤੇ ਸਮੂਹਿਕ ਸੰਭਾਵਨਾਵਾਂ ਨੂੰ ਪ੍ਰਫੁੱਲਿਤ ਕਰਨਾ ਸਭਿਆਚਰ ਦਾ ਮੁੱਖ ਲਕਸ਼ ਹੁੰਦਾ ਹੈ।

ਸੋ ਵੱਖ-ਵੱਖ ਵਿਚਾਰਧਾਰਾਵਾ ਨਾਲ ਜੁੜੇ ਚਿੰਤਕਾਂ ਦੇ ਵਿਚਾਰਾਂ ਤੋਂ ਸਹਿਜੇ ਹੀ ਇਹ ਮੰਨਿਆ ਜਾ ਸਕਦਾ ਹੈ ਕਿ 'ਸਭਿਆਚਾਰ' ਮਾਨਵ ਨੂੰ ਇਕ ਸਮਾਜਿਕ, ਸੰਸਕ੍ਰਿਤਕ ਅਤੇ ਸਭਿਅਕ ਮਨੁੱਖ ਬਣਾਉਂਦਾ ਹੈ, 'ਸੰਸਕ੍ਰਿਤੀ' ਇਕ ਜਟਿਲ, ਵਿਸ਼ਾਲ ਅਤੇ ਬਹੁ ਅਰਥੀ ਸੰਕਲਪ ਹੈ ਜਿਸਦਾ ਵਰਣਨ ਕਿਸੇ ਇਕ ਪ੍ਰੀਭਾਸ਼ਾ ਦੁਆਰਾ ਕਰਨਾ ਕਠਿਨ ਹੈ। ਇਸ ਦਾ ਖੇਤਰ ਬਹੁਤ ਵਿਸ਼ਾਲ ਹੀ ਨਹੀਂ ਸਗੋਂ ਮਨੁੱਖੀ ਸਮਾਜ ਜਿੰਨਾ ਹੀ ਵਿਆਪਕ ਹੈ, ਸਭਿਆਚਾਰ ਕਿਸੇ ਇਕ ਵਸਤੂ ਵੱਲ ਸੰਕੇਤ ਹੀ ਨਹੀਂ ਕਰਦਾ ਸਗੋਂ ਇਸ ਵਿਚ ਠੋਸ

ਵਸਤੂਆਂ (ਭੌਤਿਕ ਪਦਾਰਥ) ਸਮਾਜਿਕ ਵਰਤਾਰਿਆਂ ਨੂੰ ਲੈ ਕੇ ਨਿਰੋਲ ਭਾਵਵਾਚਿਕ ਸੰਕਲਪ ਸ਼ਾਮਿਲ ਹਨ। ਇਸ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ ਕਿ ਸਭਿਆਚਾਰ ਕੋਈ ਅਜਿਹੀ ਵਸਤੂ ਦਾ ਨਾਂ ਹੈ ਜੋ ਬੁਨਿਆਦੀ ਤੌਰ ਤੇ ਸਰਵ ਪ੍ਰਮਾਣਿਤ ਹੈ।

ਇੰਜ ਸਭਿਆਚਾਰ ਆਪਣੇ ਆਪ ਵਿਚ ਪੂਰਣਤਾ ਦਾ ਧਾਰਨੀ ਹੁੰਦਾ ਹੈ, ਇਹ ਕੇਵਲ ਕਲਾ, ਨਾਚ, ਗਾਣਾ ਅਤੇ ਰੰਗ ਤਮਾਸ਼ੇ ਰਾਹੀਂ ਹੀ ਪ੍ਰਦਰਸ਼ਤ ਨਹੀਂ ਹੁੰਦਾ ਸਗੋਂ ਇਹ ਤਾਂ ਜੀਵਨ ਜਾਚ ਹੈ, ਜਿਸ ਵਿਚ ਮਨੁੱਖੀ ਸਲੀਕਾ, ਖਾਣਾ-ਪੀਣਾ, ਪਹਿਰਾਵਾ, ਭਾਸ਼ਾ, ਪਿਆਰ, ਹਮਦਰਦੀ, ਸੁੰਦਰਤਾਬੋਧ, ਖੇਡਾਂ, ਲੋਕ-ਕਲਾਵਾਂ, ਸ਼ੌਂਕ, ਰੁਝੇਵੇਂ, ਵਿਸ਼ਵਾਸ, ਧਰਮ, ਉਪਜੀਵਿਕਾ ਦੇ ਸਾਧਨ, ਗਿਆਨ ਦੀ ਭੁੱਖ, ਪ੍ਰਗਤੀ ਵੱਲ ਵਧਣਾ ਅਤੇ ਜੀਵਨ ਵਿਚਲੀਆਂ ਸੰਗਤੀਆਂ-ਵਿਸੰਗਤੀਆਂ ਦੇ ਅਰਥ ਢੂੰਡਣ ਦੀ ਖੋਜ ਸ਼ਾਮਿਲ ਹੈ। ਇਸ ਕਰਕੇ ਸਭਿਆਚਾਰ ਨੂੰ ਇਕ ਧਾਰਨਾ ਨਾ ਕਹਿਕੇ ਇੱਕ ਵਰਤਾਰਾ ਕਹਿਣਾ ਵਧੇਰੇ ਸਾਰਥਕ ਹੋਵੇਗਾ। ਜਿਸ ਵਿਚ ਕਿਸੇ ਜਾਤੀ ਕੌਮ, ਸਮਾਜ ਜਾਂ ਦੇਸ਼ ਦੇ ਲੋਕਾਂ ਦੇ ਜੀਵਨ ਵਿਹਾਰ ਦੀਆਂ ਵਿਲੱਖਣਤਾਵਾਂ ਦਰਸਾਈਆਂ ਜਾਂਦੀਆਂ ਹਨ। ਇਸ ਵਰਤਾਰੇ ਵਿਚ ਮਨੁੱਖ ਦੀਆਂ ਆਰਥਿਕ, ਸਮਾਜਿਕ, ਰਾਜਸੀ, ਧਾਰਮਿਕ ਅਤੇ ਬੌਧਿਕ ਆਦਿ ਸਭ ਪ੍ਰਕਾਰ ਦੀਆਂ ਪਰਸਥਿਤੀਆਂ ਅਤੇ ਅਕਾਂਖਿਆਵਾਂ ਦਾ ਸਮਾਵੇਸ਼ ਹੁੰਦਾ ਹੈ, ਇਸਤੋਂ ਇਲਾਵਾ ਉਹ ਕਦਰਾਂ-ਕੀਮਤਾਂ ਜੋ ਕਿਸੇ ਸਮਾਜ, ਕੌਮ, ਦੇਸ਼ ਜਾਂ ਵਿਅਕਤੀ ਦੀ ਸ਼ਖਸੀਅਤ ਦੀ ਤਰੱਕੀ ਵਾਸਤੇ ਚੰਗੀਆਂ ਸਮਝੀਆਂ ਜਾਂਦੀਆਂ ਹੋਣ ਉਹ ਵੀ ਸਭਿਆਚਾਰ ਵਿਚ ਸ਼ਾਮਿਲ ਹੁੰਦੀਆਂ ਹਨ।

## ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ

ਸਭਿਆਚਾਰ ਦਾ ਸਮੁੱਚਾ ਦਾਰੋਮਦਾਰ ਮਨੁੱਖੀ ਜੀਵਨ ਜਾਚ ਦੀਆਂ ਗਤੀਵਿਧੀਆਂ ਦੁਆਲੇ ਕੇਂਦਰਿਤ ਹੁੰਦਾ ਹੈ। ਸਮੁੱਚੇ ਵਿਸ਼ਵ ਵਿਚ ਮਾਨਵਤਾ ਦੀ ਨਸਲ, ਵਿਕਾਸ ਦੇ ਕਿਸੇ ਵੀ ਪੜਾਅ ਤੇ ਹੋਵੇ ਸਭਿਆਚਾਰ ਤੋਂ ਅਭਿੱਜ ਨਹੀਂ ਹੋ ਸਕਦੀ। ਸਭਿਆਚਾਰ ਮਨੁੱਖ ਸਿਰਜਤ ਵਰਤਾਰਾ ਹੈ ਅਤੇ ਸਮਾਜਿਕ ਪ੍ਰਾਣੀ ਦੇ ਨਾਲ ਪਰਛਾਵੇਂ ਵਾਂਗ ਵਿਦਮਾਨ ਹੁੰਦਾ ਹੈ। ਇਸ ਵਿਚ ਨਵੇਂ ਕੀਰਤੀਮਾਨ ਦੀ ਸਥਾਪਨਾ ਤੇ ਵਿਘਟਨ ਦਾ ਕਾਰਜ ਮਨੁੱਖ ਦੁਆਰਾ ਹੀ ਨੇਪਰੇ ਚੜ੍ਹਦਾ ਹੈ, ਬੇਸ਼ੱਕ ਨਵੇਂ-ਪੁਰਾਣੇ ਪ੍ਰਤੀਮਾਨਾ ਦੀ ਸਥਾਪਨਾ ਵਿਚ ਸਮੂਹ ਦੀ ਪ੍ਰਵਾਨਗੀ ਲਾਜ਼ਮੀ ਹੁੰਦੀ ਹੈ। ਮਨੁੱਖ ਜਨਮ ਤੋਂ ਮਰਨ ਤੱਕ ਇਸ ਵਿਚ ਜਿਉਂਦਾ ਤੇ ਹੰਢਾਉਂਦਾ ਹੈ। ਇਸ ਦੇ ਮਹੱਤਵਪੂਰਨ ਪਹਿਲੂ ਜਿਨ੍ਹਾਂ ਦਾ ਅਦਾਨ-ਪ੍ਰਦਾਨ ਚਿਨ੍ਹਾਤਮਕ ਰੂਪ ਵਿਚ ਪੀੜ੍ਹੀ-ਦਰ-ਪੀੜ੍ਹੀ, ਬੋਲਾਂ, ਸੰਕੇਤਾਂ ਅਤੇ ਚਿੰਨਾਂ ਰਾਹੀਂ ਗ੍ਰਹਿਣ ਕੀਤਾ ਜਾਂਦਾ ਹੈ। ਇਹ ਪ੍ਰਕਿਰਿਆ ਕਿਸੇ ਵਿਸ਼ੇਸ਼ ਸਭਿਆਚਾਰ ਦੇ ਵਿਸ਼ੇਸ਼ ਹਲਾਤਾਂ ਦੇ ਅੰਤਰਗਤ ਹੀ ਸੰਭਵ ਹੁੰਦੀ ਹੈ। ਇਹ ਸਭ ਦੀ ਰੱਖ-ਰਖਾਈ ਸਥੂਲ ਰੂਪ ਵਿਚ ਨਹੀਂ, ਸਗੋਂ ਮੌਖਿਕ ਰੂਪ ਵਿਚ ਸੀਨਾ-ਬਸੀਨਾ, ਪੀੜ੍ਹੀ-ਦਰ-ਪੀੜ੍ਹੀ ਪ੍ਰਵਾਹਸ਼ੀਲ ਹੁੰਦੀ ਹੈ। ਇਸਦੀ ਸਿਰਜਨਾਤਮਕਤਾ ਪਿੱਛੇ ਕਿਸੇ ਵਿਸ਼ੇਸ਼ ਭੂਗੋਲਿਕ ਰਹਿਤਲ ਤੇ ਇਤਿਹਾਸਕ ਵਿਕਾਸ ਦੀ ਸ਼ਮੂਲੀਅਤ ਹੁੰਦੀ ਹੈ, ਜੋ ਉਸਦੀ ਰੂਪ-ਰੇਖਾ ਨਿਰਧਾਰਤ ਕਰਦੀ ਹੈ। ਹਰ ਵਿਗਿਆਨੀ ਜਾਂ ਵਿਦਵਾਨ ਚਿੰਤਕ ਨੇ ਸਭਿਆਚਾਰ ਨੂੰ ਵੱਖ-ਵੱਖ ਤੌਰ ਤੇ ਪ੍ਰੀਭਾਸ਼ਤ ਕੀਤਾ ਹੈ ਜੋ ਸਭਿਆਚਾਰ ਦੇ ਵੱਖ-ਵੱਖ ਲੱਛਣ ਨਿਹਾਰਦੇ ਹਨ। ਪ੍ਰੰਤੂ ਇਸ ਵਖਰੇਵੇਂ ਵਿਚੋਂ ਵੀ ਕੁਝ ਅਜਿਹੇ ਨਕਸ਼/ਲੱਛਣ ਤਲਾਸ਼ੇ ਜਾ ਸਕਦੇ ਹਨ ਜੋ ਸਰਵ-ਪ੍ਰਵਾਨਤ ਕਹੇ ਜਾ ਸਕਦੇ ਹਨ।

### ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ:

ਸਭਿਆਚਾਰ ਨੂੰ ਪ੍ਰੀਭਾਸ਼ਤ ਕਰਦੇ ਸਮੇਂ ਅਸੀਂ ਇਸਨੂੰ ਇਕ ਜੁੱਟ ਅਤੇ ਜਟਿਲ ਸਿਸਟਮ ਵਜੋਂ ਪ੍ਰੀਭਾਸ਼ਤ ਕੀਤਾ ਹੈ। ਸਿਸਟਮ ਤੋਂ ਮਤਲਬ ਇਕ ਐਸੇ ਸਮੂਹ ਤੋਂ ਹੁੰਦਾ ਹੈ ਜਿਹੜਾ ਭਾਗਾਂ ਤੋਂ ਮਿਲ ਕੇ ਬਣਦਾ ਹੈ। ਇਨ੍ਹਾਂ ਭਾਗਾਂ ਦੀ ਆਪਸ ਵਿਚ ਅੰਤਰ ਕਿਰਿਆ ਵੀ ਚਲਦੀ ਹੈ ਤੇ ਅੰਤਰ ਸਬੰਧ ਵੀ ਰੱਖਦੇ ਹਨ, ਭਾਵ ਇਹ ਇਕ ਦੂਜੇ ਦੀ ਕਿਰਿਆ ਉੱਤੇ ਅਸਰ ਵੀ ਪਾਉਂਦੇ ਹਨ ਤੇ ਨਿਰਧਾਰਤ ਵੀ ਕਰਦੇ ਹਨ। ਭਾਗਾਂ ਵਿਚਲਾ ਇਹ ਅੰਤਰ-ਸਬੰਧ ਇਸ ਪ੍ਰਕਾਰ ਦਾ ਹੁੰਦਾ ਹੈ ਕਿ ਇਕ ਭਾਗ ਵਿਚ ਆਈ ਤਬਦੀਲੀ ਦੂਜੇ ਭਾਗ ਨੂੰ ਵੀ ਅਤੇ ਸਮੁੱਚੇ ਸਿਸਟਮ ਨੂੰ ਵੀ ਪ੍ਰਭਾਵਿਤ ਕਰਦੀ ਹੈ। ਜਦੋਂ ਤੱਕ ਬਾਕੀ ਦੇ ਭਾਗ ਵੀ ਇਕ ਭਾਗ ਵਿਚਲੀ ਤਬਦੀਲੀ ਦੇ ਅਨੁਕੂਲ ਨਹੀਂ ਬਦਲ ਜਾਂਦੇ ਉਦੋਂ ਤੱਕ ਸਿਸਟਮ ਵਿਚ ਅਸਾਵਾਂਪਣ ਬਣਿਆ ਰਹਿੰਦਾ ਹੈ। ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ ਜਿਸ ਵਿਚ ਕਿਸੇ ਮਨੁੱਖੀ ਸਮਾਜ ਦੇ ਨਿਸ਼ਚਿਤ ਇਤਿਹਾਸਕ ਪੜਾਅ ਉੱਤੇ ਪ੍ਰਚੱਲਿਤ ਕਦਰਾਂ-ਕੀਮਤਾਂ ਅਤੇ ਉਹਨਾਂ ਨੂੰ ਪ੍ਰਗਟ ਕਰਦੇ ਮਨੁੱਖੀ ਵਿਚਾਰ ਦੇ ਪੈਟਰਨ ਪਦਾਰਥਕ ਅਤੇ ਬੌਧਿਕ ਵਰਤਾਰੇ ਸ਼ਾਮਿਲ ਹੁੰਦੇ ਹਨ।

### ਸਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ :

ਮਨੁੱਖੀ ਨਸਲ ਦੀ ਇਕ ਵਿਸ਼ੇਸ਼ਤਾ ਇਹ ਵੀ ਹੈ ਕਿ ਇਸਨੂੰ ਸਮਾਜਿਕ ਵਰਤਾਰਿਆਂ ਦੇ ਵਿਭਿੰਨ ਪਹਿਲੂ ਸਿੱਖਣੇ ਪੈਂਦੇ ਹਨ। ਬਾਕੀ ਜੀਵ ਜੰਤੂਆਂ ਦੇ ਬੱਚੇ ਉਹ ਸਾਰਾ ਵਿਵਹਾਰ ਬਿਨਾਂ ਸਿੱਖੇ ਹੀ ਅਪਣਾ ਲੈਂਦੇ ਹਨ ਜਿਹੜਾ ਉਹਨਾਂ ਦੇ ਵਡੇਰਿਆਂ ਦਾ ਵਿਵਹਾਰ ਹੁੰਦਾ ਹੈ ਪ੍ਰੰਤੂ ਮਨੁੱਖੀ ਨਸਲ ਦੀ ਹਰ ਨਵੀਂ ਪੀੜ੍ਹੀ, ਪਿਛਲੀ ਪੀੜ੍ਹੀ ਤੋਂ ਸਭਿਆਚਾਰ ਪ੍ਰਾਪਤ ਕਰਦੀ ਹੈ। ਇਸਨੂੰ ਆਪਣੀਆਂ ਬਦਲਦੀਆਂ ਹਾਲਤਾਂ ਅਨੁਸਾਰ ਲੋੜਾਂ ਦੀ ਛਾਨਣੀ ਵਿੱਚੋਂ ਲੰਘਾ ਕੇ ਗ੍ਰਹਿਣ ਕਰਦੀ ਹੈ ਤੇ ਫਿਰ ਆਪਣੀ ਵਾਰੀ ਅਗਲੀ ਪੀੜ੍ਹੀ ਨੂੰ ਸੌਂਪ ਦਿੰਦੀ ਹੈ। ਇਸ ਤਰ੍ਹਾਂ ਇਹ ਨਿਰੰਤਰਤਾ ਅਤੇ ਚੋਣ ਦਾ ਅਮਲ ਨਾਲੋ-ਨਾਲ ਚਲਦਾ ਰਹਿੰਦਾ ਹੈ, ਇਹ ਅਮਲ ਹੀ ਮਨੁੱਖ ਨੂੰ ਬਾਕੀ ਜੀਵਾਂ ਤੋਂ ਵਿਲੱਖਣ ਬਣਾਉਂਦਾ ਹੈ। ਸੋ ਸਭਿਆਚਾਰ ਮਨੁੱਖ ਦਾ ਸਮਾਜਿਕ ਵਿਰਸਾ ਹੈ, ਜੀਵ ਵਿਗਿਆਨਕ ਵਿਰਸਾ ਨਹੀਂ। ਉਦਾਹਰਣ ਵਜੋਂ ਜੇਕਰ ਇਕ ਬਿੱਲੀ ਦੇ ਬੱਚੇ ਨੂੰ ਕੁੱਤੀ ਪਾਲੇ ਤਾਂ ਬਲੂੰਗੜਾ ਮਿਆਉਂ ਹੀ ਕਰੇਗਾ ਭੌਂਕੇਗਾ ਨਹੀਂ। ਪਰ ਇਸ ਦੇ ਉਲਟ ਜੇਕਰ ਇਕ ਮਨੁੱਖੀ ਬੱਚੇ ਨੂੰ ਜਨਮ ਤੋਂ ਹੀ ਪਸ਼ੂਆਂ ਵਿਚ ਛੱਡ ਦਿੱਤਾ ਜਾਵੇ ਤਾਂ ਉਹ ਉਨ੍ਹਾਂ ਵਾਂਗ ਹੀ ਟੱਪੇਗਾ ਅਤੇ ਰੋਵੇਗਾ।

### ਸਭਿਆਚਾਰ ਪਰਿਵਰਤਨਸ਼ੀਲ ਵਰਤਾਰਾ ਹੈ:

ਸਭਿਆਚਾਰ ਕਿਉਂਕਿ ਮਨੁੱਖੀ ਜਨ ਜੀਵਨ ਦੀ ਉਪਜ ਹੈ, ਜਿਵੇਂ-ਜਿਵੇਂ ਮਨੁੱਖੀ ਸਮਾਜ ਵਿਚ ਤਬਦੀਲੀ ਆਉਂਦੀ ਰਹਿੰਦੀ ਹੈ ਤਾਂ ਥੋੜ੍ਹੇ ਬਹੁਤੇ ਫ਼ਰਕ ਨਾਲ ਸਭਿਆਚਾਰ ਵੀ ਪਰਿਵਰਤਿਤ ਹੁੰਦਾ ਰਹਿੰਦਾ ਹੈ। ਜਦੋਂ ਕੁਦਰਤੀ ਚੌਗ਼ਿਰਦੇ ਵਿਚ ਤਬਦੀਲੀ ਆਉਂਦੀ ਹੈ ਤਾਂ ਮਨੁੱਖ ਆਪਣੇ ਆਪ ਨੂੰ ਉਸਨੂੰ ਅਨੁਕੂਲ ਢਾਲਣ ਲਈ ਜੁਝਦਾ ਹੈ। ਮਨੁੱਖ ਇਸ ਨਵੀਂ ਤਬਦੀਲੀ ਅਨੁਸਾਰ ਆਪਣੇ ਆਪ ਨੂੰ ਢਾਲਣ ਲਈ ਨਵੀਆਂ-ਨਵੀਆਂ ਕਾਢਾਂ ਕੱਢਦਾ ਹੈ। ਇਹ ਕਾਢ ਜਾਂ ਲੱਭਤ ਹੀ ਸਭਿਆਚਾਰ ਪਰਿਵਰਤਨ ਦਾ ਕਾਰਨ ਬਣਦੀ ਹੈ। ਇਹ ਅਮਲ ਲਗਾਤਾਰ ਚਲਦਾ ਰਹਿੰਦਾ ਹੈ ਜਿਸ ਕਾਰਨ ਹਰ ਸਭਿਆਚਾਰ ਵਿਚ ਤਾਜ਼ਗੀ, ਸੱਜਰਾਪਨ ਅਤੇ ਵਿਕਾਸਸ਼ੀਲਤਾ ਦੇ ਅੰਸ਼ ਬਣੇ ਰਹਿੰਦੇ ਹਨ। ਸਭਿਆਚਾਰ ਗ੍ਰਹਿਣ ਕੀਤਾ ਜਾਂਦਾ ਹੈ ਅਤੇ ਪਰਿਵਰਤਨਸ਼ੀਲ ਵਰਤਾਰਾ ਹੈ।

**ਸਭਿਆਚਾਰ ਸਰਵ ਵਿਆਪਕ ਹੈ:**

ਕੋਈ ਵੀ ਮਾਨਵ ਜਾਤੀ ਜਾਂ ਮਨੁੱਖੀ ਸਮੂਹ ਸਭਿਆਚਾਰ ਤੋਂ ਅਭਿੱਜ ਨਹੀਂ ਹੋ ਸਕਦਾ ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਤੇ ਕਿਉਂ ਨਾ ਹੋਵੇ। ਜਿਥੇ ਮਨੁੱਖੀ ਸਮਾਜ ਹੋਵੇਗਾ ਉਥੇ ਸਭਿਆਚਾਰ ਵੀ ਹੋਵੇਗਾ। ਜਦੋਂ ਸੰਸਾਰ ਦੇ ਸਭਿਆਚਾਰ ਵਸਤੂ ਮੂਲਕ ਦ੍ਰਿਸ਼ਟੀ ਤੋਂ ਪਰਖੇ ਜਾਂਦੇ ਹਨ ਤਾਂ ਉਨ੍ਹਾਂ ਵਿਚ ਬਹੁਤ ਸਾਰੇ ਪੱਖਾਂ ਤੋਂ ਸਮਾਨਤਾ ਹੁੰਦੀ ਹੈ। ਹਰ ਸਭਿਆਚਾਰ ਦੇ ਕੁਝ ਮੁੱਖ ਅੰਗ ਸਾਂਝੇ ਹੁੰਦੇ ਹਨ ਜਿਵੇਂ ਭਾਸ਼ਾ, ਲੋਕਧਾਰਾ, ਧਰਮ, ਦਰਸ਼ਨ, ਸ਼ਿਲਪ, ਕਲਾ ਆਦਿ। ਪਰ ਸਭਿਆਚਾਰ ਸਰਵ ਵਿਆਪਕ ਹੋਣ ਦੇ ਬਾਵਜੂਦ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ। "ਕੋਈ ਵੀ ਮਨੁੱਖੀ ਸਮੂਹ, ਕੌਮ, ਰਾਸ਼ਟਰ ਜਾਂ ਵਰਗ, ਜੋ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ ਕਦੇ ਵੀ ਸਭਿਆਚਾਰ ਤੋਂ ਸੱਖਣਾ ਨਹੀਂ ਹੋ ਸਕਦਾ। ਬੇਸ਼ੱਕ ਉਹ ਵਿਕਾਸ ਦੇ ਕਿਸੇ ਵੀ ਪੜਾਅ `ਚੋਂ ਲੰਘ ਰਿਹਾ ਹੋਵੇ। ਮਾਨਵ ਵਿਗਿਆਨੀ ਕਰੋਬਰ ਸਭਿਆਚਾਰ ਨੂੰ ਉਨ੍ਹਾਂ ਪੈਟਰਨਾਂ ਦਾ ਸਮੁੱਚ ਮੰਨਦਾ ਹੈ ਜੋ ਮਨੁੱਖੀ ਵਿਹਾਰ ਵਜੋਂ ਪ੍ਰਗਟ ਹੁੰਦੇ ਹਨ। ਇਨ੍ਹਾਂ ਦੀ ਸ਼੍ਰੇਣੀ ਵੰਡ ਕਰਦਾ ਕਰੋਬਰ ਪਹਿਲੀ ਕਿਸਮ ਦੇ ਪੈਟਰਨਾਂ ਨੂੰ ਸਰਵ ਵਿਆਪਕ ਪੈਟਰਨ ਮੰਨਦਾ ਹੈ।

**ਮਨੁੱਖੀ ਲੋੜਾਂ ਦੀ ਪੂਰਤੀ ਹਿੱਤ:**

ਹਰ ਸਭਿਆਚਾਰਕ ਸਿਰਜਣਾ ਕਿਸੇ ਪੱਧਰ ਤੇ ਮਾਨਵੀ ਲੋੜਾਂ ਦੀ ਉਪਜ ਹੈ। ਪਰ ਮਨੁੱਖ ਦੀ ਦੂਜੇ ਜੀਵਾਂ ਨਾਲੋਂ ਵਿਲੱਖਣਤਾ ਇਹ ਹੈ ਕਿ ਇਹ ਕੇਵਲ ਆਪਣੀਆਂ ਲੋੜਾਂ ਲਈ ਹੀ ਸਿਰਜਣਾ ਨਹੀਂ ਕਰਦਾ, ਸਗੋਂ ਆਪਣੀਆਂ ਵਿਸ਼ਾਲ ਮਨੁੱਖੀ ਸੰਭਾਵਨਾਵਾਂ ਦਾ ਪ੍ਰਯੋਗ ਕਰਦਾ ਹੋਇਆ ਨਵੀਆਂ ਸਿਰਜਨਾਵਾਂ ਵੀ ਕਰਦਾ ਹੈ। ਸਭਿਆਚਾਰ ਦੀ ਇਕ ਵਿਲੱਖਣਤਾ ਮਨੁੱਖੀ ਲੋੜਾਂ ਨੂੰ ਪੂਰੀਆਂ ਕਰਨ ਹਿੱਤ ਦੀ ਹੈ। ਹਰੇਕ ਮਨੁੱਖੀ ਸਿਰਜਣਾ ਦਾ ਕੋਈ ਮਨੋਰਥ ਹੁੰਦਾ ਹੈ ਜੋ ਉਸਦੀ ਕਿਸੇ ਨਾ ਕਿਸੇ ਲੋੜ ਨੂੰ ਪੂਰਾ ਕਰਨ ਲਈ ਸਿਰਜੀ ਜਾਂਦੀ ਹੈ। ਮੈਲਿਨੋਵਸਕੀ ਨੇ ਸਭਿਆਚਾਰ ਨੂੰ ਮਨੁੱਖ ਦੀ ਪ੍ਰਾਥਮਿਕ ਅਤੇ ਗੌਣ ਲੋੜਾਂ ਦੀ ਸੰਤੁਸ਼ਟੀ ਕਰਨ ਦੀ ਮੁੱਢਲੀ ਸ਼ਰਤ ਵਜੋਂ ਦਰਸਾਇਆ ਹੈ।

**ਸਭਿਆਚਾਰ ਵਿਅਕਤੀਗਤ ਸੰਪਤੀ ਨਹੀਂ, ਸਗੋਂ ਸਮਾਜਿਕ ਵਰਤਾਰਾ ਹੈ:**

ਸਭਿਆਚਾਰ ਦੀ ਸਿਰਜਣਾ ਨਿਰੋਲ ਮਨੁੱਖੀ ਵਰਤਾਰਾ ਹੈ ਪਰ ਇਹ ਕਿਸੇ ਇਕੱਲੇ ਵਿਅਕਤੀ ਦਾ ਕੰਮ ਨਹੀਂ ਸਗੋਂ ਸਭਿਆਚਾਰ ਮਨੁੱਖ ਦੀ ਸਮੂਹਿਕ ਸਿਰਜਣਾ ਹੈ। ਅਰਥਾਤ ਸਮੂਹ ਤੋਂ ਬਿਨਾਂ ਸਭਿਆਚਾਰ ਦੀ ਹੋਂਦ ਸੰਭਵ ਨਹੀਂ ਹੈ। ਮਨੁੱਖ ਆਪਣੀਆਂ ਸਮਾਜਿਕ ਲੋੜਾਂ ਕਰਕੇ ਇਕ ਦੂਜੇ ਉੱਤੇ ਨਿਰਭਰ ਕਰਦੇ ਹਨ ਇਕੱਲਾ ਕਹਿਰਾ ਵਿਅਕਤੀ ਨਾ ਕੇਵਲ ਸਭਿਆਚਾਰ ਤੋਂ ਸੱਖਣਾ ਹੀ ਹੁੰਦਾ ਹੈ ਸਗੋਂ ਸਮਾਜਿਕ ਹੋਂਦ ਦੇ ਬਿਨਾਂ ਹੀ ਮਨੁੱਖ ਹੋਵੇਗਾ ਜਾਂ ਨਹੀਂ ਇਸਦਾ ਨਿਰਣਾ ਕਰਨਾ ਵੀ ਮੁਸ਼ਕਿਲ ਹੈ। ਰੇਮੰਡ ਫਿਰਥ ਦਾ ਵਿਚਾਰ ਹੈ ਕਿ ਸਮਾਜ ਮਨੁੱਖੀ ਸਬੰਧਾਂ ਦਾ ਸੰਗਠਿਤ ਸਮੂਹ ਹੈ, ਜੇ ਸਮਾਜ ਉਨ੍ਹਾ ਵਿਅਕਤੀਆਂ ਦਾ ਸਮੂਹ ਹੈ ਜਿਨ੍ਹਾਂ ਦੀ ਇਕ ਵਿਸ਼ੇਸ਼ ਜੀਵਨ ਜਾਚ ਹੋਵੇ ਤਾਂ ਇਹ ਵਿਸ਼ੇਸ਼ ਜੀਵਨ ਜਾਚ ਉਨ੍ਹਾਂ ਦਾ ਸਭਿਆਚਾਰ ਹੈ, ਜੇ ਸਮਾਜ ਰਿਸ਼ਤਿਆਂ ਦਾ ਮੂਲ ਹੈ ਤਾਂ ਉਨ੍ਹਾਂ ਰਿਸ਼ਤਿਆਂ ਦਾ ਮੂਲ ਸਭਿਆਚਾਰ ਹੈ।

**ਸਭਿਆਚਾਰ ਪ੍ਰਤੀਕਾਤਮਿਕ ਹੁੰਦਾ ਹੈ** :

ਮਨੁੱਖੀ ਸੁਭਾਅ ਦੀ ਇਹੋ ਪ੍ਰਾਪਤੀ ਹੈ ਜੋ ਉਸਨੂੰ ਪਸ਼ੂ ਜਮਾਤ ਨਾਲੋਂ ਨਿਖੇੜਦੀ ਹੈ। ਪਸ਼ੂਆਂ ਵਿਚ ਵੀ ਮੁੱਢਲੀ ਕਿਸਮ ਦੇ ਠੋਸ ਅਤੇ ਨਿਸ਼ਚਿਤ ਸੰਕੇਤ ਹੁੰਦੇ ਹਨ, ਜੋ ਸਿਰਫ਼ ਉਨ੍ਹਾ ਲਈ ਖਾਣ-ਪੀਣ ਅਤੇ ਅੰਸ ਨੂੰ ਅੱਗੇ ਵਧਾਉਣ ਤੱਕ ਹੀ ਮਹਿਦੂਦ ਰਹਿੰਦੇ ਹਨ ਪ੍ਰੰਤੂ ਮਨੁੱਖ ਵਿਚ ਇਸ ਪ੍ਰਤੀਕਾਤਮਕ ਇਸ਼ਾਰੇ ਪ੍ਰਤੀ ਪੂਰੀ ਸੋਝੀ ਹੁੰਦੀ ਹੈ। ਮਨੁੱਖੀ ਚਿੰਤਨ ਭਿੰਨ-ਭਿੰਨ ਵਸਤਾਂ-ਵਿਹਾਰਾਂ ਤੇ ਵਰਤਾਰਿਆ ਵਿਚ ਸਾਂਝ ਅਤੇ ਨਿਖੇੜ ਨੂੰ ਦੇਖ ਸਕਦਾ ਹੈ, ਇਨ੍ਹਾਂ ਨੂੰ ਪ੍ਰਤੀਕਾਤਮਕ ਢੰਗ ਨਾਲ ਵਰਤ ਸਕਦਾ ਹੈ ਅਤੇ ਹਰ ਮਨੁੱਖੀ ਕਿਰਿਆ ਨੂੰ ਪ੍ਰਤੀਕ ਵਜੋਂ ਲੈ ਸਕਦਾ ਹੈ। ਜਿਸ ਨਾਲ ਚਿੰਤਨ ਅਤੇ ਇਸਦੇ ਪ੍ਰਗਟਾਅ ਵਿਚ ਸੰਜਮ ਆ ਜਾਂਦਾ ਹੈ, ਥੋੜੇ ਸ਼ਬਦਾ ਵਿਚ ਵਧੇਰੇ ਗਿਆਨ ਦਾ ਪ੍ਰਗਟਾਅ ਕੀਤਾ ਜਾ ਸਕਦਾ ਹੈ, ਸਭਿਆਚਾਰ ਨੂੰ ਪ੍ਰਤੀਕਾਂ ਉਪਰ ਅਧਾਰਤ ਦੱਸਿਆ ਜਾਂਦਾ ਹੈ, ਨਾ ਸਿਰਫ਼ ਸਭਿਆਚਾਰ ਦੀ ਸਿਰਜੀ ਪ੍ਰਤੀਕ ਪ੍ਰਣਾਲੀ ਨੂੰ ਹੀ, ਸਗੋਂ ਹਰ ਸਭਿਆਚਾਰਕ ਕਿਰਿਆ ਨੂੰ ਪ੍ਰਤੀਕ ਵਜੋਂ ਵਰਤ ਸਕਣਾ ਇਕ ਹੋਰ ਮਨੁੱਖੀ ਵਿਸ਼ੇਸ਼ਤਾ ਹੈ ਜਿਹੜੀ ਉਸਨੂੰ ਬਾਕੀ ਜੀਵਾਂ ਤੋਂ ਨਿਖੇੜਦੀ ਹੈ।

**ਸਭਿਆਚਾਰ ਅੰਦਰ ਵੰਨ-ਸੁਵੰਨਤਾ ਅਥਵਾ ਵਿਲੱਖਣਤਾ ਹੁੰਦੀ ਹੈ** :

ਬੇਸ਼ੱਕ ਸਭਿਆਚਾਰ ਇਕ ਸਰਵ ਵਿਆਪਕ ਵਰਤਾਰਾ ਹੈ ਪ੍ਰੰਤੂ ਫਿਰ ਵੀ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ ਜਿਸਦਾ ਕਾਰਣ ਭੂਗੋਲਿਕ ਅਤੇ ਇਤਿਹਾਸਕ ਵਖਰੇਵੇਂ ਵੀ ਹੋ ਸਕਦੇ ਹਨ। ਮਨੁੱਖ ਦਾ ਵਿਅਕਤੀਤਵ ਸਮਾਜਿਕ ਹਾਲਤਾਂ ਦੀ ਉਪਜ ਹੁੰਦਾ ਹੈ ਤੇ ਸਮਾਜਿਕ ਹਾਲਤਾਂ ਵਿਚ ਵੰਨ-ਸੁਵੰਨਤਾ ਹੁੰਦੀ ਹੈ ਜਿਸਦੇ ਬੀਜ ਰੂਪ ਵਿਚ ਇਤਿਹਾਸਕਤਾ ਅਤੇ ਭੂਗੋਲਿਕਤਾ

ਸ਼ਾਮਿਲ ਹੋ ਸਕਦੀ ਹੈ। ਇਸ ਲਈ ਕਿਸੇ ਵੀ ਮਨੁੱਖੀ ਸਮਾਜ ਅੰਦਰਲੇ ਸਮਾਜਿਕ ਪ੍ਰਤਿਮਾਨ ਹੂ-ਬ-ਹੂ ਕਿਸੇ ਦੂਸਰੇ ਸਮਾਜ ਉੱਤ ਲਾਗੂ ਨਹੀਂ ਕੀਤੇ ਜਾ ਸਕਦੇ ਕਿਉਂਕਿ ਹਰ ਸਮਾਜ ਵਿਚ ਔਰਤ ਦੀ ਸਥਿਤੀ, ਔਰਤ-ਮਰਦ ਸਬੰਧਾਂ ਦੀ ਪ੍ਰਕ੍ਰਿਤੀ ਜਾਂ ਵਿਆਹ ਦੀ ਪ੍ਰਣਾਲੀ, ਰਿਸ਼ਤਾ ਪ੍ਰਣਾਲੀ, ਉਪਜੀਵਿਕਾ ਦੇ ਢੰਗ ਤਰੀਕੇ ਵੱਖ-ਵੱਖ ਹੁੰਦੇ ਹਨ। ਸੋ ਵਿਅਕਤੀਗਤ ਪਸੰਦ-ਨਾਪਸੰਦ ਕਰਕੇ ਅਤੇ ਸਮਾਜ ਦੀਆਂ ਭੂਗੋਲਿਕ ਵਿਗਿਆਨ ਹਾਲਤਾਂ ਕਰਕੇ ਕਿਸੇ ਇਕ ਸਮਾਜ ਦਾ ਸਭਿਆਚਾਰ ਦੂਸਰੇ ਸਭਿਆਚਾਰ ਨਾਲੋਂ ਹਰ ਹਾਲਤ ਵਿਚ ਵਖਰੇਂਵਾ ਰੱਖਦਾ ਹੈ।

**ਸਭਿਆਚਾਰ ਨਿਰੋਲ ਮਨੁੱਖੀ ਵਰਤਾਰਾ ਹੈ:**

ਸਭਿਆਚਾਰ ਸਿਰਫ ਮਨੁੱਖੀ ਪ੍ਰਾਪਤੀ ਹੈ। ਮਨੁੱਖ ਤੋਂ ਬਿਨਾਂ ਅਜਿਹੀ ਹੋਰ ਕੋਈ ਪ੍ਰਜਾਤੀ ਨਹੀਂ ਜਿਸ ਨੇ ਸਭਿਆਚਾਰ ਵਰਗੀ ਜੀਵਨ ਵਿਧੀ ਹਾਸਿਲ ਕੀਤੀ ਹੋਵੇ। ਸਮਾਜ ਦੇ ਕੁਝ ਮੁੱਢਲੇ ਤੱਤ ਮਨੁੱਖ ਤੋਂ ਬਿਨਾਂ ਕੁਝ ਹੋਰਾਂ ਪ੍ਰਜਾਤੀਆਂ ਵਿਚ ਵੀ ਪਾਏ ਜਾਂਦੇ ਹਨ ਪਰ ਉਹ ਇਨ੍ਹਾਂ ਤੱਤਾਂ ਨੂੰ ਸਭਿਆਚਾਰਕ ਸਰਗਰਮੀ ਵਿਚ ਬਦਲ ਦੀ ਸਮਰੱਥਾ ਨਹੀਂ ਰੱਖਦੇ। ਮੁੱਢਲੇ ਤੱਤ ਵੀ ਜਨਮ-ਜਾਤ ਸਰਗਰਮੀਆਂ ਤੱਕ ਸੀਮਤ ਰਹਿੰਦੇ ਹਨ ਜੋ ਕੁਦਰਤੀ ਤੌਰ 'ਤੇ ਇਨ੍ਹਾਂ ਪ੍ਰਜਾਤੀਆਂ ਨੂੰ ਪ੍ਰਾਪਤ ਹਨ ਪਰ ਉਹ ਇਨ੍ਹਾਂ ਵਿਚ ਗੁਣਾਤਮਕ ਪਰਿਵਰਤਨ ਕਰਨ ਦੀ ਸਮੱਰਥਾ ਨਹੀਂ ਰੱਖਦੇ। ਮਨੁਖੀ ਮਨੋਸਰੀਰਕ ਬਣਤਰ ਖੜੇਦਾਰ ਹੋਣ ਕਾਰਨ ਖੂਨ ਦੀ ਸਪਲਾਈ ਠੀਕ ਮਾਤਰਾ ਵਿੱਚ ਦਿਮਾਗ ਤੱਕ - ਪਹੁੰਚੀ ਹੈ ਤੇ ਦਿਮਾਗ ਧੜ ਦੇ ਉਪਰ ਹੋਣ ਕਾਰਨ ਸਰੀਰ ਦੇ ਹਰੇਕ ਅੰਗ ਦੀ ਦਿਮਾਗ ਵਿੱਚ ਪੇਸ਼ਕਾਰੀ ਅਲੱਗ ਹੈ। ਜਿਸ ਕਾਰਨ ਉਹ ਹਰੇਕ ਕੰਮ ਨੂੰ ਬਹੁਤ ਧਿਆਨੀ ਨਾਲ ਕਰ ਸਕਦਾ ਹੈ ਤੇ ਖਾਸ ਹਾਲਤਾਂ ਵਿਚ ਆਪਣੇ ਅੰਗਾ ਤੋਂ ਖਾਸ ਹਰਕਤਾਂ ਕਰਵਾ ਲੈਦਾ ਹੈ ਪਰ ਜਾਨਵਰਾਂ ਦੀ ਸਥਿਤੀ ਅਜਿਹੀ ਨਹੀਂ ਹੈ ਉਹਨਾਂ ਦੀ ਮਨੋਂ ਸਰੀਰਕ ਬਣਤਰ ਲੇਟੇਦਰ ਹੋਣ ਕਾਰਨ ਉਹਨਾਂ ਦੇ ਅੰਗ ਉਹ ਕਾਰਜ ਨਹੀਂ ਕਰ ਸਕਦੇ ਜੋ ਮਨੁਖ ਦੇ ਅੰਗ ਕਰ ਸਕਦੇ ਹਨ।ਜਿਨਾਂ ਦੀ ਸਹਾਇਤਾ ਨਾਲ ਮਨੁੱਖ ਬਾਰੀਕੀ ਵਾਲਾ ਕਾਰਜ ਕਰਕੇ ਆਪਣੇ ਸਭਿਆਚਾਰ ਦੀ ਸਿਰਜਨਾ ਕਰਦਾ ਹੈ।

**ਸਭਿਆਚਾਰ ਵਿਚ ਸੰਚਿਤ ਹੋਣ ਦੀ ਵਿਲੱਖਣਤਾ ਹੈ:**

ਸਭਿਆਚਾਰ ਸੰਚਿਤ ਹੋਂਦ ਦੀ ਪ੍ਰਕਿਰਤੀ ਰੱਖਦਾ ਹੈ ਜਿਸ ਕਰਕੇ ਲੰਘਦੇ ਸਮੇਂ ਨਾਲ ਇਸ ਦੀ ਵਿਕਾਸ ਗਤੀ ਤੇਜ਼ ਹੋਈ ਜਾਂਦੀ ਹੈ। ਸਭਿਆਚਾਰ ਆਪਣੀ ਹਰ ਕਿਰਤ ਸੰਭਾਲ਼ ਕੇ ਰੱਖਦਾ ਹੈ, ਪਦਾਰਥਕ ਸਭਿਆਚਾਰ ਲਈ ਇਹ ਵਧੇਰੇ ਢੁੱਕਦਾ ਹੈ, ਕਿਉਂਕਿ ਪਦਾਰਥਕ ਖੇਤਰ ਵਿਚਲੀ ਹਰ ਨਵੀਂ ਕਾਢ ਆਪਣੀਆਂ ਪਿਛਲੀਆਂ ਪ੍ਰਾਪਤੀਆਂ ਨੂੰ ਨਾਲ ਲੈ ਕੇ ਚਲਦੀ ਹੈ। ਪਰ ਗੈਰ ਪਦਾਰਥਕ ਖੇਤਰ ਵਿਚ ਵਿਕਾਸ ਕਰਦੇ ਸਮੇਂ ਕਈ ਨਵੇਂ ਅੰਸ਼ ਆਪਣੇ ਅੰਸ਼ਾਂ ਨੂੰ ਖਤਮ ਕਰਕੇ ਉਨ੍ਹਾਂ ਦੀ ਥਾਂ ਲੈਂਦੇ ਹਨ। ਮਹਿੰਜੋਦੜੋ ਦੇ ਸਮੇਂ ਦੀਆਂ ਪਦਾਰਥਕ ਲੱਭਤਾਂ ਉਦੋਂ ਦੇ ਲੋਕਾਂ ਤੇ ਪਦਾਰਥਕ ਸਭਿਆਚਾਰਕ ਪੱਧਰ ਦੀਆਂ ਤਾਂ ਸੂਚਕ ਹਨ ਪਰ ਉਹਨਾਂ ਦੇ ਸਮਾਜਕ ਸੰਗਠਤ ਵਿਸ਼ਵਾਸਾਂ ਸ਼ਿਸਟਾਚਾਰ ਆਦਿ ਬਾਰੇ ਇਨ੍ਹਾਂ ਤੋਂ ਕੇਵਲ ਅੰਦਾਜ਼ਾ ਹੀ ਲਾਇਆ ਜਾ ਸਕਦਾ ਹੈ, ਸਭਿਆਚਾਰਕ ਦੇ ਸੰਚਿਤ ਹੋਣ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਦਾ ਇਕ ਤੱਥ ਇਹ ਵੀ ਹੈ ਕਿ ਜਿਉਂ ਜਿਉਂ ਸਮਾਂ ਬੀਤਦਾ ਜਾਂਦਾ ਹੈ ਮਨੁੱਖ ਦੇ ਸਭਿਆਚਾਰਕ ਵਿਕਾਸ ਦੀ ਗਤੀ ਤੇਜ਼ ਹੁੰਦੀ ਜਾਂਦੀ ਹੈ।

## ਸਭਿਆਚਾਰ ਦੇ ਅੰਗ

ਸਭਿਆਚਾਰ ਦੇ ਕਲਾਵੇ ਵਿਚ ਜੀਵਨ ਦੇ ਸਾਰੇ ਖੇਤਰ ਹੀ ਆ ਜਾਦੇ ਹਨ। ਇਸਤੋਂ ਛੁੱਟ ਸਭਿਆਚਾਰ ਸਾਡੇ ਲਈ ਇਕ ਕੁਦਰਤੀ ਵਰਤਾਰਾ ਹੈ, ਜਿਵੇਂ ਮੱਛੀ ਲਈ ਪਾਣੀ ਵਿਚ ਰਹਿਣ ਜਾਂ ਮਨੁੱਖ ਲਈ ਹਵਾ ਵਿਚ ਸਾਹ ਲੈਣਾ ਜਾਂ ਰਗਾਂ ਵਿਚ ਖ਼ੂਨ ਦਾ ਵਹਿਣਾ ਆਦਿ। ਇਸ ਤਰ੍ਹਾਂ ਸਭਿਆਚਾਰ ਸਾਡੀ ਹੋਂਦ ਵੀ ਹੈ ਅਤੇ ਪਛਾਣ ਚਿੰਨ ਵੀ। ਕਿਸੇ ਵਿਅਕਤੀ ਦੇ ਵਰਤ ਵਿਹਾਰ, ਪਹਿਰਾਵੇ, ਰਹਿਣ-ਸਹਿਣ ਅਤੇ ਖਾਣ-ਪੀਣ ਦੇ ਢੰਗ ਆਦਿ ਕਰਕੇ ਵੀ ਉਸਦੀ ਨਿਵੇਕਲੀ ਹੋਂਦ ਨਜ਼ਰ ਆਉਂਦੀ ਹੈ। ਇਹ ਨਿਵੇਕਲੀ ਪਛਾਣ ਜਾਂ ਹੋਂਦ ਹੀ ਉਸ ਵਿਅਕਤੀ ਦਾ ਸਭਿਆਚਾਰ ਸਰਮਾਇਆ ਹੁੰਦਾ ਹੈ। ਕਿਸੇ ਵੀ ਸਭਿਆਚਾਰ ਦਾ ਸਬੰਧ ਹਮੇਸ਼ਾ ਕਿਸੇ ਜਨ ਸਮੂਹ ਜਾਂ ਸਮਾਜ ਨਾਲ ਹੁੰਦਾ ਹੈ ਜਿਸਦੇ ਨਾਂ ਨਾਲ ਇਹ ਸਭਿਆਚਾਰ ਜਾਣਿਆ ਜਾਂਦਾ ਹੈ ਜਿਵੇਂ ਪੰਜਾਬੀ, ਬੰਗਾਲੀ, ਗੁਜਰਾਤੀ, ਰੂਸੀ, ਰੋਮਨ, ਯੂਨਾਨੀ, ਮਿਸਰੀ ਸਭਿਆਚਾਰ ਆਦਿ।

ਸਭਿਆਚਾਰ ਪ੍ਰਤੀ ਇਹ ਧਾਰਨਾ ਪਾਈ ਜਾਂਦੀ ਹੈ ਕਿ ਹਰ ਜਨ ਸਮੂਹ ਜਾਂ ਸਮਾਜ ਦਾ ਆਪਣਾ ਸਭਿਆਚਾਰ ਪਾਇਆ ਜਾਂਦਾ ਹੈ, ਜਿਸਦੀ ਅੱਗੋਂ ਵਰਗ-ਵੰਡ ਪਾਈ ਜਾਂਦੀ, ਹੈ ਜੋ ਕਿੱਤੇ, ਰੁਤਬੇ, ਜਮਾਤ, ਧਰਮ, ਇਲਾਕੇ, ਵਿੱਦਿਆ, ਭਾਸ਼ਾਈ ਫ਼ਰਕਾਂ ਆਦਿ ਦੇ ਅਧਾਰ ਉੱਤ ਅੱਗੋਂ ਉਪ ਸਮੂਹ ਬਣਾਉਂਦੀ ਹੈ। ਇਹ ਉਪ ਸਮੂਹ ਆਪਣੇ ਵੱਡੇ ਜਨ ਸਮੂਹ ਨਾਲ ਜਾਂ ਸਮਾਜ ਨਾਲ ਵਧੇਰੇ ਸਾਂਝ ਰੱਖਦੇ ਹੋਏ ਵੀ ਕੁਝ ਵਿਲੱਖਣਤਾ ਰੱਖਦੇ ਹਨ ਜਿਨ੍ਹਾਂ ਨੂੰ ਉਪ ਸਭਿਆਚਾਰ ਦਾ ਨਾਮ ਦਿੱਤਾ ਜਾਂਦਾ ਹੈ। ਸਾਰੇ ਉਪ ਸਭਿਆਚਾਰ ਦੇ ਸਾਂਝੇ ਤੱਤ ਮਿਲਕੇ ਮੁੱਖ ਸਭਿਆਚਾਰ ਦੇ ਕੇਂਦਰ ਬਣਦੇ ਹਨ। ਸੋ ਉਪ-ਸਭਿਆਚਰਾਂ ਦਾ ਸਮੂਹ ਮੂਲ ਸਭਿਆਚਾਰ ਬਣਦਾ ਹੈ ਜੋ ਪ੍ਰਧਾਨ ਇਕਾਈ ਵਜੋਂ ਹੋਵੇਗਾ। ਉਦਾਹਰਣ ਵਜੋਂ ਭਾਰਤੀ ਸਮਾਜ, ਮੂਲ ਸਭਿਆਚਾਰ/ਇਕਾਈ ਹੈ ਅਤੇ ਪ੍ਰਾਂਤਕ ਸਮਾਜ ਅਤੇ ਇਕਾਈਆਂ ਉਪ-ਸਭਿਆਚਾਰ ਨੂੰ ਪੇਸ਼ ਕਰਨਗੀਆਂ। ਪ੍ਰੰਤੂ ਜੇ ਪੰਜਾਬੀ ਸਮਾਜ ਨੂੰ ਮੁੱਖ ਇਕਾਈ ਮੰਨ ਲਈਏ ਤਾਂ ਇਸ ਵਿਚ ਵੀ ਸਾਨੂੰ ਇਲਾਕਾਈ, ਭਾਸ਼ਾਈ ਫ਼ਰਕ, ਧਰਮ, ਵਿੱਦਿਆ, ਜਾਤਾਂ, ਕਿੱਤੇ ਆਦਿ ਦੇ ਅਧਾਰ ਉੱਤੇ ਉਪ ਸਭਿਆਚਾਰ ਮਿਲ ਜਾਣਗੇ। ਇਸ ਤਰ੍ਹਾਂ ਇਕ ਸਭਿਆਚਾਰ ਜੋ ਇਕ ਥਾਂ ਉਪ ਸਭਿਆਚਾਰ ਹੈ ਤਾਂ ਦੂਜੀ ਥਾਂ ਇਹ ਮੁੱਖ ਸਭਿਆਚਾਰ ਬਣ ਸਕਦਾ ਹੈ। ਸਭਿਆਚਾਰ ਸ਼ਬਦ ਨੂੰ ਇਕ ਹੋਰ ਜੁੱਟ ਵਿਚ ਵੀ ਵਰਤਿਆ ਜਾਂਦਾ ਹੈ ਜਿਸਨੂੰ ਪ੍ਰਤੀ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ।

ਜਦੋਂ ਕੋਈ ਉਪ-ਸਭਿਆਚਾਰ ਆਪਣੇ ਮੁੱਖ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਦੇ ਉਲਟ ਚਲਾ ਜਾਏ ਤਾਂ ਉਸਨੂੰ ਪ੍ਰਤਿ ਸਭਿਆਚਾਰ ਦਾ ਨਾਂ ਦੇ ਦਿੱਤਾ ਜਾਂਦਾ ਹੈ। ਪ੍ਰਤਿ ਸਭਿਆਚਾਰ ਦੀ ਸਭ ਤੋਂ ਚੰਗੀ ਉਦਾਹਰਣ ਅਮਰੀਕੀ ਸਭਿਆਚਾਰ ਦੇ ਇਕ ਉਪ ਸਭਿਆਚਾਰ-ਹਿੱਪੀ ਸਭਿਆਚਾਰ ਦੀ ਦਿੱਤੀ ਜਾ ਸਕਦੀ ਹੈ, ਜੋ ਆਪਣੇ ਮੁੱਖ ਸਭਿਆਚਾਰ ਦੀਆਂ ਸਾਰੀਆਂ ਮੂਲ ਕਦਰਾਂ-ਕੀਮਤਾਂ ਨੂੰ ਸ਼ਿਸ਼ਟਤਾ ਦੀ ਹੋਂਦ ਤੋਂ ਹੇਠਾਂ ਜਾ ਕੇ ਵੰਗਾਰਦਾ ਹੈ। ਸਭਿਆਚਾਰ ਇਕ ਜਟਿਲ ਅਤੇ ਜੁੱਟ ਸਿਸਟਮ ਹੈ। ਇਸਦੇ ਅੰਗਾਂ ਦਾ ਪਰਸਪਰ ਸਬੰਧ ਹੈ। ਇਕ ਅੰਗ ਵਿਚ ਤਬਦੀਲੀ ਦੂਜੇ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਸੰਸਾਰ ਦੇ ਵੱਖ-ਵੱਖ ਸਭਿਆਚਰਾਂ ਦੇ ਮੁੱਖ ਅੰਗ ਲੱਗਭੱਗ ਇਕੋ ਜਿਹੇ ਹੀ ਹੁੰਦੇ ਹਨ। ਵਿਅਕਤੀ ਭਾਵੇਂ ਕਿਸੇ ਵੀ ਥਾਂ ਰਹਿੰਦਾ ਹੋਵੇ ਉਸਦੀਆਂ ਮੂਲ ਲੋੜਾਂ ਸਾਂਝੀਆਂ ਹੁੰਦੀਆਂ ਹਨ। ਕੁੱਲੀ ਗੁੱਲੀ, ਜੁੱਲੀ ਦੀ ਲੋੜ ਸਰਬ ਮਨੁੱਖਾਂ ਦੀ ਲੋੜ ਹੈ। ਹਰ ਮਨੁੱਖ ਆਪਣੇ-ਆਪਣੇ ਸਭਿਆਚਰਾਂ ਅਨੁਸਾਰ ਇਨ੍ਹਾਂ ਲੋੜਾਂ ਦੀ ਪੂਰਤੀ ਕਰਦਾ ਹੈ। ਵੱਖਵੱਖ - ਵੱਖ ਤਰੀਕਿਆਂ ਵਿੱਚ ਵੰਡਿਆ ਹੈ।-ਵਿਦਵਾਨਾਂ ਨੇ ਸੱਭਿਆਚਾਰ ਦੇ ਅੰਗਾਂ ਨੂੰ ਵੱਖ ਭੁਪਿੰਦਰ ਸਿੰਘ ਖਹਿਰਾ ਨੇ ਸੱਭਿਆਚਾਰ ਦੇ ਪੰਜ ਅੰਗ ਮੰਨੇ ਹਨ; ਪਦਾਰਥਕ ਅੰਗ, ਸਮਾਜਕ ਅੰਗ, ਸੰਚਾਰਤ ਅੰਗ, ਧਾਰਮਕ ਅੰਗ ਅਤੇ ਰਾਜਨੀਤੀ। ਪੰਜਾਬੀ ਚਿੰਤਨ ਪ੍ਰੋਗੁਰਬਖ਼ਸ਼ ਸਿੰਘ . ਫ਼ਰੈਂਕ ਦੁਆਰਾ, ਰੀਸ ਮੈਕਗੀ ਦੀ ਵੰਡ ਦੇ ਆਧਾਰ ਉੱਤੇ, ਸੱਭਿਆਚਾਰ ਨੂੰ ਤਿੰਨ ਅੰਗਾਂ ਵਿੱਚ ਵੰਡਿਆ ਗਿਆ ਹੈ; ਪਦਾਰਥਕ ਸੱਭਿਆਚਾਰ, ਪ੍ਰਤਿਮਾਨਕ ਸੱਭਿਆਚਾਰ ਅਤੇ ਬੋਧਾਤਮਿਕ ਸੱਭਿਆਚਾਰ। ਇਹ ਵੰਡ ਜ਼ਿਆਦਾ ਪ੍ਰਵਾਨਿਤ ਹੈ।

**ੳ) ਪਦਾਰਥਕ ਸਭਿਆਚਾਰ:** ਪ੍ਰਕ੍ਰਿਤੀ ਦੇ ਨਿਰੰਤਰ ਗਤੀਸ਼ੀਲ ਅਮਲ ਦੌਰਾਨ ਹੀ ਮਨੁੱਖ ਅਤੇ ਉਸ ਦੀਆਂ ਸਰੀਰਿਕ ਅਤੇ ਸਮਾਜਿਕ ਖਾਸੀਅਤਾਂ ਹੋਂਦ ਵਿੱਚ ਆਈਆਂ ਹਨ। ਇਹਨਾਂ ਖਾਸੀਅਤਾਂ ਕਾਰਨ ਹੀ ਮਨੁੱਖ ਬੋਲਣ, ਸੋਚਣ ਅਤੇ ਉਤਪਾਦਨ ਕਰਨ ਵਰਗੇ ਗੁਣ ਲੈ ਸਕਿਆ ਹੈ। ਇਹਨਾਂ ਖਾਸੀਅਤਾਂ ਦਾ ਵਿਸ਼ੇਸ ਕਰਕੇ ਗਿਆਨ ਇੰਦਰੀਆਂ ਦੇ ਪਦਾਰਥਕ ਜਗਤ ਨਾਲ ਸੰਪਰਕ ਦੌਰਾਨ ਮਨੁੱਖੀ ਚੇਤਨਾ ਦਾ ਉਦੈ ਹੋਇਆ ਹੈ। ਇਸ ਚੇਤਨਾ ਦੇ ਸਹਾਰੇ ਜਿਵੇਂ ਮਨੁੱਖ ਪਦਾਰਥਕ ਜਗਤ ਦੇ ਵਿਵਹਾਰਿਕ ਖੇਤਰ ਵਿੱਚ ਅੱਗੇ ਵੱਧਦਾ ਗਿਆ ਹੈ, ਤਿਵੇਂ ਤਿਵੇਂ ਉਸਦੇ ਗਿਆਨ ਦਾ ਖੇਤਰ ਮੋਕਲਾ ਹੁੰਦਾ ਗਿਆ ਹੈ। ਇਸ ਗਿਆਨ ਦੇ ਸਹਾਰੇ ਹੀ ਮਨੁੱਖ ਪ੍ਰਕਿਰਤੀ ਨੂੰ ਸਮਝਣ, ਇਸ ਉੱਤੇ ਜਿੱਤ ਹਾਸਿਲ ਕਰਨ ਜਾਂ ਇਸਨੂੰ ਆਪਣੇ ਅਨੁਕੂਲ ਢਾਲਣ ਲਈ ਯਤਨਸ਼ੀਲ ਰਿਹਾ ਹੈ। ਪ੍ਰਕ੍ਰਿਤੀ ਅਤੇ ਮਨੁੱਖ ਦੇ ਪਰਸਪਰ ਘੋਲ ਵਿੱਚੋਂ ਸੱਭਿਆਚਾਰ ਦਾ ਇੱਕ ਮਹੱਤਵਪੂਰਨ ਪੱਖ ਉਤਪੰਨ ਹੁੰਦਾ ਹੈ। ਇਹ ਜੀਵਨ ਦਾ ਪਦਾਰਥਕ ਪੱਖ ਹੈ। ਪਦਾਰਥਕ ਸਭਿਆਚਾਰ ਵਿਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ, ਜੋ ਮਨੁੱਖ ਨੇ ਸਿਰਜੀਆਂ ਹਨ ਜਾਂ ਜਿਨ੍ਹਾਂ ਨੂੰ ਮਨੁੱਖ ਵਰਤਦਾ ਹੈ ਭਾਵੇਂ ਉਹ ਪ੍ਰਕ੍ਰਿਤੀ ਵਿਚੋਂ ਹੀ ਬਣੀਆਂ ਬਣਾਈਆਂ ਕਿਉਂ ਨਾਂ ਮਿਲਦੀਆਂ ਹੋਣ। ਡਾ. ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ, 'ਫੁੱਲ ਪ੍ਰਕਿਰਤੀ ਵਿੱਚ ਮਿਲਦੀ ਵਸਤੂ ਹੈ, ਪਰ ਮਨੁੱਖੀ ਯਤਨ ਨਾਲ ਵਿਹੜੇ ਵਿੱਚ ਲੱਗੀ ਜਾਂ ਵਿਹੜੇ ਦਾ ਸ਼ਿੰਗਾਰ ਬਣੀ ਇਹ ਪ੍ਰਕਿਰਤਕ ਵਸਤੂ ਸੱਭਿਆਚਾਰ ਦਾ ਅੰਗ ਬਣ ਜਾਂਦੀ ਹੈ। ਪ੍ਰਕਿਰਤੀ ਵਿੱਚ ਮਿਲਦਾ ਫੁੱਲ ਵੀ ਜਦੋਂ ਖ਼ਾਸ ਮੌਕੇ ਉੱਤੇ ਖ਼ਾਸ ਆਸ਼ੇ ਨਾਲ ਪੇਸ਼ ਕੀਤਾ ਜਾਂਦਾ ਹੈ, ਤਾਂ ਇਹ ਪਦਾਰਥਕ ਸੱਭਿਆਚਾਰ ਦਾ ਅੰਸ਼ ਬਣ ਜਾਂਦਾ ਹੈ। ਸਭਿਆਚਾਰ ਦੇ 'ਪਦਾਰਥਕ ਅੰਗ', ਸਭਿਆਚਾਰ ਦੀ ਪਹਿਚਾਣ ਲਈ ਬਹੁਤ ਹੀ ਮਹੱਤਵਪੂਰਨ ਮਾਧਿਅਮ ਹਨ। ਪਦਾਰਥਕ ਸੱਭਿਆਚਾਰ ਦੇ ਮਹੱਤਵਪੂਰਨ ਅੰਸ਼ ਕੰਮਧੰਦੇ-, ਸਾਜੋ ਸਮਾਨ, ਪਹਿਰਾਵਾ, ਹਾਰਸ਼ਿੰਗਾਰ-, ਰਹਿਣਪੀਣ ਆਦਿ ਹਨ। -ਸਹਿਣ ਤੇ ਖਾਣ- ਇਹਨਾਂ ਦਾ ਵਰਨਣ ਇਸਪ੍ਰਕਾਰ ਹੈ। ਜਿਵੇਂ,

**ਕੰਮ ਧੰਦੇ:** ਕਿਸੇ ਸਮਾਜ ਦੇ ਕੰਮ ਧੰਦੇ ਸੱਭਿਆਚਾਰ ਦਾ ਅਨਿਖੜ ਅੰਗ ਹੁੰਦੇ ਹਨ। ਕੰਮ ਧੰਦੇ ਸਮਾਜ ਦੀ ਆਰਥਕਤਾ ਸਮੇਤ ਸੁਮੱਚੇ ਪਦਾਰਥਕ ਸੱਭਿਆਚਾਰ ਨੂੰ ਨਿਰਧਾਰਤ ਕਰਦੇ ਹਨ। ਮਨੁੱਖ ਦੀ ਮੁੱਢਲੀ ਲੋੜ ਰੋਟੀ ਹੈ, ਇਸ ਦੀ ਪ੍ਰਾਪਤੀ ਲਈ ਉਹ ਵੱਖ-ਵੱਖ ਕੰਮ ਧੰਦੇ ਅਪਣਾਉਂਦਾ ਹੈ। ਭੁਪਿੰਦਰ ਸਿੰਘ ਖਹਿਰਾ ਅਨੁਸਾਰ - "ਮਨੁੱਖ ਆਪਣੇ ਭੋਜਨ ਦੀ ਪ੍ਰਾਪਤੀ ਕਿਵੇਂ ਕਰਦਾ ਹੈ, ਇਹ ਉਤਰ ਹੀ ਮਨੁੱਖ ਦੀ ਆਰਥਿਕਤਾ ਅਤੇ ਉਸ ਦੇ ਭੋਜਨ ਦੀ ਅਵਸਥਾ ਪ੍ਰਗਟ ਕਰਦਾ ਹੈ।" ਉਦਾਹਰਨ ਲਈ ਜੇਕਰ ਮਨੁੱਖ ਭੋਜਨ ਲਈ ਪਾਲਤੂ ਪੌਦਿਆਂ (ਫ਼ਸਲਾਂ) ਤੇ ਨਿਰਭਰ ਕਰਦਾ ਹੈ ਤਾਂ ਉਸ ਦਾ ਧੰਦਾ ਖੇਤੀਬਾੜੀ ਹੋਵੇਗਾ।

**ਸਾਜ਼ੋ ਸਮਾਨ:** ਕੰਮ ਧੰਦੇ ਨਾਲ ਸਬੰਧਤ ਮਨੁੱਖ ਆਪਣਾ ਸੰਦਾ ਵਲੇਵਾਂ ਜਾਂ ਸਾਜ਼ੋ ਸਮਾਨ ਤਿਆਰ ਕਰਦਾ ਹੈ। ਜੇਕਰ ਮਨੁੱਖ ਸ਼ਿਕਾਰੀ ਹੈ ਤਾਂ ਉਹ ਗੰਡਾਸਾ, ਬਰਛਾ, ਭਾਲਾ, ਕੁਹਾੜੀ, ਤੀਰ-ਕਮਾਨ ਆਦਿ ਸੰਦਾਂ ਦੀ ਤਿਆਰੀ ਕਰਦਾ ਹੈ। ਇਹ ਸੰਦ ਸਮਾਜ ਪ੍ਰਬੰਧ ਅਤੇ ਲੋਕਧਾਰਾ ਵਿੱਚ ਹਰਮਨ ਪਿਆਰੇ ਹੁੰਦੇ ਹਨ। ਖੇਤੀ ਪ੍ਰਧਾਨ, ਸਮਾਜ ਖੇਤੀ ਨਾਲ ਸਬੰਧਤ ਸੰਦ ਤਿਆਰ ਕਰਦਾ ਹੈ। ਹਲ, ਸੁਹਾਗਾ, ਕਹੀ, ਰੰਬਾ ਆਦਿ ਅਨੇਕ ਵੰਨਗੀ ਦੇ ਸੰਦ ਉਸ ਦੇ ਸੱਭਿਆਚਾਰ ਦਾ ਅੰਗ ਬਣਦੇ ਹਨ।

**ਪਹਿਰਾਵਾ:** ਪਦਾਰਥਕ ਸੱਭਿਆਚਾਰਕ ਨਾਲ ਸਬੰਧਤ ਪਹਿਰਾਵਾ ਵੀ ਇੱਕ ਮਹੱਤਵਪੂਰਨ ਅੰਗ ਹੈ। ਡਾ. ਜਸਵਿੰਦਰ ਸਿੰਘ ਅਨੁਸਾਰ " ਪਹਿਰਾਵਾ ਮਨੁੱਖ ਨੂੰ ਜੀਵਾਂ ਨਾਲੋਂ ਨਿਖੇੜਨ ਵਾਲਾ ਪ੍ਰਮੁੱਖ ਬਾਹਰੀ ਪਛਾਣ ਚਿੰਨ੍ਹ ਵੀ ਹੈ ਅਤੇ ਮਨੁੱਖੀ ਵਿਕਾਸ ਅਤੇ ਸੁਹਜ ਬਿਰਤੀ ਦਾ ਠੋਸ ਪ੍ਰਮਾਣ ਵੀ ਹੈ। ਪਹਿਰਾਵਾ ਮਨੁੱਖ ਦੇ ਜੀਵ ਸੰਸਾਰ ਨਾਲੋਂ ਨਿਖੇੜੇ ਤੋਂ ਸ਼ੁਰੂ ਹੋ ਕੇ ਲਿੰਗ, ਉਮਰ, ਰੁਤਬੇ, ਮੌਕੇ ਤੇ ਰਿਸ਼ਤਿਆਂ ਦੇ ਨਿਖੇੜੇ ਤੱਕ ਵਿਭਿੰਨ ਪੜਾ ਤੇ ਪਰਤਾਂ ਗ੍ਰਹਿਣ ਕਰਦਾ ਹੈ।" ਮਨੁੱਖ ਆਪਣੇ ਕੰਮ ਧੰਦੇ ਦੇ ਅਧਾਰਤ ਪਹਿਰਾਵੇ ਨੂੰ ਸਿਰਜਦਾ ਹੈ। ਘੱਗਰਾ, ਫੂਤਹੀ, ਸਾੜ੍ਹੀ, ਧੋਤੀ, ਕਛਹਿਰਾ ਆਦਿ ਲੋਕਾਂ ਦੀ ਸੱਭਿਆਚਾਰਕ ਬਣਤਰ ਨਾਲ ਜੁੜੇ ਹੋਏ ਹਨ। ਹਰ ਸੱਭਿਆਚਾਰ ਆਪਣਾ ਵਿਲੱਖਣ ਪਹਿਰਾਵਾ ਸਿਰਜਦਾ ਹੈ।

**ਹਾਰ-ਸ਼ਿੰਗਾਰ:** ਪਹਿਰਾਵੇ ਵਿੱਚ ਸਰੀਰ ਨੂੰ ਸਜਾਉਣ ਵਾਲੀ ਸਮੱਗਰੀ ਗਹਿਣੇ ਆਦਿ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਪ੍ਰੋ. ਜੀਤ ਸਿੰਘ ਜੋਸ਼ੀ ਅਨੁਸਾਰ, 'ਹਾਰ ਸ਼ਿੰਗਾਰ ਦਾ ਸੰਬੰਧ ਮਨੁੱਖ ਦੀ ਸੁਹਜ ਤ੍ਰਿਪਤੀ ਨਾਲ ਹੈ। ਗਹਿਣਾ ਸ਼ਿੰਗਾਰ ਦਾ ਪ੍ਰਮੁੱਖ ਸਾਧਨ ਹੈ। ਗਹਿਣਾ

ਪਹਿਨਣ ਦਾ ਸ਼ੌਕ ਮਨੁੱਖ ਅੰਦਰ ਢੇਰ ਪੁਰਾਣਾ ਹੈ।' ਪੰਜਾਬ ਵਿੱਚ ਔਰਤ ਮਰਦ ਦੋਵੇਂ ਹੀ ਗਹਿਣੇ ਪਹਿਨਦੇ ਹਨ। ਵਿਅਕਤੀ ਨੇ ਸਿਰ ਤੋਂ ਪੈਰਾਂ ਤੀਕ ਸਰੀਰ ਦੇ ਹਰ ਅੰਗ ਲਈ ਵੱਖੋ-ਵੱਖਰੇ ਗਹਿਣਿਆਂ ਦੀ ਸਿਰਜਨਾ ਕੀਤੀ ਹੈ। ਮਨੁੱਖ ਆਪਣੀ ਆਰਥਿਕ ਅਵਸਥਾ ਅਨੁਸਾਰ ਗਹਿਣੇ ਪਹਿਨਦਾ ਹੈ।

**ਰਹਿਣ-ਸਹਿਣ:** ਪਦਾਰਥਕ ਸੱਭਿਆਚਾਰ ਵਿੱਚ ਮਨੁੱਖ ਦਾ ਰਹਿਣ-ਸਹਿਣ ਵੀ ਇੱਕ ਮਹੱਤਵਪੂਰਨ ਅੰਗ ਹੈ। ਵਿਅਕਤੀ ਦੇ ਰਹਿਣ-ਸਹਿਣ ਜਾਂ ਰਿਹਾਇਸ਼ ਦਾ ਪ੍ਰਬੰਧ ਭੂਗੋਲਿਕ ਅਤੇ ਇਤਿਹਾਸਕ ਵਾਤਾਵਰਣ ਅਨੁਸਾਰ ਹੀ ਹੁੰਦਾ ਹੈ। ਭੁਪਿੰਦਰ ਸਿੰਘ ਖਹਿਰਾ ਅਨੁਸਾਰ, "ਪੰਜਾਬੀ ਸਮਾਜ ਪਿੰਡਾਂ ਵਿੱਚ ਵਸਿਆ ਹੋਇਆ ਹੈ। ਪੰਜਾਬ ਦਾ ਜਲਵਾਯੂ ਅਜੇਹਾ ਹੈ ਕਿ ਇੱਥੇ ਬਹੁਤੀ ਵਰਖਾ ਨਹੀਂ ਹੁੰਦੀ ਅਤੇ ਨਾ ਹੀ ਇੱਥੇ ਕੁਦਰਤੀ ਆਫ਼ਤ ਭੂਚਾਲ ਆਦਿ ਦਾ ਕੋਈ ਖ਼ਤਰਾ ਹੈ। ਇਸ ਲਈ ਪੰਜਾਬ ਦੇ ਘਰ ਕਿਸੇ ਵਿਸ਼ੇਸ਼ ਤਕਨੀਕ ਨੂੰ ਆਧਾਰ ਨਹੀਂ ਬਣਾਉਂਦੇ। ਇੰਜ, ਜਿਸ ਥਾਂ ਬਹੁਤੇ ਭੂਗੋਲਿਕ ਪਰਿਵਰਤਨ ਨਾ ਆਉਣ ਉਥੋਂ ਦੇ ਲੋਕੀਂ ਵਧੇਰੇ ਪੱਕੇ ਮਕਾਨਾਂ ਦੀ ਸਿਰਜਨਾ ਕਰਦੇ ਹਨ। ਜਿੱਥੇ ਮੀਂਹ, ਭੂਚਾਲ ਆਦਿ ਦਾ ਡਰ ਹੁੰਦਾ ਹੈ, ਉਥੇ ਅਸਥਾਈ ਰਿਹਾਇਸ਼ ਜਾਂ ਰਹਿਣ ਸਹਿਣ ਦਾ ਪ੍ਰਬੰਧ ਕੀਤਾ ਜਾਂਦਾ ਹੈ।

**ਖਾਣ-ਪੀਣ:** ਖਾਣ-ਪੀਣ ਵੀ ਸੱਭਿਆਚਾਰ ਦਾ ਪ੍ਰਮੁੱਖ ਅੰਗ ਮੰਨਿਆ ਗਿਆ ਹੈ। ਵੱਖ-ਵੱਖ ਮੌਕਿਆਂ ਤੇ ਮਨੁੱਖਾਂ ਦੇ ਖਾਣ-ਪੀਣ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ। ਆਮ ਦਿਨਾਂ ਜਾਂ ਸਧਾਰਨ ਦਿਨਾਂ ਵਿੱਚ ਲੋਕ ਸਾਧਾਰਨ ਰੋਟੀ ਖਾਂਦੇ ਹਨ। ਮੇਲੇ, ਤਿਉਹਾਰ ਦੇ ਦਿਨਾਂ ਵਿੱਚ ਲੋਕ ਵਿਸ਼ੇਸ਼ ਪਕਵਾਨ ਪਕਾਉਂਦੇ ਹਨ। ਕੁਝ ਮਹੱਤਵਪੂਰਨ ਦਿਨਾਂ ਤੇ ਉਹ ਦੇਵੀ-ਦੇਵਤਿਆਂ ਜਾਂ ਆਪਣੇ ਇਸ਼ਟ ਅਨੁਸਾਰ ਵੱਡੇ-ਭੋਜ ਵੀ ਕਰਦੇ ਹਨ। ਕੁਝ ਲੋਕ ਖਾਸ ਦਿਨਾਂ ਤੇ ਸ਼ਰਾਬ(ਦਕਸ਼ਿਰਾ) ਦਾ ਪ੍ਰਯੋਗ ਵੀ ਕਰਦੇ ਹਨ।

ਇੰਜ ਸੱਭਿਆਚਾਰ ਦੇ ਪਦਾਰਥਕ ਪੱਖ ਵਿੱਚ ਉਹ ਸਾਰੀਆਂ ਸਥੂਲ ਵਸਤਾਂ ਜਾਂ ਉਹਨਾਂ ਦੇ ਚਿਹਨ ਸ਼ਾਮਿਲ ਹੁੰਦੇ ਹਨ ਜਿਹਨਾਂ ਨੂੰ ਮਨੁੱਖੀ ਸਮਾਜ ਨੇ ਅਪਣਾ ਲਿਆ ਹੈ। ਪੱਥਰ ਦਾ ਇੱਕ ਸਾਧਾਰਨ ਟੁਕੜਾ ਚਿਹਨ ਨਹੀਂ ਹੈ। ਕਿਉਂਕਿ ਉਸ ਵਿੱਚ ਚਿਹਨਕ ਅਤੇ ਚਿਹਨਤ ਦੀ ਸਯੁੰਕਤੀ ਨਹੀਂ ਹੈ। ਇਸ ਟੁਕੜੇ ਨੂੰ ਜਦੋਂ ਮਨੁੱਖ ਪੂਜਾ ਸਮੱਗਰੀ ਜਾਂ ਕਿਸੇ ਹੋਰ ਮਨੁੱਖੀ ਲੋੜ ਦੀ ਪੂਰਤੀ ਵਜੋਂ ਵਰਤਦਾ ਹੈ ਤਾਂ ਇਹ ਚਿਹਨ ਦੇ ਗੁਣ ਗ੍ਰਹਿਣ ਕਰ ਲੈਂਦਾ ਹੈ। ਚਿਹਨ ਵਿੱਚ ਅਰਥ ਅਤੇ ਉਸਦੇ ਬਾਹਰੀ ਪ੍ਰਗਟਾਅ ਦਾ ਹੋਣਾ ਲਾਜ਼ਮੀ ਸ਼ਰਤ ਹੈ। ਖਾਣ-ਪੀਣ ਦੀ ਸਮੱਗਰੀ, ਪਹਿਰਾਵਾ, ਹਾਰਸਿੰਗਾਰ-, ਆਵਾਜਾਈ ਅਤੇ ਢੋਆ ਢੋਆਈ ਦੇ ਸਾਧਨ, ਸੰਚਾਰ ਸਾਧਨ ਤੇ ਵਿਭਿੰਨ ਤਰ੍ਹਾਂ ਦੇ ਮਾਪ ਯੰਤਰ, ਇਮਾਰਤਾਂ, ਪੂਜਾ, ਸਮੱਗਰੀ, ਸੰਦ ਅਤੇ ਹਥਿਆਰ ਆਦਿ ਮਨੁੱਖ ਸਿਰਜਤ ਪਦਾਰਥਕ ਕਦਰਾਂ ਦੇ ਚਿਹਨ ਹਨ।

**ਅ) ਪ੍ਰਤਿਮਾਨਕ ਸਭਿਆਚਾਰ:** ਇਹ ਸਭਿਆਚਾਰ ਦਾ ਦੂਸਰਾ ਅੰਗ ਹੈ। ਇਹ ਸਭਿਆਚਾਰ ਸਮਾਜ ਅਤੇ ਵਿਅਕਤੀ ਦੇ ਦਵੰਦਾਤਮਕ ਸੰਬੰਧਾਂ ਵਿੱਚੋਂ ਪੈਦਾ ਹੁੰਦਾ ਹੈ। ਪ੍ਰਤਿਮਾਨ ਮਨੁੱਖੀ ਵਿਹਾਰ ਦੀ ਨਿਮਨਤਮ ਨਿਰਦੇਸ਼ਮੂਲਕ ਇਕਾਈ ਹੈ, ਜਿਸ ਅਨੁਸਾਰ ਕਿਵੇਂ ਕਰਨਾ ਕਿਵੇਂ ਨਹੀਂ ਕਰਨਾ। ਇਸ ਵਿੱਚ ਮਨੁੱਖੀ ਵਿਹਾਰ ਦੇ ਚਿਹਨ ਸ਼ਾਮਿਲ ਹੁੰਦੇ ਹਨ। ਸਮਾਜ ਵਿੱਚ ਹਮੇਸ਼ਾਂ ਦੋ ਧਿਰਾਂ ਸ਼ਾਮਿਲ ਹੁੰਦੀਆਂ ਹਨ ਇੱਕ ਧਿਰ ਨਿਯਮਾਂ ਨੂੰ ਪਰਵਾਨ ਕਰਦੀ ਹੈ ਅਤੇ ਦੂਸਰੀ ਅਪਰਵਾਨ। ਪਰ ਸਮਾਜ ਦਾ ਹਰ ਇੱਕ ਵਿਅਕਤੀ ਇੰਨ੍ਹਾਂ ਨਿਯਮਾਂ ਤੋਂ ਜਾਣੂ ਹੁੰਦਾ ਹੈ ਅਤੇ ਲੋੜ ਅਨੁਸਾਰ ਇੰਨ੍ਹਾਂ ਦੀ ਵਰਤੋਂ ਕਰਦਾ ਹੈ। ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ, ਪ੍ਰਤਿਮਾਨਿਕ ਸਭਿਆਚਾਰ, ਸਭਿਆਚਾਰ ਦਾ ਉਹ ਅੰਗ ਹੈ, ਜਿਹੜਾ ਮਨੁੱਖੀ ਵਿਹਾਰ ਲਈ ਪ੍ਰਤਿਮਾਨਿਕ ਜਾਂ ਨਿਯਮ ਸਥਾਪਤ ਕਰਦਾ ਹੈ ਅਤੇ ਇਸ ਤਰ੍ਹਾਂ ਮਨੁੱਖੀ ਵਿਹਾਰ ਨੂੰ ਨਿਯਮਿਤ ਕਰਦਾ ਹੈ ਅਤੇ ਅਗਵਾਈ ਦੇਂਦਾ ਹੈ। ਇਹ ਨਿਯਮ ਦੋ ਤਰ੍ਹਾਂ ਦੇ ਹੁੰਦੇ ਹਨ :

(1) **ਨਿਰਦੇਸ਼ਾਤਮਕ: ਇਹ ਕਰੋ।**

(2) **ਨਿਸ਼ੇਧਾਤਮਕ: ਇਹ ਨਾ ਕਰੋ।**

ਇਨ੍ਹਾਂ ਨਿਯਮਾਂ ਦੀ ਅੱਗੇ ਵੰਡ ਪ੍ਰਤੱਖ ਅਤੇ ਪ੍ਰੋਖ ਨਿਯਮਾਂ ਵਿਚ ਕੀਤੀ ਜਾਂਦੀ ਹੈ। ਪ੍ਰਤੱਖ ਨਿਯਮ ਉਹ ਹੁੰਦੇ ਹਨ ਜੋ ਸਿਖਾਏ ਜਾਂਦੇ ਹਨ, ਜਿਵੇਂ ਉਬਾਸੀ ਲੈਣ ਲੱਗਿਆਂ ਮੂੰਹ ਅੱਗੇ ਹੱਥ ਰੱਖ ਲਓ। ਇਹ ਕਰੋ, ਇਹ ਨਾ ਕਰੋ ਆਦਿ।

'ਪ੍ਰੋਖ ਨਿਯਮ' ਸਿਖਾਏ ਨਹੀਂ ਜਾਂਦੇ ਹਨ, ਉਨ੍ਹਾਂ ਨੂੰ ਮਨੁੱਖ ਸਮਾਜ ਵਿਚ ਵਿਚਰਦਾ ਆਪੇ ਗ੍ਰਹਿਣ ਕਰਦਾ ਹੈ। ਕਈਆਂ ਹਾਲਤਾਂ ਵਿਚ ਉਸਨੂੰ ਪਤਾ ਨਹੀ ਲਗਦਾ ਕਿ ਉਸਨੇ ਇਹ ਗ੍ਰਹਿਣ ਕੀਤੇ ਵੀ ਹਨ। ਜਿਵੇਂ ਕਿਸੇ ਸਿਆਣੇ ਵਿਅਕਤੀ ਨੂੰ ਵੇਖਦੇ ਸਾਰ ਸਤਿਕਾਰ ਵਜੋਂ ਸਿਰ ਢੱਕ ਲੈਣਾ, ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਬੋਲਣ ਦਾ ਤਰੀਕਾ ਆਦਿ।

**ਆਦਰਸ਼ਕ ਅਤੇ ਵਿਆਪਕ ਨਿਯਮ:** ਨਿਯਮ ਆਦਰਸ਼ਕ ਵੀ ਹੁੰਦੇ ਹਨ ਅਤੇ ਵਿਆਪਕ ਵੀ। ਆਦਰਸ਼ਕ ਨਿਯਮ ਉਹ ਹੁੰਦੇ ਹਨ, ਜਿੰਨ੍ਹਾਂ ਨੂੰ ਸਮਾਜ ਨੇ ਉਦਾਹਰਣੀ ਮੰਨ ਲਿਆ ਹੈ, ਪਰ ਜ਼ਰੂਰੀ ਨਹੀਂ ਸਮਾਜ ਵਿੱਚ ਸਾਰੇ ਵਿਅਕਤੀਆਂ ਦਾ ਵਿਹਾਰ ਹੀ ਆਦਰਸ਼ਕ ਹੋਵੇ। ਆਦਰਸ਼ ਕਦੇ ਵਿਆਪਕ ਨਹੀਂ ਹੁੰਦਾ, ਨਹੀਂ ਤਾਂ ਇਹ ਆਦਰਸ਼ਕ ਨਾ ਰਹੇ। ਜੇਕਰ ਆਦਰਸ਼ਕ ਅਤੇ ਵਿਆਪਕ ਦਾ ਪਾੜਾ ਵਧ ਜਾਏ ਤਾਂ ਸਮਾਜ ਦੀ ਏਕਤਾ, ਸੰਗਠਨ ਹੋਂਦ ਖ਼ਤਰੇ ਵਿੱਚ ਪੈ ਜਾਂਦੀ ਹੈ। ਇਸ ਲਈ ਸਮਾਜ ਲਈ ਜ਼ਰੂਰੀ ਹੈ ਉਹ ਨਿਯਮਾਂ ਦੀ ਪਾਲਣਾ ਕਰਵਾਏ, ਜਿਹੜੇ ਨਿਯਮ ਸਮਾਜ ਦਾ ਆਧਾਰ ਹੁੰਦੇ ਹਨ।

**ਲੋਕਾਚਾਰ:** ਡਾ. ਗੁਰਬਖ਼ਸ਼ ਸਿੰਘ ਫ਼ਰੈਂਕ, "ਅਮਰੀਕੀ ਸਮਾਜ ਵਿੱਚ ਵਿਗਿਆਨੀ ਸਮਨਰ ਦੇ ਹਵਾਲੇ ਨਾਲ ਲਿਖਦੇ ਹਨ ਕਿ ਉਸਨੇ ਨਿਯਮਾਂ ਨੂੰ 'ਫ਼ੋਕਵੇਜ਼' ਅਤੇ 'ਮੋਰਜ਼' ਦੋ ਕਿਸਮਾਂ ਵਿੱਚ ਵੰਡਿਆ ਹੈ ਪੰਜਾਬੀ ਵਿੱਚ ਉਨ੍ਹਾਂ ਨੇ ਇਸ ਦਾ ਨਾਮਕਰਣ 'ਲੋਕਾਚਾਰ' ਅਤੇ 'ਸਦਾਚਾਰ' ਕੀਤਾ ਹੈ।" ਲੋਕਾਚਾਰ ਪ੍ਰਤਿਮਾਨਾਂ ਦਾ ਸਮੂਹ ਹੈ। ਇਹ ਰਵਾਇਤੀ ਕਿਸਮ ਦੇ ਨਿਯਮ ਹੁੰਦੇ ਹਨ। ਜੇਕਰ ਕੋਈ ਵਿਅਕਤੀ ਇੰਨ੍ਹਾਂ ਨਿਯਮਾਂ ਦੀ ਉਲੰਘਣਾ ਕਰੇ ਤਾਂ ਉਸਨੂੰ ਕੋਈ ਸਖ਼ਤ ਸਜਾ ਨਹੀਂ ਦਿੱਤੀ ਜਾਂਦੀ ਜਿਵੇਂ:- ਪਚਾਕੇ ਮਾਰ ਕੇ ਖਾਣ ਵਾਲੇ ਨੂੰ ਤੁਸੀਂ ਜੇਲ ਨਹੀਂ

ਭਿਜਵਾ ਸਕਦੇ ਜਾਂ ਵਿਅਕਤੀ ਆਪਣੀ ਮਰਜੀ ਅਨੁਸਾਰ ਕੋਈ ਵੀ ਪਹਿਰਾਵਾ ਪਹਿਨ ਸਕਦਾ ਹੈ। ਇੰਨ੍ਹਾਂ ਨਿਯਮਾਂ ਦੀ ਪਾਲਣਾ ਜਿਆਦਾਤਰ ਮਨ ਦੀ ਸ਼ਾਂਤੀ ਲਈ ਕੀਤੀ ਜਾਂਦੀ ਹੈ।

**ਸਦਾਚਾਰ:** ਇਹ ਨਿਯਮ ਸਮਾਜਕ ਸਦਾਚਾਰ ਜਾਂ ਕਦਰਾਂ-ਕੀਮਤਾਂ ਦੇ ਰੂਪ ਵਿੱਚ ਕਾਰਜ਼ਸ਼ੀਲ ਸਮਾਜਕ ਮੁੱਲ ਹੁੰਦੇ ਹਨ। "ਸਮਾਜਕ ਕਦਰਾਂ-ਕੀਮਤਾਂ ਲਾਜ਼ਮੀ ਤੌਰ ਸਮਾਜਿਕ ਲੋੜਾਂ ਅਨੁਸਾਰ ਅਤੇ ਲੋਕ ਪ੍ਰਵਾਨਗੀ ਪ੍ਰਾਪਤ ਕਰਨ ਉਪਰੰਤ ਹੀ ਸਥਾਪਤ ਹੁੰਦੀਆਂ ਹਨ ਅਤੇ ਇੰਨ੍ਹਾਂ ਦਾ ਸੁਭਾਅ ਹਮੇਸ਼ਾ ਪਰਿਵਰਤਨਸ਼ੀਲ ਹੁੰਦਾ ਹੈ।" ਜਿਵੇਂ ਕਿਸੇ ਵੇਲੇ ਧੀਆਂ ਪੁੱਤਰਾਂ ਲਈ ਮਾਪਿਆਂ ਦੀ ਰਜ਼ਾ ਵਿੱਚ ਰਹਿਣਾ ਅਤੇ ਉਹਨਾਂ ਦੇ ਫ਼ੈਸਲਿਆਂ ਦੀ ਪਾਲਣਾ ਕਰਨਾ ਆਦਰਸ਼ਕ ਵਤੀਰਾ ਸਮਝਿਆ ਜਾਂਦਾ ਸੀ, ਤਾਂ ਅੱਜ ਪਹਿਲ ਇਸ ਗੱਲ ਨੂੰ ਨਹੀਂ ਦਿੱਤੀ ਜਾਂਦੀ ਸਗੋਂ ਵੇਖਿਆ ਜਾਂਦਾ ਹੈ ਕਿ ਫੈਸਲਾ ਤਰਕ-ਸੰਗਤ ਹੈ ਜਾਂ ਨਹੀਂ। ਇਹਨਾਂ ਨਿਯਮਾਂ ਦਾ ਰੂਪ ਜਾਂ ਇਹਨਾਂ ਦੀ ਪਾਲਣਾ ਅਤੇ ਉਲੰਘਣਾ ਵੱਲ ਸਮਾਜ ਦਾ ਵਤੀਰਾ ਹਮੇਸ਼ਾ ਹੀ ਇਕੋ ਜਿਹਾ ਨਹੀਂ ਰਹਿੰਦਾ। ਇਸ ਤਰ੍ਹਾਂ ਜੇਕਰ ਕੋਈ ਵਿਅਕਤੀ ਰੋਟੀ ਖਾਂਦੇ ਸਮੇਂ ਸ਼ਰਾਬ ਦੇ ਨਸ਼ੇ ਵਿੱਚ ਗਾਹਲਾ ਕੱਢੇ ਤਾਂ ਉਸਨੂੰ ਕੁਝ ਵਧੇਰੇ ਸਜਾ ਦਿੱਤੀ ਜਾਂਦੀ ਹੈ। ਉਸਨੂੰ ਬਾਹਰ ਕੱਢ ਦਿੱਤਾ ਜਾਂਦਾ ਹੈ ਜਾਂ ਪੁਲਿਸ ਕੋਲ ਫੜਾਇਆ ਜਾਂਦਾ ਹੈ।

**ਟੈਬੂ:** ਇਹ ਉਹ ਨਿਯਮ ਹੁੰਦੇ ਹਨ, ਜਿੰਨ੍ਹਾਂ ਬਾਰੇ ਕੋਈ ਸਮਾਜ ਇਹ ਕਿਆਸ ਹੀ ਨਹੀਂ ਕਰਦਾ ਕਿ ਇਹਨਾਂ ਦੀ ਉਲੰਘਣਾ ਵੀ ਕੀਤੀ ਜਾ :ਸਕਦੀ ਹੈ। "ਅੰਗਰੇਜ਼ੀ ਭਾਸ਼ਾ ਦਾ ਸ਼ਬਦ ਟੈਬੂ 'ਪੋਲੀਨੇਸ਼ੀਆ' ਦੇ ਸ਼ਬਦ 'ਟਾਬੂ' ਤੋਂ ਲਿਆ ਗਿਆ ਹੈ। ਇਸ ਸ਼ਬਦਾਂ ਨੂੰ ਕਿਸੇ ਵਿਸ਼ੇਸ਼ ਪ੍ਰਕਾਰ ਦੀ ਮਨਾਹੀ ਦੇ ਅਰਥਾਂ ਵਿੱਚੋਂ ਲਿਆ ਜਾਂਦਾ ਹੈ।" ਹਰੇਕ ਸਮਾਜ ਦੇ ਤਾਬੂ ਵੱਖੋ-ਵੱਖਰੇ ਹੋ ਸਕਦੇ ਹਨ ਜਿਵੇਂ ਪਤੀ-ਪਤਨੀ ਤੋਂ ਇਲਾਵਾ ਮੂਲ ਪਰਿਵਾਰ ਦੇ ਮੈਬਰਾਂ ਵਿੱਚ ਜਿਨਸੀ ਸਬੰਧ ਰੱਖਣਾ, ਯੂਨਾਨੀ ਈਡੀਪਸ ਮਿੱਥ ਟੈਬੂ ਦੀ ਅਵਤੇਲਨਾ ਅਤੇ ਉਪਜੇ ਭਿਆਨਕ ਪਰਿਵਾਰ ਦੀ ਗਾਥਾ ਹੈ। ਹਿੰਦੂ ਸਮਾਜ ਵਿੱਚ ਗਊ ਹੱਤਿਆ ਆਦਿ। "ਟੈਬੂ ਦੀ ਪ੍ਰਾਕਿਤੀ ਵਿੱਚ ਸਮਾਜਿਕ ਕੀਮਤਾਂ ਤੇ ਸੰਸਕਾਰਕ ਕੀਮਤਾਂ ਸ਼ਾਮਿਲ ਹੁੰਦੀਆਂ ਹਨ। ਸੰਸਾਕਾਰਕ ਕੀਮਤਾਂ ਦਾ ਸਬੰਧ ਲੋਕ ਸਮੂਹ ਦੀ ਸਾਂਝੀ ਜੀਵਨ ਸ਼ੈਲੀ ਦੇ ਪੈਟਰਨ ਤੇ ਪ੍ਰਤਿਮਾਨ ਨਿਸ਼ਚਤ ਕਰਨਾ ਹੁੰਦਾ ਹੈ। ਜੀਵਨ ਦੇ ਵੱਡੇ ਸੰਕਟਸ਼ੀਲ ਮੌਕਿਆਂ ਖਾਸ ਕਰਕੇ ਜਨਮ, ਵਿਆਹ ਅਤੇ ਮੌਤ ਬਾਰੇ ਜ਼ਿਆਦਾ ਟੈਬੂ ਪ੍ਰਚਲਿਤ ਹਨ। ਪ੍ਰਸੂਤ, ਨਵਜਨਮ ਬਾਲ ਤੇ ਇਸ ਨਾਲ ਸਬੰਧਤ ਕਿਰਿਆਵਾਂ ਬਾਰੇ ਟੈਬੂ ਵਿਆਹੰਦੜ ਮੁੰਡੇ-ਕੁੜੀ ਬਾਰੇ ਟੈਬੂ, ਮ੍ਰਿਤਕ ਸਰੀਰ ਬਾਰੇ ਸਾਡੇ ਸਭਿਆਚਾਰ ਦਾ ਹਿੱਸਾ ਹਨ।`` ਟੈਬੂ ਦਾ ਸੰਬੰਧ ਸੰਸਕਾਰਕ ਕੀਮਤਾਂ ਨਾਲ ਵੀ ਹੁੰਦਾ ਹੈ। ਟੈਬੂ ਮੰਨਣ ਵਾਲੇ ਲੋਕ ਹਰ ਟੈਬੂ ਦੀ ਆਪਣੀ ਤਰ੍ਹਾਂ ਵਿਆਖਿਆ ਕਰਦੇ ਹਨ। ਉਨ੍ਹਾਂ ਟੈਬੂਆਂ ਪਿੱਛੇ ਲੁਪਤ ਮਨੋਰਥ ਛੁਪੇ ਹੁੰਦੇ ਹਨ। "ਟੈਬੂ ਨਾਲ ਸਬੰਧਿਤ ਸੰਸਾਕਾਰਕ ਕਾਰਜ ਤਕਨੀਕੀ ਕਾਰਜ ਤੋਂ ਵੱਖਰੇ ਹੁੰਦੇ ਹਨ। ਇਹ ਪ੍ਰਤੀਕਮਈ ਕਾਰਜ ਹੁੰਦੇ ਹਨ। ਜਿਵੇਂ:- ਕੁਝ ਵਿਅਕਤੀ ਮੰਗਲਵਾਰ ਨੂੰ ਮੀਟ ਅਤੇ ਸ਼ਰਾਬ ਦੀ ਵਰਤੋਂ ਨਹੀਂ ਕਰਦੇ, ਕੁਝ ਲੋਕ ਸਨਿੱਚਰਵਾਰ ਲੋਹਾ ਖਰੀਦਣ ਨੂੰ ਟੈਬੂ ਮੰਨਦੇ ਹਨ। ਇਸ ਤਰ੍ਹਾਂ ਖ਼ਾਸ ਸਭਿਆਚਾਰ ਕੁਝ ਖਾਸ ਅੰਕਾਂ ਨੂੰ ਟੈਬੂ ਮੰਨਦੇ ਹਨ।

**ਕਾਨੂੰਨ:** ਸਭਿਆਚਾਰ ਨਿਆਂ ਸੰਸਥਾਵਾਂ ਦੀ ਆਪਣੀ ਨਿਵੇਕਲੀ ਨਿਆਂ ਵਿਧੀ ਸਜ਼ਾਵਾਂ ਅਤੇ ਅਨੁਸ਼ਾਸ਼ਨ ਹੁੰਦਾ ਹੈ। ਜਿਸਨੂੰ ਸਹਿਜ ਸਮੂਹਿਕ ਪ੍ਰਵਾਨਗੀ ਮਿਲੀ ਹੁੰਦੀ ਹੈ। ਪੰਜਾਬੀ ਸਭਿਆਚਾਰ ਵਿੱਚ ਪੰਚ ਜਾਂ ਬਰਾਦਰੀ ਦੇ ਮੁਖੀਏ ਇਸ ਦੇ ਕਾਰਮੁਖਤਾਰ ਹੁੰਦੇ ਹਨ। ਚੋਰੀ, ਗਲਤ ਵਿਹਾਰ, ਅਣ-ਵੰਚਿਤ ਕੰਮਾਂ ਵਿਹਾਰਾਂ ਲਈ ਮੁਆਫ਼ੀ ਮੰਗਣਾ ਭਾਈਚਾਰਕ ਬਾਈਕਾਟ ਆਦਿ ਸਜਾ ਦੇ ਰੂਪ ਪ੍ਰਚੱਲਿਤ ਸਨ। ਕਾਨੂੰਨ ਪ੍ਰਤਿਮਾਨਿਕ ਸਭਿਆਚਾਰ ਨੂੰ ਨਾ ਸਿਰਫ ਠੋਸ ਅਤੇ ਸਪਸ਼ਟ ਰੂਪ ਦੇਂਦਾ ਹੈ ਸਗੋਂ ਵੇਲੇ ਦੀਆਂ ਪ੍ਰਧਾਨ ਕਦਰਾਂ-ਕੀਮਤਾਂ ਨੂੰ ਮੁਖ ਰੱਖਦਿਆਂ ਉਹਨਾਂ ਵਿੱਚ ਤਬਦੀਲੀ ਲਿਆਉਣ ਦੀ ਵੀ ਕੋਸ਼ਿਸ਼ ਕਰਦਾ ਹੈ। ਪਰ ਅਜੋਕੇ ਸਮੇਂ ਵਿੱਚ ਇਹ ਸਭਿਆਚਾਰ ਨਿਆਂ ਪ੍ਰਣਾਲੀ ਗਾਇਬ ਹੋ ਰਹੀ ਹੈ, ਇਸਦੀ ਥਾਂ ਜੱਜ, ਵਕੀਲਾਂ ਅਤੇ ਕਾਨੂੰਨ ਦੀ ਸ਼ਕਤੀ ਦਾ ਪ੍ਰਭਾਵ ਵੱਧ ਰਿਹਾ ਹੈ, ਕਾਨੂੰਨੀ ਨਿਯਮਾਂ ਦੀ ਉਲੰਘਣ ਲਈ ਸਜ਼ਾ ਹਮੇਸ਼ਾ ਨਿਸ਼ਚਿਤ ਹੁੰਦੀ ਹੈ। ਇਹਨਾਂ ਵਿੱਚ ਲੋਕਾਚਾਰ ਜਾਂ ਸਦਾਚਾਰ ਦੇ ਨਿਯਮਾਂ ਵਾਲੀ ਅਨਿਸਚਿਤਤਾ ਨਹੀਂ ਹੁੰਦੀ।ਇਸੇ ਲਈ ਕਾਨੂੰਨ ਵਿੱਚ ਬੁਨਿਆਦੀ ਤਬਦੀਲੀਆਂ ਓਦੋਂ ਤੱਕ ਸੰਭਵ ਨਹੀਂ ਹੁੰਦੀਆਂ,ਜਦੋਂ ਤੱਕ ਸਮਾਜ ਦੀ ਬਣਤਰ ਅਤੇ ਸਮਾਜਕ ਰਿਸ਼ਤਿਆਂ ਵਿੱਚ ਬੁਨਿਆਦੀ ਤਬਦੀਲੀਆਂ ਨਾ ਆ ਜਾਣ,ਇਸ ਤਰ੍ਹਾਂ ਨਾਲ ਕਿਸੇ ਸਮਾਜ ਦੀ ਦੰਡਾਵਲੀ ਉਸ ਸਮਾਜ ਦੇ ਇੱਕ ਸਮੁੱਚੇ ਪੜਾਅ ਦੀ ਬੜੀ ਚੰਗੀ ਸਚੂਕ ਹੋ ਸਕਦੀ ਹੈ।

'ਬੋਧਾਤਮਿਕ ਸਭਿਆਚਾਰ' ਵਿਚ ਵਿਚਾਰ, ਵਤੀਰੇ, ਵਿਸ਼ਵਾਸ ਆਦਿ ਆ ਜਾਂਦੇ ਹਨ। ਸਾਹਿਤ, ਕਲਾ, ਧਰਮ, ਮਿਥਿਹਾਸ, ਫ਼ਲਸਫਾ, ਸਾਰਾ ਕੁਝ ਇਸ ਅੰਗ ਵਿਚ ਆਉਂਦਾ ਹੈ। ਜੇ ਪ੍ਰਤਿਮਾਨਕ ਸਭਿਆਚਾਰ ਸਮਾਜਿਕ ਕਾਰਜ ਦੀ ਉਚਿਤਤਾ ਜਾਂ ਅਣਉਚਿਤਤਾ ਬਾਰੇ ਮਿਆਰ ਕਾਇਮ ਕਰਦਾ ਹੈ ਤਾਂ ਇਹਨਾਂ ਮਿਆਰਾਂ ਦਾ ਸੋਮਾ ਉਹ ਫ਼ਲਸਫ਼ਾ, ਸੰਸਾਰ ਦ੍ਰਿਸ਼ਟੀਕੋਣ ਜਾਂ ਵਿਸ਼ਵਾਸ ਹੁੰਦੇ ਹਨ, ਜਿਨ੍ਹਾਂ ਨੂੰ ਸਮਾਜ ਨੇ ਆਪਣੀਆਂ ਉਪਰੋਕਤ ਸਿਰਜਨਾਵਾਂ ਵਿਚ ਰਚਨ ਦੇ ਢੰਗ ਨਾਲ ਸਾਕਾਰ ਕੀਤਾ ਹੁੰਦਾ ਹੈ।

**ਸਾਹਿਤ:** ਸਾਹਿਤ ਸੱਭਿਆਚਾਰ ਦੇ ਅੰਗ, ਬੋਧਾਤਮਿਕ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ। "ਸਾਹਿਤ ਵੀ ਸੱਭਿਆਚਾਰ ਦੇ ਸੰਚਾਰ ਲਈ ਇੱਕ ਜ਼ਰੂਰੀ ਭੂਮਿਕਾ ਨਿਭਾਉਂਦਾ ਹੈ। ਸਾਹਿਤ ਦੇ ਤੱਤ ਜਿਹੜੇ ਵਿਅਕਤੀਗਤ ਵੰਨਗੀ ਵਿੱਚ ਵੀ ਆਉਂਦੇ ਹਨ, ਉਹ ਵੀ ਪ੍ਰੇਰਨਾ ਸੱਭਿਆਚਾਰਕ ਧਰਾਤਲ ਤੋਂ ਹੀ ਹਾਸਲ ਕਰਦੇ ਹਨ। ਸਾਹਿਤ ਇੱਕ ਅਜਿਹਾ ਜ਼ਜ ਹੈ ਜਿਸ ਦੀ ਸਿਰਜਣਾ ਸੱਭਿਆਚਾਰਕ ਸਮੱਗਰੀ ਤੋਂ ਬਿਨਾਂ ਸੰਭਵ ਨਹੀਂ।" ਜੇਕਰ ਪੰਜਾਬੀ ਸੱਭਿਆਚਾਰ ਨੂੰ ਸਮਝਣਾ ਹੋਵੇ ਤਾਂ ਉਸ ਦਾ ਆਧਾਰ ਸਾਹਿਤ ਬਣਦਾ ਹੈ। ਸਾਹਿਤ ਦੀ ਰਚਨਾ ਸੱਭਿਆਚਾਰ ਪਰੰਪਰਾ ਅਤੇ ਪ੍ਰਤਿਭਾਵਾਨ ਵਿਅਕਤੀ ਦੇ ਬੋਧਿਕ ਅਮਲ ਦੀ ਅੰਤਰ ਪ੍ਰਕਿਰਿਆ ਸਦਕਾ ਹੈ।

**ਭਾਸ਼ਾ:** ਭਾਸ਼ਾ ਨੂੰ ਸੱਭਿਆਚਾਰ ਦਾ ਵਾਹਣ ਕਿਹਾ ਜਾਂਦਾ ਹੈ। ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਭਾਸ਼ਾ ਹੀ ਸੱਭਿਆਚਾਰ ਦੀ ਜਣਨੀ ਹੈ। ਇਹ ਸੱਭਿਆਚਾਰ ਦੀ ਸ਼ਰਤ ਵੀ ਹੈ। ਭਾਸ਼ਾ ਅਤੇ ਸੱਭਿਆਚਾਰ ਸਮਾਨ ਸਮੱਗਰੀ ਦੇ ਬਣੇ ਹੋਏ ਹੁੰਦੇ ਹਨ। ਭਾਸ਼ਾ ਵਿਵਹਾਰ ਅਤੇ ਸੱਭਿਆਚਾਰ ਦਾ ਵਿਵਹਾਰ ਵੀ ਚਿੰਨ੍ਹਾਤਮਕ ਹੈ। "ਹਰ ਭਾਸ਼ਾ ਆਪਣੇ ਸੱਭਿਆਚਾਰ ਦੇ ਪ੍ਰਸੰਗ ਵਿੱਚ ਹੀ ਅਰਥ ਰੱਖਦੀ ਹੈ ਜਿਸ ਕਰਕੇ ਇਸ ਦਾ ਕਿਸੇ ਹੂ-ਬ-ਹੂ ਅਨੁਵਾਦ ਅਸੰਭਵ ਹੁੰਦਾ ਹੈ।"

**ਕਲਾ:** ਕਲਾਵਾਂ ਸੱਭਿਆਚਾਰ ਦਾ ਅਹਿਮ ਅੰਗ ਹਨ। ਕਲਾਵਾਂ ਮਨੁੱਖ ਦੀ ਸਿਰਜਣਾਤਮਕ ਪ੍ਰਤਿਭਾ ਦਾ ਅਨੂਠਾ ਸੱਭਿਆਚਾਰਕ ਪ੍ਰਗਟਾ-ਮਾਧਿਅਮ ਹਨ। ਇਹ ਸੱਭਿਆਚਾਰਕ ਅਨੁਭਵਾਂ, ਅਹਿਸਾਸਾਂ, ਸੰਕਟਾਂ ਅਤੇ ਆਕਾਂਖਿਆਵਾਂ ਦੀ ਪੇਸ਼ਕਾਰੀ ਦਾ ਮਾਧਿਅਮ ਹਨ।

**ਧਰਮ:** ਧਰਮ ਸੱਭਿਆਚਾਰ ਪ੍ਰਬੰਧ ਦਾ ਇਤਨਾ ਪ੍ਰਬਲ ਤੇ ਫੈਸਲਾਕੁਨ ਅੰਗ ਹੈ ਕਿ ਕਈ ਵਾਰੀ ਇਹ ਵਿਸ਼ੇਸ਼ ਸੱਭਿਆਚਾਰ ਦੀ ਨਿਖੜਵੀ ਪਛਾਣ, ਨਾਮਕਰਣ ਅਤੇ ਪ੍ਰਮਾਣਿਕਤਾ ਦਾ ਆਧਾਰ ਵੀ ਬਣ ਜਾਂਦਾ ਹੈ। ਸੱਭਿਆਚਾਰ ਦੇ ਇਤਿਹਾਸ ਵਿੱਚ ਧਰਮ ਦਾ ਰੋਲ ਅਤੇ ਮਹੱਤਤਾ ਪੁਰਾਤਨ ਕਾਲ ਤੋਂ ਆਧੁਨਿਕ ਕਾਲ ਤੱਕ ਨਿਰੰਤਰ ਬਦਲਦੀ ਆਈ ਹੈ। "ਆਦਿ-ਕਾਲੀ ਇਤਿਹਾਸ ਤੋਂ ਲੈ ਕੇ ਹੁਣ ਤੱਕ ਧਰਮ ਨੂੰ ਮਨੁੱਖੀ ਅਮਲ, ਵਿਵਹਾਰ, ਉਦੇਸ਼, ਪ੍ਰਤਿਮਾਨ, ਕੀਮਤਾਂ, ਵਿਸ਼ਵਾਸਾਂ ਤੇ ਰੀਤੀ-ਰਿਵਾਜਾਂ ਨੂੰ ਨਿਰਧਾਰਿਤ ਕਰਨ ਦਾ ਸਭ ਤੋਂ ਅਹਿਮ ਪ੍ਰੇਰਕ ਰਿਹਾ ਹੈ। ਜਿਸਦੇ ਫਲਸਰੂਪ ਵਿਭਿੰਨ ਧਰਮਾਂ ਦੇ ਨਾਂ ਤੇ ਹੀ ਸੱਭਿਆਚਾਰਾਂ ਦਾ ਨਾਮਕਰਣ ਪ੍ਰਚਲਿਤ ਹੋਇਆ ਜਿਵੇਂ ਸਿੱਖ ਸੱਭਿਆਚਾਰ, ਹਿੰਦੂ ਸੱਭਿਆਚਾਰ ਅਤੇ ਇਸਲਾਮੀ ਸੱਭਿਆਚਾਰ ਆਦਿ।"

**ਵਿਵਹਾਰ/ਵਤੀਰਾ:** ਵਿਵਹਾਰ ਵੀ ਸੱਭਿਆਚਾਰ ਪ੍ਰਬੰਧ ਦੇ ਵਿਭਿੰਨ ਅੰਗਾਂ ਵਿਚੋਂ ਅਹਿਮ ਅੰਗ ਹੈ। "ਜੋ ਮਨੁੱਖ ਨੂੰ ਪਸ਼ੂ ਨਾਲੋਂ ਵਖਰਿਆਉਣ ਅਤੇ ਸਮੁੱਚਾ ਇਨਸਾਨ ਬਣਾਉਣ ਦੀ ਮੁੱਖ ਅਨੁਸ਼ਾਸਨੀ-ਜੁਗਤ ਦਾ ਸਮੁੱਚ ਹੈ। ਜੋ ਬੱਚੇ ਦੇ ਜੰਮਣ ਤੋਂ ਸ਼ੁਰੂ ਹੋ ਕੇ ਮਰਦੇ ਦਮ ਤਕ ਹਾਜ਼ਰ ਰਹਿੰਦਾ ਹੈ।"8 ਇਸ ਵਿੱਚ ਸਹਿਜ ਸਿੱਖਿਆ, ਸੁਚੇਤ ਵਿਦਿਆ ਤੋਂ ਲੈ ਕੇ ਸ਼ਲਾਘਾ/ਸਜ਼ਾ ਦੇ ਵਿਭਿੰਨ ਰੂਪ ਸ਼ਾਮਲ ਹੁੰਦੇ ਹਨ।

ਸਭਿਆਚਾਰ ਇਕ ਅਜਿਹਾ ਸਮਾਜਿਕ ਵਰਤਾਰਾ ਜਾਂ ਸਮਾਜਿਕ ਵਿਰਸਾ ਹੈ, ਜੋ ਜਨਮ ਨਾਲ ਨਹੀਂ ਮਿਲਦਾ ਸਗੋਂ ਗ੍ਰਹਿਣ ਕੀਤਾ ਜਾਂਦਾ ਹੈ। ਸੋ ਮਨੁੱਖ ਇਕ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਸਾਰਾ ਕੁਝ ਸਮਾਜ ਵਿਚੋਂ ਗ੍ਰਹਿਣ ਕਰਦਾ ਹੈ ਜਿਸ ਨਾਲ ਆਪਣਾ ਅਤੇ ਸਮਾਜ ਦਾ ਵਿਕਾਸ ਵੀ ਕਰਦਾ ਹੈ। ਸੋ ਸਭਿਆਚਾਰ ਦਾ ਸਾਰਾ ਵਿਕਾਸ ਮਨੁੱਖ ਨੂੰ ਪ੍ਰਕਿਰਤਕ ਮਨੁੱਖ ਤੋਂ ਸਮਾਜਿਕ ਮਨੁੱਖ ਬਣਾਉਣ ਵੱਲ ਹੈ ਭਾਵ ਪਸ਼ੂ ਤੋਂ ਮਨੁੱਖ ਅਤੇ ਮਨੁੱਖ ਤੋਂ ਸੰਪੂਰਣ ਮਨੁੱਖ ਬਣਾਉਣ ਦਾ ਹੈ। ਇਸ ਪੜਾਅ ਤੱਕ ਪਹੁੰਚਣ ਲਈ ਮਨੁੱਖ ਨੂੰ ਪ੍ਰਾਕਿਰਤੀ ਨਾਲ ਵੀ ਟੱਕਰ ਲੈਣੀ ਪੈਂਦੀ ਹੈ, ਜੋ ਉਸਨੂੰ ਸੰਘਰਸ਼ਸ਼ੀਲ ਬਣਾਉਣੀ ਹੈ।

## ਸਾਰਾਂਸ਼

ਸਭਿਆਚਰ ਮਾਨਵ ਨੂੰ ਇਕ ਸਮਾਜਿਕ, ਸੰਸਕ੍ਰਿਤਕ ਅਤੇ ਸਭਿਅਕ ਮਨੁੱਖ ਬਣਾਉਂਦਾ ਹੈ, ਸੰਸਕ੍ਰਿਤੀ ਇਕ ਜਟਿਲ, ਵਿਸ਼ਾਲ ਅਤੇ ਬਹੁ ਅਰਥੀ ਸੰਕਲਪ ਹੈ ਜਿਸਦਾ ਵਰਣਨ ਕਿਸੇ ਇਕ ਪ੍ਰੀਭਾਸ਼ਾ ਦੁਆਰਾ ਕਰਨਾ ਕਠਿਨ ਹੈ। ਇਸ ਦਾ ਖੇਤਰ ਬਹੁਤ ਵਿਸ਼ਾਲ ਹੀ ਨਹੀਂ ਸਗੋਂ ਮਨੁੱਖੀ ਸਮਾਜ ਜਿੰਨਾ ਹੀ ਵਿਆਪਕ ਹੈ, ਸਭਿਆਚਰ ਕਿਸੇ ਇਕ ਵਸਤੂ ਵੱਲ ਸੰਕੇਤ ਹੀ ਨਹੀਂ ਕਰਦਾ ਸਗੋਂ ਇਸ ਵਿਚ ਠੋਸ ਵਸਤੂਆਂ ਸਮਾਜਿਕ ਵਰਤਾਰਿਆਂ ਨੂੰ ਲੈ ਕੇ ਨਿਰੋਲ ਭਾਵਵਾਚਿਕ ਸੰਕਲਪ ਸ਼ਾਮਿਲ ਹਨ। ਇਸ ਤਰ੍ਹਾਂ ਇਹ ਵੀ ਕਿਹਾ ਜਾ ਸਕਦਾ (ਭੌਤਿਕ ਪਦਾਰਥ) ਕਿ ਸਭਿਆਚਰ ਕੋਈ ਅਜਿਹੀ ਵਸਤੂ ਦਾ ਨਾਂ ਹੈ ਜੋ ਬੁਨਿਆਦੀ ਤੌਰ ਤੇ ਸਰਵ ਪ੍ਰਮਾਣਿਤ ਹੈ। ਮਨੁੱਖ ਨੂੰ ਸਮਾਜਿਕ ਪ੍ਰਾਣੀ ਹੋਣ ਦੇ ਨਾਤੇ ਆਪਣੀ ਉਪਜੀਵਿਕਾ ਅਤੇ ਆਪਣੇ ਵਿਕਾਸ ਲਈ ਆਪਣੀਆਂ ਭੌਤਿਕ ਅਤੇ ਮਾਨਸਿਕ ਲੋੜਾਂ ਦੀ ਪੂਰਤੀ ਅਤੇ ਸੁਰੱਖਿਆ ਲਈ ਸਮਾਜਿਕ ਪੈਦਾਵਾਰ ਦੀ ਸਿਰਜਣਾ ਹਿੱਤ ਪਦਾਰਥਕ ਅਤੇ ਗ਼ੈਰ-ਪਦਾਰਥਕ ਅੰਸ਼ਾਂ ਦਾ ਵੀ ਸਹਾਰਾ ਲੈਣਾ ਪੈਂਦਾ ਹੈ, ਜੋ ਕਿਸੇ ਸਭਿਆਚਾਰ ਦੀ ਬੁਨਿਆਦ ਵੀ ਹਨ। ਸੋ ਸਮੁੱਚੀ ਸਮਾਜਿਕ ਪੈਦਾਵਾਰ ਵਿਚ ਪਹਿਲੀ ਅਰਥਾਤ ਬੁਨਿਆਦੀ ਸਿਰਜਣਾ ਪਦਾਰਥਕ ਪੈਦਾਵਾਰ ਹੈ ਜਿਸਨੂੰ ਵੱਖ-ਵੱਖ ਮਾਨਵ ਸ਼ਾਸਤਰੀਆਂ ਅਤੇ ਸਮਾਜ ਸ਼ਾਸਤਰੀਆਂ ਨੇ ਅਲੱਗ-ਅਲੱਗ ਸ਼ਬਦਾਵਲੀ ਰਾਹੀਂ ਪ੍ਰਗਟ ਕੀਤਾ ਹੈ ਜਿਸਨੂੰ ਮਨੁੱਖ ਦਾ ਪਦਾਰਥਕ ਵਾਤਾਵਰਣ, ਪਦਾਰਥਕ ਪ੍ਰਾਪਤੀ, ਵਸਤੂ ਸੰਸਾਰ, ਮਸ਼ੀਨੀ ਜਗਤ, ਸਥੂਲ ਆਦਿ ਸ਼ਬਦਾਂ ਰਾਹੀਂ ਬਿਆਨਿਆ ਹੈ, ਜਿਸ ਵਿਚ ਮਨੁੱਖ ਵੱਲੋਂ ਸਿਰਜੇ ਗਏ ਆਰਥਿਕ ਅਤੇ ਪ੍ਰਬੰਧਕੀ ਢਾਂਚੇ, ਰਾਜਨੀਤਿਕ ਸੰਗਠਨ ਦੀਆਂ ਸਾਰੀਆਂ ਇਕਾਈਆਂ ਸ਼ਾਮਿਲ ਹਨ। ਇਸਦੇ ਨਾਲ ਹੀ ਇਮਾਰਤਾਂ ਬੈਂਕਾਂ, ਫ਼ੈਕਟਰੀਆਂ, ਛਾਪਾਖਾਨਾ, ਮਸ਼ੀਨਰੀ, ਉਹ ਵਸਤਾਂ ਜੋ ਮਨੁੱਖ ਨੂੰ ਆਪਣੇ ਟੀਚੇ ਅਤੇ ਉਦੇਸ਼ ਦੀ ਪੂਰਤੀ ਲਈ ਸਹਾਇਕ ਅਤੇ ਲਾਹੇਵੰਦ ਸਾਬਿਤ ਹੁੰਦੀਆਂ ਹਨ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਗ਼ੈਰ-ਪਦਾਰਥਕ ਅੰਸ਼ ਜੋ ਸਮਾਜਿਕ ਪੈਦਾਇਸ਼ ਦਾ ਦੂਜਾ ਪਹਿਲੂ ਹੈ ਨੂੰ ਮਨੁੱਖ ਦਾ ਭਾਵ ਜਗਤ, ਵਿਚਾਰ ਸੰਸਾਰ, ਸੂਖ਼ਮ ਗਿਆਨ ਆਦਿ ਸ਼ਬਦਾਂ ਰਾਹੀਂ ਪ੍ਰਗਟ ਕੀਤਾ ਜਾਂਦਾ ਹੈ, ਜੋ ਪ੍ਰਤੀਕਾਂ, ਸੰਕੇਤਾਂ ਜਾਂ ਚਿੰਨ੍ਹਾਂ ਦੇ ਵਾਹਕ ਹਨ, ਇਨ੍ਹਾਂ ਰਾਹੀਂ ਮਨੁੱਖ ਆਪਣੇ ਅੰਦਰਲੇ ਜਾਂ ਆਪੇ ਦਾ ਪ੍ਰਗਟਾਵਾ ਕਰਦਾ ਹੈ। ਇਸ ਨਾਲ ਉਸਦੀਆਂ ਇੱਛਾਵਾਂ ਅਤੇ ਲੋੜਾਂ ਦੀ ਪੂਰਤੀ ਹੁੰਦੀ ਹੈ। ਇਸਦੇ ਘੇਰੇ ਵਿਚ ਮਨੁੱਖੀ ਕਦਰਾਂ-ਕੀਮਤਾਂ, ਰਹੁ-ਰੀਤਾਂ, ਕਲਾਵਾਂ, ਵਿਸ਼ਵਾਸ, ਧਰਮ, ਨੈਤਿਕ ਤੇ ਸਦਾਚਾਰਕ ਮੁੱਲ ਆਦਿ ਸ਼ਾਮਿਲ ਹੁੰਦੇ ਹਨ।

ਸੋ ਸਭਿਆਚਾਰ ਇਕ ਜੁੱਟ ਤੇ ਜਟਿਲ ਪ੍ਰਣਾਲੀ ਹੈ ਕਿਉਂਕਿ ਇਸ ਵਿਚਲੇ ਅੰਗ ਇਕ ਦੂਜੇ ਨਾਲ ਅੰਤਰ ਸਬੰਧਤ ਵੀ ਹਨ ਤੇ ਅੰਤਰ ਨਿਰਭਰ ਵੀ ਹਨ, ਜੋ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਇਸ ਤਰ੍ਹਾਂ ਇਨ੍ਹਾਂ ਸਾਰੇ ਅੰਗਾਂ ਦੇ ਆਪਸੀ ਸੁਮੇਲ ਨਾਲ ਜੋ ਸਮਾਜਿਕ ਪੈਦਾਇਸ਼ ਦੀ ਸਮੁੱਚੀ/ਸਾਂਝੀ ਸਿਰਜਨਾ ਦੀ ਬਣਤਰ ਨਜ਼ਰ ਆਉਂਦੀ ਹੈ ਉਸ ਨੂੰ ਸਭਿਆਚਾਰ ਸਰੂਪ ਆਖਿਆ ਜਾਂਦਾ ਹੈ।

## ਕੇਂਦਰੀ ਸ਼ਬਦ

- **ਸਭਿਆਚਾਰ** ਦੋ ਸ਼ਬਦਾਂ ਦਾ ਯੋਗ ਹੈ, ਸੱਭਿਯ+ਅਚਾਰ। ਸੱਭਿਯ ਸ਼ਬਦ ਸਭਿਅਕ ਲੋਕਾਂ ਦਾ ਸੰਕੇਤ ਹੈ ਤੇ ਅਚਾਰ ਸ਼ਬਦ ਤੋਂ ਭਾਵ ਹੈ ਨਿਯਮ, ਢੰਗ, ਤਰੀਕਾ ਭਾਵ ਕਿ ਸੱਭਿਅਕ ਲੋਕਾਂ ਦੇ ਰਹਿਣ ਦੇ ਨਿਯਮ ਜਾਂ ਢੰਗ ਤਰੀਕਾ।
- **ਪਦਾਰਥਕ ਸੱਭਿਆਚਾਰ** ਵਿੱਚ ਉਹ ਸਾਰੀਆਂ ਵਸਤਾਂ ਆਉਂਦੀਆਂ ਹਨ, ਜਿਹੜੀਆਂ ਮਨੁੱਖ ਨੇ ਸਿਰਜੀਆਂ ਹਨ, ਜਾਂ ਜਿਹਨਾਂ ਨੂੰ ਮਨੁੱਖ ਵਰਤਦਾ ਹੈ, ਭਾਵੇਂ ਉਹ ਪ੍ਰਕਿਰਤੀ ਵਿੱਚ ਹੀ ਬਣੀਆਂ ਬਣਾਈਆਂ ਕਿਉਂ ਨਾ ਮਿਲਦੀਆਂ ਹੋਣ।
- **ਪ੍ਰਤਿਮਾਨਿਕ ਸੱਭਿਆਚਾਰ** ਵਿੱਚ ਮਨੁੱਖੀ ਵਿਹਾਰ ਨੂੰ ਤੈਅ ਕਰਨ ਵਾਲੇ ਨਿਯਮ ਸ਼ਾਮਲ ਹੁੰਦੇ ਹਨ। ਪ੍ਰਤਿਮਾਨ ਮਨੁੱਖੀ ਵਿਹਾਰ ਦੀ ਨਿਮਨਤਮ ਨਿਰਦੇਸ਼ਮੂਲਕ ਇਕਾਈ ਹੈ, ਜਿਸ ਅਨੁਸਾਰ ਕਿਵੇਂ ਕਰਨਾ ਕਿਵੇਂ ਨਹੀਂ ਕਰਨਾ।
- **ਟੈਬੂ** ਦਾ ਭਾਵ ਹੈ ਕੁਝ ਵਿਸ਼ੇਸ਼ ਕਰਨ ਤੋਂ ਸਖ਼ਤ ਰੋਕ। ਇਹ ਸ਼ਬਦ ਸਾਧਾਰਨ ਅਰਥਾਂ ਵਿੱਚ ਵਿਸ਼ੇਸ਼ ਪ੍ਰਕਾਰ ਦੀ ਮਨਾਹੀ ਲਈ ਵਰਤਿਆ ਜਾਂਦਾ ਹੈ।

  **ਲੋਕਾਚਾਰ** ਤੋਂ ਭਾਵ ਹੈ ਕਿਸੇ ਸਮਾਜਕ ਸਮੂਹ ਦਾ ਜੀਵਨ-ਵਿਹਾਰ।

## ਸਵੈ-ਮੁਲਾਂਕਣ

**ਪ੍ਰਸ਼ਨ 1. ਸਭਿਆਚਾਰ ਦੀ ਵਿਸ਼ੇਸ਼ਤਾ ਕੀ ਨਹੀਂ ਹੈ?**

ੳ) ਸਭਿਆਚਾਰ ਪਰਿਵਰਤਨਸ਼ੀਲ ਹੈ।

ਅ) ਸਭਿਆਚਾਰ ਸਮਾਜਿਕ ਵਰਤਾਰਾ ਹੈ।

ੲ) ਸਭਿਆਚਾਰ ਜਨਮ ਜਾਤ ਪ੍ਰਾਪਤ ਹੁੰਦਾ ਹੈ

ਸ) ਸਭਿਆਚਾਰ ਇਕ ਜੁੱਟ ਅਤੇ ਜਟਿਲ ਸਿਸਟਮ ਹੈ।

**ਪ੍ਰਸ਼ਨ 2. ਕਿਸ ਪ੍ਰਸਿੱਧ ਅੰਗਰੇਜ਼ ਵਿਦਵਾਨ ਨੇ Primitive Culture ਪੁਸਤਕ ਵਿਚ ਸਭਿਆਚਾਰ ਦੀ ਪਰਿਭਾਸ਼ਾ ਦਿੱਤੀ ਹੈ?**

ੳ) Melville J Herskovits

ਅ) E. B.Tylor

ੲ) B. Malinowski

ਸ) Lewis Henry Morgan

**ਪ੍ਰਸ਼ਨ 3. ਬੋਧਾਤਾਮਕ ਸਭਿਆਚਾਰ ਦੀ ਵਿਸ਼ੇਸ਼ਤਾ ਹੈ:**

ੳ) ਲੋਕ ਸਾਹਿਤ

ਅ) ਘਰ

ੲ) ਰਿਸ਼ਤੇ-ਨਾਤੇ

ਸ) ਲੋਕ ਗਹਿਣੇ

**ਪ੍ਰਸ਼ਨ 4. ਸਭਿਆਚਾਰ ਦੇ ਸੰਦਰਭ ਵਿਚ ਪ੍ਰਤੱਖ ਨਿਯਮਾਂ ਤੋਂ ਕੀ ਭਾਵ ਹੈ?**

ੳ) ਉਹ ਨਿਯਮ ਜੋ ਸਿਖਾਏ ਜਾਂਦੇ ਹਨ।

ਅ) ਉਹ ਨਿਯਮ ਜੋ ਸਿਖਾਏ ਨਹੀਂ ਜਾਂਦੇ ਹਨ।

ੲ) ਉਹ ਨਿਯਮ ਜੋ ਮੰਨੇ ਨਹੀਂ ਜਾਂਦੇ ਹਨ।

ਸ) ਜਿਨ੍ਹਾਂ ਨਿਯਮਾਂ ਦੀ ਵਿਸ਼ੇਸ ਸਿਖਲਾਈ ਦਿੱਤੀ ਜਾਂਦੀ ਹੈ।

**ਪ੍ਰਸ਼ਨ 5. ਸਭਿਆਚਾਰ ਵਿਅਕਤੀਗਤ ਸੰਪਤੀ ਨਹੀਂ, ਸਗੋਂ ਸਮਾਜਿਕ ਵਰਤਾਰਾ ਹੈ। ਇਸ ਕਥਨ ਤੋਂ ਕੀ ਭਾਵ ਹੈ?**

ੳ) ਸਭਿਆਚਾਰ ਕੁਦਰਤ ਦੀ ਸੰਪਤੀ ਹੈ।

ਅ) ਸਭਿਆਚਾਰ ਸਮਾਜ ਵਿਚ ਗ੍ਰਹਿਣ ਕੀਤਾ ਜਾਂਦਾ ਹੈ।

ੲ) ਸਭਿਆਚਾਰ ਵਿਅਕਤੀ ਤੋਂ ਗ੍ਰਹਿਣ ਕੀਤਾ ਜਾਂਦਾ ਹੈ।

ਸ) ਸਭਿਆਚਾਰ ਵਿਰਸੇ ਤੋਂ ਸੁੱਤੇ ਸਿੱਧ ਮਿਲਦਾ ਹੈ।

**ਪ੍ਰਸ਼ਨ 6. ਅੰਗਰੇਜ਼ੀ ਵਿਚ ਸਭਿਅਤਾ ਦਾ ਸਮਾਨਾਰਥੀ ਸ਼ਬਦ ਕਿਹੜਾ ਹੈ?**

ੳ) Cultivation

ਅ) Cultivate

ੲ) Culture

ਸ) Civilisation

**ਪ੍ਰਸ਼ਨ 7. ਸਭਿਆਚਾਰ ਅਤੇ ਪੰਜਾਬੀ ਸਭਿਆਚਾਰ ਪੁਸਤਕ ਕਿਸ ਪ੍ਰਸਿੱਧ ਪੰਜਾਬੀ ਵਿਦਵਾਨ ਦੀ ਹੈ?**

ੳ) ਡਾ. ਗੁਰਬਖਸ਼ ਸਿੰਘ ਫਰੈਂਕ

ਅ) ਡਾ. ਜਸਵਿੰਦਰ ਸਿੰਘ

ੲ) ਡਾ. ਸੋਹਿੰਦਰ ਸਿੰਘ ਬੇਦੀ

ਸ) ਡਾ. ਨਾਹਰ ਸਿੰਘ

**ਪ੍ਰਸ਼ਨ 8. ਪਦਾਰਥਕ ਸਭਿਆਚਾਰ ਦਾ ਅੰਗ ਹੈ:**

ੳ) ਰੀਤੀ-ਰਿਵਾਜ਼

ਅ) ਵਿਸ਼ਵਾਸ਼

ੲ) ਖੁਰਾਕ

ਸ) ਪੁਸਤਕ

**ਪ੍ਰਸ਼ਨ 9. ਸਭਿਆਚਾਰ ਦੇ ਸੰਦਰਭ ਵਿਚ ਆਦਰਸ਼ਕ ਨਿਯਮਾਂ ਤੋਂ ਕੀ ਭਾਵ ਹੈ?**

ੳ) ਸਮਾਜ ਵਿਚ ਪ੍ਰਚਿਲਤ ਨਿਯਮ

ਅ) ਹਾਸਿਲ ਕਰਨਯੋਗ ਉੱਚ ਤੇ ਪ੍ਰਵਾਨਿਤ ਨਿਯਮ

ੲ) ਹਾਸਿਲ ਕੀਤੇ ਗਏ ਉੱਚ ਤੇ ਪ੍ਰਵਾਨਿਤ ਨਿਯਮ

ਸ) ਉਪਰੋਕਤ ਵਿਚੋਂ ਕੋਈ ਨਹੀਂ।

**ਪ੍ਰਸ਼ਨ 10. ਸਭਿਆਚਾਰ ਦੇ ਸੰਦਰਭ ਵਿਚ ਪ੍ਰੋਖ ਨਿਯਮਾਂ ਸਬੰਧੀ ਕੀ ਸਹੀ ਨਹੀਂ ਹੈ?**

ੳ) ਉਹ ਨਿਯਮ ਜਿਹਨਾਂ ਨੂੰ ਸਿਖਾਉਣ ਦੀ ਜਰੂਰਤ ਨਹੀਂ ਹੁੰਦੀ।

ਅ) ਉਹ ਨਿਯਮ ਜੋ ਸਿਖਾਏ ਨਹੀਂ ਜਾਂਦੇ ਹਨ।

ੲ) ਉਹ ਨਿਯਮ ਜੋ ਕਦੇ ਅਪਣਾਏ ਨਹੀਂ ਜਾਂਦੇ ਹਨ।

ਸ) ਉਹ ਨਿਯਮ ਜੋ ਸੁਭਾਵਿਕ ਅਪਣਾ ਲਏ ਜਾਂਦੇ ਹਨ।

**ਪ੍ਰਸ਼ਨ 11. ਸਭਿਆਚਾਰ ਦੀ ਹੇਠ ਲਿਖੀ ਪਰਿਭਾਸ਼ਾ ਕਿਸ ਪ੍ਰਸਿੱਧ ਵਿਦਵਾਨ ਨੇ ਦਿੱਤੀ ਹੈ?**

***ਸਭਿਆਚਰ ਵਾਤਾਵਰਣ ਦਾ ਮਨੁੱਖ ਸਿਰਜਿਆ ਭਾਗ ਹੈ। ਸਭਿਆਚਰ ਮਨੁੱਖੀ ਵਿਹਾਰ ਦੇ ਸਿੱਖੇ ਹੋਏ ਭਾਗ ਨੂੰ ਕਹਿੰਦੇ ਹਨ।***

ੳ) Melville J Herskovits

ਅ) E. B.Tylor

ੲ) B. Malinowski

ਸ) Lewis Henry Morgan

**ਪ੍ਰਸ਼ਨ 12. ਸਭਿਆਚਾਰ ਦੇ ਸੰਦਰਭ ਵਿਚ ਵਿਆਪਕ ਨਿਯਮਾਂ ਤੋਂ ਕੀ ਭਾਵ ਹੈ?**

ੳ) ਸਮਾਜ ਵਿਚ ਪ੍ਰਚਿਲਤ ਨਿਯਮ

ਅ) ਹਾਸਿਲ ਕਰਨਯੋਗ ਉੱਚ ਤੇ ਪ੍ਰਵਾਨਿਤ ਨਿਯਮ

ੲ) ਹਾਸਿਲ ਕੀਤੇ ਗਏ ਪ੍ਰਵਾਨਿਤ ਨਿਯਮ

ਸ) ਉਪਰੋਕਤ ਵਿਚੋਂ ਕੋਈ ਨਹੀਂ।

**ਪ੍ਰਸ਼ਨ 13. ਸਭਿਆਚਾਰ ਦਾ ਸ਼ਾਬਦਿਕ ਅਰਥ ਕੀ ਹੈ?**

ੳ) ਸਿਖਿਅਤ ਕੰਮ

ਅ) ਸਿਖਿਅਤ ਵਿਹਾਰ

ੲ) ਸਿਖਿਅਤ ਸਮਾਜ

ਸ) ਸਿਖਿਅਤ ਰਿਵਾਜ

**ਪ੍ਰਸ਼ਨ 14. ਟੈਬੂ ਤੋਂ ਕੀ ਭਾਵ ਹੈ?**

ੳ) ਸਖਤ ਅਨੁਸ਼ਾਸ਼ਨ

ਅ) ਧਾਰਮਿਕ ਰੀਤੀ

ੲ) ਸਮਾਜਕ ਵਰਜਣਾ

ਸ) ਸਮਾਜਕ ਅਨੁਸ਼ਠਾਨ

**ਪ੍ਰਸ਼ਨ 15. ਲੋਕਾਚਾਰ ਤੋਂ ਭਾਵ ਕੀ ਹੈ?**

ੳ) ਲੋਕ ਸਮੂਹ

ਅ) ਲੋਕ ਧੰਦੇ

ੲ) ਲੋਕ ਵਿਸ਼ਵਾਸ਼

ਸ) ਲੋਕ ਵਿਵਹਾਰ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਅ | 3.ੳ | 4. ੳ | 5. ਅ |
| 6. ਸ | 7. ੳ | 8. ੲ | 9. ਅ | 10. ਸ |
| 11. ੳ | 12. ੳ | 13. ਅ | 14. ੲ | 15. ਸ |

## ਅਭਿਆਸ ਪ੍ਰਸ਼ਨ

1. ਸਭਿਆਚਾਰ ਤੋਂ ਕੀ ਭਾਵ ਹੈ? ਸਭਿਆਚਾਰ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।
3. ਸਭਿਆਚਾਰ ਦੇ ਅੰਗਾਂ ਬਾਰੇ ਨੋਟ ਲਿਖੋ।
4. ਪ੍ਰਤਿਮਾਨਕ ਸਭਿਆਚਾਰ ਕੀ ਹੈ? ਇਸਦਾ ਵਰਗੀਕਰਨ ਕਰੋ।।
5. ਬੋਧਾਤਮਿਕ ਸਭਿਆਚਾਰ ਦੇ ਸੰਕਲਪ ਨੂੰ ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ


- https://pa.wikipedia.org/wiki/%E0%A8%B8%E0%A9%B1%E0%A8%AD%E0%A8%BF%E0%A8%86%E0%A8%9A%E0%A8%BE%E0%A8%B0
- https://punjabipedia.org/topic.aspx?txt=%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0+%28culture%29
- https://punjabipedia.org/topic.aspx?txt=%E0%A8%B2%E0%A9%8B%E0%A8%95%E0%A8%BE%E0%A8%9A%E0%A8%BE%E0%A8%B0+%28folk+ways%29&k=4
- https://pa.wikipedia.org/wiki/%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%A6%E0%A9%80_%E0%A8%AA%E0%A8%B0%E0%A8%BF%E0%A8%AD%E0%A8%BE%E0%A8%B8%E0%A8%BC%E0%A8%BE_%E0%A8%85%E0%A8%A4%E0%A9%87_%E0%A8%B2%E0%A9%B1%E0%A8%9B%E0%A8%A3

*Satwant Singh, Lovely Professional University*

# ਅਧਿਆਇ-2 : ਸਭਿਆਚਾਰਕ ਪਰਿਵਰਤਨ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਸਭਿਆਚਾਰਕ ਪਰਿਵਰਤਨ
4. ਸਭਿਆਚਾਰਕ ਪਰਿਵਰਤਨ ਦੇ ਅਧਾਰ ਤੇ ਨੇਮ
5. ਸਭਿਆਚਾਰੀਕਰਣ ਦਾ ਸੰਕਲਪ
6. ਸਭਿਆਚਾਰਕ ਖਿੰਡਾਉ, ਸਾਪੇਖਤਾ ਅਤੇ ਨਸਲਮੁੱਖਤਾ
7. ਸਭਿਆਚਾਰਕ ਖੜੋਤ
8. ਸਾਰਾਂਸ਼
9. ਕੇਂਦਰੀ ਸ਼ਬਦ
10. ਸਵੈ-ਮੁਲਾਂਕਣ
11. ਸਵੈ-ਮੁਲਾਂਕਣ ਲਈ ਉੱਤਰ
12. ਅਭਿਆਸ ਪ੍ਰਸ਼ਨ
13. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਸਭਿਆਚਾਰਕ ਪਰਿਵਰਤਨ ਦੇ ਸਿਧਾਂਤਕ ਨੇਮਾਂ ਦਾ ਗਿਆਨ ਹਾਸਿਲ ਕਰਨਗੇ
- ਸਭਿਆਚਾਰਕ ਖੜੋਤ ਤੇ ਪਰਿਵਰਤਨ ਦੇ ਸਕੰਲਪ ਨੂੰ ਸਮਝਣਗੇ
- ਸਭਿਆਚਾਰਕ ਸਾਪੇਖਤਾ, ਨਸਲਮੁੱਖਤਾ, ਖਿੰਡਾਅ ਅਤੇ ਸਭਿਆਚਾਰੀਕਰਣ ਬਾਰੇ ਸਮਝ ਹਾਸਿਲ ਕਰਨਗੇ
- ਸਭਿਆਚਾਰ ਪਰਿਵਰਤਨ ਦੇ ਅਧਾਰ ਤੇ ਨੇਮਾਂ ਦੀ ਜਾਣਕਾਰੀ ਪ੍ਰਾਪਤ ਕਰਨਗੇ

## ਭੂਮਿਕਾ

ਸਭਿਆਚਾਰਕ ਪਰਿਵਰਤਨ ਇੱਕ ਅਹਿਮ, ਅਟੱਲ ਪਰ ਅਤਿਅੰਤ ਸੂਖ਼ਮ ਪ੍ਰਕਿਰਿਆ ਹੈ। ਹਰੇਕ ਸਭਿਆਚਾਰ ਦਵੰਦਵਾਦ ਭੌਤਿਕਵਾਦ ਦੇ ਮੂਲ ਨਿਯਮਾਂ ਅਨੁਰੂਪ ਆਪਣੀ ਵਿਸ਼ੇਸ਼ ਪ੍ਰਕਿਰਤੀ ਅਤੇ ਪ੍ਰਕਿਰਿਆ ਅਨੁਸਾਰ ਨਿਰੰਤਰ ਪਰਿਵਰਤਨਸ਼ੀਲ ਰਹਿੰਦਾ ਹੈ। ਕੋਈ ਵੀ ਸਭਿਆਚਾਰਕ ਸਿਰਜਣਾ, ਵਿਹਾਰ, ਵਰਤਾਰਾ, ਵਿਚਾਰ ਅੰਤਮ ਜਾਂ ਨਿਰਪੇਖ ਨਹੀਂ, ਸਗੋਂ ਪਦਾਰਥਕ ਪਰਿਸਥਿਤੀਆਂ ਵਿਚ ਆਏ ਗਿਣਨਾਤਮਕ ਅਤੇ ਗੁਣਾਤਮਕ ਪਰਿਵਰਤਨਾਂ ਅਨੁਕੂਲ ਇਸਦੇ ਸਾਰੇ ਅੰਗ ਅਤੇ ਤੱਤ ਰੂਪਾਂਤਰਿਤ ਹੁੰਦੇ ਰਹਿੰਦੇ ਹਨ। ਸਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਿਆ ਦਾ ਮੂਲ ਆਧਾਰ ਆਰਥਿਕ ਪ੍ਰਬੰਧ ਅਤੇ ਇਸ ਪ੍ਰਬੰਧ ਵਿਚ ਆਏ ਪਰਿਵਰਤਨਾਂ ਅਨੁਕੂਲ ਹੁੰਦਾ ਹੈ, ਭਾਵੇਂ ਇਹ ਪ੍ਰਭਾਵ ਬਿਲਕੁਲ ਸਿੱਧਾ, ਸਰਲ, ਤੱਖ ਅਤੇ ਫੌਰੀ ਨਾ ਵੀ ਹੋਵੇ। ਦੂਸਰੇ ਆਰਥਿਕ ਪ੍ਰਬੰਧ ਅਤੇ ਇਸ ਤੋਂ ਵੀ ਅੱਗੇ ਵਿਗਿਆਨ ਅਤੇ ਟਕਨਾਲੋਜੀ ਵਿਚ ਹੋਈ ਉੱਨਤੀ ਦਾ ਵੀ ਸਭਿਆਚਾਰਕ ਪਰਿਵਰਤਨ 'ਤੇ ਅਹਿਮ ਅਸਰ ਹੁੰਦਾ ਹੈ, ਭਾਵੇਂ ਵਿਗਿਆਨਕ ਲੱਭਤ ਜਾਂ ਵਿਕਾਸ ਨੂੰ ਜਿਵੇਂ ਦਾ ਤਿਵੇਂ ਸਭਿਆਚਾਰਕ ਵਿਕਾਸ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਇਵੇਂ ਹੁੰਦਾ ਹੈ। ਸਭਿਆਚਾਰਕ ਵਿਕਾਸ/ਤਬਦੀਲੀ ਤਕਨਾਲੋਜੀ ਦੇ ਵਿਕਾਸ ਜਾਂ ਤਬਦੀਲੀ ਵਾਂਗ ਵੀ ਨਹੀਂ ਵਾਪਰਦੀ। ਬਹੁਤੀ ਵਾਰ ਆਰਥਿਕ ਤਬਦੀਲੀ ਜਾਂ ਵਿਗਿਆਨਕ ਉੱਨਤੀ ਨੂੰ ਹੀ ਅਤਿ-ਸਿਧੜ ਢੰਗ ਨਾਲ ਸਭਿਆਚਾਰਕ ਪਰਿਵਰਤਨ ਦਰਸਾ ਦਿੱਤਾ ਜਾਂਦਾ ਹੈ। ਕੁਦਰਤ ਦੇ ਨਿਯਮ ਅਧੀਨ ਪ੍ਰਕਿਰਤੀ ਅੰਦਰ ਹਰ ਸ਼ੈਅ

ਨਿਰੰਤਰ ਗਤੀ ਦੇ ਅਮਲ ਵਿਚੋਂ ਲੰਘ ਰਹੀ ਹੈ। ਸਭਿਆਚਾਰ ਦੇ ਸੰਦਰਭ ਵਿੱਚ ਰੁਪਾਂਤਰਣ, ਪਰਿਵਰਤਨ ਜਾਂ ਤਬਦੀਲੀ ਆਦਿ ਸ਼ਬਦ ਪ੍ਰਚਲਿਤ ਹਨ। ਸਭਿਆਚਾਰ ਰੂਪਾਂ ਦਾ ਪਰਿਵਰਤਨ ਹੈ ਪਰ ਪਰਿਵਰਤਨ ਅਤੇ ਰੂਪਾਂਤਰਣ ਸ਼ਬਦਾਂ ਦੇ ਅਰਥਾਂ 'ਚ ਅੰਤਰ ਹੈ। ਪਰਿਵਰਤਨ ਇੱਕ-ਦਮ ਤੇਜ਼ੀ ਨਾਲ ਵਾਪਰਦਾ ਹੈ, ਉੱਥੇ ਰੁਪਾਂਤਰਣ ਦੀ ਪ੍ਰਕਿਰਿਆ ਧੀਮੀ ਹੁੰਦੀ ਹੈ। ਇਉਂ ਸਮਾਜ ਕੁੱਝ ਵਸਤ-ਵਰਤਾਰੇ ਰੂੜ੍ਹ ਹੋ ਕੇ ਸਭਿਆਚਾਰ ਦਾ ਹਿੱਸਾ ਬਣ ਜਾਂਦੇ ਹਨ। ਸੋ, ਸਭਿਆਚਾਰਕ ਰੂਪਾਂਤਰਨ ਸਭਿਆਚਾਰ ਵਿੱਚ ਆਉਣ ਵਾਲੇ ਪਰਿਵਰਤਨ ਲਈ ਹੀ ਵਰਤਿਆ ਜਾਂਦਾ ਹੈ।

## ਸਭਿਆਚਾਰਕ ਪਰਿਵਰਤਨ

ਸਭਿਆਚਾਰਕ ਪਰਿਵਰਤਨ ਸਮਾਜ ਦੇ ਪੁਰਾਣੇ ਰੂਪਾਂ ਨੂੰ ਅਧਾਰ ਬਣਾ ਕੇ ਨਵੇਂ ਦੀ ਸਿਰਜਨ ਪ੍ਰਕਿਰਿਆ ਹੈ। ਇਹ ਇਕ ਲਚਕਦਾਰ ਪ੍ਰਕਿਰਿਆ ਹੈ, ਜਿਸ ਨਾਲ ਸਭਿਆਚਾਰ ਦੇ ਅੰਗਾਂ ਵਿੱਚ ਨਵੀਆਂ ਵਸਤ-ਵਿਚਾਰਾਂ ਦਾ ਅਵਾਸ ਤੇ ਢਾਹ-ਮੁਖੀ ਵਸਤ-ਵਿਚਾਰਾਂ ਦਾ ਨਿਕਾਸ ਹੁੰਦਾ ਰਹਿੰਦਾ ਹੈ। ਸਭਿਆਚਾਰਕ ਇਤਿਹਾਸ ਵਿਚ ਰੂਪਾਂਤਰਨ ਪ੍ਰਕਿਰਿਆ ਆਪਣੇ ਵਿਭਿੰਨ ਪੜਾਵਾਂ ਵਿਚੋਂ ਲੰਘਦੀ ਹੋਈ ਆਧੁਨਿਕ ਯੁਗ ਦੇ ਅਜੋਕੇ ਰੂਪ ਤਕ ਪਹੁੰਚੀ ਹੈ। ਇਸ ਸਭਿਆਚਾਰਕ ਵਿਕਾਸ ਦੇ ਬਹੁਤ ਸਾਰੇ ਪਹਿਲੂ, ਪਾਸਾਰ ਅਤੇ ਪੱਖ ਹਨ, ਪਰ ਫਿਰ ਵੀ ਸਭਿਆਚਾਰਕ ਇਤਿਹਾਸ ਦੀ ਸਾਰ ਤੇ ਸੇਧ ਦੇ ਕੁਝ ਸਰਵਵਿਆਪਕ ਪਹਿਲੂ ਵੀ ਹਨ, ਜਿਸ ਰੁਖ ਸਭਿਆਚਾਰ ਵਿਕਾਸ ਕਰਦਾ ਆ ਰਿਹਾ ਹੈ। ਪਹਿਲਾ ਇਹ ਕਿ ਇਸਦਾ ਵਿਕਾਸ ਰੁਖ ਸਰਲ ਤੋਂ ਗੁੰਝਲਦਾਰ ਸਰੂਪ ਧਾਰਨ ਕਰਨ ਦਾ ਹੈ। ਆਦਿਮ ਸਭਿਆਚਾਰਕ ਪ੍ਰਬੰਧ ਆਪਣੇ ਵਿਹਾਰਾਂ, ਵਿਚਾਰਾਂ, ਵਰਤਾਰਿਆਂ ਅਤੇ ਸਮੂਹਿਕ ਅਵਚੇਤਨ ਵਿਚ ਸਰਲ ਚਿਤ, ਸਹਿਜ ਅਤੇ ਬਣਾਵਟ-ਰਹਿਤ ਸੀ, ਪਰ ਪਦਾਰਥਕ ਪਰਿਸਥਿਤੀਆਂ ਅਨੁਕੂਲ ਆਏ ਯੁਗ ਪਰਿਵਰਤਨਾਂ ਤੋਂ ਬਾਅਦ ਇਹ ਅਤਿਅੰਤ ਟਕਰਾਵਾਂ, ਦਵੰਦਾਂ, ਸੰਕਟਾਂ ਨੂੰ ਉਪਜਾਉਣ ਕਾਰਣ ਗੁੰਝਲਦਾਰ ਪ੍ਰਬੰਧ ਬਣ ਗਿਆ ਹੈ। ਵਿਅਕਤੀ-ਵਿਅਕਤੀ ਸੰਬੰਧ, ਵਿਅਕਤੀ-ਸਮਾਜ ਸੰਬੰਧ, ਵਿਅਕਤੀ-ਪ੍ਰਕਿਰਤੀ ਸੰਬੰਧਾਂ ਦੇ ਅਤਿਅੰਤ ਪੇਚੀਦਾ ਪੈਟਰਨ ਉਪਜ ਆਏ ਹਨ। ਅਜੋਕਾ ਸਭਿਆਚਾਰਕ ਯਥਾਰਥ ਸਰਲ ਤੋਂ ਗੁੰਝਲਦਾਰ ਬਣ ਰਹੀ ਇਸੇ ਰੂਪਾਂਤਰਨ ਪ੍ਰਕਿਰਿਆ ਦਾ ਸਪੱਸ਼ਟ ਪ੍ਰਮਾਣ ਹੈ। ਸਭਿਆਚਾਰਕ ਰੂਪਾਂਤਰਨ ਦਾ ਦੂਸਰਾ ਪੱਖ ਸੀਮਤ ਸਭਿਆਚਾਰਕ ਸਮੂਹਾਂ ਤੋਂ ਵਿਸ਼ਾਲ ਅਤੇ ਵਿਆਪਕ ਸਭਿਆਚਾਰਕ ਖਿਡਾਓ ਦਾ ਹੈ। ਆਦਿਮ ਸਭਿਆਚਾਰ ਅਧਿਕਤਰ ਤੰਗ ਦਾਇਰਿਆਂ ਵਿਚ ਨਿਵੇਕਲੇ ਭੂਗੋਲਿਕ ਖਿਤਿਆਂ ਵਿੱਚ ਵਧੇਰੇ ਬੰਦ ਸਭਿਆਚਾਰਕ ਪ੍ਰਬੰਧ ਸਨ, ਖਾਸ ਕਰ ਕਬੀਲਾ ਸਭਿਆਚਾਰ, ਜਦ ਕਿ ਪਦਾਰਥਕ ਵਿਕਾਸ ਕਾਰਣ ਉਤਪੰਨ ਅਜੋਕੇ ਮਸ਼ੀਨੀ ਯੁੱਗ ਨੇ ਇਨ੍ਹਾਂ ਸੀਮਾਵਾਂ ਨੂੰ ਜੇ ਖਤਮ ਨਹੀਂ ਕੀਤਾ ਤਾਂ ਘਟਾਇਆ ਤੋੜਿਆ ਜ਼ਰੂਰ ਹੈ। ਸਭਿਆਚਾਰਕ ਰੂਪਾਂਤਰਨ ਦਾ ਇਹ ਅਮਲ ਅੰਤਰੀਵ ਪਰਿਵਰਤਨ ਨਾਲੋਂ ਵੱਧ ਬਾਹਰੀ ਪ੍ਰਭਾਵਾਂ ਦੇ ਕਾਰਣ ਵਾਪਰ ਰਿਹਾ ਹੈ ਅਤੇ ਇਸਦੇ ਆਪਣੇ ਨਿਵੇਕਲੇ ਰੂਪਾਂਤਰਨ ਪਰਿਣਾਮ ਹਨ। ਤੀਸਰਾ ਅਜੋਕੇ ਸਭਿਆਚਾਰ ਰੂਪਾਂਤਰਨ ਦੀ ਦਿਸ਼ਾ ਪ੍ਰਕਿਰਤਕ ਨਿਰਭਰਤਾ ਦੇ ਉਲਟ ਮਨੁਖੀ ਗੁਰਜਾਂ, ਲੋੜਾਂ, ਚਾਹਤਾਂ ਦੁਆਰਾ ਨਿਯੰਤਰਿਤ ਤੇ ਸੇਧਿਤ ਹੈ। ਸਭਿਆਚਾਰ ਮਨੁੱਖ ਦੀ ਆਦਿਮ ਯੁਗ ਤੋਂ ਪ੍ਰਕਿਰਤੀ ਦੇ ਸਮਾਨਾਂਤਰ ਵੱਖਰੀ ਪ੍ਰਬੰਧਮੂਲਕ ਸਿਰਜਣਾ ਦਾ ਰੂਪ ਹੀ ਹੈ। ਸਭਿਆਚਾਰ ਦਾ ਇਤਿਹਾਸ ਪ੍ਰਕਿਰਤੀ ਤੇ ਨਿਰੰਤਰ ਕਾਬੂ ਪਾਉਣ, ਇਸਦਾ ਮੁਕਾਬਲਾ ਕਰਕੇ ਇਸਨੂੰ ਆਪਣੇ ਅਨੁਕੂਲ ਵਰਤਣ ਦਾ ਇਤਿਹਾਸ ਹੈ ਅਤੇ ਸਭਿਆਚਾਰਕ ਰੂਪਾਂਤਰਨ ਦਾ ਇਹ ਅਮਲ ਪ੍ਰਕਿਰਤਕ ਜਗਤ ਤੋਂ ਮੁਕਾਬਲਤਨ ਸੁਤੰਤਰਤਾ, ਇਸਦੇ ਸਾਪੇਖਕ ਭਾਰੂ ਹੋਣ ਦੀ ਦਿਸ਼ਾ ਵਿਚ ਅਰਸ਼ੀਲ ਹੈ ਭਾਵੇਂ ਇਸਦੇ ਅਤਿਅੰਤ ਸਿਰਜਣਾਤਮਕ ਅਤੇ ਬੇਅੰਤ ਵਿਨਾਸ਼ਕ ਪਰਿਣਾਮ ਉਪਜੇ ਹਨ।

ਡਾ. ਗੁਰਬਖਸ਼ ਸਿੰਘ ਫਰੈਂਕ ਦੇ ਸ਼ਬਦਾਂ ਵਿਚ, ਸਭਿਆਚਾਰ ਦੇ ਸੰਬੰਧ ਵਿਚ ਇਕ ਨਿਰਪੇਖ ਸਚਾਈ ਇਹ ਹੈ ਕਿ ਇਹ ਬਦਲਦਾ ਰਹਿੰਦਾ ਹੈ। ਜਦੋਂ ਅਸੀਂ ਖੜੋਤ ਦਾ ਸ਼ਿਕਾਰ ਹੋਏ ਸਭਿਆਚਾਰਾਂ ਦੀ ਗੱਲ ਕਰਦੇ ਹਾਂ, ਤਾਂ ਅਸੀਂ ਉਹਨਾਂ ਸਭਿਆਚਾਰਾਂ ਦੇ ਸੰਬੰਧ ਵਿਚ ਇਕ ਸਾਪੇਖਕ ਸੱਚ ਕਹਿ ਰਹੇ ਹੁੰਦੇ ਹਾਂ। ਉਹਨਾਂ ਦੀ ਤਬਦੀਲੀ ਏਨੀ ਹੌਲੀ ਅਤੇ ਲੰਮੇ ਸਮੇਂ ਉਤੇ ਫੈਲੀ ਹੁੰਦੀ ਹੈ ਕਿ ਇਹ ਮਹਿਸੂਸ ਹੀ ਨਹੀਂ ਹੁੰਦੀ, ਜਦ ਕਿ ਦੂਜੇ ਸਭਿਆਚਾਰ ਏਨੀ ਤੇਜ਼ੀ ਨਾਲ ਬਦਲ ਰਹੇ ਹੁੰਦੇ ਹਨ ਕਿ ਪਹਿਲੇ ਸਭਿਆਚਾਰ ਖੜੋਤ ਦੀ ਅਵਸਥਾ ਵਿਚ ਲੱਗਦੇ ਹਨ। ਪਰ ਇਹ ਖੜੋਤ ਵਿਚ ਲੱਗਦੇ ਸਭਿਆਚਾਰ ਵੀ ਨਿਰੰਤਰ ਪਰਿਵਰਤਨ ਵਿਚੋਂ ਲੰਘ ਰਹੇ ਹੁੰਦੇ ਹਨ, ਜਿਸ ਦਾ ਪਤਾ ਸਾਨੂੰ ਓਦੋਂ ਲੱਗਦਾ ਹੈ, ਜਦੋਂ ਇਹਨਾਂ ਦੀ ਹੋਂਦ ਦੇ ਲੰਮੇ ਸਮੇਂ ਨੂੰ ਅਸੀਂ ਨਿਰੀਖਣ ਹੇਠ ਲਿਆਈਏ। ਬੇਸ਼ਕ ਇਹ ਵੀ ਏਡੀ ਹੀ ਵੱਡੀ ਸਚਾਈ ਹੈ ਕਿ ਇਹ ਤਬਦੀਲੀ ਕੋਈ ਆਪਣੇ ਆਪ ਨਹੀਂ ਆਉਂਦੀ, ਸਗੋਂ ਕਿਸੇ ਨਾ ਕਿਸੇ ਹੱਦ ਤੱਕ ਸੰਘਰਸ਼ ਦਾ ਸਿੱਟਾ ਹੁੰਦੀ ਹੈ। ਸਮਾਜ ਅਤੇ ਸਭਿਆਚਾਰ ਦੀ ਸਥਿਰਤਾ ਇਕ ਸੁਖਾਵੀਂ ਅਵਸਥਾ ਹੈ, ਸਗੋਂ ਸਥਿਰਤਾ ਦਾ ਖ਼ਿਆਲ ਵੀ ਸੁਖਾਵਾਂ ਹੁੰਦਾ ਹੈ। ਹਰ ਸਭਿਆਚਾਰ ਆਦਤਾਂ ਕਾਇਮ ਕਰਨ ਦਾ ਅਮਲ ਹੈ। ਇਕ ਵਾਰੀ ਬਣੀ ਆਦਤ ਸਥਿਰ ਰਹਿਣ ਦੀ ਰੁਚੀ ਰੱਖਦੀ ਹੈ। ਇਸ ਨੂੰ ਬਦਲਣਾ ਤਕਲੀਫ਼ਦੇਹ ਹੁੰਦਾ ਹੈ। ਕਈ ਵਾਰੀ ਚੰਗੇਰੀ ਤਬਦੀਲੀ ਨੂੰ ਵੀ ਸ਼ੁਰੂ ਵਿਚ ਵਿਰੋਧ ਦਾ ਸਾਹਮਣਾ ਕਰਨਾ ਪੈਂਦਾ ਹੈ। ਇਹ ਗੱਲ ਵਿਅਕਤੀਗਤ ਪੱਧਰ ਉੱਤੇ ਵੀ ਠੀਕ ਹੈ, ਸਮਾਜਕ ਪੱਧਰ ਉੱਤੇ ਵੀ। ਸਗੋਂ ਸਮਾਜਿਕ ਸੰਸਥਾਵਾਂ, ਜਿਹੜੀਆਂ ਖ਼ੁਦ ਵੀ ਬਦਲੀਆਂ ਲੋੜਾਂ ਅਨੁਸਾਰ ਕਿਸੇ ਸਮਾਜਕ ਤਬਦੀਲੀ ਦਾ ਹੀ ਸਿੱਟਾ ਹੁੰਦੀਆਂ ਹਨ, ਸਮਾਂ ਪਾ ਕੇ ਤਬਦੀਲੀ ਦੇ ਵਿਰੋਧ ਵਿਚ ਵਿਅਕਤੀ ਨਾਲੋਂ ਕਿਤੇ ਵਧੇਰੇ ਜ਼ੋਰਦਾਰ ਤਾਕਤ ਬਣ ਜਾਂਦੀਆਂ ਹਨ। ਇਹ ਤਬਦੀਲੀ ਵਿਅਕਤੀ ਜਾਂ ਸਮਾਜ ਦੀ ਇੱਛਾ ਉਤੇ ਨਿਰਭਰ ਨਹੀਂ ਕਰਦੀ। ਇਹ ਪ੍ਰਕਿਰਤੀ ਦਾ ਨਿਯਮ ਹੈ, ਅਤੇ ਪ੍ਰਕਿਰਤੀ ਮਨੁੱਖੀ ਸਮਾਜ ਦਾ ਹੋਂਦ-ਚੌਖਟਾ ਹੈ।

### ਪਰਿਭਾਸ਼ਾ

**ਡਾ. ਜੀਤ ਸਿੰਘ ਜੋਸ਼ੀ ਅਨੁਸਾਰ,** "ਸਭਿਆਚਾਰਕ ਰੂਪਾਂਤ੍ਰਣ ਇੱਕ ਅਜਿਹੀ ਪ੍ਰਕਿਰਿਆ ਹੈ, ਜਿਹੜੀ ਸਮੁੱਚ ਨਾਲੋਂ 'ਜੁੱਜ' ਨਾਲ ਵਧੇਰੇ ਸੰਬੰਧ ਰੱਖਦੀ ਹੈ।

**ਡਾ. ਜਸਵਿੰਦਰ ਸਿੰਘ ਅਨੁਸਾਰ,** "ਸਭਿਆਚਾਰ ਰੁਪਾਂਤਰਣ ਇੱਕ ਅਹਿਮ, ਅਟੱਲ ਪਰ ਸੂਖ਼ਮ ਪਰ ਗੁੰਝਲਦਾਰ ਪ੍ਰਕਿਰਿਆ ਹੈ। ਹਰ ਸੱਭਿਆਚਾਰ ਦਵੰਦਵਾਦ, ਭੌਤਿਕਵਾਦ ਦੇ ਮੂਲ ਨਿਯਮਾਂ ਅਨੁਸਾਰ ਆਪਣੀ ਵਿਸ਼ੇਸ਼ ਪ੍ਰਕਿਰਤਕ ਪ੍ਰਕਿਰਿਆ ਅਨੁਸਾਰ ਨਿਰੰਤਰ ਰੁਪਾਂਤਰਿਤ ਹੁੰਦਾ ਰਹਿੰਦਾ ਹੈ। ਇਸ ਤੋਂ ਪਹਿਲਾਂ ਹੋਰ ਸੱਭਿਆਚਾਰਕ ਉਪ-ਅੰਗ 'ਚ ਪਰਿਵਰਤਨ ਹੁੰਦਾ ਹੈ। ਸਭਿਆਚਾਰ ਰੁਪਾਂਤਰਣ ਇਕ-ਦਮ ਤੱਟ, ਫੌਰੀ ਵਰਤਾਰਾ ਨਹੀਂ ਹੈ, ਸਗੋਂ ਸਭਿਆਚਾਰ ਰੁਪਾਂਤਰਣ ਇੱਕ ਅਤਿਅੰਤ ਪੇਚੀਦਾ, ਸੂਖ਼ਮ, ਬਹੁ-ਪਰਤੀ ਅਤੇ ਮੱਧਮ ਰਫ਼ਤਾਰ ਨਾਲ ਵਾਪਰਦਾ ਵਰਤਾਰਾ ਹੈ।

**ਡਾ. ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ,** "ਅਜੋਕੇ(ਵੀਹਵੀ ਸਦੀ ਦੇ ਅੰਤਲੇ ਦਹਾਕੇ) ਸਮੇਂ ਸਮਾਜਿਕ ਉਨਤੀ ਤੇਜ਼ੀ ਨਾਲ ਹੋ ਰਹੀ ਹੈ, ਭਾਵ ਸਭਿਆਚਾਰਕ ਰੁਪਾਂਤਰਰਣ ਤੇਜ਼ੀ ਨਾਲ ਹੋ ਰਿਹਾ ਹੈ, ਜਦਕਿ ਸਭਿਆਚਾਰ ਦੇ ਬਾਕੀ ਅੰਗ ਪ੍ਰਤੀਮਾਨਕ ਤੇ ਬੋਧਾਤਮਿਕ ਉਸੇ ਗਤੀ ਨਾਲ ਨਹੀਂ ਬਦਲਦੇ। ਸਭਿਆਚਾਰ ਵਿੱਚ ਜੋ ਪਰਿਵਰਤਨ ਆਉਂਦਾ ਹੈ, ਰੁਪਾਂਤਰਣ ਉਸੇ ਅਨੁਸਾਰ ਵਾਪਰਦਾ ਹੈ। ਇਸ ਸਭਿਆਚਾਰਕ ਰੁਪਾਂਤਰਣ ਦੇ ਸਭਿਆਚਾਰਕ ਇਨਕਲਾਬ ਲਈ ਸਮਾਜਿਕ ਪ੍ਰਬੰਧ ਦੀ ਟੁੱਟ-ਭੱਜ ਅਹਿਮ ਰੋਲ਼ ਅਦਾ ਕਰਦੀ ਹੈ।

ਸਭਿਆਚਾਰਕ-ਵਿਗਿਆਨੀ ਐਡਵਰਡ ਬੀ ਟਾਇਲਰ ਅਤੇ ਫਰਾਂਜ਼ ਦੇ ਅਧਿਐਨਾਂ ਤੋਂ ਵੀ ਪਤਾ ਲੱਗਦਾ ਹੈ ਕਿ ਸਭਿਆਚਾਰਕ ਰੂਪਾਂਤਰਨ ਦੀ ਪ੍ਰਕਿਰਿਆ ਦਾ ਮੂਲ ਆਧਾਰ ਆਰਥਿਕ ਪ੍ਰਬੰਧ ਅਤੇ ਇਸ ਪ੍ਰਬੰਧ ਵਿੱਚ ਆਏ ਪਰਿਵਰਤਨਾਂ ਅਨੁਕੂਲ ਹੁੰਦਾ ਹੈ, ਭਾਵੇਂ ਇਹ ਪ੍ਰਬੰਧ ਬਿਲਕੁਲ ਸਿੱਧਾ, ਸਰਲ ਪ੍ਰਤੱਖ ਅਤੇ ਫ਼ੌਰੀ ਨਾ ਵੀ ਹੋਵੇ।

ਮਨੁੱਖੀ ਸਮਾਜ ਲਈ ਅਨੁਕੂਲਣ ਸਮੱਸਿਆਵਾਂ ਪੈਦਾ ਕਰਨ ਲਈ ਪ੍ਰਕਿਰਤੀ ਵਿੱਚ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਮਨੁੱਖ ਇਹਨਾਂ ਦਾ ਹੱਲ ਲੱਭਦਾ ਹੈ। ਇਹ ਹੱਲ ਮਨੁੱਖ ਅਤੇ ਪ੍ਰਕਿਰਤੀ ਨੂੰ ਬਦਲਦੇ ਹਨ ਅਤੇ ਕਈ ਹੋਰ ਸਮੱਸਿਆਵਾਂ ਨੂੰ ਵੀ ਜਨਮ ਦਿੰਦੇ ਹਨ। ਇਸ ਚੀਜ਼ ਦੀਆਂ ਉਦਾਹਰਣਾਂ ਵੀ ਮਿਲਦੀਆਂ ਹਨ ਕਿ ਕਿਵੇਂ ਵਿਕਸਤ ਸਮਾਜਾਂ ਵਿਚ ਵੀ ਨਵੀਆਂ ਲੱਭਤਾਂ ਦਾ ਵਿਰੋਧ ਕੀਤਾ ਜਾਂਦਾ ਰਿਹਾ ਹੈ, ਅਤੇ ਲੱਭਤਾਂ ਕਰਨ ਵਾਲਿਆਂ ਨੂੰ ਕਈ ਵਾਰੀ ਜਾਨ ਤੋਂ ਵੀ ਹੱਥ ਧੋਣੇ ਪੈਂਦੇ ਰਹੇ ਹਨ। ਇਹ ਵਿਰੋਧ ਹੋਰ ਵੀ ਜ਼ਬਰਦਸਤ ਹੁੰਦਾ ਹੈ, ਜੇ ਇਹ ਸਥਾਪਤ ਵਿਸ਼ਵਾਸ ਨਾਲ, ਜਾਂ ਧਰਮ ਨਾਲ ਵਿਰੋਧ ਵਿਚ ਆਉਂਦਾ ਹੋਵੇ। ਡਾਰਵਿਨ ਦਾ ਅਜੇ ਵੀ ਮਜ਼੍ਹਬੀ ਬੁਨਿਆਦਾਂ ਉਤੇ ਬਣੀਆਂ ਯੂਨੀਵਰਸਿਟੀਆਂ ਵਿਚ ਵਿਰੋਧ ਹੋ ਰਿਹਾ ਹੈ ਕਿਉਂਕਿ ਮਜ਼੍ਹਬ ਤਾਂ ਸਿਖਾਉਂਦਾ ਹੈ ਕਿ ਮਨੁੱਖ ਨੂੰ ਰੱਬ ਨੇ ਬਣਾਇਆ ਹੈ, ਪਰ ਡਾਰਵਿਨ ਇਸ ਨੂੰ ਇਕ ਨਿਸ਼ਚਿਤ ਕ੍ਰਮ-ਵਿਕਾਸ ਦੀ ਉਪਜ ਦੱਸਦਾ ਹੈ। ਸਮੁੱਚੇ ਤੌਰ ਉਤੇ ਸਥਾਪਤ ਵਿਹਾਰ, ਭਾਵੇਂ ਉਹ ਜ਼ਿੰਦਗੀ ਦੇ ਕਿਸੇ ਖੇਤਰ ਵਿਚ ਵੀ ਹੋਵੇ, ਨਵੀਨਤਾਈ ਦਾ ਵਿਰੋਧ ਕਰਦਾ ਰਿਹਾ ਹੈ। ਅੱਜ ਸਾਨੂੰ ਇਹ ਗੱਲ ਸ਼ਾਇਦ ਸਮਝ ਨਾ ਆਵੇ ਕਿ ਕੋਇਲ, ਭਾਫ਼-ਇੰਜਨ, ਰੇਲ-ਇੰਜਨ, ਬਿਜਲੀ ਆਦਿ ਦਾ ਵੀ ਵਿਰੋਧ ਹੁੰਦਾ ਰਿਹਾ ਹੈ।

ਇਸ ਤੋਂ ਇਲਾਵਾ ਕਿ ਸਭਿਆਚਾਰ ਆਦਤ ਬਣ ਜਾਂਦਾ ਹੈ, ਜਿਸ ਨੂੰ ਬਦਲਣਾ ਹਮੇਸ਼ਾ ਹੀ ਕਸ਼ਟਦਾਇਕ ਹੁੰਦਾ ਹੈ ਸਮਾਜ-ਵਿਗਿਆਨੀ ਪਰਿਵਰਤਨ ਦੇ ਵਿਰੋਧ ਦੇ ਕਈ ਹੋਰ ਕਾਰਨ ਗਿਣਾਉਂਦੇ ਹਨ, ਜਿਵੇਂ ਕਿ ਬਜ਼ੁਰਗਾਂ ਦਾ ਪੁਰਾਤਨ-ਮੁਖੀ ਹੋਣਾ, ਨਵੇਂ ਬਾਰੇ ਅਨਿਸਚਿੱਤਤਾ ਅਤੇ ਇਸ ਦਾ ਡਰ, ਨਵੇਂ ਨੂੰ ਲਾਗੂ ਕਰਨ ਵਿਚ ਆਉਂਦੇ ਖ਼ਰਚੇ(ਆਰਥਕ ਕਾਰਨ), ਬੀਤੇ ਦਾ ਸਤਿਕਾਰ, ਅਤੇ ਸਥਿਰਤਾ ਵਿਚ ਖ਼ਾਸ ਵਰਗਾਂ ਦੀ ਦਿਲਚਸਪੀ ਹੋਣਾ, ਆਦਿ।1 ਪਰ ਇਹ ਸਾਰੀਆਂ ਗੱਲਾਂ ਪਰਿਵਰਤਨ ਨੂੰ ਧੀਮਾ ਹੀ ਕਰ ਸਕਦੀਆਂ ਹਨ, ਜਾਂ ਪਿੱਛੇ ਪਾ ਸਕਦੀਆਂ ਹਨ, ਰੋਕ ਨਹੀਂ ਸਕਦੀਆਂ।

## ਸਭਿਆਚਾਰਕ ਪਰਿਵਰਤਨ ਦੇ ਅਧਾਰ ਤੇ ਨੇਮ

ਕਿਸੇ ਵੀ ਸਭਿਆਚਾਰ ਨੂੰ ਪਰਿਵਰਤਨ ਦੇ ਵੱਖ ਵੱਖ-ਅਧਾਰ ਹੋ ਸਕਦੇ ਹਨ। ਸੱਭਿਆਚਾਰ ਦਾ ਰਾਜਨੀਤਕ ਪੱਖ ਹੋਵੇ ਜਾਂ ਭੂਗੋਲਿਕ ਪੱਖ, ਇਹ ਕਾਰਕ ਹੀ ਹਨ, ਜਿਸ ਕਰਕੇ ਕਿਸੇ ਖਿੱਤੇ ਦੇ ਸਭਿਆਚਾਰ ਵਿੱਚ ਰੁਪਾਂਤਰਣ ਹੁੰਦਾ ਹੈ।

ਸਮਾਜ ਵਿਗਿਆਨੀ ਅਤੇ ਮਾਨਵ ਵਿਗਿਆਨੀ ਸਭਿਆਚਾਰਕ ਪਰਿਵਰਤਨ ਦੇ ਕਾਰਨਾਂ ਨੂੰ ਤਿੰਨ ਹਿੱਸਿਆਂ ਵਿਚ ਵੰਡਦੇ ਹਨ:

1. **ਪ੍ਰਕਿਰਤਕ ਮਾਹੌਲ ਵਿੱਚ ਆਏ ਪਰਿਵਰਤਨ**
2. **ਸਮਾਜ ਦੇ ਅੰਦਰੋਂ ਪੈਦਾ ਹੋਏ ਕਾਰਨ**
3. **ਸਮਾਜ ਦੇ ਬਾਹਰੋਂ ਆਏ ਕਾਰਨ**

## 1. ਪ੍ਰਕਿਰਤਕ ਮਾਹੌਲ

ਪ੍ਰਕਿਰਤਕ ਮਾਹੌਲ ਵਿੱਚ ਪਰਿਵਰਤਨ ਹੌਲੀ ਅਤੇ ਹਜ਼ਾਰਾਂ ਸਾਲਾਂ ਦੇ ਅਰਸੇ ਵਿੱਚ ਫੈਲਦੇ ਹਨ, ਇਹ ਅਚਨਚੇਤ ਅਤੇ ਤਬਾਹਕੁਨ ਹੁੰਦੇ ਹਨ। ਜਿਸ ਕਰਕੇ ਇਹ ਪੁੰਹਦੇ ਤੱਕ ਵੀ ਨਹੀਂ (ਜਿਵੇਂ ਕਿ ਹਿਮ-ਹਲਕੇ ਦਾ ਸੁੰਗੜਨਾ), ਜਾਂ ਫਿਰ ਏਨੇ ਅਚਨਚੇਤੀ ਅਤੇ ਤਬਾਹਕੁਨ ਹੋ ਸਕਦੇ ਹਨ (ਭੁਚਾਲ, ਲਾਵਾ ਫਟਣਾ, ਭਿਅੰਕਰ ਹੜ੍ਹ) ਕਿ ਇਹ ਮਨੁੱਖੀ ਸਮਾਜ ਨੂੰ ਏਨਾ ਸਮਾਂ ਹੀ ਨਹੀਂ ਦੇਂਦੇ ਕਿ ਉਹ ਇਹਨਾਂ ਦੇ ਅਨੁਕੂਲ ਆਪਣੇ ਆਪ ਨੂੰ ਢਾਲ ਸਕੇ, ਅਤੇ ਬਹੁਤੀਆਂ ਹਾਲਤਾਂ ਵਿਚ ਉਹ ਸਮਾਜ ਨੂੰ ਨਸ਼ਟ ਕਰ ਦੇਂਦੇ ਹਨ। ਇਹ ਦੋਵੇਂ ਕਾਰਨ ਸਭਿਆਚਾਰਕ ਪਰਿਵਤਨ ਦੇ ਦ੍ਰਿਸ਼ਟੀਕੋਨ ਤੋਂ ਮਹੱਤਵਪੂਰਨ ਨਹੀਂ ਸਮਝੇ ਜਾਂਦੇ।

ਇਕ ਸੂਰਤ ਵਿਚ ਪ੍ਰਕਿਰਤਕ ਕਾਰਨ ਜ਼ਰੂਰ ਧਿਆਨ ਵਿਚ ਰਖਿਆ ਜਾਂਦਾ ਹੈ, ਜਦੋਂ ਕਿਸੇ ਕੁਦਰਤੀ ਵਰਤਾਰੇ ਕਾਰਨ ਇਕ ਪੂਰੇ ਦੇ ਪੂਰੇ ਮਨੁੱਖਾਂ ਸਮੂਹ ਨੂੰ ਆਪਣਾ ਰਿਹਾਇਸ਼-ਸਥਾਨ ਬਦਲਣਾ ਪੈਂਦਾ ਹੈ, ਉਦਾਹਰਣ ਵਜੋਂ, ਸੋਕਾ ਪੈ ਜਾਣ ਕਾਰਨ, ਕਾਲ ਦੀ ਹਾਲਤ ਵਿਚ। ਇਸ ਹਾਲਤ ਵਿਚ ਇਕ ਪੂਰਾ ਸਭਿਆਚਾਰਕ ਜੁੱਟ ਨਵੇਂ ਪ੍ਰਕਿਰਤਕ ਮਾਹੌਲ ਨੂੰ ਅਪਣਾ ਲੈਂਦਾ ਹੈ, ਅਤੇ ਜੇ ਇਹ ਮਾਹੌਲ ਪਹਿਲੇ ਨਾਲੋਂ ਵੱਖਰਾ ਹੋਵੇ, ਤਾਂ ਫ਼ਰਕ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ। ਮਨੁੱਖੀ ਸਮਾਜ ਦੇ ਵਿਕਾਸ ਦੇ ਮੁੱਢਲੇ ਪੜਾਵਾਂ ਉਤੇ ਇਸ ਕਾਰਨ ਦਾ ਕੋਈ ਮਹੱਤਵ ਹੋ ਸਕਦਾ ਹੈ। ਵਿਕਾਸ ਦੇ ਖ਼ਾਸ ਪੜਾਅ ਤੋਂ ਮਗਰੋਂ ਇਹ ਕਾਰਨ ਪ੍ਰਥਮ ਮਹੱਤਤਾ ਦਾ ਨਹੀਂ ਰਹਿੰਦਾ, ਭਾਵੇਂ ਇਸ ਦੀ ਸਾਪੇਖਕ ਮਹੱਤਤਾ ਕਦੀ ਵੀ ਖ਼ਤਮ ਨਹੀਂ ਹੁੰਦੀ।

ਜਦੋਂ ਕਿਸੇ ਕੁਦਰਤੀ ਵਰਤਾਰੇ ਕਾਰਨ ਪੂਰੇ ਦੇ ਪੂਰੇ ਮਨੁੱਖੀ ਸਮੂਹ ਨੂੰ ਆਪਣਾ ਰਿਹਾਇਸ਼ ਸਥਾਨ ਬਦਲਣਾ ਪੈਂਦਾ ਹੈ, ਉਦਾਹਰਣ ਵਜੋਂ ਸੋਕਾ ਪੈਣ ਕਾਰਨ, ਕਾਲ ਦੀ ਹਾਲਤ ਵਿੱਚ। ਇਸ ਹਾਲਤ ਵਿਚ ਇਕ ਪੂਰਾ ਸਭਿਆਚਾਰਕ ਜੁੱਟ ਨਵੇ ਪ੍ਰਕਿਰਤਕ ਮਾਹੌਲ ਨੂੰ ਅਪਣਾ ਲੈਂਦਾ ਹੈ ਅਤੇ ਜੇ ਇਹ ਮਾਹੌਲ ਪਹਿਲਾਂ ਨਾਲੋਂ ਵੱਖਰਾ ਹੋਵੇ, ਤਾਂ ਫਰਕ ਅਨੁਸਾਰ ਆਪਣੇ ਆਪ ਨੂੰ ਢਾਲ ਲੈਂਦਾ ਹੈ।

## 2. ਸਮਾਜ ਦੇ ਅੰਦਰੂਨੀ ਕਾਰਨ

ਅੰਦਰੂਨੀ ਕਾਰਨਾਂ ਵਿੱਚ ਕਾਢ ਜਾਂ ਲੱਭਤ ਨੂੰ ਪਹਿਲਾ ਸਥਾਨ ਦਿੱਤਾ ਜਾਂਦਾ ਹੈ। ਕਾਢ ਜਾਂ ਲੱਭਤ ਦੋ ਤਰ੍ਹਾਂ ਦੀ ਹੋ ਸਕਦੀ ਹੈ-

**ੳ) ਕਾਢ:** ਜਦੋਂ ਕੋਈ ਵਸਤੂ ਪ੍ਰਕ੍ਰਿਤੀ ਵਿੱਚ ਤਾਂ ਹੋਵੇ ਪਰੰਤੂ ਹਾਲੇ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਨਾ ਬਣੀ ਹੋਵੇ। ਅੱਗ, ਭਾਫ, ਇੰਜਣ, ਲੀਵਰ ਆਦਿ।

**ਅ) ਖੋਜ:** ਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਭਾਗ ਤਾਂ ਪਹਿਲਾਂ ਹੀ ਹੋਵੇ ਪਰੰਤੂ ਵੱਖ-ਵੱਖ ਅੰਗਾਂ ਨੂੰ ਨਵੀਂ ਤਰਤੀਬ ਵਿੱਚ ਰੱਖ ਕੇ ਵਰਤਿਆ ਜਾਵੇ। ਜਿਵੇਂ ਰੇੜ੍ਹਾ ਗੱਡੀ ਉੱਤੇ ਪੰਜ-ਹਾਰਸ-ਪਾਵਰ ਦਾ ਮੋਟਰ ਇੰਜਣ ਰੱਖਣਾ।

**ਡਾ. ਗੁਰਬਖ਼ਸ਼ ਸਿੰਘ ਫਰੈਂਕ ਅਨੁਸਾਰ,** ਕਾਢ ਜਾਂ ਲੱਭਤ ਦੋ ਤਰ੍ਹਾਂ ਦੀ ਹੋ ਸਕਦੀ ਹੈ ਇਕ, ਜਦੋਂ ਕੋਈ ਵਸਤੂ ਪ੍ਰਕਿਰਤੀ ਵਿਚ ਤਾਂ ਹੁੰਦੀ ਹੈ, ਪਰ ਅਜੇ ਮਨੁੱਖੀ ਗਿਆਨ ਅਤੇ ਵਰਤੋਂ ਦਾ ਹਿੱਸਾ ਨਹੀਂ ਬਣੀ ਹੁੰਦੀ। ਦੂਜਾ, ਜਦੋਂ ਕੋਈ ਵਸਤੂ ਮਨੁੱਖੀ ਗਿਆਨ ਅਤੇ ਵਰਤੋਂ ਦਾ ਭਾਗ ਤਾਂ ਪਹਿਲਾਂ ਹੀ ਹੁੰਦੀ ਹੈ, ਪਰ ਇਸ ਸਮੁੱਚੀ ਵਸਤੂ ਨੂੰ ਜਾਂ ਇਸ ਦੇ ਅੰਸ਼ਾਂ ਨੂੰ ਨਵੀਂ ਤਰ੍ਹਾਂ ਸਮੇਲ ਕੇ ਨਵੀਂ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਮੂਲ-ਮਾਨਵ ਲਈ ਇਹ ਬੜੀ ਵੱਡੀ ਲੱਭਤ ਹੋਵੇਗੀ ਕਿ ਪੱਥਰ ਮਾਰਿਆਂ ਸ਼ਿਕਾਰ ਮਰ ਜਾਂਦਾ ਹੈ। ਫਿਰ ਇਸ ਪੱਥਰ ਦਾ ਸੁਧਾਰ, ਨੋਕਾਂ ਜਾਂ ਕਿੰਗਰੇ ਬਣਾਉਣੇ, ਦੂਜੀ ਤਰ੍ਹਾਂ ਦੀ ਕਾਢ ਹੋਂਦ ਵਿਚ ਆਈ। ਪੱਥਰ ਉਤੇ ਪੱਥਰ ਮਾਰ ਕੇ, ਜਾਂ ਲੱਕੜ ਨਾਲ ਲੱਕੜ ਘਸਾ ਕੇ ਅੱਗ ਪੈਦਾ ਕਰਨਾ ਆਪਣੇ ਆਪ ਵਿਚ ਇਕ ਇਨਕਲਾਬੀ ਕਾਢ ਸੀ, ਜਿਸ ਨੇ ਪ੍ਰਕਿਰਤੀ ਨਾਲ ਮਨੁੱਖ ਦੀ ਲੜਾਈ ਨੂੰ ਕਿਤੇ ਜ਼ਿਆਦਾ ਬਲ ਦੇ ਦਿੱਤਾ ਹੋਵੇਗਾ। ਹੋ ਸਕਦਾ ਹੈ ਅੱਗ ਦਾ ਪਹਿਲਾ ਪ੍ਰਯੋਗ ਨੰਗੇ ਮੂਲ-ਮਾਨਵ ਨੇ ਆਪਣੇ ਆਪ ਨੂੰ ਠੰਡ ਤੋਂ ਬਚਾਉਣ ਲਈ ਹੀ ਕੀਤਾ ਹੋਵੇ। ਪਰ ਇਸ ਦੇ ਨਾਲ ਸਭਿਆਚਾਰ ਦੇ ਕਈ ਹੋਰ ਤੱਤ ਹੋਂਦ ਵਿਚ ਆ ਗਏ, ਜਿਨ੍ਹਾਂ ਨੇ ਉਸ ਦੇ ਜੀਵਨ ਵਿਚ ਪਰਿਵਰਤਨ ਲੈ ਆਂਦਾ, ਜਿਵੇਂ ਕਿ ਜਾਨਵਰ ਅੱਗ ਤੋਂ ਡਰਦੇ ਹਨ, ਜਿਸ ਕਰਕੇ ਅੱਗ ਉਸ ਦੀ ਸਿਰਫ਼ ਸਰਦੀ ਤੋਂ ਹੀ ਨਹੀਂ, ਜੰਗਲੀ ਜਾਨਵਰਾਂ ਤੋਂ ਵੀ ਰਾਖੀ ਕਰਨ ਲੱਗੀ। ਅੱਗ ਦੀ ਚੀਜ਼ਾਂ ਪਕਾਉਣ ਲਈ ਵਰਤੋਂ, ਅਤੇ ਉਦਯੋਗਕ ਵਰਤੋਂ ਮਗਰਲੇ ਪੜਾਅ ਸਨ। ਪਹੀਏ ਅਤੇ ਲੀਵਰ ਦੀ ਕਾਢ ਨੇ ਸਮੁੱਚੇ ਉਦਯੋਗ ਦੀ ਨੀਂਹ ਰੱਖੀ। ਭਾਫ਼ ਨੇ ਮਸ਼ੀਨੀ ਯੁੱਗ ਦਾ ਆਰੰਭ ਕੀਤਾ। ਬਿਜਲੀ ਇਸ ਦਾ ਅਗਲਾ ਪੜਾਅ ਸੀ। ਸ਼ਕਤੀ ਪੈਦਾ ਕਰਨ ਲਈ ਐਟਮ ਦੀ ਵਰਤੋਂ ਨੇ ਮਨੁੱਖਾ ਸ਼ਕਤੀ ਦੀ ਸੀਮਾ ਨੂੰ ਅਥਾਹ ਬਣਾ ਦਿੱਤਾ। ਕਾਢ ਜਾਂ ਲੱਭਤ ਦੇ ਮਾਮਲੇ ਵਿਚ ਕਈ ਗੱਲਾਂ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਕਾਢਾਂ ਵੀ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਮੂਲ ਮਹੱਤਤਾ ਵਾਲੀਆਂ, ਜਿਵੇਂ ਕਿ ਅੱਗ, ਭਾਫ਼-ਸ਼ਕਤੀ, ਪਹੀਏ ਅਤੇ ਲੀਵਰ ਦੀ ਕਾਢ। ਇਹ ਸਮਾਜ ਵਿਚ ਇਨਕਲਾਬੀ ਪਰਿਵਰਤਨ ਲਿਆਉਣ ਦੀ ਸਮਰੱਥਾ ਰੱਖਦੀਆਂ ਹਨ ਅਤੇ ਅੱਗੋਂ ਕਈ ਗੌਣ ਮਹੱਤਤਾ ਵਾਲੀਆਂ ਕਾਢਾਂ ਦਾ ਆਧਾਰ ਬਣਦੀਆਂ ਹਨ। ਹਰ ਨਵੀਂ ਕਾਢ ਵਿਚ ਇਸ ਤੋਂ ਪਹਿਲਾਂ ਦਾ ਸਾਰਾ ਗਿਆਨ ਸੰਚਿਤ ਹੁੰਦਾ ਹੈ। ਇਸੇ ਆਧਾਰ ਉਤੇ ਹੀ ਸਭਿਆਚਾਰ ਵਿਚ ਗਿਆਨ ਸੰਚਿਤ ਕਰਦੇ ਹੋਣ ਦੇ ਲੱਛਣ ਦੇਖਿਆ ਜਾਂਦਾ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਸਭਿਆਚਾਰ ਵਿਚ ਕੁਝ ਵੀ ਭੁਲਾਇਆ ਨਹੀਂ ਜਾਂਦਾ, ਨਾ ਹੀ ਕੁਝ ਪੂਰੀ ਤਰ੍ਹਾਂ ਮਿਟਦਾ ਹੈ। ਪਰ ਜਿਵੇਂ ਕਿ ਅਸੀਂ ਪਹਿਲਾਂ ਕਹਿ ਆਏ ਹਾਂ, ਇਹ ਗੱਲ ਪਦਾਰਥਕ ਸਭਿਆਚਾਰ ਉਤੇ ਹੀ ਪੂਰੀ ਤਰ੍ਹਾਂ ਢੁੱਕਦੀ ਹੈ। ਹਰ ਨਵੀਂ ਕਾਢ ਭਾਵੇਂ ਕਿਸੇ ਵਿਅਕਤੀ ਦੀ ਹੀ ਕੀਤੀ ਹੋਈ ਹੁੰਦੀ ਹੈ, ਜਿਸ ਦੇ ਨਾਂਅ ਨਾਲ ਇਹ ਜੋੜੀ ਜਾਂਦੀ ਹੈ, ਪਰ ਕਿਸੇ ਵੀ ਕਾਢ ਲਈ ਮੂਲ ਆਧਾਰ ਵਿਅਕਤੀ ਨਹੀਂ ਸਗੋਂ ਇਹ ਸੰਚਿਤ ਗਿਆਨ ਹੁੰਦਾ ਹੈ। ਸੰਚਿਤ ਗਿਆਨ ਜਿਸ ਪੜਾਅ ਉੱਤੇ ਹੁੰਦਾ ਹੈ, ਉਸ ਦੇ ਮੁਤਾਬਕ ਨਵੀਆਂ ਕਾਢਾਂ ਹੋ ਹੀ ਜਾਂਦੀਆਂ ਹਨ, ਭਾਵੇਂ ਕੋਈ ਇਕ ਵਿਅਕਤੀ ਕਰੇ, ਜਾਂ ਦੂਜਾ। ਇਸੇ ਕਰਕੇ ਇਕੋ ਕਾਢ ਇਕੋ ਵੇਲੇ, ਵੱਖ ਵੱਖ ਥਾਵਾਂ ਉਤੇ ਵੱਖ ਵੱਖ ਵਿਅਕਤੀ ਵੀ ਕੱਢ ਸਕਦੇ ਹਨ। ਜਿਸ ਨੂੰ ਅੰਗਰੇਜ਼ੀ ਵਿਚ 'ਪੋਲੀਜੈਨੇਸਿਜ਼' ਦਾ ਨਾਂ ਦਿੱਤਾ ਜਾਂਦਾ ਹੈ। ਇਸੇ ਕਰਕੇ ਇਹ ਕਥਨ ਬਹੁਤਾ ਠੀਕ ਨਹੀਂ ਲੱਗਦਾ ਕਿ ਕਾਢ ਜ਼ਰੂਰਤ ਦੀ ਉਪਜ ਹੁੰਦੀ ਹੈ। ਇਸ ਤੋਂ ਉਲਟੀ ਗੱਲ ਵੀ ਠੀਕ ਹੋ ਸਕਦੀ ਹੈ। ਕਾਢ ਕੱਢ ਲਈ ਜਾਏ ਤਾਂ ਉਸ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਬਹੁਤੀਆਂ ਕਾਢਾਂ ਸਬੱਬ ਨਾਲ ਹੀ ਹੋਈਆਂ ਦੱਸੀਆਂ ਜਾਂਦੀਆਂ ਹਨ। ਹਰ ਨਵੀਂ ਕਾਢ ਵਿਚ ਪਿਛਲਾ ਗਿਆਨ ਸੰਚਿਤ ਹੁੰਦਾ ਹੈ, ਇਸ ਲਈ ਹਰ ਨਵੀਂ ਕਾਢ

ਪਿਛਲੀ ਨਾਲੋਂ ਅਗਲਾ ਕਦਮ, ਜਾਂ ਉਚੇਰਾ ਪੜਾਅ ਹੁੰਦੀ ਹੈ। ਇਸੇ ਹੀ ਕਾਰਨ ਹਰ ਨਵੀਂ ਕਾਢ ਨਾਲ ਕਾਢਾਂ ਦੀ ਗਤੀ ਵਿਚ ਵੀ ਤੇਜ਼ੀ ਆਉਂਦੀ ਹੈ।

ਕਾਢ ਜਾਂ ਲੱਭਤ ਦਾ ਸੰਕਲਪ ਸਿਰਫ਼ ਪਦਾਰਥਕ ਸਭਿਆਚਾਰ ਵਿਚ ਹੀ ਕੰਮ ਨਹੀਂ ਕਰਦਾ, ਸਗੋਂ ਗ਼ੈਰ-ਪਦਾਰਥਕ ਖੇਤਰਾਂ ਵਿਚ ਵੀ ਵੇਖਿਆ ਜਾ ਸਕਦਾ ਹੈ। ਮਨੁੱਖ ਸਿਰਫ਼ ਆਪਣੇ ਪਦਾਰਥਕ ਜੀਵਨ ਨੂੰ ਹੀ ਬਿਹਤਰ ਨਹੀਂ ਬਣਾਉਂਦਾ ਸਗੋਂ ਸਮਾਜਕ ਸੰਗਠਨ ਵਿਚ, ਸੰਸਥਾਵਾਂ ਸਿਰਜਣ ਅਤੇ ਬਦਲਣ ਵਿਚ, ਨਵੀਆਂ ਰਹੁ-ਰੀਤਾਂ ਘੜਣ ਵਿਚ ਵੀ ਤਜਰਬੇ ਕਰਦਾ ਰਹਿੰਦਾ ਹੈ। ਜੇ ਬਹੁਤੀਆਂ ਉਦਾਹਰਣਾਂ ਵਿਚ ਨਾ ਵੀ ਪਈਏ, ਤਾਂ ਮਕਤਬਾਂ ਜਾਂ ਪਾਠਸ਼ਲਾਵਾਂ ਤੋਂ ਕਾਲਜਾਂ, ਯੂਨੀਵਰਸਟੀਆਂ ਤੱਕ ਦਾ ਵਿਕਾਸ, ਚੀਜ਼ਾਂ ਅਤੇ ਜਾਇਦਾਦ ਦੇ ਸਾਧਾਰਨ ਦੇਣ-ਲੈਣ ਤੋਂ ਸਟਾਕ-ਐਕਸਚੇਜਾਂ ਤੱਕ ਦਾ ਵਿਕਾਸ ਗ਼ੈਰ-ਪਦਾਰਥਕ ਖੇਤਰ ਵਿਚਲੀਆਂ ਕਾਢਾਂ ਦਾ ਹੀ ਸਿੱਟਾ ਹੈ।

**ਸ਼ਹਿਰੀਕਰਨ**

ਯੂਰਪ ਦੇ ਸੰਦਰਭ 'ਚ ਸ਼ਹਿਰੀਕਰਨ ਸਭਿਆਚਾਰ ਨੂੰ ਰੂਪਾਂਤਰਿਤ ਕਰਨ ਦਾ ਅੰਦਰੂਨੀ ਕਾਰਕ ਹੈ ਕਿਉਂਕਿ ਯੂਰਪ ਵਿੱਚ ਜੋ ਸ਼ਹਿਰੀਕਰਨ ਹੋਇਆ, ਉਹ ਅੰਦਰੂਨੀ ਪ੍ਰਭਾਵਾਂ ਕਰਕੇ ਸੀ ਨਾ ਕਿ ਬਾਹਰੀ ਪ੍ਰਭਾਵਾਂ ਕਰਕੇ। ਭਾਰਤੀ ਸੰਦਰਭ 'ਚ ਵੇਖਣ-ਜਾਚਣ ਨੂੰ ਇਉਂ ਲੱਗਦਾ ਹੈ, ਜਿਵੇਂ ਸ਼ਹਿਰੀਕਰਨ ਪੱਛਮੀ ਪ੍ਰਭਾਵਾਂ ਦੀ ਦੇਣ ਹੋਵੇ, ਪਰ ਭਾਰਤ 'ਚ ਸ਼ਹਿਰੀਕਰਨ ਇੱਥੇ ਬਦੇਸੀਆਂ ਦੀ ਆਮਦ ਤੋਂ ਪਹਿਲਾ ਸ਼ੁਰੂ ਹੋ ਗਿਆ ਸੀ। ਜਿਸਦੀ ਉਦਾਹਰਣ ਰੋਪੜ ਦਾ 'ਉਂਚਾ ਪਿੰਡ ਸੰਘੋਲ਼' ਹੈ। ਜਿੱਥੇ ਆਧੁਨਿਕ ਯੁੱਗ ਦੀ ਪੂਰੀ ਸ਼ਹਿਰੀ ਬਣਤਰ ਸੀ। ਡਾ. ਜਸਵਿੰਦਰ ਸਿੰਘ, "ਆਧੁਨਿਕੀਕਰਨ ਨੇ ਆਰਥਿਕ, ਰਾਜਸੀ ਅਤੇ ਸਭਿਆਚਾਰਕ ਸਮੁੱਚੇ ਸੱਤਾ ਦੇ ਕੇਂਦਰ ਸ਼ਹਿਰ ਨੂੰ ਬਣਾਇਆ ਹੈ। ਪੇਂਡੂ ਸਵੈ-ਨਿਰਭਰ ਆਰਥਿਕ ਵਿਵਸਥਾ ਦਾ ਮਸ਼ੀਨੀਕਰਨ, ਆਧੁਨਿਕਰਨ ਅਤੇ ਸ਼ਹਿਰੀਕਰਨ ਹੋਣ ਕਾਰਨ ਜ਼ਬਰੀ ਵਪਾਰੀਕਰਨ ਹੋਇਆ ਹੈ।" ਅੰਗਰੇਜ਼ਾਂ ਦੀ ਆਮਦ ਨੇ ਸ਼ਹਿਰੀਕਰਨ ਨੂੰ ਠੱਲ ਪਾਈ ਕਿਉਂਕਿ ਅੰਗਰੇਜ਼ਾਂ ਨੇ ਕੱਚੇ-ਮਾਲ ਲਈ ਪਿੰਡਾਂ ਵਿਚਲੀ ਖੇਤੀਬਾੜੀ ਨੂੰ ਉਤਸ਼ਾਹਿਤ ਕਰਨਾ ਸ਼ੁਰੂ ਕਰ ਦਿੱਤਾ ਸੀ। ਆਧੁਨਿਕੀਕਰਨ ਨੇ ਆਰਥਿਕ, ਰਾਜਸੀ ਅਤੇ ਸਭਿਆਚਾਰਕ ਸਮੁੱਚੇ ਸੱਤਾ ਦੇ ਕੇਂਦਰ ਸ਼ਹਿਰ ਨੂੰ ਬਣਾਇਆ ਹੈ। ਪੇਂਡੂ ਸਵੈ-ਨਿਰਭਰ ਆਰਥਿਕ ਵਿਵਸਥਾ ਦਾ ਮਸ਼ੀਨੀਕਰਨ ਤੇ ਸ਼ਹਿਰੀਕਰਨ ਹੋਣ ਕਾਰਨ ਜ਼ਬਰੀ ਵਪਾਰੀਕਰਨ ਹੋਇਆ ਹੈ। ਸੋ, ਪਿੰਡਾਂ ਦਾ ਆਪਣੀ ਥਾਂ 'ਤੇ ਰਹਿਣਾ ਪਰ ਇੰਟਰਨੈੱਟ ਤੇ ਮੀਡੀਆ ਸੇਵਾਵਾਂ ਕਰਕੇ ਸ਼ਹਿਰੀ ਸੂਚਨਾਵਾਂ ਦਾ ਪਿੰਡਾਂ ਤੱਕ ਅਪੜਨ ਦੀ ਪ੍ਰਕਿਰਿਆ ਨੂੰ ਭਾਰਤੀ ਸੰਦਰਭ 'ਚ ਸ਼ਹਿਰੀਕਰਨ ਕਿਹਾ ਜਾਂਦਾ ਹੈ। ਹਰ ਨਵੀਂ ਕਾਢ ਵੱਲ ਵੀ ਮਨੁੱਖ ਦਾ ਸੁਭਾਵਕ ਵਿਰੋਧ ਓਦੋਂ ਤੱਕ ਹੀ ਰਹਿੰਦਾ ਹੈ, ਜਦੋਂ ਤੱਕ ਕਾਢਾਂ ਦੀ ਗਤੀ ਬਹੁਤ ਧੀਮੀ ਹੁੰਦੀ ਹੈ। ਜਦੋਂ ਇਹ ਗਤੀ ਤੇਜ਼ ਹੋ ਜਾਂਦੀ ਹੈ ਤਾਂ ਹਰ ਨਵੀਂ ਕਾਢ ਨੂੰ ਪ੍ਰਵਾਨ ਕਰਨ ਜਾਂ ਉਸ ਦਾ ਵਿਰੋਧ ਕਰਨ ਦਾ ਕਾਰਨ ਮਨੁੱਖ ਦੇ ਸੁਭਾਅ ਵਿਚ ਨਹੀਂ ਹੁੰਦਾ, ਸਗੋਂ ਸਮਾਜ ਦੇ ਕਿਸੇ ਨਾ ਕਿਸੇ ਵਰਗ ਦੇ ਚੇਤੰਨ ਹਿੱਤਾਂ ਨਾਲ ਜੁੜਿਆ ਹੁੰਦਾ ਹੈ। ਜਿਸ ਕਰਕੇ ਫਿਰ ਮਨੁੱਖ ਦੇ ਸਭਿਆਚਾਰ ਦਾ ਵਿਕਾਸ ਇਹਨਾਂ ਹਿੱਤਾਂ ਦਾ ਵਿਰੋਧ-ਵਿਕਾਸ ਹੋ ਨਿਬੜਦਾ ਹੈ।

## 3. ਸਮਾਜ ਦੇ ਬਹਿਰੂਨੀ/ਬਾਹਰੀ ਕਾਰਨ

ਡਾ. ਗੁਰਬਖਸ਼ ਸਿੰਘ ਫਰੈਂਕ ਨੇ ਸਮਾਜ ਤੋਂ ਬਾਹਰਲੇ ਕਾਰਨਾਂ ਵਿਚ ਜਾਂ ਅੰਸ਼-ਪਸਾਰ ਨੂੰ ਪਹਿਲੀ ਥਾਂ ਦਿੱਤੀ ਹੈ। ਜਦੋਂ ਇਕ ਸਮਾਜ ਵਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਅਪਣਾ ਲੈਣ ਤਾਂ ਇਸ ਅਮਲ ਨੂੰ ਖਿੰਡਾਅ ਜਾਂ ਅੰਸ਼-ਪਸਾਰ ਕਹਿੰਦੇ ਹਨ। ਇਕ ਸਮਾਜ ਦੇ ਜੀਵਨ ਵਿਚਲੇ ਕਿਸੇ ਵੀ ਖੇਤਰ ਦੇ ਸਭਿਆਚਾਰਕ ਅੰਸ਼ਾਂ ਨੂੰ ਦੂਜੇ ਸਮਾਜ ਦੇ ਮੈਂਬਰਾਂ ਵਲੋਂ ਅਪਣਾ ਲਿਆ ਜਾਣਾ ਇਸੇ ਹੀ ਪ੍ਰਕਿਰਿਆ ਵਿਚ ਆਉਂਦਾ ਹੈ। ਕਈ ਸਮਾਜ-ਵਿਗਿਆਨੀ ਅਤੇ ਮਾਨਵ-ਵਿਗਿਆਨੀ ਤਾਂ ਇਸ ਪ੍ਰਕਿਰਿਆ ਨੂੰ ਏਨਾ ਮਹੱਤਵ ਦੇਂਦੇ ਹਨ ਕਿ ਇਸ ਨੂੰ ਸਭਿਆਚਾਰਕ ਪਰਿਵਰਤਨ ਦਾ ਮੁੱਖ ਕਾਰਨ, ਸਗੋਂ ਕਈ ਤਾਂ ਇੱਕ ਇੱਕ ਕਾਰਨ ਸਮਝਦੇ ਹਨ। ਮਗਰਲੀ ਤਰ੍ਹਾਂ ਦੇ ਮਾਨਵ-ਵਿਗਿਆਨੀਆਂ ਨੂੰ ਖੰਡੇ ਅਵਾਦੀ ਕਿਹਾ ਜਾਂਦਾ ਹੈ। ਇਹਨਾਂ ਦਾ ਮੱਤ ਹੈ ਕਿ ਸਾਰੀਆਂ ਹੀ ਮਹੱਤਵਪੂਰਨ ਕਾਢਾਂ (ਲਿਪੀ, ਧਾਤਸਾਜ਼ੀ, ਇਮਾਰਤੀ ਕਲਾ ਆਦਿ) ਅਤੇ ਲੱਭਤਾਂ ਇੱਕ ਹੀ ਥਾਂ ਹੋਈਆਂ ਸਨ, ਜਿਥੇ ਇਹ ਦੁਨੀਆਂ ਦੇ ਬਾਕੀ ਖਿੱਤਿਆਂ ਵਿਚ ਫੈਲੀਆਂ। ਉਹਨਾਂ ਅਨੁਸਾਰ ਇਹ ਥਾਂ ਮਿਸਰ ਸੀ, ਜਿਥੇ ਇਹ ਫੂਨੀਸ਼ਨਾਂ ਰਾਹੀਂ, ਜਿਨ੍ਹਾਂ ਦਾ ਮਿਸਰ ਨਾਲ ਵਪਾਰ ਚਲਦਾ ਸੀ, ਪੂਰਬ ਵਿਚ ਭਾਰਤ, ਚੀਨ ਅਤੇ ਜਾਪਾਨ ਤੱਕ ਪੁੱਜੀਆਂ, ਅਤੇ ਫਿਰ ਸ਼ਾਂਤ ਮਹਾਂਸਾਗਰ ਪਾਰ ਕਰ ਕੇ ਮਧ ਅਮਰੀਕਾ ਦੇ ਮਾਯਾ ਸਭਿਆਚਾਰ ਦਾ ਆਧਾਰ ਬਣੀਆਂ। ਇੰਜ ਕੋਈ ਸਭਿਆਚਾਰ ਦੇਸ਼-ਖੰਡ ਤੋਂ ਬਾਹਰਲੇ ਪ੍ਰਭਾਵਾਂ ਅਧੀਨ ਵੀ ਰੂਪਾਂਤਿਰਤ ਹੁੰਦਾ ਹੈ, ਜਿਵੇਂ ਕਿਸੇ ਸਭਿਆਚਾਰ ਦੀ ਚੰਗੇਰੀ ਵਿਧੀ-ਬਣਤਰ ਨੂੰ ਅਪਣਾ ਲੈਣਾ ਜਾਂ ਨਕਲ ਕਰਨੀ। ਭਾਰਤ ਦੇ ਸੰਦਰਭ ਵਿੱਚ ਬਹਿਰੂਨੀ ਕਾਰਕ ਬਦੇਸੀ ਹਮਲਾਵਰ ਜਿਵੇਂ ਮੰਗੋਲਾਂ ਤੇ ਅੰਗਰੇਜ਼ਾਂ ਨੇ ਇੱਥੋਂ ਦੇ ਸਭਿਆਚਾਰ ਨੂੰ ਕਾਫ਼ੀ ਪ੍ਰਭਾਵਿਤ ਕੀਤਾ, ਜਿਸਦਾ ਪ੍ਰਭਾਵ ਪੰਜਾਬੀ ਸਭਿਆਚਾਰ 'ਤੇ ਵੀ ਪਿਆ। ਪੰਜਾਬ ਦੇ ਸੰਦਰਭ ਵਿੱਚ ਦੇਖੀਏ ਤਾਂ ਪੰਜਾਬੀ ਸਭਿਆਚਾਰ ਉੱਤੇ ਬਾਹਰੀ ਪ੍ਰਭਾਵ ਕਾਫ਼ੀ ਬਹੁਤਾਤ ਵਿੱਚ ਪਏ ਹਨ, ਇਸ ਲਈ ਪੰਜਾਬ ਇਸ ਦੀ ਵਧੀਆ ਉਦਾਹਰਣ ਹੈ ਕਿਉਂਕਿ ਪੰਜਾਬ ਦਾ ਪਹਿਰਾਵਾ, ਖਾਣ-ਪੀਣ, ਭਾਸ਼ਾ ਅਤੇ ਪ੍ਰਬੰਧਕੀ ਢਾਂਚਾ ਬਹਿਰੂਨੀ ਕਾਰਕਾਂ ਦੀ ਦੇਣ ਹੈ।

ਅੰਸ਼-ਪਸਾਰ ਦੀ ਮਹੱਤਤਾ ਨੂੰ ਦਰਸਾਉਣ ਵਾਲਾ ਤੱਥ ਇਹ ਹੈ ਕਿ ਹਰ ਸਭਿਆਚਾਰ ਵਿਚ ਐਸੇ ਅੰਸ਼ ਬੜੇ ਘੱਟ ਹੁੰਦੇ ਹਨ ਜਿਹੜੇ ਨਿਰੋਲ ਉਸ ਸਭਿਆਚਾਰ ਦੇ ਆਪਣੇ ਹੋਣ। ਬਹੁਤੇ ਅੰਸ਼ (90 ਫ਼ੀਸਦੀ ਜਾਂ ਇਸ ਤੋਂ ਵੀ ਵੱਧ) ਦੂਜੇ ਸਭਿਆਚਾਰਾਂ ਤੋਂ ਲੈ ਕੇ ਆਪਣੇ ਸਭਿਆਚਾਰਕ ਸਿਸਟਮ ਵਿਚ ਫ਼ਿੱਟ ਕੀਤੇ ਹੁੰਦੇ ਹਨ। ਇਹ ਗੱਲ ਨਿੱਕੇ-ਵੱਡੇ, ਵਿਕਸਤ-ਅਵਿਕਸਤ ਸਭ ਸਭਿਆਚਾਰਾਂ ਲਈ ਇੱਕ ਜਿੰਨੀ ਸੱਚ ਹੈ। ਰਾਲਫ਼ ਲਿੰਟਨਨੇ ਆਪਣੀ ਪੁਸਤਕ 'ਦੀ ਸਟੱਡੀ ਆਫ਼ ਮੈਨ' ਵਿਚ ਇਕ ਔਸਤ ਅਮਰੀਕੀ ਸ਼ਹਿਰੀ ਦਾ ਇਕ ਦਿਨ ਦਾ, ਸਵੇਰੇ

ਉੱਠਣ ਤੋਂ ਲੈ ਕੇ ਰਾਤ ਸੌਣ ਤਕ ਦਾ, ਸਾਰਾ ਕਾਰਜ-ਕ੍ਰਮ ਦਿਤਾ ਹੈ। ਉਹ ਜੋ ਕਰਦਾ ਹੈ, ਜਿਵੇਂ ਕਰਦਾ ਹੈ, ਜੋ ਪਾਉਂਦਾ, ਖਾਂਦਾ ਜਾਂ ਵਰਤਦਾ ਹੈ, ਉਸ ਉਤੇ ਚਾਨਣ ਪਾਇਆ ਹੈ ਕਿ ਉਸ ਦਾ ਮੁੱਢ ਕਿਥੋਂ ਹੋਇਆ ਅਤੇ ਕਿਹੜੇ ਕਿਹੜੇ ਰਸਤੇ ਅਮਰੀਕਾ ਤਕ ਪੁੱਜਾ। ਅਤੇ ਇਸ ਤਰ੍ਹਾਂ ਔਸਤ ਅਮਰੀਕੀ ਸ਼ਹਿਰੀ ਜਿਹੜਾ ਆਪਣੇ ਆਪ ਨੂੰ 'ਸੌ ਫ਼ੀਸਦੀ ਅਮਰੀਕੀ' ਸਮਝਦਾ ਹੈ, ਲਗਭਗ ਸੌ ਫ਼ੀਸਦੀ ਦੂਜੇ ਸਭਿਆਚਾਰਾਂ ਦੇ ਅੰਸ਼ਾਂ ਨੂੰ ਵਰਤ ਰਿਹਾ ਹੁੰਦਾ ਹੈ। ਇਸੇ ਗੱਲ ਦੀ ਇਕ ਹੋਰ ਉਦਾਹਰਣ ਅਸੀਂ ਭਾਸ਼ਾ ਤੋਂ ਲੈ ਸਕਦੇ ਹਾਂ, ਜਿਹੜੀ ਕਿ ਇਕ ਪ੍ਰਤਿਨਿਧ ਸਭਿਆਚਾਰਕ ਸਿਰਜਣਾ ਹੈ, ਅਤੇ ਸਭਿਆਚਾਰ ਜਿੰਨੀ ਹੀ ਵਿਸ਼ਾਲ ਹੋਂਦ ਰੱਖਦੀ ਹੈ। ਜੇ ਅਸੀਂ ਕਿਸੇ ਅਤਿ ਵਿਕਸਤ ਭਾਸ਼ਾ ਦਾ ਸ਼ਬਦ-ਕੋਸ਼ ਲੈ ਕੇ ਦੇਖੀਏ, ਜਿਸ ਵਿਚ ਸ਼ਬਦਾਂ ਦੇ ਮੂਲ-ਰੂਪ ਅਤੇ ਰੂਪ-ਵਿਕਾਸ ਦੇ ਪੜਾਅ ਵੀ ਦਿੱਤੇ ਹੋਣ, ਤਾਂ ਅਸੀਂ ਦੇਖਾਂਗੇ ਕਿ ਉਹਨਾਂ ਭਾਸ਼ਾਵਾਂ ਦੇ ਵੀ ਜੇ ਸਾਰੇ ਨਹੀਂ ਤਾਂ ਭਾਰੀ ਬਹੁ-ਗਿਣਤ ਸ਼ਬਦ ਦੂਜੇ ਸਭਿਆਚਾਰਾਂ ਦੀਆਂ ਭਾਸ਼ਾਵਾਂ ਤੋਂ ਲਏ ਹੋਣਗੇ।

ਕਿਸੇ ਸਭਿਆਚਾਰ ਵੱਲੋਂ ਦੂਜੇ ਸਭਿਆਚਾਰਾਂ ਤੋਂ ਲਏ ਅੰਸ਼ਾਂ ਨੂੰ ਆਪਣੇ ਸਭਿਆਚਾਰ ਦੀ ਛਾਨਣੀ ਵਿਚੋਂ ਲੰਘਾ ਕੇ ਅਪਣਾਇਆ ਜਾਂਦਾ ਹੈ, ਜਿਸ ਨਾਲ ਹਰ ਅਪਣਾਇਆ ਗਿਆ ਅੰਸ਼ ਅਪਣਾਉਣ ਵਾਲੇ ਸਭਿਆਚਾਰ ਦੀ ਆਪਣੀ ਪ੍ਰਤਿਭਾ ਦਾ ਅੰਗ ਬਣ ਜਾਂਦਾ ਹੈ। ਸਭਿਆਚਾਰਕ ਪਰਿਵਰਤਨ ਦਾ ਅੰਸ਼-ਪਸਾਰ ਜਿੰਨਾ ਹੀ, ਸਗੋਂ ਕਈਆਂ ਸੂਰਤਾਂ ਵਿਚ ਇਸ ਤੋਂ ਵੀ ਵੱਧ ਮਹੱਤਵਪੂਰਨ ਕਾਰਨ ਉਹ ਅਮਲ ਹੈ ਜਿਸ ਨੂੰ 'ਸਭਿਆਚਾਰੀਕਰਨ' ਕਿਹਾ ਜਾਂਦਾ ਹੈ।

## ਸਭਿਆਚਾਰੀਕਰਨ ਦਾ ਸੰਕਲਪ

ਸਭਿਆਚਾਰੀਕਰਨ (Culturalization) ਸਭਿਆਚਾਰਕ ਪਰਿਵਰਤਨ ਦਾ ਇੱਕ ਸਰੂਪ ਜਿਸ ਵਿੱਚ ਦੋ ਸਭਿਆਚਾਰਾਂ ਦੇ ਇੱਕ ਦੂਜੇ ਦੇ ਸਿੱਧੇ ਸੰਪਰਕ ਵਿੱਚ ਆਉਣ ਨਾਲ ਅਨੁਕੂਲਣ, ਪ੍ਰਤੀਕਰਮ ਜਾਂ ਟਕਰਾਅ ਪੈਦਾ ਹੁੰਦਾ ਹੈ। ਇਸ ਵਰਤਾਰੇ ਵਿੱਚ ਕੋਈ ਸਭਿਆਚਾਰ ਆਪਣੀ ਤਾਕਤ ਅਤੇ ਬਹੁਗਿਣਤੀ ਕਰ ਕੇ ਇਸ ਸਥਿਤੀ ਵਿੱਚ ਆ ਜ਼ਾਦਾ ਹੈ ਕਿ ਉਹ ਸੰਪਰਕ ਵਿੱਚ ਆਉਣ ਵਾਲੇ ਸਭਿਆਚਾਰ ਨੂੰ ਆਪਣੇ ਮੂਲ ਤੱਤ ਛੱਡਣ ਲਈ ਮਜ਼ਬੂਰ ਕਰ ਦਿੰਦਾ ਹੈ।ਉਸ ਨੂੰ ਆਪਣੀ ਮੌਲਿਕਤਾ ਤੋ ਵਾਂਝਾ ਕਰ ਦਿੰਦਾ ਹੈ।ਆਪਣੇ ਕੁਝ ਤੱਤ ਉਸ ਉੱਪਰ ਥੋਪ ਦਿੰਦਾ ਹੈ ਅਤੇ ਉਸਨੂੰ ਆਪਣੀਆ ਚੰਗੀਆਂ ਮਾੜੀਆਂ ਆਦਤਾਂ ਕਬੂਲਣ ਲਈ ਮਜ਼ਬੂਰ ਕਰ ਦਿੰਦਾ ਹੈ। ਇਸਨੂੰ ਸਭਿਆਚਾਰੀਕਰਨ ਦਾ ਨਾਮ ਦਿੱਤਾ ਜ਼ਾਦਾ ਹੈ।ਦੋ ਵੱਖ-ਵੱਖ ਸਭਿਆਚਾਰਾਂ ਵਾਲੇ ਜਨ ਸਮੂਹਾਂ ਦੇ ਸਿਧੇ ਵੱਡੇ-ਪੈਮਾਨੇ ਉੱਤੇ ਕਾਫ਼ੀ ਅਰਸੇ ਤੱਕ ਸੰਪਰਕ ਨੂੰ ਅਤੇ ਇਸ ਸੰਪਰਕ ਤੋਂ ਨਿਕਲਦੇ ਸਿੱਟਿਆਂ ਨੂੰ ਸਭਿਆਚਾਰੀਕਰਨ ਕਹਿੰਦੇ ਹਨ।

ਰਾਜਸੀ ਤੌਰ 'ਤੇ ਤਾਕਤਵਰ ਤੇ ਆਰਥਿਕ ਤੌਰ 'ਤੇ ਸੰਪੰਨ ਅਤੇ ਰਾਜਸੀ ਤੌਰ 'ਤੇ ਕਮਜੋਰ ਤੇ ਆਰਥਿਕ ਤੌਰ 'ਤੇ ਅਧੀਨ ਦੋ ਤਰ੍ਹਾਂ ਦੇ ਸਭਿਆਚਾਰ ਹੁੰਦੇ ਹਨ। ਅਕਸਰ ਅਧੀਨ ਸਭਿਆਚਾਰ ਨੂੰ ਤਾਕਤਵਰ ਸਭਿਆਚਾਰ ਵੱਲੋਂ ਜਤਾ ਦਿਤਾ ਜਾਂਦਾ ਹੈ ਕਿ ਉਹਨਾਂ ਦਾ ਸਭਿਆਚਾਰ ਵਧੀਆ ਨਹੀਂ। ਤਾਕਤਵਰ ਸਭਿਆਚਾਰ ਦੇ ਲੋਕਾਂ ਦੁਆਰਾ ਅਧੀਨ ਸਭਿਆਚਾਰ ਨੂੰ ਕਿਹਾ ਜਾਂਦਾ ਹੈ ਕਿ ਉਹ ਉਹਨਾਂ ਦਾ ਸਭਿਆਚਾਰ ਅਪਣਾ ਲੈਣ ਅਤੇ ਆਪਣਾ ਸਭਿਆਚਾਰ ਛੱਡ ਦੇਣ। ਜੇ ਅਧੀਨ ਸਭਿਆਚਾਰ ਦੇ ਲੋਕ ਤਾਕਤਵਰ ਸਭਿਆਚਾਰ ਨੂੰ ਅਪਣਾ ਲੈਣ ਜਾਂ ਅਪਣਾਉਣ ਲਈ ਮਜਬੂਰ ਕੀਤੇ ਜਾਣ ਜਾਂ ਅਪਣਾਉਣਾ ਸ਼ੁਰੂ ਕਰ ਦੇਣ, ਤਾਂ ਉਸਨੂੰ ਸਭਿਆਚਾਰੀਕਰਨ ਕਹਿੰਦੇ ਹਨ। ਨਾ ਵਰਤੋਂਯੋਗ ਜਾਂ ਨਿਰਾਰਥਕ ਚੀਜਾਂ ਨੂੰ ਤਿਆਗ ਕੇ ਉਹਨਾਂ ਦੀ ਜਗ੍ਹਾ ਤੇ ਕਿਸੇ ਹੋਰ ਸਾਰਥਕ ਚੀਜ ਨੂੰ ਅਪਣਾਉਣਾ ਤਾਂ ਠੀਕ ਹੈ (ਸਭਿਆਚਾਰਕ ਸੰਪਰਕ) ਪਰ ਜੇਕਰ ਅਸੀਂ ਉਹਨਾਂ ਚੀਜਾਂ ਨੂੰ ਤਿਆਗ ਦੇਈਏ ਜਿਹਨਾਂ ਦੀ ਸਾਡੇ ਜੀਵਨ ਵਿਚ ਸਾਪੇਖਤਾ ਜਾਂ ਸਾਰਥਕਤਾ ਹੈ, ਉਸ ਨੂੰ ਸਭਿਆਚਾਰੀਕਰਨ ਕਿਹਾ ਜਾਂਦਾ ਹੈ।

ਸਮਾਜ ਤੋਂ ਬਾਹਰ ਆਏ ਕਾਰਨਾਂ ਵਿੱਚ ਮਹੱਤਵਪੂਰਨ ਅਮਲ "ਸਭਿਆਚਾਰੀਕਰਨ" ਹੈ। ਸਭਿਆਚਾਰੀਕਰਨ ਦੂਜੇ ਸਭਿਆਚਾਰ ਨਾਲ ਸਿੱਧਾ, ਵਿਸ਼ਾਲ ਪੈਮਾਨੇ ਉੱਤੇ ਅਤੇ ਕਾਫ਼ੀ ਅਰਸੇ ਤਕ ਸੰਪਰਕ ਵਿੱਚ ਆਉਣ ਦੇ ਅਮਲ ਨੂੰ ਕਹਿੰਦੇ ਹਨ। ਸਭਿਆਚਾਰੀਕਰਨ ਵਿੱਚ ਦੋ ਸਭਿਆਚਾਰਾਂ ਦਾ ਆਪਸੀ ਸੰਪਰਕ ਵਿੱਚ ਲੰਮੇ ਸਮੇਂ ਤੋਂ ਰਹਿਣਾ ਜ਼ਰੂਰੀ ਹੈ। ਸਭਿਆਚਾਰੀਕਰਨ ਨੂੰ ਇਸ ਤਰ੍ਹਾਂ ਪਰਿਭਾਸ਼ਿਤ ਕੀਤਾ ਜਾ ਸਕਦਾ ਹੈ। "ਸਭਿਆਚਾਰੀਕਰਨ ਨੂੰ ਦੋ ਵੱਖ-ਵੱਖ ਸਭਿਆਚਾਰਾਂ ਵਾਲੇ ਜਨ-ਸਮੂਹਾਂ ਦੇ ਸਿੱਧੇ, ਵੱਡੇ ਪੈਮਾਨੇ ਉੱਤੇ ਅਤੇ ਕਾਫ਼ੀ ਅਰਸੇ ਤੱਕ ਸੰਪਰਕ ਨੂੰ ਅਤੇ ਇਸ ਸੰਪਰਕ ਤੋਂ ਨਿਕਲਦੇ ਸਿੱਟਿਆਂ ਨੂੰ ਸਭਿਆਚਾਰੀਕਰਨ ਕਹਿੰਦੇ ਹਨ।"

ਸਭਿਆਚਾਰਕ ਪਰਿਵਰਤਨ ਦੇ ਇਸ ਸਰੂਪ ਦੀ ਵਿਲੱਖਣਤਾ ਇਹ ਹੈ ਕਿ ਜਦੋਂ ਦੋ ਸਭਿਆਚਾਰ ਇੱਕ ਦੂਜੇ ਦੇ ਸਿਧੇ ਸੰਪਰਕ ਵਿੱਚ ਆਉਂਦੇ ਹਨ ਤਾਂ ਅਨੁਕੂਲਣ ਪ੍ਰਤਿਕਰਮ ਜਾਂ ਟਕਰਾਅ ਉਤਪੰਨ ਹੁੰਦਾ ਹੈ, ਉਸ ਨੂੰ ਸਭਿਆਚਾਰੀਕਰਨ ਕਹਿੰਦੇ ਹਨ। ਸਭਿਆਚਾਰੀਕਰਨ ਦਾ ਮੁੱਖ ਆਧਾਰ ਇੱਕ ਸਭਿਆਚਾਰ ਦੀ ਦੂਸਰੇ ਉੱਤੇ ਰਾਜਸੀ ਜਿੱਤ, ਦਬਾਉ ਅਤੇ ਦਮਨ ਵਾਲਾ ਵੀ ਹੋ ਸਕਦਾ ਹੈ। ਇਹ ਪਰਿਵਰਤਨ ਸਹਿਜ ਵੀ ਅਤੇ ਆਰੋਪਤ ਜਾਂ ਦਬਾਉਪੂਰਣ ਦੋਹਾਂ ਤਰ੍ਹਾਂ ਦਾ ਹੋ ਸਕਦਾ ਹੈ, ਜਿਸ ਕਾਰਨ ਇਹ ਪ੍ਰਕਿਰਿਆ ਸੁਖਾਵੀਂ, ਸੁਭਾਵਕ ਅਤੇ ਸੰਤੁਲਿਤ ਹੋਣ ਦੀ ਥਾਂ ਕਈ ਵਾਰੀ ਵਿਨਾਸ਼ਮੂਲਕ, ਦਬਾਉਮੂਲਕ ਅਤੇ ਦਮਨ ਦਾ ਰੂਪ ਹੁੰਦੀ ਹੈ। ਜਿਸ ਤੋਂ ਵਿਭਿੰਨ ਵਿਪਰੀਤ ਪ੍ਰਭਾਵ, ਪ੍ਰਤਿਕਰਮ, ਵਿਰੋਧ ਟਕਰਾਉ, ਅਸੁੰਤਲਨ ਅਤੇ ਵਿਰੂਪਣ ਉਤਪੰਨ ਹੁੰਦੇ ਹਨ। ਸਭਿਆਚਾਰੀਕਰਨ ਵਿੱਚ ਦੋ ਸਭਿਆਚਾਰਾਂ ਦਾ ਆਪਸੀ ਸੰਪਰਕ ਇੱਕ ਜਨ-ਸਮੂਹ ਵੱਲੋਂ ਦੂਜੇ ਉੱਪਰ ਹਮਲਾ ਕਰਨ, ਦੂਜੇ ਨੂੰ ਅਧੀਨ ਕਰਨ, ਉਸ ਉੱਤੇ ਆਪਣਾ ਸਭਿਆਚਾਰ ਠੋਸਣ ਦੇ ਰੂਪ ਵਿੱਚ ਹੁੰਦਾ ਹੈ। ਇਹ ਵੀ ਕੋਈ ਜ਼ਰੂਰੀ ਨਹੀਂ ਹੁੰਦਾ ਕਿ ਸਦਾ ਵਿਜਈ ਧਿਰ ਦੇ ਸਭਿਆਚਾਰ ਨੇ ਹੀ ਜੇਤੂ ਬਣਨਾ ਹੈ ਸਮਾਂ ਪਾ ਕੇ ਸਭਿਆਚਾਰਕ ਪੱਧਰ ਉੱਤੇ ਇਹ ਪਾਸੇ ਪੁੱਠੇ ਵੀ ਪੈ ਜਾਂਦੇ ਹਨ। ਜੇ ਭਾਰਤ ਦੇ ਪ੍ਰਸੰਗ ਵਿੱਚ ਉੱਪਰੋਕਤ ਕਥਨਾਂ ਦੀਆਂ ਉਦਾਹਰਨਾਂ ਲੱਭਣੀਆਂ ਹੋਣ ਤਾਂ ਇੱਕ ਪਾਸੇ ਤਾਂ ਆਰੀਆ ਲੋਕ ਹਮਲਾਵਰ ਹੋਣ ਦੇ ਬਾਵਜੂਦ ਵੀ ਸਾਡੇ ਸਨਮਾਨਿਤ ਪੂਰਵਜ ਬਣੇ

ਹੋਏ ਹਨ ਦੂਜੇ ਪਾਸੇ ਇਸੇ ਤਰ੍ਹਾਂ ਦੇ ਤਬਕੇ ਵੱਲੋਂ ਹੀ ਮੁਸਲਮਾਨਾਂ ਦੇ ਸਭਿਆਚਾਰੀਕਰਨ ਅਮਲ ਦੇ ਸਿੱਟੇ ਕਦੀ ਵੀ ਇੱਕ ਪਾਸੜ ਨਹੀਂ ਹੁੰਦੇ ਇਸ ਅਮਲ ਵਿੱਚ ਸ਼ਾਮਿਲ ਦੋਹਾਂ ਸਭਿਆਚਾਰਾਂ ਵਿੱਚ ਹੀ ਤਬਦੀਲੀਆਂ ਆਉਂਦੀਆਂ ਹਨ, ਭਾਵੇਂ ਇੱਕ ਪਾਸੇ ਇਹ ਤਬਦੀਲੀ ਬਹੁਤ ਉਘੜਵੀਂ ਹੋਵੇ ਅਤੇ ਦੂਜੇ ਪਾਸੇ ਨਾਮ-ਮਾਤਰ ਹੀ ਹੋਵੇ ਇਸ ਅਮਲ ਦਾ ਚਰਮ-ਸਿੱਟਾ ਇੱਕ ਸਭਿਆਚਾਰ ਦੇ ਦੂਜੇ ਸਭਿਆਚਾਰ ਵਿੱਚ ਜ਼ਜ਼ਬ ਹੋ ਜਾਣ ਵਿੱਚ ਵੀ ਨਿਕਲ ਸਕਦਾ ਹੈ ਜਿਹਨਾਂ ਨੂੰ ਅਕਲਚਰੇਸ਼ਨ (Acculturation) ਦਾ ਨਾਂਅ ਦਿੱਤਾ ਜਾਂਦਾ ਹੈ। ਇਨ੍ਹਾਂ ਦੋਵਾਂ ਉੱਪਰੋਕਤ ਸਿੱਟਿਆਂ ਦੇ ਵਿਚਕਾਰਲਾ ਵੀ ਇੱਕ ਸਿੱਟਾ ਹੋ ਸਕਦਾ ਹੈ ਜਦੋਂ ਦੋਵੇ ਸਭਿਆਚਾਰ ਮਿਲ ਕੇ ਇੱਕ ਤੀਜੇ ਸਭਿਆਚਾਰ ਨੂੰ ਜਨਮ ਦੇ ਦੇਂਦੇ ਹਨ ਜਿਸ ਵਿੱਚ ਦੋਹਾਂ ਸੱਭਿਆਚਾਰਾਂ ਦੇ ਅੰਸ਼ ਪਾਏ ਜਾਂਦੇ ਹਨ ਅਤੇ ਜਿਸ ਦੀ ਆਪਣੀ ਨਿਵੇਕਲੀ ਹਸਤੀ ਵੀ ਹੁੰਦਾ ਹੈ। ਭਾਰਤ ਵਿਚਲੀ ਭਗਤੀ ਲਹਿਰ ਨੂੰ ਇਸ ਤਰ੍ਹਾਂ ਦੇ ਸੰਸਲਿਸ਼ਤ ਸਭਿਆਚਾਰ ਵੱਲ ਨੂੰ ਪਤਨ ਕਿਹਾ ਜਾ ਸਕਦਾ ਹੈ।

## ਸਭਿਆਚਾਰਕ ਖਿੰਡਾਓ

ਸਮਾਜ ਦੇ ਬਾਹਰਲੇ ਕਾਰਨਾਂ ਵਿੱਚ ਅੰਸ਼-ਪਾਸਾਰ ਨੂੰ ਪਹਿਲੀ ਥਾਂ ਦਿੱਤੀ ਗਈ ਹੈ। ਜਦੋਂ ਇੱਕ ਸਮਾਜ ਵੱਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਆਪਣਾ ਲੈਣ ਤਾਂ ਇਸ ਅਮਲ ਨੂੰ ਖਿੰਡਾਅ ਜਾਂ ਅੰਸ਼-ਪਸਾਰ ਕਹਿੰਦੇ ਹਨ। ਸਾਰੀਆਂ ਹੀ ਮਹੱਤਵਪੂਰਨ ਕਾਢਾਂ ਇੱਕ ਥਾਂ ਹੋਈਆਂ ਸਨ, ਜਿਥੋਂ ਇਹ ਦੁਨੀਆ ਦੇ ਬਾਕੀ ਖਿੱਤਿਆਂ ਵਿੱਚ ਫ਼ੈਲੀਆਂ, ਤਾਂ ਇਹ ਸਭਿਆਚਾਰਕ-ਖਿੰਡਾਓ ਅਧਿਨ ਆਉਂਦੀਆਂ ਹਨ। ਹਰ ਸਭਿਆਚਾਰ ਵਿੱਚ ਆਪਣੇ ਅੰਸ਼ ਬਹੁਤ ਘੱਟ ਹੁੰਦੇ ਹਨ, ਉਸਨੇ ਬਹੁਤੇ ਅੰਸ਼ ਸਭਿਆਚਾਰਾਂ ਤੋਂ ਲੈ ਕੇ ਆਪਣੇ ਸਭਿਆਚਾਰਕ ਸਿਸਟਮ ਵਿੱਚ ਫਿੱਟ ਕੀਤੇ ਹੁੰਦੇ ਹਨ।

## ਸਭਿਆਚਾਰਕ ਸਾਪੇਖਤਾ ਅਤੇ ਨਸਲਮੁੱਖਤਾ

ਸਭਿਆਚਾਰ ਮਨੁੱਖੀ ਸਮਾਜ ਦਾ ਸਰਬ-ਵਿਆਪਕ ਵਰਤਾਰਾ ਹੈ। ਜਿਥੇ ਮਨੁੱਖੀ ਸਮਾਜ ਹੋਵੇਗਾ, ਉਥੇ ਸਭਿਆਚਾਰ ਵੀ ਹੋਵੇਗਾ। ਪਰ ਕਿਉਂਕਿ ਹਰ ਸਮਾਜ ਨੂੰ ਪੇਸ਼ ਆਉਂਦੀਆਂ ਪ੍ਰਕਿਰਤਕ ਹਾਲਤਾਂ ਇਕ ਨਹੀਂ ਸਨ (ਅਜੇ ਵੀ ਨਹੀਂ ਹਨ), ਇਸ ਲਈ ਸਭਿਆਚਾਰ ਵੀ ਹਰ ਸਮਾਜ ਦਾ ਵੱਖ ਵੱਖ ਹੋ ਗਿਆ, ਅਤੇ ਇਹੀ ਵਖਰੇਵਾਂ ਆਖ਼ਰ ਉਸ ਸਮਾਜ ਦੀ ਪਛਾਣ ਬਣ ਗਿਆ। ਸੋ, ਸਭਿਆਚਾਰ ਸਰਬ-ਵਿਆਪਕ ਹੋਣ ਦੇ ਬਾਵਜੂਦ, ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਹੋਂਦ ਅਤੇ ਪਛਾਣ ਹੁੰਦੀ ਹੈ। ਸਮਾਂ ਬੀਤਣ ਨਾਲ ਇਹ ਫ਼ਰਕ ਵੀ ਵਧਦੇ ਜਾਂਦੇ ਹਨ। ਭੂਗੋਲਕ ਕਾਰਨਾਂ ਦੇ ਨਾਲ ਨਾਲ, ਇਤਿਹਾਸਕ ਕਾਰਨ, ਅਤੇ ਮਗਰੋਂ ਕਈ ਹੋਰ ਕਾਰਨ ਵੀ ਨਾਲ ਮਿਲਦੇ ਜਾਂਦੇ ਹਨ। ਪਰ ਇਹ ਨਿਵੇਕਲਤਾ, ਜਾਂ ਕਿਸੇ ਸਭਿਆਚਾਰ ਦਾ ਦਿੱਸਦਾ ਪਛੜੇਵਾਂ, ਜਾਂ ਇਸ ਦੇ ਖੜੋਤ ਦੀ ਸਥਿਤੀ ਵਿਚ ਹੋਣ ਦਾ ਪ੍ਰਭਾਵ ਆਪਣੇ ਆਪ ਵਿਚ ਇਸ ਦੇ ਅਧੂਰੇ ਹੋਣ ਦਾ ਸੂਚਕ ਨਹੀਂ ਹੁੰਦਾ। ਹਰ ਸਭਿਆਚਾਰ ਆਪਣੇ ਸਮੇਂ ਅਤੇ ਇਤਿਹਾਸਕ ਪੜਾਅ ਦੇ ਮੁਤਾਬਕ ਇਕ ਪੂਰਨ ਇਕਾਈ ਹੁੰਦਾ ਹੈ।

ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ, ਸਮਾਜ-ਵਿਗਿਆਨੀ ਅਤੇ ਮਾਨਵ-ਵਿਗਿਆਨੀ ਲਈ ਮਸਲਾ ਇਹ ਹੁੰਦਾ ਹੈ ਕਿ ਉਹ ਇਸ ਸਭਿਆਚਾਰਕ ਭਿੰਨਤਾ ਅਤੇ ਅਨੇਕਤਾ ਨੂੰ ਕਿਵੇਂ ਦੇਖੇ, ਅਤੇ ਇਸ ਦਾ ਕਿਵੇਂ ਮੁਲੰਕਣ ਕਰੇ? ਜਾਂ ਫਿਰ, ਭਿੰਨਤਾ ਅਤੇ ਅਨੇਕਤਾ ਦਾ ਸਿਰਫ਼ ਵਰਨਣ ਹੀ ਕਰ ਦੇਵੇ, ਅਤੇ ਮੁਲੰਕਣ ਵਿਚ ਨਾ ਪਵੇ। ਇਸ ਸਮੱਸਿਆ ਨੇ ਦੋ ਬਿਲਕੁਲ ਵਿਰੋਧੀ ਵਰਤਾਰਿਆਂ ਨੂੰ ਜਨਮ ਦਿੱਤਾ ਹੈ—ਇਕ, ਜਿਸ ਨੂੰ ਨਸਲਮੁੱਖਤਾ ਕਿਹਾ ਜਾਂਦਾ ਹੈ; ਦੂਜਾ, ਜਿਸ ਨੂੰ ਸਭਿਆਚਾਰਕ ਸਾਪੇਖਤਾ ਕਿਹਾ ਜਾਂਦਾ ਹੈ।

### ਨਸਲਮੁੱਖਤਾ

ਆਪਣੇ ਹੀ ਸਭਿਆਚਾਰ ਦੇ ਦ੍ਰਿਸ਼ਟੀਕੋਨ ਤੋਂ ਬਾਕੀ ਸਭਿਆਚਾਰਾਂ ਨੂੰ ਦੇਖਣਾ ਅਤੇ ਉਹਨਾਂ ਦਾ ਮੁਲਾਂਕਣ ਕਰਨਾ ਨਸਲਮੁੱਖਤਾ ਹੈ। ਇਸ ਵਿਚ ਆਪਣੇ ਸਭਿਆਚਾਰ ਨੂੰ ਦੂਜੇ ਸਭਿਆਚਾਰਾਂ ਨਾਲੋਂ ਉੱਚਾ ਅਤੇ ਵਧੇਰੇ ਚੰਗਾ ਸਮਝਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ। ਵੈਸੇ, ਇਹ ਪ੍ਰਵਿਰਤੀ ਲਗਭਗ ਸਭਿਆਚਾਰ ਜਿੰਨੀ ਹੀ ਸਰਬ-ਵਿਆਪਕ ਹੈ। ਅੱਜ ਤੱਕ ਕਿਸੇ ਵੀ ਸਭਿਆਚਾਰ ਨੇ ਅਪਣੇ ਆਪ ਨੂੰ ਦੂਜੇ ਨਾਲੋਂ ਘਟੀਆ ਨਹੀਂ ਮੰਨਿਆ, ਭਾਵੇਂ ਉਹ ਪ੍ਰਤੱਖ ਤੌਰ ਉਤੇ ਵਿਕਾਸ ਦੀਆਂ ਮੰਜ਼ਲਾਂ ਉਤੇ ਪਿੱਛੇ ਹੀ ਕਿਉਂ ਨਾ ਰਹਿ ਚੁੱਕਾ ਹੋਵੇ। ਆਮ ਪ੍ਰਵਿਰਤੀ ਦੂਜੇ ਨੂੰ ਅਧੂਰਾ ਅਤੇ ਘਟੀਆ ਮੰਨਣ ਦੀ ਹੀ ਹੈ।

ਮਨੁੱਖੀ ਸਮਾਜ ਦੇ ਵਿਕਾਸ ਦੇ ਇਕ ਖ਼ਾਸ ਪੜਾਅ ਤੱਕ ਇਹ ਬਿਰਤੀ ਸਮਝ ਵਿਚ ਆਉਂਦੀ ਹੈ। ਦੂਜਿਆਂ ਦੇ ਮੁਕਾਬਲੇ ਉਤੇ ਆਪਣੇ ਆਪ ਨੂੰ ਚੰਗਾ ਦੱਸ ਕੇ ਅਤੇ ਸਮਝ ਕੇ ਆਪਣੀ ਨਿਵੇਕਲੀ ਹੋਂਦ ਉਤੇ ਮਾਣ ਹੁੰਦਾ ਹੈ। ਇਸ ਨਾਲ ਸ੍ਵੈ-ਵਿਸ਼ਵਾਸ ਪੈਦਾ ਹੁੰਦਾ ਅਤੇ ਪੱਕਾ ਹੁੰਦਾ ਹੈ। ਆਪਣੇ ਸਮਾਜ ਵਿਚ ਇਕਮਿਕਤਾ ਦਾ ਅਹਿਸਾਸ ਵਧਦਾ ਹੈ, ਜੋ ਸਮਾਜਕ ਸੰਗਠਨ ਨੂੰ ਮਜ਼ਬੂਤ ਬਣਾਉਂਦਾ ਹੈ। ਪਰ ਇਕ ਖ਼ਾਸ ਪੜਾਅ ਤੋਂ ਮਗਰੋਂ (ਜਦੋਂ ਕਿ ਕਿਸੇ ਖ਼ਾਸ ਸਭਿਆਚਾਰ ਵਾਲੇ ਸਮਾਜ ਕੋਲ ਪਦਾਰਥਕ ਵਸੀਲੇ ਵੀ ਏਨੇ ਹੋ ਜਾਣ ਕਿ ਉਹ ਦੂਜੇ ਸਮਾਜਾਂ ਨੂੰ ਦਬਾਅ ਸਕੇ) ਇਹ ਦੂਜੇ ਨੂੰ ਘਟੀਆ ਸਮਝਣ ਦੀ ਭਾਵਨਾ, ਘਟੀਆ ਸਭਿਆਚਾਰ ਨੂੰ ਖ਼ਤਮ ਕਰਨ ਜਾਂ ਫਿਰ ਉਸ ਨੂੰ ਆਪਣਾ 'ਵਧੀਆ ਸਭਿਆਚਾਰ' ਸਿਖਾਉਣ ਦੀ ਭਾਵਨਾ ਵਿਚ ਬਦਲ ਜਾਂਦੀ ਹੈ। ਇਥੇ ਪਹੁੰਚ ਕੇ ਇਹ ਬਿਰਤੀ ਉਹਨਾਂ ਭਿਆਨਕ ਸਿੱਟਿਆਂ ਨੂੰ ਜਨਮ ਦੇਣ ਲੱਗ ਪੈਂਦੀ ਹੈ, ਜਿਨ੍ਹਾਂ ਦਾ ਸਿਖਰ ਨਸਲਵਾਦ ਅਤੇ ਫ਼ਾਸ਼ਿਜ਼ਮ ਦੀ ਵਿਚਾਰਧਾਰਾ ਹੁੰਦਾ ਹੈ।

### ਸਭਿਆਚਾਰਕ ਸਾਪੇਖਤਾ

ਸਭਿਆਚਾਰਕ ਸਾਪੇਖਤਾ ਦਾ ਸਿਧਾਂਤ ਨਸਲਮੁੱਖਤਾ ਦੀ ਪ੍ਰਵਿਰਤੀ ਦੇ ਪ੍ਰਤਿਕਰਮ ਵਜੋਂ ਹੋਂਦ ਵਿਚ ਆਇਆ ਹੈ। ਇਸ ਸਿਧਾਂਤ ਅਨੁਸਾਰ ਹਰ ਸਭਿਆਚਾਰ ਨੂੰ ਉਸ ਦੇ ਆਪਣੇ ਮੂਲ-ਅਧਾਰਾਂ ਉਤੇ ਹੀ ਦੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਣ ਉਹ ਹੋਂਦ ਵਿਚ ਆਇਆ

ਹੁੰਦਾ ਹੈ। ਹਰ ਸਭਿਆਚਾਰ ਦਾ ਅਧਿਐਨ ਤੇ ਵਿਸ਼ਲੇਸ਼ਣ ਉਸ ਦੇ ਆਪਣੇ ਚੌਖਟੇ ਵਿਚ ਰੱਖ ਕੇ ਹੀ ਕੀਤਾ ਜਾਣਾ ਚਾਹੀਦਾ ਹੈ। ਇਹ ਸਿਧਾਂਤ ਦੂਜੇ ਸਭਿਆਚਾਰਾਂ, ਖ਼ਾਸ ਕਰਕੇ ਪੁਰਾਤਨ, ਅਤੇ ਹੁਣ ਮਿਲਦੇ ਕਬੀਲਾ-ਸਭਿਆਚਾਰਾਂ ਦੇ ਅਧਿਐਨ ਅਤੇ ਵਿਸ਼ਲੇਸ਼ਣ ਤੱਕ ਆਪਣੇ ਆਪ ਨੂੰ ਸੀਮਤ ਰੱਖਦਾ ਹੈ। ਮੁਲਾਂਕਣ ਕਰਨਾ ਇਸ ਸਿਧਾਂਤ ਦੇ ਅਨੁਕੂਲ ਨਹੀਂ ਸਮਝਿਆ ਜਾਂਦਾ, ਕਿਉਂਕਿ ਉਸ ਵਿਚ ਨਸਲਮੁੱਖਤਾ ਦਾ ਖ਼ਤਰਾ ਬਣਿਆ ਰਹਿੰਦਾ ਹੈ।

ਇਸ ਸਿਧਾਂਤ ਦੀ ਸਾਰਥਕਤਾ ਵੀ ਸਪੇਖਕ ਹੀ ਹੈ। ਸਭਿਆਚਾਰਕ ਉਚ-ਨੀਚ, ਨਸਲਵਾਦ ਅਤੇ ਫ਼ਾਸ਼ਿਜ਼ਮ ਦੇ ਮੁਕਾਬਲੇ ਉਤੇ ਇਹ ਮਨੁੱਖੀ ਬਰਾਬਰੀ ਦੇ ਜਨਵਾਦੀ ਸਿਧਾਂਤ ਨੂੰ ਪੇਸ਼ ਕਰਦਾ ਹੈ। ਭੇਦ-ਭਾਵ ਦੀ ਥਾਂ ਉਤੇ ਬੁਨਿਆਦੀ ਇਨਸਾਨੀ ਏਕਤਾ ਅਤੇ ਮਾਨਵਵਾਦ ਉਤੇ ਜ਼ੋਰ ਦੇਂਦਾ ਹੈ। ਪਰ ਇਸ ਸਿਧਾਂਤ ਦੀ ਸਾਰਥਕਤਾ ਨਸਲਮੁੱਖਤਾ ਦਾ ਮੁਕਾਬਲਾ ਕਰਨ ਤੱਕ ਹੀ ਸੀਮਤ ਹੈ। ਅੱਜ ਦੂਜੇ ਸਭਿਆਚਾਰਾਂ ਦੇ ਅਧਿਐਨ ਦੀ ਦ੍ਰਿਸ਼ਟੀ ਜਾਂ ਮੰਤਵ ਨਸਲਮੁੱਖਤਾ ਜਾਂ ਸਭਿਆਚਾਰਕ ਸਾਪੇਖਤਾ ਨਹੀਂ, ਸਗੋਂ ਕਿਸੇ ਸਾਂਝੇ ਮਨੁੱਖੀ ਸਭਿਆਚਾਰ ਦੀ ਤਸਵੀਰ ਸਿਰਜ ਸਕਣਾ ਹੈ, ਜਾਂ ਫਿਰ ਸਾਂਝੇ ਮਨੁੱਖੀ ਸਭਿਆਚਾਰਕ ਭੰਡਾਰੇ ਨੂੰ ਵਧਾਉਣਾ ਹੈ; ਇਸ ਦੇ ਵਿਕਾਸ ਦੇ ਨਿਯਮਾਂ ਦਾ ਪਤਾ ਲਾ ਕੇ ਵਿਕਾਸ ਦੀਆਂ ਮੰਜ਼ਲਾਂ ਉਤੇ ਪਿੱਛੇ ਰਹਿ ਗਏ ਸਭਿਆਚਾਰ ਨੂੰ ਨਾਲ ਮਿਲਣ ਅਤੇ ਅੱਗੇ ਵਧਣ ਵਿਚ ਸਹਾਇਤਾ ਕਰਨਾ ਹੈ। ਸਭਿਆਚਾਰ ਨੂੰ ਇਕ ਆਪ-ਮੁਹਾਰਾ ਮਨੁੱਖੀ ਵਰਤਾਰਾ ਨਾ ਰਹਿਣ ਦੇ ਕੇ, ਇਸ ਨੂੰ ਚੇਤੰਨ ਯਤਨਾਂ ਦੇ ਅਧੀਨ ਕਰਨਾ ਹੈ।

## ਸਭਿਆਚਾਰਕ ਖਤੋੜ

ਸਭਿਆਚਾਰ ਦੇ ਅੰਗ ਵੱਖੋਂ ਵੱਖਰੇ ਹਨ, ਜਿਸ ਕਰਕੇ ਉਹਨਾਂ 'ਚ ਵੱਖ-ਵੱਖ ਗਤੀ ਨਾਲ ਪਰਿਵਰਤਨ ਹੁੰਦਾ ਹੈ। ਜਦੋਂ ਕਿ ਇੱਕ ਪੱਖ ਵਧੇਰੇ ਵਿਕਾਸ ਕਰ ਜਾਵੇ ਅਤੇ ਉਸਦੇ ਮੁਕਾਬਲੇ ਬਾਕੀ ਪੱਖ ਪ੍ਰਗਤੀ ਨਾ ਕਰ ਸਕਣ ਤਾਂ ਸਭਿਆਚਾਰਕ ਢਾਂਚੇ ਵਿੱਚ ਅਸੰਤੁਲਨ ਦੀ ਹਾਲਤ ਬਣ ਜਾਦੀ ਹੈ। ਇਸ ਹਾਲਤ ਨੂੰ ਸਭਿਆਚ ਖੜੋਤ ਜਾਂ ਪਛੜੇਂਵਾ ਕਿਹਾ ਜਾਂਦਾ ਹੈ। ਸਭਿਆਚਾਰਕ ਖੜੋਤ ਸਭਿਆਚਾਰਾਂ ਦੇ ਮੁਕਾਬਲੇ ਤੇ ਹੀ ਹੁੰਦਾ ਹੈ। ਸਭਿਆਚਾਰਕ ਖੜੋਤ ਸਭਿਆਚਾਰ ਦੇ ਅੰਗਾਂ 'ਚ ਮੁਕਾਬਲੇ 'ਤੇ ਹੀ ਨਿਰਧਾਰਿਤ ਹੁੰਦਾ ਹੈ, ਜਿਵੇਂ ਇੱਕ ਸਿਸਟਮ ਵਿੱਚ ਵੱਖ ਵੱਖ ਅੰਗ ਜਾਂ ਅੰਸ਼ ਮਿਲ ਕੇ ਇੱਕ ਸਿਸਟਮ ਦੀ ਹੋਂਦ ਲਈ ਕਾਰਜਸ਼ੀਲ ਹੁੰਦੇ ਹਨ ਉਵੇਂ ਹੀ ਸਭਿਆਚਾਰ ਦੇ ਤਿੰਨ ਮੁੱਖ ਅੰਗ ਪਦਾਰਥਕ ਸਭਿਆਚਾਰ, ਬੋਧਾਤਮਕ ਸਭਿਆਚਾਰ ਅਤੇ ਪ੍ਰਤੀਮਾਨਕ ਸਭਿਆਚਾਰ ਆਪਸ ਵਿੱਚ ਅੰਤਰ ਕਿਰਿਆ ਦੇ ਸਬੰਧਾਂ ਵਿੱਚ ਬੱਝੇ ਹੋਏ ਸਭਿਆਚਾਰ ਦੀ ਹੋਂਦ ਲਈ ਕਾਰਜਸ਼ੀਲ ਹਨ। ਸਭਿਆਚਾਰ ਰੂਪਾਂਤਰਣ ਦੀ ਬਾਹਰੀ ਪ੍ਰਕਿਰਿਆ ਦੋਰਾਨ ਇਨ੍ਹਾਂ ਅੰਗਾਂ ਵਿੱਚ ਤਬਦੀਲੀ ਵਾਪਰਦੀ ਰਹਿੰਦੀ ਹੈ। ਇਸ ਦੋਰਾਨ ਤਬਦੀਲੀ ਦੀ ਪ੍ਰਕਿਰਿਆ ਹਰੇਕ ਅੰਗ ਵਿੱਚ ਇਕੋ ਜਿਹੀ ਨਹੀਂ ਹੰਦੀ। ਪਦਾਰਥਕ ਸਭਿਆਚਾਰ ਵਿੱਚ ਤਬਦੀਲੀ ਬੋਧਾਤਮਕ ਸਭਿਆਚਾਰ ਅਤੇ ਪ੍ਰਤੀਮਾਨਕ ਸਭਿਆਚਾਰ ਦੇ ਮੁਕਾਬਲਤਨ ਪਹਿਲਾਂ ਅਤੇ ਵਧੇਰੇ ਹੁੰਦੀ ਹੈ। ਪਹਿਲਾਂ ਪਦਾਰਥਕ ਸਭਿਆਚਾਰ ਵਿੱਚ ਤਬਦੀਲੀ ਵਾਪਰਦੀ ਹੈ ਪਰ ਬੋਧਾਤਮਕ ਸਭਿਆਚਾਰ ਅਤੇ ਪ੍ਰਤੀਮਾਨਕ ਸਭਿਆਚਾਰ ਵਿੱਚ ਤਬਦੀਲੀ ਤਟ-ਫਟ ਤੇ ਮਕਾਨਕੀ ਨਹੀਂ ਹੁੰਦੀ। ਪਦਾਰਥਕ ਸਭਿਆਚਰ ਵਿੱਚ ਤਬਦੀਲੀ ਫੌਰੀ ਤੌਰ 'ਤੇ ਦੂਸਰੇ ਅੰਗਾਂ ਉੱਤੇ ਅਸਰ ਨਹੀਂ ਪਾਉਂਦੀ। ਇਸ ਲਈ ਤਬਦੀਲੀ ਦੀ ਪ੍ਰਕਿਰਿਆ ਵਿੱਚ ਚੱਲ ਰਹੇ ਅੰਗਾਂ ਵਿੱਚ ਇੱਕ ਅੰਂਗ ਤੇਜ਼ੀ ਨਾਲ ਬਦਲਦਾ ਹੈ ਪਰ ਦੂਸਰੇ ਅੰਗ ਤਬਦੀਲੀ ਪੱਖੋਂ ਪਹਿਲੇ ਦੇ ਮੁਕਾਬਲੇ ਬਹੁਤ ਪਿੱਛੇ ਰਹਿ ਜਾਂਦੇ ਹਨ, ਪਿੱਛੇ ਰਹਿਣ ਦੀ ਇਸ ਸਥਿਤੀ ਨੂੰ ਹੀ ਸਭਿਆਚਾਰਕ ਖੜੋਤ ਕਿਹਾ ਜਾਂਦਾ ਹੈ। ਇੱਥੇ ਇਹ ਕਹਿਣਾ ਵੀ ਵਾਜਿਬ ਹੋਵੇਗਾ ਕਿ ਸਭਿਆਚਰਕ ਖੜੋਤ/ਪਛੜੇਵਾਂ ਦੋ ਸਭਿਆਚਾਰਾਂ ਦੇ ਅੱਗੜ-ਪਿੱਛੜ ਰਹਿ ਜਾਣ ਦੀ ਸਥੀਤੀ ਨੂੰ ਨਹੀਂ ਕਹਿੰਦੇ ਸਭਿਆਚਾਰ ਦੇ ਅੰਗਾ ਵਿੱਚ ਆਈ ਤਬਦੀਲੀ ਅਤੇ ਇੱਕ ਅੰਗ ਦੇ ਦੂਜੇ ਅੰਗਾਂ ਦੇ ਮੁਕਾਬਲਤਨ ਤੇਜ਼ੀ ਨਾਲ ਬਦਲਣ 'ਤੇ ਬਾਕੀ ਦੇ ਅੰਂਗਾਂ ਦੇ ਕਾਫ਼ੀ ਪਿਛੇ ਰਹਿ ਜਾਣ ਦੀ ਸਥਿਤੀ ਨੂੰ ਕਿਹਾ ਜਾਂਦਾ ਹੈ। ਸਭਿਆਚਾਰਕ ਪਛੜੇਵੇਂ ਦੀ ਇਸ ਸਥਿਤੀ ਨੂੰ ਭਾਰਤੀ ਸਿੱਖਿਅਕ ਪਰੰਪਰਾ ਦੇ ਸੰਦਰਭ ਵਿੱਚ ਰੱਖ ਕੇ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਪਦਾਰਥਕ ਤਬਦੀਲੀਆਂ ਰਾਹੀਂ ਸੰਸਥਾਗਤ ਤਬਦੀਲੀਆਂ ਤਾਂ ਹੋਈਆਂ ਪਰ ਬੋਧਾਤਮਕ ਅਤੇ ਪ੍ਰਤੀਮਾਨਕ ਕਦਰਾਂ-ਕੀਮਤਾਂ ਦਾ ਪੈਟਰਨ ਲਗਭਗ ਉਸੇ ਤਰਾਂ ਹੀ ਚੱਲ ਰਿਹਾ ਹੈ। ਮੱਧਕਾਲੀਨ ਸਿਖਿਅਕ ਸੰਸਥਾਵਾਂ ਮਸਜਿਦ, ਮੰਦਰ, ਜਾਂ ਗੁਰੂਦਵਾਰੇ ਭਾਵੇਂ ਅਜੋਕੇ ਯੁੱਗ ਵਿੱਚ ਸਕੂਲ, ਕਾਲਜ ਜਾਂ ਯੂਨੀਵਰਸਿਟੀਆਂ ਦੇ ਰੂਪ ਵਿੱਚ ਬਦਲ ਗਏ ਹਨ ਪਰ ਨਾਲ ਹੀ ਗਿਆਨ ਬਾਰੇ ਸਾਡਾ ਬੋਧ ਵੀ ਬਦਲ ਚੱਕਿਆ ਹੈ ਪਰ ਇਹ ਗਿਆਨ ਦੀ ਪ੍ਰਾਪਤੀ ਤੋਂ ਛੁੱਟ ਸਿੱਖਿਆ ਦੇ ਪ੍ਰਮਾਣ ਵਜੋਂ ਡਿਗਰੀ ਤਕ ਹੀ ਸੀਮਤ ਹੋ ਗਿਆ ਹੈ, ਪਰ ਫਿਰ ਵੀ ਜਿਸ ਅੰਗ ਵਿੱਚ ਤਬਦੀਲੀ ਨਾ ਮਾਤਰ ਹੋਈ, ਉਹ ਹੈ ਪ੍ਰਤੀਮਾਨਕ ਸਭਿਆਚਾਰ। ਸੰਸਥਾਗਤ ਤਬਦੀਲੀਆਂ ਦੇ ਬਾਵਜੂਦ ਵੀ ਸਾਡੇ ਲਈ ਗੁਰੂ-ਸ਼ਿਸ ਦੇ ਪ੍ਰਤਿਮਾਨ ਜਾਂ ਕਦਰਾਂ ਉਹ ਹੀ ਹਨ, ਜੋ ਪੁਰਾਤਨ ਸਨ। ਇਨ੍ਹਾਂ ਵਿੱਚ ਤਬਦੀਲੀ ਦੂਸਰੇ ਅੰਗਾਂ ਦੇ ਮੁਕਾਬਲੇ ਬਹੁਤ ਘੱਟ ਅਤੇ ਹੌਲੀ ਪ੍ਰਕਿਰਿਆ ਦੋਰਾਨ ਹੋਈ ਹੈ।

## ਸਾਰ-ਅੰਸ਼

ਉਪਰੋਕਤ ਤੱਤ ਸਭਿਆਚਾਰ ਨੂੰ ਪਰਿਵਰਤਨ ਕਰਨ 'ਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਪਰਿਵਰਤਨ ਨਿੱਕੇ ਪੱਧਰ ਤੋਂ ਲੈ ਕੇ ਵੱਡੇ ਪੱਧਰ ਤੱਕ ਅਤੇ ਤੇਜ਼ ਵੀ ਅਤੇ ਧੀਮੀ ਗਤੀ ਨਾਲ ਵੀ ਭਾਵ ਦੋਹਾਂ ਤਰੀਕਿਆਂ ਨਾਲ਼ ਹੋ ਰਿਹਾ ਹੈ। ਇਹ ਵੀ ਮਸਲਾ ਹੈ ਕਿ ਇਹ ਰੁਪਾਂਤਰਣ ਉਸਾਰੂ ਹੈ ਜਾਂ ਨਿਘਾਰੂ ਹੈ ਪਰ ਇਸ ਦੀ ਨਬਜ਼ ਅਨੁਸਾਰ ਇਸ ਸੰਬੰਧੀ ਧਿਆਨ ਦੇਣ ਨਾਲ਼ ਹੀ ਸਭਿਆਚਾਰ ਨਾਲ਼ ਜੁੜੀ ਲੋਕਾਈ ਦੀ ਹੋਂਦ ਸਥਾਪਿਤ ਰਹਿ ਸਕਦੀ ਹੈ ਤੇ ਵਿਕਾਸ ਕਰ ਸਕਦੀ ਹੈ। ਸਭਿਆਚਾਰ ਬਦਲਦਾ ਰਹਿੰਦਾ ਹੈ। ਕੁਦਰਤ ਜਾਂ ਪ੍ਰਕਿਰਤੀ ਵਿੱਚ ਤਬਦੀਲੀਆਂ ਹੁੰਦੀਆਂ ਰਹਿੰਦੀਆ ਹਨ ਜੋ ਕਿ ਸੰਘਰਸ਼ ਵਿਚੋਂ ਹੀ ਉਤਪੰਨ ਹੁੰਦੀ ਹੈ। ਸੋ, ਸਭਿਆਚਾਰਕ ਪਰਿਵਰਤਨ ਇੱਕ ਗਤੀਸ਼ੀਲ ਰਹਿਣ ਵਾਲ਼ੇ ਸਦੀਵੀ ਵਰਤਾਰਿਆਂ 'ਚੋਂ ਇੱਕ ਹੈ।

ਅਸਲ ਵਿਚ ਸਾਰੀ ਸਮਾਜਕ ਅਤੇ ਸਭਿਆਚਾਰਕ ਤਬਦੀਲੀ ਪਦਾਰਥਕ ਜੀਵਨ ਤੋਂ ਸ਼ੁਰੂ ਹੁੰਦੀ ਹੈ। ਇਹ ਮਨੁੱਖ ਦੀ ਮਜਬੂਰੀ ਹੈ ਕਿ ਉਹ ਆਪਣੇ ਸੰਦ ਬਿਹਤਰ ਬਣਾਉਂਦਾ ਰਹਿੰਦਾ ਹੈ; ਆਪਣਾ ਜੀਵਨ ਵਧੇਰੇ ਸੁਖਾਲਾ ਅਤੇ ਭਰਪੂਰ ਬਣਾਉਣ ਦੀ ਲੋਚਾ ਦੇ ਵਿਚ ਵੱਖੋ-ਵੱਖਰੀਆਂ ਪਦਾਰਥਕ ਸ਼ਕਤੀਆਂ, ਸਾਧਨਾਂ, ਸੰਦਾਂ ਨੂੰ ਜਨਮ ਦੇਂਦਾ ਰਹਿੰਦਾ ਹੈ। ਆਪਣੀਆਂ ਪਦਾਰਥਕ ਪ੍ਰਾਪਤੀਆਂ ਦੇ ਅਨੁਕੂਲ ਉਹ ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ ਸਿਰਜ ਲੈਂਦਾ ਹੈ। ਪ੍ਰਤਿਮਾਨਕ ਅਤੇ ਬੋਧਾਤਮਕ ਸਭਿਆਚਾਰ (ਕਾਨੂੰਨ, ਸੰਸਥਾਵਾਂ, ਸਮਾਜਕ ਸੰਬੰਧ, ਫ਼ਲਸਫ਼ਾ) ਇਕ ਵਾਰੀ ਹੋਂਦ ਵਿਚ ਆਏ ਪਦਾਰਥਕ ਸਭਿਆਚਾਰ ਨੂੰ ਵੀ ਨਿਯਮਤ ਅਤੇ ਨਿਯੰਤ੍ਰਿਤ ਕਰਨ ਦੀ ਅਤੇ ਸਮਾਜਕ ਸਥਿਰਤਾ ਅਤੇ ਸੰਤੁਲਨ ਕਾਇਮ ਰਖਣ ਦੀ ਰੁਚੀ ਰਖਦੇ ਹਨ। ਕਾਫ਼ੀ ਦੇਰ ਤੱਕ ਸਭਿਆਚਾਰ ਦੇ ਤਿੰਨਾਂ ਅੰਗਾਂ ਦਾ ਸੰਤੁਲਨ ਪ੍ਰਤੱਖ ਤੌਰ ਉਤੇ ਬਣਿਆ ਰਹਿੰਦਾ ਹੈ, ਜਿਸ ਦਾ ਅਰਥ ਹੈ ਕਿ ਪਦਾਰਥਕ ਸਭਿਆਚਾਰ ਵਿਚਲੀਆਂ ਤਬਦੀਲੀਆਂ, ਜੋ ਕਿ ਨਿਰੰਤਰ ਚਲਦੀਆਂ ਰਹਿੰਦੀਆਂ ਹਨ, ਸਭਿਆਚਾਰ ਦੇ ਦੂਜੇ ਅੰਗਾਂ ਨਾਲ ਉਘੜਵੇਂ ਵਿਰੋਧ ਵਿਚ ਨਹੀਂ ਆਉਂਦੀਆਂ। ਇਹ ਮਾਤ੍ਰਿਕ ਤਬਦੀਲੀ ਹੁੰਦੀ ਹੈ। ਵਿਕਾਸ ਚਲਦਾ ਰਹਿੰਦਾ ਹੈ। ਪਰ ਇਕ ਹੱਦ ਆਉਂਦੀ ਹੈ, ਜਦੋਂ ਪਦਾਰਥਕ ਸਭਿਆਚਾਰ ਆਪਣੇ ਕਿਸੇ ਪਹਿਲੇ ਪੜਾਅ ਦੇ ਅਨੁਕੂਲ ਸਿਰਜੇ ਪ੍ਰਤਿਮਾਨਿਕ ਅਤੇ ਬੋਧਾਤਮਕ ਸਭਿਆਚਾਰ ਦੇ ਢਾਂਚੇ ਵਿਚ ਨਹੀਂ ਰਹਿ ਸਕਦਾ। ਇਹਨਾਂ ਵਿਚ ਤਬਦੀਲੀ ਲਾਜ਼ਮੀ ਹੋ ਜਾਂਦੀ ਹੈ ਅਤੇ ਫਿਰ ਗੁਣਾਤਮਕ ਪਰਿਵਰਤਨ ਦਾ ਆਰੰਭ ਹੁੰਦਾ ਹੈ। ਇਸ ਦੇ ਨਾਲ ਹੀ ਨਵਾਂ ਪੜਾਅ ਸ਼ੁਰੂ ਹੁੰਦਾ ਹੈ।

## ਕੇਂਦਰੀ ਸ਼ਬਦ

- **ਸਭਿਆਚਾਰਕ ਪਰਿਵਰਤਨ** ਇੱਕ ਅਹਿਮ, ਅਟੱਲ ਪਰ ਅਤਿਅੰਤ ਸੂਖ਼ਮ ਪ੍ਰਕਿਰਿਆ ਹੈ। ਕੋਈ ਵੀ ਸਭਿਆਚਾਰਕ ਸਿਰਜਣਾ, ਵਿਹਾਰ, ਵਰਤਾਰਾ, ਵਿਚਾਰ ਅੰਤਮ ਜਾਂ ਨਿਰਪੇਖ ਨਹੀਂ, ਸਗੋਂ ਪਦਾਰਥਕ ਪਰਿਸਥਿਤੀਆਂ ਵਿਚ ਆਏ ਗਿਣਨਾਤਮਕ ਅਤੇ ਗੁਣਾਤਮਕ ਪਰਿਵਰਤਨਾਂ ਅਨੁਕੂਲ ਇਸਦੇ ਸਾਰੇ ਅੰਗ ਅਤੇ ਤੱਤ ਰੂਪਾਂਤਰਿਤ ਹੁੰਦੇ ਰਹਿੰਦੇ ਹਨ।
- **ਸਭਿਆਚਾਰੀਕਰਨ** ਨੂੰ ਦੋ ਵੱਖ-ਵੱਖ ਸੱਭਿਆਚਾਰਾਂ ਵਾਲੇ ਜਨ-ਸਮੂਹਾਂ ਦੇ ਸਿੱਧੇ, ਵੱਡੇ ਪੈਮਾਨੇ ਉੱਤੇ ਅਤੇ ਕਾਫ਼ੀ ਅਰਸੇ ਤੱਕ ਸੰਪਰਕ ਨੂੰ ਅਤੇ ਇਸ ਸੰਪਰਕ ਤੋਂ ਨਿਕਲਦੇ ਸਿੱਟਿਆਂ ਨੂੰ ਸੱਭਿਆਚਾਰੀਕਰਨ ਕਹਿੰਦੇ ਹਨ।
- **ਸੱਭਿਆਚਾਰ ਖਿੰਡਾਅ** ਜਦੋਂ ਇੱਕ ਸਮਾਜ ਵੱਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਆਪਣਾ ਲੈਣ ਤਾਂ ਇਸ ਅਮਲ ਨੂੰ ਖਿੰਡਾਅ ਜਾਂ ਅੰਸ਼-ਪਸਾਰ ਕਹਿੰਦੇ ਹਨ।
- **ਨਸਲਮੁੱਖਤਾ** ਆਪਣੇ ਹੀ ਸਭਿਆਚਾਰ ਦੇ ਦ੍ਰਿਸ਼ਟੀਕੋਨ ਤੋਂ ਬਾਕੀ ਸਭਿਆਚਾਰਾਂ ਨੂੰ ਦੇਖਣਾ ਅਤੇ ਉਹਨਾਂ ਦਾ ਮੁਲੰਕਣ ਕਰਨਾ ਹੈ। ਇਸ ਵਿਚ ਆਪਣੇ ਸਭਿਆਚਾਰ ਨੂੰ ਦੂਜੇ ਸਭਿਆਚਾਰਾਂ ਨਾਲੋਂ ਉੱਚਾ ਅਤੇ ਵਧੇਰੇ ਚੰਗਾ ਸਮਝਣ ਦੀ ਪ੍ਰਵਿਰਤੀ ਪਾਈ ਜਾਂਦੀ ਹੈ।
- **ਲੋਕਾਚਾਰ** ਤੋਂ ਭਾਵ ਹੈ ਕਿਸੇ ਸਮਾਜਕ ਸਮੂਹ ਦਾ ਜੀਵਨ-ਵਿਹਾਰ।
- **ਸਭਿਆਚਾਰਕ ਸਾਪੇਖਤਾ** ਦਾ ਸਿਧਾਂਤ ਨਸਲਮੁੱਖਤਾ ਦੀ ਪ੍ਰਵਿਰਤੀ ਦੇ ਪ੍ਰਤਿਕਰਮ ਵਜੋਂ ਹੋਂਦ ਵਿਚ ਆਇਆ ਹੈ। ਇਸ ਸਿਧਾਂਤ ਅਨੁਸਾਰ ਹਰ ਸਭਿਆਚਾਰ ਨੂੰ ਉਸ ਦੇ ਆਪਣੇ ਮੂਲ-ਅਧਾਰਾਂ ਉਤੇ ਹੀ ਦੇਖਣਾ ਅਤੇ ਪਰਖਣਾ ਜ਼ਰੂਰੀ ਹੈ, ਜਿਨ੍ਹਾਂ ਕਾਰਣ ਉਹ ਹੋਂਦ ਵਿਚ ਆਇਆ ਹੁੰਦਾ ਹੈ।
- **ਸਭਿਆਚਾਰਕ ਖੜੋਤ** ਜਦੋਂ ਕਿ ਇੱਕ ਪੱਖ ਵਧੇਰੇ ਵਿਕਾਸ ਕਰ ਜਾਵੇ ਅਤੇ ਉਸਦੇ ਮੁਕਾਬਲੇ ਬਾਕੀ ਪੱਖ ਪ੍ਰਗਤੀ ਨਾ ਕਰ ਸਕਣ ਤਾਂ ਸਭਿਆਚਾਰਕ ਢਾਂਚੇ ਵਿੱਚ ਅਸੰਤੁਲਨ ਦੀ ਹਾਲਤ ਬਣ ਜਾਦੀ ਹੈ। ਇਸ ਹਾਲਤ ਨੂੰ ਸਭਿਆਚਾਰਕ ਖੜੋਤ ਜਾਂ ਪਛੜੇਂਵਾ ਕਿਹਾ ਜਾਂਦਾ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਸਭਿਆਚਾਰਕ ਪਰਿਵਰਤਨ ਤੋਂ ਕੀ ਭਾਵ ਹੈ?**

ੳ) ਸਭਿਆਚਾਰਕ ਵਿਹਾਰ ਵਿਚਲਾ ਪਰਿਵਰਤਨ

ਅ) ਪ੍ਰਕਿਰਤਕ ਹਾਲਤਾਂ ਵਿਚ ਪਰਿਵਰਤਨ

ੲ) ਸਮਾਜਕ ਚੌਗਿਰਦੇ ਵਿਚ ਪਰਿਵਰਤਨ

ਸ) ਸਮੁੱਚੀ ਮਨੁਖੀ ਜੀਵਨ ਜਾਚ ਵਿਚ ਪਰਿਵਰਤਨ

**ਪ੍ਰਸ਼ਨ 2. ਸਭਿਆਚਾਰਕ ਖੜੋਤ ਤੋਂ ਕੀ ਭਾਵ ਹੈ?**

ੳ) ਕੁਦਰਤੀ ਵਿਹਾਰ ਵਿਚ ਤਬਦੀਲੀ ਰੁਕ ਜਾਣੀ

ਅ) ਪ੍ਰਾਕਿਰਤਕ ਜੀਵਨ ਵਿਚ ਹੌਲੀ ਹੌਲੀ ਪਰਿਵਰਤਨ

ੲ) ਸਮਾਜ ਵਿਚ ਤਬਦੀਲੀ ਦੀ ਪ੍ਰਕਿਰਿਆ ਦਾ ਪੂਰੀ ਤਰ੍ਹਾਂ ਰੁਕ ਜਾਣਾ

ਸ) ਸਮਾਜ ਵਿਚ ਬਹੁਤ ਹੌਲੀ ਗਤੀ ਵਿਚ ਪਰਿਵਰਤਨ

**ਪ੍ਰਸ਼ਨ 3. ਸਭਿਆਚਾਰਕ ਪਰਿਵਰਤਨ ਦੀ ਵਿਸ਼ੇਸ਼ਤਾ ਹੈ:**

ੳ) ਆਪਹੁਦਰੀ ਸਰਗਰਮੀ

ਅ) ਆਪਮੁਹਾਰੀ ਸਰਗਰਮੀ

ੲ) ਪ੍ਰਾਕਿਰਤਕ ਸਰਗਰਮੀ

ਸ) ਸਮਾਜਿਕ ਸਰਗਰਮੀ

**ਪ੍ਰਸ਼ਨ 4. ਸਭਿਆਚਾਰੀਕਰਨ ਤੋਂ ਕੀ ਭਾਵ ਹੈ?**

ੳ) ਸਭਿਆਚਾਰ ਵਿਚ ਪਰਿਵਰਤਨ

ਅ) ਸਭਿਆਚਾਰ ਵਿਚ ਖੜੋਤ

ੲ) ਸਭਿਆਚਾਰ ਵਿਚਲਾ ਵਿਗਠਨ

ਸ) ਸਭਿਆਚਾਰਕ ਖਿੰਡਾਅ

**ਪ੍ਰਸ਼ਨ 5. ਸਭਿਆਚਾਰ ਵਿਅਕਤੀਗਤ ਸੰਪਤੀ ਨਹੀਂ, ਸਗੋਂ ਸਮਾਜਿਕ ਵਰਤਾਰਾ ਹੈ। ਇਸ ਕਥਨ ਤੋਂ ਕੀ ਭਾਵ ਹੈ?**

ੳ) ਸਭਿਆਚਾਰ ਕੁਦਰਤ ਦੀ ਸੰਪਤੀ ਹੈ।

ਅ) ਸਭਿਆਚਾਰ ਸਮਾਜ ਵਿਚ ਗ੍ਰਹਿਣ ਕੀਤਾ ਜਾਂਦਾ ਹੈ।

ੲ) ਸਭਿਆਚਾਰ ਵਿਅਕਤੀ ਤੋਂ ਗ੍ਰਹਿਣ ਕੀਤਾ ਜਾਂਦਾ ਹੈ।

ਸ) ਸਭਿਆਚਾਰ ਵਿਰਸੇ ਤੋਂ ਸੁੱਤੇ ਸਿੱਧ ਮਿਲਦਾ ਹੈ।

**ਪ੍ਰਸ਼ਨ 6. ਦੋ ਵੱਖ ਵੱਖ ਸਭਿਆਚਾਰਾਂ ਵਾਲੇ ਜਨ-ਸਮੂਹਾਂ ਦੇ ਸਿੱਧੇ, ਵੱਡੇ ਪੈਮਾਨੇ ਉਤੇ ਅਤੇ ਕਾਫ਼ੀ ਅਰਸੇ ਤਕ ਸੰਪਰਕ ਨੂੰ ਅਤੇ ਇਸ ਸੰਪਰਕ ਤੋਂ ਨਿਕਲਦੇ ਸਿੱਟਿਆਂ ਨੂੰ...............ਕਹਿੰਦੇ ਹਨ।**

ੳ) ਸਭਿਅਤਾ

ਅ) ਸਭਿਆਚਾਰੀਕਰਨ

ੲ) ਸਭਿਆਚਾਰ

ਸ) ਪੰਜਾਬੀ ਸਭਿਆਚਾਰ

**ਪ੍ਰਸ਼ਨ 7. ਅੰਗਰੇਜ਼ੀ ਵਿਚ ਸਭਿਆਚਾਰੀਕਰਨ ਦਾ ਸਮਾਨਾਰਥੀ ਸ਼ਬਦ ਕਿਹੜਾ ਹੈ?**

ੳ) Cultivation

ਅ) Cultivate

ੲ) Culturalization

ਸ) Civilisation

**ਪ੍ਰਸ਼ਨ 8. ਸਭਿਆਚਾਰਕ ਸਾਪੇਖਤਾ ਦਾ ਸਿਧਾਂਤ.......... ਦੀ ਪ੍ਰਵਿਰਤੀ ਦੇ ਪ੍ਰਤਿਕਰਮ ਵਜੋਂ ਹੋਂਦ ਵਿਚ ਆਇਆ ਹੈ।**

ੳ) ਰੀਤੀ-ਰਿਵਾਜ਼

ਅ) ਸਭਿਆਚਾਰਕ ਖਿੰਡਾਅ

ੲ) ਨਸਲਮੁੱਖਤਾ

ਸ) ਸਭਿਆਚਾਰੀਕਰਨ

**ਪ੍ਰਸ਼ਨ 9. ਜਦੋਂ ਇਕ ਸਮਾਜ ਵਲੋਂ ਕੀਤੀ ਗਈ ਕਾਢ ਨੂੰ ਦੂਜੇ ਸਮਾਜ ਅਪਣਾ ਲੈਣ ਤਾਂ ਇਸ ਅਮਲ ਨੂੰ ਕੀ ਕਿਹਾ ਜਾਂਦਾ ਹੈ?**

ੳ) ਸਭਿਆਚਾਰੀਕਰਨ

ਅ) ਸਭਿਆਚਾਰਕ ਦਬਾਅ

ੲ) ਸਭਿਆਚਾਰਕ ਖੜੋਤ

ਸ) ਸਭਿਆਚਾਰਕ ਖਿੰਡਾਅ

**ਪ੍ਰਸ਼ਨ 10. ਆਪਣੇ ਹੀ ਸਭਿਆਚਾਰ ਦੇ ਦ੍ਰਿਸ਼ਟੀਕੋਨ ਤੋਂ ਬਾਕੀ ਸਭਿਆਚਾਰਾਂ ਨੂੰ ਦੇਖਣਾ ਅਤੇ ਉਹਨਾਂ ਦਾ ਮੁਲਾਂਕਣ ਕਰਨਾ.......ਹੈ।**

ੳ) ਨਸਲਮੁੱਖਤਾ

ਅ) ਸਭਿਆਚਾਰਕ ਦਬਾਅ

ੲ) ਸਭਿਆਚਾਰਕ ਖੜੋਤ

ਸ) ਸਭਿਆਚਾਰਕ ਖਿੰਡਾਅ

**ਪ੍ਰਸ਼ਨ 11. ਆਧੁਨਿਕੀਕਰਨ ਨੇ ਆਰਥਿਕ, ਰਾਜਸੀ ਅਤੇ ਸਭਿਆਚਾਰਕ ਸਮੁੱਚੇ ਸੱਤਾ ਦੇ ਕੇਂਦਰ ਕਿਸ ਨੂੰ ਬਣਾਇਆ ਹੈ?**

ੳ) ਕਬੀਲੇ

ਅ) ਸ਼ਹਿਰ

ੲ) ਪਿੰਡ

ਸ) ਮਹਾਂਨਗਰ

**ਪ੍ਰਸ਼ਨ 12. Cultural Change ਸ਼ਬਦ ਦਾ ਸਬੰਧ ਕਿਸ ਨਾਲ ਹੈ?**

ੳ) ਸਭਿਅਤਾ
ਅ) ਸਭਿਆਚਾਰੀਕਰਨ
ੲ) ਸਭਿਅਕ ਖੜੋਤ
ਸ) ਸਭਿਅਕ ਖਿੰਡਾਅ

**13. ਪ੍ਰਸ਼ਨ ਸਹੀ ਕਰਮ ਦੱਸੋ**?

ੳ) ਗੁਲਾਮਦਾਰੀ ਸਮਾਜ, ਸਾਮੰਤਵਾਦ/ਜਗੀਰਦਾਰੀ ਸਮਾਜ, ਸਰਮਾਇਦਾਰੀ ਸਮਾਜ, ਸਮਾਜਵਾਦੀ ਸਮਾਜ, ਮੁੱਢਲਾ ਸਾਂਝਾ ਸਮਾਜ।

ਅ) ਮੁੱਢਲਾ ਸਾਂਝਾ ਸਮਾਜ, ਗੁਲਾਮਦਾਰੀ ਸਮਾਜ, ਸਾਮੰਤਵਾਦ/ਜਗੀਰਦਾਰੀ ਸਮਾਜ, ਸਰਮਾਇਦਾਰੀ ਸਮਾਜ, ਸਮਾਜਵਾਦੀ ਸਮਾਜ

ੲ) ਮੁੱਢਲਾ ਸਾਂਝਾ ਸਮਾਜ, ਗੁਲਾਮਦਾਰੀ ਸਮਾਜ, ਸਾਮੰਤਵਾਦ/ਜਗੀਰਦਾਰੀ ਸਮਾਜ, ਸਮਾਜਵਾਦੀ ਸਮਾਜ, ਸਰਮਾਇਦਾਰੀ ਸਮਾਜ,

ਸ) ਮੁੱਢਲਾ ਸਾਂਝਾ ਸਮਾਜ, ਗੁਲਾਮਦਾਰੀ ਸਮਾਜ, ਸਰਮਾਇਦਾਰੀ ਸਮਾਜ, ਜਗੀਰਦਾਰੀ ਸਮਾਜ, ਸਮਾਜਵਾਦੀ ਸਮਾਜ

**ਪ੍ਰਸ਼ਨ 14. ਸਭਿਆਚਾਰਕ ਪਰਿਵਰਤਨ ਦੇ ਕਾਰਨ ਕਿੰਨੀ ਤਰ੍ਹਾਂ ਦੇ ਹਨ**?

ੳ) 2

ਅ) 3

ੲ) 4

ਸ) 5

**ਪ੍ਰਸ਼ਨ 15. ਕਿਹੜਾ ਸਭਿਆਚਾਰਕ ਪਰਿਵਰਤਨ ਦਾ ਨੇਮ ਨਹੀਂ ਹੈ**?

ੳ) ਸਭਿਆਚਾਰਕ ਤਬਦੀਲੀ ਇਕ ਨਿਰਪੇਖ ਸਚਾਈ ਹੈ

ਅ) ਸਭਿਆਚਾਰਕ ਤਬਦੀਲੀ ਸਧਾਰਨ ਤੋਂ ਜਟਿਲਤਾ ਵੱਲ ਹੁੰਦੀ ਹੈ।

ੲ) ਸਭਿਆਚਾਰਕ ਤਬਦੀਲੀ ਜਟਿਲਤਾ ਤੋਂ ਸਧਾਰਨ ਵੱਲ ਹੁੰਦੀ ਹੈ।

ਸ) ਸਭਿਆਚਾਰਕ ਤਬਦੀਲੀ ਵਿਕਾਸ ਮੁਖੀ ਹੈ।

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ਸ | 2 ਸ | 3.ਸ | 4. ੳ | 5. ਅ |
| 6. ਅ | 7. ੲ | 8. ੲ | 9. ਸ | 10. ੳ |
| 11. ਸ | 12. ਅ | 13. ਅ | 14. ਅ | 15. ੲ |

## ਅਭਿਆਸ ਪ੍ਰਸ਼ਨ

1. ਸਭਿਆਚਾਰਕ ਪਰਿਵਰਤਨ ਤੋਂ ਕੀ ਭਾਵ ਹੈ? ਇਸ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਸਭਿਆਚਾਰੀਕਰਨ ਦੀਆਂ ਵੱਖ-ਵੱਖ ਕਿਸਮਾਂ ਬਾਰੇ ਚਰਚਾ ਕਰੋ।
3. ਸਭਿਆਚਾਰਕ ਖੜੋਤ ਬਾਰੇ ਨੋਟ ਲਿਖੋ।
4. ਸਭਿਆਚਾਰਕ ਖਿੰਡਾਅ ਕੀ ਹੈ? ਇਸਦਾ ਵਰਗੀਕਰਨ ਕਰੋ।।
5. ਸਭਿਆਚਾਰਕ ਸਾਪੇਖਤਾ ਤੇ ਨਸਲਮੁੱਖਤਾ ਦੇ ਅੰਤਰਾਂ ਬਾਰੇ ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ


- https://pa.wikipedia.org/wiki/%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0%E0%A9%80%E0%A8%95%E0%A8%B0%E0%A8%A8
- https://pa.wikipedia.org/wiki/%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0%E0%A8%95%E0%A8%95_%E0%A8%AA%E0%A8%B0%E0%A8%BF%E0%A8%B5%E0%A8%B0%E0%A8%A4%E0%A8%A8

*Satwant Singh, Lovely Professional University*

# ਅਧਿਆਇ-3 : ਸਭਿਆਚਾਰ ਦੇ ਵਿੰਭਿਨ ਪਾਸਾਰ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਵਿਸ਼ਵ ਸਭਿਆਚਾਰ
4. ਸਭਿਆਚਾਰ ਉਦਯੋਗ ਅਤੇ ਮੀਡੀਆ
5. ਸਭਿਆਚਾਰ ਅਤੇ ਸਾਹਿਤ
6. ਮਾਸ ਕਲਚਰ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਵਿਸ਼ਵੀਕਰਨ ਤੇ ਸਭਿਆਚਾਰ ਦੇ ਅੰਤਰ-ਸਬੰਧਾਂ ਦਾ ਗਿਆਨ ਹਾਸਿਲ ਕਰਨਗੇ
- ਸਭਿਆਚਾਰ ਉਦਯੋਗ ਅਤੇ ਮੀਡੀਆ ਦੇ ਸਕੰਲਪਾਂ ਨੂੰ ਸਮਝਣਗੇ
- ਸਭਿਆਚਾਰ ਅਤੇ ਸਾਹਿਤ ਦੇ ਆਪਸੀ ਸਬੰਧਾਂ ਬਾਰੇ ਸਮਝ ਹਾਸਿਲ ਕਰਨਗੇ
- ਸਭਿਆਚਾਰ ਦੇ ਸੰਦਰਭ ਵਿਚ ਗਿਜ਼ਮੋ ਅਤੇ ਮਾਸ ਕਲਚਰ ਦੀ ਜਾਣਕਾਰੀ ਪ੍ਰਾਪਤ ਕਰਨਗੇ

## ਭੂਮਿਕਾ:

ਅਜੋਕਾ ਸੰਸਾਰ ਇਕ ਵਿਸ਼ਵੀ ਪਿੰਡ ਵਿਚ ਬਦਲ ਗਿਆ ਹੈ। 20ਵੀਂ ਸਦੀ ਤੋਂ ਪਹਿਲਾਂ ਅਸੰਭਵ ਜਾਪਦੇ ਜੀਵਨ ਵਰਤਾਰਿਆਂ ਨੂੰ ਵਿਸ਼ਵੀਕਰਨ ਦੀ ਤਕਨਾਲੋਜੀ ਤੇ ਸੂਚਨਾ ਦੇ ਪਸਾਰ ਨੇ ਸੰਭਵ ਬਣਾ ਦਿੱਤਾ ਹੈ। ਇਹ ਇੱਕ ਅਜਿਹੀ ਪ੍ਰਕ੍ਰਿਆ ਹੈ, ਜਿਸਨੇ ਸਮੁੱਚੇ ਵਿਸ਼ਵ ਦੇ ਦੇਸ਼ਾਂ ਦੀ ਆਰਥਿਕ, ਸਮਾਜਿਕ, ਰਾਜਨੀਤਿਕ, ਸੱਭਿਆਚਾਰਕ ਪ੍ਰਕ੍ਰਿਆ ਨੂੰ ਪ੍ਰਭਾਵਿਤ ਕੀਤਾ ਹੈ। ਵਿਸ਼ਵੀਕਰਨ ਦੀ ਪ੍ਰਕ੍ਰਿਆ ਨੇ 1980 ਤੋਂ ਬਾਅਦ ਜ਼ੋਰ ਫੜਿਆ ਹੈ। ਅਸਲ ਵਿੱਚ ਇਹ ਤਿੰਨ ਸੰਕਲਪ ਹਨ, ਜੋ ਇੱਕਠੇ ਹੋਂਦ ਵਿੱਚ ਆਏ। ਇਹਨਾਂ ਨੂੰ ਸੰਯੁਕਤ ਰੂਪ ਵਿੱਚ ਐੱਲ.ਪੀ.ਜੀ. ਕਿਹਾ ਜਾਂਦਾ ਹੈ। ਇਹਨਾਂ ਦਾ ਪੂਰਾ ਨਾਮ ਹੈ ਲਿਬਰਲਾਈਜ਼ੇਸ਼ਨ ਪਰਾਈਵਟਾਈਜ਼ੇਸ਼ਨ ਅਤੇ ਗਲੋਬਲਾਈਜੇਸ਼ਨ। ਇਹ ਤਿੰਨੋਂ ਇੱਕ ਦੂਸਰੇ ਦੇ ਪੂਰਕ ਹਨ ਅਤੇ ਨਾਲ-ਨਾਲ ਚੱਲਦੇ ਹਨ। ਵੀਹਵੀਂ ਸਦੀ ਦੀਆਂ ਵਿਸ਼ਵ ਵਿਆਪੀ ਤਬਦੀਲੀਆਂ ਨੇ ਇਸ ਨਿਰੰਤਰਤਾ ਤੇ ਗਤੀਸ਼ੀਲਤਾ ਨੂੰ ਹੋਰ ਤੇਜ ਕੀਤਾ ਹੈ। ਵਿਗਿਆਨ ਤੇ ਤਕਨੀਕੀ ਉਨਤੀ, ਸੰਚਾਰ ਸਾਧਨਾਂ ਦਾ ਵਿਕਾਸ, ਯਾਤਾਯਾਤ ਦੇ ਸਾਧਨਾਂ ਵਿਚ ਆਈ ਤੇਜ਼ੀ ਤੇ ਬੁਨਿਆਦੀ ਢਾਂਚੇ ਦਾ ਵਿਕਸਤ ਹੋਣਾ ਆਦਿ ਸਾਰੇ ਹੀ ਕਾਰਣ ਵਿਸ਼ਵ ਨੂੰ ਇਕ ਸਭਿਆਚਾਰਕ ਜੀਵਨ ਸ਼ੈਲੀ ਵਿਚ ਬੰਨਦੇ ਜਾ ਰਹੇ ਹਨ ਪਰ ਇਹ ਆ ਰਿਹਾ ਰੁਪਾਂਤਰਣ ਇਕਸਾਰ ਤੇ ਬਰਾਬਰੀ ਵਾਲਾ ਨਹੀਂ ਹੈ। ਸਗੋਂ ਕਈ ਪੱਖਾਂ ਤੋਂ ਵਿਕਸਤ ਮੁਲਕਾਂ ਦੇ ਸਭਿਆਚਾਰਕ

ਜੀਵਨ ਸ਼ੈਲੀ ਦਾ ਹੀ ਪਾਸਾਰ ਹੈ। ਇਸ ਸਥਿਤੀ ਨੇ ਵਿਕਾਸਸ਼ੀਲ ਦੇਸ਼ਾਂ ਦੇ ਸਭਿਆਚਾਰਾਂ ਨੂੰ ਹਾਸ਼ੀਏ ਵੱਲ ਧੱਕ ਦਿੱਤਾ ਹੈ ਜਿਸ ਕਾਰਨ ਸਬੰਧਤ ਦੇਸ਼ਾਂ ਵਿਚ ਅਨੇਕਾਂ ਸਭਿਆਚਾਰਕ ਗੁੰਝਲਾਂ ਤੇ ਸੰਕਟ ਪੈਦਾ ਹੋ ਗਏ ਹਨ।

## ਵਿਸ਼ਵ ਸਭਿਆਚਾਰ

ਵਿਸ਼ਵ ਸਭਿਆਚਾਰਕ ਵੱਖ-ਵੱਖ ਸਭਿਆਚਾਰਕ ਸਮੂਹਾਂ ਦੇ ਆਪਸ ਵਿੱਚ ਜੁੜਨ ਅਤੇ ਜੋੜਨ ਦੀ ਗਤੀਸ਼ੀਲ ਪ੍ਰਕਿਰਿਆ, ਜਿਸ ਤੋਂ ਇੱਕ ਸਮਾਨ ਅਤੇ ਸਾਂਝਾ ਸਭਿਆਚਾਰ ਪੈਦਾ ਹੁੰਦਾ ਹੈ। ਦੁਨੀਆ ਵਿੱਚ ਵਿਸ਼ਵੀਕਰਨ ਇੱਕ ਪ੍ਰਕਿਰਿਆ ਹੈ ਜੋ, ਸਿਧਾਂਤਕ ਤੌਰ ਤੇ, ਆਰਥਿਕ, ਰਾਜਨੀਤਿਕ ਅਤੇ ਸਮਾਜਕ ਪਹਿਲੂਆਂ ਨੂੰ ਸ਼ਾਮਲ ਕਰਦੀ ਹੈ, ਪਰ ਇਹ ਮੌਜੂਦ ਸਭਿਆਚਾਰਾਂ ਦੀ ਵਿਭਿੰਨਤਾ ਨੂੰ ਸਕਾਰਾਤਮਕ ਅਤੇ ਨਕਾਰਾਤਮਕ ਦੋਵਾਂ ਨੂੰ ਪ੍ਰਭਾਵਤ ਕਰਦੀ ਹੈ। ਵਿਸ਼ਵੀਕਰਨ, ਉਤਪਾਦਨ ਅਤੇ ਵਿਕਾਸ ਦੇ ਇੱਕ ਪੂੰਜੀਵਾਦੀ ਢੰਗ ਦੇ ਰੂਪ ਵਿੱਚ, ਜੋ ਆਮ ਤੌਰ 'ਤੇ ਸਮਾਜ ਦੀ ਭਲਾਈ ਦੀ ਮੰਗ ਕਰਦਾ ਹੈ, ਨੇ ਵਿਸ਼ਵ ਭਰ ਵਿੱਚ ਵੱਖ-ਵੱਖ ਆਰਥਿਕ, ਉਦਯੋਗਿਕ, ਤਕਨੀਕੀ ਅਤੇ ਰਾਜਨੀਤਿਕ ਪੈਟਰਨ ਲਗਾਏ ਹਨ ਜਿਨ੍ਹਾਂ ਨੇ ਵੱਖ-ਵੱਖ ਸਭਿਆਚਾਰਕ ਪਛਾਣਾਂ ਨੂੰ ਪ੍ਰਭਾਵਿਤ ਕੀਤਾ ਹੈ। ਦੂਜੇ ਸ਼ਬਦਾਂ ਵਿੱਚ, ਵਿਸ਼ਵ ਸਭਿਆਚਾਰ ਉਨ੍ਹਾਂ ਉਪਾਵਾਂ ਦੇ ਸਮੂਹ ਦਾ ਨਤੀਜਾ ਹੈ ਜੋ ਸਮਾਜ ਦੇ ਨਿਰੰਤਰ ਵਿਕਾਸ ਦੀ ਮੰਗ ਕਰਦੇ ਹਨ ਅਤੇ ਜਿਸਨੇ ਅੰਤਰਰਾਸ਼ਟਰੀ ਸੰਬੰਧਾਂ ਅਤੇ ਸਭਿਆਚਾਰਕ ਆਦਾਨ-ਪ੍ਰਦਾਨ ਨੂੰ ਉਤਸ਼ਾਹਤ ਕੀਤਾ ਹੈ ਅਤੇ ਬਹੁਤ ਵਾਧਾ ਕੀਤਾ ਹੈ।

ਇਸ ਤਰ੍ਹਾਂ, ਵਿਸ਼ਵੀਕਰਨ ਨੇ ਦੁਨੀਆ ਵਿੱਚ ਲੱਖਾਂ ਲੋਕਾਂ ਨੂੰ ਆਪਸ ਵਿੱਚ ਜੋੜਿਆ ਹੈ, ਜਿਸ ਨਾਲ ਸਭਿਆਚਾਰਕ ਆਦਾਨ ਪ੍ਰਦਾਨ ਹੋਇਆ। ਹਾਲਾਂਕਿ, ਵਿਸ਼ਵੀਕਰਨ ਦੁਆਰਾ ਚਲਾਏ ਗਏ ਆਰਥਿਕ ਅਤੇ ਉਦਯੋਗਿਕ ਵਿਕਾਸ ਨੂੰ ਧਿਆਨ ਵਿੱਚ ਰੱਖਦਿਆਂ, ਕੋਈ ਹੋਰ ਇਸ ਗੱਲ ਦੀ ਪ੍ਰਸ਼ੰਸਾ ਕਰ ਸਕਦਾ ਹੈ ਕਿ ਕਿਵੇਂ ਇਸ ਵਰਤਾਰੇ ਨੇ ਵਸਤੂਆਂ ਅਤੇ ਸੇਵਾਵਾਂ ਦੀ ਖਪਤ ਵਿੱਚ ਵੱਡੇ ਪੱਧਰ 'ਤੇ ਸਭਿਆਚਾਰਕ ਤਬਦੀਲੀਆਂ ਕੀਤੀਆਂ ਹਨ।

ਇਸ ਗੱਲ ਦਾ ਵੀ ਜ਼ਿਕਰ ਕੀਤਾ ਜਾਣਾ ਚਾਹੀਦਾ ਹੈ ਕਿ ਸੰਚਾਰ ਦੇ ਖੇਤਰ ਵਿੱਚ ਮਹੱਤਵਪੂਰਨ ਤਕਨੀਕੀ ਵਿਕਾਸ ਨੇ ਸਮਾਜਕ, ਕੰਮ, ਅਕਾਦਮਿਕ, ਪਰਿਵਾਰਕ ਸੰਬੰਧਾਂ, ਆਦਿ ਵਿੱਚ, ਸੰਪਰਕ ਗੁਆਏ ਬਗੈਰ ਬਹੁਤ ਸੌਖ ਅਤੇ ਤੇਜੀ ਲਿਆਂਦੀ ਹੈ।

ਜਾਣਕਾਰੀ ਅਤੇ ਵਸਤੂਆਂ ਅਤੇ ਸੇਵਾਵਾਂ ਦੇ ਆਦਾਨ-ਪ੍ਰਦਾਨ ਦੇ ਇਸ ਅਦਾਨ-ਪ੍ਰਦਾਨ ਨਾਲ ਵੱਖੋ-ਵੱਖਰੇ ਸਭਿਆਚਾਰਕ ਪ੍ਰਗਟਾਵੇ ਜੋ ਮੌਜੂਦ ਹਨ, ਆਪਸ ਵਿੱਚ ਜੁੜੇ ਹੋਏ ਹਨ ਅਤੇ ਇਸ ਰਕਮ ਦੇ ਨਤੀਜੇ ਵਜੋਂ, ਇੱਕ ਵਿਸ਼ਵ ਸੰਸਕ੍ਰਿਤੀ ਦੀ ਸੰਭਾਵਨਾ ਧਾਰਨਾ ਬਣ ਰਹੀ ਹੈ। ਹਾਲਾਂਕਿ, ਹਰੇਕ ਵਿਅਕਤੀ ਜਾਣਦਾ ਹੈ ਕਿ ਆਪਣੇ ਸਭਿਆਚਾਰਕ ਅੰਤਰਾਂ ਨੂੰ ਕਿਵੇਂ ਪਛਾਣਿਆ ਜਾਵੇ, ਇਸ ਲਈ, ਉਹ ਇੱਕ ਨਾਗਰਿਕ ਨੂੰ ਇਕ ਸਾਂਝੀ ਸਭਿਆਚਾਰਕ ਪਛਾਣ ਵਜੋਂ ਪਛਾਣਦੇ ਹਨ

ਸਭਿਆਚਾਰਕ ਵਿਸ਼ਵੀਕਰਨ ਦੀਆਂ ਉਦਾਹਰਣਾਂ ਉਨ੍ਹਾਂ ਰੀਤੀ ਰਿਵਾਜਾਂ ਵਿੱਚ ਵੇਖੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਦੂਜਿਆਂ ਦੀਆਂ ਵਿਸ਼ੇਸ਼ਤਾਵਾਂ ਦੇ ਅਨੁਕੂਲ ਬਣਾਇਆ ਗਿਆ ਹੈ, ਯਾਨੀ ਕਿ ਉਨ੍ਹਾਂ ਨੂੰ ਮੁੜ ਪਰਿਭਾਸ਼ਤ ਕੀਤਾ ਗਿਆ ਹੈ ਅਤੇ ਇਹ ਕਿਸੇ ਵੀ ਦੇਸ਼ ਵਿੱਚ ਕਲਾਤਮਕ ਪ੍ਰਗਟਾਵਿਆਂ, ਫੈਸ਼ਨ, ਗੈਸਟ੍ਰੋਨੋਮੀ, ਸੰਗੀਤ ਦੁਆਰਾ ਵੇਖਿਆ ਜਾ ਸਕਦਾ ਹੈ। ਸੱਭਿਆਚਾਰਕ ਵਿਸ਼ਵੀਕਰਨ ਦੁਆਰਾ ਜੋ ਤਬਦੀਲੀਆਂ ਵਾਪਰੀਆਂ ਹਨ।

### ਸਕਾਰਾਤਮਕ ਤਬਦੀਲੀਆਂ

- ਵਿਭਿੰਨ ਸਭਿਆਚਾਰਾਂ ਦੇ ਸਮੂਹ ਤੋਂ, ਇੱਕ ਸਮਰੂਪ ਸਭਿਆਚਾਰ ਪੈਦਾ ਹੋਇਆ ਹੈ ਜੋ ਆਮ ਰੀਤੀ ਰਿਵਾਜ਼ਾਂ ਨੂੰ ਸ਼ਾਮਲ ਕਰਦਾ ਹੈ ਅਤੇ ਵਿਅਕਤੀਆਂ ਦੁਆਰਾ ਮਾਨਤਾ ਪ੍ਰਾਪਤ ਹੁੰਦਾ ਹੈ।
- ਮਨੁੱਖੀ ਅਧਿਕਾਰਾਂ ਦੀ ਰੱਖਿਆ ਵਿੱਚ ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਿਕ ਕਦਰਾਂ ਕੀਮਤਾਂ ਨੂੰ ਮੁੜ ਪਰਿਭਾਸ਼ਤ ਕੀਤਾ ਗਿਆ ਹੈ।
- ਗਲੋਬਲ ਅੰਤਰ-ਸੰਬੰਧਾਂ ਨੇ ਸਾਨੂੰ ਮਹਾਨ ਸਭਿਆਚਾਰਕ ਵੰਨ-ਸੁਵੰਨਤਾ ਨੂੰ ਜਾਣਨ ਯੋਗ ਬਣਾਇਆ ਹੈ।
- ਲੋਕ ਆਪਣੇ ਗਿਆਨ ਅਤੇ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵਧਾਉਣ ਲਈ ਵੱਖ ਵੱਖ ਭਾਸ਼ਾਵਾਂ ਤੇ ਜੀਵਨ ਸ਼ੈਲੀਆਂ ਸਿੱਖ ਰਹੇ ਹਨ।
- ਸੰਚਾਰ ਅਤੇ ਆਡੀਓਵਿਜ਼ੁਅਲ ਮੀਡੀਆ ਨੇ ਵੱਖੋ ਵੱਖਰੇ ਤਰੀਕਿਆਂ ਨਾਲ, ਬ੍ਰਾਂਡਾਂ, ਰੁਝਾਨਾਂ, ਭਾਸ਼ਾਈ ਪ੍ਰਗਟਾਵਿਆਂ ਆਦਿ ਰਾਹੀਂ ਸਭਿਆਚਾਰਕ ਵਿਸ਼ਵੀਕਰਨ ਦੇ ਵਿਕਾਸ ਨੂੰ ਉਤਸ਼ਾਹਤ ਕੀਤਾ ਹੈ, ਜਿਨ੍ਹਾਂ ਨੂੰ ਵੱਡੀ ਗਿਣਤੀ ਵਿੱਚ ਲੋਕ ਸਮੂਹਾਂ ਦੁਆਰਾ ਮਾਨਤਾ ਪ੍ਰਾਪਤ ਹੈ.
- ਸਭਿਆਚਾਰਕ ਆਦਾਨ-ਪ੍ਰਦਾਨ ਅਤੇ ਬਹੁ-ਸੱਭਿਆਚਾਰਵਾਦ ਵਧਾਇਆ ਜਾਂਦਾ ਹੈ।
- ਸਭਿਆਚਾਰਕ ਵਿਸ਼ਵੀਕਰਨ ਇੱਕ ਅਜਿਹਾ ਵਰਤਾਰਾ ਰਿਹਾ ਹੈ ਜਿਸ ਨੇ ਲੱਖਾਂ ਲੋਕਾਂ ਨੂੰ ਇਕ ਮੰਚ ਤੇ ਇੱਕਠੇ ਕੀਤਾ ਹੈ।

### ਨਕਾਰਾਤਮਕ ਤਬਦੀਲੀਆਂ

- ਸੱਭਿਆਚਾਰਕ ਵਿਸ਼ਵੀਕਰਨ ਇੱਕ ਅਜਿਹਾ ਵਰਤਾਰਾ ਹੈ ਜਿਸ ਨੇ ਸਭਿਆਚਾਰਕ ਪ੍ਰਗਟਾਵਿਆਂ ਨੂੰ ਨਿਯਮਤ ਅਤੇ ਮਾਨਕੀਕਰਨ ਕੀਤਾ ਹੈ।

- ਬਹੁਤ ਘੱਟ ਲੋਕਾਂ ਵਾਲੇ ਖੇਤਰਾਂ ਜਾਂ ਕਸਬਿਆਂ ਦੇ ਸਭਿਆਚਾਰਕ ਸਮੂਹ ਆਪਣੀ ਵੱਖਰੀ ਪਛਾਣ ਨੂੰ ਛੱਡ ਕੇ ਵੱਡੇ ਅਤੇ ਵਧੇਰੇ ਪ੍ਰਭਾਵਸ਼ਾਲੀ ਖੇਤਰਾਂ ਜਾਂ ਦੇਸ਼ਾਂ ਦੇ ਸਭਿਆਚਾਰਾਂ ਦੁਆਰਾ ਪ੍ਰਭਾਵਤ ਹੋਏ ਹਨ।
- ਕੁਝ ਰੀਤੀ-ਰਿਵਾਜ ਜਾਂ ਸੱਭਿਆਚਾਰਕ ਪਰੰਪਰਾਵਾਂ ਜਿਹੜੇ ਪ੍ਰਭਾਵੀ ਸਭਿਆਚਾਰਾਂ ਦੇ ਕਾਰਨ ਹਾਸ਼ੀਏ 'ਤੇ ਚਲੇ ਗਏ ਹਨ, ਉਨ੍ਹਾਂ ਦੇ ਗੁੰਮ ਜਾਣ ਦੇ ਖ਼ਤਰੇ ਪੈਦਾ ਹੋ ਗਏ ਹਨ।
- ਵਿਸ਼ਵੀ ਸਭਿਆਚਾਰ ਪੈਦਾ ਹੋਣ ਕਾਰਨ ਸੱਭਿਆਚਾਰਕ ਵਿਭਿੰਨਤਾ ਘਟ ਰਹੀ ਹੈ।
- ਦੁਨੀਆ ਦੇ ਸਭ ਤੋਂ ਵਿਕਸਤ ਅਤੇ ਪ੍ਰਭਾਵਸ਼ਾਲੀ ਦੇਸ਼ਾਂ ਦੇ ਰਿਵਾਜ ਥੋਪ ਦਿੱਤੇ ਗਏ ਹਨ।
- ਸਭਿਆਚਾਰਕ ਵਿਸ਼ਵੀਕਰਨ ਇੱਕ ਗਤੀਸ਼ੀਲ ਵਰਤਾਰਾ ਹੈ ਜੋ ਵਪਾਰਕ, ਰਾਜਨੀਤਿਕ ਅਤੇ ਸਮਾਜਿਕ ਆਦਾਨ-ਪ੍ਰਦਾਨ ਤੋਂ ਪੈਦਾ ਹੁੰਦਾ ਹੈ, ਇਸੇ ਕਰਕੇ ਸਭਿਆਚਾਰ ਨੂੰ ਪ੍ਰਭਾਵਤ ਅਤੇ ਸੋਧਿਆ ਨਾ ਜਾਣਾ ਮੁਸ਼ਕਲ ਹੁੰਦਾ ਹੈ।
- ਸੱਭਿਆਚਾਰਕ ਵਿਸ਼ਵੀਕਰਨ ਕਿਸੇ ਰਾਸ਼ਟਰ ਦੀ ਪ੍ਰਭੂਸੱਤਾ ਦੇ ਨੁਕਸਾਨ ਦਾ ਕਾਰਨ ਬਣ ਸਕਦਾ ਹੈ।
- ਵੱਡੇ ਬ੍ਰਾਂਡਾਂ ਦੀ ਖਪਤ ਉਸ ਚੀਜ਼ ਦੀ ਖਪਤ ਅਤੇ ਪ੍ਰਚਾਰ ਤੋਂ ਪਹਿਲਾਂ ਆਉਂਦੀ ਹੈ ਜੋ ਕਿਸੇ ਦੇਸ਼ ਜਾਂ ਖੇਤਰ ਦੇ ਸਭਿਆਚਾਰ ਨੂੰ ਦਰਸਾਉਂਦੀ ਹੈ।

ਡਾ. ਭੁਪਿੰਦਰ ਸਿੰਘ ਖਹਿਰਾ ਨੇ ਪੈਟਰਨ ਮੈਕਗ੍ਰਹਨ ਦੀ ਟੈਲੀਵੀਜ਼ਨ ਸੀਰੀਜ਼ 'ਦੀ ਪਰਿਸ਼ਨਰ' (The Prisoner) ਸਾਂਝੀ ਕੀਤੀ ਹੈ। ਜਿਹੜੀ 1967 ਵਿਚ ਬਰੌਡਕਾਸਟ ਹੋਈ ਸੀ, ਉਨ੍ਹਾਂ ਅਨੁਸਾਰ ਇਹ ਸਾਹਿਤਕ ਪੱਧਰ ਤੇ ਉਤਰ ਆਧੁਨਿਕ ਯੁੱਗ ਦੀ ਸ਼ੁਰੂਆਤ ਦਾ ਸੰਕੇਤ ਦਿੰਦੀ ਹੈ। ਬੇਸ਼ਕ ਇਸ ਬਾਰੇ ਹੋਰ ਵੀ ਸੰਕੇਤ ਮਿਲਦੇ ਹਨ ਪਰ ਸਾਹਿਤਕ ਆਲੋਚਕਾਂ ਅਤੇ ਚਿੰਤਕਾਂ ਬਾਰੇ ਇਸ ਵਿਚ ਵਧੇਰੇ ਸੰਕੇਤ ਦਿੱਤੇ ਗਏ ਹਨ। ਪਰ ਉੱਤਰ ਆਧੁਨਿਕ ਬਾਰੇ ਪਾਰਗਾਮੀ ਤੇ ਸਪੱਸ਼ਟ ਵਿਚਾਰਾਂ ਦੀ ਆਮਦ ਇਕ ਦਹਾਕੇ ਤੋਂ ਵੱਧ ਪੁਰਾਣੀ ਨਹੀਂ। ਉਤਰ ਆਧੁਨਿਕ ਯੁੱਗ ਅਤੇ ਸੂਚਨਾ ਸੰਚਾਰ ਪ੍ਰਣਾਲੀ ਦੀ ਚੌਧਰ ਨੂੰ ਸਥਾਪਤ ਕਰਨ ਦੀ ਉਦਾਹਰਨ ਲਈ ਹਾਲੀ ਵੀ ਦੀ 'ਪਰਿਜ਼ਨਰ' ਨੂੰ ਅੰਕਿਤ ਕੀਤਾ ਜਾਂਦਾ ਹੈ। ਇਸ ਰਚਨਾ ਦੇ ਹਰ ਕੜੀ ਦੀ ਸ਼ੁਰੂਆਤ ਇਸ ਸੰਵਾਦ ਨਾਲ ਹੁੰਦੀ ਹੈ।

ਪਰਿਜ਼ਨਰ ਮੈਂ ਕਿਥੇ ਹਾਂ :?

ਆਵਾਜ਼ ਪਿੰਡ ਵਿਚ। :

ਪਰਿਜ਼ਨਰ: ਤੂੰ ਕੀ ਚਾਹੁੰਦੀ ਹੈਂ?

ਆਵਾ: ਸੂਚਨਾ।

ਪਰਿਜ਼ਨਰ: ਤੂੰ ਕਿਸ ਧਿਰ ਨਾਲ ਹੈਂ ?

ਆਵਾਜ: ਇਹ ਵੀ ਦਸਿਆ ਜਾਵੇਗਾ, ਮੈਂ ਸੂਚਨਾ ਚਾਹੁੰਦੀ ਹਾਂ। ਸੂਚਨਾ, ਸੂਚਨਾ।

ਪਰਿਜਨਰ: ਤੈਨੂੰ ਇਹ ਨਹੀਂ ਮਿਲੇਗੀ।

ਆਵਾਜ: ਪੁੱਠੇ ਸਿੱਧੇ ਢੰਗ ਨਾਲ ਮੈਂ ਹਾਸਲ ਕਰਾਂਗੀ।

ਪਰਿਜਨਰ: ਤੂੰ ਹੈਂ ਕੌਣ ?

ਆਵਾਜ: ਨਵਾਂ ਨੰਬਰ ਦੋ।

ਪਰਿਜਨਰ: ਫਿਰ ਨੰਬਰ ਇਕ ਕੌਣ ਹੈ ?

ਆਵਾਜ: ਤੇਰਾ ਨੰਬਰ ਛੇ ਹੈ।

ਪਰਿਜਨਰ ਮੈਂ ਨੰਬਰ ਨਹੀਂ :, ਮੈਂ ਆਜਾਦ ਮਨੁੱਖ ਹਾਂ।

ਇਸ ਤਰਾਂ ਅਸੀਂ ਦੇਖਦੇ ਹਾਂ ਕਿ ਪਰਿਜਨਰ ਇਕ ਕਾਰਜ ਉਤਸੁਕਤਾ ਭਰਪੂਰ ਡਰਾਮਾ ਹੈ। ਇਸ-ਕਮ-ਡਰਮੇ ਵਿੱਚ ਹਰ ਵਾਕ ਬਹੁ ਅਰਥੀ ਪਰਤਾਂ ਵਿਚ ਲੁਕਿਆ ਹੋਇਆ ਹੈ। ਅਰਥ ਦੇ ਦੁਆਲੇ ਧੁੰਦਲੇਪਣ ਅਤੇ ਬਣਾਵਟੀ ਸਟਾਇਲ ਦੀਆਂ ਪਰਤਾਂ ਚੜੀਆਂ ਹੋਈਆਂ ਹਨ। ਕੁਝ ਵੀ ਸਪਸ਼ਟ ਨਹੀਂ। ਇਹ ਇਕ ਬਣਾਵਟੀ ਅਤੇ ਦੁਬਿਧਾ ਭਰਪੂਰ ਉਤਸੁਕ ਰਚਨਾ ਲਗਦੀ ਹੈ। ਇਹ ਹੀ ਉਤਰ ਆਧੁਨਿਕਤਾ ਬਾਰੇ ਅਤੇ ਇਸਦੀਆਂ ਸਿਰਜਨਾਵਾਂ ਬਾਰੇ ਕਿਹਾ ਜਾ ਸਕਦਾ ਹੈ। ਇਸ ਡਰਾਮੇ ਦੀ ਦੂਸਰੀ ਕੜੀ ਵਿਚ ਆਰਟ ਅਤੇ ਕਰਾਫਟ ਦੀ ਨੁਮਾਇਸ਼ ਲਗੀ ਹੋਈ ਹੈ। ਇਸ ਦੀ ਪਰਖ ਲਈ ਜੱਜ ਪ੍ਰਵੇਸ਼ ਕਰਦੇ ਹਨ। ਕਲਾ ਕ੍ਰਿਤਾਂ ਬਾਰੇ ਬਹੁਤ ਹੀ ਰੌਚਿਕ ਸੰਵਾਦ ਹੁੰਦਾ ਹੈ।

ਜੱਜ : ਕੁਝ ਨਿਸ਼ਚੇ ਨਾਲ ਨਹੀਂ ਕਿਹਾ ਜਾ ਸਕਦਾ ਕਿ ਇਸਦੇ ਕੀ ਅਰਥ ਹਨ ?

ਛੇ ਨੰਬਰ : ਇਸ ਦੇ ਅਰਥ ਉਹੀ ਹਨ ਜਿਹੜੇ ਹੋਣੇ ਚਾਹੀਦੇ ਹਨ।

ਨੰਬਰ ਦੋ : ਇਸ ਦਾ ਅਰਥ ਹੈ ਕਿ ਹੁਸ਼ਿਆਰ ਹੈ, ਉਹ ਨਹੀਂ ਤੂੰ ਮੈਨੂੰ ਪ੍ਰਭਾਵਿਤ ਕਰ ਰਿਹਾ ਹੈ। ਤੂੰ ਅਵਾਰਡ ਕਮੇਟੀ ਦਾ ਮੈਂਬਰ ਹੈਂ।

ਜੱਜ : ਮੇਰੀ ਉਲਝਣ ਕੀ ਹੈ ?

ਨੰਬਰ ਛੇ: ਤੁਸੀਂ ਗਰੁੱਪ ਨੂੰ ਸਿਰਲੇਖ 'ਛੁਟਕਾਰਾ' (escape)' ਦਿੱਤਾ ਹੈ।

ਛੇ ਨੰਬਰ : ਇਹ ਟੋਟਾ .... ਇਹ ਤੁਹਾਨੂੰ ਕੀ ਲਗਦਾ ਹੈ ?

ਜੱਜ : ਚਰਚ ਦਾ ਦਰਵਾਜਾ ਲਗਦਾ ਹੈ ?

ਨੰਬਰ ਛੇ : ਪਹਿਲੀ ਵਾਰ ਸਹੀ ਦਸਿਆ।

ਜੱਜ : ਮੈਂ ਸੋਚਦਾ ਹਾਂ, ਮੈਂ ਦੇਖਦਾ ਹਾਂ ਉਹ ਇਥੇ ਕੀ ਲੈ ਰਿਹਾ ਹੈ ?

ਅਰਥ ਸਹੀ ਹਨ। ਪਰਿਜਨਰ ਸੰਵਾਦ ਕਰ ਰਿਹਾ ਹੈ ਕਿ ਇਥੇ ਸਭ ਕੋਈ ਉਹੀ ਕੁਝ ਦੇਖ ਰਿਹਾ ਹੈ ਜੋ ਕੁਝ ਉਹ ਦੇਖਣਾ ਚਾਹੁੰਦਾ ਹੈ। ਇਥੇ ਕੋਈ ਵਿਆਪਕ ਸਚਾਈ ਨਹੀਂ, ਇਥੇ ਛੇ ਨੰਬਰ ਦਾ ਵਿਚਾਰ ਹੈ ਸੋਚ ਉਧਰ ਹੀ ਹੈ। ਜਿਧਰ ਤੁਸੀਂ ਹੋ। ਇਸ ਸੰਦਰਭ ਵਿਚ ਵਿਚਾਰਧਾਰਾ, ਸੱਚ, ਤਰਕ ਸਭ ਅਰਥ ਗੁਆ ਚੁੱਕੇ ਹਨ ਅਤੇ ਸਾਪੇਖ ਸਥਿਤੀ ਵਿਚ ਵਿਚਰ ਰਹੇ ਹਨ। ਹਰ ਵਸਤੂ ਸ਼ੀਸ਼ੇ ਦਾ ਪ੍ਰਤੀਬਿੰਬ ਹੈ। ਇਸ ਸਾਖੇਪਤਾ ਤੋਂ ਕੋਈ ਛੁਟਕਾਰਾ ਨਹੀਂ ਪਾ ਸਕਦਾ। ਹਰ ਕੋਈ ਇਸ ਵਿਚ ਉਲਝ ਗਿਆ ਜਾਪਦਾ ਹੈ। ਇਹ ਹੀ ਉਤਰ ਆਧੁਨਿਕਤਾ ਦੀ ਸਥਿਤੀ ਹੈ। ਇਸ ਕਿਰਿਆ ਨੂੰ ਵਿਸ਼ਵ ਵਿਆਪੀਕਰਨ ਕਿਹਾ ਜਾ ਸਕਦਾ ਹੈ। ਪਰਿਜ਼ਨਰ ਸ਼ਬਦਾਂ ਦੀ ਜਾਦੂਗਰੀ ਨਾਲ ਹੀ ਸੰਤੁਸ਼ਟ ਜਾਪਦਾ ਹੈ। ਸ਼ਬਦ ਡਰਾਮਾ ਹਨ ਅਤੇ ਡਰਾਮਾ ਸ਼ਬਦ ਵਿਚ ਹੈ।

ਨੰਬਰ ਦੋ : ਮੈਂ ਤੈਨੂੰ ਮਾਰ ਦੇਵਾਂਗਾ।

ਨੰਬਰ ਛੇ : ਮੈਂ ਮਰ ਜਾਵਾਂਗਾ।

ਨੰਬਰ ਦੋ : ਤੂੰ ਤਾਂ ਪਹਿਲਾਂ ਹੀ ਮਰਿਆ ਹੋਇਆ ਹੈ।

ਇਸ ਤਰਾਂ ਉਤਰ ਆਧੁਨਿਕਤਾ ਦੀ ਸਥਿਤੀ ਜਿਹੜੀ ਕਿ ਵਿਸ਼ਵੀਕਰਨ ਦੀ ਮੂਲ ਪ੍ਰਵਿਰਤੀ ਬਣੀ ਹੋਈ ਸੂਚਨਾ ਵਿਚ ਬਹੁ-ਅਰਥਤਾ ਤੇ ਗੰਧਲਾਪਣ ਪੈਦਾ ਕਰ ਰਹੀ ਹੈ। ਸਾਹਿਤ ਅਤੇ ਇਸਦੀ ਸਿਰਜਨਾਵਾਂ ਸਾਖੇਪਤਾ ਵਿਚ ਵਿਚਰ ਰਹੀਆਂ ਹਨ। ਮੂਲ ਕਦਰਾਂ ਕੀਮਤਾਂ ਅਤੇ ਮਨੁੱਖ ਦੀ ਕਲਾਤਮਕ ਸਿਰਜਨਾਵਾਂ ਦਾ ਮਖੌਲ ਉਡਾਇਆ ਜਾ ਰਿਹਾ ਹੈ। ਇਹ ਧਾਰਨਾ ਵੀ ਪ੍ਰਸਤੁਤ ਕੀਤੀ ਜਾ ਰਹੀ ਹੈ ਕਿ ਸੂਚਨਾ ਹਾਸਲ ਕਰਨ ਦਾ ਬਿਹਤਰੀਨ ਜਰੀਆ ਪੜਤਾਲ ਨਹੀਂ ਸਗੋਂ ਕਲਪਨਾ ਹੈ, ਗਲਪ ਫਲਸਫੇ ਨਾਲੋਂ ਬਿਹਤਰ ਹੈ, ਬਿਰਤਾਂਤ ਸਿਧਾਂਤ ਨਾਲੋਂ ਨਿੱਗਰ ਹੈ, ਇਹ ਮਨੁੱਖੀ ਵਿਵਹਾਰ ਨੂੰ ਮਾਪਣ ਦੇ ਵਧੀਆ ਮਾਪਦੰਡ ਹਨ। ਵਿਚਾਰ ਵਿਚ ਧੁੰਦਲਾਪਣ ਕਲਾ ਹੈ। ਯਥਾਰਥ ਦੀ ਗੱਲ ਕਰਨਾ, ਪਾਗਲਪਣ ਹੈ। ਸੱਚ ਮਰ ਚੁਕਿਆ ਹੈ। ਰੱਬ ਨਾਮ ਦੀ ਕੋਈ ਚੀਜ਼ ਨਹੀਂ। ਹੁਣ ਸਮਾਜਕ ਜੀਵਨ ਦੀ ਚਾਲਕ ਸ਼ਕਤੀ ਯਥਾਰਥ ਨਹੀਂ, ਸਗੋਂ ਸਿਮਲੇਸ਼ਨ ਨਾਅਰੇਬਾਜ਼ੀ) ਹੈ। ਇਹਨਾਂ ਸਥਿਤੀਆਂ ਵਿਚ ਵਿਸ਼ਵਵਿਆਪੀਕਰਨ ਵਾਪਰ ਰਿਹਾ ਹੈ, ਸਾਹਿਤਕ ਅਤੇ ਕਲਾਤਮਕ ਸਿਰਜਨਾਵਾਂ ਦੀ ਚਰਚਾ ਇਹਨਾਂ ਪਰਿਸਥਿਤੀਆਂ ਵਿਚ ਰੱਖਕੇ ਹੀ ਕਰਨੀ ਬਣਦੀ ਹੈ।

## ਸਭਿਆਚਾਰ, ਉਦਯੋਗ ਅਤੇ ਮੀਡੀਆ

ਸਭਿਆਚਾਰ ਸਮਾਜ ਦੀ ਇੱਕ ਅਜਿਹੀ ਦੇਣ ਹੈ, ਜੋ ਉਹਨਾਂ ਦੀ ਪਹਿਚਾਣ ਨੂੰ ਬਾਕੀ ਸਮਾਜ ਤੋਂ ਵੱਖਰਾ ਦਿਖਾਉਂਦੀ ਹੈ। ਇਹ ਵੀ ਬਿਲਕੁੱਲ ਸੱਚ ਹੈ ਕਿ ਸਮਾਜ ਵਿੱਚ ਹੋ ਰਹੀਆਂ ਤਬਦੀਲੀਆਂ ਚਾਹੇ ਉਹ ਮਨੁੱਖ ਦੀ ਮਰਜ਼ੀ ਨਾਲ ਹੋਣ ਜਾਂ ਉਸਦੀ ਮਰਜ਼ੀ ਤੋਂ ਬਿਨ੍ਹਾਂ ਉਸਦਾ ਪ੍ਰਭਾਵ ਸੱਭਿਆਚਾਰ ਤੇ ਵੀ ਪੈਂਦਾ ਹੈ, ਪਰੰਤੂ ਵਿਗਿਆਨ ਅਤੇ ਤਕਨਾਲੋਜੀ ਦੇ ਆਉਣ ਨਾਲ ਵਿਕਾਸ ਰਾਹੀ ਐਨੀ ਜਲਦੀ ਤਬਦੀਲੀ ਆ ਰਹੀ ਹੈ ਕਿ ਸਮੇਂ ਨੂੰ ਆਪਣੀ ਪਕੜ੍ਹ ਵਿੱਚ ਰੱਖਣਾ ਮਨੁੱਖ ਲਈ ਬਹੁਤ ਮੁਸ਼ਕਿਲ ਹੋ ਗਿਆ ਹੈ। ਵਿਗਿਆਨ ਦੇ ਆਉਣ ਨਾਲ ਉਦਯੋਗ ਹੋਂਦ ਵਿੱਚ ਆਏ, ਉਦਯੋਗਾਂ ਨਾਲ ਮਹਾਂ-ਨਗਰ, ਨਗਰ, ਹੋਂਦ ਵਿੱਚ ਆਏ ਤੇ ਫਿਰ ਇਹ ਉਦਯੋਗੀਕਰਨ ਇਸ ਤਰ੍ਹਾਂ ਫੈਲਣ ਲੱਗਿਆ ਕਿ ਘੱਟ ਦੂਰੀ ਤੇ ਸ਼ਹਿਰ ਹੋਂਦ ਵਿੱਚ ਆਉਣ ਲੱਗੇ ਤੇ ਸ਼ਹਿਰ ਦੀ ਹੋਂਦ ਕਾਰਨ ਇੱਕ ਨਵਾਂ ਸੱਭਿਆਚਾਰ ਹੋਂਦ ਵਿੱਚ ਆਇਆ, ਜਿਸ ਨੂੰ ਸ਼ਹਿਰੀ/ਮਹਾਨਗਰੀ ਸੱਭਿਆਚਾਰ ਜਾਂ ਉਦੋਯੋਗਿਕ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ। ਕਾਢ ਜਾਂ ਲੱਭਤਾ ਨੇ ਮਨੁੱਖ ਦੀਆਂ ਲੋੜਾਂ ਨੂੰ ਐਨਾ ਵਧਾ ਦਿੱਤਾ ਕਿ ਮਨੁੱਖੀ ਕਦਰਾਂ, ਕੀਮਤਾਂ, ਵਿੱਚ ਸਮੇਂ ਦੀ ਰਫਤਾਰ ਨਾਲੋਂ ਵਧੇਰੇ ਜਲਦੀ ਤਬਦੀਲੀ ਹੋਣ ਲੱਗੀ। ਉਦਯੋਗੀਕਰਨ ਨੇ ਛੋਟੇ-ਛੋਟੇ ਧੰਦਿਆਂ ਨੂੰ ਖਤਮ ਹੀ ਕਰ ਦਿੱਤਾ। ਜਿਵੇਂ: ਪਹਿਲਾਂ ਘੁਮਿਆਰ, ਲੋਹਾਰ, ਚਮਾਰ, ਜੁਲਾਹੇ ਦੀ ਸਭ ਨੂੰ ਲੋੜ ਸੀ, ਪਰੰਤੂ ਉਦਯੋਗੀਕਰਨ ਨੇ ਇਨ੍ਹਾਂ ਸਭ ਨੂੰ ਆਪਣੇ ਹੇਠ ਦਬਾਅ ਲਿਆ। ਸਿੱਟਾ ਇਹ ਨਿਕਲਿਆ ਕਿ ਲੋਕ ਕੰਮ-ਧੰਦੇ ਲਈ ਸ਼ਹਿਰਾਂ ਵਿੱਚ ਵਸਣ ਲੱਗੇ ਤੇ ਪਿੰਡਾਂ ਵਿੱਚ ਵਧੇਰੇ ਉਹੀ ਲੋਕ ਰਹੇ ਜਾਂ ਰਹਿੰਦੇ ਹਨ, ਜੋ ਕਿਸਾਨੀ ਨਾਂਲ ਸੰਬੰਧਿਤ ਹਨ, ਸ਼ਹਿਰਾਂ ਦੀ ਰੋਜ਼ ਦੀ ਦੌੜ੍ਹ-ਭੱਜ ਅਤੇ ਕੰਮ-ਕਾਜ ਨੇ ਮਨੁੱਖ ਨੂੰ ਇੱਕ ਮਸ਼ੀਨ ਦੀ ਤਰ੍ਹਾਂ ਬਣਾ ਦਿੱਤਾ, ਜਿਸ ਨਾਲ ਉਹ ਆਪਣੇ ਮੂਲ ਸੱਭਿਆਚਾਰ ਨੂੰ ਪਛਾੜ ਗਿਆ ਤੇ ਇੱਕ ਨਵਾਂ ਸੱਭਿਆਚਾਰ 'ਸ਼ਹਿਰੀ ਸੱਭਿਆਚਾਰ' ਸਿਰਜਿਆ।

ਉਦਯੋਗਿਕ ਸ਼ਹਿਰ ਇੱਕ ਅਜਿਹੀ ਆਬਾਦੀ ਦਾ ਨਮੂਨਾ ਹੈ, ਜਿਸ ਵਿੱਚ ਆਬਾਦੀ ਸੰਘਣੀ ਹੁੰਦੀ ਹੈ, ਲੋਕ ਇੱਕ ਸੀਮਿਤ ਭੂਗੋਲਿਕ ਖੇਤਰ ਵਿੱਚ ਪੱਕੇ ਤੌਰ ਤੇ ਨਿਵਾਸ ਕਰਦੇ ਹਨ, ਖੇਤੀਬਾੜੀ ਦੀ ਬਜਾਇ ਉਦਯੋਗਿਕ ਧੰਦਿਆਂ ਆਦਿ ਦੁਆਰਾ ਆਪਣੀ ਉਪਜੀਵਿਕਾ ਕਰਦੇ ਹਨ। ਭਾਵੇਂ ਸ਼ਹਿਰਾਂ ਨੂੰ ਭੀੜ-ਭਾੜ, ਅਪਰਾਧ, ਘਟਨਾਵਾਂ, ਨਸਲੀ ਅਤੇ ਧਾਰਮਿਕ ਦੰਗਿਆਂ ਦੇ ਕਾਰਨ ਅਕਸਰ ਤ੍ਰਿਸਕਾਰਿਆ ਜਾਂਦਾ ਹੈ, ਪਰੰਤੂ ਅੱਜ-ਕੱਲ੍ਹ ਦੁਨੀਆ ਵਿੱਚ ਵਸਣ ਵਾਲੇ ਲੋਕਾਂ ਦੀ ਬਹੁ-ਸੰਖਿਆ ਸ਼ਹਿਰੀ ਖੇਤਰਾਂ ਵਿੱਚ ਨਿਵਾਸ ਕਰਦੀ ਹੈ।

ਮੀਡੀਆ ਇੱਕ ਬਹੁ ਵਿਕਲਪੀ ਸ਼ਬਦ ਹੈ ਜਿਸ ਦੇ ਕਈ ਅਰਥ ਹੋ ਸਕਦੇ ਹਨ। ਇਸ ਦਾ ਆਮ ਅਰਥ ਸੰਚਾਰ ਮਾਧਿਅਮ ਹੈ। ਮੀਡੀਆ ਤੋਂ ਭਾਵ ਕੇਵਲ ਇਲੈਕਟਰੋਨਿੰਗ ਮੀਡੀਆ ਜਾਂ ਟੀ.ਵੀ. ਚੈਨਲ ਹੀ ਨਹੀਂ ਹਨ ਬਲਕਿ ਪ੍ਰਿੰਟ ਮੀਡੀਆ, ਸੋਸ਼ਲ-ਮੀਡੀਆ, ਇਸ਼ਤਿਹਾਰ ਮੀਡੀਆ, ਡਿਜੀਟਲ ਮੀਡੀਆ, ਪ੍ਰਕਾਸ਼ਿਤ ਮੀਡੀਆ (ਪੁਸਤਕ ਮੀਡੀਆ), ਮਾਸ-ਮੀਡੀਆ, ਰਿਕਾਡਿੰਗ ਮੀਡੀਆ ਅਤੇ ਪ੍ਰਸਾਰਨ ਮੀਡੀਆ ਸ਼ਾਮਲ ਹਨ।

**ਫ਼ਰੈਂਕ-ਫ਼ਰਟ ਸਕੂਲ ਅਨੁਸਾਰ**, " ਮੀਡੀਆ ਇੱਕ ਅਜਿਹਾ ਸ਼ਕਤੀਸ਼ਾਲੀ ਸਾਧਨ ਹੈ, ਜਿਹੜਾ ਲੋਕਾਈ ਨੂੰ ਪਤਿਆਉਂਦਾ ਹੈ। ਉਹਨਾਂ ਦੇ ਮਨਾਂ ਵਿੱਚ ਇੱਕ ਅਜਿਹੇ ਸਮੂਹ ਸਭਿਆਚਾਰ ਦਾ ਪਰਿਵੇਸ਼ ਕਰਾਂ ਦਿੰਦਾ ਹੈ, ਜਿਹੜਾ ਉਨ੍ਹਾਂ ਦੀ ਸਮੂਹਿਕ ਅਤੇ ਸਭਿਆਚਾਰਕ ਜ਼ਿੰਦਗੀ ਨੂੰ

ਕਾਬੂ ਅਤੇ ਸੋਧਿਤ ਕਰਦਾ ਹੈ ਅਤੇ ਜਿਸਦਾ ਪ੍ਰਮੁੱਖ ਉਦੇਸ਼ ਆਮ ਲੋਕਾਈ ਨੂੰ ਉਹਨਾਂ ਦੀ ਸਧਾਰਨ ਜ਼ਿੰਦਗੀ ਦੀ ਯਥਾਰਥਕਤਾ ਤੋਂ ਪਾਸੇ ਲੈ ਜਾਂਦਾ ਹੈ।

**ਪ੍ਰੋ. ਗੁਰਮੀਤ ਸਿੰਘ ਅਨੁਸਾਰ**, "ਮੀਡੀਆ ਸਭਿਆਚਾਰਕ ਬਹੁ-ਰੰਗਤਾਂ ਨੂੰ ਤਾਕਤ ਦੇ ਰਿਹਾ ਹੈ। ਓਨ੍ਹਾਂ ਅਨੁਸਾਰ ਮੀਡੀਆ ਤਾਕਤਵਰ ਹੱਥਾਂ ਦੀ ਖੇਡ ਹੈ ਅਤੇ ਤਕੜੇ ਅਤੇ ਮਾੜੇ ਦਾ ਆਪਸ ਵਿੱਚ ਮੁਕਾਬਲਾ ਸੰਭਵ ਨਹੀਂ ਹੁੰਦਾ। ਤਾਕਤਵਰ ਰਾਸ਼ਟਰ ਤਾਕਤਹੀਣ ਨੂੰ ਸਪੇਸ (ਜਗ੍ਹਾ) ਦੇਣ ਅਜਿਹਾ ਲਗਪਗ ਨਾਮੁਮਕਿਨ ਹੈ। ਉਹਨਾਂ ਅਨੁਸਾਰ ਵਿਸ਼ਵ-ਵਿਆਪੀ ਮੀਡੀਏ ਦੇ ਵਿਸਥਾਰ ਤੇ ਸ਼ਕਤੀਸ਼ਾਲੀ ਉਦਯੋਗ ਨੇ ਸਭਿਆਚਾਰ ਦੀ ਪਰਿਭਾਸ਼ਾ ਤੇ ਇਸਦੇ ਨਿਰਮਾਣ ਢੰਗਾਂ ਨੂੰ ਪੂਰੀ ਤਰ੍ਹਾਂ ਬਦਲ ਕੇ ਆਪਣੇ ਕਾਬੂ ਵਿੱਚ ਕਰ ਲਿਆ ਹੈ।''

ਅੱਜ ਮੀਡੀਏ ਦਾ ਵਿਸਥਾਰ ਵਿਸ਼ਵ ਵਿਆਪੀ ਹੈ। ਇਸ ਵਿਸ਼ਵ ਵਿਆਪੀ ਮੀਡੀਆ ਨੈੱਟਵਰਕ ਨੇ ਪੂਰੀ ਦੁਨੀਆ ਨੂੰ ਇੱਕ ਅਜਿਹੇ ਗਤੀਸ਼ੀਲ ਦੁਵੱਲੀ ਪ੍ਰਕਿਰਿਆ ਵਾਲੇ ਵਰਤਾਰੇ ਵਿੱਚ ਬਦਲ ਦਿੱਤਾ ਹੈ, ਜੋ ਕੇਵਲ ਸੂਚਨਾ ਦਾ ਪ੍ਰਸਾਰਨ ਹੀ ਨਹੀਂ ਕਰਦਾ ਸਗੋਂ ਨਵੇਂ ਅਰਥਾਂ ਅਤੇ ਮੁੱਲਾਂ ਨੂੰ ਵੀ ਪੈਦਾ ਕਰਦਾ ਹੈ। ਮੀਡੀਆ ਨੇ ਸਮਾਜਾਂ ਵਿੱਚ ਸਭਿਆਚਾਰਾਂ ਦੀ ਸਿਰਜਨਾ ਨੂੰ ਨਵੇਂ ਸਿਰਿਓਂ ਪਰਿਭਾਸ਼ਿਤ ਹੀ ਨਹੀਂ ਕੀਤਾ ਇਨ੍ਹਾਂ ਸਮਾਜਾਂ ਨੂੰ ਆਪਣੇ ਦੁਆਰਾ ਪੈਦਾ ਕੀਤੀ ਟੈਕਸਟ ਰਾਹੀਂ ਨਵਾਂ ਸਰੂਪ ਵੀ ਦੇਣਾ ਸ਼ੁਰੂ ਕਰ ਦਿੱਤਾ ਹੈ। ਮੀਡੀਆ ਸਰੋਤਾ/ਦਰਸ਼ਕਾਂ ਤੇ ਟੈਕਸਟ ਪੈਦਾ ਕਰਨ ਵਾਲੇ ਉਤਪਾਦਕਾਂ ਵਿੱਚ ਵਾਪਰਨ ਵਾਲਾ ਦੁਵੱਲਾ ਕਾਰਜ ਹੋ ਨਿਬੜਿਆ ਹੈ।

ਟੈਰੀ ਈਗਲਟਨ ਇਸ ਗੱਲ ਵੱਲ ਸਪਸ਼ਟ ਇਸ਼ਾਰਾ ਕਰਦਾ ਹੋਇਆ ਕਹਿੰਦਾ ਹੈ ਕਿ "ਸਭਿਆਚਾਰ ਵਿੱਚ ਆਪਸੀ ਟਕਰਾਅ ਹਨ। ਇਹ ਇੱਕ ਸਾਧਾਰਨ ਗੱਲ ਨਹੀਂ ਰਹਿ ਕੇ ਸਗੋਂ ਇੱਕ ਵਿਸ਼ਵ ਵਿਆਪੀ ਟਕਰਾਓ ਦਾ ਰੂਪ ਧਾਰਨ ਕਰ ਗਈ ਹੈ। ਇਹ ਅਕਾਦਮਿਕ ਨਾਲੋਂ ਇੱਕ ਰਾਜਨੀਤਿਕ ਮੁੱਦਾ ਵਧੇਰੇ ਹੋ ਗਿਆ ਹੈ।"

ਮੀਡੀਏ ਦੀ ਸ਼ਕਤੀ ਨੇ ਆਮ ਆਦਮੀ ਨੂੰ ਇੱਕ ਉਪਯੋਗੀ ਕਠਪੁਤਲੀ ਵਿੱਚ ਤਬਦੀਲ ਕਰ ਦਿੱਤਾ ਹੈ ਤੇ ਇਸ ਕਠਪੁਤਲੀ ਨੇ ਸ਼ਕਤੀਸ਼ਾਲੀ ਸਭਿਆਚਾਰਕ ਉਦਯੋਗ ਦੀ ਹਰ ਵਸਤੂ ਨੂੰ ਇੱਕ ਗ਼ੁਲਾਮ ਦੀ ਤਰ੍ਹਾਂ ਸਵੀਕਾਰ ਕਰਨਾ ਸ਼ੁਰੂ ਕਰ ਦਿੱਤਾ ਹੈ। ਇਨ੍ਹਾਂ ਵਿਚਾਰਾਂ ਨੂੰ 'ਨੋਮ ਚੋਮਸਕੀ' ਆਪਣੀ ਪੁਸਤਕ 'ਮੀਡੀਆ ਕੰਟਰੋਲ' ਵਿੱਚ ਹੋਰ ਵਿਸਥਾਰ ਦਿੰਦਾ ਹੋਇਆ ਲਿਖਦਾ ਹੈ ਕਿ "ਮੀਡੀਏ ਰਾਹੀਂ ਆਮ ਸਹਿਮਤੀ ਘੜਨੀ ਬਹੁਤ ਆਸਾਨ ਹੋ ਗਈ ਹੈ। ਮੀਡੀਆ ਵੱਲੋਂ ਫ਼ੈਸਲੇ ਕਰਵਾਏ ਜਾਂਦੇ ਹਨ, ਮੰਨਵਾਏ ਜਾਂਦੇ ਹਨ ਅਤੇ ਇਸ ਰਾਹੀਂ ਹੀ ਰਾਜਨੀਤਿਕ, ਆਰਥਿਕ ਤੇ ਵਿਚਾਰਧਾਰਕ ਸਿਸਟਮ ਨੂੰ ਘੜਿਆ ਤੇ ਲਾਗੂ ਕੀਤਾ ਜਾ ਸਕਦਾ ਹੈ। ਵਿਸ਼ਵ ਵਿਆਪੀ ਮੀਡੀਏ ਦੇ ਵਿਸਥਾਰ ਤੇ ਸ਼ਕਤੀਸ਼ਾਲੀ ਉਦਯੋਗ ਨੇ ਸਭਿਆਚਾਰ ਦੀ ਪਰਿਭਾਸ਼ਾ ਅਤੇ ਇਸਦੇ ਨਿਰਮਾਣਾਂ ਦੇ ਢੰਗ ਤਰੀਕਿਆਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ ਤੇ ਜੇ ਇਹ ਬਦਲਾਓ ਕੁਝ ਵਿਆਕਤੀਆਂ ਨੂੰ ਨਾ ਵੀ ਦਿਸੇ ਤਾਂ ਆਉਣ ਵਾਲੇ ਥੋੜ੍ਹੇ ਸਮੇਂ ਵਿੱਚ ਹੀ ਇਹ ਦਿਸਣਾ ਸ਼ੁਰੂ ਹੋ ਜਾਵੇਗਾ। ਮੀਡੀਏ ਨੇ ਕਿਸ ਟੈਕਸਟ ਦਾ ਨਿਰਮਾਣ ਕਰਨਾ ਹੈ, ਕਿਹੜੇ ਅਰਥਾਂ ਤੇ ਕਦਰਾਂ-ਕੀਮਤਾਂ ਨੂੰ ਪੈਦਾ ਕਰਨਾ ਹੈ ਤੇ ਕਿਵੇਂ ਓਹਨਾਂ ਦਾ ਸੰਚਾਰ ਕਰਨਾ ਹੈ, ਆਪਣੀਆਂ ਤੇ ਕਾਰਪੋਰੇਟ ਸੈਕਟਰ ਦੀਆਂ ਲੋੜਾਂ ਤੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਕੀਤਾ ਜਾਂਦਾ ਹੈ।

ਮਨੁੱਖ ਦੀ ਸ਼ਖ਼ਸ਼ੀਅਤ ਵਿੱਚੋਂ ਸਭ ਤੋਂ ਅਹਿਮ ਮਸਲਾ ਸਭਿਆਚਾਰਕ 'ਮੈਂ' ਦਾ ਹੈ। ਇਸ ਦੀ ਸਿਰਜਣਾ ਸਭਿਆਚਾਰਕ ਚੌਗਿਰਦੇ ਵਿੱਚ ਹੁੰਦੀ ਹੈ ਪਰ ਅੱਜ ਸਾਡੀ 'ਮੈਂ' ਦੀ ਸਿਰਜਣਾ ਦਾ ਕੰਮ ਮੀਡੀਆ ਕਰ ਰਿਹਾ ਹੈ। ਅੱਜ ਦਾ ਮਨੁੱਖ ਸੰਘਰਸ਼ ਨਹੀਂ ਬਲਕਿ ਆਤਮ-ਹੱਤਿਆ ਕਰ ਰਿਹਾ ਹੈ। ਅੱਜ ਦੇ ਮੀਡੀਆ ਦੁਆਰਾ ਮਨੁੱਖ ਨੰ ਸੰਘਰਸ਼ ਕਰਨਾ ਨਹੀਂ ਸਿਖਾਇਆ ਜਾ ਸਕਦਾ ਬਲਕਿ ਮੰਡੀ ਤੇ ਮੁਨਾਫ਼ੇ ਦੇ ਸੰਦਰਭ ਵਿੱਚ ਮੁਨਾਫ਼ਾ ਕਰਨਾ ਸਿਖਾਇਆ ਜਾ ਰਿਹਾ ਹੈ।

ਜਦੋਂ ਅਸੀਂ ਸਭਿਆਚਾਰ ਦੇ ਹਵਾਲੇ ਨਾਲ਼ ਭਾਸ਼ਾ ਦੀ ਗੱਲ ਕਰਦੇ ਹਾਂ ਤਾਂ ਕਿਹਾ ਜਾਂਦਾ ਹੈ ਕਿ ਭਾਸ਼ਾ ਹੀ ਸਭਿਆਚਾਰ ਹੈ। ਭਾਸ਼ਾ ਰਾਹੀਂ ਸਭਿਆਚਾਰ ਨੂੰ ਬਹੁਤ ਸੰਘਣੇ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ ਪਰ ਜਦੋਂ ਅਸੀਂ ਮੀਡੀਆ ਦੇ ਹਵਾਲੇ ਨਾਲ ਭਾਸ਼ਾ ਨੂੰ ਪਰਿਭਾਸ਼ਿਤ ਕਰਦੇ ਹਾਂ ਤਾਂ ਭਾਸ਼ਾ ਦਾ ਬਹੁਤ ਹੀ ਸਰਲ ਜਿਹਾ ਰੂਪ ਸਾਡੇ ਸਾਹਮਣੇ ਆਉਂਦਾ ਹੈ। ਮੀਡੀਆ ਉੱਤੇ ਬਹੁਤ ਹੀ ਹਲਕਰ ਕਿਸਮ ਦੀ ਭਾਸ਼ਾ ਵਰਤੀ ਜਾਂਦੀ ਹੈ ਤਾਂ ਜੋ ਦਰਸ਼ਕ/ਸਰੋਤੇ ਨੂੰ ਸਮਝਣ ਲਈ ਅਕਲ ਦੀ ਵਰਤੋਂ ਨਾ ਕਰਨੀ ਪਵੇ।

ਸਾਡੇ ਅੱਜ ਦੇ ਨਾਇਕ ਕਿਹੋ ਜਿਹੇ ਹੋਣਗੇ ਇਹ ਸਾਡਾ ਸਮਕਾਲੀ ਮੀਡੀਆ ਤਹਿ ਕਰ ਰਿਹਾ ਹੈ। ਨਾਇਕ ਭਾਵੇਂ ਕਿਹੋ ਜਿਹਾ ਵੀ ਹੋਵੇ ਉਸ ਵਿੱਚ ਕੋਈ ਹੁਨਰ ਹੋਵੇ ਜਾਂ ਨਹੀਂ, ਪਰ ਜੇ ਉਸਨੂੰ ਮੀਡੀਆ ਨਾਇਕ ਵੱਜੋਂ ਪੇਸ਼ ਕਰ ਰਿਹਾ ਹੈ ਤਾਂ ਉਹ ਲੋਕਾਂ ਦਾ ਨਾਇਕ ਬਣ ਜਾਂਦਾ ਹੈ। ਇਸ ਲਈ ਨਾਇਕ ਸਭਿਆਚਾਰਕ ਰਹਿਤਲ ਵਿੱਚੋਂ ਨਹੀਂ ਬਲਕਿ ਮੀਡੀਆ ਦੁਆਰਾ ਪੈਦਾ ਕੀਤੇ ਜਾ ਰਹੇ ਹਨ। ਮੀਡੀਆ ਦੇ ਆਉਣ ਨਾਲ ਸਮਾਜ ਅਤੇ ਸੱਭਿਆਚਾਰ ਉੱਪਰ ਸਕਾਰਾਤਮਕ ਅਤੇ ਨਕਾਰਾਤਮਕ ਦੋਵੇਂ ਤਰ੍ਹਾਂ ਦਾ ਪ੍ਰਭਾਵ ਪਿਆ ਹੈ,ਜਿਸਦਾ ਵਰਣਨ ਇਸ ਪ੍ਰਕਾਰ ਹੈ-:

### ਸਕਾਰਾਤਮਕ ਪ੍ਰਭਾਵ

- ਮੀਡੀਆ ਜ਼ਰੀਏ ਦੂਰ-ਦੁਰੇਡੇ ਦੀ ਖਬਰ ਘਰ ਬੈਠੇ ਪਹੁੰਚ ਜਾਂਦੀ ਹੈ।ਕੰਪਿਊਟਰ ਅਤੇ ਇੰਟਰਨੈੱਟ ਵਿਦਿਆਰਥੀ ਤੇ ਕਰਮਚਾਰੀਆ ਲਈ ਗਿਆਨ ਦਾ ਸ੍ਰੋਤ ਬਣ ਗਿਆ ਹੈ।

- ਮੀਡੀਆ ਜ਼ਰੀਏ ਹਰ ਦੂਰ-ਦੁਰੇਡੇ ਦੀ ਖਬਰ ਜਨਤਾ ਕੋਲ ਪਹੁੰਚ ਰਹੀ ਹੈ।ਅੱਜ ਘਰ ਬੇਠੈ ਜਨਤਾ ਲੀਡਰਾਂ ਦੀ ਹਰ ਤਰ੍ਹਾਂ ਦੀ ਚੰਗੀ-ਮਾੜੀ ਖਬਰ ਮਿਲ ਜਾਂਦੀ ਹੈ।ਉਹ ਸਹੀ ਸਰਕਾਰ ਚੁਣ ਸਕਦੇ ਹਨ।
- ਮੀਡੀਆ ਜ਼ਰੀਏ ਅੱਜ ਡੂੰਘੀਆਂ ਸਮਾਜਿਕ ਸਮੱਸਿਆਵਾਂ ਜੱਗ-ਜਾਹਿਰ ਹੋ ਰਹੀਆ ਹਨ,ਇਸ ਤਰ੍ਹਾਂ ਸਮੱਸਿਆਵਾਂ ਦੇ ਹੱਲ ਵੀ ਲੱਭ ਰਹੇ ਨੇ ਅਤੇ ਲੋਕ ਜਾਗਰੂਕ ਵੀ ਹੋ ਰਹੇ ਹਨ।
- ਜਿੱਥੇ ਪਹਿਲਾ ਸਿਰਫ਼ ਪੜ੍ਹਿਆ-ਲਿਖਿਆ ਵਰਗ ਹੀ ਜਾਗਰੂਕ
- ਹੁੰਦਾ ਸੀ,ਮੀਡੀਆ ਜ਼ਰੀਏ ਮਜ਼ਦੂਰ ਤੇ ਕਿਸਾਨ ਤਰੱਕੀ ਕਰ ਰਹੇ ਹਨ।ਉਹ ਖੇਤੀ ਦੀਆਂ ਨਵੀਆਂ ਤਕਨੀਕਾਂ ਸਿਖ ਰਹੇ ਹਨ ਅਤੇ ਫਸਲਾਂ ਵਿੱਚ ਵਾਧਾ ਕਰ ਰਹੇ ਹਨ।
- ਸ਼ੋਸਲ ਮੀਡੀਆ ਕਾਰਨ ਦੇਸ਼-ਵਿਦੇਸ਼ਾਂ ਬੈਠੇ ਲੋਕ ਸੰਪਰਕ 'ਚ ਆ ਰਹੇ ਹਨ।ਹੁਣ ਪੰਜਾਬੀ ਵੈੱਬ-ਸਾਈਟ ਬਣ ਗਈ ਏ,ਜਿਸ ਵਿੱਚ ਪੰਜਾਬੀ ਸਿੱਖਣ ਤੋਂ ਲੈ ਕੇ,ਪੰਜਾਬੀ ਸੱਭਿਆਚਾਰ,ਧਰਮ,ਸਾਹਿਤ,ਇਤਿਹਾਸ ਸਭ ਵਿਸ਼ਿਆਂ ਬਾਰੇ ਜਾਣਕਾਰੀ ਮਿਲ ਜਾਂਦੀ ਹੈ।
- ਅਖਬਾਰਾਂ-ਰਸਾਲਿਆਂ ਵਿੱਚ ਛਪਦੇ ਲੇਖਾਂ ਤੇ ਕਹਾਣੀਆਂ ਦੀ ਮਦਦ ਨਾਲ ਸਮਾਜ ਨੂੰ ਸਹੀ ਸ਼ੇਧ ਦੇਣ ਵਿੱਚ ਮਦਦ ਮਿਲੀ ਹੈ ਅਤੇ ਕੁਰੀਤੀਆਂ ਨੂੰ ਠੱਲ੍ਹ ਪਈ ਹੈ।

### ਨਕਾਰਾਤਮਕ ਪ੍ਰਭਾਵ

- ਮੀਡੀਆ ਦੇ ਪ੍ਰਭਾਵ ਹੇਠ ਆਉਣ ਕਾਰਨ ਸਮਾਜ ਦੇ ਜੀਵਨ ਆਧਾਰ ਬਦਲ ਗਏ ਹਨ। ਇਸ਼ਤਿਹਾਰਬਾਜ਼ੀ ਦਾ ਪ੍ਰਭਾਵ ਇੰਨਾ ਜਿਆਦਾ ਹੈ ਕਿ ਲੋਕ ਇਕ-ਦੂਜੇ ਨਾਲ ਮੁਕਾਬਲਾ ਕਰ ਇਹਨ੍ਹਾਂ ਵਸਤਾਂ ਤੇ ਪੈਸਾ ਲਾ ਰਹੇ ਹਨ। ਔਰਤਾਂ ਭਾਂਤ-ਭਾਂਤ ਦੀ ਸਿੰਗਾਰ ਸਮੱਗਰੀ ਵਰਤੋਂ ਵਿੱਚ ਲਿਆ ਰਹੀਆ ਹਨ। ਹੁਣ ਇੱਛਾਵਾਂ ਪੂਰਤੀ ਲੜਕੀਆਂ ਅਸਥਾਈ ਸੰਬੰਧ ਬਣਾ ਰਹੀਆ ਹਨ ਅਤੇ ਨੈਤਿਕ ਸਮਝੌਤੇ ਕਰਨ ਲਈ ਮਜਬੂਰ ਹਨ।
- ਮੀਡੀਆ ਨੇ ਸਾਡੇ ਖਾਣ-ਪੀਣ ਉਪਰ ਵੀ ਬਹੁਤ ਪ੍ਰਭਾਵ ਪਾਇਆ ਹੈ। ਉਦਾਹਰਣ ਵਜੋਂ : ਪੱਛਮੀ ਖਾਣੇ ਨੂੰ ਸਾਡੇ ਸਮਾਜ ਵਿੱਚ ਬਹੁਤ ਤਰਜੀਹ ਦਿੱਤੀ ਜਾ ਰਹੀ ਹੈ।
- ਅੱਜ ਸੁਹਜ ਦੀ ਥਾਂ ਨੰਗੇਜ਼ ਨੇ ਲੈ ਲਈ ਹੈ। 'ਸਕੂਨ' ਦੀ ਥਾਂ ਸ਼ੋਰ ਨੇ ਲੈ ਲਈ ਹੈ। ਮੋਬਾਇਲ ਅਤੇ ਟੀ.ਵੀ. ਵਿੱਚ ਨੰਗੇਜ਼ ਨੂੰ ਬੁਰੀ ਤਰ੍ਹਾਂ ਪੇਸ਼ ਕੀਤਾ ਜਾ ਰਿਹਾ ਹੈ। ਜੋ ਕਿ ਦਿਮਾਗ ਉਪਰ ਮਾਰੂ ਪ੍ਰਭਾਵ ਪਾ ਰਿਹਾ ਹੈ।
- ਅਖਬਾਰਾਂ ਨੇ ਰਾਜਸੀ ਬਹਿਸ ਤੇ ਲੜਾਈਆਂ ਨੂੰ ਸਾਡੇ ਘਰ ਤੱਕ ਲੈ ਆਂਦਾ ਹੈ। ਅੱਜ ਸ਼ੋਸਲ ਮੀਡੀਆ 'ਤੇ ਕਿਸੇ ਵੀ ਤਰ੍ਹਾਂ ਦਾ ਗਲਤ ਪ੍ਰਚਾਰ ਕਰਕੇ ਦੰਗੇ/ਫ਼ਸਾਦ ਕਰਵਾਏ ਜਾ ਸਕਦੇ ਹਨ।ਮਨੁੱਖਤਾ ਦਾ ਨਾਸ਼ ਕੀਤਾ ਜਾ ਰਿਹਾ ਹੈ।
- ਮੀਡੀਆ ਨੇ ਮਨੁੱਖ ਦੇ ਦੁਆਲੇ ਇੱਕ ਦੋਹਰਾ ਸੰਸਾਰ ਬੁਣ ਦਿੱਤਾ ਹੈ। ਵਿਅਕਤੀ ਦਾ ਪਹਿਲਾ ਆਪਣਾ,ਆਪਣੇ ਪਰਿਵਾਰ,ਆਂਢ-ਗੁਆਂਢ, ਦੋਸਤਾਂ ਅਤੇ ਰਿਸ਼ਤੇਦਾਰਾਂ ਵਿਚਲਾ ਜੀਵਨ ਸੀ।ਹੁਣ ਨਾ ਤਾਂ ਉਹ ਪੂਰੀ ਤਰ੍ਹਾਂ ਲੋਕਲ ਰਿਹਾ ਹੈ ਅਤੇ ਨਾ ਹੀ ਪੂਰੀ ਤਰ੍ਹਾਂ ਗਲੋਬਲ ਬਣ ਰਿਹਾ ਹੈ। ਨਤੀਜੇ ਵਜੋਂ ਉਹ ਵਿਚਕਾਰਲਾ ਰਾਹ ਤਲਾਸ਼ ਰਿਹਾ ਹੈ।
- ਸ਼ੋਸਲ ਸਾਈਟਸ ਦੀ ਵਰਤੋਂ ਗਿਆਨ ਦੇ ਨਾਲ-ਨਾਲ ਗਲਤ ਕੰਮਾਂ ਲਈ ਵੀ ਹੋਣ ਲੱਗੀ ਹੈ। ਨੌਜਵਾਨਾਂ ਦੁਆਰਾ 15-16 ਘੰਟੇ ਸ਼ੋਸਲ ਸਾਈਟਸ 'ਤੇ ਬਿਤਾਏ ਜਾ ਰਹੇ ਹਨ।ਜਿਸ ਕਾਰਨ ਸਮਾਂ ਤੇ ਸਿਹਤ ਦੋਨੋਂ ਖਰਾਬ ਹੋ ਰਹੇ ਹਨ। ਅਸ਼ਲੀਲ ਸਾਈਟਸਾਂ ਦੀ ਵਧੇਰੇ ਵਰਤੋਂ ਕਾਰਨ ਕਾਮ ਭਾਰੂ ਹੋ ਰਿਹਾ ਹੈ, ਨਤੀਜੇ ਵਜੋਂ ਨੌਜਵਾਨ ਪੀੜ੍ਹੀ ਭਟਕ ਰਹੀ ਹੈ।

ਇਸ ਤਰ੍ਹਾਂ ਸੱਭਿਆਚਾਰਕ ਵਿਕਾਸ ਜੋ ਕਿ 21ਵੀਂ ਸਦੀਂ ਵਿੱਚ ਆ ਕੇ ਪਰੰਪਰਾਗਤ ਤਰੀਕੇ ਨਾਲ ਨਹੀਂ,ਸਗੋਂ ਮੀਡੀਆ ਉਦਯੋਗ ਰਾਹੀਂ ਹੋ ਰਿਹਾ ਹੈ। ਅੱਜ ਮੀਡੀਆ ਦਾ ਸਮਾਜ ਉੱਪਰ ਪ੍ਰਭਾਵ ਸਕਾਰਾਤਮਕ ਘੱਟ ਅਤੇ ਨਾਕਾਰਾਤਮਕ ਵਧੇਰੇ ਪੈ ਰਿਹਾ ਹੈ। ਕਿਹੜੇ ਅਰਥਾਂ ਅਤੇ ਕਿੰਨ੍ਹਾਂ ਕਦਰਾਂ-ਕੀਮਤਾਂ ਦਾ ਨਿਰਮਾਣ ਕਿਸ ਤਰ੍ਹਾਂ ਕਰਨਾ ਹੈ, ਸਭ ਮੀਡੀਆ ਅਤੇ ਉਸਦੇ ਪਿੱਛੇ ਕਾਰਜ਼ਸੀਲ ਕਾਰਪੋਰੇਟ ਧਿਰ ਦੇ ਦਾਬੇ ਹੇਠ ਹੈ। ਇਸ ਪ੍ਰਕਿਰਿਆ ਤੇ ਚਲਦਿਆਂ ਸੱਭਿਆਚਾਰ ਨੂੰ ਉਦਯੋਗ ਦਾ ਰੂਪ ਦੇ ਦਿੱਤਾ ਗਿਆ ਹੈ। ਜਿਸ ਵਿੱਚ ਓਹੀ ਸਿਰਜਣਾ ਸਥਾਨ ਹਾਸਿਲ ਕਰਦੀ ਹੈ, ਜਿਸਦੀ ਵਿਕਣਯੋਗਤਾ ਹੁੰਦੀ ਹੈ। ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਸੱਭਿਆਚਾਰ ਦੇ ਨਾਲ-ਨਾਲ ਕਲਾ ਅਤੇ ਹੋਰ ਸਿਰਜਣਾਵਾਂ ਦਾ ਸੰਸਾਰ ਵੀ ਮੰਡੀ ਵਿੱਚ ਤਬਦੀਲ ਹੋ ਗਿਆ।

## ਸਭਿਆਚਾਰ ਤੇ ਸਾਹਿਤ

### ਸਾਹਿਤ

'ਸਾਹਿਤ` ਸੰਸਕ੍ਰਿਤ ਸ਼ਬਦ ਸਾਹਿਤਯ ਦਾ ਪੰਜਾਬੀ ਰੂਪ ਹੈ। ਇਸ ਦੇ ਕੋਸ਼ਗਤ ਅਰਥ ਸੰਜੋਗ, ਮੇਲ ਤੇ ਸਾਥ ਹਨ। ਅਰਥ ਵਿਸਤਾਰ ਕਾਰਣ ਇਸ ਸ਼ਬਦ ਨੂੰ ਵਾਕਾਂ ਵਿੱਚ ਪਦਾ ਦੇ ਸੁਯੋਗ ਸੰਬੰਧ ਲਈ ਵਰਤਿਆ ਜਾਣ ਲੱਗ ਪਿਆ। ਅੱਜ ਕਲ੍ਹ ਸਾਹਿਤ ਦਾ ਭਾਵ ਅਜਿਹੀ ਰਚਨਾ ਹੈ ਜਿਸ ਵਿੱਚ ਸੁੰਦਰ ਵਿਚਾਰ ਸੋਹਣੇ ਅਤੇ ਦਿਲ-ਖਿੱਚਵੇਂ ਢੰਗ ਨਾਲ ਪੇਸ਼ ਕੀਤੇ ਗਏ ਹੋਣ। ਸਾਹਿਤ ਨੂੰ ਉਰਦੂ, ਫ਼ਾਰਸੀ ਤੇ ਅਰਬੀ ਵਾਲੇ 'ਅਦਬ` ਕਹਿੰਦੇ ਹਨ। 'ਅਦਬ` ਤੋਂ ਭਾਵ ਅਜਿਹੀ ਰਚਨਾ ਤੋਂ ਹੈ ਜੋ ਜੀਵਨ ਦੇ ਤੌਰ ਤਰੀਕੇ ਨੂੰ ਸੋਹਣੇ ਢੰਗ ਨਾਲ ਇਸ ਤਰ੍ਹਾਂ ਬਿਆਨ

ਕਰੇ ਕਿ ਉਸ ਤੋਂ ਸੁੰਦਰ ਜੀਵਨ ਜਾਂਚ ਦੀ ਪ੍ਰੇਰਣਾ ਮਿਲਦੀ ਹੋਵੇ। ਸਾਹਿਤ ਲਈ ਅੰਗਰੇਜ਼ੀ ਵਿੱਚ ਸ਼ਬਦ ਲਿਟਰੇਚਰ (Literature) ਹੈ। ਲਿਟਰੇਚਰ ਦੇ ਮੂਲ ਭਾਵ ਹਨ ਕੁਝ ਵਿਚਾਰਾਂ ਨੂੰ ਲੈਟਰਜ਼ (Letters) ਭਾਵ ਅੱਖਰਾਂ ਰਾਹੀਂ ਬਿਆਨ ਕਰਨਾ। ਹੌਲੀ-ਹੌਲੀ ਇਨ੍ਹਾਂ ਭਾਵਾਂ ਵਿੱਚ ਵਿਕਾਸ ਆਇਆ ਤੇ ਅੱਜ ਲਿਟਰੇਚਰ ਤੋਂ ਭਾਵ ਅਜਿਹੀ ਰਚਨਾ ਹੈ ਜੋ ਮੂਲ ਰੂਪ ਵਿੱਚ ਮਨੁੱਖੀ ਜੀਵਨ ਨਾਲ ਸੰਬੰਧਿਤ ਹੋਵੇ ਤੇ ਜਿਸਨੂੰ ਸੋਹਣੇ ਦੇ ਦਿਲ ਖਿੱਚਵੇਂ ਢੰਗ ਨਾਲ ਬਿਆਨ ਕੀਤਾ ਗਿਆ ਹੋਵੇ। ਸਾਹਿਤ ਇੱਕ ਸੂਖ਼ਮ ਕਲਾ ਹੈ ਜਿਸ ਦਾ ਮੁੱਖ ਉਦੇਸ਼ ਸੁਹਜ ਸੁਆਦ ਉਪਜਾਣਾ ਤੇ ਇਸ ਰਾਹੀਂ ਇੱਕ ਚੰਗੇਰੇ ਜੀਵਨ ਲਈ ਪ੍ਰੇਰਣਾ ਹੈ।

ਸਾਹਿਤ ਆਪਣੇ ਸਭਿਆਚਾਰ ਦੀ ਸ੍ਵੈਚੇਤਨਾ ਹੁੰਦਾ ਹੈ। ਗੁਰਬਖ਼ਸ਼ ਸਿੰਘ ਫ਼ਰੈਂਕ ਅਨੁਸਾਰ, ਯਥਾਰਥ ਦੇ ਸੰਕਲਪਾਤਮਕ ਰੂਪ ਵਜੋਂ ਬਿੰਬ-ਸਿਰਜਣਾ ਸਾਹਿਤ ਅਤੇ ਦੂਜੀਆਂ ਕਲਾਵਾਂ ਵਿੱਚ ਸਾਂਝਾ ਲੱਛਣ ਹੈ। ਸਾਹਿਤ ਦੀ ਵਿਲੱਖਣਤਾ ਆਪਣੇ ਮਾਧਿਅਮ, ਭਾਸ਼ਾ, ਕਰਕੇ ਹੈ ਜੋ ਕਿ ਆਪਣੇ ਆਪ ਵਿੱਚ ਇੱਕ ਸੱਭਿਆਚਾਰਕ ਸਿਰਜਣਾ ਹੈ, ਜੋ ਕਿਸੇ ਸਮਾਜ ਨੇ ਸੰਚਾਰ ਦੇ ਆਸ਼ੇ ਨਾਲ ਕੀਤੀ ਹੁੰਦੀ ਹੈ। ਬਿੰਬ ਅਤੇ ਭਾਸ਼ਾ ਵਿੱਚ ਵਿਸ਼ੇਸ਼ਤਾ ਤਿੰਨ ਪੱਧਰਾਂ ਉੱਤੇ ਆ ਸਕਦੀ ਹੈ:ਯੁੱਗ, ਧਾਰਾ ਅਤੇ ਵਿਅਕਤੀਗਤ ਪੱਧਰ ਉੱਤੇ। ਸਾਹਿਤ ਸੱਭਿਆਚਾਰ ਦੇ ਬੋਧਾਤਮਕ ਸੱਭਿਆਚਾਰ ਦਾ ਇੱਕ ਛੋਟਾ ਜਿਹਾ ਹਿੱਸਾ ਹੁੰਦਾ ਹੈ। ਕਲਾ ਦੇ ਬਾਕੀ ਰੂਪ, ਫਲਸਫ਼ਾ, ਧਰਮ, ਇਤਿਹਾਸ, ਮਿਥਿਹਾਸ ਆਦਿ ਇਸ ਅੰਗ ਦੇ ਬਾਕੀ ਹਿੱਸੇ ਹੁੰਦੇ ਹਨ, ਪਰ ਛੋਟਾ ਜਿਹਾ ਅੰਗ ਵੀ ਸੱਭਿਆਚਾਰ ਨੂੰ ਇਸ ਦੀ ਸਮੁੱਚਤਾ ਵਿੱਚ ਪ੍ਰਤਿਬੱਧ ਕਰਨ ਦੇ ਸਮਰੱਥ ਹੁੰਦਾ ਹੈ। ਇਹ ਸਮਕਾਲੀ ਸਮਾਜ ਵਿੱਚ ਵਾਪਰ ਰਹੇ ਅਮਲਾਂ ਨੂੰ ਨਾ ਸਿਰਫ਼ ਬਿੰਬ ਅਤੇ ਸੰਕਲਪ ਦੀ ਪੱਧਰ ਉੱਤੇ ਪੇਸ਼ ਹੀ ਕਰਦਾ ਹੈ, ਸਗੋਂ ਉਹਨਾਂ ਅਮਲਾਂ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਵੀ ਰੱਖਦਾ ਹੈ। ਸਾਹਿਤ ਦੀ ਇਸ ਸਮਰੱਥਾ ਉਪਰ ਸੰਦੇਹ ਵੀ ਸਮਕਾਲੀ ਸਭਿਆਚਾਰਕ ਸਥਿਤੀ ਦੀ ਹੀ ਉਪਜ ਹੁੰਦਾ ਹੈ। ਹਾਲਾਂਕਿ ਐਸੀਆਂ ਉਦਾਹਰਣਾਂ ਮਿਲਦੀਆਂ ਹਨ, ਜਦੋਂ ਸਾਹਿਤ ਨੇ ਸਮਾਜਕ ਸਭਿਆਚਾਰ ਤਬਦੀਲੀ ਵਿੱਚ ਫ਼ੈਸਲਾਕੁਨ ਰੋਲ਼ ਨਿਭਾਇਆ ਹੁੰਦਾ ਹੈ। ਸਾਹਿਤ ਅਤੇ ਸੱਭਿਆਚਾਰ ਦੇ ਇਸ ਜਟਿਲ ਸੰਬੰਧ ਕਾਰਨ ਹੀ ਸਾਹਿਤ ਦੇ ਸਭਿਆਚਾਰਕ ਅਧਿਐਨ ਲਈ ਕੇਵਲ ਮਾਨਵ-ਵਿਗਿਆਨਕ ਪਹੁੰਚ ਬੇਹੱਦ ਅਧੂਰੀ ਹੈ, ਜਿਸ ਅਨੁਸਾਰ ਕਿਸੇ ਸਮੇਂ ਦੇ ਸਾਹਿਤ ਵਿੱਚ ਮਿਲਦੇ ਸਭਿਆਚਾਰਕ ਅਤੇ ਲੋਕਯਾਨਿਕ ਅੰਸ਼ਾਂ ਨੂੰ ਗਿਣਵਾ ਦਿੱਤਾ ਜਾਂਦਾ ਹੈ। ਕੋਈ ਵੀ ਅੰਸ਼ ਸਾਹਿਤ ਵਿੱਚ ਜਿਉਂ ਦਾ ਤਿਉਂ ਕਦੀ ਵੀ ਪ੍ਰੀਬਿੰਬਤ ਨਹੀਂ ਹੁੰਦਾ, ਸਗੋਂ ਬਿੰਬ ਦਾ ਰੂਪ ਧਾਰ ਕੇ ਹੀ ਪੇਸ਼ ਹੁੰਦਾ ਹੈ। ਇਸ ਤਰ੍ਹਾਂ ਸਾਹਿਤ ਦਾ ਸਭਿਆਚਾਰਕ ਅਧਿਐਨ ਸਮਾਜ ਅਤੇ ਸੱਭਿਆਚਾਰ ਦੀ ਆਪਣੇ ਪ੍ਰਤੀ ਚੇਤਨਾ ਦਾ ਅਧਿਐਨ ਹੋ ਨਿਬੜਦਾ ਹੈ।

## ਸਭਿਆਚਾਰ ਤੇ ਸਾਹਿਤ: ਅੰਤਰ ਸਬੰਧ

ਸਭਿਆਚਾਰ ਤੇ ਸਾਹਿਤ ਦਾ ਨਹੁੰ ਮਾਸ ਦਾ ਰਿਸ਼ਤਾ ਆਖਿਆ ਜਾ ਸਕਦਾ ਹੈ। ਸਾਹਿਤਕਾਰ ਜੀਵਨ ਦੀ ਪੜਚੋਲ ਕਰਕੇ ਕਦਰਾਂਕੀਮਤਾਂ -ਕੀਮਤਾਂ ਨੂੰ ਉਭਾਰ ਕੇ ਪ੍ਰਗਤੀਸ਼ੀਲ ਵਿਚਾਰਾਂ ਦਾ ਪ੍ਰਗਟਾਵਾ ਕਰਦਾ ਹੈ।-ਦੀ ਆਲੋਚਨਾ ਕਰਦਾ ਅਤੇ ਨਵੀਆਂ ਕਦਰਾਂ3 ਇਹ ਪ੍ਰਗਟਾਵਾ ਉਹ ਸਮਾਜਿਕ ਜੀਵਨ ਦੇ ਆਪਣੇ ਅਨੁਭਵ ਦਾ ਹੀ ਕਰਦਾ ਹੈ। ਸਮਾਜਿਕ, ਜੀਵਨ, ਜਨ ਸਮੂਹ ਦੇ ਵਰਤਾਰੇ ਦੇ ਪੈਟਰਨ ਅਨੁਸਾਰ ਹੀ ਗਤੀਸ਼ੀਲ ਰਹਿੰਦਾ ਹੈ ਅਤੇ ਇਹ ਵਰਤਾਰਾ ਹੀ ਉਸ ਸਮਾਜ ਦਾ ਸਭਿਆਚਾਰ ਹੁੰਦਾ ਹੈ। ਸਾਹਿਤਕਾਰ ਮਨੁੱਖੀ ਜੀਵਨ ਵਿੱਚ ਵਾਪਰ ਰਹੇ ਦਵੰਧ ਨੂੰ ਉਸਾਰ ਦੀ ਪੱਧਰ ਤੇ ਪੇਸ਼ ਕਰਦਾ ਹੈ ਅਤੇ ਮਨੁੱਖੀ ਜੀਵਨ ਦੇ ਇਹ ਰਿਸ਼ਤੇ ਸਭਿਆਚਾਰ ਦੀ ਉਪਜ ਹੁੰਦੇ ਹਨ। ਸਾਹਿਤ ਦੇ ਹਰ ਰੂਪ ਵਿਚੋਂ ਇਹਨਾਂ ਰਿਸ਼ਤਿਆਂ ਦੀ ਹੋਂਦ ਜਾਂ ਸਮਾਜ ਦੇ ਸਭਿਆਚਾਰ ਦਾ ਸਰੂਪ ਮਿਲਦਾ ਹੈ। ਇਸ ਸਰੂਪ ਤੋਂ ਸੱਖਣਾ ਸਾਹਿਤ ਕਦੇ ਵੀ ਚਿਰੰਜੀਵ ਨਹੀਂ ਹੋ ਸਕਦਾ। ਸਾਹਿਤ ਜਿਥੇ ਸਭਿਆਚਾਰਕ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ, ਉਥੇ ਸਭਿਆਚਾਰ ਨੂੰ ਪ੍ਰਭਾਵਿਤ ਵੀ ਕਰਦਾ ਹੈ। ਹਰ ਸਾਹਿਤਕ ਰਚਨਾ ਸਭਿਆਚਾਰਕ ਵੀ ਹੁੰਦੀ ਹੈ। ਹਰ ਰਚਨਾ ਦਾ ਜਿਥੇ ਭਾਸ਼ਾਈ ਅਸਤਿੱਤਵ ਹੁੰਦਾ ਹੈ, ਉਥੇ ਉਸ ਦਾ ਸਭਿਆਚਾਰਕ ਅਸਤਿੱਤਵ ਵੀ ਹੁੰਦਾ ਹੈ। ਕਿਸੇ ਵੀ ਸਮੇਂ ਦੇ ਸਾਹਿਤ ਨੂੰ ਉਸ ਦੇ ਸਭਿਆਚਾਰਕ ਪ੍ਰਸੰਗ ਵਿੱਚ ਰੱਖ ਕੇ ਪਰਖਣ ਨਾਲ ਸਾਹਿਤ ਦੇ ਪ੍ਰਯੋਜਨ ਨੂੰ ਸਹੀ ਰੂਪ ਵਿੱਚ ਪਛਾਣਿਆ ਜਾ ਸਕਦਾ ਹੈ। ਸਾਹਿਤ ਸਿਰਜਣਾ ਦੌਰਾਨ ਵਿਅਕਤੀ ਚੇਤਨਾ ਅਤੇ ਸਮਾਜਿਕ ਚੇਤਨਾ ਬਰਾਬਰ ਦੀਆਂ ਹਿੱਸੇਦਾਰ ਹੁੰਦੀਆਂ ਹਨ। ਸਾਹਿਤ ਨੂੰ ਕੋਈ ਵਿਅਕਤੀ ਬਿੰਬਾਂ ਰਾਹੀਂ ਵਾਸਤਵਿਕਤਾ ਦੀ ਪੁਨਰ ਸਿਰਜਣਾ ਕਹੇ ਜਾਂ ਇਸਨੂੰ ਸਮਾਜਿਕ ਚੇਤਨਾ ਵਜੋਂ ਪਰਿਭਾਸ਼ਿਤ ਕਰੇ ਹਰ ਹਾਲਤ ਵਿੱਚ ਸਾਹਿਤ ਨੂੰ ਮਨੁੱਖੀ ਸਮਾਜ ਜਾਂ ਸਭਿਆਚਾਰਕ ਵਰਤਾਰੇ ਨਾਲ ਜੋੜ ਕੇ ਦੇਖਿਆ ਜਾਂਦਾ ਹੈ।

ਸਾਹਿਤ ਅਤੇ ਸਭਿਆਚਰ ਵਿਚਕਾਰ ਜਟਿਲ, ਗਹਿਰਾ ਅਤੇ ਦਵੰਦਾਤਮਕ ਸੰਬੰਧ ਹੈ। ਹਰ ਤਰ੍ਹਾਂ ਦੀ ਲਿਖਤ ਭਾਵੇਂ ਉਹ ਵਾਸਤਵਿਕਤਾ ਨੂੰ ਪ੍ਰਗਟ ਵੀ ਕਰਦੀ ਹੋਵੇ, ਸਾਹਿਤ ਨਹੀਂ ਕਿਹਾ ਜਾ ਸਕਦਾ, ਸਗੋਂ ਕਿਸੇ ਸ਼ਾਬਦਿਕ ਲਿਖਤ ਨੂੰ ਸਾਹਿਤ ਬਨਣ ਲਈ ਸਾਰਥਿਕਤਾ, ਵਿੱਲਖਣਤਾ, ਸੁਹਜਾਤਮਕਤਾ ਅਤੇ ਨਵੀਨਤਾ ਜਿਹੇ ਗੁਣ ਗ੍ਰਹਿਣ ਕਰਨੇ ਪੈਂਦੇ ਹਨ। ਸਾਹਿਤ ਵਿੱਚ ਸਮਾਜਿਕ ਵਾਸਵਿਕਤਾ ਵਿਕਅਤੀ ਚੇਤਨਾ ਵਜੋਂ ਪ੍ਰਗਟ ਹੁੰਦੀ ਹੈ। ਮਨੁੱਖ ਦੀ ਹਰ ਤਰ੍ਹਾਂ ਦੀ ਸਿਰਜਨ ਸ਼ਕਤੀ ਦਾ ਆਧਾਰ ਉਸ ਦੀ ਚੇਤਨਾ ਹੈ। ਸਭਿਆਚਾਰ ਨਿਰੰਤਰ ਬਦਲਦੇ ਰਹਿਣ ਵਾਲਾ ਸਰਬਵਿਆਪਕ ਵਰਤਾਰਾ ਹੈ-, ਇਸ ਲਈ ਸਾਹਿਤ ਦਾ ਰੂਪ ਅਤੇ ਵਸਤੂ ਵੀ ਨਿਰੰਤਰ ਬਦਲਦੇ ਰਹਿੰਦੇ ਹਨ। ਸਾਹਿਤ ਅਤੇ ਸਭਿਆਚਾਰ ਇੱਕ ਦੂਜੇ ਨੂੰ ਲਗਾਤਾਰ ਪ੍ਰਭਾਵਿਤ ਕਰਦੇ ਰਹਿੰਦੇ ਹਨ। ਦੋਵਾਂ ਦਾ ਆਧਾਰ ਸਮਾਜ ਹੈ। ਪ੍ਰਤੀਕਾਤਮਕਤਾ ਦੋਵਾਂ ਦਾ ਵਿਸ਼ੇਸ਼ ਲੱਛਣ ਹੈ। ਸਾਹਿਤ ਇੱਕ ਸ਼ਾਬਦਿਕ ਕਲਾ ਹੈ। ਸਾਹਿਤ ਦੀ ਸਮੱਗਰੀ ਭਾਸ਼ਾ ਹੈ ਪਰ ਸਾਰੀ ਭਾਸ਼ਾ ਸਾਹਿਤ ਨਹੀਂ ਹੁੰਦੀ। ਸਾਹਿਤ ਇੱਕ ਚਿੰਨ੍ਹ ਪ੍ਰਣਾਲੀ ਹੈ ਜਿਸ ਵਿੱਚ ਚਿੰਨ੍ਹ ਤੇ ਪ੍ਰਤੀਕ ਹੁੰਦੇ ਹਨ। ਭਾਸ਼ਾ ਮੁੱਢਲਾ ਚਿਹਨ ਪ੍ਰਬੰਧ ਹੈ ਅਤੇ ਸਾਹਿਤ ਦੁਜੈਲਾ ਚਿਹਨ ਪ੍ਰਬੰਧ ਹੈ। ਮੁੱਢਲਾ ਚਿਹਨ ਪ੍ਰਬੰਧ ਵੀ ਸਭਿਆਚਾਰਕ ਹੁੰਦਾ ਹੈ ਅਤੇ ਸੈਕੰਡਰੀ ਚਿਹਨ ਪ੍ਰਬੰਧ ਵੀ ਸਭਿਆਚਾਰਕ ਹੁੰਦਾ ਹੈ। ਸਾਹਿਤ ਅਤੇ

ਸਭਿਆਚਾਰ ਇੱਕ ਦੂਜੇ ਦੇ ਆਲੋਚਕ ਹਨ। ਸਾਹਿਤ ਵਿੱਚ ਭਵਿੱਖ ਦੀਆਂ ਸੋਆਂ ਵੀ ਹੁੰਦੀਆਂ ਹਨ। ਸਮੁੱਚੇ ਤੌਰ ਉਤੇ ਸਾਹਿਤ ਅਤੇ ਸਭਿਆਚਾਰ ਦੇ ਸੰਬੰਧ ਬਾਰੇ ਕਹਿ ਸਕਦੇ ਹਾਂ ਕਿ ਸਾਹਿਤ ਸਭਿਆਚਾਰਕ ਪ੍ਰਗਟਾ ਰੂਪ ਹੈ ਅਤੇ ਇਹ ਸਭਿਆਚਾਰ ਦੇ ਅੰਗ 'ਬੋਧਾਤਮਿਕ ਸਭਿਆਚਾਰ` ਵਿੱਚ ਸ਼ਾਮਲ ਹੈ। ਸਾਹਿਤ ਸਭਿਆਚਾਰ ਦਾ ਬੋਧਾਤਮਿਕ ਪ੍ਰਗਟਾ ਹੈ। ਸਾਹਿਤ ਬੋਧਾਤਮਿਕ ਸਭਿਆਚਾਰ ਦੇ ਹਿੱਸੇ ਜਿਵੇਂ - ਫਲਸਫਾ, ਧਰਮ, ਇਤਿਹਾਸ, ਗਿਆਨ ਅਤੇ ਹੋਰ ਕਲਾਵਾਂ ਨਾਲ ਜੁੜਿਆ ਹੁੰਦਾ ਹੈ। ਸਾਹਿਤ ਸਭਿਆਚਾਰਕ ਕਦਰਾਂਕੀਮਤਾਂ ਅਤੇ - ਸਭਿਆਚਾਰਕ ਜੀਵਨ ਸ਼ੈਲੀ ਨੂੰ ਹੀ ਪ੍ਰਗਟ ਨਹੀਂ ਕਰਦਾ ਆਉਣ ਵਾਲੇ ਦਿਨਾਂ ਦੀਆਂ ਕਦਰਾਂਕੀਮਤਾਂ ਵੀ ਇਸ ਵਿੱਚ ਪ੍ਰਗਟ ਹੁੰਦੀਆਂ - ਹਨ। ਸਾਹਿਤ ਦਾ ਸਭਿਆਚਾਰ ਨਾਲ ਸੰਬੰਧ ਸਿਰਫ ਸਾਂਵੇਪਣ ਦਾ ਸੰਬੰਧ ਨਹੀਂ। ਸਭਿਆਚਾਰ ਅਨੁਸ਼ਾਸਨਕਾਰੀ ਹੁੰਦਾ ਹੈ। ਸਾਹਿਤ ਉਸ ਅਨੁਸ਼ਾਸਨ ਵਿੱਚ ਦਮਿਤ ਕਿਸਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦਾ ਹੈ।

ਸਾਹਿਤ ਅਤੇ ਸਭਿਆਚਾਰਕ ਦੇ ਸੰਬੰਧਾਂ ਬਾਰੇ ਬਹੁਤੀ ਗੱਲ ਸਭਿਆਚਾਰਕ ਵਿਗਿਆਨੀਆਂ ਨੇ ਕੀਤੀ ਹੈ। ਮਨੁੱਖੀ ਵਰਤਾਰਿਆਂ ਨੂੰ ਸਭਿਆਚਾਰ ਦੇ ਅਧੀਨ ਰੱਖਣ ਕਾਰਨ ਸਾਹਿਤ ਦੀ ਆਪਣੀ ਖੁਦਖ਼ਤਾਰ ਹੋਂਦ ਨੂੰ ਅੱਖੋਂ ਉਹਲੇ ਕਰ ਦਿੱਤਾ ਜਾਂਦਾ ਹੈ।ਸਾਹਿਤ ਨੂੰ ਸਭਿਆਚਾਰ ਦਾ ਪਰਗਟਾ ਰੂਪ ਕਿਹਾ ਗਿਆ ਹੈ।ਇਸ ਲਈ ਸਾਹਿਤ ਨੂੰ ਸਭਿਆਚਾਰ ਦੇ ਅਧੀਨ ਇੱਕ ਵਰਤਾਰੇ ਦੇ ਰੂਪ ਵਿੱਚ ਸਮਝਿਆ ਗਿਆ ਹੈ। ਪਰ ਜਦੋਂ ਅਸੀਂ ਸਭਿਆਚਾਰ ਦੇ ਅੰਗਾਂ ਦੀ ਵੰਡ ਕਰਦੇ ਹਾਂ ਤਾ ਸਾਹਿਤ ਨੂੰ ਸਭਿਆਚਾਰ ਦੇ ਬੋਧਾਤਮਕ ਅੰਗ ਵਿੱਚ ਰੱਖਿਆ ਗਿਆ।ਇਸ ਦਾ ਮਤਲਬ ਸਾਹਿਤ ਸਭਿਆਚਾਰ ਦਾ ਪਰਗਟਾਅ ਰੂਪ ਹੈ ਅਤੇ ਬੋਧਾਤਮਕ ਅੰਗ ਦਾ ਹਿੱਸਾ ਹੈ। ਸਾਹਿਤ ਸਭਿਆਚਾਰ ਦੇ ਮਨੁੱਖੀ ਮਨ ਉੱਤੇ ਪਏ ਪਰਭਾਵਾਂ ਤੋਂ ਉਤਪੰਨ ਹੋਏ ਮਾਨਵੀ ਅਹਿਸਾਸਾਂ ਨੂੰ ਪਰਗਟ ਕਰਦੀ ਹੈ। ਇਹ ਅਹਿਸਾਸ ਸਭਿਆਚਾਰਕ ਮੁੱਲਾਂ ਦੀ ਮਾਨਵਵਾਦੀ ਆਲੋਚਨਾ ਹੁੰਦੇ ਹਨ। ਸਭਿਆਚਾਰ ਵਿੱਚ ਜਿੱਥੇ ਵਿਅਕਤੀ ਅਤੇ ਸਮਾਜ ਦੀ ਇਕਸਾਰਤਾ ਲੋੜੀਦੀ ਹੁੰਦੀ ਹੈ।ਉੱਥੇ ਸਾਹਿਤ ਅਜਿਹੀ ਇਕਸਾਰਤਾ ਉੱਪਰ ਕਿੰਤੂ ਵੀ ਕਰਦਾ ਹੈ ਅਤੇ ਵਿਅਕਤੀ ਤੇ ਸਮਾਜ ਵਿਚਲੇ ਟਕਰਾਉ ਨੂੰ ਵੀ ਉਭਾਰਦਾ ਹੈ।

**ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ**, ਸਾਹਿਤ ਦੀ ਵਿਲੱਖਣਤਾ ਆਪਣੇ ਮਾਧਿਅਮ ਭਾਸ਼ਾ ਕਰਕੇ ਹੈ, ਜੋ ਕਿ ਆਪਣੇ ਆਪ ਵਿੱਚ ਸਭਿਆਚਾਰ ਸਿਰਜਣਾ ਹੈ। ਜੋ ਕਿਸੇ ਸਮਾਜ ਨੇ ਸੰਚਾਰ ਦੇ ਆਸੇ ਨਾਲ ਕੀਤੀ ਹੁੰਦੀ ਹੈ। ਸਾਹਿਤ ਵਿੱਚ ਭਾਸ਼ਾ ਵੀ ਬਿੰਬ ਰੂਪ ਹੋ ਜਾਦੀਂ ਹੈ ਕਿਉਂਕਿ ਉਹ ਸਿਰਫ਼ ਯਥਾਰਥ ਨੂੰ ਪੇਸ਼ ਕਰਨ ਦਾ ਸਾਧਨ ਨਹੀਂ ਸਗੋਂ ਉਸ ਪਰਤੀ ਇੱਕ ਵਤੀਰਾ ਵੀ ਪੇਸ਼ ਕਰਦੀ ਹੈ, ਨਾਲ ਹੀ ਇਹ ਭਾਸ਼ਾ ਸੁਹਜ ਅਤੇ ਗਿਆਨ ਦੇਣ ਦੇ ਸਾਹਿਤ ਦੇ ਪਰਕਾਰਜ ਨਿਭਾਉਣ ਵਿੱਚ ਸਹਾਇਤਾ ਕਰਦੀ ਹੈ। ਬਿੰਬ ਅਤੇ ਭਾਸ਼ਾ ਵਿੱਚ ਵਿਸ਼ੇਸ਼ਤਾ ਤਿੰਨ ਪੱਧਰ ਤੇ ਆ ਸਕਦੀ ਹੈ, ਯੁੱਗ, ਧਾਰਾ ਅਤੇ ਵਿਅਕਤੀਗਤ ਸ਼ੈਲੀ।

## ਸਭਿਆਚਾਰ ਤੇ ਸਾਹਿਤ ਦਾ ਨਿਖੇੜਾ

ਸਾਹਿਤ ਤੇ ਸਭਿਆਚਾਰ ਵਿਚਲੇ ਨਿਖੇੜਿਆ ਦਾ ਪੱਖ ਸਾਹਿਤ ਦੇ ਭਵਿੱਖਾਰਥੀ ਕਿਰਦਾਰ ਨਾਲ ਸੰਬੰਧਿਤ ਹੈ।ਇਹ ਇੱਕ ਪਰਵਾਣਿਤ ਧਾਰਨਾ ਹੈ ਕਿ ਸਾਹਿਤ ਵਿੱਚ ਉਹ ਤਬਦੀਲੀਆਂ, ਉਥਲਾ ਪੁਥਲਾਂ, ਨਵੀਆਂ ਕਦਰਾਂ ਕੀਮਤਾ ਪਹਿਲਾ ਮਹਿਸੂਸ ਕਰ ਲਈਆਂ ਜਾਦੀਆਂ ਹਨ।ਜਿਹੜੀਆਂ ਹਾਲੇ ਤੱਕ ਸਮਾਜ ਸਭਿਆਚਾਰ ਵਿੱਚ ਵਡੇਰੇ ਪੱਧਰ ਤੇ ਪਰਗਟ ਨਹੀਂ ਹੋਈਆਂ ਹੁੰਦੀਆਂ, ਪਰ ਸਭਿਆਚਾਰਕ ਗਤੀ ਦੀ ਦਿਸ਼ਾ ਉਹਨਾਂ ਵੱਲ ਹੀ ਸੇਧਿਤ ਹੁੰਦੀ ਹੈ। ਇਸ ਲਈ ਸਾਹਿਤ ਸਭਿਆਚਾਰ ਦੀ ਇੱਕ ਅਜਿਹੀ ਪੈਦਾਇਸ਼ ਹੈ, ਜਿਹੜੀ ਸਭਿਆਚਾਰ ਪਰਿਵਰਤਨ ਦੀ ਦਿਸ਼ਾ ਨੂੰ ਨਿਰਧਾਰਿਤ ਤਾਂ ਭਾਵੇਂ ਉਸ ਦੀ ਪੱਧਰ ਤੱਕ ਨਹੀਂ ਕਰਦੀ ਪਰ ਉਹ ਦਿਸ਼ਾ ਨੂੰ ਪਛਾਉਣੀ ਅਤੇ ਚਿਹਨਤ ਜ਼ਰੂਰ ਕਰਦੀ ਹੁੰਦੀ ਹੈ। ਜਿਵੇਂ ਕਿ ਪੰਜਾਬੀ ਸਭਿਆਚਾਰ ਵਿੱਚ ਪਿਆਰ ਵਿਆਹ ਨੂੰ ਜਿੰਨੀ ਥੋੜੀ ਬਹੁਤ ਪਰਵਾਨਗੀ ਦੇ ਥੀਮ ਬਹੁਤ ਪਹਿਲਾਂ ਸਾਹਿਤ ਵਿੱਚ ਪੇਸ਼ ਹੋਣੇ ਆਰੰਭ ਹੋ ਗਏ ਸਨ। ਸਾਹਿਤ ਕਿਉਂਕਿ ਵਰਤਮਾਨ ਨੂੰ ਭਵਿੱਖ ਦੇ ਸੰਦਰਭ ਵਿੱਚ ਮੁਲਾਂਕਿਤ ਕਰਨ ਦਾ ਆਦੀ ਹੁੰਦਾ ਹੈ।ਇਸ ਲਈ ਉਹ ਹੋਂਦ ਵਿੱਚ ਆ ਰਹੇ ਜਾਂ ਆ ਚੁਕੇ ਨਵੇਂ ਰੁਝਾਨਾ ਦੀ ਪੂਰਵ ਸੂਚਨਾ ਦੇ ਦਿੰਦਾ ਹੈ। ਸਾਹਿਤ ਸਭਿਆਚਾਰ ਦਾ ਭਵਿੱਖਮੁਖੀ ਚਿੰਤਨ ਹੁੰਦਾ ਹੈ। ਸਭਿਆਚਾਰ ਦੀ ਰਚਨਾ ਕਿਸੇ ਸਮੂਹ ਦੁਆਰਾ ਕੀਤੀ ਜਾਂਦੀ ਹੈ, ਜਦਕਿ ਸਾਹਿਤ ਦੀ ਰਚਨਾ ਦਾ ਆਧਾਰ ਵਿਅਕਤੀ ਹੁੰਦਾ ਹੈ। ਸਭਿਆਚਾਰ ਨੂੰ ਕੋਈ ਵੀ ਇਕੱਲਾ ਮਨੁੱਖ ਨਾਂ ਤਾਂ ਸਿਰਜ ਸਕਦਾ ਹੈ ਅਤੇ ਨਾ ਹੀ ਖ਼ਤਮ ਕਰ ਸਕਦਾ ਹੈ। ਪਰ ਸਾਹਿਤ ਵਿੱਚ ਅਜਿਹਾ ਨਹੀਂ ਹੁੰਦਾ। ਸਾਹਿਤ ਦੀ ਸਿਰਜਣਾ ਕਿਸੇ ਇੱਕ ਵਿਅਕਤੀ, ਲੇਖਕ ਦੁਆਰਾ ਹੁੰਦੀ ਹੈ।ਇਸ ਤਰਹਾਂ ਅਸੀਂ ਸਾਹਿਤ ਅਤੇ ਸਭਿਆਚਾਰ ਵਿੱਚ ਨਿਖੇੜਾ ਕਰਕੇ ਦੇਖ ਸਕਦੇ ਹਾਂ।

## ਮਾਸ ਕਲਚਰ

ਮਾਸ ਕਲਚਰ ਲਈ ਪਾਪੂਲਰ ਸਭਿਆਚਾਰ ਜਾਂ ਪੌਪ ਕਲਚਰ ਸ਼ਬਦ ਵੀ ਵਰਤ ਲਏ ਜਾਂਦੇ ਹਨ। ਇਸ ਨੂੰ ਆਮ ਤੌਰ 'ਤੇ ਸਮਾਜ ਦੇ ਮੈਂਬਰਾਂ ਦੁਆਰਾ ਪ੍ਰਥਾਵਾਂ, ਵਿਸ਼ਵਾਸਾਂ ਅਤੇ ਵਸਤੂਆਂ ਦੇ ਇੱਕ ਸਮੂਹ ਵਜੋਂ ਮਾਨਤਾ ਦਿੱਤੀ ਜਾਂਦੀ ਹੈ ਜੋ ਕਿਸੇ ਸਮਾਜ ਵਿੱਚ ਇੱਕ ਨਿਸ਼ਚਤ ਬਿੰਦੂ 'ਤੇ ਪ੍ਰਚਲਿਤ ਹੁੰਦਾ ਹੈ। ਉਦਯੋਗਿਕ ਕ੍ਰਾਂਤੀ ਤੋਂ ਬਾਅਦ ਦੇ ਸਾਲਾਂ ਵਿੱਚ ਮਾਸ ਕਲਚਰ ਦਾ ਉਭਾਰ ਹੋਇਆ। ਮਾਸ ਕਲਚਰ ਦੀ ਧਾਰਨਾ ਉਹਨਾਂ ਸਾਰੀਆਂ ਸ਼ਕਤੀਆਂ, ਵਿਵਹਾਰਾਂ, ਮਿਥਿਹਾਸ ਅਤੇ ਵਰਤਾਰਿਆਂ ਨੂੰ ਪਰਿਭਾਸ਼ਿਤ ਕਰਦੀ ਹੈ ਜਿਨ੍ਹਾਂ ਦਾ ਵਿਰੋਧ ਕਰਨਾ ਔਖਾ ਹੈ ਅਤੇ ਜੋ ਉਦਯੋਗਿਕ ਤਕਨੀਕਾਂ ਦੁਆਰਾ ਪੈਦਾ ਹੁੰਦੇ ਹਨ ਅਤੇ ਇੱਕ ਬਹੁਤ ਵੱਡੀ ਜਨਤਾ ਵਿੱਚ ਫੈਲਦੇ ਹਨ। ਮਾਸ ਕਲਚਰ

ਉਤਪਾਦ ਮਿਆਰੀ ਸੱਭਿਆਚਾਰਕ ਉਤਪਾਦ ਹੁੰਦੇ ਹਨ ਜੋ ਮਾਸ ਮੀਡੀਆ ਦੁਆਰਾ ਸਿਰਫ ਜਨਤਕ ਬਾਜ਼ਾਰ ਲਈ ਪੈਦਾ ਕੀਤੇ ਅਤੇ ਪ੍ਰਸਾਰਿਤ ਕੀਤੇ ਜਾਂਦੇ ਹਨ।

ਮਾਸ ਕਲਚਰ ਅਤੇ ਪਾਪੂਲਰ ਸੱਭਿਆਚਾਰ ਅਕਸਰ ਇੱਕ ਦੂਜੇ ਦੇ ਬਦਲਵੇਂ ਰੂਪ ਵਿੱਚ ਵਰਤੇ ਜਾਂਦੇ ਹਨ, ਪਰ ਦੋਵੇਂ ਸ਼ਬਦ ਅਸਲ ਵਿੱਚ ਇੱਕ ਦੂਜੇ ਦੇ ਬਿਲਕੁਲ ਸਮਾਨਾਰਥੀ ਨਹੀਂ ਹਨ ਭਾਵੇਂ ਇਕ ਦੂਜੇ ਦੇ ਨੇੜੇ ਹਨ।

ਮਾਸ ਕਲਚਰ, ਇੱਕ ਅਜਿਹਾ ਸਭਿਆਚਾਰ ਹੈ ਜੋ ਵੱਡੇ ਪੱਧਰ 'ਤੇ ਪੈਦਾ ਹੁੰਦਾ ਹੈ, ਵੰਡਿਆ ਜਾਂਦਾ ਹੈ ਅਤੇ ਮਾਰਕੀਟਿੰਗ ਹੁੰਦਾ ਹੈ। ਪਾਪੂਲਰ ਸਭਿਆਚਾਰ ਉਹ ਹੁੰਦਾ ਹੈ ਜੋ ਬਹੁਗਿਣਤੀ ਦੇ ਵਿਚਾਰਾਂ ਅਨੁਸਾਰ, ਜਨ-ਸਭਿਆਚਾਰ ਤੋਂ ਉੱਭਰਦਾ ਹੈ। ਇੱਕ ਉਦਯੋਗਿਕ ਪੈਮਾਨੇ 'ਤੇ ਤਿਆਰ ਕੀਤਾ ਗਿਆ ਸੰਗੀਤ ਅਤੇ ਐਪਲ ਸੰਗੀਤ, ਸਪੋਟੀਫਾਈ, ਅਤੇ ਸਾਊਂਡ ਕਲਾਉਡ ਵਰਗੀਆਂ ਐਪਾਂ ਅਤੇ ਸਾਈਟਾਂ ਦੀ ਬਹੁਤਾਤ ਰਾਹੀਂ ਉਪਲਬਧ ਕਰਵਾਇਆ ਗਿਆ ਹੈ, ਪਰ ਉਹ ਖਾਸ ਕਲਾਕਾਰ ਅਤੇ ਗੀਤ ਜੋ ਸਿਖਰ 'ਤੇ ਪਹੁੰਚਦੇ ਹਨ, ਪਾਪੂਲਰ ਸਭਿਆਚਾਰ ਦੇ ਸੂਚਕ ਹਨ।

ਮਾਸ ਕਲਚਰ ਏਕੀਕ੍ਰਿਤ ਸਮਗਰੀ ਪੈਦਾ ਕਰਦਾ ਹੈ, ਜਿੰਨਾ ਸੰਭਵ ਹੋ ਸਕੇ ਬਹੁਤ ਸਾਰੇ ਪ੍ਰਾਪਤ ਕਰਤਾਵਾਂ ਤੱਕ ਪਹੁੰਚਣ ਲਈ ਤਿਆਰ ਕੀਤਾ ਗਿਆ ਹੈ। ਇਹ ਸਭਿਆਚਾਰ ਦੇ ਸਾਰੇ ਰੂਪਾਂ ਨੂੰ ਸ਼ਾਮਲ ਕਰਦਾ ਹੈ, ਵਿਰੋਧੀ-ਸਭਿਆਚਾਰ ਅਤੇ ਹਾਸ਼ਆਗਤ ਉਪ-ਸਭਿਆਚਾਰਾਂ ਨੂੰ ਵੀ ਸ਼ਾਮਲ ਕਰਦਾ ਹੈ। ਇਹ 'ਸਭ ਲਈ ਕੁਝ' ਸਿਧਾਂਤ 'ਤੇ ਕੰਮ ਕਰਦਾ ਹੈ। ਇੱਥੇ ਫਰਕ ਇਹ ਹੈ ਕਿ ਮਾਸ ਕਲਚਰ ਇੱਕ ਸਰਵ-ਸੰਗੀਤ ਰੂਪ ਹੈ ਜੋ ਬਹੁਗਿਣਤੀ ਅਤੇ ਘੱਟਗਿਣਤੀ ਦੋਵਾਂ ਲਈ ਉਤਪਾਦ ਪੈਦਾ ਕਰਦੀ ਹੈ, ਜਦੋਂ ਕਿ ਪੌਪ ਕਲਚਰ ਉਹ ਹੁੰਦਾ ਹੈ ਜਿਸਦਾ ਬਹੁਤ ਸਾਰੇ ਦਰਸ਼ਕਾਂ ਦੁਆਰਾ ਖਪਤ ਕੀਤਾ ਜਾਂਦਾ ਹੈ।

ਪਾਪੂਲਰ ਅਜਿਹੀ ਵਿਸ਼ੇਸ਼ ਮੱਦ ਹੈ ਜਿਸਨੂੰ ਕੇਵਲ ਲੋਕ ਜਾਂ ਜਨ ਦੇ ਅਰਥਾਂ ਤੱਕ ਸੀਮਤ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਦੇ ਹੋਰ ਅਨੇਕਾਂ ਅਰਥ ਹਨ।

**ਰਸਲ ਬੀਨਾਏ.** ਨੇ ਇਸ ਦੇ ਤਿੰਨ ਅਰਥ ਦਿੱਤੇ ਹਨ।

1) ਆਮ ਲੋਕਾਂ ਨਾਲ ਸੰਬੰਧਿਤ

2) ਵਿਆਪਕ ਰੂਪ ਵਿੱਚ ਪ੍ਰਚਲਿਤ ਹੋਣਾ

3) ਆਮ ਲੋਕਾਂ ਦੀਆਂ ਲੋੜਾਂ, ਇਛਾਵਾਂ, ਰੁਚੀਆਂ ਨੂੰ ਸਮਝਣ ਵਾਲਾ।

**ਰੇਮੰਡ ਵਿਲੀਅਮ** ਨੇ ਪਾਪੂਲਰ ਦੇ ਅਰਥ ਪੇਸ਼ ਕਰਦਿਆ ਲਿਖਿਆ ਹੈ ਕਿ ਪਾਪੂਲਰ ਅਸਲ ਵਿੱਚ ਇੱਕ ਕਾਨੂੰਨੀ ਅਤੇ ਰਾਜਨੀਤਿਕ ਮੱਦ ਹੈ ਜੋ ਕਿ Popularis ਤੋਂ ਨਿਕਲੀ ਹੈ ਅਤੇ ਲੋਕਾਂ ਨਾਲ ਸੰਬੰਧਿਤ ਹੈ।

ਇਕ ਹੋਰ ਧਾਰਨਾ ਅਨੁਸਾਰ ਸੁਹਜਾਤਮਕ ਵਿਚਾਰ ਚਰਚਾ ਦੇ ਅੰਤਰਗਤ ਇਹ ਮੱਦ 'Populus' ਤੋਂ ਉਦਭਵ ਹੋਈ ਹੈ। ਜੋ ਕਿ ਉਚ ਕਲਾ High Art ਦੇ ਵਿਰੋਧ ਵਿੱਚ ਖੜੀ ਹੈ। ਇਹ ਉਸ ਜਗਤ ਦੀ ਸੂਚਕ ਹੈ ਜੋ ਕਿ ਉਚ ਸਭਿਆਚਾਰਕਲਾ ਤੋਂ ਛੁੱਟ ਹੋਰਾਂ ਨੂੰ / ਖਤਮ ਦੇ ਜਾਲ ਵਿੱਚ ਫਸਾਉਂਦੀ ਹੈ। ਆਪਣੇ ਆਰਥਕ ਅਤੇ ਸਮਾਜਿਕ ਪੱਖ ਅਨੁਸਾਰ ਪਾਪੂਲਰ ਅਜਿਹੀ ਖਾਸ ਵਪਾਰਿਕ ਮੰਡੀ ਦੀ ਸੂਚਕ ਹੈ ਜੋ ਕਿ 19ਵੀਂ ਸਦੀ ਵਿੱਚ ਹੋਂਦ ਗ੍ਰਹਿਣ ਕਰਦੀ ਹੈ। ਜਿਸ ਵਿੱਚ ਮੱਧ ਵਰਗ ਦੇ ਵਧੇਰੇ ਪਸਰਨ ਦੇ ਇਸ਼ਾਰੇ ਮਿਲਦੇ ਹਨ। ਜੁਆਨ ਫਲੋਰਸ ਨੇ ਆਪਣੇ ਲੇਖ 'Pueble Pueblo:Popular Culture in Time' ਵਿੱਚ ਪਾਪੂਲਰ ਸੱਭਿਆਚਾਰ ਦੇ ਅੰਤਰਗਤ ਪਾਪੂਲਰ ਨੂੰ ਲੋਕਾਂ ਨਾਲ ਜੋੜਿਆ ਹੈ। ਇਹ ਆਮ ਲੋਕ ਜੋ ਗਰੀਬ ਸ਼ਕਤੀਹੀਣ ਅਤੇ ਬਹੁਗਿਣਤੀ ਵਿੱਚ ਆਉਂਦੇ ਹਨ। ਨਿਮਨ ਸਭਿਆਚਾਰ ਨਾਲ ਸੰਬੰਧਿਤ ਹੈ ਅਤੇ ਇਹ ਆਪਣੇ ਚਿੰਨ੍ਹਾਂ ਅਤੇ ਅੰਸ਼ਾ ਦੇ ਉੱਚ ਵਰਗ ਤੋਂ ਵੀ ਲੈਂਦਾ ਹੈ। ਪਾਪੂਲਰ ਮੂਲ ਰੂਪ ਵਿੱਚ ਲੋਕਾਂ ਦਰਮਿਆਨ ਬਣੀ ਅੰਤਰਮੁਖੀ ਵੱਖਰਤਾ ਦਾ ਸੰਕੇਤ ਹੈ।

**ਮਾਰਕਸਵਾਦੀ ਵਿਸ਼ਲੇਸ਼ਕ ਜਾਨ ਫਿਸਕੇ ਅਨੁਸਾਰ**

ਪਾਪੂਲਰ ਸਭਿਆਚਾਰ ਨੂੰ ਪਰਿਭਾਸ਼ਿਤ ਕਰਨਾ ਆਸਾਨ ਕਾਰਜ ਨਹੀਂ ਹੈ। ਇਸ ਸੰਬੰਧੀ ਵਿਸ਼ਵ ਦੇ ਵਿਭਿੰਨ ਵਿਦਵਾਨਾ ਨੇ ਆਪਣੀਆਂ-ਆਪਣੀਆਂ ਧਾਰਨਾਵਾਂ ਵਿਅਕਤ ਕੀਤੀਆਂ ਹਨ। ਪਾਪੂਲਰ ਕਲਚਰ ਦੇ ਪ੍ਰਸਿੱਧ ਅਮਰੀਕੀ ਮਾਰਕਸਵਾਦੀ ਵਿਸ਼ਲੇਸ਼ਕ ਜਾਨ ਫਿਸਕੇ ਨੇ ਇਸ ਸੰਬੰਧੀ ਦੋ ਮਹੱਤਵਪੂਰਨ ਪੁਸਤਕਾਂ- Understanding Popular Culture Reading Popular Culture ਲਿਖੀਆਂ ਹਨ।

ਪਾਪੂਲਰ ਸਭਿਆਚਾਰ ਨੂੰ ਉਹ ਕਿਸੇ ਇੱਕ ਪਰਿਭਾਸ਼ਾ ਵਿੱਚ ਨਾ ਬੱਝਣ ਵਾਲਾ ਬਹੁਅਰਥੀ ਸੰਕਲਪ ਮੰਨਦਾ ਹੈ। ਉਸ ਦਾ ਵਿਚਾਰ ਹੈ। ਉਸ ਦਾ ਵਿਚਾਰ ਹੈ ਕਿ ਪਾਪੂਲਰ ਸੱਭਿਆਚਾਰ ਦਵੰਦਾਤਮਕ ਹੈ। ਇਹ ਕਿਸੇ ਨਿਸ਼ਚਿਤ ਪੱਖ ਤੇ ਅਧਾਰਿਤ ਨਹੀਂ ਹੁੰਦਾ। ਜਿਹੜੇ ਇਸ ਨੂੰ ਸਧਾਰਨ ਅਤੇ ਪਰਿਭਾਸ਼ਿਤ ਕੀਤੇ ਜਾਣ ਦੇ ਅਰਥਾਂ ਵਜੋਂ ਲੈਂਦੇ ਹਨ। ਅਸਲ ਵਿੱਚ ਉਹ ਇਸ ਦੀ ਦਵੰਦਾਤਮਕ ਨੂੰ ਨਕਾਰਨ ਦੀ ਕੋਸ਼ਿਸ਼ ਵਿੱਚ ਹਨ।

ਪ੍ਰਸਿੱਧ ਉੱਤਰ ਆਧੁਨਿਕ ਫਰਾਂਸੀਸੀ ਚਿੰਤਕ ਬੋਦਰੀਲਾਰਦ ਆਖਦਾ ਹੈ, “ਪਾਪੂਲਰ ਕਲਚਰ ਅਤਿ ਵਿਸਤ੍ਰਿਤ ਫੈਲਿਆ ਹੋਇਆ ਸੰਕਲਪ ਹੈ ਜੋ ਕਿ ਵਿਭਿੰਨ ਤਰ੍ਹਾਂ ਦੀਆਂ ਭਾਸ਼ਾਵਾਂ ਦੇ ਮਿਸ਼ਰਣ, ਨਸਲੀ ਸਮੂਹਾਂ ਅਤੇ ਅਨੇਕਾਂ ਹੀ ਸੱਭਿਆਚਾਰ ਦੁਆਰਾ ਬਣਾਇਆ ਗਿਆ ਹੁੰਦਾ ਹੈ।

**ਡਿਕਸ਼ਨਰੀ ਆਫ਼ ਕਲਚਰ ਥਿਊਰੀ ਅਨੁਸਾਰ** “ਪਾਪੂਲਰ ਸੱਭਿਆਚਾਰ ਅਜਿਹਾ ਸੰਕਲਪ ਹੈ ਜਿਸ ਨੂੰ ਅਕਾਦਮਿਕ ਪੱਧਰ ਤੇ ਹਰ ਰੋਜ਼ ਵਰਤੋਂ ਵਿੱਚ ਲਿਆਂਦਾ ਜਾਂਦਾ ਹੈ। Ray B. Browne and Pat Browne ਨੇ ਆਪਣੇ ਲੇਖ The Generalities of Culture ਵਿੱਚ ਪਾਪੂਲਰ ਸਭਿਆਚਾਰ ਨੂੰ ਪਰਿਭਾਸ਼ਿਤ ਕਰਦਿਆ “ਪਾਪੂਲਰ ਸੱਭਿਆਚਾਰ ਕਿਸੇ ਵੀ ਸਮਾਜ ਦੇ ਵਿਹਾਰਾਂ ਸੱਭਿਆਚਾਰ ਪੈਟਰਨਾਂ, ਵਿਸ਼ਵਾਸਾ ਤੇ ਸਹੁਜ ਸੁਆਦ ਦਾ ਸੰਗਠਨ ਹੈ। ਇਹ ਆਪਣੇ ਮਨੋਰੰਜਕ ਵਤੀਰੇ ਕਾਰਜ ਦਿਲਪ੍ਰਚਾਵੇਂ ਚਿੱਤਰਾਂ ਅਤੇ ਰੀਤੀ ਰਿਵਾਜਾਂ ਦੁਆਰਾ ਸਮਾਜ ਦੇ ਨਿੱਤ ਦਿਨ ਦੇ ਜਗਤ ਦੇ ਆਕਾਰ ਦੇਣ ਦਾ ਕਾਰਜ ਕਰਦਾ ਹੈ।

ਦੂਜੀ ਪਰਿਭਾਸ਼ਾ ਵਿੱਚ ਪਾਪੂਲਰ ਸਭਿਆਚਾਰ ਅਤੇ ਉੱਚ ਸੱਭਿਆਚਾਰ ਦੇ ਨਿਖੇੜੇ ਨਾਲ ਸੰਬੰਧਿਤ ਹੈ। ਇਸ ਵਿੱਚ ਪਾਪੂਲਰ ਸਭਿਆਚਾਰ ਨੂੰ ਰਹਿੰਦ ਖੂੰਹਦ ਵਰਗ ਅਧੀਨ ਰੱਖ ਕੇ ਵਿਚਾਰਿਆ ਗਿਆ ਹੈ। ਹਾਈ ਕਲਚਰ ਦਾ ਸੰਬੰਧ ਉੱਚ ਵਰਗ ਦੇ ਲੋਕਾਂ ਨਾਲ ਹੈ। ਜਦ ਕਿ ਪਾਪੂਲਰ ਸਭਿਆਚਾਰ ਨਿਮਨ ਅਤੇ ਘਟੀਆ ਸਭਿਆਚਾਰ ਦੇ ਅਧੀਨ ਆਉਂਦਾ ਹੈ। ਪਾਪੂਲਰ ਸਭਿਆਚਾਰ ਮਾਸ ਮੀਡੀਆ, ਬਾਜਾਰੂ ਸਭਿਆਚਾਰ ਹੈ ਜਦਕਿ ਉੱਚ ਸੱਭਿਆਚਾਰ ਕਿਸੇ ਵਿਅਕਤੀਗਤ ਸਿਰਜਣਾ ਦੇ ਨਤੀਜੇ ਵਜੋਂ ਹੋਂਦ ਗ੍ਰਹਿਣ ਕਰਦਾ ਹੈ। ਪਾਪੂਲਰ ਅਜਿਹਾ ਬਾਜ਼ਾਰੂ ਸੱਭਿਆਚਾਰ ਹੈ ਜਿਸ ਦਾ ਸੰਬੰਧ ਜਨ ਖਪਤ ਨਾਲ ਹੈ।

## ਸਾਰ-ਅੰਸ਼

ਵਿਸ਼ਵੀਕਰਨ ਦੇ ਸਮਾਜਿਕ ਤੇ ਸਭਿਆਚਾਰ ਸਰੋਕਾਰ ਵੱਲ ਝਾਤ ਮਾਰੀਏ ਤਾਂ ਵਿਸ਼ਵੀਕਰਨ ਅਜੋਕੇ ਯੁੱਗ ਦਾ ਸਭ ਤੋਂ ਮਹੱਤਵਪੂਰਨ ਅਤੇ ਚਰਚਿਤ ਵਰਤਾਰਾ ਹੈ। ਵਿਸ਼ਵੀਕਰਨ ਉਹ ਪ੍ਰਕਿਰਿਆ ਜਾਂ ਇੱਕ ਜੋੜ ਕਰਨ ਹੈ ਜਿਸ ਨਾਲ ਸੱਭਿਆਚਾਰ ਕੋਸਾਂ, ਰਾਜ ਇੱਕ ਪੇਚੀਦਾ ਸੰਬੰਧ ਵਿੱਚ ਲਚਕ ਨਾਲ ਇਕੱਠੇ ਹੋ ਗਏ ਹਨ। ਨਵੀਆਂ ਸੰਸਥਾਵਾਂ, ਚਿੰਤਨ, ਇਮੈਜਿਨਰੀ ਹੋਂਦ ਵਿੱਚ ਆਏ ਹਨ ਜੋ ਵਿਸ਼ਵੀ ਵੀ ਹਨ ਅਤੇ ਸਥਾਨਕ ਵੀ। ਰਫ਼ਤਾਰ, ਤਬਦੀਲੀ ਜਾਂ ਨਿਰੰਤਰ ਸੈਨੀਟਰਿਗ ਨਾਲ ਸਥਾਨਕ ਵਿਸ਼ਵੀ ਬਣ ਰਿਹਾ ਹੈ ਤੇ ਵਿਸ਼ਵੀ ਸਥਾਨਕਾਂ ਵਸਤਾਂ, ਸਰਮਾਏ, ਕਿਰਤੀ ਅਤੇ ਗਿਆਨ ਦਾ ਬੇਰੋਕ ਵਹਾਅ ਵਿਸ਼ਵੀਕਰਨ ਦੇ ਪਛਾਣਯੋਗ ਪਾਸਾਰ ਹਨ। ਸੂਚਨਾ ਤੇ ਤਕਨਾਲੋਜੀ ਦੇ ਵਿਸਫੋਟ ਨੇ ਦੁਨੀਆਂ ਨੂੰ ਇੱਕ ਗਲੋਬਲ ਪਿੰਡ ਵਿੱਚ ਬਦਲ ਕੇ ਰੱਖ ਦਿੱਤਾ ਹੈ। ਇਸ ਸਮੁੱਚੇ ਮਾਹੌਲ ਨੇ ਇੱਕ ਨਵੀਂ ਕਿਸਮ ਦੀ ਸੋਚ ਅਤੇ ਚੇਤਨਾ ਨੂੰ ਜਨਮ ਦਿੱਤਾ ਅਤੇ ਇਸ ਬਦਲੇ ਹੋਏ ਮਾਹੌਲ ਵਿੱਚ ਵਿਭਿੰਨ ਰਾਸ਼ਟਰਾਂ ਦੀ ਪਰਸਪਰ ਨਿਰਭਰਤਾ ਵਿੱਚ ਤਾਂ ਵਾਧਾ ਹੋਇਆ ਹੀ ਹੈ ਨਾਲ ਹੀ ਨਾਲ ਨਸਲਾਂ, ਵਸੋਂ, ਤਕਨਾਲੋਜੀ, ਸਰਮਾਏ ਅਤੇ ਗਿਆਨ ਦੇ ਮੀਡੀਏ ਦੇ ਬੇਰੋਕ ਵਹਾਅ ਸਦਕਾ ਇੱਕ ਦੂਸਰੇ ਵਿੱਚ ਰਚਮਚ ਜਾਣ ਦੀ ਪ੍ਰਕਿਰਿਆ ਕਾਰਜਸ਼ੀਲ ਹੈ। ਬਹੁਪੱਖੀ ਪੱਧਰ ਤੇ ਬਹੁ-ਪਾਸਾਰੀ ਆਦਾਨ ਪ੍ਰਦਾਨ, ਜਿਸ ਵਿੱਚ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਭਾਸ਼ਾਈ ਪੱਖ ਸ਼ਾਮਿਲ ਹਨ।

ਸਭਿਆਚਾਰ ਬਦਲਾਅ ਜੀਵਨ ਦਾ ਨੇਮ ਹੈ, ਪਰੰਤੂ ਇਹ ਬਦਲਾਅ ਜੇਕਰ ਬਦਲ ਰਹੀ ਜ਼ਿੰਦਗੀ ਦੀ ਜ਼ਰੂਰਤ ਵਿਚੋਂ ਪੈਦਾ ਹੋਵੇ ਤਾਂ ਸਲਾਹੁਣਯੋਗ ਹੁੰਦਾ ਹੈ, ਨਹੀਂ ਜਾਂ ਮਹਿਜ ਫੈਸ਼ਨ ਪ੍ਰਸਤੀ। ਪਿਛਲੇ ਸਮੇਂ ਵਿੱਚ ਖਾਣ-ਪੀਣ ਤੋਂ ਇਲਾਵਾ ਪਹਿਨਣ ਦੀਆਂ, ਹਾਰ ਸ਼ਿੰਗਾਰ ਦੀਆਂ ਆਦਤਾਂ ਵਿੱਚ ਵ ਤੂਫ਼ਾਨੀ ਤਬਦੀਲੀ ਵਾਪਰੀ ਹੈ। ਵਿਭਿੰਨ ਦਬਾਵਾਂ ਕਾਰਨ ਵਾਪਰ ਰਹੀਆਂ ਇਨ੍ਹਾਂ ਤਬਦੀਲੀਆਂ ਵੱਲ ਇਸ਼ਾਰਾ ਕਰਨ ਦਾ ਅਰਧ ਇਹ ਹਰਗਿਜ਼ ਨਹੀਂ ਕਿ ਅਸੀਂ ਹਰ ਪ੍ਰਕਾਰ ਦੀ ਤਬਦੀਲੀ ਜਾਂ ਬਦਲਾਵ ਦੇ ਵਿਰੋਧੀ ਹਾਂ। ਮੁੱਖ ਮਸਲਾਂ ਸਾਧਨਾਂ ਦੀ ਬਹੁਲਤਾ ਦਾ ਨਹੀਂ, ਉਨ੍ਹਾਂ ਦੀ ਵੰਡ ਦਾ ਹੈ, ਇਸ ਅਸਾਵੀ ਵੰਡ ਸਦਕਾ ਪੈਦਾ ਹੋਈ ਮਨੁੱਖ ਮਾਰੂ ਵਿਵਸਥਾ ਉਤੇਜਿਤ ਪਸ਼ੂ ਬਿਰਤੀਆਂ ਜਾਂ ਅਮਾਨਵੀਕਰਨ ਦੀ ਪ੍ਰਕਿਰਿਆ ਦੀ ਪ੍ਰਕਿਰਤੀ ਪਛਾਣਨ ਦਾ ਹੈ। ਨਿਰਸੰਦੇਹ ਉਸ ਵਿੱਚ ਹੀ ਬਹੁਤ ਕੁਝ ਤਰਕਹੀਨਤਾ, ਹਨੇਰ ਬਿਰਤੀ, ਧਾਰਮਿਕ-ਤੁਅੱਸਧ, ਕਰਮ, ਸੱਭਿਆਚਾਰ, ਅਨਪੜ੍ਹਤਾ, ਕੱਟੜਤਾ, ਪਿੱਛੜਪਨ, ਫ਼ਿਰਕੂ, ਜਨੂਨ ਅਤੇ ਖੁਦਗਰਜ਼ ਜਾਤੀਵਾਦ ਦੀ ਬੁਨਿਆਦ ਉੱਪਰ ਖੜਾ ਹੈ। ਵਿਸ਼ਵੀਕਰਨ ਦਾ ਸੰਕਲਪ ਮੰਡੀ ਵਪਾਰੀਕਰਨ ਜਾਂ ਵਣਜੀਕਰਨ ਉੱਪਰ ਆਧਾਰਿਤ ਨਹੀਂ ਬਲਕਿ ਅੰਧ ਵਿਸ਼ਵਾਸਾਂ, ਜਾਤਾਂ, ਕੌਮਾਂ, ਜਮਾਤਾਂ ਅਤੇ ਭਰਮਾਂ ਤੋਂ ਮੁਕਤ ਆਪਸੀ ਭਾਈਚਾਰੇ ਤੇ ਭਗਤਰੀ ਭਾਵ ਦੀ ਤੰਦ ਵਿੱਚ ਬੱਝੇ, ਐਸੇ ਮਨੁੱਖ ਦੀ ਸਿਰਜਣਾ ਦਾ ਹੋਣਾ ਚਾਹੀਦਾ ਹੈ, ਜਿਸ ਵਿੱਚ ਮਨੁੱਖ ਖੁਦ ਨੂੰ ਮਨੁੱਖ ਦੀ ਔਲਾਦ ਮਹਿਸੂਸ ਕਰੇ, ਉਸਦੀ ਮੁਕੰਮਲ ਪ੍ਰਤੀਬੱਧਤਾ ਮਾਨਵੀ ਨਸਲ ਦੇ ਜੀਵਨ ਦੀ ਖੁਸ਼ਹਾਲੀ ਨਾਲ ਹੋਏ ਅਤੇ ਉਸਦੇ ਫ਼ੈਸਲੇ ਕਬੀਲਾਈ ਵਫ਼ਾਦਾਰੀ ਜਾਂ ਮੁਨਾਫ਼ੇ ਵਿਚੋਂ ਨਹੀਂ ਮਾਨਵੀ ਸਰੋਕਾਰਾਂ ਜਾਂ ਚਿੰਤਾਵਾਂ ਵਿੱਚ ਆਪਣੀ ਹੋਂਦ ਕਹਿਣ ਕਰਨ।

## ਕੇਂਦਰੀ ਸ਼ਬਦ

- **ਵਿਸ਼ਵੀਕਰਨ** ਆਰਥਿਕ, ਸਮਾਜ-ਸਭਿਆਚਾਰਕ ਕਿਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ `ਤੇ ਪੂੰਜੀ ਤਕਨੀਕ ਤੇ ਜਾਣਕਾਰੀ ਦੇ ਵਹਾਅ ਨੂੰ ਹੋਰ ਵਿਸ਼ਾਲ ਕਰਨਾ ਤੇ ਡੂੰਘਾਈ ਤੱਕ ਲੈ ਜਾਣਾ ਹੈ।

- **ਸਭਿਆਚਾਰ ਤੇ ਸਾਹਿਤ** ਹਰ ਸਾਹਿਤਕ ਰਚਨਾ ਸਭਿਆਚਾਰਕ ਵੀ ਹੁੰਦੀ ਹੈ। ਹਰ ਰਚਨਾ ਦਾ ਜਿਥੇ ਭਾਸ਼ਾਈ ਅਸਤਿੱਤਵ ਹੁੰਦਾ ਹੈ, ਉਥੇ ਉਸ ਦਾ ਸਭਿਆਚਾਰਕ ਅਸਤਿੱਤਵ ਵੀ ਹੁੰਦਾ ਹੈ।
- **ਮਾਸ ਕਲਚਰ** ਮਾਸ ਕਲਚਰ ਉਤਪਾਦ ਮਿਆਰੀ ਸਭਿਆਚਾਰਕ ਉਤਪਾਦ ਹੁੰਦੇ ਹਨ ਜੋ ਮਾਸ ਮੀਡੀਆ ਦੁਆਰਾ ਸਿਰਫ ਜਨਤਕ ਬਾਜ਼ਾਰ ਲਈ ਪੈਦਾ ਕੀਤੇ ਅਤੇ ਪ੍ਰਸਾਰਿਤ ਕੀਤੇ ਜਾਂਦੇ ਹਨ।

## ਸਵੈ-ਮੁਲਾਂਕਣ

**ਪ੍ਰਸ਼ਨ 1. ਸਾਹਿਤ ਦਾ ਤੱਤ ਕਿਹੜਾ ਹੈ?**

ੳ) ਵਿਸ਼ਾ ਵਸਤੂ

ਅ) ਭਾਸ਼ਾ

ੲ) ਸ਼ੈਲੀ

ਸ) ਉਪਰੋਕਤ ਸਾਰੇ

**ਪ੍ਰਸ਼ਨ 2. ਸਭਿਆਚਾਰ ਅਤੇ ਧਰਮ ਸਬੰਧੀ ਕੀ ਸਹੀ ਨਹੀਂ ਹੈ?**

ੳ) ਸਭਿਆਚਾਰ, ਧਰਮ ਦੀ ਸਿਰਜਣਾ ਹੈ

ਅ) ਧਰਮ ਸਭਿਆਚਾਰ ਦਾ ਇਕ ਅੰਗ ਹੈ।

ੲ) ਧਰਮ ਸਭਿਆਚਾਰ ਦੀ ਸਿਰਜਣਾ ਹੈ।

ਸ) ਧਰਮ ਅਤੇ ਸਭਿਆਚਾਰ ਦਾ ਅਨਿਖੜ ਸੰਬੰਧ ਹੈ।

**ਪ੍ਰਸ਼ਨ 3. ਪਾਪੂਲਰ ਸਭਿਆਚਾਰ ਉਹ ਹੁੰਦਾ ਹੈ ਜੋ...................ਦੇ ਵਿਚਾਰਾਂ ਅਨੁਸਾਰ, ਜਨ-ਸਭਿਆਚਾਰ ਤੋਂ ਉੱਭਰਦਾ ਹੈ।**

ੳ) ਘਟਗਿਣਤੀ

ਅ) ਬਹੁਗਿਣਤੀ

ੲ) ਉਚ ਵਰਗ

ਸ) ਪੇਂਡੂ ਵਰਗ

**ਪ੍ਰਸ਼ਨ 4. ਸਭਿਆਚਾਰ ਦੀ ਰਚਨਾ ਕਿਸੇ...........ਦੁਆਰਾ ਕੀਤੀ ਜਾਂਦੀ ਹੈ, ਜਦਕਿ ਸਾਹਿਤ ਦੀ ਰਚਨਾ ਦਾ ਆਧਾਰ ............ਹੁੰਦਾ ਹੈ।**

ੳ) ਬਹੁਗਿਣਤੀ, ਘਟਗਿਣਤੀ

ਅ) ਵਿਸ਼ੇਸ਼ ਵਰਗ, ਆਮ ਵਰਗ

ੲ) ਵਿਅਕਤੀ, ਸਮੂਹ

ਸ) ਸਮੂਹ, ਵਿਅਕਤੀ

**ਪ੍ਰਸ਼ਨ 5. ਸਾਹਿਤ ਦਾ ਮਾਧਿਅਮ ਕੀ ਹੈ?**

ੳ) ਭਾਸ਼ਾ

ਅ) ਧਰਮ

ੲ) ਵਿਚਾਰ

ਸ) ਸਭਿਆਚਾਰ

**ਪ੍ਰਸ਼ਨ 6. ਕਥਨ 1 ਸਾਹਿਤ ਜਿਥੇ ਸਭਿਆਚਾਰਕ ਕਾਰਨਾਂ ਤੋਂ ਪ੍ਰਭਾਵਿਤ ਹੁੰਦਾ ਹੈ।**

**ਕਥਨ 2 ਉਥੇ ਸਭਿਆਚਾਰ ਨੂੰ ਪ੍ਰਭਾਵਿਤ ਵੀ ਕਰਦਾ ਹੈ।**

ੳ) ਕਥਨ 1 ਗਲਤ ਹੈ ਅਤੇ ਕਥਨ 2 ਠੀਕ ਹੈ

ਅ) ਦੋਵੇਂ ਕਥਨ ਗਲਤ ਹਨ

ੲ) ਦੋਵੇਂ ਕਥਨ ਸਹੀ ਹਨ

ਸ) ਕਥਨ 1 ਸਹੀ ਹੈ ਅਤੇ ਕਥਨ 2 ਗਲਤ ਹੈ

**ਪ੍ਰਸ਼ਨ 7. ਸਾਹਿਤ ਸਭਿਆਚਾਰ ਦੇ..............ਦਾ ਜਿਹਾ ਹਿੱਸਾ ਹੁੰਦਾ ਹੈ।**

ੳ) ਬੋਧਾਤਮਕ ਸਭਿਆਚਾਰ

ਅ) ਪਦਾਰਥਕ ਸਭਿਆਚਾਰ

ੲ) ਆਦਰਸ਼ਕ ਸਭਿਆਚਾਰ

ਸ) ਵਿਆਪਕ ਸਭਿਆਚਾਰ

**ਪ੍ਰਸ਼ਨ 8. ਵਿਸ਼ਵ ਸਭਿਆਚਾਰਕ ਵੱਖ-ਵੱਖ ਸਭਿਆਚਾਰਕ ਸਮੂਹਾਂ ਦੇ ਆਪਸ ਵਿੱਚ............ਅਤੇ............ਦੀ ਗਤੀਸ਼ੀਲ ਪ੍ਰਕਿਰਿਆ ਹੈ।**

ੳ) ਰੀਤ, ਰਿਵਾਜ਼

ਅ) ਜੁੜਨ, ਜੋੜਨ

ੲ) ਵੱਖ, ਪੱਖ

ਸ) ਵਿਸ਼ੇਸ਼, ਪ੍ਰਕਾਰ

**ਪ੍ਰਸ਼ਨ 9. ਐੱਲ.ਪੀ.ਜੀ. ਤੋਂ ਕੀ ਭਾਵ ਹੈ?**

ੳ) ਲਿਬਰਲਾਈਜ਼ੇਸ਼ਨ, ਪਰਾਈਵਟਾਈਜ਼ੇਸ਼ਨ ਅਤੇ ਗਲੋਬਲਾਈਜੇਸ਼ਨ।

ਅ) ਲੀਗਲਲਾਈਜ਼ੇਸ਼ਨ ਪਰਾਈਵਟਾਈਜ਼ੇਸ਼ਨ ਅਤੇ ਗਲੋਬਲਾਈਜੇਸ਼ਨ।

ੲ) ਲਿਬਰਲਾਈਜ਼ੇਸ਼ਨ ਪਰਾਈਵਟਾਈਜ਼ੇਸ਼ਨ ਅਤੇ ਗੋਰਮਿੰਟਆਈਜੇਸਸ਼ਨ।

ਸ) ਉਪਰੋਕਤ ਵਿਚੋਂ ਕੋਈ ਨਹੀਂ।

**ਪ੍ਰਸ਼ਨ 10. ਸੰਚਾਰ ਅਤੇ ਆਡੀਓਵਿਜ਼ੁਅਲ ਮੀਡੀਆ ਨੇ ਵੱਖੋ ਵੱਖਰੇ ਤਰੀਕਿਆਂ ਨਾਲ, ਬ੍ਰਾਂਡਾਂ, ਰੁਝਾਨਾਂ, ਭਾਸ਼ਾਈ ਪ੍ਰਗਟਾਵਿਆਂ ਆਦਿ ਰਾਹੀਂ ਸਭਿਆਚਾਰਕ.........ਦੇ ਵਿਕਾਸ ਨੂੰ ਉਤਸ਼ਾਹਤ ਕੀਤਾ ਹੈ।**

ੳ) ਖਿੰਡਾਅ

ਅ) ਖੜੋਤ

ੲ) ਵਪਾਰ

ਸ) ਵਿਸ਼ਵੀਕਰਨ

**ਪ੍ਰਸ਼ਨ 11. ਸਭਿਆਚਾਰਕ ਆਦਾਨ-ਪ੍ਰਦਾਨ ਅਤੇ.......................ਵਧਾਇਆ ਜਾਂਦਾ ਹੈ।**

ੳ) ਘੱਟ ਗਿਣਤੀ-ਸਭਿਆਚਾਰਵਾਦ

ਅ) ਸਭਿਆਚਾਰਵਾਦ

ੲ) ਬਹੁ-ਸਭਿਆਚਾਰਵਾਦ

ਸ) ਅੰਤਰ-ਸਭਿਆਚਾਰਵਾਦ

**ਪ੍ਰਸ਼ਨ 12. ਵਿਸ਼ਵੀਕਰਨ ਨੇ ਰੀਤੀ-ਰਿਵਾਜ ਜਾਂ ਸੱਭਿਆਚਾਰਕ ਪਰੰਪਰਾਵਾਂ ਜਿਹੜੇ ਪ੍ਰਭਾਵੀ ਸਭਿਆਚਾਰਾਂ ਦੇ ਕਾਰਨ...............ਹੋ ਗਏ ਹਨ।**

ੳ) ਅਪ੍ਰਚਿਲਤ

ਅ) ਹਾਸ਼ੀਆਗਤ

ੲ) ਪ੍ਰਸਿੱਧ

ਸ) ਉਪਰੋਕਤ ਵਿਚੋਂ ਕੋਈ ਨਹੀਂ।

**ਪ੍ਰਸ਼ਨ 13. ਵਿਸ਼ਵੀਕਰਨ ਨੇ ਦੁਨੀਆ ਦੇ ਸਭ ਤੋਂ ਵਿਕਸਤ ਅਤੇ ਪ੍ਰਭਾਵਸ਼ਾਲੀ ਦੇਸ਼ਾਂ ਦੇ ਰਿਵਾਜ..............ਦਿੱਤੇ ਹਨ।**

ੳ) ਥੋਪ

ਅ) ਅਪ੍ਰਚਿਲਤ

ੲ) ਸੁਚਾਰੂ

ਸ) ਪੱਛੜ

**ਪ੍ਰਸ਼ਨ 14. ਗਲੋਬਲ ਅੰਤਰ-ਸੰਬੰਧਾਂ ਨੇ ਸਾਨੂੰ ਸਭਿਆਚਾਰਕ....................ਨੂੰ ਜਾਣਨ ਯੋਗ ਬਣਾਇਆ ਹੈ।**

ੳ) ਸਖਤ ਅਨੁਸ਼ਾਸ਼ਨ

ਅ) ਪ੍ਰਸਿੱਧਤਾ

ੲ) ਇਕਜੁਟਤਾ

ਸ) ਵੰਨ-ਸੁਵੰਨਤਾ

**ਪ੍ਰਸ਼ਨ 15. ਵਿਸ਼ਵੀਕਰਨ ਦੇ ਵਰਤਾਰੇ ਨੇ......... ਅਤੇ ਸੇਵਾਵਾਂ ਦੀ ਖਪਤ ਵਿੱਚ ਵੱਡੇ ਪੱਧਰ 'ਤੇ ਸਭਿਆਚਾਰਕ ਤਬਦੀਲੀਆਂ ਕੀਤੀਆਂ ਹਨ।**

ੳ) ਵਸਤੂਆਂ

ਅ) ਲੋਕ ਧੰਦਿਆ

ੲ) ਲੋਕ ਵਿਸ਼ਵਾਸ਼ਾਂ

ਸ) ਲੋਕ ਵਿਵਹਾਰ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਸ** | **2 ੳ** | **3.ਅ** | **4. ਸ** | **5. ੳ** |
| **6. ੲ** | **7. ੳ** | **8. ਅ** | **9. ੳ** | **10. ੲ** |
| **11. ੲ** | **12. ਅ** | **13. ੳ** | **14. ਸ** | **15. ੳ** |

## ਅਭਿਆਸ ਪ੍ਰਸ਼ਨ

1. ਵਿਸ਼ਵ ਸਭਿਆਚਾਰ ਤੋਂ ਕੀ ਭਾਵ ਹੈ? ਨੋਟ ਲਿਖੋ।
2. ਵਿਸ਼ਵ ਸਭਿਆਚਾਰ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।
3. ਸਭਿਆਚਾਰ ਤੇ ਸਾਹਿਤ ਦੇ ਅੰਤਰ ਸਬੰਧਾਂ ਬਾਰੇ ਨੋਟ ਲਿਖੋ।
4. ਮਾਸ ਕਲਚਰ ਤੋਂ ਕੀ ਭਾਵ ਹੈ? ਇਸਦੇ ਸੰਕਲਪ ਨੂੰ ਵਿਸਥਾਰ ਵਿਚ ਸਪਸ਼ਟ ਕਰੋ।।
5. ਵਿਸ਼ਵੀਕਰਨ ਦੇ ਸਭਿਆਚਾਰ ਉਪਰ ਸਕਾਰਤਾਮਕ ਤੇ ਨਕਾਰਾਤਾਮਕ ਪ੍ਰਭਾਵਾਂ ਉਲੀਕੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%B8%E0%A9%B1%E0%A8%AD%E0%A8%BF%E0%A8%86%E0%A8%9A%E0%A8%BE%E0%A8%B0
- https://punjabipedia.org/topic.aspx?txt=%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0+%28culture%29
- https://punjabipedia.org/topic.aspx?txt=%E0%A8%B2%E0%A9%8B%E0%A8%95%E0%A8%BE%E0%A8%9A%E0%A8%BE%E0%A8%B0+%28folk+ways%29&k=4

- https://pa.wikipedia.org/wiki/%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%A6%E0%A9%80_%E0%A8%AA%E0%A8%B0%E0%A8%BF%E0%A8%AD%E0%A8%BE%E0%A8%B8%E0%A8%BC%E0%A8%BE_%E0%A8%85%E0%A8%A4%E0%A9%87_%E0%A8%B2%E0%A9%B1%E0%A8%9B%E0%A8%A3

*Satwant Singh, Lovely Professional University*

# ਅਧਿਆਇ-4 : ਪੰਜਾਬੀ ਸਭਿਆਚਾਰ ਦਾ ਇਤਿਹਾਸ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੰਜਾਬ ਦਾ ਨਾਮਕਰਨ ਤੇ ਇਤਿਹਾਸ
4. ਭੂਗੋਲਿਕ ਸਥਿਤੀ
5. ਪਿਛੋਕੜ ਅਤੇ ਮੂਲ ਸੋਮੇ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਸਭਿਆਚਾਰ ਦੇ ਇਤਿਹਾਸਕ ਵਿਕਾਸ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬ ਦੀ ਭੂਗੋਲਿਕ ਰੂਪ ਰੇਖਾ ਨੂੰ ਸਮਝਣਗੇ
- ਪੰਜਾਬੀ ਸਭਿਆਚਾਰ ਦੇ ਮੂਲ ਸੋਮਿਆਂ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬ ਦੀ ਵਿਕਾਸ-ਪ੍ਰਕਿਰਿਆ ਦੀ ਜਾਣਕਾਰੀ ਪ੍ਰਾਪਤ ਕਰਨਗੇ

## ਭੂਮਿਕਾ:

ਪੰਜਾਬੀ ਸੱਭਿਆਚਾਰ ਤੋਂ ਭਾਵ ਪੰਜਾਬੀ ਲੋਕ-ਸਮੂਹ ਦੁਆਰਾ ਸਿਰਜੀ ਵਿਸ਼ੇਸ਼ ਜੀਵਨ-ਜਾਚ ਜਿਸ ਵਿੱਚ ਉਨ੍ਹਾ ਲੋਕਾਂ ਦਾ ਰਹਿਣ-ਸਹਿਣ, ਕਿੱਤੇ, ਰਸਮ-ਰਿਵਾਜ, ਰਿਸ਼ਤੇ-ਨਾਤੇ, ਪਹਿਰਾਵਾ, ਵਿਸ਼ਵਾਸ਼, ਕੀਮਤਾਂ, ਮਨੋਰੰਜਨ ਦੇ ਸਾਧਨ, ਭਾਸ਼ਾ ਅਤੇ ਲੋਕ-ਸਾਹਿਤ ਆਦਿ ਸ਼ਾਮਿਲ ਹੁੰਦੇ ਹਨ। ਓਪਰੀ ਨਜ਼ਰੇ ਵੇਖਿਆਂ ਜਿੱਥੇ ਸੱਭਿਆਚਾਰ ਦੀ ਪ੍ਰਕਿਰਤੀ ਸਧਾਰਨ ਜਾਪਦੀ ਹੈ, ਉੱਥੇ ਇਸਦਾ ਅਧਿਐਨ ਕਰ ਦੇ ਹੋਏ ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਇਹ ਆਪਣੇ ਆਪ ਵਿੱਚ ਇੱਕ ਜਟਿਲ ਵਰਤਾਰਾ ਵੀ ਹੈ। ਅਸਲ ਵਿੱਚ ਕੋਈ ਵੀ ਕੌਮ ਜਾਂ ਕੋਈ ਵੀ ਜਨ-ਸਮੂਹ, ਜਿਹੜਾ ਸਮਾਜ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਸਭਿਆਚਾਰ ਤੋਂ ਸੱਖਣਾ ਨਹੀ ਹੁੰਦਾ, ਭਾਵੇਂ ਉਹ ਵਿਕਾਸ ਦੇ ਕਿਸੇ ਵੀ ਪੜਾਅ ਉੱਤੇ ਕਿਉ ਨਾ ਹੋਵੇ।

## ਪੰਜਾਬ ਦਾ ਨਾਮਕਰਣ ਤੇ ਇਤਿਹਾਸ

ਪੰਜਾਬ ਦਾ ਸਭ ਤੋਂ ਪੁਰਾਣਾ ਨਾਂ 'ਸਪਤ ਸਿੰਧੁ' ਸੀ ਜਿਸ ਦੀ ਗਵਾਹੀ ਆਰੀਆ ਦੇ ਪ੍ਰਾਚੀਨਤਮ ਗ੍ਰੰਥ ਰਿਗਵੇਦ ਤੋਂ ਮਿਲਦੀ ਹੈ। ਸਪਤ ਸਿੰਧੂ ਤੋਂ ਭਾਵ ਹੈ ਸੱਤਾਂ ਦਰਿਆਵਾਂ ਦੀ ਧਰਤੀ। ਰਿਗਵੇਦ ਵਿੱਚ ਇਹਨਾਂ ਸੱਤਾਂ ਦਰਿਆਵਾਂ-ਸਿੰਧ, ਜਿਹਲਮ, ਝਨਾਂ, ਰਾਵੀ, ਸਤਲੁਜ, ਬਿਆਸ ਅਤੇ ਸਰਸਵਤੀ ਦਾ ਜ਼ਿਕਰ ਬਾਰ-ਬਾਰ ਕੀਤਾ ਗਿਆ ਹੈ। ਈਰਾਨੀਆਂ ਨੇ ਸਪਤ ਸਿੰਧੂ ਲਈ 'ਹਫ਼ਤ-ਹਿੰਦੂ' ਸ਼ਬਦ ਵਰਤਿਆ ਕਿਉਂਕਿ ਉਹ /ਸ/ ਧੁਨੀ ਨੂੰ /ਹ/ ਧੁਨੀ ਉਚਾਰਦੇ ਸਨ। ਵੇਦ ਵਿੱਚ ਸਪਤ ਸਿੰਧੂ ਦੀ ਔਲਾਦ ਨੂੰ 'ਭਾਰਤ' ਕਿਹਾ ਗਿਆ ਹੈ ਜੋ ਕਿ ਪਿੱਛੋਂ ਜਾ ਕੇ ਸਾਰੇ ਦੇਸ ਦਾ ਨਾਂ ਪੈ ਗਿਆ। ਯੂਨਾਨੀਆਂ ਨੇ ਸਿੰਧ ਨਦੀ ਨੂੰ ਇੰਦੋਸ (Indos) ਅਤੇ ਇੱਥੋਂ ਦੇ ਵਸਨੀਕਾਂ ਨੂੰ ਇੰਦੋਈ (Indoi) ਕਿਹਾ। ਇਹ

ਇੰਦੋਈ ਹੀ ਬਾਅਦ ਵਿੱਚ ਇੰਡੀਆ (India) ਬਣ ਗਿਆ। ਸਪਤ ਸਿੰਧੂ ਤੋਂ ਪਿੱਛੋਂ ਇਸ ਭੂ-ਖੰਡ ਨੂੰ ਵਹੀਕ ਦੇਸ, ਟੱਕ ਦੇਸ, ਮਦਰ ਦੇਸ ਅਤੇ ਪੰਜਨਦ ਵੀ ਕਿਹਾ ਗਿਆ। ਮੁਢਲੇ ਆਰੀਆ ਤੋਂ ਪਿੱਛੋਂ ਹੋਰ ਵੀ ਬਹੁਤ ਸਾਰੇ ਆਰੀਆ ਕਬੀਲੇ ਆਉਂਦੇ ਰਹੇ ਅਤੇ ਇਸ ਖੇਤਰ ਦੇ ਵੱਖ-ਵੱਖ ਹਿੱਸਿਆਂ ਵਿੱਚ ਜਾ ਕੇ ਵੱਸ ਗਏ, ਇਸ ਲਈ ਇਹ ਨਾਂ ਇਹਨਾਂ ਵੱਖ-ਵੱਖ ਕਬੀਲਿਆਂ ਦੇ ਟਿਕਾਣੇ, ਜਾਤੀ ਜਾਂ ਗੋਤ ਨਾਲ ਕਿਸੇ ਨਾ ਕਿਸੇ ਤਰ੍ਹਾਂ ਜੁੜੇ ਹੋਏ ਹਨ। ਮਸਲਨ, 'ਮਦਰ' ਆਰੀਆ ਜਾਤੀ ਦਾ ਇੱਕ ਗੋਤ ਵੀ ਹੈ ਅਤੇ ਇੱਕ ਰਾਜੇ ਦੇ ਪੁੱਤਰ ਦਾ ਨਾਂ ਵੀ ਹੈ। ਇਸੇ ਤਰ੍ਹਾਂ ਹੀ 'ਟੱਕ' ਵੀ ਇੱਕ ਜਾਤੀ ਦਾ ਨਾਂ ਹੈ। 'ਵਹੀਕ' ਦੇ ਅਰਥ ਬਾਹਰਲਾ ਜਾਂ ਬੇਗਾਨਾ ਹਨ। ਸ਼ਾਇਦ ਇਹ ਲੋਕ ਬਾਹਰੋਂ ਆਏ ਹੋਣ ਕਾਰਨ ਇਹ ਨਾਂ ਪੈ ਗਿਆ ਹੋਵੇ। ਇਹਨਾਂ ਸਾਰਿਆਂ ਨਾਂਵਾਂ ਵਿੱਚੋਂ ਸਪਤ ਸਿੰਧੂ ਵਿੱਚੋਂ ਦੋ ਦਰਿਆ (ਸਿੰਧ ਅਤੇ ਸਰਸਵਤੀ) ਕੱਟ ਦਿੱਤੇ। ਇਸ ਲਈ ਪੰਜ ਦਰਿਆਵਾਂ ਦੀ ਧਰਤੀ ਦਾ ਨਾਂ 'ਪੰਜ-ਨਦ' ਪਿਆ।

'ਪੰਜਾਬ' ਨਾਂ 'ਪੰਜ-ਨਦ' ਦਾ ਫ਼ਾਰਸੀ ਤਰਜਮਾ ਹੈ। ਅਰਬੀ ਫ਼ਾਰਸੀ ਵਿੱਚ ਆਬ ਪਾਣੀ ਨੂੰ ਕਹਿੰਦੇ ਹਨ। ਇਸ ਲਈ ਭੂਗੋਲਿਕ ਦ੍ਰਿਸ਼ਟੀ ਤੋਂ ਪੰਜਾਬ (ਪੰਜ+ਆਬ) ਪੰਜ ਦਰਿਆਵਾਂ ਦੀ ਧਰਤੀ ਦੇ ਉਸ ਟੁਕੜੇ ਦਾ ਨਾਂ ਹੈ ਜੋ ਅਜੋਕੇ ਭਾਰਤ ਦੇ ਉੱਤਰ ਪੱਛਮ ਵਿੱਚ ਸਥਿਤ ਹੈ। ਪੰਜਾਬ ਦਾ ਇਹ ਨਾਂ ਮੁਗ਼ਲ ਕਾਲ ਵੇਲੇ ਪ੍ਰਚਲਿਤ ਹੋਇਆ। ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਕਾਲ ਅਤੇ ਮੱਧਕਾਲ ਵਿੱਚ ਜਿਵੇਂ-ਜਿਵੇਂ ਇਸ ਖਿੱਤੇ ਦੇ ਨਾਂ ਬਦਲਦੇ ਰਹੇ, ਤਿਵੇਂ-ਤਿਵੇਂ ਇੱਥੇ ਵਰਤੀਂਦੀ ਬੋਲੀ ਦੇ ਕਈ ਨਾਂਵਾਂ ਦੇ ਹਵਾਲੇ ਮਿਲਦੇ ਹਨ। ਪਹਿਲਾਂ-ਪਹਿਲ ਜਦੋਂ ਇਸ ਭੂ-ਖੰਡ ਦਾ ਨਾਂ ਸਪਤ ਸਿੰਧੂ ਸੀ ਤਾਂ ਇੱਥੋਂ ਦੀ ਬੋਲੀ ਨੂੰ ਸਪਤ-ਸਿੰਧਵੀ ਕਿਹਾ ਜਾਂਦਾ ਸੀ। ਫਿਰ ਵਹੀਕ ਦੇਸ ਦੀ ਬੋਲੀ 'ਵਹੀਕੀ' ਅਖਵਾਈ ਅਤੇ ਇਸੇ ਤਰ੍ਹਾਂ ਟੱਕ ਭਾਸ਼ਾ ਜਾਂ ਟੱਕੀ ਮਦਰ ਭਾਸ਼ਾ ਆਦਿ ਨਾਂਵਾਂ ਦੇ ਸੰਕੇਤ ਸਾਨੂੰ ਪੁਰਾਣੀਆਂ ਲਿਖਤਾਂ ਵਿੱਚੋਂ ਮਿਲ ਜਾਂਦੇ ਹਨ। ਭਾਸ਼ਾ ਦੇ ਖੋਜੀਆਂ ਨੇ ਪੰਜਾਬ ਦੀ ਪੁਰਾਣੀ ਬੋਲੀ ਦੇ ਲਗਪਗ 15 ਨਾਂ ਲੱਭੇ ਹਨ ਪਰ ਪਿਛਲੇ 1000 ਸਾਲ ਵਿੱਚ ਮੁਗ਼ਲਾਂ ਦੇ ਅਸਰ ਹੇਠ ਇਸ ਖਿੱਤੇ ਦਾ ਨਾਂ ਪੰਜਾਬ ਅਤੇ ਇੱਥੇ ਬੋਲੀ ਜਾਣ ਵਾਲੀ ਭਾਸ਼ਾ ਦਾ ਨਾਂ ਪੰਜਾਬੀ ਹੀ ਪ੍ਰਸਿੱਧ ਹੋ ਗਿਆ ਹੈ।

ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ, ਅੱਜ ਸਾਨੂੰ ਪਤਾ ਹੈ ਕਿ 'ਪੰਜਾਬ' ਲਫ਼ਜ਼ ਸਭ ਤੋਂ ਪਹਿਲਾਂ ਕਿਸ ਨੇ ਵਰਤਿਆ ਅਤੇ ਇਸ ਤੋਂ ਬਣਦਾ ਵਿਸ਼ੇਸ਼ਣ 'ਪੰਜਾਬੀ ਸਭ ਤੋਂ ਪਹਿਲਾਂ ਕਿਸ ਨੇ ਵਰਤਿਆ। ਸਾਨੂੰ ਇਹ ਵੀ ਪਤਾ ਹੈ ਕਿ ਪੁਰਾਤਨ ਸੰਸਕ੍ਰਿਤ ਸੋਮਿਆਂ ਵਿਚ ਇਕ ਸ਼ਬਦ 'ਪੰਚਨਦ' ਵੀ ਸੀ, ਜਿਹੜਾ 'ਪੰਜਾਬ' ਦਾ ਹੀ ਪਰਿਆਇਵਾਚੀ ਸੀ, ਅਤੇ ਉਸੇ ਖਿੱਤੇ ਲਈ ਵਰਤਿਆ ਜਾਂਦਾ ਸੀ, ਜਿੱਥੇ ਪੰਜ ਨਦੀਆਂ ਵਹਿੰਦੀਆਂ ਸਨ। ਉਸ ਤੋਂ ਵੀ ਪਹਿਲਾਂ ਸ਼ਬਦ 'ਸਪਤਸਿੰਧੁ' ਸੀ, ਜਿਹੜਾ ਸਿੰਧ ਅਤੇ ਸਰਸਵਤੀ ਨੂੰ ਮਿਲਾ ਕੇ ਕੁਝ ਵਡੇਰੇ ਖਿੱਤੇ ਦਾ ਸੂਚਕ ਸੀ। ਇਹ ਅੱਜ ਤੋਂ ਕੁਝ (ਤਿੰਨ ਕੁ) ਹਜ਼ਾਰ ਸਾਲ ਪਹਿਲਾ ਵਰਤਿਆ ਜਾਂਦਾ ਸੀ। ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਸ਼ਬਦ ਭੂਗੋਲਿਕ ਇਕਾਈ ਦਾ ਸੂਚਕ ਹੋਣ ਦੇ ਨਾਲ ਨਾਲ ਸਭਿਆਚਾਰਕ ਇਕਾਈ ਵੀ ਸੀ। ਜੇ ਮੰਨ ਲਈਏ ਕਿ ਇਹ ਸਭਿਆਚਾਰਕ ਇਕਾਈ ਵੀ ਸੀ, ਤਾਂ ਫਿਰ ਕੀ ਇਹ ਉਸੇ ਸਭਿਆਚਾਰ ਦੀ ਸੂਚਕ ਸੀ, ਜਿਹੜਾ ਅੱਜ ਪੰਜਾਬੀ ਸਭਿਆਚਾਰ ਦੇ ਨਾਂ ਨਾਲ ਜਾਣਿਆ ਜਾਂਦਾ ਹੈ?

## ਪੰਜਾਬੀ ਸਭਿਆਚਾਰ ਦਾ ਇਤਿਹਾਸ

ਪੰਜਾਬੀ ਸੱਭਿਆਚਾਰ ਦੇ ਮੁੱਢ ਬਾਰੇ ਗੁਰਬਖ਼ਸ਼ ਸਿੰਘ ਫਰੈਂਕ, ਰਵਿੰਦਰ ਸਿੰਘ ਰਵੀ, ਭੁਪਿੰਦਰ ਸਿੰਘ ਖਹਿਰਾ ਅਤੇ ਵਣਜਾਰਾ ਬੇਦੀ ਦੇ ਵਿਚਾਰ ਹੇਠ ਲਿਖੇ ਹਨ।

**ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਧਾਰਨਾ** ਅਨੁਸਾਰ ਪੰਜਾਬੀ ਸੱਭਿਆਚਾਰ ਦਾ ਮੁੱਢ ਵੈਦਿਕ ਅਤੇ ਪੂਰਵ ਵੈਦਿਕ ਸਮੇਂ ਵਿੱਚ ਹੋ ਜਾਂਦਾ ਹੈ। ਕਿਉਂਕਿ ਇਹ ਸੱਭਿਆਚਾਰ ਪੰਜਾਬ ਦੇ ਵਿੱਚ ਹੀ ਫੈਲੀਆ। ਭਾਸ਼ਾ ਬਾਤਾਂ, ਰਸਾਇਣ ਵਿੱਚ ਇਸਨੂੰ ਕੈਕਲੇ ਦੇਸ਼ ਵੀ ਕਿਹਾ ਜਾਂਦਾ ਹੈ। ਜਦੋਂ ਭਾਰਤ ਮਾਤਾ ਨੂੰ ਪੰਜਾਬ ਵਿੱਚ ਲੈ ਕੇ ਜਾ ਇੱਥੋਂ ਦੇ ਲੋਕ ਧਾਰਮਿਕ ਰਹੁ ਰੀਤਾ ਬਾਰੇ ਅਵੇਸਲੇ ਹਨ। ਇੱਥੋਂ ਦੀਆਂ ਔਰਤਾਂ ਮਰਦਾਂ ਨਾਲ ਹੱਸ-ਹੱਸ ਕੇ ਗੱਲਾਂ ਕਰਦੀਆਂ ਹਨ। ਭਾਸ਼ਾ ਵਿਗਿਆਨਿਕ ਅਧਿਐਨ ਦੇ ਅਧਾਰ ਤੇ ਜਾ ਜੋ ਵੀ ਯਾਤਰੀ ਇੱਥੇ ਆਉਂਦੇ ਹਨ ਉਹ ਇਸ ਪੰਜਾਬ ਦੇ ਖਿੱਤੇ ਦਾ ਵਰਣਨ ਕਰਦੇ ਹਨ। ਉਸ ਵਰਣਨ ਵਿੱਚੋਂ ਕਰਦੇ ਹਨ। ਉਸ ਵਰਣਨ ਵਿੱਚੋਂ ਪੰਜਾਬ ਬਾਰੇ ਜਾਣਕਾਰੀ ਮਿਲ ਸਕਦੀ ਹੈ। ਰਿਗਵੇਦ ਦੀ ਸਥਾਪਨਾ ਵੀ ਪੰਜਾਬ ਦੀ ਧਰਤੀ ਤੇ ਹੋਈ। ਇਸਦੇ ਅਧਾਰ ਤੇ ਹੀ ਲੋਕ ਕਹਿੰਦੇ ਹਨ।

### ਡਾ. ਭੁਪਿੰਦਰ ਸਿੰਘ ਖਹਿਰਾ ਦੀ ਧਾਰਨਾ

ਭੁਪਿੰਦਰ ਸਿੰਘ ਖਹਿਰਾ ਦੀ ਧਾਰਨਾ ਅਨੁਸਾਰ, ਪੰਜਾਬੀ ਸੱਭਿਆਚਾਰ ਦੀ ਸਥਾਪਨਾ ਪਹਿਲੀ ਸਦੀ ਈਸਾ ਪੂਰਵ ਤੋਂ ਲੈ ਕੇ ਪਹਿਲੀ ਸਦੀ ਤੱਕ ਮੰਨੀ ਜਾਂਦੀ ਹੈ। ਹੁਣ, ਆਰਰਸ਼ੱਕ ਦੇ ਆਉਣ ਦਾ ਸਮਾਂ ਇਸਦੇ ਵਿਚਕਾਰ ਦਾ ਹੈ। ਇੱਥੇ ਹੀ ਸੱਭਿਆਚਾਰ ਦਾ ਆਰੰਭ ਹੁੰਦਾ ਹੈ। ਜਦੋਂ ਇਹ ਲੋਕ ਇੱਥੇ ਆਉਂਦੇ ਹਨ ਤਾਂ ਵਿਸ਼ੇਸ਼ ਤਰ੍ਹਾਂ ਦਾ ਸੱਭਿਆਚਾਰ ਪੈਦਾ ਹੁੰਦਾ ਹੈ। ਕਿਸਾਨੀ ਸੱਭਿਆਚਾਰ ਦੇ ਨਾਲ-ਨਾਲ ...... ਸੱਭਿਆਚਾਰ ਪੈਦਾ ਹੁੰਦਾ ਹੈ। ਪੰਜਾਬੀ ਸੱਭਿਆਚਾਰ ਨੂੰ ਸਿਰਜਣ ਲਈ ਘੱਟੋ ਘੱਟ ਛੇ ਨੇ ਯੋਗਦਾਨ ਪਾਇਆ ਹੈ। ਨਸਲਾਂ ਜਿਹੜੀਆਂ ਅੱਗੋਂ ਨੇਂ ਉਪ ਨਸਲਾ ਵਿੱਚ ਵੰਡੀਆਂ ਪਰਿਵਾਰਾ ਦੀਆਂ ਭਾਸ਼ਾਵਾਂ ਵੱਖ-ਵੱਖ ਪੰਜ ਭਾਸ਼ਾਈ ਦੀਆਂ ਪਰਿਵਾਰ ਭਾਰਤੀ ਯੂਰਪੀ, ਸੈਮਟਿਕ, ਆਸਟਰੋ ਏਸੀਐਟਕ, ਦਰਾਵੜ ਅਤੇ ਭਾਰਤੀ ਤਿੱਬਤ ਪਰਿਵਾਰ ਹਨ। ਇਹ ਨਸਲਾਂ ਦਾ ਖ਼ੂਨ ਵੀ ਸਾਂਝਾ ਹੋਇਆ ਤੇ ਸੱਭਿਆਚਾਰ ਵੀ। ਇਹ ਵਰਤਾਰਾ ਕੋਈ ਪੰਜ ਸਾਲ ਪਹਿਲਾ ਸ਼ੁਰੂ ਹੋਇਆ ਹੁਣ ਤੱਕ ਚਾਲੂ ਹੈ ਭਾਰਤੀ ਸੱਭਿਆਚਾਰ, ਪੰਜਾਬੀ ਸੱਭਿਆਚਾਰ ਦਾ ਹੀ ਪ੍ਰਤੀਬਿੰਬ ਹੈ ਕਿਉਂਕਿ ਪੰਜਾਬ ਦੀ ਧਰਤੀ ਉਪਰ ਹੀ ਇਹ ਸੰਯੁਕਤ ਸੱਭਿਆਚਾਰ ਸਿਰਜਿਆ ਗਿਆ, ਜਿਸਨੂੰ ਅੱਜ ਕੱਲ੍ਹ ਭਾਰਤੀ ਸੱਭਿਆਚਾਰ ਵੀ ਆਖਿਆ ਜਾ ਸਕਦਾ ਹੈ। ਆਰੀਆ ਲੋਕਾਂ ਦੀ ਆਮਦ ਭਾਰਤੀ ਸੱਭਿਆਚਾਰ ਵੀ ਆਖਿਆ ਜਾ ਸਕਦਾ ਹੈ। ਆਰੀਆ ਲੋਕਾਂ ਦੀ ਆਮਦ ਤੋਂ ਬਾਅਦ ਨਿਸ਼ਧ ਲੋਕਾਂ ਦਾ ਸੱਭਿਆਚਾਰ ਬੁਰੀ ਤਰ੍ਹਾਂ ਲਤਾੜਿਆ ਗਿਆ। ਜਿਹੜੇ ਪੰਜਾਬ ਵਿੱਚ ਉਸ ਸਮੇਂ ਵਸਦੇ ਸਨ ਪਰ ਹੌਲੀ-ਹੌਲੀ ਆਰੀਆ ਲੋਕਾਂ ਨੇ ਨਿਸ਼ਧ

ਸੱਭਿਆਚਾਰ ਦੇ ਬਹੁਤ ਸਾਰੇ ਲੱਛਣ ਧਾਰਨ ਕੀਤੇ। ਇਸਦਾ ਪ੍ਰਮੁੱਖ ਕਾਰਨ ਇਹ ਸੀ ਕਿ ਆਰੀਆ ਲੋਕ ਮੂਲ ਵਿੱਚ ਚਰਵਾਹੇ ਸਨ। ਉਹ ਖੇਤੀ ਦੀ ਪਰੰਪਰਾ ਬਾਰੇ ਬਹੁਤੇ ਜਾਣੂ ਨਹੀਂ ਸਨ। ਇਸਦੇ ਉਲਟ ਨਿਸ਼ਧ ਲੋਕ ਖੇਤੀ ਕਰਦੇ ਸਨ ਤੋਂ ਉਹ ਖੇਤੀ ਦੇ ਧੰਦੇ ਤੋਂ ਭਲੀ ਭਾਂਤ ਵਾਕਫ ਸਨ। ਭੂਗੋਲਿਕ ਹਾਲਤਾਂ ਨੂੰ ਮੁੱਖ ਰੱਖਦੇ ਹੋਏ ਆਰੀਆਂ ਲੋਕਾਂ ਵੀ ਖੇਤੀ ਦਾ ਧੰਦਾ ਅਪਣਾਉਣਾ ਪਿਆ। ਇਸ ਕਰਕੇ ਉਨ੍ਹਾਂ ਨੇ ਨਿਸ਼ਧ ਲੋਕਾਂ ਦੀਆਂ ਖੇਤੀ ਨਾਲ ਸਬੰਧਿਤ ਰਸਮਾਂ, ਰੀਤਾ, ਵਿਧੀਆਂ ਅਤੇ ਪਰੰਪਰਾਵਾਂ ਨੂੰ ਜਿਉ ਦਾ ਤਿਉ ਅਪਣਾ ਲਿਆ। ਇਸ ਸਦਕਾ ਮੁੰਡਾ ਭਾਸ਼ਾਵਾ ਦੀ ਬਹੁਤ ਸਾਰੀ ਸ਼ਬਦਾਵਲੀ ਸੰਸਕ੍ਰਿਤ ਵਿੱਚ ਪ੍ਰਵੇਸ਼ ਕਰ ਗਈ। ਇਸਦੇ ਉਲਟ ਦਰਾਵੜ ਲੋਕਾਂ ਨਾਲ ਆਰੀਆ ਲੋਕਾਂ ਦਾ ਬਹੁਤ ਮਿਲਾਪ ਨਾ ਵਧਿਆ। ਪੰਜਾਬ ਦੇ ਕਿਸਾਨੀ ਮੂਲ ਸੱਭਿਆਚਾਰ ਨੇ ਬਾਣੀਆ ਸੱਭਿਆਚਾਰ ਅਤੇ ਕੁੱਝ ਅੰਸ਼ ਤਾਂ ਜ਼ਰੂਰ ਗ੍ਰਹਿਣ ਕੀਤੇ ਪਰ ਆਪਣੇ ਮੂਲ ਰੂਪ ਨੂੰ ਬਣਾਈ ਰੱਖਿਆ। ਇਸ ਤੋਂ ਬਾਅਦ ਸਿਥੀਅਨ ਕਬੀਲੇ ਆਏ। ਇੰਨ੍ਹਾਂ ਦਾ ਸਬੰਧ ਪੰਜਾਬ ਦੇ ਲੋਕ ਸੱਭਿਆਚਾਰ ਨਾਲ ਹੋਇਆ। ਇਸ ਦੁਵੱਲੀ ਪ੍ਰਕਿਰਿਆ ਨਾਲ ਜਿੱਥੇ ਇਹ ਕਬੀਲੇ ਪੰਜਾਬ ਦੇ ਆਦਿ ਵਾਸੀਆ ਨਾਲ ਖ਼ੂਨ ਅਤੇ ਸੱਭਿਆਚਾਰ ਦੇ ਪੱਖੋਂ ਰਚ ਮਿਚ ਗਏ। ਉੱਥੇ ਬਾਣੀਆ ਸੱਭਿਆਚਾਰ ਤੋਂ ਵੀ ਮੁਕਤ ਹੋ ਗਏ। ਸਿਥੀਅਨ ਕਬੀਲਿਆ ਦੀ ਪੰਜਾਬ ਵਿੱਚ ਚੜਤ ਅਤੇ ਗੁਪਤ ਰਾਜਿਆ ਤੋਂ ਮੁਕਤੀ ਦੇ ਕਈ ਪੁਰਾਤਤੱਵ ਸਬੂਤ ਮਿਲਦੇ ਹਨ। ਲੁਧਿਆਣੇ ਪਾਸ ਸੁਨੇਤ ਨਾਮੀ ਥੇਹ ਦੀ ਖੁਦਾਈ ਤੋਂ ਬਹੁਤ ਸਾਰੇ ਪੁਰਾਤੱਤਵ ਸਬੂਤ ਹਾਸਲ ਹੋਏ ਹਨ। ਇਹ ਨਗਰ ਕੋਈ 15ਈ. ਦਾ ਹੈ। ਇਹ ਮਹਾਂਭਾਰਤ ਦੀ ਲੜਾਈ ਸਮੇਂ ਵੀ ਹੱਸਦਾ ਵਸਦਾ ਨਗਰ ਸੀ। ਇਸਦਾ ਅੰਤ ਅਲਾਉਦੀਨ ਖਿਲਜੀ ਦੇ ਹਮਲਿਆ ਦੌਰਾਨ ਹੋਇਆ। ਉਸ ਤੋਂ ਬਾਅਦ ਇਹ ਨਗਰ ਹੱਸਦਾ ਵੱਸਦਾ ਨਾ ਰਿਹਾ।

### ਡਾ. ਰਵਿੰਦਰ ਸਿੰਘ ਰਵੀ ਦੀ ਧਾਰਨਾ

ਰਵਿੰਦਰ ਸਿੰਘ ਰਵੀ ਦੀ ਧਾਰਨਾ, ਅਨੁਸਾਰ ਪੰਜਾਬੀ ਸੱਭਿਆਚਾਰ ਦਾ ਮੁੱਢ ਜਦੋਂ ਮੱਧ ਏਸ਼ੀਆ ਪੱਛਮੀ ਏਸ਼ੀਆ ਤੋਂ ਹੋ ਕੇ ਇੱਥੇ ਆਉਂਦੇ ਹਨ ਤੇ ਇੱਥੇ ਰਹਿਣਾ ਸ਼ੁਰੂ ਕਰਦੇ ਹਨ। ਤਾਂ ਪੰਜਾਬੀ ਭਾਸ਼ਾ ਅਤੇ ਪੰਜਾਬੀ ਸੱਭਿਆਚਾਰ ਦੀ ਸਥਾਪਨਾ ਹੁੰਦੀ ਹੈ। ਪੰਜਾਬੀ ਭਾਸ਼ਾ ਨੂੰ ਪੂਰਵ ਵੈਦਿਕ ਭਾਸ਼ਾ ਕਿਹਾ ਗਿਆ ਹੈ। ਇਹ West ਏਸ਼ੀਆ ਭਾਸ਼ਾਵਾਂ ਦੇ ਮਿਸ਼ਰਣ ਨਾਲ ਹੋਂਦ ਵਿੱਚ ਆਈ ਹੈ ਤਾਂ ਲੋਕਾਂ ਦੇ ਜੀਵਨ ਜਾਂਚ, ਕਦਰਾਂ ਕੀਮਤਾਂ ਵਿੱਚ ਵੀ ਮਿਸ਼ਰਣ ਹੋ ਰਿਹਾ ਹੈ। ਭਾਰਤ ਦੇ ਵੱਖ-ਵੱਖ ਖੇਤਰੀ ਸੱਭਿਆਚਾਰਾ ਦਾ ਸੁਤੰਤਰ ਅਤੇ ਸਥੂਲ ਵਿਕਾਸ ਆਧੁਨਿਕ ਭਾਰਤੀ ਭਾਸ਼ਾਵਾ ਦੇ ਵਿਕਾਸ ਨਾਲ ਹੀ ਜੁੜਿਆ ਹੋਇਆ ਹੈ। ਨੌਵੀਂ-ਦਸਵੀਂ ਸਦੀ ਤੋਂ ਲੱਗਭਗ ਸ਼ੁਰੂ ਹੋਈ ਇਹ ਪ੍ਰਕਿਰਿਆ ਹੀ ਆਧੁਨਿਕ ਭਾਰਤੀ ਭਾਸ਼ਾਵਾਂ ਵਿੱਚੇ ਸਾਹਿਤ ਸਿਰਜਨਾ ਦੇ ਇਤਿਹਾਸ ਦਾ ਵੀ ਆਰੰਭ ਹੈ। ਮੱਧ ਕਾਲੀਨ ਭਾਰਤ ਦੇ ਇਸ ਇਤਿਹਾਸਕ ਦੌਰ ਵਿੱਚ ਵਿਚਾਰਧਾਰਕ ਸੰਘਰਸ਼ ਦੀ ਵਿਕਾਸ ਪ੍ਰਕਿਰਿਆ ਪ੍ਰਮੁੱਖ ਰੂਪ ਵਿੱਚ ਸਾਹਿਤ, ਧਰਮ ਅਤੇ ਰਾਜਨੀਤੀ ਉੱਤੇ ਹੀ ਅਧਾਰਤ ਸੀ। ਚੱਲੀ ਆ ਰਹੀ ਪੈਦਾਵਾਰ ਦੀ ਏਸ਼ੀਆਈ ਵਿਧੀ ਉੱਪਰ ਅਧਾਰਿਤ ਨੀਂਹ ਅਤੇ ਪਰਉਸਾਰ ਦੀ ਸਾਮੰਤਵਾਦੀ ਸਮਾਜਿਕ ਆਰਥਕ ਬਣਤਰ ਸੱਭਿਆਚਾਰਕ ਖੇਤਰ ਵਿੱਚੇ ਇੰਨਾ ਤਿੰਨਾ ਮਾਧਿਅਮ ਰਾਹੀਂ ਦੀ ਆਪਣਾ ਵਿਚਾਰਧਾਰਕ, ਪੈਂਤੜਾ ਪ੍ਰਗਟ ਕਰਦੀ ਸੀ। ਇਸ ਬਣਤਰ ਦਾ ਵਿਚਾਰਧਾਰਕ ਰੂਪ ਭਾਵੇਂ ਪੁਰਾਣੇ ਸੰਸਕਾਰਾਂ ਰਸਮਾਂ, ਰਿਵਾਜਾਂ, ਵਿਸ਼ਵਾਸਾਂ ਅਤੇ ਜੀਵਨ ਕੀਮਤਾਂ ਰਾਹੀਂ ਵੀ ਪ੍ਰਗਟ ਹੁੰਦਾ ਸੀ। ਪ੍ਰੰਤੂ ਧਰਮ ਰਾਜਨੀਤੀ ਅਤੇ ਸਾਹਿਤ ਅਜਿਹੇ ਪ੍ਰਗਟਾ ਕੇ ਅਧਿਕ ਸਰਗਰਮ, ਸਥੂਲ ਅਤੇ ਪ੍ਰਭਾਵਸ਼ਾਲੀ ਮਾਧਿਅਮ ਸਨ।

### ਡਾ. ਗੁਰਬਖ਼ਸ਼ ਸਿੰਘ ਫਰੈਂਕ ਦੀ ਧਾਰਨਾ

ਗੁਰਬਖ਼ਸ਼ ਸਿੰਘ ਫਰੈਂਕ ਦੀ ਧਾਰਨਾ ਅਨੁਸਾਰ ਪੰਜਾਬੀ ਸੱਭਿਆਚਾਰ ਦਾ ਮੁੱਢ ਪੰਜਾਬ ਸੱਭਿਆਚਾਰ ਦੇ ਨਾਮਕਰਨ ਅਤੇ ਭੂਗੋਲਿਕ ਖਿੱਤੇ ਨੂੰ ਇੱਕੋ ਸਮੱਸਿਆ ਵਜੋਂ ਪੇਸ਼ ਕਰਨਾ ਨਾ ਸਿਰਫ ਅਜੀਬ ਹੀ ਲੱਗੇਗਾ। ਸਗੋਂ ਖਟਕੇਗਾ ਵੀ ਅਤੇ ਕਿਸੇ ਗੁੱਸੈਲ ਟਿੱਪਣੀ ਨੂੰ ਜਨਮ ਦੇ ਵੀ ਸਕਦਾ ਹੈ ਅੱਜ ਸਾਨੂੰ ਪਤਾ ਹੈ ਕਿ ਪੰਜਾਬ ਲਫਜ ਸਭ ਤੋਂ ਪਹਿਲਾ ਕਿਸਨੇ ਵਰਤਿਆ ਅਤੇ ਇਸ ਤੋਂ ਬਣਦਾ ਵਿਸ਼ੇਸ਼ਣ ਪੰਜਾਬੀ ਸਭ ਤੋਂ ਪਹਿਲਾਂ ਕਿਸ ਨੇ ਵਰਤਿਆ। ਸਾਨੂੰ ਇਹ ਵੀ ਪਤਾ ਹੈ ਕਿ ਪੁਰਾਤਨ ਸੰਸਕ੍ਰਿਤ ਸੋਮਿਆ ਵਿੱਚ ਇੱਕ ਸ਼ਬਦ 'ਪੰਚਨਦ' ਵੀ ਸੀ। ਜਿਹੜਾ ਪੰਜਾਬ ਦਾ ਹੀ ਪਰਿਆਇਵਾਚੀ ਸੀ ਅਤੇ ਉਸ ਖਿੱਤੇ ਲਈ ਵਰਤਿਆ ਜਾਂਦੀ ਸੀ, ਜਿੱਥੇ ਸ਼ਬਦ ਸਪਤ ਸਿੰਧੂ ਸੀ। ਜਿਹੜਾ ਸਿੰਧ ਅਤੇ ਸਰਸਵਤੀ ਨੂੰ ਮਿਲਾ ਕੇ ਕੁੱਝ ਵਡੇਰੇ ਖਿੱਤੇ ਦਾ ਸੂਚਕ ਸੀ ਇਹ ਅੱਜ ਤੋਂ ਕੁੱਝ ਹਜ਼ਾਰ ਸਾਲ ਪਹਿਲਾ ਵਰਤਿਆ ਜਾਂਦਾ ਸੀ। ਇਸ ਗੱਲ ਦਾ ਕੋਈ ਸੰਕੇਤ ਨਹੀਂ ਮਿਲਦਾ ਕਿ ਇਹ ਸ਼ਬਦ ਭੂਗੋਲਿਕ ਇਕਾਈ ਦਾ ਸੂਚਕ ਹੋਣ ਦੇ ਨਾਲ-ਨਾਲ ਸੱਭਿਆਚਾਰ ਦੀ ਗੱਲ ਕਰਦੇ ਹਾਂ ਤਾਂ ਸਾਡਾ ਮਤਲਬ ਕਿਸ ਜਨ ਸਮੂਹ ਦੇ ਸੱਭਿਆਚਾਰ ਤੋਂ ਹੁੰਦਾ ਹੈ ਅਤੇ ਉਸ ਜਨ ਸਮੂਹ ਦੀ ਇਸ ਵੇਲੇ ਦੀ ਹੋਂਦ ਦਾ ਭੂਗੋਲਿਕ ਚੌਖਟਾ ਕੀ ਹੈ। ਤਾਂ ਨਿਸਚੇ ਹੀ ਅਸੀਂ ਪੰਜਾਬੀ ਸੱਭਿਆਚਾਰ ਦੀ ਇਸ ਵੇਲੇ ਦੀ ਭਾਰਤ ਵਿਚਲੀ ਇਕਾਈ ਅਤੇ ਇਸਦੇ ਭੂਗੋਲਿਕ ਚੌਖਟੇ ਦਾ ਹੀ ਨਾ ਲਵਾਂਗੇ। ਸਾਡੇ ਵਿਚਾਰ ਗੋਚਰ ਸੱਭਿਆਚਾਰ ਉਨ੍ਹਾਂ ਲੋਕਾਂ ਦਾ ਸੱਭਿਆਚਾਰ ਹੈ। ਜਿਹੜੇ ਅੱਜ ਦੇ ਭਾਰਤੀ ਪੰਜਾਬ ਦੀਆਂ ਭੂਗੋਲਿਕ ਹੱਦਾ ਵਿੱਚ ਰਹਿ ਰਹੇ ਹਨ। ਜਿੱਥੇ ਤੱਕ ਇੰਨਾਂ ਭੂਗੋਲਿਕ ਹੱਦਾ ਦਾ ਆਧਾਰ ਬੋਲੀ ਅਤੇ ਸੱਭਿਆਚਾਰ ਨਾ ਹੋ ਕੇ ਕੋਈ ਪੱਖਪਾਤੀ ਵਿਚਾਰ ਹੈ ਅਤੇ ਰਾਜਨੀਤਿਕ ਕਾਣੋ ਨੂੰ ਪੇਸ਼ ਕਰਦਾ ਹੈ। ਇੰਨਾ ਦੀ ਉਚਿਤਤਾ ਉੱਤੇ ਹਮੇਸ਼ਾ ਹੀ ਸ਼ੰਕਾ ਕੀਤਾ ਜਾ ਸਕਦਾ ਹੈ ਅਤੇ ਆਸ ਰੱਖੀ ਜਾ ਸਕਦੀ ਹੈ ਕਿ ਇਸ ਹੱਦਬੰਦੀ ਤੋਂ ਬਾਹਰ ਰੱਖ ਲਏ ਗਏ ਇਲਾਕੇ ਆਪਣੇ ਮੂਲ ਸੱਭਿਆਚਾਰ ਅਤੇ ਭੂਗੋਲਿਕ ਖੇਤਰ ਵਿੱਚ ਆ ਸ਼ਾਮਿਲ ਹੋਵਗੇ। ਧਰਮਾਂ, ਕੌਮੀਅਤਾਂ ਅਤੇ ਸੱਭਿਆਚਾਰਾਂ ਦੀ ਅਨੇਕਤਾਂ ਵਾਲੇ ਕਿਸੇ ਵੀ ਅਜ਼ਾਦ ਦੇਸ਼ ਵਿੱਚ ਕੌਮੀ ਅਤੇ ਕੌਮੀਅਤ ਦੇ ਸਵਾਲ ਨੂੰ ਕੌਮੀ ਸੱਭਿਆਚਾਰ ਅਤੇ ਕੌਮੀਅਤਾਂ ਦੇ ਸੱਭਿਆਚਾਰਾਂ ਵਿਚਲੇ ਸਬੰਧਾਂ ਦੇ ਸਵਾਲ ਨੂੰ ਨਜਿੱਠਣ ਦੇ ਦੋ ਹੀ ਤਰੀਕੇ ਹੋ ਸਕਦੇ ਹਨ। ਇੱਕ ਲੋਕਤੰਤਰੀ ਤਰੀਕਾ, ਜਿਸ ਵਿੱਚ ਹਰ ਕੌਮੀਅਤ ਨੂੰ ਆਪਣੇ ਸੱਭਿਆਚਾਰ ਦਾ ਵਿਕਾਸ ਕਰਨ ਦਾ ਮੌਕਾ ਦਿੱਤਾ ਜਾਂਦਾ ਹੈ ਅਤੇ ਇੰਜ ਕਰਦਿਆ ਦੂਜੀਆਂ ਕੌਮੀਅਤਾਂ ਨੂੰ ਵੀ ਅਤੇ ਕੌਮੀ ਸੱਭਿਆਚਾਰ ਨੂੰ ਵੀ ਇਸ ਦੀਆਂ ਅਤਿ ਚੰਗੀਆਂ ਪ੍ਰਾਪਤੀਆਂ ਨਾਲ ਅਮੀਰ ਬਣਾਇਆ ਜਾਂਦਾ ਹੈ ਜਦੋਂ ਕਿ ਦੂਜੇ ਸੱਭਿਆਚਾਰ ਦੀਆਂ ਪ੍ਰਾਪਤੀਆਂ ਨਾਲ ਇਹ ਆਪਣਾ ਖਜਾਨਾ ਵੀ ਭਰਪੂਰ ਕਰਦੀ ਹੈ। ਇਸ ਤਰ੍ਹਾਂ ਹੋਂਦ ਵਿੱਚ

ਆਇਆ ਕੌਮੀ ਸੱਭਿਆਚਾਰ ਸਮੁੱਚੀ ਕੌਮ ਦੀਆਂ ਲੋਕਤੰਤਰੀ ਭਾਵਨਾਵਾਂ ਅਤੇ ਪ੍ਰਾਪਤੀਆਂ ਦਾ ਪ੍ਰਤੀਬਿੰਬ ਹੁੰਦਾ ਹੈ। ਗੁਰਬਖ਼ਸ਼ ਸਿੰਘ ਫਰੈਂਕ ਦੇ ਵਿਚਾਰ ਅਨੁਸਾਰ ਅੱਜ ਪੰਜਾਬੀ ਸੱਭਿਆਚਾਰ ਦਾ ਭੂਗੋਲਿਕ ਚੌਖਟਾ ਨਿਸਚਿਤ ਕਰਦਿਆ ਅਸੀਂ ਅੱਜ ਦੀਆਂ ਹਾਲਤਾਂ ਨੂੰ ਅੱਖੋਂ ਓਹਲੇ ਨਹੀਂ ਕਰ ਸਕਦੇ ਅਤੇ ਇਹ ਹਾਲਾਤ ਇਸ ਨਿਰਵੇ ਦੀ ਅਧਾਰ ਦਲੀਲ ਬਣਦੀਆਂ ਹਨ ਕਿ ਅੱਜ ਦੇ ਭਾਰਤੀ ਪੰਜਾਬ ਨੂੰ ਹੀ ਪੰਜਾਬੀ ਸੱਭਿਆਚਾਰ ਦਾ ਭੂਗੋਲਿਕ ਚੌਖਟਾ ਮੰਨਿਆ ਜਾਏ। ਅੰਤ ਵਿੱਚ ਅਸੀਂ ਇਹ ਕਹਿ ਸਕਦੇ ਹਾਂ ਕਿ ਗੁਰਬਖ਼ਸ਼ ਸਿੰਘ ਫਰੈਂਕ ਬਾਕੀਆਂ ਵਿਦਵਾਨਾਂ ਦੇ ਮੁਕਾਬਲੇ ਵਿਗਿਆਨਿਕ ਮੰਨਿਆ ਗਿਆ ਹੈ। ਕਿਉਂਕਿ ਉਸਨੇ ਨਾਮਕਰਨ ਭੂਗੋਲ ਬਾਰੇ ਗੱਲ ਕੀਤੀ ਹੈ ਅਤੇ ਨਾਲ ਦੀ ਨਾਲ ਸੱਭਿਆਚਾਰ ਦੇ ਕੌਮੀਅਤ ਦੀ ਗੱਲ ਕੀਤੀ ਹੈ। ਗੁਰਬਖ਼ਸ਼ ਸਿੰਘ ਅਨੁਸਾਰ ਸੱਭਿਆਚਾਰ ਵਿਗਿਆਨਿਕ ਹੈ। ਇਸ ਤੋਂ ਪਹਿਲਾਂ ਦੀਆਂ ਭੂਗੋਲਿਕ ਤਬਦੀਲੀਆਂ ਅਤੇ ਬਾਕੀ ਸਮਾਜਿਕ ਰਾਜਸੀ ਵਰਤਾਰੇ ਪੰਜਾਬੀ ਸੱਭਿਆਚਾਰ ਦੇ ਇੱਥੋ ਤੱਕ ਪੁੱਜਣ ਦੇ ਇਤਿਹਾਸ ਦਾ ਅੰਗ ਹਨ। ਇਹ ਇਤਿਹਾਸ ਆਦਿ ਕਾਲ ਤੋਂ ਸ਼ੁਰੂ ਨਹੀਂ ਹੁੰਦਾ ਸਗੋਂ ਉਦੋਂ ਤੋਂ ਸ਼ੁਰੂ ਹੁੰਦਾ ਹੈ ਜਦੋਂ ਤੋਂ ਅੱਜ ਦੇ ਪੰਜਾਬੀ ਸੱਭਿਆਚਾਰ ਨੇ ਰੂਪ ਧਾਰਨਾ ਸ਼ੁਰੂ ਕੀਤਾ ਹੈ।

**ਪ੍ਰਾਚੀਨ ਯੁੱਗ :**

ਪੰਜਾਬ ਧਰਤੀ ਦਾ ਉਹ ਖਿੱਤਾ ਹੈ ਜਿੱਥੇ ਪੰਜ ਲੱਖ ਵਰੇ ਪੁਰਾਣੇ ਸਭਿਆਚਾਰ ਦੇ ਨਿਸ਼ਾਨ ਮਿਲਦੇ ਹਨ। ਪ੍ਰਾਤਨ ਖੋਜੀਆਂ ਨੇ ਇਸ ਕਾਲ ਨੂੰ ਪੁਰਾਤਨ ਪੱਥਰ-ਯੁੱਗ ਦਾ ਨਾਮ ਦਿੱਤਾ ਹੈ। 1935 ਈ. ਵਿਚ ਕੈਬਰਿਜ ਦੇ ਪੁਰਾਤਤਵ ਵਿਗਿਆਨੀਆਂ ਨੇ ਕਸ਼ਮੀਰ ਦੀ ਵਾਦੀ, ਤੋਂ ਲੈ ਕੇ ਸਿੰਧ ਅਤੇ ਜਿਹਲਮ ਵਿਚਕਾਰਲੀਆਂ ਲੂਣ ਦੀਆਂ ਪਹਾੜੀਆਂ ਵਿਚਲੀ ਧਰਤੀ ਦੀ ਕਈ ਹਿੱਸਿਆਂ ਤੋਂ ਖੁਦਾਈ ਕਰਨੀ ਆਰੰਭ ਕੀਤੀ। ਬਹੁਤ ਡੂੰਘੀ ਖੁਦਾਈ ਕਰਨ ਉਪਰੰਤ ਉਨ੍ਹਾਂ ਨੂੰ ਜਿਹੜੇ ਪੱਥਰ ਦੇ ਟੁਕੜੇ ਪ੍ਰਾਪਤ ਹੋਏ, ਉਹ, ਅਸਲ ਵਿਚ, ਪੁਰਾਤਨ ਮਨੁੱਖ ਦੇ ਸੰਦ ਸਨ ਜੋ ਉਹ ਜੰਗਲੀ ਜਾਨਵਰਾਂ ਦਾ ਸ਼ਿਕਾਰ ਕਰਨ ਲਈ ਵਰਤਦਾ ਸੀ ਤੇ ਜਾਂ ਫਿਰ ਉਨ੍ਹਾਂ ਦੀ ਚੀਰਫਾੜ ਕਰਨ ਲਈ। ਇਹ ਸੰਦ ਰੁੱਖਾਂ ਦੀਆਂ ਜੜ੍ਹਾਂ ਪੁੱਟਣ, ਛਿੱਲ ਲਾਹੁਣ ਆਦਿ ਕਾਰਜਾਂ ਲਈ ਵੀ ਵਰਤੇ ਜਾਂਦੇ ਸਨ। ਇਹ ਇਕ ਤਰ੍ਹਾਂ ਦੇ ਪੱਥਰ ਦੇ ਵੱਡੇ ਵੱਡੇ ਟੁਕੜੇ ਹੀ ਹਨ । ਜਿਹੜੇ ਇਕ ਪਾਸਿਉਂ ਘਸਾਏ ਹੋਏ ਹਨ। ਸਪਸ਼ਟ ਹੈ ਕਿ ਘਸਾਈ ਦਾ ਕਾਰਜ ਵੀ ਪੱਥਰਾਂ ਦੀ ਮਦਦ ਨਾਲ ਹੀ ਹੁੰਦਾ ਸੀ ਜਿਸ ਲਈ ਅੰਤਾਂ ਦੀ ਮਿਹਨਤ ਦਰਕਾਰ ਸੀ। ਵਿਗਿਆਨੀਆਂ ਨੇ ਇਸ ਨੂੰ ਪੂਰਵ-ਸੂਹਾਂ ਸਭਿਆਚਾਰ ਦਾ ਨਾਮ ਦਿੱਤਾ ਹੈ ਕਿਉਂ ਜੋ ਇਸ ਸਭਿਆਚਾਰ ਨਾਲ ਮਿਲਦੇ-ਜੁਲਦੇ ਅੰਸ ਪੋਠੋਹਾਰ ਦੀ ਧਰਤੀ 'ਤੇ ਵਗਦੇ ਦਰਿਆ ਦੇ ਵਹਿਣ ਦੀ ਖੁਦਾਈ ਰਾਹੀਂ ਵੀ ਪ੍ਰਾਪਤ ਹੋਏ ਹਨ। ਇਸ ਇਲਾਕੇ ਵਿਚੋਂ ਵਧੇਰੇ ਛੋਟੇ ਅਤੇ ਸਾਫ ਪੱਥਰ ਦੇ ਔਜਾਰ ਵੀ ਪ੍ਰਾਪਤ ਹੋਏ ਹਨ ਜਿਨ੍ਹਾਂ ਦੇ ਸਿਰੇ ਗੋਲ ਵੀ ਹਨ, ਚਪਟੇ ਵੀ। ਇਸ ਤਰ੍ਹਾਂ ਦੇ ਔਜਾਰਾਂ ਦੇ ਆਧਾਰ 'ਤੇ ਇਸ ਸਮੇਂ ਦੇ ਸਭਿਆਚਾਰ ਨੂੰ ਮੁੱਢਲਾ ਸੁਹਾਂ ਸਭਿਆਚਾਰ' ਕਿਹਾ ਗਿਆ ਹੈ। ਇਸ ਤੋਂ ਵੀ ਵਧੇਰੇ ਕੁਸ਼ਲਤਾ ਵਿਖਾਈ ਦਿੰਦੀ ਹੈ, ਇਸ ਲਈ ਇਸ ਨੂੰ ਪਿਛਲੇਰਾ ਸੂਹਾ ਸਭਿਆਚਾਰ' ਕਿਹਾ ਗਿਆ ਹੈ। ਮੋਟੇ ਤੌਰ ਉਤੇ ਅਸੀਂ ਇਸ ਨੂੰ ਪੁਰਾਤਨ ਪੱਥਰ-ਯੁੱਗ ਦਾ ਹਾਂਸਭਿਆਚਾਰ ਆਖ ਸਕਦੇ ਹਾਂ ਜਿਸ ਦੇ ਅਨੇਕ ਚਿੰਨ੍ਹ ਸਾਨੂੰ ਜਿਲ੍ਹਾ ਹੁਸ਼ਿਆਰਪੁਰ ਦੇ ਇਕ ਪਿੰਡ ਦੌਲਤਪੁਰ ਕੋਲੋਂ ਢੋਲਬਾਹਾ ਅਤੇ ਪਿੰਜੌਰ ਕੋਲੋਂ ਵੀ ਮਿਲੇ ਹਨ। ਸਪਸ਼ਟ ਹੈ ਕਿ ਇਹ ਸਭਿਆਚਾਰ ਪੰਜਾਬ ਦੇ ਕਾਫ਼ੀ ਵੱਡੇ ਹਿੱਸੇ ਵਿਚ ਫੈਲਿਆ ਹੋਇਆ ਸੀ। ( ਪੁਰਾਤਨ ਪੱਥਰ-ਯੁੱਗ ਦਾ ਮਨੁੱਖ ਪਸ਼ੂਆਂ ਨਾਲੋਂ ਇਸ ਗੱਲ ਵਿਚ ਵੱਖਰਾ ਸੀ ਕਿ ਉਹ ਪੱਥਰਾਂ ਦੇ ਸੰਦ ਬਣਾ-ਵਰਤ ਸਕਦਾ ਸੀ! ਇਸ ਜਾਚ ਨੇ ਉਸ ਨੂੰ ਜੰਗਲੀ ਜਾਨਵਰਾਂ ਦਾ ਮੁਕਾਬਲਾ ਕਰਨ ਦੇ, ਕਿਸੇ ਹੱਦ ਤੱਕ, ਯੋਗ ਬਣਾ ਦਿੱਤਾ ਸੀ ਅਤੇ ਉਹ ਇਨ੍ਹਾਂ ਦੀ ਮੱਦਦ ਨਾਲ ਕੁਦਰਤੀ ਖ਼ੁਰਾਕ ਹਾਸਿਲ ਕਰ ਸਕਦਾ ਸੀ ਜਦ ਕਿ ਉਸ ਦੇ ਵੱਡੇ-ਵਡੇਰੇ ਜੰਗਲੀ ਜਾਨਵਰ) ਆਪਣੀ ਖ਼ੁਰਾਕ ਹਾਸਿਲ ਕਰਨ ਸਕਦਾ ਸੀ ਜਦ ਕਿ ਉਸ ਦੇ ਵੱਡੇ-ਵਡੇਰੇ (ਜੰਗਲੀ ਜਾਨਵਰ) ਆਪਣੀ ਖ਼ੁਰਾਕ ਹਾਸਿਲ ਕਰਨ ਲਈ ਆਪਣੇ ਸਰੀਰਕ ਅੰਗਾਂ ਤੇ ਹੀ ਨਿਰਭਰ ਸਨ। ਜਾਨਵਰਾਂ ਦੀ ਤਰ੍ਹਾਂ, ਇਸ ਕਾਲ ਦਾ ਮਨੁੱਖ ਵੀ ਕੰਦਮੂਲ ਜਾਂ ਜਾਨਵਰਾਂ ਦਾ ਕੱਚਾ ਮਾਸ ਖਾ ਕੇ ਜਿਉਂਦਾ ਰਹਿੰਦਾ ਸੀ। ਉਸ ਨੂੰ ਅੱਗ ਬਾਲਣੀ ਨਹੀਂ ਸੀ ਆਉਂਦੀ ਅਤੇ ਨਾ ਹੀ ਉਸ ਨੂੰ ਘਰ ਬਣਾਉਣ ਦੀ ਜਾਚ ਸੀ। ਜੰਗਲੀ ਜਾਨਵਰਾਂ ਦੀ ਤਰ੍ਹਾਂ ਪਹਾੜਾਂ ਦੀਆਂ ਗਾਰਾਂ ਅਤੇ ਸੰਘਣੀਆਂ ਝਾੜੀਆਂ ਹੀ ਉਸ ਦਾ ਘਰ ਹੁੰਦਾ ਸੀ।

ਸਮਾਜ-ਸ਼ਾਸਤਰੀ ਅਰਥਾਂ ਵਿਚ ਪੁਰਾਤਨ ਪੱਥਰ-ਯੁੱਗ ਦੇ ਮਨੁੱਖ ਦਾ ਕੋਈ ਸਮਾਜ ਨਹੀਂ ਸੀ ਭਾਵੇਂ ਉਹ ਸਮੂਹਾਂ ਵਿਚ ਰਹਿੰਦਾ ਸੀ ਜਿਵੇਂ ਹਾਥੀ। ਇਸੇ ਤਰ੍ਹਾਂ ਸੰਤਾਨ ਦਾ ਜਨਮ ਅਤੇ ਪਾਲਣ ਵੀ ਕੁਦਰਤ ਦੇ ਨਿਯਮਾਂ ਦੇ ਅਨੁਸਾਰੀ ਸੀ। ਇਸਤਰੀ ਅਤੇ ਮਨੁੱਖ ਦੇ ਜਿਨਸੀ ਸੰਜੋਗ ਵਿਚੋਂ ਸੰਤਾਨ ਦੀ ਉਤਪਤੀ ਹੋ ਜਾਂਦੀ ਸੀ ਅਤੇ ਮੂਲ-ਪ੍ਰਵਿਰਤੀ ਤੋਂ ਪ੍ਰੇਰਿਤ ਮਨੁੱਖ ਉਦੋਂ ਤੱਕ ਉਸ ਦੀ ਪਾਲਣਾ ਕਰਦਾ ਸੀ ਜਦੋਂ ਤੱਕ ਉਹ ਉਡਾਰ ਨਹੀਂ ਹੋ ਜਾਂਦਾ ਸੀ। ਪਰਿਵਾਰ ਵਰਗੀ ਕੋਈ ਸੰਸਥਾ ਉਸ ਸਮੇਂ ਹੋਂਦ ਵਿਚ ਨਹੀਂ ਆਈ ਸੀ। ਇਕ ਤਰ੍ਹਾਂ ਨਾਲ ਹੋਰ ਜੀਵਜਾਤੀਆਂ ਵਾਂਗ ਮਨੁੱਖ ਜਾਤੀ ਵੀ ਇਕ ਜੂਨੀ ਹੀ ਸੀ।

ਇਸ ਤਰ੍ਹਾਂ ਦੀ ਸਥਿਤੀ ਵਿਚ ਮਾਨਸਿਕ ਸਭਿਆਚਾਰ ਦਾ ਬਹੁਤ ਹੀ ਮੁੱਢਲਾ ਰੂਪ ਪੈਦਾ ਹੋ ਸਕਦਾ ਸੀ-ਮਨੁੱਖ ਦੇ ਮਨ ਵਿਚ ਕੁਦਰਤੀ ਵਸਤਾਂ ਅਤੇ ਪ੍ਰਕਿਰਿਆਵਾਂ ਦਾ ਅਕਸ ਪੈਂਦਾ ਸੀ ਤੇ ਜਾਂ ਫਿਰ ਉਹ ਪੱਥਰ ਦੇ ਅਣਘੜ ਜਿਹੇ ਸੰਦ ਬਣਾਉਣ ਵਰਤਣ ਸਿੱਖ ਗਿਆ ਸੀ। ਮੁਰਦੇ ਨੂੰ ਦਬਾਉਣ ਜਾਂ ਜਲਾਉਣ ਵਰਗਾ ਕੋਈ ਕਾਰਜ ਨਹੀਂ ਕੀਤਾ ਜਾਂਦਾ ਸੀ-ਸ਼ਾਇਦ ਲਾਸ਼ਾਂ ਜੰਗਲ ਵਿਚ ਸੁੱਟ ਦਿੱਤੀਆਂ ਜਾਂਦੀਆਂ ਸਨ ਜਾਂ ਪਾਣੀ ਵਿਚ ਰੋੜ ਦਿੱਤੀਆਂ ਜਾਂਦੀਆਂ ਸਨ। ਕਈ ਜਨ-ਸਮੂਹਾਂ ਬਾਰੇ ਤਾਂ ਆਦਮਖੋਰ ਹੋਣ ਦਾ ਵੀ ਅਨੁਮਾਨ ਹੈ। ਮਜ਼ਹਬੀ ਤਾਂ ਕੀ ਉਸ ਸਮੇਂ ਵਿਚ ਜਾਦੂਮਈ ਰਹੁ-ਰੀਤਾਂ ਅਥਵਾ ਧਾਰਨਾਵਾਂ ਵੀ ਪੈਦਾ ਨਹੀਂ ਹੋਈਆਂ ਸਨ।

ਪਾਚੀਨ ਸਭਿਆਚਾਰ ਦੇ ਵਿਕਾਸ ਦਾ ਦੂਸਰਾ ਪੜਾਅ ਜਿਸ ਨੂੰ ਨਵ-ਪੱਥਰ-ਯੁੱਗ ਦਾ ਨਾਮ ਦਿੱਤਾ ਗਿਆ ਹੈ, ਬਹੁਤ ਮਹੱਤਵਪੂਰਨ ਹੈ। ਇਸ ਯੁੱਗ ਵਿਚ ਹੀ ਮਨੁੱਖ ਨੇ ਪਸ਼ੂ-ਪਾਲਣ ਅਤੇ ਖੇਤੀ-ਬਾੜੀ ਦੇ ਕਿੱਤੇ ਸਿੱਖੇ, ਜਿਸ ਨੇ ਉਸ ਦੇ ਜੀਵਨ ਵਿਚ

ਬੁਨਿਆਦੀ ਤਬਦੀਲੀ ਲੈ ਆਂਦੀ। ਇਹ ਦੋਵੇਂ ਕਿੱਤੇ ਮਨੁੱਖ ਨੂੰ ਪੈਦਾਵਾਰੀ ਜੀਵ ਬਣਾਉਂਦੇ ਹਨ ਅਤੇ ਇਹ ਲੱਛਣ ਉਸ ਨੂੰ ਹੋਰ ਜੀਵ-ਜਾਤੀਆਂ ਨਾਲੋਂ ਨਿਖੇੜਨ ਵਾਲਾ ਬੁਨਿਆਦੀ ਲੱਛਣ ਹੈ। ਹੁਣ ਉਹ ਜੀਵ ਅਤੇ ਬਨਸਪਤੀ ਪੈਦਾ ਕਰਨ ਯੋਗ ਹੋ ਗਿਆ ਜਿਸ ਨੇ ਉਸ ਦੀ ਖਾਧ-ਖੁਰਾਕ ਦੀ ਸਮੱਸਿਆ ਕਿਸੇ ਹੱਦ ਤੱਕ ਹੱਲ ਕਰ ਦਿੱਤੀ। ਹੁਣ ਉਹ ਟੱਪਰੀਵਾਸ ਜੀਵਨ ਛੱਡ ਕੇ ਕੋਈ ਸਥਾਈ ਬਸੇਰਾ ਵੀ ਬਣਾਉਣ ਦੇ ਯੋਗ ਹੋ ਗਿਆ ਅਤੇ ਉਸ ਨੇ ਕੱਖਾਂ-ਕਾਨਿਆਂ, ਪੱਥਰਾਂ-ਲੱਕੜਾਂ ਦੇ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਤਨ ਢੱਕਣ ਲਈ ਉਹ ਜਾਨਵਰਾਂ ਦੀਆਂ ਖੱਲਾਂ ਦੇ ਨਾਲ ਨਾਲ ਉਨ੍ਹਾਂ ਦੇ ਵਾਲਾਂ ਅਤੇ ਪੌਦਿਆਂ ਦੇ ਰੇਸ਼ਿਆਂ ਦਾ ਬਣਿਆ ਕੱਪੜਾ ਵੀ ਪਹਿਨਣ ਲੱਗ ਪਿਆ ਅਤੇ ਇਸੇ ਕਾਲ ਵਿਚ ਉਸ ਨੇ ਪਹਿਲਾਂ ਨਾਲੋਂ ਕਿਤੇ ਸ਼ਕਤੀਵਰ ਹਥਿਆਰ, ਤੀਰ-ਕਮਾਨ, ਦੀ ਕਾਢ ਕੱਢ ਲਈ। ਅੱਗ ਦੀ ਕਾਢ ਵੀ ਇਸੇ ਸਮੇਂ ਨਿਕਲੀ ਅਤੇ ਹੱਥ-ਬਣੇ ਬਰਤਨ ਵੀ ਇਸੇ ਯੁੱਗ ਵਿਚ ਹੋਂਦ ਵਿਚ ਆਏ।

ਇਨ੍ਹਾਂ ਕਾਢਾਂ ਨੇ ਜਿੱਥੇ ਮਨੁੱਖੀ ਨਸਲ ਦੀ ਗਿਣਤੀ ਵਿਚ ਵਾਧਾ ਕੀਤਾ, ਉਥੇ ਮਨੁੱਖੀ ਮਿਹਨਤ ਦੇ ਫਲ ਵਿਚ ਵੀ ਢੇਰ ਵਾਧਾ ਹੋਇਆ ਜਿਸ ਨੇ ਲੋਕਾਂ ਨੂੰ ਦਿਮਾਗੀ ਮਿਹਨਤ ਲਈ ਵਿਹਲ ਦਿੱਤੀ ਅਤੇ ਇਕੋ ਥਾਂ ਉਤੇ ਵਸਣ ਵਾਲੇ ਲੋਕਾਂ ਦੇ ਸਮੂਹ ਸਮਾਜ ਬਣਨ ਲੱਗੇ। ਜਨਮ ਅਤੇ ਮੌਤ ਨਾਲ ਸੰਬਧਤ ਰਹੁ-ਰੀਤਾਂ ਵਿਕਸਿਤ ਹੋਈਆਂ, ਕਈ ਪ੍ਰਕਾਰ ਦੇ ਵਿਸ਼ਵਾਸ ਪੈਦਾ ਹੋਏ ਜਿਨ੍ਹਾਂ ਨੇ ਮੁਰਦੇ ਨੂੰ ਦਬਾਉਣ ਜਾਂ ਸਾੜਨ ਦੇ ਰਿਵਾਜਾਂ ਨੂੰ ਜਨਮ ਦਿੱਤਾ।

1963 ਈ. ਤੱਕ ਪੰਜਾਬ ਵਿਚ ਨਵ-ਪੱਥਰ-ਯੁੱਗ ਦੇ ਕੋਈ ਚਿੰਨ੍ਹ ਨਹੀਂ ਲੱਭੇ ਸਨ। ਪਰ ਉਸ ਵਰੇ ਦੌਰਾਨ ਬਿਆਸ-ਬਨ ਦੀ ਵਾਦੀ ਦੀ ਖੁਦਾਈ ਵਿਚੋਂ ਇਸ ਸਭਿਆਚਾਰ ਦੇ ਅਵਸ਼ੇਸ਼ ਪ੍ਰਾਪਤ ਹੋਏ ਹਨ ਜਿਨ੍ਹਾਂ ਤੋਂ ਇਹ ਆਸ ਬੱਝਦੀ ਹੈ ਕਿ ਅਗਲੇਰੀਆਂ ਪੁਰਾਤੱਤਵੀ ਖੋਜਾਂ ਪੰਜਾਬੀ ਦੀ ਇਸ ਕਾਲ ਦੀ ਸੰਸਕ੍ਰਿਤੀ ਦੇ ਵਧੇਰੇ ਨਿਸ਼ਚਿਤ ਆਧਾਰ ਲੱਭ ਲੈਣਗੀਆਂ। ਇਸ ਕਾਲ ਦਾ ਸਮਾਜਕ ਪ੍ਰਬੰਧ ਕਬੀਲਾਪ੍ਰਧਾਨ ਸੀ। ਕਬੀਲੇ ਗਣਾਂ ਦਾ ਸਮੂਹ ਸਨ ਅਤੇ ਗਣ ਪਰਿਵਾਰਾਂ ਦਾ ਸਮੂਹ। ਪਰਿਵਾਰ ਮੁੱਖ ਤੌਰ ਤੇ, ਬਹੁਤਪਤੀ-ਪ੍ਰਧਾਨ ਜਾਂ ਬਹੁਤ-ਪਤਨੀ-ਪ੍ਰਧਾਨ ਹੁੰਦੇ ਸਨ। ਪਹਿਲੀ ਪ੍ਰਕਾਰ ਦੇ ਪਰਿਵਾਰਾਂ ਵਿਚ ਪੁਰਸ਼ ਦੀ ਪ੍ਰਧਾਨਤਾ ਸੀ ਜਦ ਕਿ ਦੂਸਰੀ ਪ੍ਰਕਾਰ ਦੇ ਪਰਿਵਾਰ ਇਸਤਰੀ-ਪ੍ਰਧਾਨ ਸਨ। ਸ਼ਿਕਾਰੀ ਕਬੀਲਿਆਂ ਵਿਚ ਪਹਿਲੀ ਪ੍ਰਕਾਰ ਦਾ ਅਤੇ ਖੇਤੀਬਾੜੀ-ਪ੍ਰਧਾਨ ਕਬੀਲਿਆ ਵਿਚ ਦੂਸਰੀ ਪ੍ਰਕਾਰ ਦਾ ਪਰਿਵਾਰ ਪ੍ਰਮੁੱਖ ਸੀ। ਗੁਣ ਆਪਸ ਵਿਚ ਵਿਆਹ ਨਹੀਂ ਕਰ ਸਕਦੇ ਸਨ ਕਿਉਂ ਜੋ ਗੁਣ ਦਾ ਹਰੇਕ ਮੈਂਬਰ ਕਿਸੇ ਇਕ ਵੱਡ-ਵਡੇਰੇ ਦੀ ਔਲਾਦ ਸਮਝਿਆ ਜਾਂਦਾ ਸੀ। ਪਰ ਕਬੀਲੇ ਤੋਂ ਬਾਹਰ ਵਿਆਹ ਕਰਵਾਉਣਾ ਵੀ ਵਰਜਿਤ ਸੀ। ਗੁਣਾਂ ਅਤੇ ਕਬੀਲਿਆਂ ਦੇ ਨਾਮ ਟੋਟਮੀ (Totemie) ਦੇ ਕਬੀਲਿਆਂ ਵਿਚ ਜਾਇਦਾਦ ਤੇ ਆਧਾਰਤ ਸਾਵੇਂ ਰਿਸ਼ਤਿਆਂ ਦੀ ਸੰਭਾਵਨਾ ਤਾਂ ਪੈਦਾ ਹੋ ਗਈ ਸੀ ਪਰ ਇਹ ਸੰਭਾਵਨਾ ਅਜੇ ਸਾਕਾਰ ਨਹੀਂ ਹੋਈ ਸੀ। ਦੇਹਾਂਤ-ਉਪਰੰਤ ਜੀਵਨ ਅਤੇ ਅਦਿੱਖ ਸੰਸਾਰ ਦੇ ਧੁੰਦਲੇ ਜਿਹੇ ਸੰਕਲਪ ਵੀ ਪੈਦਾ ਹੋ ਗਏ ਸਨ।

ਪੱਥਰ-ਯੁੱਗ ਦੇ ਸਭਿਆਚਾਰ ਦੇ ਵਿਕਾਸ ਦਾ ਅਗਲੇ ਪੜਾਅ ਧਾਤਾਂ ਦੀ ਖੋਜ ਨਾਲ ਸ਼ੁਰੂ ਹੁੰਦਾ ਹੈ ਜਿਸ ਦੇ ਆਧਾਰ ਤੇ ਇਸ ਪੜਾਅ ਨੂੰ ਧਾਤ-ਯੁੱਗ ਦਾ ਨਾਮ ਦਿੱਤਾ ਗਿਆ ਹੈ। ਪੰਜਾਬ ਵਿਚ ਹੜੱਪਾ ਅਤੇ ਮਹਿੰਜੋਦਾੜੋ ਦਾ ਨਗਰ-ਸਭਿਆਚਾਰ ਇਸ ਯੁੱਗ ਦੀ ਹੀ ਦੇਣ ਹੈ। ਇਸ ਸਭਿਆਚਾਰ ਦੇ ਅੰਤਰਗਤ ਤਾਂਬੇ ਅਤੇ ਟੀਨ ਦੀ ਖੁਦਾਈ, ਢਲਾਈ ਅਤੇ ਉਕਰਾਈ ਦਾ ਕੰਮ ਸ਼ੁਰੂ ਹੋ ਗਿਆ ਸੀ। ਇਸ ਤੋਂ ਇਲਾਵਾ ਇਸ ਕਾਲ ਦੇ ਮਨੁੱਖ ਨੇ ਉਕਤ ਦੋਹਾਂ ਧਾਤਾਂ ਨੂੰ ਮਿਲਾ ਕੇ ਇਕ ਨਵੀਂ ਧਾਤ ਕਾਂਸੀ ਵੀ ਬਨਾਉਣੀ ਸਿੱਖ ਲਈ ਸੀ। ਹੜੱਪਾ ਅਤੇ ਮਹਿਜੋਦਾੜੋ ਦੇ ਥੇਹਾਂ ਦੀ ਖੁਦਾਈ ਤੋਂ ਪਤਾ ਲੱਗਿਆ ਹੈ ਕਿ ਇਹ ਨਗਰ ਇਕ ਖਾਸ ਵਿਉਂਤ ਅਨੁਸਾਰ ਬਣੇ ਹੋਏ ਸਨ ਜਿਨ੍ਹਾਂ ਵਿਚ ਜਲ-ਨਿਕਾਸ ਦਾ ਚੰਗਾ ਪ੍ਰਬੰਧ ਸੀ। ਨਗਰਾਂ ਦੇ ਪ੍ਰਬੰਧ ਲਈ ਨਗਰਪਾਲਿਕਾ ਵਰਗੀ ਕੋਈ ਸੰਸਥਾ ਹੋਂਦ ਗ੍ਰਹਿਣ ਕਰ ਚੁੱਕੀ ਸੀ ਅਤੇ ਇਨ੍ਹਾਂ ਨਗਰਾਂ ਦੇ ਲੋਕਾਂ ਵਿਚ ਸਮਾਜਕ-ਆਰਥਿਕ ਨਾ-ਬਰਾਬਰੀ ਪੈਦਾ ਹੋ ਚੁੱਕੀ ਸੀ। ਪਰ ਇਹ ਸਾਰਾ ਵਿਕਾਸ ਅਸਾਵਾਂ ਸੀ। ਪਿੰਡਾਂ ਦੇ ਵਸਨੀਕ ਬਹੁਤ ਕਰਕੇ ਕਬੀਲਾ-ਪੱਧਰ ਉੱਤੇ ਹੀ ਜੀਉਂਦੇ ਸਨ। ਆਰੀਆ ਸਭਿਆਚਾਰ :

ਪੰਜਾਬ ਵਿਚ ਆਰੀਆ ਦਾ ਪ੍ਰਵੇਸ਼ ਤਕਰੀਬਨ 1500 ਬੀ.ਸੀ. ਵਿਚ ਹੋਣਾ ਸ਼ੁਰੂ ਹੋਇਆ ਅਤੇ 800 ਪੂਰਵ ਈ. ਤੱਕ ਆਰੀਆ ਕਬੀਲੇ ਆਉਂਦੇ ਰਹੇ। ਹੜੱਪਾ ਅਤੇ ਮਹਿੰਜੋਦਾੜੋ ਦੀ ਨਗਰ-ਸਭਿਅਤਾ ਦਾ ਪਤਨ ਆਰੀਆ ਦੀ ਆਮਦ ਤੋਂ ਪਹਿਲਾਂ ਹੀ ਸ਼ੁਰੂ ਹੋ ਚੁੱਕਾ ਸੀ। ਆਰੀਆ ਨੇ ਇਸ ਸਭਿਆਚਾਰ ਦਾ ਅੰਤ ਕਰ ਦਿੱਤਾ ਅਤੇ ਪੰਜਾਬ ਵਿਚ ਅਜਿਹੇ ਸਭਿਆਚਾਰ ਦੀ ਸਿਰਜਨਾ ਦਾ ਯੁੱਗ ਸ਼ੁਰੂ ਹੋਇਆ ਜੋ ਸਮਾਂ ਪਾ ਕੇ ਸਮੁੱਚੇ ਭਾਰਤ ਦਾ ਸਭਿਆਚਾਰ ਹੋ ਨਿਬੜਿਆ ਅਤੇ ਕਿਸੇ ਵੀ ਸਭਿਆਚਾਰ ਨਾਲੋਂ ਵਧੇਰੇ ਹੰਢਣਸਾਰ ਸਿੱਧ ਹੋਇਆ। ਇਤਿਹਾਸ ਵਿਚ ਇਸ ਸਭਿਆਚਾਰ ਨੂੰ ਹੀ ਬ੍ਰਾਹਮਣੀ, ਹਿੰਦੂ ਜਾਂ ਭਾਰਤੀ ਸਭਿਆਚਾਰ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਸਮਾਜਕ ਪ੍ਰਬੰਧ ਦੀ ਪੱਧਰ ਉੱਤੇ ਇਸ ਸਭਿਆਚਾਰ ਨੇ ਪੁਰਸ਼ ਪ੍ਰਧਾਨ ਸੰਯੁਕਤ ਪਰਿਵਾਰ, ਸਵੈ-ਨਿਰਭਰ ਪੇਂਡੂ ਸਮੁਦਾਇ ਅਤੇ ਜਾਤ ਪਾਤ ਦੀਆਂ ਸੰਸਥਾਵਾਂ ਕਾਇਮ ਕੀਤੀਆਂ, ਰਾਜਨੀਤਕ ਖੇਤਰ ਵਿਚ ਗੁਲਾਮਦਾਰੀ ਅਤੇ ਸਾਮੰਤਵਾਦੀ ਭਾਤ ਦੇ ਚੱਕਰਵਰਤੀ ਰਾਜ ਕਾਇਮ ਕੀਤੇ, ਧਾਰਮਿਕ ਖੇਤਰ ਵਿਚ ਬਹੁਦੇਵਵਾਦ, ਅਵਤਾਰਵਾਦ, ਕਰਮ-ਸਿਧਾਂਤ, ਮੁਕਤੀ ਵਰਗੇ ਸੰਕਲਪ ਕਾਇਮ ਕੀਤੇ ਅਤੇ ਸਭ ਕੁਝ ਦੀ ਸਥਾਪਨਾ ਲਈ, ਮੰਦਰ, ਮੂਰਤੀਆਂ, ਤੀਰਥ, ਧਾਰਮਿਕ ਰਹੁ-ਰੀਤਾਂ ਅਤੇ ਰਸਮਾਂ ਰਿਵਾਜਾਂ ਦਾ ਇਤਨਾ ਵਿਆਪਕ ਪ੍ਰਪੰਚ ਰਚਿਆ ਕਿ ਭਾਰਤ ਦੇ ਆਮ ਆਰੀਆ-ਅਨਾਰੀਆ ਲੋਕ, ਇਸ ਸਭ ਕੁਝ ਨੂੰ ਦੈਵੀ, ਅਨਾਦਿ ਅਨੰਦ ਸਮਝਣ ਲੱਗ ਪਏ। ਇਹ ਸਾਰਾ ਵਿਚਾਰਧਾਰਾਈ ਚ ਇਤਨਾ ਬਲਵਾਨ ਸਿੱਧ ਹੋਇਆ ਕਿ ਅਨਾਰੀਆ ਸਭਿਆਚਾਰ ਦੇ ਅਨਾਰਾਈ ਵੀ ਆਰੀਆ ਸਮਾਜ ਦਾ ਸਜੀਵ ਅੰਗ ਹੋ ਨਿਬੜੇ। ਜੈਨ ਧਰਮ, ਜਾਂ ਬੁੱਧ ਧਰਮ ਦੇ ਰੂਪ ਵਿਚ ਇਸ ਸਭਿਆਚਾਰ ਦੇ ਵਿਰੁੱਧ ਅੰਦੋਲਨ ਵੀ ਖੜੇ ਹੋਏ ਪਰ ਸਮਾਂ ਪਾ ਕੇ ਉਹ ਵੀ ਆਰੀਆਂ ਸਭਿਆਚਾਰ ਦੀਆ ਮੂਲ ਇਕਾਈਆਂ ਦੇ ਅੰਦਰ ਹੀ ਸਮਾਂ ਗਏ। ਮੁਸਲਮਾਨਾਂ ਦੀ ਆਮਦ ਤੋਂ ਪਹਿਲਾਂ ਪੰਜਾਬ ਵਿਚ ਹੋਰ ਜਿੰਨੀਆਂ ਵੀ

ਨਸਲਾਂ ਤੋਂ ਲੋਕ ਆਏ, ਉਹ ਜਾਂ ਤਾਂ ਲੁੱਟ-ਮਾਰ ਕਰਕੇ ਵਾਪਸ ਮੁੜ ਜਾਂਦੇ ਰਹੇ ਜਾਂ ਫਿਰ ਆਰੀਆ ਸਭਿਆਚਾਰ ਦਾ ਹੀ ਇਕ ਭਾਵ ਬਣ ਕੇ ਪੰਜਾਬ ਵਿਚ ਵਸ ਗਏ।

ਇਸ ਸਭਿਆਚਾਰ ਅਧੀਨ ਪੰਜਾਬ ਦਾ ਨਿਰਸੰਦੇਹ ਬਹੁ-ਪਰਤੀ ਵਿਕਾਸ ਹੋਇਆ। ਇਸ ਵਿਚ ਅਨਾਰੀਆਂ ਲੋਕਾਂ ਨੇ ਵੀ ਆਪਣੇ ਆਪਣੇ ਵਿਤ ਅਨੁਸਾਰ ਹਿੱਸਾ ਪਾਇਆ। ਪਦਾਰਥਕ ਸਭਿਆਚਾਰ ਦੇ ਖੇਤਰ ਵਿਚ ਖੇਤੀ-ਬਾੜੀ ਦੀ ਉੱਨਤੀ ਦੇ ਨਾਲ ਨਾਲ ਦਸਤਕਾਰੀ ਅਤੇ ਵਣਜ-ਵਪਾਰ ਵਿਚ ਵੀ ਬੇ-ਮਿਸਾਲ ਤਰੱਕੀ ਹੋਈ। ਵਿਚਾਰਧਾਰਾਈ ਖੇਤਰ ਵਿਚ ਧਰਮ, ਦਰਸ਼ਨ ਅਤੇ ਵਿਗਿਆਨ ਪ੍ਰਾਕਿਰਤਕ ਅਤੇ ਸਮਾਜਕ) ਨਵੇਂ ਨਵੇਂ ਸਿਧਾਂਤਾਂ ਨੇ ਜਨਮ ਲਿਆ ਜਿਨ੍ਹਾਂ ਦੇ ਪਾਸਾਰ ਲਈ ਤਕਸ਼ਿਲਾ ਵਰਗੇ ਵਿਸ਼ਵ-ਵਿਦਿਆਲੇ ਇਸੇ ਧਰਤੀ ਉੱਤੇ ਉਸਰੇ। ਪਰ ਇਹ ਸਭ ਕੁਝ ਸਮਾਜਕ ਸੰਗਠਨ ਦੀ ਜਾਤ-ਪਾਤੀ ਪ੍ਰਣਾਲੀ ਦੇ ਅੰਦਰ ਰਹਿ ਕੇ ਹੀ ਪਵਾਨਿਤ ਸੀ। ਜਿਸ ਕਿਸੇ ਨੇ ਵੀ ਇਸ ਦਾ ਵਿਰੋਧ ਕੀਤਾ, ਉਹ ਹਿੰਦੂ ਸਮਾਜ ਦਾ ਹਿੱਸਾ ਹੀ ਨਾ ਰਿਹਾ ਮਰ-ਮੁੱਕ ਗਿਆ ਤੇ ਫਿਰ ਦੇਸ਼-ਬਦਰ ਹੋ ਗਿਆ। ਮੱਧ ਕਾਲ :

ਪ੍ਰਾਚੀਨ ਯੁੱਗ ਵਿਚ ਆਰੀਆ ਨੂੰ ਨਾ ਕੇਵਲ ਭਾਰਤ ਦੇ ਆਦਿਵਾਸੀਆਂ ਦੇ ਕਬੀਲਾ-ਸਭਿਆਚਾਰ ਨਾਲ ਹੀ ਟੱਕਰ ਲੈਣੀ ਪਈ ਸੀ ਸਗੋਂ ਸਮੇਂ ਦੇ ਬੀਤਣ ਨਾਲ ਉਨ੍ਹਾਂ ਨੂੰ ਆਪਣੇ ਪੁਰਾਣੇ ਕਬੀਲ-ਸਭਿਆਚਾਰ ਦਾ ਵੀ ਵਿਰੋਧ ਕਰਨਾ ਪਿਆ ਸੀ। ਇਸ ਵਿਰੋਧ ਵਿਚ ਆਰੀਆਂ ਦੇ ਨਵੇਂ ਸਭਿਆਚਾਰ ਦੀ ਜਿੱਤ ਹੋਈ ਜਿਸ ਦੇ ਕੁਝ ਬੁਨਿਆਦੀ ਅੰਸ਼ਾਂ ਦਾ ਉੱਲੇਖ ਅਸੀਂ ਪਿਛੇ ਕਰ ਚੁੱਕੇ ਹਾਂ। ਪੰਜਾਬ ਵਿਚ ਆਰੀਆਂ ਦੁਆਰਾ ਸਥਾਪਤ ਇਹ ਬਾਹਮਣੀ ਜਾਂ ਹਿੰਦੂ ਸਭਿਆਚਾਰ ਕਈ ਪੜਾਵਾਂ ਵਿਚੋਂ ਦੀ ਲੰਘਦਾ ਹੋਇਆ ਮੱਧ-ਕਾਲ ਵਿਚ ਮੋਟੇ ਤੌਰ ਉਤੇ ਭੂਪਵਾਦੀ ਸਭਿਆਚਾਰ ਦੇ ਤੌਰ ਤੇ ਸਥਾਪਤ ਹੋ ਗਿਆ ਸੀ, ਭਾਵੇਂ ਪੰਜਾਬ ਦੇ ਸੀਮਾਵਰਤੀ ਇਲਾਕਿਆਂ ਵਿਚ ਕਬੀਲਾ-ਸਭਿਆਚਾਰ ਦੇ ਅਵਸ਼ੇਸ਼ ਅੱਜ ਤੱਕ ਵੀ ਵੇਖਣ ਨੂੰ ਮਿਲਦੇ ਹਨ। ਇਸ ਤੋਂ ਇਲਾਵਾ ਇਸ ਸਭਿਆਚਾਰ ਨੇ ਕਬੀਲਾ-ਸਭਿਆਚਾਰ ਦੀਆਂ ਬੁਨਿਆਦੀ ਸੰਸਥਾਵਾਂ ਨੂੰ ਹੀ ਜਾਤਪਾਤ ਪੇਂਡੂ ਸਮੁਦਾਇ ਅਤੇ ਬਹੁਦੇਵਵਾਦ ਦੇ ਵਿਰੋਧੀ ਰੂਪਾਂ ਵਿਚ ਬਦਲ ਕੇ ਪੰਜਾਬੀ ਸਮਾਜ ਨੂੰ ਪੂਰਵ-ਸ਼੍ਰੇਣੀ ਸਮਾਜ ਤੋਂ ਸ਼ੇਣੀ-ਸਮਾਜ ਦੇ ਪੜਾਅ ਉੱਤੇ ਪਹੁੰਚਾ ਦਿੱਤਾ ਸੀ। ਸਮਾਜਕ ਵਿਕਾਸ ਦੇ ਨਿਯਮਾਂ ਅਨੁਸਾਰ ਇਹ ਵਿਕਾਸ ਹੀ ਸੀ, ਪਰ ਇਸ ਵਿਕਾਸ ਦੀਆਂ ਸੀਮਾਵਾਂ ਪੁਰਾਣੇ ਕਬੀਲਾ ਸਭਿਆਚਾਰ ਦੇ ਅੰਸ਼ਾਂ ਨਿਰਧਾਰਿਤ ਕੀਤੀਆਂ ਹੋਈਆਂ ਸਨ ਜਿਸ ਦੇ ਸਿੱਟੇ ਵਜੋਂ ਪੰਜਾਬ ਦਾ ਵਿਕਾਸ ਆਪਣੀ ਨੂੰ ਅਖਤਿਆਰ ਨਹੀਂ ਕਰ ਸਕਿਆ।

ਮੱਧ ਕਾਲ ਵਿਚ ਆਰੀਆ ਸੰਸਕ੍ਰਿਤੀ ਨੂੰ ਇਸਲਾਮੀ ਸੰਸਕ੍ਰਿਤੀ ਦਾ ਸਾਹਮਣਾ ਕਰਨਾ ਪਿਆ। ਪੰਜਾਬ ਉੱਤੇ ਮੁਸਲਮਾਨਾਂ ਦੇ ਹਮਲੇ ਸੱਤਵੀਂ ਸਦੀ ਵਿਚ ਸ਼ੁਰੂ ਹੋ ਗਏ ਸਨ ਅਤੇ ਤੇਰਵੀਂ ਸਦੀ ਤੱਕ ਪੰਜਾਬ ਵਿਚ ਹਿੰਦੂ ਪਵਾਦ ਦੀ ਥਾਂ ਇਸਲਾਮੀ ਸਾਮੰਤਵਾਦ ਸਥਾਪਿਤ ਹੋ ਗਿਆ ਸੀ। ਇਸਲਾਮੀ ਸਭਿਆਚਾਰ ਆਰਿਆਈ ਸਭਿਆਚਾਰ ਨਾਲੋਂ ਭਿੰਨ ਸੀ ਅਤੇ ਵਿਰੋਧੀ ਵੀ। ਇਸ ਸਭਿਆਚਾਰ ਦੀ ਸਥਾਪਤੀ ਲਈ ਸਿਆਸੀ ਤਾਕਤ ਦੀ ਵੀ ਨਿਰਦੈਤਾ ਦੀ ਹੱਦ ਤਕ ਵਰਤੋਂ ਕੀਤੀ ਗਈ। ਪਰ ਇਹ ਸਭਿਆਚਾਰ ਰਾਜਨੀਤਕ ਸੱਤਾ ਹਥਿਆਉਣ ਤਕ ਹੀ ਮਹਿਦਦ ਹੋ ਕੇ ਰਹਿ ਗਿਆ ਅਤੇ ਆਮ ਲੋਕ ਪੇਂਡੂ ਸਮੁਦਾਵਾਂ ਵਿਚ ਜਾਤ-ਪਾਤ ਪ੍ਰਣਾਲੀ ਦੇ ਨਿਯਮਾਂ ਅਨੁਸਾਰ ਜਥੇਬੰਦ ਹੋ ਕੇ ਆਪਦਾ ਜਨਗੁਜਾਰਾ ਕਰਦੇ ਰਹੇ। ਧਾਰਮਕ ਖੇਤਰ ਵਿਚ ਬਹੁਦੇਵਵਾਦ ਅਤੇ ਅਵਤਾਰਵਾਦ ਦੇ ਨਾਲ ਨਾਲ ਵਹਿਦਾਨੀਅਤ (ਬ ਚ ਉਭਰਿਆ; ਮੰਦਰਾਂ ਅਤੇ ਮੱਠਾਂ ਦੇ ਨਾਲ ਨਾਲ ਮਸਜਿਦਾਂ ਉਸਰੀਆਂ, ਵੇਦਾਂ ਦੇ ਨਾਲ ਕਤੇਬਾਂ ਪੁਜੀਆਂ ਜਾਣ ਲੱਗੀਆਂ; ਵਰਤਾਂ ਦੇ ਮੁਕਾਬਲੇ ਰੋਜ਼ੇ ਰੱਖੇ ਜਾਣ ਲਗੇ, ਈਦ, ਬਕਰੀਦ, ਮੁਹੱਰਮ ਆਦਿ ਦੇ ਨਵੇਂ ਦਿਨ ਮਨਾਏ ਜਾਣ ਲੱਗੇ, ਨਮਾਜ਼ਾਂ ਪੜੀਆਂ ਜਾਣ ਲੱਗੀਆਂ, ਕਬਰਾਂ ਪੂਜੀਆਂ ਜਾਣ ਲੱਗੀਆਂ, ਹੱਜ ਕੀਤੇ ਜਾਣ ਲੱਗੇ। ਸਮਾਜਕ ਖੇਤਰ ਵਿਚ ਜਾਤ-ਪਾਤ ਦੀ ਪ੍ਰਣਾਲੀ ਹਿੰਦੂਆਂ ਵਿਚ ਹੋਰ ਪੀਡੀ ਹੋ ਗਈ ਜਦ ਕਿ ਮੁਸਲਮਾਨਾਂ ਵਿਚ ਇਸ ਪ੍ਰਣਾਲੀ ਦੇ ਨਿਯਮਾਂ ਲਈ ਸਿਧਾਂਤਕ ਤੌਰ ਤੇ ਕੋਈ ਥਾਂ ਨਹੀਂ ਸੀ ਪਰ ਵਿਹਾਰਕ ਤੌਰ 'ਤੇ ਹਿੰਦੂਆਂ ਤੋਂ ਮੁਸਲਮਾਨ ਬਣੇ ਲੋਕ ਇਸ ਪ੍ਰਣਾਲੀ ਦੇ ਬਹੁਤੇ ਨਿਯਮਾਂ ਦੀ ਪਾਲਣਾ ਕਰਦੇ ਰਹੇ ਜਿਸ ਦਾ ਇਸਲਾਮੀ ਧਾਰਮਿਕ ਮੁਲਵਾਦ ਨੇ ਕੋਈ ਵਿਰੋਧ ਵੀ ਨਾ ਕੀਤਾ। ਪਰਿਵਾਰ ਅਤੇ ਵਿਆਹ-ਪਣਾਲੀ ਵਿਚ ਵੀ ਵਿਰੋਧੀ ਰਸਮ-ਰਿਵਾਜਾਂ ਅਤੇ ਰਹੁ-ਰੀਤਾਂ ਦਾ ਪਾਲਣ ਕੀਤਾ ਜਾਣ ਲੱਗਿਆ। ਸੰਖੇਪ ਵਿਚ ਸਭਿਆਚਾਰ ਦੇ ਉਸਾਰ ਵਿਚ ਤਾਂ ਦੋ ਵਿਰੋਧੀ ਪ੍ਰਣਾਲੀਆ ਦਾ ਚੱਲਣ ਹੋ ਗਿਆ ਪਰ ਆਧਾਰ ਉਹੀ ਪੁਰਾਣਾ ਸਾਮੰਤਵਾਦੀ ਰਿਹਾ। ਇਉਂ ਇਕੋ ਖਿੱਤੇ ਦੇ ਵਸਨੀਕ ਸਭਿਆਚਾਰ ਦੇ ਪਦਾਰਥਕ ਖੇਤਰ ਵਿਚ ਤਾਂ ਖੇਤੀ-ਬਾੜੀ ਆਧਾਰਤ ਪਰੰਪਰਾਗਤ ਅਸਾਂਵੇ ਰਿਸ਼ਤਿਆਂ ਵਿਚ ਹੀ ਬੱਝੇ ਰਹੇ ਪਰ ਸਮਾਜਕ ਅਤੇ ਮਾਨਸਿਕ ਸਭਿਆਚਾਰ ਦੇ ਖੇਤਰਾਂ ਵਿਚ ਨਵੀਆਂ ਸੰਸਥਾਵਾਂ ਅਤੇ ਵਿਚਾਰਧਾਰਾਂ ਦਾ ਪ੍ਰਚੱਲਣ ਵੀ ਸ਼ੁਰੂ ਹੋ ਗਿਆ।

. ਪੰਜਾਬ ਦੇ ਮੱਧ-ਕਾਲੀ ਸਭਿਆਚਾਰ ਦੀਆਂ ਉਕਤ ਵਿਰੋਧੀ ਧਾਰਾਵਾਂ ਦੇ ਸਮਵਿੱਥ ਸਾਂਝੀ ਪੰਜਾਬੀ ਸੰਸਕ੍ਰਿਤੀ ਦੀ ਧਾਰਾ ਦੇ ਵਿਕਾਸ ਦਾ ਵੀ ਯਤਨ ਕੀਤਾ ਗਿਆ। ਇਸ ਸਮੇਂ ਦੌਰਾਨ ਪੰਜਾਬ ਵਿਚ ਅਜੇਹੀਆਂ ਦੋ ਲਹਿਰਾਂ ਉਠੀਆਂ ਜਿਨ੍ਹਾਂ ਨੇ ਪੰਜਾਬ ਦੇ ਹਿੰਦੂਆਂ ਅਤੇ ਮੁਸਲਮਾਨਾਂ ਨੂੰ ਇਕ ਸੰਸਕ੍ਰਿਤਕ ਭਾਈਚਾਰੇ ਵਿਚ ਪ੍ਰੋਣ ਦਾ ਯਤਨ ਕੀਤਾ। ਆਪਣੇ ਇਸ ਯਤਨ ਵਿਚ ਇਹ ਲਹਿਰਾਂ ਕਿਸੇ ਹੱਦ ਤਕ ਕਾਮਯਾਬ ਵੀ ਹੋਈਆਂ। ਇਨ੍ਹਾਂ ਲਹਿਰਾਂ ਦਾ ਪ੍ਰਭਾਵ ਹਿੰਦੂਆਂ ਅਤੇ ਮੁਸਲਮਾਨਾਂ ਦੇ ਉਚ-ਵਰਗਾਂ ਉਤੇ ਤਾਂ ਘੱਟ ਹੀ ਪਿਆ ਪਰ ਕਿਸਾਨਾਂ, ਕਾਰੀਗਰਾਂ, ਕਾਮਿਆਂ ਅਤੇ ਵਪਾਰੀਆਂ ਨੂੰ ਪੰਜਾਬੀ ਬਨਾਉਣ ਵਿਚ ਇਨ੍ਹਾਂ ਲਹਿਰਾਂ ਨੇ ਮਹੱਤਵਪੂਰਨ ਹਿੱਸਾ ਪਾਇਆ। ਅਤੇ ਪਰ ਇਨ੍ਹਾਂ ਵਿਚੋਂ ਪਹਿਲੀ ਮੁਸਲਮਾਨਾਂ ਵਿਚ ਉੱਠੀ ਸੂਫੀਅਤ ਦੀ ਲਹਿਰ ਸੀ ਜਿਸ ਨੇ 'ਸ਼ਰ੍ਹਾਂ ਦੀ ਕੱਟੜਤਾ ਦੇ ਵਿਰੁੱਧ ਇਕ ਕਿਰਪਾਲੂ ਰੱਬ ਦਾ ਸੰਕਲਪ ਪੇਸ਼ ਕੀਤਾ ਅਤੇ ਇਸ ਦੀ ਪ੍ਰਾਪਤੀ ਲਈ ਇਸ਼ਕ ਅਤੇ ਸਦਾਚਾਰ ਦਾ ਮਾਰਗ ਅਪਨਾਉਣ ਉੱਤੇ ਜ਼ੋਰ ਦਿੱਤਾ। ਸੂਫ਼ੀਮਤ ਦੇ ਪੈਰੋਕਾਰ ਧਰਮ, ਜਾਤੀ, ਨਸਲ ਜਾਂ ਵਰਗ ਦੇ ਆਧਾਰ 'ਤੇ ਪਈਆਂ ਵੰਡੀਆਂ ਦੇ ਵਿਰੁੱਧ ਸਨ। ਉਹ ਇਕ ਰੱਬ ਅਤੇ ਮਨੁੱਖੀ ਭਾਈਚਾਰੇ ਵਿਚ ਯਕੀਨ ਰੱਖਣ ਵਾਲੇ ਲੋਕ ਸਨ ਅਤੇ ਹਰੇਕ ਮਨੁੱਖ ਨੂੰ ਰੱਬ ਦੀ ਪ੍ਰਾਪਤੀ ਲਈ ਆਪਣੇ ਆਪਣੇ ਪੂਜਾ-ਢੰਗ ਵਰਤਣ ਦਾ ਬਰਾਬਰ ਦਾ

ਅਧਿਕਾਰ ਦਿੰਦੇ ਸਨ। ਉਨ੍ਹਾਂ ਦੇ ਪ੍ਰਭਾਵ ਸਦਕਾ ਸਾਧਾਰਨ ਹਿੰਦੂਆਂ-ਮੁਸਲਮਾਨਾਂ ਵਿਚ ਸੰਪਰਦਾਇਕ ਵੈਰ-ਵਿਰੋਧ ਚੋਖੀ ਹੱਦ ਤਕ ਘੱਟ ਗਿਆ। ਆਮ ਲੋਕ ਪੀਰਾਂ-ਫਕੀਰਾਂ ਅਤੇ ਸਾਧਾਂ-ਸੰਤਾਂ ਵਿਚ ਸਿੱਧੀ ਆਸਥਾ ਰੱਖਣ ਵਾਲੇ ਧਰਮ ਦੇ ਅਨੁਯਾਈ ਹੋ ਨਿੱਬੜੇ। ਆਪਣੇ-ਆਪਣੇ ਰੀਤੀ ਰਿਵਾਜਾਂ ਦੀ ਪਾਲਣਾ ਕਰਦੇ ਹੋਏ ਲੋਕ ਸਾਂਝੀਆਂ ਸਭਿਆਚਾਰਕ ਰਹੁ-ਰੀਤਾਂ ਵੀ ਅਪਨਾਉਣ ਲੱਗੇ ਅਤੇ ਨਾਲੋ-ਨਾਲ ਦੋਹਾਂ ਧਰਮਾਂ ਦੇ ਸਭਿਆਚਾਰ ਸਮਾਗਮਾਂ ਵਿਚ ਸ਼ਾਮਿਲ ਹੋਣ ਲੱਗ ਪਏ। ਪੰਜਾਬ ਦੀ ਸਾਂਝੀ ਭਾਸ਼ਾ ਪੰਜਾਬੀ ਅਤੇ ਪੰਜਾਬੀ ਸਾਹਿਤ ਦੇ ਵਿਕਾਸ ਵਿਚ ਵੀ ਸੂਫ਼ੀਆਂ ਨੇ ਚੋਖਾ ਹਿੱਸਾ ਪਾਇਆ। ਆਪਣੇ ਧਰਮ ਸਿਧਾਂਤਾਂ ਦੇ ਪ੍ਰਚਾਰ ਲਈ ਉਨ੍ਹਾਂ ਨੇ ਪੰਜਾਬੀ ਲੋਕ-ਸਭਿਆਚਾਰ ਦੀਆਂ ਪਰੰਪਰਾਵਾਂ ਨੂੰ ਅਪਣਾਇਆ। ਆਮ ਹਿੰਦੂਆਂ ਵਿਚੋਂ ਜਾਤੀਗਤ ਭੱਟੜਤਾ ਦੀ ਭਾਵਨਾ ਚੋਖੀ ਹੱਦ ਤਕ ਢਿੱਲੀ ਪੈ ਗਈ ਅਤੇ ਬਹੁਤੇ ਹਿੰਦੂਆਂ ਨੇ ਤਾਂ ਇਸਲਾਮ ਧਰਮ ਵੀ ਕਬੂਲ ਕਰ ਲਿਆ। ਸੂਫ਼ੀਆਂ ਦੇ ਡੇਰੇ, ਉਰਸ ਅਤੇ ਗੁਰੂ, ਹਿੰਦੂ-ਮੁਸਲਮਾਨ ਦੋਹਾਂ ਧਰਮਾਂ ਦੇ ਲੋਕਾਂ ਲਈ ਸ਼ਰਧਾ ਦੇ ਪਾਤਰ ਬਣ ਗਏ ਅਤੇ ਸੂਫੀਆਂ ਦੇ ਮਜ਼ਾਰਾਂ ਉੱਤੇ ਵੀ ਸੁੱਖਾਂ-ਸੁੱਖੀਆਂ ਤੇ ਨਿਆਜ਼ਾਂ ਚੜ੍ਹਾਈਆਂ ਜਾਣ ਲੱਗੀਆਂ। 'ਕਾਫ਼ਰ' ਅਤੇ 'ਮਲੇਛ ਸ਼ਬਦਾਂ ਵਿਚਲੀ ਕੁੜੱਤਣ ਵੀ ਚੋਖੀ ਹੱਦ ਤਕ ਘਟ ਗਈ।

ਇਸ ਪ੍ਰਕਾਰ ਮੁਸਲਮਾਨਾਂ ਦੇ ਪ੍ਰਭਾਵ ਸਦਕਾ ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਨੇ ਨੀਵੇਂ ਤਬਕਿਆਂ ਦੇ ਲੋਕਾਂ ਵਿਚ ਸਾਂਝੀ ਪੰਜਾਬੀ ਸੰਸਕ੍ਰਿਤੀ ਦੇ ਕੁਝ ਅਜੇਹੇ ਅੰਸ਼ ਘਰ ਕਰ ਗਏ ਜਿਹੜੇ ਮੌਲਵੀਆਂ ਅਤੇ ਬ੍ਰਾਹਮਣਾਂ ਦੇ ਵਿਚਾਰਾਂ, ਰਸਮਾਂ-ਰਿਵਾਜਾਂ ਅਤੇ ਰਹੁ-ਰੀਤਾਂ ਨਾਲੋਂ ਵੱਖਰੇ ਸਨ। ਪਰ ਇਹ ਵੀ ਸਾਂਝੀ ਪੰਜਾਬੀ ਸੰਸਕ੍ਰਿਤੀ ਦਾ ਜਥੇਬੰਦਕ ਰੂਪ ਨਾ, ਉਸਾਰ ਸਕੇ ਅਤੇ ਲੋਕਾਂ ਵਿਚ ਸਾਮੰਤਵਾਦ ਵਿਰੋਧੀ ਰਾਜਨੀਤਕ ਵਰਗ-ਚੇਤਨਾ ਵੀ ਪੈਦਾ ਨਾ ਕਰ ਸਕੇ। ਤਾਂ ਵੀ ਧਾਰਮਕ ਰਵਾਦਾਰੀ, ਸਮਾਜਕ ਬਰਾਬਰੀ, ਵਿਅਕਤੀਗਤ ਸਦਾਚਾਰ ਆਦਿ ਦੇ ਪਸਾਰ ਵਿਚ ਇਸ ਲਹਿਰ ਨੇ ਵਰਣਨਯੋਗ ਹਿੱਸਾ ਪਾਇਆ।

ਇਸ ਕਾਲ ਦੀ ਦੂਸਰੀ ਸਾਂਝੀ ਪੰਜਾਬੀ ਸੰਸਕ੍ਰਿਤੀ ਦੀ ਲਹਿਰ ਸਿੱਖ ਧਰਮ ਦੇ ਰੂਪ ਵਿਚ ਉਭਰੀ। ਇਹ ਹਿਰ ਕਈ ਗੱਲਾਂ ਵਿਚ ਸੂਫ਼ੀਆਂ ਨਾਲ ਮਿਲਦੀ-ਜੁਲਦੀ ਹੋਈ ਵੀ ਆਪਣੇ ਉਦੇਸ਼ ਅਤੇ ਕਾਰਜ-ਵਿਧੀ ਵਿਚ ਵਧੇਰੇ ਵਿਆਪਕ ਅਤੇ ਪ੍ਰਗਤੀਸ਼ੀਲ ਸੀ। ਹਿੰਦਮੁਸਲਿਮ-ਵਿਰੋਧ ਦੀ ਸਮੱਸਿਆ ਪ੍ਰਤੀ ਸੂਫ਼ੀਆਂ ਦੀ ਪਹੁੰਚ ਨਿੱਜਵਾਦੀ ਸੀ। ਉਨ੍ਹਾਂ ਅੱਗੇ ਸਮਾਜਕ-ਆਰਥਕ ਪ੍ਰਬੰਧ ਵਿਚ ਬੁਨਿਆਦੀ ਤਬਦੀਲੀ ਦਾ ਉਦੇਸ਼ ਨਹੀਂ ਸੀ ਅਤੇ ਉਨ੍ਹਾਂ ਦੀ ਲੜਾਈ ਸਾਮੰਤਵਾਦੀ ਵਿਵਸਥਾ ਦੇ ਆਰਥਿਕ-ਰਾਜਨੀਤਕ ਮੁਹਾਜ਼ ਉੱਤੇ ਨਹੀਂ ਸੀ। ਉਹ ਤਾਂ ਇਸਲਾਮੀ ਜਾਂ ਹਿੰਦੂ ਸੰਸਕ੍ਰਿਤੀ ਦੇ ਉਸਾਰ-ਪੱਖ ਵਿਚ ਮੌਜੂਦ ਕੱਟੜਤਾ ਦੇ ਵਿਰੋਧੀ ਸਨ ਅਤੇ ਲੋਕਾਂ ਨੂੰ ਸਥਾਪਤ ਸਮਾਜਕ-ਆਰਥਕ ਵਿਵਸਥਾ ਦੇ ਅੰਦਰਅੰਦਰ ਮਿਲਜੁਲ ਕੇ ਰਹਿਣ ਦੀ ਸਿੱਖਿਆ ਦਿੰਦੇ ਸਨ। ਪਰ ਸਿੱਖ ਲਹਿਰ ਹਿੰਦੂ ਅਤੇ ਇਸਲਾਮੀ ਸੰਸਕ੍ਰਿਤੀ ਦੇ ਆਧਾਰ ਅਤੇ ਉਸਾਰ ਦੋਹਾਂ ਦੀ ਹੀ ਵਿਰੋਧੀ ਸਿੱਧ ਹੋਈ। ਇਸ ਲਹਿਰ ਨੇ ਸਾਮੰਤਵਾਦੀ ਸਭਿਆਚਾਰ ਦੇ ਖ਼ਿਲਾਫ਼ ਕਿਸਾਨਾਂ, ਕਾਰੀਵਾਰਾਂ, ਕਾਮਿਆਂ ਅਤੇ ਵਪਾਰੀਆਂ ਦੇ ਹਿਤਾਂ ਵਾਲੇ ਸਭਿਆਚਾਰ ਦਾ ਪੈਂਤੜਾ ਅਪਣਾਇਆ। ਆਪਣੇ ਉਦੇਸ਼ਾਂ ਦੀ ਪੂਰਤੀ ਲਈ ਇਸ ਲਹਿਰ ਨੇ ਲਗਾਤਾਰ ਕੋਈ ਦੋ ਸੌ ਵਰੇ , ਘੋਲ ਕੀਤਾ ਜਿਸ ਦੇ ਸਿੱਟੇ ਵਜੋਂ 'ਖਾਲਸੇ ਦੀ ਸਿਰਜਨਾ ਹੋਈ। ਇਸ ਲਹਿਰ ਨੇ ਲੰਗਰ, ਸੰਗਤ, ਪੰਗਤ, ਕੀਰਤਨ, ਗੁਰਮਤ, ਗੁਰਮਤਾ, ਹੁਕਮਨਾਮਾ, ਬਾਣੀ, ਬਾਣਾ, ਰਹਿਤ-ਮਰਿਆਦਾ, ਅਖੰਡ ਪਾਠ, ਅੰਮ੍ਰਿਤ ਆਦਿ ਦੇ ਕੁਝ ਅਜਿਹੇ ਰਿਵਾਜ ਪ੍ਰਚੱਲਿਤ ਕੀਤੇ ਜਿਹੜੇ ਮੌਲਵੀਆਂ ਅਤੇ ਬਾਹਮਣਾਂ ਦੀ ਪਰਸਪਰ ਵਿਰੋਧੀ ਪਰ ਸਾਮੰਤਵਾਦ ਪੱਖੀ ਸੰਸਕ੍ਰਿਤੀ ਨੂੰ ਮੂਲੋਂ ਹੀ ਵੰਗਾਰਨ ਵਾਲੇ ਸਨ। ਇਨ੍ਹਾਂ ਅਤੇ ਇਨ੍ਹਾਂ ਵਰਗੇ ਕਈ ਹੋਰ ਸਭਿਆਚਾਰ ਰਿਵਾਜਾਂ ਨੇ ਆਮ ਲੋਕਾਂ ਨੂੰ ਧਾਰਮਕ ਜਥੇਬੰਦੀ ਦੇ ਰੂਪ ਵਿਚ ਵਰਗ-ਚੇਤਨਾ ਪ੍ਰਦਾਨ ਕੀਤੀ। ਇਸ ਪ੍ਰਕਾਰ ਸਿੱਖ ਲਹਿਰ ਨੇ ਪੰਜਾਬ ਵਿਚ ਜਿਸ ਭਾਂਤ ਦੇ ਸਾਝੇ ਪੰਜਾਬੀ ਸਭਿਆਚਾਰ ਦੀ ਉਸਾਰੀ ਕੀਤੀ, ਉਹ ਜਾਤਾਂ, ਗੋਤਾਂ, ਨਸਲਾਂ, ਧਰਮਾਂ, ਫਿਰਕਿਆਂ ਅਤੇ ਸਿਲਸਲਿਆਂ ਦੇ ਆਧਾਰ 'ਤੇ ਪਏ ਵਿਤਕਰਿਆਂ ਨੂੰ ਤਾਂ ਕੱਟਦੀ ਹੀ ਸੀ ਉਸ ਨੇ ਇਨ੍ਹਾਂ ਹੀ ਆਧਾਰਾਂ 'ਤੇ ਉਸਾਰੀ ਸਾਂਝ ਦੀ ਕਾਣ ਨੂੰ ਵੀ ਨੰਗਾਂ ਕੀਤਾ। ਸਿੱਖ ਗੁਰੂ ਸਾਹਿਬਾਨ ਨੂੰ ਸੋਝੀ ਸੀ ਕਿ ਧਰਮ ਜਾਂ ਜਾਤ-ਪਾਤ ਦੇ ਆਧਾਰ 'ਤੇ ਉਸਰੇ ਸਾਂਝੇ ਭਾਈਚਾਰੀਆਂ ਦੇ ਵੀ ਆਪਣੇ ਅੰਦਰਲੇ-ਵਿਰੋਧ ਹਨ। ਉਹ ਸਮਾਜ ਦੀ ਵੰਡ, ਹਾਕਮ ਅਤੇ ਮਹਿਕੂਮ ਧਿਰਾਂ ਵਿਚ ਕਰਦੇ ਸਨ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਨਹੀਂ। ਉਨ੍ਹਾਂ ਦਾ ਵਿਚਾਰ ਸੀ ਕਿ ਮੁਸਲਮਾਨ ਹਾਕਮ ਵਰਗ ਇਸਲਾਮ ਦੇ ਨਾਂ ਉੱਤੇ ਗੈਰ-ਮੁਸਲਮਾਨਾਂ ਦੀ ਲੁੱਟ-ਖੋਹ ਤਾਂ ਕਰਦਾ ਹੀ ਹੈ, ਉਹ ਆਪਣੇ ਹੀ ਧਰਮ-ਭਾਈਚਾਰੇ ਦੀ ਬਹੁ ਗਿਣਤੀ ਦਾ ਵੀ ਸੋਸ਼ਣ ਕਰਦਾ ਹੈ। ਮਿਸਾਲ ਵਜੋਂ ਉਨ੍ਹਾਂ ਅਨੁਸਾਰ ਹਿੰਦੂਆਂ ਦੀਆਂ ਅਧਿਕਾਰਸ਼ੀਲ ਜਾਤੀਆਂ-ਬਾਹਮਣ ਅਤੇ ਕਸ਼ੱਤਰੀ-ਮੁਸਲਮਾਨ ਸ਼ਾਸਕ ਵਰਗ ਦੀਆਂ ਗੁਲਾਮ, ਨਿਰਸੰਦੇਹ ਬਣੀਆਂ, ਪਰ ਉਨ੍ਹਾਂ ਨੇ ਆਪਣੇ ਹੀ ਧਰਮ ਦੀਆਂ ਨੀਵੀਆਂ ਜਾਤੀਆਂ ਨੂੰ ਪਹਿਲਾਂ ਨਾਲੋਂ ਵੀ ਵਧੇਰੇ ਕੱਟੜਤਾ ਨਾਲ ਆਪਣਾ ਗੁਲਾਮ ਬਣਾਈ ਰੱਖਣ ਦੀ ਕੋਸ਼ਿਸ਼ ਕੀਤੀ।

ਸਪਸ਼ਟ ਹੈ ਕਿ ਸਿੱਖ ਧਰਮ ਦੋਹਾਂ ਧਰਮਾਂ ਦੀਆਂ ਅਧਿਕਾਰਸ਼ੀਲ ਸ਼੍ਰੇਣੀਆਂ ਨੂੰ ਹੀ ਨਹੀਂ ਪੁੱਗਦਾ ਸੀ। ਸਿੱਖ ਲਹਿਰ ਰਾਹੀਂ ਉਸਰਿਆ ਸਭਿਆਚਾਰ ਅਸਲ ਵਿਚ ਪੰਜਾਬ ਦੇ ਮਿਹਨਤੀ ਲੋਕਾਂ ਦਾ ਸਾਂਝਾ ਸਭਿਆਚਾਰ ਸੀ ਅਤੇ ਇਹ ਸਭਿਆਚਾਰ ਸੋਸ਼ਕ-ਵਰਗਾਂ ਨਾਲ ਸੰਬੰਧਤ ਪੰਜਾਬੀ ਸਭਿਆਚਾਰ ਦਾ ਮੂਲੋਂ ਹੀ ਵਿਰੋਧੀ ਸੀ। , ਧਰਮ, ਧਾਂਤ, ਜਾਂ ਰਾਸ਼ਟਰ ਦੇ ਨਾਂ 'ਤੇ ਉਸਰੇ ਸਾਂਝੇ ਸਭਿਆਚਾਰ ਦੇ ਇਸ ਅੰਤਰ ਵਿਰੋਧ ਨੂੰ ਧਿਆਨ ਵਿਚ ਰੱਖਣਾ ਬਹੁਤ ਜਰੂਰੀ ਹੈ।

**ਆਧੁਨਿਕ ਕਾਲ**

ਪੰਜਾਬ ਵਿਚ ਆਧੁਨਿਕ ਸਭਿਆਚਾਰ ਦੇ ਪਾਸਾਰ ਦਾ ਆਰੰਭ ਪੰਜਾਬ ਉੱਤੇ ਬਰਤਾਨਵੀ ਸਾਮਰਾਜ ਦਾ 1849 ਈ. ਵਿਚ ਕਬਜਾ ਹੋ ਜਾਣ ਉਪਰੰਤ ਹੁੰਦਾ ਹੈ। ਆਰੀਆ ਅਤੇ ਮੁਸਲਮਾਨ ਜਿਨ੍ਹਾਂ ਨੇ ਪੰਜਾਬ ਉੱਤੇ ਹਜ਼ਾਰਾਂ ਵਰੇ ਹਕੂਮਤ ਕੀਤੀ, ਪੰਜਾਬ ਵਿਚ ਬਾਹਰੋਂ ਆਏ ਸਨ ਪਰ ਇਥੋਂ ਦੇ ਵਸਨੀਕ ਹੀ ਬਣ ਗਏ ਸਨ। ਉਨ੍ਹਾਂ ਨੇ ਪੰਜਾਬ ਵਿਚ ਜਿਸ ਪ੍ਰਕਾਰ ਦੇ ਸਭਿਆਚਾਰ ਦੀ ਉਸਾਰੀ ਕੀਤੀ ਉਹ

ਲੋਕ-ਵਿਰੋਧੀ ਤਾਂ ਸੀ, ਪੰਜਾਬ ਵਿਰੋਧੀ ਨਹੀਂ ਸੀ। ਪਰ ਬਰਤਾਨਵੀ ਹਾਕਮ ਸਹੀ ਅਰਥਾਂ ਵਿਚ ਸਾਮਰਾਜੀਏ ਸਨ। ਉਹ ਪੰਜਾਬ ਦੀ ਆਰਥਿਕ ਲੁੱਟ ਰਾਹੀਂ ਇੰਗਲੈਂਡ ਦਾ ਉਦਯੋਗਿਕ ਵਿਕਾਸ ਕਰਨਾ ਚਾਹੁੰਦੇ ਸਨ। ਇੱਛਾ ਦੀ ਪੂਰਤੀ ਲਈ ਉਨ੍ਹਾਂ ਨੇ ਪੰਜਾਬ ਦੇ ਆਰਥਕ ਸਭਿਆਚਾਰ ਵਿਚ ਜੋ ਵੀ ਤਬਦੀਲੀਆਂ ਕੀਤੀਆਂ, ਉਹ ਸਾਮਰਾਜੀ ਹਿਤਾਂ ਦੀ ਪੂਰਤੀ ਨੂੰ ਮੁਖ ਰੱਖ ਕੇ ਕੀਤੀਆਂ। ਪੰਜਾਬ ਵਿਚ ਸਿੰਜਾਈ, ਆਵਾਜਾਈ, ਸੰਚਾਰ ਅਤੇ ਖੇਤੀ-ਬਾੜੀ ਵਿਚ ਜੋ ਪਰਿਵਰਤਨ ਹੋਏ, ਉਹ ਪੰਜਾਬ ਨੂੰ ਸੰਸਾਰ ਮੰਡੀ ਦਾ ਇਕ ਹਿੱਸਾ ਬਣਾਉਣ ਵਿਚ ਸਹਾਇਕ ਸਿੱਧ ਹੋਏ। ਇਸ ਤੋਂ ਇਲਾਵਾ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਨੂੰ ਧਰਮ, ਭਾਸ਼ਾ ਅਤੇ ਜਾਤ-ਪਾਤ ਦੇ ਨਾਮ ਉੱਤੇ ਪਾੜੀ ਰੱਖਣ ਦੀ ਵੀ ਕੋਸ਼ਿਸ਼ ਕੀਤੀ। ਬਰਤਾਨਵੀ ਹਕੂਮਤ ਨੇ ਹੀ ਪੰਜਾਬ ਵਿਚ ਜ਼ਮੀਨ ਦੀ ਨਿੱਜੀ ਮਾਲਕੀ ਦੀ ਸੰਸਥਾ ਨੂੰ ਸਿਖਰ ਉੱਤੇ ਪਹੁੰਚਾਇਆ ਅਤੇ ਪੰਜਾਬ ਦੀ ਆਰਥਕ ਵਿਵਸਥਾ ਵਿਚ ਪੂੰਜੀਵਾਦੀ ਤੱਤਾਂ ਦਾ ਪ੍ਰਚੱਲਣ ਕੀਤਾ। ਪੰਜਾਬ ਦੇ ਹਿੰਦੂ, ਸਿੱਖ ਅਤੇ ਮੁਸਲਮਾਨ, ਅਧਿਕਾਰਸ਼ੀਲ ਵਰਗਾਂ ਨੂੰ ਅੰਗਰੇਜ਼ ਦੀ ਇਸ ਨੀਤੀ ਵਿਚ ਆਪਣੇ ਹਿਤਾਂ ਦੀ ਸੁਰੱਖਿਆ ਨਜ਼ਰ ਆਈ ਅਤੇ ਇਉਂ ਪੰਜਾਬ ਵਿਚ ਵੱਖਵਾਦੀ ਸਭਿਆਚਾਰਕ ਅੰਸ਼ਾਂ ਦਾ ਮੁੜ ਜ਼ੋਰ ਵਧਣ ਲੱਗਿਆ।

ਸਾਮਰਾਜੀ ਅਤੇ ਭੂਪਵਾਦੀ ਸਭਿਆਚਾਰ ਦੇ ਸਮਵਿੱਥ ਸਗੋਂ ਇਸ ਦੇ ਪ੍ਰਤਿਕਰਮ ਵਜੋਂ ਪੰਜਾਬ ਵਿਚ ਵੀ ਰਾਸ਼ਟਰੀ ਸਭਿਆਚਾਰ ਦਾ ਪਾਸਾਰ ਹੋਣ ਲੱਗਾ। ਇਸ ਸਭਿਆਚਾਰ ਦਾ ਆਧਾਰ ਭਾਰਤੀ ਕੌਮ ਦਾ ਸੰਕਲਪ ਸੀ ਜੋ ਸਾਮਰਾਜ-ਵਿਰੋਧੀ ਵੀ ਸੀ ਅਤੇ ਕਿਸੇ ਹੱਦ ਤਰ . ਸਾਮੰਤਵਾਦ ਵਿਰੋਧੀ ਵੀ। ਇਸ ਸਭਿਆਚਾਰ ਦਾ ਬੁਨਿਆਦੀ ਆਧਾਰ ਤਾਂ ਧਰਮ-ਨਿਰਪੱਖ ਜਮਹੂਰੀ ਸਮਾਜਕ ਢਾਂਚੇ ਦਾ ਸਿੱਧਾਂਤ ਹੀ ਸੀ ਪਰ ਰਾਸ਼ਟਰੀ ਲਹਿਰ ਦੇ ਆਪਣੇ ਸ਼ੇਣਿਕ ਅੰਤਰ-ਵਿਰੋਧਾਂ ਕਾਰਨ ਅਤੇ ਸਾਮਰਾਜੀ ਅਤੇ ਸਾਮੰਤਵਾਦੀ ਹਿਤਾਂ ਕਾਰਨ ਪੰਜਾਬ ਦਾ ਰਾਸ਼ਟਰੀ ਸਭਿਆਚਾਰ ਉਕਤ ਸਿੱਧਾਂਤ ਦਾ ਪੂਰੀ ਤਰ੍ਹਾਂ ਅਨੁਕਰਣ ਨਾ ਕਰ ਸਕਿਆ। ਤਾਂ ਵੀ ਪੰਜਾਬ ਦੀ ਰਾਸ਼ਟਰੀ ਲਹਿਰ ਨੇ ਕੁਝ ਅਜੇਹੇ ਸਭਿਆਚਾਰਕ ਰਿਵਾਜ ਚਾਲੂ ਕੀਤੇ ਜੋ ਸਾਂਝੀ ਪੰਜਾਬੀ ਸੰਸਕ੍ਰਿਤੀ ਦੀ ਅਗਲੇਰੀ ਉਸਾਰੀ ਵਿਚ ਸਹਾਇਕ ਸਿੱਧ ਹੋਏ। ਮਿਸਾਲ ਵਜੋਂ ਰਾਸ਼ਟਰੀ ਲਹਿਰ ਨੇ ਕੌਮੀ ਝੰਡੇ, ਕੌਮੀ ਗੀਤ ਅਤੇ ਕੌਮੀ ਸ਼ਹੀਦਾਂ ਦੀਆਂ ਯਾਦਗਾਰਾਂ ਕੌਮੀ ਸਭਿਆਚਾਰ ਦੇ ਪ੍ਰਤੀਕਾਂ ਵਜੋਂ ਸਿਰਜੀਆਂ। ਪੰਜਾਬ ਦੀ ਨਾਮਧਾਰੀ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਗਦਰ ਲਹਿਰ, ਪਰਜਾ ਮੰਡਲ ਲਹਿਰ, ਕਾਂਗਰਸ ਲਹਿਰ, ਨੌਜਵਾਨ ਭਾਰਤ ਸਭਾ ਅਤੇ ਕਿਰਤੀ ਕਿਸਾਨ ਲਹਿਰ ਨੇ ਧਰਮ-ਨਿਰਪੱਖ ਜਮਹੂਰੀ ਪੰਜਾਬੀ ਸੰਸਕ੍ਰਿਤੀ ਦੀ ਉਸਾਰੀ ਵਿਚ ਆਪਣੇ-ਆਪਣੇ ਵਿਤ ਅਤੇ ਹਿਤ ਮੁਤਾਬਕ ਹਿੱਸਾ ਪਾਇਆ। ਪਰ ਇਤਨਾ ਕੁਝ ਹੋਣ ਦੇ ਬਾਵਜੂਦ ਪੰਜਾਬ ਧਾਰਮਕਸੰਪਰਦਾਇਕ ਲੀਹਾਂ ਉੱਤੇ ਵੰਡਿਆ ਗਿਆ ਅਤੇ ਆਜ਼ਾਦ ਭਾਰਤ ਵਿਚ ਵੀ ਪੰਜਾਬ ਦੇ ਮਸਲੇ ਫਿਰਕੂ ਰੂਪ ਵਿਚ ਉਠਦੇ ਰਹੇ।

## ਪੰਜਾਬੀ ਸਭਿਆਚਾਰ ਦੀ ਭੂਗੋਲਿਕ ਰੂਪ-ਰੇਖਾ

ਇਸ ਵਿਚ ਤਿੰਨ ਗੱਲਾਂ ਵਿਚਾਰੀਆਂ ਜਾ ਸਕਦੀਆਂ ਹਨ ਅਤੇ ਤਿੰਨੇ ਹੀ ਗੱਲਾਂ ਸਭਿਆਚਾਰ ਦੇ ਪੱਖੋਂ ਮਹੱਤਵਪੂਰਨ ਹਨ :

1. ਭੂਗੋਲਿਕ ਹੱਦਬੰਦੀ
2. ਵਿਸਾਲ ਚੌਗਿਰਦੇ ਵਿਚ ਭੂਗੋਲਿਕ ਸਥਿਤੀ
3. ਪ੍ਰਕਿਰਤਕ ਹਾਲਤਾਂ, ਜਿਸ ਵਿਚ ਧਰਤੀ ਤੋਂ ਹੇਠਲੀਆਂ ਅਤੇ ਧਰਤੀ ਤੋਂ ਉਪਰਲੀਆਂ ਹਾਲਤਾਂ ਆ ਜਾਂਦੀਆਂ ਹਨ, ਜਿਵੇਂ ਕਿ ਧਰਤੀ ਦਾ ਉਪਜਾਊ ਹੋਣਾ ਜਾਂ ਨਾ ਹੋਣਾ, ਖਣਿਜ ਪਦਾਰਥਾਂ ਦੀ ਅਣਹੋਂਦ, ਦਰਿਆਵਾਂ, ਪਹਾੜਾਂ, ਜੰਗਲਾਂ ਦੀ ਸਥਿਤੀ ਅਤੇ ਪੌਣਪਾਣੀ ਆਦਿ।

### 1. ਭੂਗੋਲਿਕ ਹੱਦਬੰਦੀ

ਇਹ ਪਹਿਲਾ ਮਸਲਾ ਹੈ ਜਿਹੜਾ ਪੰਜਾਬੀ ਸਭਿਆਚਾਰ ਦਾ ਅਧਿਐਨ ਕਰਨ ਵਾਲਿਆਂ ਲਈ ਉਲਝਣ ਬਣਿਆ ਹੋਇਆ ਹੈ। ਜਿਸ ਦਾ ਕਾਰਨ ਬੜਾ ਪ੍ਰਤੱਖ ਹੈ ਕਿ ਪੰਜਾਬ ਦੇ ਨਾਂ ਨਾਲ ਜਾਣੀ ਜਾਂਦੀ ਭੂਗੋਲਿਕ ਇਕਾਈ ਦੀਆਂ ਹੱਦਾਂ ਕਦੀ ਵੀ ਸਥਿਰ ਨਹੀਂ ਰਹੀਆਂ। ਜੇ ਸਿਰਫ ਵੀਹਵੀਂ ਸਦੀ ਵਿਚਲੀਆਂ ਤਬਦੀਲੀਆਂ ਨੂੰ ਹੀ ਲਈਏ ਤਾਂ ਉਨੀਵੀਂ ਸਦੀ ਦੇ ਅਖੀਰ ਉੱਤੇ ਸਿੰਧ ਪਾਰ ਤੋਂ ਲੈ ਕੇ ਜਮਨਾ ਪਾਰ ਤੱਕ ਦੇ ਇਲਾਕੇ ਪੰਜਾਬ ਵਿਚ ਸ਼ਾਮਲ ਸਨ। 1901 ਈ. ਵਿਚ ਸਿੰਧ ਪਾਰ ਦੇ ਛੇ ਜਿਲ੍ਹੇ ਵੱਖ ਕਰਕੇ ਉੱਤਰ-ਪੱਛਮੀ ਸਰਹੱਦੀ ਸੂਬਾ ਵੱਖ ਬਣਾ ਦਿੱਤਾ ਗਿਆ। 1911 ਈ. ਵਿਚ ਦਿੱਲੀ ਨੂੰ ਭਾਰਤ ਦੀ ਰਾਜਧਾਨੀ ਬਣਾ ਕੇ ਵੱਖ ਕਰ ਦਿੱਤਾ ਗਿਆ। 1947 ਵਿੱਚ ਪੰਜਾਬ ਦੇ ਦੋ ਟੋਟੇ ਹੋ ਗਏ ਇਕ ਪਾਕਿਸਤਾਨ ਦਾ ਅੰਗ ਬਣ ਗਿਆ ਤੇ ਦੂਜਾ ਭਾਰਤ ਦਾ। ਇਸ ਨਾਲ ਦੋ ਵੱਖ-ਵੱਖ ਭੂਗੋਲਿਕ ਇਕਾਈਆਂ ਹੋਂਦ ਵਿਚ ਆਈਆਂ ਅਤੇ ਦੋ ਜਨ-ਸਮੂਹ ਬਣ ਗਏ, ਜਿਹੜੇ ਸਥਿਤੀ ਅਤੇ ਬਣਤਰ ਕਰਕੇ ਵੱਖ ਸਨ। ਰਾਜ ਅਤੇ ਧਰਮ ਦਾ ਰੋਲ ਵੀ ਦੋਵੇਂ ਪਾਸੇ ਵੱਖ-ਵੱਖ ਅਤੇ ਸਰਗਰਮ ਸੀ। ਇਸ ਲਈ ਸਮਾਂ ਪਾ ਕੇ ਇਹਨਾਂ ਦਾ ਵੱਖਰੇ ਵੱਖਰੇ ਸਵੈਧੀਨ ਸਭਿਆਚਾਰ ਬਣ ਜਾਣਾ ਕੋਈ ਅਣਹੋਣੀ ਨਹੀਂ ਹੋਵੇਗੀ। 1956 ਈ. ਵਿਚ ਪੈਪਸੂ ਨੂੰ ਜਿਹੜਾ ਕਿ 1948 ਈ. ਵਿਚ ਪਟਿਆਲਾ ਅਤੇ ਪੂਰਬੀ ਪੰਜਾਬੀ ਦੀਆਂ ਹੋਰ ਰਿਆਸਤਾਂ ਨੂੰ ਮਿਲਾ ਕੇ ਹੋਂਦ ਵਿਚ ਆਇਆ ਸੀ, ਪੰਜਾਬ ਵਿਚ ਸ਼ਾਮਲ ਕਰ ਦਿੱਤਾ ਗਿਆ। 1966 ਵਿਚ ਭਾਸ਼ਾ ਦੇ ਆਧਾਰ ਉਤੇ ਮੁੜ ਵਿਉਤੇ ਜਾਣ ਮਗਰੋਂ ਉਹ ਪੰਜਾਬ ਹੋਂਦ ਵਿਚ ਆਇਆ ਜਿਹੜਾ ਅੱਜ ਹੈ, ਜਿਸ ਵਿਚੋਂ ਹਰਿਆਣਾ ਅਤੇ ਹਿਮਾਚਲ ਦੋ ਵੱਖਰੇ ਰਾਜ ਕੱਢ ਦਿੱਤੇ ਗਏ ਹਨ।

ਉਪਰੋਕਤ ਸਾਰਾ ਕੁਝ ਪੰਜਾਬ ਦੀ ਭੂਗੋਲਿਕ ਹੱਦਬੰਦੀ ਦਾ ਇਤਿਹਾਸਕ ਪੱਖ ਹੈ ਜਿਸ ਨੂੰ ਵੈਦਿਕ ਸਮੇਂ ਤੱਕ ਪਿੱਛੇ ਉਲੀਕਿਆ ਜਾ ਸਕਦਾ ਹੈ। ਪਰ ਅੱਜ ਜੇ ਅਸੀਂ ਪੰਜਾਬੀ ਸਭਿਆਚਾਰ ਦੀ ਭੂਗੋਲਿਕ ਹੱਦਬੰਦੀ ਨਿਸ਼ਚਿਤ ਕਰਨੀ ਹੋਵੇ ਤਾਂ ਕੁਦਰਤੀ ਤੌਰ ਉੱਤੇ ਉਸ ਵਿਚ ਉਹ

ਇਲਾਕੇ ਨਹੀਂ ਗਿਣਵਾ ਸਕਦੇ, ਜਿਹੜੇ ਹਰਿਆਣਵੀ, ਪਹਾੜੀ ਜਾਂ ਡੋਗਰੀ ਸਭਿਆਚਾਰ ਵਜੋਂ ਆਪਣੀ ਵੱਖਰੀ ਪਛਾਣ ਕਾਇਮ ਕਰਨ ਦੇ ਰਾਹ ਉੱਤੇ ਤੁਰ ਪਏ ਹਨ, ਭਾਵੇਂ ਅੱਜ ਤੋਂ ਪਹਿਲਾਂ ਦਾ ਇਹਨਾਂ ਸਾਰਿਆਂ ਦਾ ਇਤਿਹਾਸ ਲੱਗਭਗ ਇਕੋ ਹੀ ਹੋਵੇਗਾ। ਸੋ ਸਾਡੇ ਲਈ ਅੱਜ ਦੇ ਪੰਜਾਬੀ ਸਭਿਆਚਾਰ ਦੀ ਭੂਗੋਲਿਕ ਹੱਦਬੰਦੀ ਉਹੀ ਹੈ, ਜੋ ਭਾਰਤੀ ਪੰਜਾਬ ਦੀ ਹੱਦਬੰਦੀ ਹੈ।

### 2. ਵਿਸ਼ਾਲ ਚੌਗਿਰਦੇ ਵਿਚ ਭੂਗੋਲਿਕ ਸਥਿਤੀ

ਇਸ ਪੱਖੋਂ ਪੰਜਾਬੀ ਸਭਿਆਚਾਰ ਲਈ ਮਹੱਤਵਪੂਰਨ ਤੱਥ ਇਹ ਹੈ ਕਿ ਪੰਜਾਬ ਇਕ ਸਰਹੱਦੀ ਸੂਬਾ ਸੀ ਅਤੇ ਹੁਣ ਵੀ ਹੈ। ਇਸ ਇਕੋ ਤੱਥ ਨੇ ਪੰਜਾਬੀ ਸਭਿਆਚਾਰ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ।

### 3. ਪ੍ਰਾਕਿਰਤਕ ਹਾਲਤਾਂ

ਪੰਜਾਬ ਦੀ ਧਰਤੀ ਉਪਜਾਊ ਹੈ ਅਤੇ ਮਨੁੱਖੀ ਮਿਹਨਤ ਨੂੰ ਭਰਪੂਰ ਹੁੰਗਾਰਾ ਭਰਦੀ ਹੈ। ਇਸੇ ਕਰਕੇ ਅੱਜ ਪੰਜਾਬ ਦੀ ਵੱਧ ਤੋਂ ਵੱਧ ਧਰਤੀ ਵਾਹੀ ਹੇਠ ਲਿਆਂਦੀ ਜਾ ਚੁੱਕੀ ਹੈ। ਖਣਿਜ ਪਦਾਰਥਾਂ ਦੀ ਲਗਭਗ ਅਣਹੋਂਦ ਹੈ। ਕੁਦਰਤੀ ਪੌਣ-ਪਾਣੀ ਸਹਾਇਕ ਹੈ ਪਰ ਸਿਰਫ਼ ਇਸ ਉਤੇ ਨਿਰਭਰ ਨਹੀਂ ਕੀਤਾ ਜਾ ਸਕਦਾ। ਇਸ ਵੇਲੇ ਪੰਜਾਬ ਵਿਚ ਧਰਤ-ਦ੍ਰਿਸ਼ ਦੇ ਪੱਖੋਂ ਵੀ ਵੰਨ-ਸੁਵੰਨਤਾ ਨਹੀਂ, ਨਾ ਪਹਾੜ ਹਨ, ਨਾ ਰੇਗਿਸਤਾਨ ਹਨ। ਦਰਿਆ ਵੀ ਇਸ ਵੇਲੇ ਦੇ ਪੰਜਾਬ ਦੇ ਹੀ ਰਹਿ ਗਏ ਹਨ, ਸਤਲੁਜ ਤੇ ਬਿਆਸ। ਇਹ ਬਾਕੀ ਭਾਰਤੀ ਦਰਿਆਵਾਂ ਦੇ ਮੁਕਾਬਲੇ ਉੱਤੇ ਛੋਟੇ ਹਨ ਅਤੇ ਇਨ੍ਹਾਂ ਨੂੰ ਵੀ ਬੰਨ੍ਹ ਮਾਰ ਕੇ ਨਹਿਰਾਂ ਦੀ ਸ਼ਕਲ ਵਿਚ ਫੈਲਾਇਆ ਜਾ ਰਿਹਾ ਹੈ। ਇਸ ਨਾਲ ਇਹਨਾਂ ਦੀ ਉਪਯੋਗਤਾ ਤੋਂ ਪੂਰੀ ਤਰ੍ਹਾਂ ਲਾਭ ਉਠਾਏ ਜਾਣ ਦੀ ਸੰਭਾਵਨਾ ਹੈ।

## ਪੰਜਾਬੀ ਸਭਿਆਚਾਰ ਦੇ ਮੂਲ ਸੋਮੇ

ਪੰਜਾਬੀ ਸਭਿਆਚਾਰ ਦੇ ਮੂਲ ਸੋਮਿਆਂ ਵਿਚ ਉਹ ਸਾਰਾ ਕੁਝ ਆ ਜਾਏਗਾ, ਜਿਸ ਨੇ ਇਸ ਨੂੰ ਘੜਨ ਵਿਚ, ਕਾਇਮ ਰੱਖਣ ਵਿਚ ਅਤੇ ਅੱਗੇ ਵਧਾਉਣ ਵਿਚ ਹਿੱਸਾ ਪਾਇਆ ਹੈ। ਇਸ ਵਿਚ ਇਹ ਦੇਖਣਾ ਹੋਵੇਗਾ ਕਿ ਪੰਜਾਬੀ ਸਭਿਆਚਾਰ ਨੇ ਆਪਣੇ ਇਤਿਹਾਸ ਦੌਰਾਨ ਕਿਹੜੇ ਕਿਹੜੇ ਅੰਸ਼ ਕਿਸ ਕਿਸ ਸਮੇਂ ਤੋਂ ਲਏ ਹਨ। ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਇਹ ਮੂਲ ਸੋਮੇ ਤਿੰਨ ਪ੍ਰਕਾਰ ਦੇ ਹਨ :

- **ਸਥਾਨਕ**: ਜਿਸ ਵਿਚ ਭੂਗੋਲਿਕ ਲੋਕਧਾਰਾਈ ਅੰਸ਼ ਆ ਜਾਣਗੇ।
- **ਭਾਰਤੀ**: ਜਿਸ ਵਿਚ ਉਹ ਸਾਰਾ ਕੁਝ ਆ ਜਾਵੇਗਾ, ਜੋ ਕੁਝ ਪੰਜਾਬੀ ਸਭਿਆਚਾਰ ਨੇ ਆਪਣੇ ਵਡੇਰੇ ਸਮੂਹ, ਭਾਰਤੀ ਚੌਗਿਰਦੇ ਤੋਂ ਲਿਆ ਹੈ।
- **ਵਿਦੇਸ਼ੀ**: ਜਿਹੜੇ ਅੰਸ਼-ਪਸਾਰ (diffusion) ਜਾਂ ਸਭਿਆਚਾਰੀਕਰਨ (acculturation) ਰਾਹੀਂ ਪੰਜਾਬੀ ਸਭਿਆਚਾਰ ਵਿਚ ਸ਼ਾਮਲ ਹੋਏ ਹਨ।

### 1. ਸਥਾਨਕ ਸੋਮੇ

ਪੰਜਾਬੀ ਸਭਿਆਚਾਰ ਵਿਚ ਭੂਗੋਲਿਕ ਅੰਸ਼ਾਂ ਨੂੰ ਵੀ ਅਸੀਂ ਉਹਨਾਂ ਤਿੰਨਾਂ ਪੱਖਾਂ ਤੋਂ ਦੇਖ ਸਕਦੇ ਹਾਂ, ਜਿਹੜੇ ਅਸੀਂ ਉਪਰ ਵਿਚਾਰ ਆਏ ਹਾਂ। ਭੂਗੋਲਿਕ ਹੱਦਬੰਦੀ ਦੀ ਅਸਥਿਰਤਾ ਸਭਿਆਚਾਰਕ ਨਿਸ਼ਚਿਤਤਾ ਨੂੰ ਵੀ ਧੁੰਦਲਾ ਕਰਦੀ ਹੈ। ਇਸ ਅਸਥਿਰਤਾ ਦਾ ਕਾਰਨ ਪੰਜਾਬ ਦਾ ਸਰਹੱਦੀ ਪ੍ਰਾਂਤ ਹੋਣਾ ਹੈ। ਸਰਹੱਦੀ ਸੂਬਾ ਹੋਣ ਨੇ ਪੰਜਾਬੀ ਸਭਿਆਚਾਰ ਨੂੰ ਹੋਰ ਕਈ ਤਰ੍ਹਾਂ ਨਾਲ ਵੀ ਪ੍ਰਭਾਵਿਤ ਕੀਤਾ ਹੈ। ਇਹ ਪ੍ਰਭਾਵ ਵੱਖੋ-ਵੱਖਰੇ ਖੇਤਰਾਂ ਵਿਚ ਪਛਾਣੇ ਜਾ ਸਕਦੇ ਹਨ :

**(ੳ) ਸਰੀਰਕ ਪੱਖੋਂ:** ਸੁਡੋਲਤਾ, ਬਹਾਦਰੀ ਤੇ ਦਲੇਰੀ, ਕਿਉਂਕਿ ਹਰ ਆਏ ਦਿਨ ਪੰਜਾਬੀਆਂ ਨੂੰ ਹਮਲਾਵਰਾਂ ਨਾਲ ਨਜਿੱਠਣਾ ਪੈਂਦਾ ਸੀ।

**(ਅ) ਸ਼ਖ਼ਸੀਅਤ ਦੇ ਪੱਖੋਂ**: ਕਿਉਂਕਿ ਰਣ ਜੂਝਣ ਲਈ ਹਮੇਸ਼ਾਂ ਤਿਆਰ ਰਹਿਣਾ ਪੈਂਦਾ ਸੀ, ਇਸ ਲਈ ਜ਼ਿੰਦਗੀ ਨੂੰ ਮਾਨਣ ਲਈ ਜੋਸ਼ ਅਤੇ ਉਮਾਹ ਵੀ ਰਣਜੂਝਣ ਜਿੰਨਾ ਹੀ ਰਹਿੰਦਾ ਸੀ।

**(ੲ) ਮਾਨਸਿਕਤਾ**: ਕਿਉਂਕਿ ਕੱਲ ਦਾ ਭਰੋਸਾ ਨਹੀਂ ਸੀ ਹੁੰਦਾ, ਇਸ ਲਈ ਲੰਮੀ ਯੋਜਨਾਬੰਦੀ ਲਈ ਥਾਂ ਨਹੀਂ ਸੀ। ਮੁਕੱਦਮੇਬਾਜ਼ੀ ਅਤੇ ਹਰ ਨਵੀਂ ਸਥਿਤੀ ਨੂੰ ਅੱਗੋਂ ਦੀ ਹੋ ਕੇ ਮਿਲਣ ਦੀ ਰੁਚੀ ਦੇ ਨਾਲ ਨਾਲ ਉਪਯੋਗਤਾਵਾਦ ਅਤੇ ਤਟ-ਫਟ ਸਿੱਟਿਆਂ ਦੀ ਆਸ ਪੰਜਾਬੀ ਸੁਭਾਅ ਦਾ ਲੱਛਣ ਬਣ ਗਈ ਹੈ।

**(ਸ) ਇਸ ਗੱਲ ਨੇ ਕਲਾ ਸਾਧਨਾ** ਉਪਰ ਵੀ ਅਸਰ ਪਾਇਆ। ਪੰਜਾਬ ਵਿਚ ਐਸੀ ਕਲਾ ਨਹੀਂ ਪਨਪ ਸਕੀ ਜਿਸ ਲਈ ਪੀੜ੍ਹੀਆਂ ਦੀ ਸਾਧਨਾ ਦੀ ਲੋੜ ਹੁੰਦੀ ਸੀ, ਕਿਉਂਕਿ ਇਸ ਲਈ ਕਈ ਸਦੀਆਂ ਦੇ ਸ਼ਾਂਤ ਮਾਹੌਲ ਦੀ ਲੋੜ ਹੁੰਦੀ ਹੈ। ਲੋਕ-ਕਲਾ ਦੀ ਪ੍ਰਬਲਤਾ ਇਸੇ ਸਥਿਤੀ ਦਾ ਹੀ ਫਲ ਹੈ।

**(ਹ) ਪੰਜਾਬੀ ਸੁਭਾਅ** ਦੀ ਇਹੀ ਮਾਨਸਿਕਤਾ ਧਰਮ ਦੇ ਖੇਤਰ ਵਿਚ ਪ੍ਰਗਟ ਹੁੰਦੀ ਹੈ। ਤੁਪ ਅਤੇ ਤਿਆਰੀ ਪੰਜਾਬੀ ਸੁਭਾਅ ਵਿਚ ਪਹਿਲ ਨਹੀਂ ਰੱਖਦੇ, ਖਾਂਦਿਆਂ, ਪੀਦਿਆਂ, ਸੰਸਾਰਕ, ਸਮਾਜਕ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਮੁਕਤ ਹੋਣਾ ਪੰਜਾਬੀ

ਅਧਿਆਤਮਕਤਾ ਦਾ ਟੀਚਾ ਹੈ। ਉਸ ਸੰਸਾਰ ਨਾਲੋ 'ਇਸ ਸੰਸਾਰ' ਉਤੇ ਜ਼ੋਰ ਹੈ, ਇਸੇ ਲਈ ਪੰਜਾਬੀ ਬਹੁਤੀਆਂ ਸੂਰਤਾਂ ਵਿੱਚ ਧਾਰਮਿਕ ਨਹੀਂ ਹੁੰਦਾ, ਉਹ ਧਰਮ ਦੀ ਉਪਯੋਗੀ ਢੰਗ ਨਾਲ ਵਰਤੋਂ ਹੀ ਕਰ ਰਿਹਾ ਹੁੰਦਾ ਹੈ।

**(ਕ) ਸਰਹੱਦੀ ਸੂਬਾ** ਹੋਣ ਦੇ ਭੂਗੋਲਿਕ ਤੱਥ ਦਾ ਸਿੱਟਾ ਹੀ ਇਹ ਹੈ ਕਿ ਨਸਲੀ ਮਿਸ਼ਰਨ ਅਤੇ ਸਭਿਆਚਾਰਕ ਮਿਸ਼ਰਨ ਵੱਧ ਤੋਂ ਵੱਧ ਪੰਜਾਬ ਵਿਚ ਹੀ ਮਿਲਦਾ ਹੈ।

**(ਖ) ਆਰਥਕ** ਤੌਰ ਉੱਤੇ ਸਹੂਲਤਾਂ ਦੇਣ ਸਮੇਂ ਇਸੇ ਤੱਥ ਨੂੰ ਪੰਜਾਬ ਵਿਚ ਵੱਡੀਆਂ ਸਨਅਤਾਂ ਨਾ ਲਾਉਣ ਲਈ ਇਕ ਬਹਾਨਾ ਵੀ ਬਣਾਇਆ ਗਿਆ ਹੈ। - ਉਪਰੋਕਤ ਤੋਂ ਇਲਾਵਾ, ਭੂਗੋਲਿਕ ਤੱਥਾਂ ਨੇ ਪੰਜਾਬੀ ਸਭਿਆਚਾਰ ਨੂੰ ਹੋਰ ਕਈ ਅੰਸ਼ ਦਿੱਤੇ ਹਨ। ਭਾਸ਼ਾ ਸਿਰਫ ਉਹਨਾਂ ਭੂਗੋਲਿਕ ਤੱਥਾਂ ਨੂੰ ਹੀ ਬਿਆਨ ਕਰਨ ਦੇ ਸਮਰੱਥ ਹੁੰਦੀ ਹੈ, ਜਿਹੜੇ ਉਸ ਖਿੱਤੇ ਦੀ ਪ੍ਰਗਟਾਉ ਸਮਰੱਥਾ ਨੂੰ ਵਧਾਉਂਦੀਆਂ ਹਨ। ਬਾਰਾਮਾਹਾਂ ਵਿਚ ਇਸ ਤੱਥ ਦਾ ਉਘੜਵਾਂ ਪ੍ਰਗਟਾਅ ਮਿਲਦਾ ਹੈ। ਬਦਲਦੀਆਂ ਰੁੱਤਾਂ, ਮਨ ਅਤੇ ਸਰੀਰ ਉੱਤੇ ਵੱਖ-ਵੱਖ ਅਸਰ ਰਖਦੀਆਂ ਹਨ। ਸਾਡੇ ਸਭਿਆਚਾਰ ਵਿਚ ਰੁੱਤਾਂ ਦੇ ਆਧਾਰ ਉੱਤੇ ਆਹਾਰ ਨੂੰ ਅਤੇ ਸਰੀਰਕ ਸਭਿਆਚਾਰ ਨੂੰ ਨਿਯਮਿਤ ਕੀਤਾ ਗਿਆ ਮਿਲਦਾ ਹੈ। ਸਾਉਣ ਮਹੀਨੇ ਨਾਲ ਸੰਬੰਧਤ ਸਾਰਾ ਆਹਾਰ-ਵਿਹਾਰ, ਖੁੱਲ ਅਤੇ ਵਰਜਣਾ ਇਸ ਦਾ ਇਕ ਪ੍ਰਮਾਣ ਹਨ। ਮੇਲੇ ਭਾਵੇਂ ਧਾਰਮਕ ਰੰਗਤ ਹੀ ਰੱਖਦੇ ਹੋਣ ਪਰ ਉਹਨਾਂ ਦਾ ਰੁੱਤਾਂ ਨਾਲ ਸੰਬੰਧ ਪ੍ਰਤੱਖ ਹੁੰਦਾ ਹੈ।

**(ਗ) ਧਰਤੀ ਦਾ ਉਪਜਾਊ ਹੋਣਾ** ਵਰ ਹੁੰਦਾ ਹੀ ਹੈ ਪਰ ਸਰਾਪ ਵੀ ਹੋ ਨਿਬੜਦਾ ਹੈ। ਪੰਜਾਬ ਦੀ ਧਰਤੀ ਉਪਜਾਊ ਹੋਣ ਕਾਰਨ ਵੀ ਇਸ ਦੇ ਅੰਦਰਲੇ ਖਣਿਜ ਪਦਾਰਥਾਂ ਦੀ ਖੋਜ ਕਰਨ ਦੀ ਲੋੜ ਨਹੀਂ ਪਈ, ਜਿਸ ਦਾ ਆਰਥਿਕਤਾ ਅਤੇ ਸਭਿਆਚਾਰ ਉਤੇ ਅਸਰ ਪਿਆ , ਹੈ। ਪੰਜਾਬ ਭਾਵੇਂ ਉੱਨਤ ਜ਼ੁਰਾਇਤ ਵਾਲਾ ਸੂਬਾ ਹੈ ਪਰ ਨਾਲ ਹੀ ਪੱਛੜੀ ਹੋਈ ਸਨਅਤ ਦਾ ਅਤੇ ਵੱਡੀ ਸਨਅਤ ਦੀ ਅਣਹੋਂਦ ਵਾਲਾ ਸੂਬਾ ਹੈ ਅਤੇ ਇਹ ਮਗਰਲੇ ਤੱਥ ਪੰਜਾਬ ਨੂੰ ਸਥਿਰਤਾ ਦੀ ਦੌੜ ਵਿਚ ਪਛੜਿਆ ਰੱਖ ਰਹੇ ਹਨ। ਆਪਣੀਆਂ ਕਈ ਲਾਜ਼ਮੀ ਲੋੜਾਂ ਵਿਚ ਇਹ ਦਜਿਆਂ ਉੱਪਰ ਨਿਰਭਰ ਹੈ, ਜਿਵੇਂ ਕਿ ਕੋਇਲੇ, ਧਾਤ ਆਦਿ ਵਿਚ। ਇਸੇ ਤੱਥ ਕਾਰਨ ਹੀ ਵਿਗਿਆਨ ਵਿਚ ਉੱਨਤ ਦਿਮਾਗਾਂ ਨੂੰ ਬਾਹਰ ਸਰਨ ਲੈਣੀ ਪੈਂਦੀ ਹੈ।

ਹਰ ਸਭਿਆਚਾਰ ਲਈ ਆਪਣੀ ਲੋਕਧਾਰਾ ਸਾਂਭੀ ਹੋਈ ਸਿਆਣਪ ਦਾ ਇਕ ਅਖੁੱਟ ਸੋਮਾ ਹੁੰਦੀ ਹੈ। ਪੰਜਾਬੀ ਸਭਿਆਚਾਰ ਦਾ ਅਧਿਐਨ ਕਰਨ ਵਾਲੇ ਕਈ ਵਿਦਵਾਨ ਪੂਰਨ ਭਗਤ ਅਤੇ ਰਾਜਾ ਰਸਾਲੂ ਦੀਆਂ ਕਥਾਵਾਂ ਨੂੰ ਕੇਂਦਰੀ ਸਥਾਨ ਦਿੰਦੇ ਹਨ। ਪੋਰਾਣਿਕ ਗਾਥਾਵਾਂ, ਲੋਕ ਕਥਾਵਾਂ ਅਤੇ ਯੋਧਿਆਂ ਦੀਆਂ ਵਾਰਾਂ ਕਿਸੇ ਸਭਿਆਚਾਰ ਦੀਆਂ ਕੇਂਦਰੀ ਕਦਰਾਂ-ਕੀਮਤਾਂ ਨੂੰ ਪੇਸ਼ ਕਰਦੀਆਂ ਅਤੇ ਇਹਨਾਂ ਨੂੰ ਜਿਉਂਦਿਆਂ ਰੱਖਦੀਆਂ ਹਨ। ਹਰ ਕੰਮ ਅਖਾਉਂਤਾਂ ਅਤੇ ਮੁਹਾਵਰਿਆਂ ਦੀ ਸ਼ਕਲ ਵਿਚ ਆਪਣੀ ਸਿਆਣਪ ਦਾ ਤੱਤ ਸਾਂਭ ਕੇ ਰੱਖਦੀ ਹੈ। ਲੋਕ-ਗੀਤ ਸਾਡੇ ਭਾਵਕ ਪ੍ਰਗਟਾਅ ਦੇ ਢੰਗਾਂ ਨੂੰ ਵੀ ਪੇਸ਼ ਕਰਦੇ ਹਨ ਅਤੇ ਸੇਧ ਵੀ ਦਿੰਦੇ ਹਨ। ਲੋਕਧਾਰਾ ਕੋਈ ਸਥਿਰ ਵਰਤਾਰਾ ਨਹੀਂ, ਸਗੋਂ ਨਿਰੰਤਰ ਵਹਿੰਦਾ ਸੋਮਾ ਹੈ, ਜਿਸ ਨੂੰ ਅਸੀਂ ਵਰਤਦੇ ਹੋਏ, ਉਸ ਵਿਚ ਆਪਦਾ ਯੋਗਦਾਨ ਪਾਈ ਜਾਂਦੇ ਹਾਂ। ਲੋਕਧਾਰਾ ਉਹ ਸੋਮਾ ਹੈ, ਜਿਸ ਨਾਲੋਂ ਟੁੱਟ ਕੇ ਕੋਈ ਵੀ ਸਭਿਆਚਾਰ ਬਹੁਤੀ ਦੇਰ ਜਿਉਂਦਾ ਨਹੀਂ ਰਹਿ ਸਕਦਾ।

### 2. ਭਾਰਤੀ ਸੋਮੇ

ਉਪਰੋਕਤ ਦੋ ਨਿਰੋਲ ਸਥਾਨਕ ਸੋਮਿਆਂ ਤੋਂ ਇਲਾਵਾ ਕੁਝ ਐਸੇ ਸੋਮੇ ਵੀ ਹਨ, ਜਿਹੜੇ ਸਥਾਨਕ ਨਹੀਂ ਪਰ ਭਾਰਤ ਤੋਂ ਬਾਹਰੋਂ ਵੀ ਨਹੀਂ ਆਏ। ਸਾਰੇ ਹੀ ਵੇਦ, ਬ੍ਰਾਹਮਣ ਗ੍ਰੰਥ, ਉਪਨਿਸ਼ਦ, ਪੁਰਾਣ, ਮਹਾਂਕਾਵਿ, ਪੰਜਾਬ ਦੀ ਧਰਤੀ ਉਪਰ ਨਹੀਂ ਰਚੇ ਗਏ ਪਰ ਉਹ ਵੀ ਪੰਜਾਬੀ ਸਭਿਆਚਾਰ ਦਾ ਇਕ ਅਖੁੱਟ ਸੋਮਾ ਹਨ। ਅਸਲ ਵਿਚ ਧਾਰਮਕ ਆਦਰਸ਼ਵਾਦੀ ਫਲਸਫਾ ਕੋਈ ਵੀ ਐਸਾ ਨਹੀਂ, ਜਿਸ ਨੇ ਭਾਰਤ ਦਾ ਰੂਪ ਧਾਰਿਆ ਹੋਵੇ, ਪਰ ਉਸ ਦਾ ਸੋਮਾ ਉਪਰੋਕਤ ਪੁਰਾਤਨ ਧਾਰਮਕ ਅਤੇ ਦਾਰਸ਼ਨਿਕ ਰਥਾਂ ਵਿਚ ਨਾ ਹੋਵੇ। ਇਹ ਗੱਲ ਉਨੀਵੀਂ ਸਦੀ ਤੱਕ ਦੀਆਂ ਲਹਿਰਾਂ, ਬਹਮੋ-ਸਮਾਜ, ਰਾਮਾਕਿਸਨਾ, ਵਿਵੇਕਾਨੰਦ, ਆਰੀਆ ਸਮਾਜ ਆਦਿ ਸਭ ਦੀਆਂ ਜੜ੍ਹਾਂ ਪੁਰਾਤਨ ਭਾਰਤੀ ਫਲਸਫੇ ਵਿਚ ਹਨ। ਇਹ ਲਹਿਰਾਂ ਭਾਵੇਂ ਪੰਜਾਬ ਵਿਚ ਪੈਦਾ ਨਹੀਂ ਹੋਈਆਂ, ਪਰ ਇਹਨਾਂ ਨੇ ਪੰਜਾਬੀ ਚਿੰਤਨ ਉਤੇ ਅਮਿੱਟ ਛਾਪ ਛੱਡੀ ਹੈ। ਬਨਾਰਸ ਦਾ ਕਬੀਰ ਜੇ ਪੰਜਾਬ ਲਈ ਇਕ ਪ੍ਰਭਾਵ ਹੈ, ਤਾਂ ਪੰਜਾਬ ਦਾ ਗੁਰੂ ਗੋਬਿੰਦ ਸਿੰਘ ਬੰਗਾਲੀ ਅਤੇ ਤਾਮਿਲ ਦੇ ਲੇਖਕਾਂ ਲਈ ਪ੍ਰੇਰਨਾ-ਸਰੋਤ ਬਣਦਾ ਹੈ। ਇਸ ਪੱਖੋਂ ਗੁਰੂ ਗ੍ਰੰਥ ਸਾਹਿਬ ਪੰਜਾਬੀ ਸਭਿਆਚਾਰ ਦੀ ਇਕ ਉੱਤਮ ਮਿਸਾਲ ਹੈ, ਜਿਸ ਵਿਚ ਮਹਾਂਰਾਸ਼ਟਰ, ਗੁਜਰਾਤ, ਰਾਜਸਥਾਨ, ਬੰਗਾਲ ਆਦਿ ਤੋਂ ਆਏ ਸੋਮੇ ਆਪਣਾ ਯੋਗਦਾਨ ਪਾ ਰਹੇ ਹਨ। ਪਿਆਰ-ਕਥਾਵਾਂ ਵਿਚ ਪੰਜਾਬ ਦੇ ਢੋਲਾ-ਮਾਰੂ ਦਾ ਕਿੱਸਾ ਰਾਜਸਥਾਨ ਤੋਂ ਲਿਆ ਹੈ। ਆਪਣੇ ਪੁਰਵਜਾਂ ਦੇ ਪੱਖੋਂ ਰਾਜਪੂਤਾਂ ਨਾਲ ਸਾਂਝ ਦਿਖਾਉਣ ਵਿਚ ਕਈ ਜੱਟ ਘਰਾਣੇ ਮਾਣ ਸਮਝਦੇ ਹਨ।

### 3. ਵਿਦੇਸ਼ੀ ਸੋਮੇ'

ਅਮਰੀਕੀ ਮਾਨਵ-ਵਿਗਿਆਨੀ ਰਾਲਫ਼ ਲਿਟਨ ਆਪਣੀ ਪੁਸਤਕ 'ਸਟੱਡੀ ਆਫ ਮੈਨ' ਵਿਚ ਦਰਸਾਉਂਦਾ ਹੈ ਕਿ ਆਪਣੇ ਆਪ ਨੂੰ ਸੌ ਫੀਸਦੀ ਅਮਰੀਕੀ ਸਮਝਣ ਵਾਲਾ ਵਿਅਕਤੀ ਅਸਲ ਵਿਚ ਸੌ ਫੀਸਦੀ ਅੰਸ ਉਨ੍ਹਾਂ ਅੰਸ਼ਾਂ ਲਈ ਵਰਤ ਰਿਹਾ ਹੁੰਦਾ ਹੈ, ਜਿਹੜੇ ਦੂਜੇ ਸਭਿਆਚਾਰਾਂ ਤੋਂ ਗ੍ਰਹਿਣ ਕੀਤੇ ਗਏ ਹੁੰਦੇ ਹਨ। ਇਹ ਗੱਲ ਹਰ ਸਭਿਆਚਾਰ ਉਤੇ ਢੁਕਦੀ ਹੈ। ਸ਼ੁੱਧ ਸਭਿਆਚਾਰ ਨਾਂ ਦੀ ਸੰਸਾਰ ਵਿਚ ਕੋਈ ਚੀਜ਼ ਨਹੀਂ। ਹਰ ਸਭਿਆਚਾਰ ਦੂਜੇ ਸਭਿਆਚਾਰਾਂ ਤੋਂ ਅੰਸ ਲੈ ਕੇ ਆਪਣੇ ਸਿਸਟਮ ਵਿਚ ਰਚਾਉਂਦਾ ਰਹਿੰਦਾ ਹੈ ਅਤੇ ਇਸ ਤਰ੍ਹਾਂ

ਆਪਣੇ ਅੰਸ਼ ਦੂਜਿਆਂ ਨੂੰ ਦਿੰਦਾ ਰਹਿੰਦਾ ਹੈ। ਪਰ ਆਪਣੇ ਅੰਸ਼ ਦੇਣ ਵਿਚ ਕਿਉਂਕਿ ਹਰ ਸਭਿਆਚਾਰ ਇਕੱਲਾ ਹੁੰਦਾ ਹੈ ਜਦ ਕਿ ਪ੍ਰਾਪਤ ਕਰਨ ਲੱਗਿਆਂ ਇਸ ਦੇ ਸੋਮੇ ਬੇਅੰਤ ਹੁੰਦੇ ਹਨ। ਇਸ ਲਈ ਹਰ ਸਭਿਆਚਾਰ ਵਿਚ ਬਾਹਰੋਂ ਪ੍ਰਾਪਤ ਕੀਤੇ ਅੰਸ਼ਾਂ ਦੀ ਭਰਮਾਰ ਹੁੰਦੀ ਹੈ। ਪੰਜਾਬੀ ਸਭਿਆਚਾਰ ਲਈ ਇਹ ਗੱਲ ਹੋਰ ਵੀ ਜ਼ਿਆਦਾ ਠੀਕ ਹੈ, ਕਿਉਂਕਿ ਸਰਹੱਦੀ ਸੂਬਾ ਹੋਣ ਕਰਕੇ ਇੱਥੇ ਬਾਹਰੋਂ ਆਇਆ ਹਰ ਹਮਲਾਵਰ ਆਪਣੇ ਸਭਿਆਚਾਰਕ ਚਿੰਨ੍ਹ ਛੱਡ ਜਾਂਦਾ ਰਿਹਾ ਹੈ। ਜੇ ਉਹ ਆਪ ਹੀ ਇਸ ਦੇ ਸਭਿਆਚਾਰ ਦਾ ਅੰਗ ਬਣ ਕੇ ਨਹੀਂ ਰਹਿ ਗਿਆ ਤਾਂ ਇਹ ਪੰਜਾਬੀ ਸਭਿਆਚਾਰ ਦੀ ਪਾਚਣ ਸ਼ਕਤੀ ਹੈ ਕਿ ਇਸ ਨੇ ਚਾਰ-ਚੁਫੇਰਿਉਂ ਸਭਿਆਚਾਰਕ ਅੰਸ ਲੈ ਕੇ ਆਪਣੀ ਵੱਖਰੀ ਪ੍ਰਣਾਲੀ ਵਿਚ ਸਜਾ ਲਏ ਅਤੇ ਇਹ ਇਸ ਦੀ ਸ਼ਾਨਦਾਰ ਪ੍ਰਾਪਤੀ ਹੈ।

ਆਪਣੀ ਸਭਿਆਚਾਰਕ ਉੱਚਤਾ ਦੀ ਹਉਮੈ ਦੇ ਬਾਵਜੂਦ ਕੋਈ ਜਨ-ਸਮੂਹ ਇਸ ਸਭਿਆਚਾਰੀਕਰਨ ਦੇ ਅਮਲ ਤੋਂ ਬਚ ਨਹੀਂ ਸਕਿਆ। ਆਰੀਆ ਲੋਕ ਜਦੋਂ ਸਪਤ-ਸਿੰਧੂ ਵਿਚ ਆਏ ਤਾਂ ਉਨ੍ਹਾਂ ਨੇ ਇਥੋਂ ਦੇ ਸਥਾਨਕ ਵਾਸੀਆਂ, ਆਪਣੇ ਦੁਸ਼ਮਣਾਂ ਲਈ, ਜਿਹੜੇ ਕਿ ਦਰਾਵੜ ਮੰਨੇ ਜਾਂਦੇ ਹਨ, ਅਤਿ ਦੇ ਹਿਕਾਰਤ ਭਰੇ ਲਫ਼ਜ਼ ਵਰਤੇ : 'ਕਾਲੀ ਚਮੜੀ ਵਾਲੇ, 'ਫੀਨੇ, "ਅਧਰਮੀ, ਬੜਬੋਲੇ, ਲਿੰਗ ਦੇ ਪੁਜਾਰੀ, ਗੁਲਾਮ, ਟੇਰੇ ਆਦਿ। ਪਰ ਕੁਝ ਦਹਾਕਿਆਂ ਦੇ ਸੰਪਰਕ ਮਗਰੋਂ ਹੀ ਇਨ੍ਹਾਂ ਅਧਰਮੀਆਂ ਦੀਆਂ ਬਹੁਤ ਸਾਰੀਆਂ ਰਸਮਾਂ ਅਪਣਾ ਚੁੱਕੇ ਸਨ। ਸਿਵ ਅਤੇ ਉਸ ਦੇ 'ਸ਼ਿਵ-ਲਿੰਗ' ਦੀ ਪੂਜਾ ਆਰੀਆ ਦੀ ਵਿਸਵਾਸ-ਪ੍ਰਣਾਲੀ ਵਿਚ ਸ਼ਾਮਲ ਹੋ ਗਈ। ਪੂਜਾ ਆਪਣੇ ਆਪ ਵਿਚ ਦਰਾਵੜ ਮਲ ਦਾ ਸ਼ਬਦ ਹੈ। ਪੁ' ਫੁੱਲਾਂ ਲਈ ਵਰਤਿਆ ਜਾਂਦਾ ਹੈ ਅਤੇ ਫੁੱਲ, ਫਲ ਆਦਿ ਦੇਵਤੇ ਨੂੰ ਭੇਟਾ ਕਰਨ ਦੀ ਸਾਰੀ ਰਸਮ ਲਈ ਸ਼ਬਦ 'ਪੂਜਾ' ਵਰਤਿਆ ਜਾਂਦਾ ਸੀ। ਸਾਲ਼ ਦੀ ਪੂਜਾ ਮਿਸਰੀਆਂ, ਮੇਰੀਆਂ, ਅਸੀਰੀਅਨਾਂ ਅਤੇ ਈਰਾਨੀਆਂ ਸਮੇਤ ਆਰੀਆ ਵਿਚ ਸਾਂਝੀ ਸੀ। ਪਰ ਗਊ ਪੂਜਾ ਨਿਸ਼ਚੇ ਹੀ ਪੂਰਵਆਰੀਆਈ, ਸਥਾਨਕ ਰਸਮ ਸੀ ਅਤੇ ਛੇਤੀ ਹੀ ਗਊ ਨੇ ਆਰੀਆ ਦੇ ਦੇਵੀ ਦੇਵਤਿਆਂ ਵਿਚ ਵੀ ਸਥਾਨ ਪ੍ਰਾਪਤ ਕਰ ਲਿਆ, ਹਾਲਾਂ ਕਿ ਭਾਰਤ ਵਿਚ ਆਉਣ ਤੋਂ ਪਹਿਲਾਂ ਇਹ ਇਨ੍ਹਾਂ ਲਈ ਸਿਰਫ ਅਹਾਰ ਦੀ ਵਸਤੂ ਸੀ। ਅਸ਼ੋਕ ਵੱਲੋਂ ਵਰਤੀ ਗਈ ਬਹੁਖੀ ਲਿਪੀ ਵੀ ਉਸਤੋਂ ਸੋ ਕੁ ਸਾਲ ਪਹਿਲਾਂ ਹੀ ਕਿਤੋਂ ਬਾਹਰੋਂ ਲੈ ਕੇ ਅਪਣਾਈ ਗਈ ਲਗਦੀ ਹੈ। ਹਨੂੰਮਾਨ ਦਾ ਮੂਲ ਵੀ ਦਰਾਵਤ ਭਾਸ਼ਾ ਵਿਚ ਦੇਖਿਆ ਜਾਂਦਾ ਹੈ। ਰਿਗਵੇਦ ਅਤੇ ਮਗਰਲੇ ਭਾਰਤੀ ਸਾਹਿਤ ਵਿਚ ਇੰਦਰ ਦੇ ਖਿਲਾਫ ਲੜਨ ਵਾਲਾ ਕਿਸ਼ਨ ਵੀ ਸੀ ਟੀ ਸ੍ਰੀਨਿਵਾਸ ਆਇੰਗਰ ਅਨੁਸਾਰ ਦਰਾਵੜ ਜਵਾਨੀ ਦਾ ਦੇਵਤਾ ਹੈ। 'ਸਤੀ' ਲਈ ਰਾਜਪੂਤਾਂ ਵਿਚ ਵਰਤਿਆ ਜਾਂਦਾ ਸਬਦ 'ਜੌਹਰ ਸਿਟੀ ਮੂਲ ਦਾ ਹੈ।

ਆਰੀਆ ਨੇ ਭਾਵੇਂ ਆਪਣੇ ਤੋਂ ਪਹਿਲਾਂ ਦੇ ਉੱਨਤ ਸਭਿਆਚਾਰ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੱਤਾ, ਜਿਸਦਾ ਪਤਾ ਸਿਰਫ ਮਹਿੰਜੋਦੜੋ ਰੋਪੜ ਅਤੇ ਹੋਰ ਕਈ ਥਾਵਾਂ ਤੋਂ ਮਿਲੇ ਥੇਹਾਂ ਤੋਂ ਹੀ ਲਗਦਾ ਹੈ, ਜਾਂ ਫਿਰ ਉਨ੍ਹਾਂ ਅੰਗਾਂ ਤੋਂ ਲਗਦਾ ਹੈ ਜਿਹੜੇ ਸਪਤ ਸਿੰਧੂ ਦੇ ਇਲਾਕੇ ਵਿਚ ਆਉਣ ਤੋਂ ਪਹਿਲਾਂ ਉਨ੍ਹਾਂ ਦੇ ਸਭਿਆਚਾਰ ਵਿਚ ਨਹੀਂ ਮਿਲਦੇ, ਤਾਂ ਵੀ ਭਾਰਤੀ ਸਭਿਆਚਾਰ ਨੂੰ ਆਰੀਆ ਦੀ ਦੇਣ ਨਿਰਸੰਦੇਹ ਮਹਾਨ ਹੈ। ਆਰੀਆ ਤੋਂ ਮਗਰੋਂ ਅਤੇ ਸੰਨ ਈਸਵੀ ਤੋਂ ਪਹਿਲੇ ਹਜ਼ਾਰ ਕੁ ਸਾਲ ਵਿਚ ਕੁਝ ਹੋਰ ਬਦੇਸ਼ੀ ਹਮਲਾਵਰ ਆਏ, ਜਿਹੜੇ ਭਾਰਤੀ ਅਤੇ ਪੰਜਾਬੀ ਸਭਿਆਚਾਰ ਉਪਰ ਆਪਣੇ ਨਿਸ਼ਾਨ ਛੱਡ ਗਏ। ਇਹਨਾਂ ਵਿਚ ਹੀ ਅਸੀਰੀਅਨ ਸਨ, ਜਿਹੜੇ ਆਪਣੇ ਆਪ ਨੂੰ "ਅਸੁਰ' ਕਹਿੰਦੇ ਸਨ। ਇਹ ਸ਼ਬਦ ਉਨ੍ਹਾਂ ਅਰਥਾਂ ਵਿਚ ਪੱਕੀ ਤਰ੍ਹਾਂ ਸਾਡੀਆਂ ਭਾਸ਼ਾਵਾਂ ਦਾ ਹਿੱਸਾ ਬਣ ਚੁੱਕਾ ਹੈ। ਅਸੁਰ ਬੜੇ ਨਿਰਦਈ ਸਨ ਪਰ ਭਵਨ-ਨਿਰਮਾਣ ਕਲਾ ਵਿਚ ਬਹਤੁ ਮਾਹਰ ਸਨ। ਇਸੇ ਹੀ ਸਮੇਂ ਪੰਜਾਬ ਦਾ ਪੱਛਮੀ ਇਲਾਕਾ ਈਰਾਨੀ ਹਕੂਮਤ ਹੇਠ ਰਿਟ ਨੇ ਇਹ ਪ੍ਰਭਾਵ ਨਾ ਤਾਂ ਫੈਲਣ ਦਿੱਤਾ ਅਤੇ ਨਾ ਹੀ ਗਾਇਬ ਹੋਣ ਦਿੱਤਾ। ਯੂਨਾਨੀ ਪ੍ਰਭਾਵ ਵਧੇਰੇ ਚਿੰਨ੍ਹ ਛੱਡ ਗਿਆ ਹੈ। ਪਹਿਲੇ ਵਿਆਕਰਣਵੇਤਾ ਪਾਇਨੀ ਦੀ ਰਚਨਾ "ਅਸ਼ਟਾਧਿਆਏ ਵਿਚ ਯੂਨਾਨੀ ਭਾਸ਼ਾ ਦਾ ਜ਼ਿਕਰ ਮਿਲਦਾ ਹੈ। ਪੂਰਵ-ਈਸਵੀ ਸਮੇਂ ਵਿਚ ਹੀ ਵਧਿਆ ਫੁੱਲਿਆ ਕੰਧਾਰ ਕਲਾ ਦਾ ਸਕੂਲ ਯੂਨਾਨੀ ਅਸਰ ਦਾ ਪ੍ਰਤੱਖ ਪ੍ਰਮਾਣ ਸੀ। ਕੰਧਾਰ ਸਕੂਲ ਦੇ ਕਲਾਕਾਰਾਂ ਬਾਰੇ ਆਮ ਕਿਹਾ ਜਾਂਦਾ ਰਿਹਾ ਹੈ ਕਿ ਉਨ੍ਹਾਂ ਦੇ ਦਿਲ ਭਾਰਤੀ ਸਨ, ਪਰ ਹੱਥ ਯੂਨਾਨੀ ਸਨ। ਕਈ ਕੰਧਾਰ ਕਲਾ ਵਿਚ ਰੋਮਨ ਅਤੇ ਮੱਧ ਏਸ਼ੀਆਈ ਅਸਰ ਵੀ ਦੇਖਦੇ ਹਨ।

ਯੂਨਾਨੀਆਂ ਤੋਂ ਮਗਰੋਂ ਸੀਥੀਅਨਾਂ ਅਤੇ ਗੋਰੇ ਹੁਨਾਂ ਦੇ ਹਮਲੇ ਹੋਏ। ਇਹ ਦੋਵੇਂ ਨਸਲਾਂ ਵੀ ਅਮੀਰੀਅਨਾਂ ਵਾਂਗ ਦਲੇਰ ਅਤੇ ਜ਼ਾਲਮ ਸਨ। ਇਸੇ ਹੀ ਸਮੇਂ ਹੋਰ ਕਈ ਕਬੀਲੇ ਮੱਧ-ਏਸ਼ੀਆ ਤੋਂ ਉਠ ਕੇ ਹਮਲਾਵਰ ਦੇ ਰੂਪ ਵਿਚ ਆਏ। ਉਹਨਾਂ ਨੇ ਇਸ ਇਲਾਕੇ ਨੂੰ ਜਿੱਤ ਵੀ ਲਿਆ ਪਰ ਆਖਰ ਇੱਥੋਂ ਦੀ ਵਸੋਂ ਵਿਚ ਹੀ ਸਮਾ ਕੇ ਰਹਿ ਗਏ। ਪਾਰਥੀ, ਸ਼ੱਕ, ਗੁੱਜਰ, ਅਹੀਰ ਆਦਿ ਇਹਨਾਂ ਵਿਚੋਂ ਕੁਝ ਹਨ। ਇਹਨਾਂ ਵਿਚੋਂ ਕਈ ਜਾਤਾਂ ਦੀ ਸ਼ਕਲ ਵਿਚ ਅੱਜ ਵੀ ਇੱਥੇ ਮਿਲਦੇ ਹਨ। ਇਸ ਸਮੇਂ ਦੇ ਆਸ-ਪਾਸ ਚੀਨੀ ਅਤੇ ਤਿੱਬਤੀ ਅਸਰ ਵੀ ਆਇਆਂ। ਪੰਜਾਬ ਵਿਚਲੇ ਬੁੱਧ-ਮੱਤ ਉਪਰ ਤਿੱਬਤੀ ਲਾਮਿਆਂ ਦਾ ਅਸਰ ਕਾਫ਼ੀ ਹੈ।

ਉਪਰੋਕਤ ਸਾਰੇ ਨਸਲੀ ਮਿਸ਼ਰਣ ਨੇ ਹੀ ਐਸੇ ਲੋਕਾਂ ਦਾ ਨਿਰਮਾਣ ਕੀਤਾ ਜਿਹੜੇ ਸਰੀਰਕ ਪੱਖੋਂ ਰਿਸ਼ਟ-ਪੁਸ਼ਟ, ਜਿਗਰੇ ਵਿਚ ਦਲੇਰ, ਬਹਾਦਰ ਅਤੇ ਸਹਿਨਸ਼ੀਲ ਸਨ। ਇਸ ਤਰਾਂ ਦੇ ਆਚਰਣ ਦਾ ਪ੍ਰਗਟਾਅ ਹੀ ਵਾਰਾਂ, ਪਿਆਰ ਦੇ ਕਿੱਸਿਆਂ ਅਤੇ ਭਗਤੀ ਦੇ ਕਾਰਨਾਮਿਆਂ ਵਿਚ ਹੋਇਆ। ਇਹਨਾਂ ਦਾ ਹੀ ਸਭ ਤੋਂ ਪੁਰਾਣਾ ਪ੍ਰਗਟਾਅ ਨਾਲ-ਦਮਯੰਤੀ, ਰਾਜਾ ਰਸਾਲੂ ਅਤੇ ਪੂਰਨ ਭਗਤ ਵਿਚ ਹੋਇਆ ਮਿਲਦਾ ਹੈ। ਕਈ ਮਾਨਵ-ਵਿਗਿਆਨੀਆਂ ਦਾ ਇਹ ਵਿਚਾਰ ਹੈ ਕਿ ਪੰਜਾਬੀ ਆਚਰਨ ਵਿਚਲੇ ਉਪਰੋਕਤ ਲੱਛਣਾਂ ਦਾ ਪਿਛੋਕੜ ਅਸੀਰੀਆਈ, ਹੂਨ, ਗੁੱਜਰ ਅਤੇ ਅਹੀਰਾਂ ਨਾਲ ਸੰਪਰਕ ਵਿਚ ਦੇਖਿਆ ਜਾ ਸਕਦਾ ਹੈ। ਇਹ ਸਾਰੇ ਇਥੇ ਆਉਣ ਤੋਂ ਪਹਿਲਾਂ ਬਹੁਤ ਬਹਾਦਰ, ਸਗੋਂ ਜ਼ਾਲਮ ਸਨ, ਪਰ ਪੰਜਾਬ ਆਉਂਦਿਆਂ ਹੀ ਸਥਿਰ ਜੀਵਨ ਬਿਤਾਉਣ ਦੀ ਸੰਭਾਵਨਾ, ਸੁਖਾਵੇ ਭੂਗੋਲਿਕ ਮਾਹੌਲ ਅਤੇ

ਭਾਰਤੀ ਫਲਸਫੇ ਨੇ ਇਹਨਾਂ ਨੂੰ ਕੀਲ ਕੇ ਬਿਠਾ ਲਿਆ। ਇਹਨਾਂ ਦੇ ਖੂਨ ਦੀ ਗਰਮੀ ਤਾਂ ਕਾਇਮ ਰਹੀ, ਪਰ ਜ਼ੁਲਮ ਦੀ ਥਾਂ ਇਸ ਨੇ ਬਹਾਦਰੀ ਅਤੇ ਪਿਆਰ ਵੱਲ ਮੋੜਾ ਕੱਟਿਆ। 1 . ਆਰੀਆ ਤੋਂ ਮਗਰੋਂ ਇਸਲਾਮ ਦੀ ਆਮਦ ਸਭਿਆਚਾਰੀਕਰਨ ਦੀ ਦ੍ਰਿਸ਼ਟੀ ਤੋਂ ਪੰਜਾਬ ਲਈ ਸਭ ਤੋਂ ਵੱਧ ਮਹੱਤਵਪੂਰਨ ਘਟਨਾ ਹੈ। ਮੁਸਲਮਾਨਾਂ ਤੋਂ ਪਹਿਲਾਂ ਜਿੰਨੇ ਵੀ ਹਮਲਾਵਰ ਆਉਂਦੇ ਰਹੇ, ਉਹ ਜਾਂ ਤਾਂ ਕੁਝ ਸਮੇਂ ਪਿਛੋਂ ਵਾਪਸ ਹੋ ਜਾਂਦੇ ਰਹੇ, ਜਾਂ ਫਿਰ ਸਥਾਨਕ ਵਸੋਂ ਨਾਲ ਇਕਮਿਕ ਹੋ ਕੇ ਰਹਿ ਗਏ। ਪਰ ਮੁਸਲਮਾਨਾਂ ਨੇ ਭਾਰਤ ਨੂੰ ਆਪਣਾ ਹੀ ਘਰ ਬਣਾ ਲਿਆ। ਆਪਣੀ ਨਿਵੇਕਲਤਾ ਵੀ ਕਾਇਮ ਰੱਖੀ ਅਤੇ ਕਈ ਸਥਾਨਕ ਵਾਸੀਆਂ ਨੂੰ ਵੀ ਇਸਲਾਮ ਵਿਚ ਸ਼ਾਮਲ ਕਰ ਲਿਆ। ਬਹੁਤ ਸਾਰੀਆਂ ਅਜਿਹੀਆਂ ਗੱਲਾਂ ਹਨ, ਜਿਹੜੀਆਂ ਸਾਡੇ ਸਭਿਆਚਾਰ ਵਿਚ ਮੁਸਲਮਾਨਾਂ ਰਾਹੀਂ ਹੀ ਆਈਆਂ ਹਨ। ਹਿੰਦੂ ਮੱਤ ਅਤੇ ਇਸਲਾਮ ਦੇ ਪ੍ਰਸਾਰ, ਪ੍ਰਭਾਵ ਦਾ ਸਿੱਟਾ ਹੀ ਉਸ ਸੰਸਲੇਸ਼ਣ ਵਿਚ ਨਿਕਲਿਆ, ਜਿਹੜਾ ਭਗਤੀ ਲਹਿਰ ਅਤੇ ਸਿੱਖ ਮੱਤ ਵਜੋਂ ਸਾਹਮਣੇ ਆਇਆ। ਇਸਲਾਮ ਨੇ ਸਾਡੀ ਸਭਿਆਚਾਰਕ ਜ਼ਿੰਦਗੀ ਦੇ ਹਰ ਪੱਖ ਉਤੇ ਪ੍ਰਭਾਵ ਪਾਇਆ। ਲਿਖਤ ਤਾਂ ਪਹਿਲਾਂ ਵੀ ਸਾਡੇ ਕੋਲ ਸੀ। ਪਰ ਸੁਲੇਖਣ ਕਲਾ (Calligraphy) ਅਰਬ ਤੋਂ ਮੁਸਲਮਾਨਾਂ ਰਾਹੀਂ ਸਾਡੇ ਤੱਕ ਪੁੱਜੀ। ਕਾਗਜ਼ ਵੀ ਮੁਸਲਮਾਨਾਂ ਰਾਹੀਂ ਆਇਆ। ਨਿੱਕ-ਮੂਰਤੀ ਕਲਾ ਇਸਲਾਮੀ ਪ੍ਰਭਾਵ ਹੈ। ਸੰਗੀਤ ਦੇ ਖੇਤਰ ਵਿਚ ਰਾਗ (ਖਮਾਜ਼, ਜਿੱਲਾ, ਯਮਨ ਆਦਿ, ਤ (ਕੱਥਕ). ਸਾਜ਼ (ਸਾਗੀ, ਤਾਊਸ, ਅਲਗੋਜ਼ਾ) ਆਦਿ ਇਸਲਾਮੀ ਪ੍ਰਭਾਵ ਹੇਠ ਵਿਗਸੇ। ਪੰਜਾਬੀ ਲਿਬਾਸ ਨੂੰ ਇਸਲਾਮੀ ਦੇਣ ਅਚਕਨ, ਪਜਾਮਾ, ਕੁੜਤਾ, ਚੋਗਾ, ਜਾਮਾ ਆਦਿ ਦੀ ਸ਼ਕਲ ਵਿਚ ਹੈ। ਵਿਦਿਅਕ ਖੇਤਰ ਵਿਚ ਮਦਰਸਿਆਂ ਦੀ ਕਾਇਮੀ ਅਤੇ ਮਜ਼ਮੂਨਾਂ ਦੀ ਵੰਨ-ਸੁਵੰਨਤਾ ਇਸਲਾਮ ਨਾਲ ਹੀ ਆਈ। ਯੂਨਾਨੀ ਚਿਕਿਤਸਾ ਭਾਵੇਂ ਨਾਂ ਕਰਕੇ ਯੂਨਾਨੀ ਹੈ ਪਰ ਸਾਡੇ ਤੱਕ ਇਹ ਅਰਬਾਂ ਰਾਹੀਂ ਹੀ ਪੁੱਜੀ ਹੈ। ਭਵਨ ਨਿਰਮਾਣ ਕਲਾ ਨੂੰ ਵੀ ਮੁਸਲਮਾਨਾਂ ਨੇ ਕਈ ਸ਼ਾਹਕਾਰ ਉਸਾਰੀਆਂ ਦਿੱਤੀਆਂ। ਵਿਸ਼ਾਲ ਖੇਤਰ ਉਪਰ ਫੈਲੇ ਹੋਏ, ਝਰਨਿਆਂ ਅਤੇ ਫੁਹਾਰਿਆਂ ਨਾਲ ਸਜੇ ਹੋਏ, ਫੁੱਲਾਂ ਅਤੇ ਫੁੱਲਾਂ ਨਾਲ ਲੱਦੇ ਹੋਏ ਬਾਗਾਂ ਦਾ ਜਾਲ ਵੀ ਮੁਗਲ ਸੁਹਜ-ਸੁਆਦ ਦੀ ਉਪਜ ਸੀ। ਭਾਸ਼ਾ ਦੇ ਪੱਖੋਂ ਜਿਥੇ ਅਰਬੀ ਅਤੇ ਫਾਰਸੀ ਦੀ ਸ਼ਬਦਾਵਲੀ ਨੇ ਸਾਡੀ ਭਾਸ਼ਾ ਨੂੰ ਅਮੀਰ ਕੀਤਾ, ਉਥੇ ਉਰਦੂ ਵਰਗੀ ਜ਼ੁਬਾਨ ਨੂੰ ਜਨਮ ਵੀ ਦਿੱਤਾ, ਜਿਹੜੀ ਹੋਰ ਸਥਾਨਕ ਭਾਸ਼ਾਵਾਂ ਦੇ ਨਾਲ, ਮਗਰੋਂ ਜਾ ਕੇ ਪੰਜਾਬੀ ਮਾਨਸਿਕਤਾ ਦੇ ਪ੍ਰਗਟਾਅ ਦਾ ਇਕ ਜ਼ੋਰਦਾਰ ਮਾਧਿਅਮ ਬਣ ਗਈ।

ਤੀਜਾ ਸਭ ਤੋਂ ਵੱਡਾ ਸੋਮਾ ਅੰਗਰੇਜ਼ੀ ਸੰਪਰਕ ਸੀ, ਜਿਸ ਨਾਲ ਸਾਰਾ ਪੱਛਮ ਸਾਨੂੰ ਪ੍ਰਭਾਵਿਤ ਕਰਨ ਲਈ ਉਮਲ ਪਿਆ। ਅੰਗਰੇਜ਼ਾਂ ਦਾ ਸ਼ੁਰੂ ਤੋਂ ਹੀ ਮੰਤਵ ਇਥੇ ਵਸਣਾ ਨਹੀਂ ਸੀ, ਸਗੋਂ ਇਥੋਂ ਦਾ ਧਨ ਲੁੱਟ ਕੇ ਪਿੱਛੇ ਆਪਣੇ ਦੇਸ਼ ਨੂੰ ਭੇਜਣਾ ਸੀ। ਸਾਡੀ ਅਸਲੀ ਗੁਲਾਮੀ ਅੰਗਰੇਜ਼ਾਂ ਦੇ ਆਉਣ ਨਾਲ ਸ਼ੁਰੂ ਹੋਈ ਤਾਂ ਵੀ ਅੰਗਰੇਜ਼ਾਂ ਨਾਲ ਸੰਪਰਕ ਨੇ ਸਾਡੇ ਸਭਿਆਚਾਰ ਵਿਚ ਕਈ ਬੁਨਿਆਦੀ ਖਾਸੇ ਵਾਲੀਆਂ ਤਬਦੀਲੀਆਂ ਲਿਆਂਦੀਆਂ। ਪੱਛਮ ਦੀ ਤਾਰਕਿਕ ਸੋਚ ਨੇ ਸਾਨੂੰ ਆਪਣੇ ਸਾਰੇ ਪਿਛੋਕੜ ਉਤੇ ਮੁੜ ਝਾਤ ਮਾਰਨ ਲਈ ਮਜ਼ਬੂਰ ਕੀਤਾ ਅਤੇ ਆਪਣੇ ਵਿਰਸੇ ਦਾ ਪੁਨਰ-ਮੁਲਾਂਕਣ ਕਰਨ ਲੱਗੇ। ਇਸ ਨਾਲ ਪੁਨਰਜਾਗਤੀ ਦੀਆਂ ਉਹ ਸਾਰੀਆਂ ਲਹਿਰਾਂ ਸ਼ੁਰੂ ਹੋਈਆਂ, ਜਿਨ੍ਹਾਂ ਨੇ ਸਾਡੇ ਦਿਸ਼ਟੀਕੋਣ ਅਤੇ ਵਿਸ਼ਵਾਸ ਨੂੰ ਬਦਲ ਦਿੱਤਾ। ਵਿਦਿਅਕ ਪਿੜ ਵਿਚ ਸਾਂਝੇ-ਕ੍ਰਮ ਵਾਲੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਸਥਾਪਨਾ, ਇਹਨਾਂ ਵਿਚ ਵਰਤੋਂ ਲਈ ਆਧੁਨਿਕ ਗਿਆਨ ਨੂੰ ਪੇਸ਼ ਕਰਦੀਆਂ ਪਾਠ-ਪੁਸਤਕਾਂ ਅਤੇ ਉਹਨਾਂ ਨੂੰ ਲਿਖਣ/ਛਾਪਣ ਲਈ ਬੋਰਡਾਂ ਦੀ ਕਾਇਮੀ, ਪੱਛਮ ਦੇ ਸਾਹਿਤ, ਗਿਆਨ ਵਿਗਿਆਨ ਤੱਕ ਸਿੱਧੀ ਰਸਾਈ ਨੇ ਸਾਡੀ ਬੁੱਧੀ ਨੂੰ ਸਿਰਫ਼ ਪ੍ਰਜਵਲਤ ਹੀ ਨਹੀਂ ਕੀਤਾ, ਸਗੋਂ ਖੁਦ ਪ੍ਰਾਪਤੀਆਂ ਕਰਨ ਲਈ ਅੰਕੁਸ਼ ਵੀ ਲਾਇਆ। ਕੌਮੀ ਜਾਗਤੀ, ਆਜ਼ਾਦੀ, ਲੋਕਰਾਜ ਆਦਿ ਵਰਗੇ ਸੰਕਲਪ ਸਾਹਮਣੇ ਆਏ। ਆਰਥਕ ਖੇਤਰ ਵਿਚ ਅੰਗਰੇਜਾਂ ਰਾਹੀਂ ਆਈਆਂ ਸਾਰੀਆਂ ਮਾੜੀਆਂ (ਸਥਾਨਕ ਦਸਤਕਾਰੀ ਦਾ ਖਾਤਮਾ ਆਦਿ), ਚੰਗੀਆਂ (ਰੇਲਾਂ ਦੀ ਕਾਇਮੀ, ਕਾਰਖਾਨੇਦਾਰੀ, ਸਾਂਝੀ ਮੁਦਰਾ ਪ੍ਰਣਾਲੀ, ਟੈਕਸ ਪ੍ਰਣਾਲੀ ਆਦਿ ਤਬਦੀਲੀਆ ਨੇ, ਸਾਰੇ ਦੇਸ਼ ਲਈ ਇਕ ਸਾਂਝੀ ਨਿਆਂਪ੍ਰਣਾਲੀ ਦੀ ਕਾਇਮੀ ਨੇ ਉਪਰੋਕਤ ਸਾਰੀਆਂ ਗੱਲਾਂ ਨਾਲ ਮਿਲ ਕੇ ਸਾਡੇ ਸਮਾਜ ਅਤੇ ਸਾਡੀ ਸੋਚਣੀ ਨੂੰ ਜੜੋ ਹਿਲਾ ਕੇ ਰੱਖ ਦਿੱਤਾ।

ਸਾਡੀ ਸੋਚਣੀ ਅਤੇ ਸਭਿਆਚਾਰ ਵਿਚਲੇ ਹੋਰ ਬਹੁਤ ਸਾਰੇ ਅੰਸ਼ ਅੰਗਰੇਜ਼ਾਂ ਰਾਹੀਂ ਸਾਡੇ ਤੱਕ ਪੁਜੇ ਹਨ। ਫ਼ਰਾਂਸੀਸੀ ਪ੍ਰਬੰਧਕਾਰੀਆਂ ਅਤੇ ਵੀਹਵੀਂ ਸਦੀ ਵਿਚ ਰਾਸੀਸੀ ਅਸਤਿਤਵਵਾਦੀਆਂ ਦਾ ਪ੍ਰਭਾਵ, ਜਰਮਨੀ ਦੇ ਮਾਰਕਸ ਅਤੇ ਏਂਗਲਜ਼ ਦਾ, ਗੈਟੇ ਅਤੇ ਬਰੈਖ਼ਤ ਦਾ, ਰੂਸ ਦੇ ਟਾਲਸਟਾਏ, ਦਸਤੋਵਸਕੀ, ਗੋਰਕੀ, ਲੈਨਿਨ ਦਾ, ਨਾਰਵੇ ਦੇ ਇਬਸਨ ਦਾ, ਆਇਰਲੈਂਡ ਦੇ ਬਰਨਾਰਡ ਸ਼ਾਅ ਦਾ ਅਤੇ ਹੋਰ ਕਈ ਪ੍ਰਭਾਵ ਅੰਗਰੇਜ਼ੀ ਰਾਹੀਂ ਹੀ ਸਾਡੇ ਤੱਕ ਪੁੱਜੇ ਹਨ। ਪੰਜਾਬੀ ਚਿੱਤਰਕਲਾ ਦਾ ਵਿਅਕਤੀਗਤ ਅਤੇ ਸੰਸਥਾਈ ਰੂਪ ਵਿਚ ਵਿਕਾਸ ਅੰਗਰੇਜ਼ੀ ਅਸਰ ਹੇਠ ਹੀ ਹੋਇਆ ਹੈ। ਸਾਡੇ ਲਿਬਾਸ, ਖਾਣ ਪੀਣ ਦੀ ਸਮੱਗਰੀ ਅਤੇ ਢੰਗ, ਰਹਿਣ-ਸਹਿਣ ਦੇ ਢੰਗ-ਤਰੀਕਿਆਂ, ਸਮਾਜਕ ਵਰਤ-ਵਿਹਾਰ ਸਭ ਨੂੰ ਅੰਗਰੇਜ਼ੀ ਸੰਪਰਕ ਨੇ ਕੁਝ ਨਾ ਕੁਝ ਨਵਾਂ ਦਿੱਤਾ ਹੈ।

ਸਭਿਆਚਾਰੀਕਰਨ ਦਾ ਅਮਲ ਹੋਰ ਵੀ ਵਿਸ਼ਾਲ ਅਤੇ ਸੰਸਾਰ ਵਿਆਪੀ ਹੋ ਗਿਆ ਹੈ। ਟੈਲੀਵਿਯਨ ਕੰਪਿਊਟਰ ਦੇ ਆਉਣ ਮਗਰੋਂ, ਅੱਜ ਅਸੀਂ ਐਸੇ ਸਭਿਆਚਾਰਾਂ ਦੇ ਵੀ ਕਈ ਅੰਸ਼ ਗ੍ਰਹਿਣ ਕਰ ਰਹੇ ਹਾਂ, ਜਿਨ੍ਹਾਂ ਨਾਲ ਸਾਡਾ ਸਿੱਧਾ ਵਾਹ ਨਹੀਂ। ਇਹਨਾਂ ਵਿਚ ਉੱਨਤ ਸਭਿਆਚਾਰਾਂ ਤੋਂ ਇਲਾਵਾ ਵਿਕਾਸ ਕਰ ਰਹੇ ਨਵ-ਉਮਰ ਕੌਮਾਂ ਦੇ ਸਭਿਆਚਾਰਾਂ ਦੇ ਅੰਸ਼ ਵੀ ਸ਼ਾਮਲ ਹਨ। ਇਸ ਲਈ ਅੱਜ ਦੇ ਜ਼ਮਾਨੇ ਵਿਚ ਆਪਣੇ ਸਭਿਆਚਾਰਾਂ ਦੀ ਵਿਸ਼ੇਸ਼ ਸੰਰਚਨਾ ਬਾਰੇ ਚੇਤਨਤਾ ਬਹੁਤ ਜ਼ਰੂਰੀ ਹੈ ਤਾਂ ਕਿ ਬਾਹਰੋਂ ਮਿਲਦੇ ਅੰਸ਼ ਅਸੀਂ ਆਪਣੇ ਸਭਿਆਚਾਰਾਂ ਦੀ ਸੰਰਚਨਾ ਦੇ ਮੁਤਾਬਕ ਢਾਲ ਕੇ ਅਪਣਾ ਸਕੀਏ। ਨਹੀਂ ਤਾਂ ਨਵੇਂ ਸੰਪਰਕਾਂ ਅਤੇ ਇਹਨਾਂ ਤੋਂ ਆਉਂਦੇ ਨਵੇਂ ਅੰਸ਼ਾ ਦੇ ਰੋਹੜ ਵਿਚ ਆਪਣੀ ਸਭਿਆਚਾਰਕ ਪਛਾਣ ਦਾ ਪੱਲਾ ਛੁੱਟਣ ਦਾ ਖ਼ਤਰਾ ਹੋ ਸਕਦਾ ਹੈ।

## ਸਾਰਾਂਸ਼

ਪੰਜਾਬੀ ਸਭਿਆਚਾਰ ਦੀ ਪਛਾਣ ਦਾ ਇਕ ਮਹੱਤਵਪੂਰਨ ਪਾਸਾਰ ਇਸਦੇ ਨਸਲੀ ਪਿਛੋਕੜ, ਬਣਤਰ ਅਤੇ ਸਰੂਪ ਦਾ ਹੈ। ਪੰਜਾਬੀ ਸਭਿਆਚਾਰ ਦੇ ਹੋਂਦਮੂਲਕ ਪੰਜਾਬੀ ਸ਼ਖ਼ਸੀਅਤ ਦੇ ਖਾਸੇ ਮੂਲ ਮਾਨਸਿਕ ਸਰੰਚਨਾ ਤੇ ਪੰਜਾਬੀ ਨਕਸ਼ ਇਸ ਨਸਲੀ ਸੰਗਮ ਦੇ ਅਹਮ ਵਰਤਾਰੇ ਹਨ। ਪੰਜਾਬ ਦੇ ਪ੍ਰਾਚੀਨ ਰਾਜਸੀ ਇਤਿਹਾਸ ਖਾਸਕਰ ਪੂਰਵ ਦਰਾਵੜ ਦੌਰ ਸੰਬੰਧੀ ਸਾਡੇ ਸ੍ਰੋਤ ਸਿਰਫ ਆਵਸ਼ੇਸ਼ਾਂ ਤੇ ਆਧਾਰਿਤ ਹੋਣ ਕਾਰਨ ਇਸਦੇ ਨਸਲੀ ਪਿਛੋਕੜ ਬਾਰੇ ਪ੍ਰਮਾਣਿਕ ਨਿਰਣਾ ਕਰਨਾ ਕਾਫ਼ੀ ਔਖਾ ਹੈ। ਪਹਿਲੇ ਬਾਸ਼ਿੰਦੇ ਆਦਿ, ਆਸਟਰਿਕ, ਫਿਰ ਦਰਾਵੜੀ ਨਸਲ ਦੇ ਹੀ ਮੰਨੇ ਜਾਂਦੇ ਹਨ। ਦਰਾਵੜਾਂ ਦੀ ਸਿੰਧ ਘਾਟੀ ਸਭਿਅਤਾ ਆਪਣੇ ਸਮੇਂ ਦੀ ਇਸ ਵਿਕਸਿਤ ਨਗਰ ਸਭਿਅਤਾ ਸੀ। ਸਿੰਧ ਘਾਟੀ ਦੀ ਸਭਿਅਤਾ ਦੀ ਉਚਿਤ ਪਛਾਣ ਅਤੇ ਪ੍ਰਮਾਣਿਕ ਰੂਪ ਤਾਂ ਸਿਰਫ ਖੁਦਾਈ ਉਪਰੰਤ ਪ੍ਰਾਪਤ ਪੁਰਾਣੀਆਂ ਲੱਭਤਾਂ ਤੋਂ ਪ੍ਰਾਪਤ ਹੋਈ ਹੈ। ਜਿਸਤੋਂ ਇਸਦੇ ਅਤਿ ਵਿਕਸਿਤ ਨਗਰੀ ਚੰਗੇਰੀਆਂ ਸਹੂਲਤਾਂ ਵਾਲੇ, ਸੁਨਿਯਮਿਤ ਵਿਉਂਤ ਅਤੇ ਵਡੇਰੇ ਖੇਤਰਾਂ ਵਿਚ ਪਸਰੇ ਹੋਣ ਦੇ ਪ੍ਰਮਾਣ ਉਪਲਬਧ ਹਨ।

ਪੰਜਾਬੀ ਸਭਿਆਚਾਰ ਦੇ ਪ੍ਰਸੰਗ ਵਿਚ ਮਹੱਤਵਪੂਰਨ ਤੱਥ ਇਹ ਹੈ ਕਿ ਬ੍ਰਾਹਮਣੀ ਸਭਿਆਚਾਰ ਬਣਤਰ ਵਿਚ ਨਿਮਨ ਸ਼੍ਰੇਣੀਆਂ ਨਾਲ ਇਨ੍ਹਾਂ ਦੇ ਮਿਲਣ ਦੀ ਪ੍ਰਕਿਰਿਆ ਨੂੰ ਰੱਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਦਾਸ ਬਣਾ ਕੇ ਰੱਖੇ ਉਪਵਰਗਾਂ ਨੂੰ ਹੀ ਸਹਿਜੇ ਸਹਿਜੇ ਅਤਿ ਨੀਵਾਂ ਰੁਤਬਾ, ਜ਼ਾਲਮਾਨਾ ਵਹਿਸ਼ਤ ਭਰਿਆ ਵਿਹਾਰ ਕਠੋਰ ਬੰਧਨਮਈ ਜੀਵਨ ਵਿਚ ਨਰੜਿਆ ਗਿਆ ਹੈ। ਪੰਜਾਬੀ ਸਭਿਆਚਾਰ ਦਾ ਕੇਂਦਰੀ ਪ੍ਰੇਰਣਾ ਸਰੋਤ ਰਿਗਵੈਦਿਕ ਆਰਿਆਈ ਪਰੰਪਰਾ ਹੈ। ਪੰਜਾਬੀ ਸਭਿਆਚਾਰ ਪ੍ਰਤੀ ਸਹੀ ਇਤਿਹਾਸਿਕ ਦ੍ਰਿਸ਼ਟੀ ਦਾ ਪ੍ਰਮਾਣ ਨਹੀਂ। ਪੰਜਾਬੀ ਸਭਿਆਚਾਰ ਦਾ ਉਦੈ ਉੱਤਰ-ਹੜੱਪਾ ਯੁਗ ਵਿਚ ਪੰਜਾਬ ਦੇ ਆਰਿਆਈਕਰਣ ਤੋਂ ਸ਼ੁਰੂ ਹੁੰਦਾ, ਇਹ ਧਾਰਨਾ ਪੰਜਾਬੀ ਸਭਿਆਚਾਰ ਦੇ ਇਤਿਹਾਸਕ ਵਿਕਾਸ, ਮੂਲ ਖਾਸੇ, ਬਣਤਰ ਅਤੇ ਕੀਮਤ-ਪ੍ਰਬੰਧ ਦੀ ਦ੍ਰਿਸ਼ਟੀ ਤੋਂ ਤਰਕਸੰਗਤ ਅਤੇ ਉਚਿਤ ਨਹੀਂ। ਭਾਰਤੀ ਸਭਿਆਚਾਰ ਬਣਤਰ ਵਿਚੋਂ ਹੀ ਜਨਮਿਆਂ ਵਿਕਸਿਆ ਹੈ, ਪਰ ਇਹ ਪੁਰਾਣੀ ਸਭਿਆਚਾਰਕ ਬਣਤਰ ਨਾਲ ਬੁਨਿਆਦੀ ਟਾਕਰਾ, ਕਠੋਰ ਸੰਘਰਸ਼ ਤੇ ਰੱਦਣ ਦੇ ਅਮਲ ਵਿਚੋਂ ਹੀ ਨਵਾਂ ਮੁਹਾਂਦਰਾ ਘੜਦਾ ਹੈ।

## ਕੇਂਦਰੀ ਸ਼ਬਦ

- **ਸਪਤ ਸਿੰਧੂ** ਤੋਂ ਭਾਵ ਹੈ ਸੱਤਾਂ ਦਰਿਆਵਾਂ ਦੀ ਧਰਤੀ। ਰਿਗਵੇਦ ਵਿੱਚ ਇਹਨਾਂ ਸੱਤਾਂ ਦਰਿਆਵਾਂ-ਸਿੰਧ, ਜਿਹਲਮ, ਙਨਾਂ, ਰਾਵੀ, ਸਤਲੁਜ, ਬਿਆਸ ਅਤੇ ਸਰਸਵਤੀ ਦਾ ਜ਼ਿਕਰ ਬਾਰ-ਬਾਰ ਕੀਤਾ ਗਿਆ ਹੈ।
- **ਆਰੀਆ** ਮੱਧ ਏਸ਼ੀਆ ਵਿਚੋਂ ਭਾਰਤ ਵਿਚ ਆਈ ਇਕ ਪ੍ਰਾਚੀਨ ਜਾਤੀ।
- **ਅਸ਼ਟਾਧਿਆਏ** ਵਿਆਕਰਣ ਦੇ ਪਿਤਾਮਾ ਮਹਾਂਰਿਸ਼ੀ ਪਾਣਿਨੀ ਦੁਆਰਾ ਰਚਿਤ ਵਿਆਕਰਣ ਦੀ ਪੁਸਤਕ।

## ਸਵੈ-ਮੁਲਾਂਕਣ

**ਪ੍ਰਸ਼ਨ 1. ਸਮਾਜ ਦੀ ਮੂਲ ਇਕਾਈ ਕੀ ਹੈ?**

ੳ) ਵਿਅਕਤੀ

ਅ) ਪਰਿਵਾਰ

ੲ) ਪਿੰਡ

ਸ) ਸਮਾਜ

**ਪ੍ਰਸ਼ਨ 2. ਮੂਲ ਪਰਿਵਾਰ ਵਿੱਚ ਕਿੰਨੀ ਕਿਸਮ ਦੇ ਰਿਸ਼ਤੇ ਮਿਲਦੇ ਹਨ?**

ੳ) ਅੱਠ ਕਿਸਮ ਦੇ

ਅ) ਪੰਜ ਕਿਸਮ ਦੇ

ੲ) ਚਾਰ ਕਿਸਮ ਦੇ

ਸ) ਕੋਈ ਗਿਣਤੀ ਨਹੀਂ

**ਪ੍ਰਸ਼ਨ 3. ਬਹੁ-ਪਤਨੀ ਜਾਂ ਬਹੁ-ਪਤੀ ਪਰਿਵਾਰ ਕਿਸ ਸ੍ਰੈਣੀ ਵਿਚ ਆਉਂਦਾ ਹੈ?**

ੳ) ਇਕਹਿਰਾ ਪਰਿਵਾਰ

ਅ) ਸੰਯੁਕਤ ਪਰਿਵਾਰ

ੲ) ਪੁਰਾਤਨ ਪਰਿਵਾਰ

ਸ) ਵਿਅਕਤੀਗਤ ਪਰਿਵਾਰ

**ਪ੍ਰਸ਼ਨ 4. ਪੁਰਾਤਨ ਪੰਜਾਬੀ ਪਰਿਵਾਰ ਦੀ ਵਿਸ਼ੇਸ਼ਤਾ ਹੈ:**

ੳ) ਇਕਹਿਰਾ ਪਰਿਵਾਰ

ਅ) ਸੰਯੁਕਤ ਪਰਿਵਾਰ

ੲ) ਔਰਤ ਪ੍ਰਧਾਨ ਪਰਿਵਾਰ

ਸ) ਇਕਹਿਰਾ ਅਤੇ ਸੰਯੁਕਤ ਪਰਿਵਾਰ

**ਪ੍ਰਸ਼ਨ 5. ਪੰਜਾਬੀ ਪਰਿਵਾਰ ਵਿਚ ਵਾਰਿਸ ਨਿਸ਼ਚਿਤ ਕਰਨ ਦਾ ਪਰੰਪਰਾਗਤ ਅਧਾਰ ਕੀ ਹੈ?**

ੳ) ਸਕਾ ਤੇ ਜੇਠਾ ਪੁੱਤਰ ਦਾ ਅਧਾਰ

ਅ) ਘਰ ਦੇ ਪੁੱਤਰ ਦਾ ਅਧਾਰ

ੲ) ਖ਼ੂਨ ਦੇ ਸੰਬਧ ਦਾ ਅਧਾਰ

ਸ) ਲਿੰਗਕ ਅਧਾਰ

**ਪ੍ਰਸ਼ਨ 6. ਪੰਜਾਬੀ ਰਿਸ਼ਤਾ-ਪ੍ਰਣਾਲੀ ਦੇ ਮੂਲ ਅਧਾਰ ਕਿਹੜੇ ਹਨ?**

ੳ) ਦਾਦਕੇ-ਕੁੜਮ

ਅ) ਦਾਦਾ-ਪਿਤਾ

ੲ) ਪਿਉ-ਪੁੱਤਰ

ਸ) ਦਾਦਕੇ-ਨਾਨਕੇ

**ਪ੍ਰਸ਼ਨ 7. ਸਾਕਦਾਰੀ ਸੰਬੰਧਾਂ ਦਾ ਮੁੱਖ ਅਧਾਰ ਹਨ:**

ੳ) ਜਿਣਸੀ ਸੰਬੰਧ

ਅ) ਜਾਤੀਗਤ ਸੰਬੰਧ

ੲ) ਕੁੜਮਾਚਾਰੀ ਸੰਬੰਧ

ਸ) ਖ਼ੂਨ ਦੇ ਸੰਬੰਧ

**ਪ੍ਰਸ਼ਨ 8. ਖ਼ੂਨ ਦੁਆਰਾ ਸਿਰਜਤ ਰਿਸ਼ਤਿਆਂ ਦਾ ਕਿਹੜਾ ਜੁੱਟ ਸਹੀ ਹੈ?**

ੳ) ਨੂੰਹ-ਸੱਸ

ਅ) ਪਤੀ-ਪਤਨੀ

ੲ) ਭੈਣ-ਭਾਈ

ਸ) ਜੇਠ-ਭਰਜਾਈ

**ਪ੍ਰਸ਼ਨ 9. ਪੰਜਾਬੀ ਸਮਾਜ ਦੀ ਰਿਸ਼ਤਾ-ਪ੍ਰਣਾਲੀ ਸੰਬਧੀ ਕੀ ਸਹੀ ਹੈ?**

ੳ) ਦਾਦਕੇ ਧਿਰ ਦੇ ਹੱਕ ਵਧੇਰੇ ਫਰਜ਼ ਥੋੜ੍ਹੇ ਹਨ।

ਅ) ਨਾਨਕੇ ਧਿਰ ਦੇ ਹੱਕ ਵਧੇਰੇ ਫਰਜ਼ ਥੋੜ੍ਹੇ ਹਨ।

ੲ) ਨਾਨਕੇ ਧਿਰ ਦੇ ਫਰਜ਼ ਅਤੇ ਹੱਕ ਥੋੜ੍ਹੇ ਹਨ।

ਸ) ਨਾਨਕੇ ਤੇ ਦਾਦਕੇ ਧਿਰਾਂ ਵਿਚ ਹੱਕ ਅਤੇ ਫਰਜ਼ ਬਰਾਬਰ ਹਨ।

**ਪ੍ਰਸ਼ਨ 10. ਵਿਆਹ ਦੁਆਰਾ ਸਿਰਜਤ ਰਿਸ਼ਤਿਆਂ ਦਾ ਕਿਹੜਾ ਜੁੱਟ ਸਹੀ ਹੈ?**

ੳ) ਨੂੰਹ-ਸੱਸ

ਅ) ਜੇਠ-ਦਰਾਣੀ

ੲ) ਭੈਣ-ਧੀ

ਸ) ਜੇਠ-ਸੱਸ

**ਪ੍ਰਸ਼ਨ 11. ਪਰਿਵਾਰ ਦੇ ਮੈਂਬਰਾਂ ਵਿੱਚ.... ਸਬੰਧਾਂ ਦਾ ਹੋਣਾ ਲਾਜ਼ਮੀ ਹੈ।**

ੳ) ਵਿਆਹ ਅਤੇ ਜਿਣਸੀ

ਅ) ਵਿਆਹ ਅਤੇ ਧਾਰਮਿਕ

ੲ) ਖ਼ੂਨ ਅਤੇ ਜਾਤੀਗਤ

ਸ) ਖ਼ੂਨ ਅਤੇ ਨਸਲੀ

**ਪ੍ਰਸ਼ਨ 12. ਕੁੜਮਚਾਰੀ ਸੰਬੰਧਾਂ ਦਾ ਮੁੱਖ ਅਧਾਰ ਹਨ:**

ੳ) ਜਿਣਸੀ ਸੰਬੰਧ

ਅ) ਜਾਤੀਗਤ ਸੰਬੰਧ

ੲ) ਵਿਆਹ ਸੰਬੰਧ

ਸ) ਖ਼ੂਨ ਦੇ ਸੰਬੰਧ

**ਪ੍ਰਸ਼ਨ 13. ਪੁਰਾਤਨ ਪੰਜਾਬ ਦੇ ਪਿੰਡਾਂ ਦੀ ਵਿਸ਼ੇਸਤਾ ਹੈ:**

ੳ) ਪਿਆਰ ਵਿਆਹ ਦੀ ਪ੍ਰਥਾ

ਅ) ਹੁਨਰ ਅਧਾਰਤ ਕੰਮ-ਧੰਦੇ

ੲ) ਅੰਤਰ-ਜਾਤੀ ਵਿਆਹ

ਸ) ਆਤਮ ਨਿਰਭਰਤਾ

**ਪ੍ਰਸ਼ਨ 14. ਪੁਰਾਤਨ ਸਮੇਂ ਪਿੰਡ ਦਾ ਦਰਵਾਜ਼ਾ ਕਿਸ ਦਿਸ਼ਾ ਵੱਲ ਰੱਖਣ ਦਾ ਰਿਵਾਜ਼ ਪ੍ਰਚਿਲਤ ਸੀ?**

ੳ) ਪੂਰਬ ਦਿਸ਼ਾ

ਅ) ਪੱਛਮ ਦਿਸ਼ਾ

ੲ) ਉੱਤਰ ਦਿਸ਼ਾ

ਸ) ਦੱਖਣ ਦਿਸ਼ਾ

**ਪ੍ਰਸ਼ਨ 15. ਇੱਕੋ ਪਿੰਡ ਦੇ ਅੰਤਰਗਤ ਕਿਸ ਪ੍ਰਕਾਰ ਦੀ ਸਾਂਝ ਦੀ ਮਨਾਹੀ ਹੈ:**

ੳ) ਰੋਟੀ ਦੀ ਸਾਂਝ

ਅ) ਰੀਤੀ ਰਿਵਾਜ਼ ਦੀ ਸਾਂਝ

ੲ) ਵਿਆਹ ਸੰਬੰਧਾਂ ਦੀ ਸਾਂਝ

ਸ) ਵਰਤੋਂ ਵਿਹਾਰ ਦੀ ਸਾਂਝ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਅ** | **2 ੳ** | **3.ਅ** | **4. ਅ** | **5. ੳ** |
| **6. ਸ** | **7. ੲ** | **8. ੲ** | **9. ੳ** | **10. ੳ** |
| **11. ੳ** | **12. ੲ** | **13. ਸ** | **14. ੳ** | **15. ੲ** |

## ਅਭਿਆਸ ਪ੍ਰਸ਼ਨ

1. ਪੰਜਾਬੀ ਸਭਿਆਚਾਰ ਦਾ ਇਤਿਹਾਸ ਉਲੀਕੋ।
2. ਪੰਜਾਬ ਦੀ ਭੂਗੋਲਿਕ ਰੂਪ-ਰੇਖਾ ਉਲੀਕੋ।
3. ਪੰਜਾਬੀ ਸਭਿਆਚਾਰ ਦੇ ਮੂਲ ਸੋਮੇ ਕਿਹੜੇ ਕਿਹੜੇ ਹਨ?
4. ਪੰਜਾਬੀ ਸਭਿਆਚਾਰ ਦੇ ਵਿਦੇਸ਼ੀ ਸੋਮਿਆਂ ਬਾਰੇ ਚਰਚਾ ਕਰੋ।
5. ਪੰਜਾਬੀ ਸਭਿਆਚਾਰ ਦੇ ਭਾਰਤੀ ਸੋਮਿਆਂ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ

ਲਿਮਟਿਡ, ਲੁਧਿਆਣਾ, 1987.

- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.

## ਵੈਬ ਲਿੰਕ

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B8%E0%A9%B1%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%A6%E0%A9%87_%E0%A8%AE%E0%A9%82%E0%A8%B2_%E0%A8%B8%E0%A9%8B%E0%A8%AE%E0%A9%87
  https://punjabipedia.org/topic.aspx?txt=%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0+%28culture%29
- https://sabyachar.com/punjabi-culture/

*Satwant Singh, Lovely Professional University*

# ਅਧਿਆਇ-5 : ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੰਜਾਬੀ ਸਭਿਆਚਾਰ ਦੇ ਲੱਛਣ
4. ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ
5. ਪੰਜਾਬੀ ਸਭਿਆਚਾਰ ਦਾ ਬਦਲਦਾ ਪਰਿਪੇਖ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣਾਂ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੇ ਬਦਲਦੇ ਸਰੂਪ ਨੂੰ ਸਮਝਣਗੇ
- ਪੰਜਾਬੀ ਸਭਿਆਚਾਰ ਨੂੰ ਆਧੁਨਿਕ ਸਮੇਂ ਵਿਚ ਦਰਪੇਸ਼ ਚੁਣੌਤੀਆਂ ਦੀ ਸਮਝ ਹਾਸਿਲ ਕਰਨਗੇ

## ਭੂਮਿਕਾ:

ਸਭਿਆਚਾਰ ਸਰਵ ਵਿਆਪਕ ਹੈ। ਮਨੁੱਖ ਸੰਸਾਰ ਦੇ ਭਾਵੇਂ ਕਿਸੇ ਵੀ ਖਿੱਤੇ ਵਿਚ ਰਹਿ ਰਿਹਾ ਹੋਵੇ ਉਸ ਨੇ ਆਪਣੀ ਲੋੜ ਅਨੁਸਾਰ ਸਭਿਆਚਾਰ ਦੀ ਸਿਰਜਣਾ ਕੀਤੀ ਹੋਈ ਹੈ। ਇਹ ਜਰੂਰੀ ਨਹੀਂ ਕਿ ਜੋ ਲੱਛਣ ਇਕ ਸਭਿਆਚਾਰ ਵਿਚ ਪਾਏ ਜਾਂਦੇ ਉਹ ਸਾਰੇ ਹੀ ਦੂਸਰੇ ਸਭਿਆਚਾਰਾਂ ਵਿਚ ਵੀ ਮਿਲਣੇ ਚਾਹੀਦੇ ਹਨ। ਇਹ ਵੀ ਜਰੂਰੀ ਨਹੀਂ ਕਿ ਜੇਕਰ ਇਕ ਸਭਿਆਚਾਰ ਦੇ ਲੋਕ ਸੱਤ ਰੰਗਾਂ ਦੀ ਪਹਿਚਾਣ ਕਰਦੇ ਹੋਣ ਤਾਂ ਦੂਸਰੇ ਸਭਿਆਚਾਰ ਦੇ ਲੋਕ ਵੀ ਸਤ ਰੰਗਾਂ ਦੀ ਹੀ ਪਛਾਣ ਕਰਦੇ ਹੋਣ। ਉਨਾਂ ਦੀ ਪਹਿਚਾਣ ਤਿੰਨ ਰੰਗਾਂ ਤਕ ਵੀ ਸੀਮਤ ਹੋ ਸਕਦੀ ਹੈ ਅਤੇ ਚਾਲੀ ਰੰਗਾਂ ਦੀ ਪਹਿਚਾਣ ਤੱਕ ਵੀ ਪਸਰ ਸਕਦੀ ਹੈ। ਪੰਜਾਬੀ ਸਭਿਆਚਾਰ ਦੇ ਲੋਕ ਛੱਬੀ ਰੰਗਾਂ ਦੀ ਪਹਿਚਾਣ ਕਰਦੇ ਹਨ ਅਤੇ ਇਹਨਾਂ ਸ਼ਬਦਾਂ ਨੂੰ ਆਪਣੀ ਵਿਵਹਾਰਕ ਵਰਤੋਂ ਵਿਚ ਵਰਤਦੇ ਹਨ। ਇੰਨੀਆਂ ਗਿਣਤੀਆਂ ਦੇ ਮਾਪਣ ਨਾਲ ਸਭਿਆਚਾਰ ਦੀ ਅਮੀਰੀ ਅਤੇ ਗਰੀਬੀ ਨਹੀਂ ਨਾਪੀ ਜਾ ਸਕਦੀ। ਸਭਿਆਚਾਰਕ ਵਾਤਾਵਰਣ ਕਿਸੇ ਵੀ ਸਭਿਆਚਾਰ ਦੇ ਨਿਖੜਵੇਂ ਲੱਛਣਾਂ ਨੂੰ ਉਭਾਰਦਾ ਹੈ। ਸਭ ਤੋਂ ਪਹਿਲਾਂ ਸਭਿਆਚਾਰ ਦੇ ਲੱਛਣਾਂ ਬਾਰੇ ਸੰਖੇਪ ਵਿਚਾਰ ਕੀਤੀ ਗਈ ਹੈ। ਵਿਆਪਕ ਅਤੇ ਨਿਖੜਵੇਂ ਲੱਛਣਾਂ ਦਾ ਅੰਤਰ ਨਿਖੇੜ ਕੀਤਾ ਗਿਆ ਹੈ। ਉਸ ਤੋਂ ਬਾਅਦ ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਚਰਚਾ ਕੀਤੀ ਗਈ ਹੈ।

## ਪੰਜਾਬੀ ਸਭਿਆਚਾਰ ਦੇ ਲੱਛਣ

ਪੰਜਾਬੀ ਸਭਿਆਚਾਰ ਦੇ ਲੱਛਣਾਂ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ:

1. ਭੂਗੋਲਿਕ

2. ਸਮਾਜਿਕ

**1. ਭੂਗੋਲਿਕ ਖੇਤਰ** ਉਸ ਸਭਿਆਚਾਰ ਦੇ ਖੇਤਰ ਨੂੰ ਕਹਿੰਦੇ ਹਨ ਜਿਥੇ ਰਲਦੇ ਮਿਲਦੇ ਸਭਿਆਚਾਰ ਜਾਂ ਉਪ ਸਭਿਆਚਾਰ ਵਿਚਰ ਰਹੇ ਹੋਣ। ਇਹਨਾਂ ਸਭਿਆਚਾਰਾਂ ਵਿਚ ਵਿਲੱਖਣਤਾਵਾਂ ਘੱਟ ਅਤੇ ਸਮਾਨਤਾਵਾਂ ਵਧੇਰੇ ਹੋਣ। ਸਭਿਆਚਾਰ ਦੀ ਪਹਿਚਾਣ, ਸਮਾਜਿਕ ਖੇਤਰ ਦਾ ਪਹਿਰਾਵਾ, ਖਾਣ ਪੀਣ, ਰਹਾਇਸ਼, ਰਸਮਾਂ ਰੀਤਾਂ ਆਦਿ ਸਭਿਆਚਾਰ ਦੇ ਅੰਗਾਂ ਦਾ ਤੁਲਨਾਤਮਕ ਅਧਿਐਨ ਕਰਕੇ ਕੀਤਾ ਜਾਂਦਾ ਹੈ। ਪੰਜਾਬ ਸਭਿਆਚਾਰਕ ਖੇਤਰ ਹੈ। ਇਸ ਵਿਚ ਇਥੋਂ ਦੇ ਭੂਗੋਲ ਨੇ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ ਹੈ।

**2**. **ਸਭਿਆਚਾਰਕ ਖੇਤਰ** ਦਾ ਨਿਰਣਾ, ਸਭਿਆਚਾਰਕ ਅਤੇ ਭੂਗੋਲ ਦੇ ਅੰਤਰ ਸਬੰਧਾਂ ਤੇ ਵੀ ਨਿਰਭਰ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ, ਖਾਣ ਪੀਣ ਬਹੁਤ ਹੱਦ ਤੱਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਕਿਸੇ ਖਿਤੇ ਦੇ ਪ੍ਰਾਪਤ ਜਲਵਾਯੂ ਵਸੀਲੇ ਬਨਸਪਤੀ, ਦਰਿਆ, ਪੌਣ ਪਾਣੀ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਮਾਂਹ ਦੀ ਅਵਸਥਾ, ਜਮੀਨ ਦੀ ਕਿਸਮ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਹਰ ਸਭਿਆਚਾਰ ਵਿਚ ਜਲਵਾਯੂ ਹੁੰਦਾ ਹੈ, ਜ਼ਮੀਨ ਹੇਠ ਪਾਣੀ ਹੁੰਦਾ ਹੈ, ਵਾਤਾਵਰਣ ਹੁੰਦਾ ਹੈ, ਦਰਿਆ ਹੁੰਦੇ ਹਨ। ਪਰ ਇਹ ਵਿਆਪਕ ਹੁੰਦੇ ਹੋਏ ਵੀ ਆਪਣੀ ਵਿਲੱਖਣਤਾ ਬਰਕਰਾਰ ਰੱਖਦੇ ਹਨ।

**3. ਬਾਹਰੀ ਚੌਗਿਰਦਾ,** ਬਾਹਰੀ ਪਰਿਸਥਿਤੀਆਂ ਅਤੇ ਪ੍ਰਭਾਵਾਂ ਰਾਹੀਂ ਸਮਾਜਕ ਜਿੰਦਗੀ ਅਤੇ ਇਸਦੇ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਰਾਜਸਥਾਨ ਦੀ ਖੇਤੀਬਾੜੀ ਵਿਚ ਜੇਕਰ, ਬਾਜਰਾ ਪ੍ਰਮੁਖ ਅਨਾਜ ਹਨ ਇਹ ਉਨਾਂ ਦੇ ਖਾਣ ਪੀਰ ਦਾ ਵੀ ਮੁੱਖ ਆਹਾਰ ਬਣ ਜਾਂਦੇ ਹਨ। ਹਿਮਾਚਲ ਪ੍ਰਦੇਸ਼, ਪੰਜਾਬ ਅਤੇ ਰਾਜਸਥਾਨ ਦੇ ਲੋਕਾਂ ਦੀ ਜੀਵਨ ਸ਼ੈਲੀ ਦੇ ਤੁਲਨਾਤਮਕ ਅਧਿਐਨ ਕਰਕੇ ਅਸੀਂ ਸਹਿਜ ਹੀ ਇਸ ਸਿੱਟੇ ਤੇ ਪਹੁੰਚ ਜਾਂਦੇ ਹਾਂ ਕਿ ਇਹਨਾਂ ਸਭਿਆਚਾਰਾਂ ਵਿਚ ਨਿਖੜਵਾਂ ਲੱਛਣ ਕਿਉਂ ਹੈ।

ਸਭਿਆਚਾਰ ਖੇਤਰ ਧਰਤੀ ਦਾ ਕੋਈ ਸਥਿਤ ਸਭਿਆਚਾਰਕ ਖਿੱਤਾ ਨਹੀਂ ਹੁੰਦਾ। ਇਹ ਸਭਿਆਚਾਰ ਦੇ ਵੱਖ ਵੱਖ ਅੰਗਾਂ ਦੀ ਇਕ ਸਾਪੇਖ ਇਕਾਈ ਹੁੰਦੀ ਹੈ। ਇਕ ਪ੍ਰਸੰਗ ਵਿਚ ਭਾਰਤ ਸਭਿਆਚਾਰਕ ਖੇਤਰ ਬਣ ਸਕਦਾ ਹੈ। ਇਹ ਸਭਿਆਚਾਰਕ ਦੇ ਪ੍ਰਸੰਗ ਵਿਚ ਪੰਜਾਬ ਸਭਿਆਚਾਰਕ ਖੇਤਰ ਬਣ ਸਕਦਾ ਹੈ। ਪਰ ਜਦੋਂ ਪੰਜਾਬੀ ਸਭਿਆਚਾਰ ਖੇਤਰ ਦੀ ਗੱਲ ਕੀਤੀ ਜਾਦੀ ਹੈ ਤਾਂ ਇਹ ਪੰਜਾਬ ਅਤੇ ਨਾਲ ਲੱਗਦੇ ਸਭਿਆਚਾਰਕ ਖੇਤਰਾਂ ਤੱਕ ਹੀ ਸੀਮਤ ਰਖਣੇ ਪੈਂਦੇ ਹਨ।

**ਪੰਜ ਦਰਿਆ** - ਪੰਜਾਂ ਦਰਿਆਵਾਂ ਨੇ ਪੰਜਾਬ ਨੂੰ ਹਰਾ ਭਰਾ ਬਣਾਉਣ ਵਿਚ ਬਹੁਤ ਯੋਗਦਾਨ ਪਾਇਆ ਹੈ ਹੁਣ ਢਾਈ ਦਰਿਆ ਭਾਰਤੀ ਪੰਜਾਬ ਵਿਚ ਅਤੇ ਢਾਈ ਦਰਿਆ ਪੱਛਮੀ ਪੰਜਾਬ (ਪਾਕਿਸਤਾਨ) ਵਿਚ ਵਗਦੇ ਹਨ। ਪਰ ਇਹਨਾਂ ਦੀ ਸਭਿਆਚਾਰਕ ਛਵੀ ਕਾਇਮ ਹੈ। ਇਹ ਸਾਹਿਤ ਅਤੇ ਸਭਿਆਚਾਰ ਦੀ ਪਰੰਪਰਾ ਅਨੁਸਾਰ ਪ੍ਰਤੀਨਿਧਤਾ ਕਰਦੇ ਨ। ਇਹਨਾਂ ਦਰਿਆਵਾਂ ਤੋਂ ਇਲਾਵਾ ਘੱਗਰ ਅਤੇ ਸਰਸਵਤੀ ਦਾ ਵੀ ਪੰਜਾਬ ਦੀ ਲੋਕਧਾਰਾ ਵਿਚ ਉਲੇਖ ਆਉਂਦਾ ਹੈ। ਇਹ ਭਾਵੇਂ ਹੁਣ ਸੀਜਨਲ ਦਰਿਆ ਹੀ ਰਹਿ ਗਏ ਹਨ ਪਰ ਇਹਨਾਂ ਨੇ ਆਪਣੀ ਸਭਿਆਚਾਰਕ ਪਰੰਪਰਾ ਨੂੰ ਹਾਲੀ ਤਕ ਭਾਲਿਆ ਹੋਇਆ ਹੈ।

**ਤਿੰਨ ਦੁਆਬੇ** :- ਪੂਰਬੀ ਪੰਜਾਬ ਵਿਚ ਅਸਲ ਵਿਚ ਦੋ ਦੁਆਬੇ ਹਨ। ਮਾਝਾ ਅਤੇ ਦੁਆਬਾ ਦੋ ਹੋਰ ਇਲਾਕੇ ਸਤਲੁਜ ਦੇ ਉਪਰ ਹਨ ਅਤੇ ਆਪਣੀ ਵਿਲੱਖਣ ਸਭਿਆਚਾਰ ਪਹਿਚਾਣ ਰਖਦੇ ਹਨ। ਉਹ ਹਨ ਮਾਲਵਾ ਅਤੇ ਪੁਆਧ। ਹਨਾਂ ਨੂੰ ਵਧਾ ਕੇ ਕੰਢੀ ਦਾ ਇਲਾਕਾ ਅਤੇ ਭਟਿਆਣਾ ਵੀ ਸ਼ਾਮਲ ਕਰ ਲਿਆ ਜਾਂਦਾ ਹੈ ਕਿਉਂਕਿ ਇਹ ਖਿਤੇ ਵੀ ਬਾਪਣਾ, ਸਭਿਆਚਰਕ ਪ੍ਰਭਾਵ ਪਾਉਂਦੇ ਹਨ।

**ਬਨਸਪਤੀ** :- ਪੰਜਾਬ ਦੀ ਧਰਤੀ ਜਿਆਦਾਤਰ ਖੁਸ਼ਕ ਰਹੀ ਹੈ। ਇਸਨੂੰ ਪਾਣੀ ਦੇ ਸੋਮਿਆਂ ਦੀ ਘਾਟ ਬਣੀ ਹੀ ਹੈ। ਇਸ ਲਈ ਪੰਜਾਬ ਦੀ ਬਨਸਪਤੀ ਵਿਚੋਂ ਅਰਿੰਡ, ਅੱਕ, ਕਰੀਰ, ਜੰਡ, ਢੱਕ, ਬੇਰ, ਕੰਵਾਰ ਗੰਦਲ, ਜਵਾਰ, ਖੜਾ, ਕੰਡਿਆਈ, ਕਿੱਕਰ, ਤੂਤ ਅਤੇ ਬੋਹੜ ਪ੍ਰਭਾਵੀ ਰੱਖ ਰਹੇ ਹਨ। ਇਹਨਾਂ ਦਾ ਲੋਕਧਾਰਾ ਵਿਚ ਵੀ ਵਿਵਰਣ 'ਉਂਦਾ ਹੈ। ਇਸ ਤੋਂ ਇਲਾਵਾ ਡੰਡਾ ਥੋਰ ਦਿੱਤਰਬੋਰ, ਪਿੱਪਲ, ਟਾਹਲੀ ਬਰੋਟਾ ਆਦਿ ਛਾਂ ਵਾਲੇ ਰੁੱਖ ਵੀ ਪੰਜਾਬ ਦੀ ਤਤੀ ਦਾ ਸ਼ਿੰਗਾਰ ਰਹੇ ਹਨ। | ਪਸ਼ੂ ਪੰਛੀ :- ਸਭਿਆਚਾਰ ਵਿਚ ਗਾਂ, ਮੱਝ, ਭੇਡ, ਬੱਕਰੀ ਪ੍ਰਮੁੱਖ ਪਾਲਤੂ ਪਸ਼ੂਆਂ ਵਿਚ ਰਖੇ ਜਾਂਦੇ ਰਹੇ ਹਨ। ਤਾ ਤੇ ਟੱਟੂ ਕੁਝ ਜਾਤਾਂ ਦੇ ਲੋਕ ਉਪਜੀਵਕਾ ਕਮਾਉਣ ਲਈ ਰਖਦੇ ਹਨ। ਕੁੱਤਾ, ਬਿਲੀ, ਸਹਾ, ਕਬੂਤਰ ਆਦਿ ਪਾਲਤੂ ਨਵਰਾਂ ਵਜੋਂ ਪਾਲੇ ਜਾਂਦੇ ਹਨ। | ਪੰਛੀਆਂ ਵਿਚੋਂ ਤੋਤਾ, ਕਬੂਤਰ, ਤਿੱਤਰ ਆਦਿ ਪਾਲਤ ਪੰਛੀਆ ਵਜੋਂ ਪਾਲੇ ਜਾਂਦੇ ਹਨ। ਕੱਕੜ ਅਤੇ ਤਿੱਤਰਾਂ ਮਾਂ ਲੜਾਈਆਂ ਕਰਾਉਣੀਆਂ ਪੰਜਾਬੀ ਲੋਕਾਂ ਦਾ ਸ਼ੌਕ ਰਿਹਾ ਹੈ।

**ਰਾਜਨੀਤਕ ਵੰਡ :-** ਕਿਸੇ ਖਿਤੇ ਦੀ ਰਾਜਨੀਤਕ ਵੰਡ ਅਤੇ ਲੋਕਾਂ ਦੀ ਹਿਜਰਤ ਵੀ ਲੋਕਧਾਰਾ ਅਤੇ ਆਚਾਰ ਦੇ ਅੰਗਾਂ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਪੰਜਾਬ ਦੀ 1947 ਦੀ ਵੰਡ ਨੇ ਪੰਜਾਬੀ ਸਭਿਆਚਾਰ ਨੂੰ ਕਾਫੀ ਵਿਤ ਕੀਤਾ। ਪੰਜਾਬ ਦੇ ਕਈ ਲੋਕ ਨਾਚ ਜਿਨਾਂ

ਵਿਚੋਂ ਸੰਮੀ ਵੀ ਇਕ ਹੈ ਵਿਕੇਂਦਰਤ ਹੋ ਕੇ ਰੁਲ ਗਏ। ਸਭਿਆਚਾਰ । ਲੋਕਧਾਰਾ ਦੀਆਂ ਕਈ ਵੰਨਗੀਆਂ ਵੀ ਅਲੋਪ ਹੋ ਗਈਆਂ। ਹਰਿਆਣਾ ਦੇ ਲੋਕਗੀਤ ਪੰਜਾਬੀ ਲੋਕ ਗੀਤਾਂ ਰਾਹੀਂ

ਵਿਚਰਦੇ ਸਨ ਅਤੇ ਹਰਿਆਣਾ ਦੇ ਲੋਕ ਨਾਚ ਪੰਜਾਬੀ ਲੋਕ ਨਾਚਾਂ ਤੋਂ ਕਾਫੀ ਪ੍ਰਭਾਵਿਤ ਰਹੇ ਸਨ ਪਰ ਪੰਜਾਬ ਤੇ ਆਣਾ ਦੀ ਲੋਕ ਵੰਡ ਨੇ ਇਨਾਂ ਨੂੰ ਪਨਪਣ ਲਈ ਵੀ ਵੱਖਰੇ-ਵੱਖਰੇ ਪਿੜ ਤਿਆਰ ਕਰ ਦਿਤੇ। ਪੁਆਧ ਦਾ ਇਲਾਕਾ ਤਾ ਪਹਿਲਾਂ ਹੀ ਬਹੁਤ ਛੋਟਾ ਸੀ, ਇਸ ਪੱਖੋਂ ਨੁਕਸਾਨ ਵਿਚ ਰਿਹਾ। ਮੌਜੂਦਾ ਪੰਜਾਬ ਦੀ ਰਾਜਭਾਸ਼ਾ ਪੰਜਾਬੀ ਹੈ। ਹਰਿਆਣਾ ਨੇ ਹਿੰਦੀ ਨੂੰ ਦੇਵਨਾਗਰੀ ਲਿਪੀ ਅਧੀਨ ਆਪਣੀ ਭਾਸ਼ਾ ਲਿਆ ਹੈ। ਬੇਸ਼ਕ ਹਰਿਆਣਾ ਵਿਚ ਪੰਜਾਬੀ ਬੋਲਣ ਵਾਲੇ ਬੁਲਾਰਿਆਂ ਦੀ ਗਿਣਤੀ ਚੋਖੀ ਰਹੀ ਹੈ ਪਰ ਰਾਜਨੀਤਕ ਅਧੀਨ ਉਥੋਂ ਦੀ ਦੂਸਰੀ ਭਾਸ਼ਾ ਤੈਲਗ ਰਹੀ ਜਿਸ ਦਾ ਉਥੇ ਕੋਈ ਵੀ ਬੁਲਾਰਾ ਨਹੀਂ। ਇਹ ਵੱਡੀ ਗਲਤੀ ਦਾ ਹੁਣੇ ਸੁਧਾਰ ਹੋਇਆ ਹੈ ਅਤੇ ਹਰਿਆਣੇ ਵਿਚ ਪੰਜਾਬੀ ਨੂੰ ਦੂਸਰੀ ਭਾਸ਼ਾ ਬਣਾਇਆ ਗਿਆ ਹੈ। ਇਸੇ ਤਰਾਂ ਦਿੱਲੀ ਵੀ ਪੰਜਾਬੀ ਨੂੰ ਦੂਸਰੀ ਭਾਸ਼ਾ ਬਣਾਇਆ ਗਿਆ ਹੈ। ਇਸ ਤਰਾਂ ਪੰਜਾਬੀ ਲੋਕਧਾਰਾ ਅਤੇ ਸਭਿਆਚਾਰ ਨੂੰ ਵਿਗਸਣ ਲਈ ਹੋਰ ਖੇਤਰ ਮਿਲਿਆ ਹੈ ਅਤੇ ਇਸਦੇ ਪ੍ਰਸ਼ੰਸਕਾਂ ਦਾ ਦਾਇਰਾ ਵਧਿਆ ਹੈ।

**ਖਾਣਾ** : ਭੂਗੋਲ ਕਿਸੇ ਖਿੱਤੇ ਦਾ ਖਾਣਾ ਪੀਣਾ ਨਿਰਧਾਰਤ ਕਰਦਾ ਹੈ। ਮੌਸਮ ਅਨੁਸਾਰ ਹੀ ਫਸਲਾਂ ਹੁੰਦੀਆਂ ਹਨ ਅਤੇ ਮੌਸਮ ਅਨੁਸਾਰ ਹੀ ਲੋਕ ਆਪਣਾ ਆਹਾਰ ਨਿਸ਼ਚਤ ਕਰਦੇ ਹਨ। ਹਾੜੀ ਦੀਆਂ ਫਸਲਾਂ ਵਿੱਚ ਕਣਕ, , ਛੋਲੇ, ਸਰੋਂ ਅਤੇ ਤਾਰਾ ਮੀਰਾਂ ਦੀ ਖੇਤੀ ਕੀਤੀ ਜਾਂਦੀ ਹੈ। ਇਹ ਅਨਾਜ ਹੀ ਆਮ ਤੌਰ ਤੇ ਖਾਣ ਪੀਣ ਲਈ ਵਰਤੇ ਜਾਂਦੇ ਹਨ।

ਸਾਉਣੀ ਦੀਆਂ ਫਸਲਾਂ ਵਿਚ ਮੱਕੀ, ਜਵਾਰ, ਬਾਜਰਾ ਆਦਿ ਬੀਜੇ ਜਾਂਦੇ ਹਨ। ਸਿਆਲਾਂ ਦੀ ਖੁਰਾਕ ਵਿਚ ਇਹਨਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਇਸ ਤਰਾਂ ਅਸੀਂ ਦੇਖਦੇ ਹਾਂ ਕਿ ਕਿਸੇ ਵੀ ਸਭਿਆਚਾਰ ਦਾ ਖਾਣ ਪੀਣ ਉਸਦੇ ਵਾਤਾਵਰਣ ਤੇ ਕਾਫੀ ਹੱਦ ਤੱਕ ਨਿਰਭਰ ਕਰਦਾ ਹੈ।

**ਪਿੰਡ** :- ਪਿੰਡ ਦੀ ਬਣਤਰ ਵਿਚ ਭਾਵੇਂ ਭਾਰਤਵਰਸ਼ ਵਿਚ ਕਈ ਤਰਾਂ ਦੀਆਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਪਰ ਜਦੋਂ ਸਮਾਜਕ ਅਤੇ ਭੂਗੋਲਿਕ ਅੰਗਾਂ ਨੂੰ ਸਮਾਨ ਰਖਕੇ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ ਤਾਂ ਪੰਜਾਬੀ ਪਿੰਡ ਦੀ ਵੱਖਰੀ ਪਹਿਚਾਣ ਬਣਦੀ ਹੈ। ਵੱਡੇ ਪਿੰਡਾਂ ਦੇ ਨਾਮ ਗੁੜ ਅਤੇ ਪੁਰ ਹਨ, ਛੋਟੇ ਪਿੰਡਾਂ ਨੂੰ ਮਾਰੇ ਕਿਹਾ ਜਾਂਦਾ ਹੈ। ਛੋਟੇ ਵੱਡੇ ਪਿੰਡਾਂ ਦੀ ਪਹਿਚਾਣ ਕਰਨ ਲਈ ਕਲਾਂ ਤੇ ਖੁਰਦ ਦੇ ਨਾਂ ਵੀ ਵਰਤ ਲਏ ਜਾਂਦੇ ਹਨ। ਜਦੋਂ ਕੋਈ ਇਕੱਲਾ ਪਿੰਡ ਬਾਹਰੀ ਹੋਰ ਗੋਤ ਦੇ ਪਿੰਡਾਂ ਨਾਲ ਘਿਰਿਆ ਹੁੰਦਾ ਹੈ ਤਾਂ ਉਸਦਾ ਨਾਂ ਗੋਤ ਤੇ ਹੀ ਰੱਖ ਲਿਆ ਜਾਂਦਾ ਹੈ। ਕਈ ਪਿੰਡਾਂ ਦੇ ਨਾਮ ਜਾਤਾਂ ਤੇ ਹਨ। ਕਈ ਪਿੰਡਾਂ ਦੇ ਨਾਮ ਸਿਰਫ ਅੱਲਾਂ ਤੇ ਪਏ ਹਨ। ਕਈ ਪਿੰਡਾਂ ਦੇ ਨਾਮ ਭੂਗੋਲਿਕ ਸਥਿਤੀਆਂ ਅਨੁਸਾਰ ਹਨ। ਇਹ ਸਾਰੇ ਨਾਮ ਪੰਜਾਬੀ ਪਿੰਡਾਂ ਨੂੰ ਸਥਾਨਕ ਰੰਗ ਪ੍ਰਦਾਨ ਕਰਦੇ ਹਨ ਜਿਸ ਕਰਕੇ ਇਹਨਾਂ ਦੀ ਸਥਾਨਕ ਬਣਤਰ ਉਭਰਦੀ ਹੈ ਅਤੇ ਇਹ ਵਿਲੱਖਣ ਅੰਗ ਵਜੋਂ ਸਥਾਪਤ ਕੀਤੇ ਜਾ ਸਕਦੇ ਹਨ।

ਇਸੇ ਤਰਾਂ ਪਿੰਡਾਂ ਦੀ ਅੰਦਰੂਨੀ ਬਣਤਰ ਵੀ ਵੱਖ ਹੈ। ਵੱਡੇ ਪਿੰਡ ਪੱਤੀਆਂ ਵਿਚ ਵੰਡੇ ਗਏ ਹਨ। ਛੋਟੇ ਪਿੰਡਾਂ ਵਿਚ ਜਾਤਾਂ ਦੀ ਵਸੋਂ ਇਕ ਖਾਸ ਵਿਧੀ ਵਿਧਾਨ ਵਿਚ ਕੀਤੀ ਗਈ ਹੁੰਦੀ ਹੈ। ਪਿੰਡ ਦੀ ਬਣਤਰ ਦਾ ਦੀਰਘ ਅਧਿਐਨ ਇਸਨੂੰ ਇਕ ਨਿਖੜਵੇਂ ਲੱਛਣ ਵਜੋਂ ਸਥਾਪਤ ਕਰਦਾ ਹੈ।

**ਪਰਿਵਾਰ** :- ਪਰਿਵਾਰ ਸਬੰਧ ਸਾਰੇ ਵਿਸ਼ਵ ਭਰ ਵਿਚ ਹੁੰਦੇ ਹਨ। ਬਾਇਓਲੋਜੀਕਲ ਸਬੰਧ ਸਾਰੇ ਸੰਸਾਰ ਵਿਚ ਸਮਾਨ ਹਨ। ਪਰ ਇਹਨਾਂ ਦਾ ਸਭਿਆਚਾਰਕ ਰੋਲ ਬਿਲਕੁਲ ਵੱਖਰਾ ਹੈ। ਅੰਗਰੇਜ਼ੀ ਵਿਚ ਇਕ 'ਅੰਕਲ' ਹੀ ਕਈ ਰਿਸ਼ਤਿਆਂ ਨੂੰ ਪ੍ਰਗਟ ਕਰਦਾ ਹੈ ਪਰ ਪੰਜਾਬੀ ਵਿਚ ਅੰਕਲ ਦੀ ਥਾਂ ਚਾਚਾ, ਤਾਇਆ, ਮਾਮਾ, ਮਾਸੜ, ਫੁੱਫੜ ਆਦਿ ਕਈ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਹ ਰਿਸ਼ਤੇ ਪੰਜਾਬੀ ਸਭਿਆਚਾਰ ਵਿਚ ਨਿਖੇੜੂ ਹਨ। ਇਹਨਾਂ ਦਾ ਸਮਾਜਕ ਤੇ ਸਭਿਆਚਾਰਕ ਕਾਰਜ ਵੱਖਰਾ ਹੈ। ਪਰ ਅੰਗਰੇਜੀ ਸਭਿਆਚਾਰ ਵਿਚ ਇਹਨਾਂ ਦਾ ਕੋਈ ਸਮਾਜਕ ਤੇ ਸਭਿਆਚਾਰਕ ਕਾਰਜ ਨਹੀਂ। ਇਸ ਤਰਾਂ ਜਦੋਂ ਅਸੀਂ ਤਾਮਿਲ ਅਤੇ ਤੇਲਗੂ ਨਾਲ ਤੁਲਨਾ ਕਰਦੇ ਹਾਂ ਤਾਂ ਵੀ ਸਾਡੀ ਪਰਿਵਾਰਕ ਇਕਾਈ ਵਿਲੱਖਣ ਪ੍ਰਤੀਤ ਹੁੰਦੀ ਹੈ। ਇਸ ਲਈ ਪਰਿਵਾਰ ਨੂੰ ਵੀ ਇਕ ਨਿਖੜਵੇਂ ਅੰਗ ਵਜੋਂ ਸਵੀਕਾਰ ਕੀਤਾ ਜਾਂਦਾ ਹੈ।
**ਵਿਆਹ** :- ਵਿਆਹ ਵਿਸ਼ਵ ਭਰ ਦੇ ਸਭਿਆਚਾਰ ਦਾ ਅੰਗ ਸਵੀਕਾਰਿਆ ਹੈ। ਵਿਆਹ ਦੀ ਪ੍ਰਕਿਰਿਆ ਭਾਵੇਂ ਇਕੋ ਹੈ ਕਿ ਇਸ ਪ੍ਰਕਿਰਿਆ ਰਾਹੀਂ ਔਰਤ ਮਰਦ ਦਾ ਸਬੰਧ ਜੁੜਦਾ ਹੈ। ਪਰ ਇਸ ਪ੍ਰਕਿਰਿਆ ਦੇ ਰੰਗ ਅਤੇ ਵਿਧੀਆਂ ਵੱਖੋ-ਵੱਖਰੀਆਂ ਹਨ। ਇਹ ਰੰਗ ਅਤੇ ਵਿਧੀਆਂ ਸਭਿਆਚਾਰ ਦਾ ਵਿਆਹ ਨੂੰ ਇਕ ਵਿਲੱਖਣ ਅੰਗ ਪ੍ਰਵਾਨ ਕਰਵਾਉਦੀਆਂ ਹਨ। ਹਰ ਸਭਿਆਚਾਰ ਵਿਚ ਵਿਆਹ ਦੀਆਂ ਵਿਭਿੰਨ ਵੰਨਗੀਆਂ ਹੁੰਦੀਆਂ ਹਨ। ਕਈ ਸਭਿਆਚਾਰਾਂ ਵਿਚ ਵਿਆਹ ਦੀਆਂ ਇਕ ਤੋਂ ਵਧੇਰੇ ਵੰਨਗੀਆਂ ਹੋ ਸਕਦੀਆਂ ਹਨ। ਪੰਜਾਬੀ ਸਭਿਆਚਾਰ ਵਿਚ ਜੱਟਾਂ 'ਚ ਵਿਆਹ ਦੀਆਂ ਚਾਰ ਵੰਨਗੀਆਂ ਪਾਈਆਂ ਜਾਂਦੀਆਂ ਹਨ। ਇਹ ਚਾਰ ਵੰਨਗੀਆਂ ਬ੍ਰਾਹਮਣਾਂ ਜਾਂ ਬਾਣੀਆਂ ਵਿਚ ਪ੍ਰਚਲਤ ਨਹੀਂ ਹਨ।

**ਤੋਹਫਾ** :- ਇਹ ਰਸਮ ਵੀ ਸੰਸਾਰ ਭਰ ਦੇ ਸਭਿਆਚਾਰਾਂ ਵਿਚ ਪ੍ਰਚਲਤ ਹੈ। ਪਰ ਤੋਹਫੇ ਦੀ ਵੰਨਗੀ ਅਤੇ ਮੌਕਾ ਇਸ ਨੂੰ ਨਿਖੜਵਾਂ ਸਥਾਨ ਪ੍ਰਦਾਨ ਕਰਦੇ ਹਨ। ਤੋਹਫੇ ਦੇਣ ਵਾਲਾ ਵੀ ਅਤੇ ਲੈਣ ਵਾਲਾ ਵੀ ਸਤਿਕਾਰ ਦੇ ਪਾਤਰ ਬਣਦੇ ਹਨ। ਤੋਹਫਾ ਸਿਰਫ ਲਿਆ ਹੀ ਨਹੀਂ ਜਾਂਦਾ ਮੋੜਿਆ ਵੀ ਜਾਂਦਾ ਹੈ। ਜਿਸ ਤਰਾਂ ਪੰਜਾਬੀ ਵਿਆਹ ਵਿਚ ਨਿਉਂਦਾ ਪ੍ਰਚਲਤ ਹੈ ਜਿਹੜੀ ਵਿਸ਼ਵ ਦੇ ਹੋਰ ਬਹੁਤ ਘੱਟ ਸਭਿਆਚਾਰਾਂ ਵਿਚ ਮਿਲਦੀ ਹੈ। ਉਹ ਹੈ ਦਾਨ, ਦਾਨ ਦਿੱਤਾ ਜਾਂਦਾ ਹੈ ਪਰ ਵਾਪਿਸ ਨਹੀਂ ਲਿਆ ਜਾਂਦਾ। ਇਸ ਲਈ ਹੀ ਪੁੰਨ ਦੇ ਵਿਆਹ

ਨੂੰ ਕੰਨਿਆ ਦਾਨ ਕਿਹਾ ਜਾਂਦਾ ਹੈ। ਇਸ ਤੋਂ ਇਲਾਵਾ ਪੰਜਾਬੀ ਸਭਿਆਚਾਰ ਵਿਚ ਦਹੇਜ ਅਤੇ ਸੰਧਾਰਾ ਵੀ ਤੋਹਫਿਆਂ ਵਿਚ ਹੀ ਸਵੀਕਾਰ ਕਰ ਲਿਆ ਜਾਂਦਾ ਹੈ ਅਤੇ , ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣਾਂ ਵਿਚ ਸਵੀਕਾਰ ਕੀਤਾ ਜਾਂਦਾ ਹੈ।

**ਪਹਿਰਾਵਾ** :- ਕਿਹਾ ਜਾਂਦਾ ਹੈ ਕਿ ਕਿਸੇ ਸਭਿਆਚਾਰ ਦਾ ਵਿਅਕਤੀ ਆਪਣੀ ਰਫਤਾਰ, ਗੁਫਤਾਰ ਅਤੇ ਦਸਤਾਰ ਤੋਂ ਪਹਿਚਾਣਿਆ ਜਾਂਦਾ ਹੈ। ਜੇਕਰ ਦੀਰਘ ਅਧਿਐਨ ਕੀਤਾ ਜਾਵੇ ਕਿਸੇ ਸਭਿਆਚਾਰ ਦੇ ਲੋਕ ਜੇਕਰ ਉਹ ਵਿਸ਼ਵ ਵਿਆਪਕ ਪ੍ਰਕਿਰਿਆ ਦਾ ਅੰਗ ਨਹੀਂ ਬਣੇ, ਆਪਣੀ ਵੰਨਗੀ ਬਰਕਰਾਰ ਰਖਦੇ ਹਨ, ਉਹ ਵੀ ਸਭਿਆਚਾਰ ਦੇ ਨਿਖੜਵੇਂ ਅੰਗਾਂ ਵਿਚ ਗਿਣੇ ਜਾਂਦੇ ਹਨ। ਪੰਜਾਬ ਵਿਚ ਵੰਨ ਸਵੰਨੇ ਵਸਤਰ ਪਹਿਨੇ ਜਾਂਦੇ ਹਨ ਪਰ ਜਿਹੜੇ ਵਸਤਰ ਸਭਿਆਚਾਰ ਦੇ ਨਿਖੜਵੇਂ ਅੰਗ ਬਣੇ ਹਨ, ਉਹ ਇਸ ਪ੍ਰਕਾਰ ਹਨ:

**1. ਪੱਗੜੀ:-** ਪੱਗੜੀ ਪੰਜਾਬ ਦੇ ਮਰਦਾਂ ਦੇ ਪਹਿਰਾਵੇ ਦੀ ਖਾਸੀਅਤ ਹੈ। ਇਸ ਨਾਲ ਸਭਿਆਚਾਰਕ ਕੀਮਤਾਂ ਜੁੜੀਆਂ ਹੋਈਆਂ ਹਨ। ਇਹ ਇੱਜਤ ਤੇ ਸਵੈਮਾਣ ਦਾ ਪ੍ਰਤੀਕ ਹੈ।

**2.ਚੁੰਨੀ:-** ਚੁੰਨੀ ਨਾਲ ਔਰਤਾਂ ਆਪਣਾ ਸਿਰ ਢਕਦੀਆਂ ਹਨ। ਇਹ ਪੱਗ ਦੇ ਬਰਾਬਰ ਦੀ ਮਹਾਨਤਾ ਰਖਦੀ ਹੈ। ਇਸ ਨਾਲ ਵੀ ਔਰਤ ਦਾ ਸਵੈਮਾਣ ਜੁੜਿਆ ਹੋਇਆ ਹੈ। ਪੱਗ ਤੇ ਚੁੰਨੀ ਦੇ ਰੰਗ ਵੀ ਆਪਣੇ-ਆਪਣੀ ਮਹੱਤਤਾ ਰਖਦੇ ਹਨ। ਕਈ ਸਿਆਸੀ ਪਾਰਟੀਆਂ ਦੇ ਵਰਕਰ ਵਿਸ਼ੇਸ਼ ਰੰਗ ਦੀ ਪੱਗ ਬੰਨਦੇ ਹਨ। ਵਿਸ਼ੇਸ਼ ਮੌਕਿਆਂ ਤੇ ਵਿਸ਼ੇਸ਼ ਰੰਗ ਦੀ ਪੱਗ ਬੰਨੀ ਜਾਂਦੀ ਹੈ।

ਹੁਣ ਤਾਂ ਸੰਚਾਰ ਦੇ ਵਧਣ ਨਾਲ ਪੱਗਾਂ ਦੇ ਸਟਾਇਲ ਬਰਾਬਰ ਹੁੰਦੇ ਜਾ ਰਹੇ ਹਨ। ਪਰ ਪਹਿਲਾਂ ਹਰ ਜਾਤ ਆਪਣੇ ਪੱਗ ਦੇ ਸਟਾਇਲ ਤੋਂ ਪਛਾਣੀ ਜਾਂਦੀ ਸੀ। ਹਰ ਪੇਸ਼ੇ ਦੇ ਲੋਕਾਂ ਅਤੇ ਜਾਤਾਂ ਦੇ ਆਪਣੇ ਆਪਣੇ ਪੱਗ ਬੰਨਣ ਦੇ ਸਟਾਇਲ ਹਨ। ਪਟਿਆਲਾ ਸ਼ਾਹੀ ਪੱਗ ਤਾਂ ਅੱਜ ਕਲ ਵੀ ਬਹੁਤ ਮਸ਼ਹੂਰ ਹੈ। ਬੇਸ਼ੱਕ ਇਸ ਨੂੰ ਬੰਨਣ ਵਾਲੇ ਬਹੁਤ ਘਟਦੇ ਜਾ ਰਹੇ ਹਨ।

**6. ਤੇੜ ਦਾ ਪਹਿਰਾਵਾ:-** ਇਸ ਵਿਚ ਔਰਤਾਂ ਸਲਵਾਰ ਕਮੀਜ ਪਹਿਨਦੀਆਂ ਹਨ। ਮਰਦ ਝੱਗਾ ਤੇ ਸਮੋਸਾ ਜਾਂ ਭੋਥਾ ਪਹਿਨਦੇ ਹਨ। ਪਰ ਪੱਛਮੀ ਪ੍ਰਭਾਵ ਹੇਠ ਅੱਜ ਕੱਲ ਦੇ ਮੁੰਡਿਆਂ ਨੇ ਤਾਂ ਪੈਂਟ ਕਮੀਜਾਂ ਹੀ ਪਹਿਨਣੀਆਂ ਸ਼ੁਰੂ ਕਰ ਦਿਤੀਆਂ ਹਨ। ਕਈ ਕੁੜੀਆਂ ਵੀ ਪੈਂਟ ਕਮੀਜ਼ ਪਹਿਨ ਲੈਂਦੀਆਂ ਹਨ। ਪਰ ਹਾਲੀ ਵੀ ਬਹੁ ਗਿਣਤੀ ਪੁਰਾਤਨ ਪਹਿਰਾਵੇ ਵਾਲਿਆਂ ਦੀ ਹੈ। ਮਰਦ ਕੁੜਤਾ ਪਜਾਮਾ ਪਹਿਨਣ ਲੱਗੇ ਹਨ।

**7. ਹਾਰ ਸ਼ਿੰਗਾਰ :-** ਪੰਜਾਬ ਦੇ ਲੋਕਾਂ ਨੂੰ ਗਹਿਣੇ ਪਹਿਨਣ ਦਾ ਵੀ ਬਹੁਤ ਸ਼ੌਕ ਰਿਹਾ ਹੈ। ਇਹ ਸ਼ੌਕ ਅੱਜ ਕਲ ਵੀ ਹੈ ਪਰ ਇਹ ਗੱਲ ਵੱਖਰੀ ਹੈ ਕਿ ਗਹਿਣੇ ਪਹਿਨਣ ਦੀ ਥਾਂ ਲੌਕਰਾਂ ਵਿਚ ਜਿਆਦਾ ਸੰਭਾਲੇ ਜਾਂਦੇ ਹਨ। ਪੰਜਾਬ ਵਿਚ ਪਹਿਨੇ ਜਾਂਦੇ ਗਹਿਣਿਆਂ 'ਚ ਸਿਰ, ਨੱਕ, ਕੰਨ, ਗਲਾ, ਬਾਹਾਂ, ਉਂਗਲੀਆਂ ਅਤੇ ਪੈਰਾਂ ਦੇ ਗਹਿਣੇ ਆ ਜਾਂਦੇ ਹਨ। ਹਰ ਥਾਂ ਜਿਥੇ ਗਹਿਣਿਆਂ ਨੂੰ ਪਹਿਨਿਆ ਜਾ ਸਕਦਾ ਹੈ, ਉਥੇ ਪਹਿਨਣ ਲਈ ਕੋਈ ਨਾ ਕੋਈ ਗਹਿਣਾ ਜਰੂਰ ਉਪਲਬਧ ਰਿਹਾ ਹੈ। ਇਹਨਾਂ ਗਹਿਣਿਆਂ ਦੀ ਗਿਣਤੀ ਤੀਹ ਦੇ ਲਗਭਗ ਹੈ। ਗਰੀਬ ਔਰਤਾਂ ਚਾਂਦੀ ਦੇ ਗਹਿਣੇ ਪਹਿਨਦੀਆਂ ਸਨ ਪਰ ਅਮੀਰ ਸੋਨੇ ਦੇ ਗਹਿਣੇ ਪਹਿਨਦੇ ਹਨ। ਇਹਨਾਂ ਗਹਿਣਿਆਂ ਦਾ ਗੀਤਾਂ ਵਿਚ ਵੀ ਬਹੁਤ ਵਰਨਣ ਮਿਲਦਾ ਹੈ। ਨੱਕ ਦਾ ਲੌਂਗ ਬੇਸ਼ਕ ਬਹੁਤ ਛੋਟਾ ਗਹਿਣਾ ਹੈ ਪਰ ਲੋਕ ਗੀਤਾਂ ਵਿਚ ਇਸ ਦਾ ਵਧੇਰੇ ਉਲੇਖ ਮਿਲਦਾ ਹੈ। ਇਸੇ ਤਰਾਂ ਬੰਦਾ-ਬੰਦੀ, ਗਜਰੇ ਆਦਿ ਵੀ ਲੋਕ ਗੀਤਾਂ ਵਿਚ ਜਾਂ ਗਿੱਧੇ ਦੀਆਂ ਬੋਲੀਆਂ ਵਿਚ ਵਿਅਕਤ ਹੁੰਦੇ ਰਹੇ ਹਨ। ਹਰ ਸਭਿਆਚਾਰ ਦਾ ਹਾਰ ਸ਼ਿੰਗਾਰ ਵੱਖਰੀ ਵੰਨਗੀ ਦਾ ਹੁੰਦਾ ਹੈ। ਇਸ ਲਈ ਹਾਰ ਸ਼ਿੰਗਾਰ ਨੂੰ ਵੀ ਸਭਿਆਚਾਰ ਦਾ ਨਿਖੜਵਾਂ ਲੱਛਣ ਸਵੀਕਾਰ ਕਰ ਲਿਆ ਜਾਂਦਾ ਹੈ।

**8. ਖਾਣ ਪੀਣ :-** ਆਖਿਰ ਵਿਚ ਖਾਣ ਪੀਣ ਤੋਂ ਵੀ ਸਭਿਆਚਾਰ ਦੇ ਵਾਸੀ ਪਹਿਚਾਣੇ ਜਾਂਦੇ ਹਨ। ਸਮੁੰਦਰ ਦੇ ਕੰਢੇ ਤੇ ਰਹਿਣ ਵਾਲੇ ਵਿਅਕਤੀ ਸਮੁੰਦਰ ਤੋਂ ਪ੍ਰਾਪਤ ਹੋਣ ਵਾਲੀ ਖੁਰਾਕ ਦਾ ਆਹਾਰ ਕਰਦੇ ਹਨ। ਬਾਗਾਂ ਵਿਚ ਰਹਿਣ ਵਾਲੇ ਜਾਂ ਜਾਂਗਲੀ ਲੋਕ ਜੰਗਲ ਵਿਚੋਂ ਪ੍ਰਾਪਤ ਹੋਣ ਵਾਲੀ ਖੁਰਾਕ ਦਾ ਆਹਾਰ ਕਰਦੇ ਹਨ। ਸ਼ਿਕਾਰੀ ਜੀਵਨ ਵਿਚ ਵਿਚਰ ਰਹੇ ਕਬੀਲੇ ਸ਼ਿਕਾਰ ਦੀ ਵਰਤੋਂ ਕਰਦੇ ਹਨ।

ਇਸ ਤਰਾਂ ਖੁਰਾਕ ਜੀਵਨ ਵਿਧੀ ਦੀ ਵੀ ਵਿਆਖਿਆ ਕਰਦੀ ਹੈ ਅਤੇ ਸਭਿਆਚਾਰ ਦਾ ਇਕ ਅਨਿਖੜਾ ਅੰਗ ਵੀ ਬਣਦੀ ਹੈ। ਇਸ ਤੋਂ ਇਲਾਵਾ ਭਾਸ਼ਾ, ਵਿਵਰਣ, ਇਸ਼ਾਰੇ; ਪੂਜਾ ਵਿਧੀਆਂ, ਲੋਕ ਚਕਿਤਸਾ ਨੂੰ ਵੀ ਨਿਖੜਵੇਂ ਲੱਛਣਾਂ ਵਿਚ ਗਿਣ ਲਿਆ ਜਾਂਦਾ ਹੈ ਪਰ ਇਹਨਾਂ ਦਾ ਨਿਖੇੜ ਕਰਨਾ ਕਾਫੀ ਕਠਿਨ ਹੈ।

## ਪੰਜਾਬੀ ਸੱਭਿਆਚਾਰ ਦੀ ਕਦਰ ਪ੍ਰਣਾਲੀ

ਕਿਸੇ ਸਭਿਆਚਾਰ ਨੂੰ ਐਸੀਆ ਕਦਰਾਂ ਕੀਮਤਾਂ ਦੀ ਸੂਚੀ ਵਜੋ ਵੀ ਦੇਖਿਆ ਜਾ ਸਕਦਾ ਹੈ, ਜਿਹੜੀਆਂ ਉਸ ਸੱਭਿਆਚਾਰ ਵਾਲੇ ਜਨ ਸਮੂਹ ਦੇ ਜੀਵਨ ਵਿਹਾਰ ਵਿੱਚੋਂ ਝਲਕਦੀਆਂ ਹਨ। ਇਸ ਸੂਚੀ ਵਿਚਲੀਆਂ ਸਾਰੀਆਂ ਕਦਰਾਂ ਕੀਮਤਾਂ ਦੀ ਇਕੋ ਜਿੰਨੀ ਮਹੱਤਤਾ ਨਹੀਂ ਹੁੰਦੀ। ਇਹ ਕਦਰਾਂ ਕੀਮਤਾ ਦੀ ਸੂਚੀ ਹੀ ਕਿਸੇ ਸੱਭਿਆਚਾਰ ਦੀ ਕਦਰ ਪ੍ਰਣਾਲੀ ਹੁੰਦੀ ਹੈ।

### ਸਵੈਧੀਨਤਾ

ਸਵੈਧੀਨਤਾ ਪੰਜਾਬੀ ਸੱਭਿਆਚਾਰ ਦੀ ਕਦਰ ਪ੍ਰਣਾਲੀ ਦੀ ਕੇਂਦਰੀ ਕਦਰ ਹੈ। ਇਸ ਦੇ ਦੁਆਲੇ ਹੀ ਬਾਕੀ ਕਦਰਾਂ ਕੀਮਤਾਂ ਉਸਰਦੀਆਂ ਹਨ। ਬਾਬਾ ਫਰੀਦ ਜੀ ਨੇ ਪੰਜਾਬੀ ਸੱਭਿਆਚਾਰ ਦੀ ਇਸੇ ਕਦਰ ਨੂੰ ਆਪਣੇ ਸਲੋਕ ਵਿੱਚ ਪੇਸ ਕੀਤਾ ਹੈ।

ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ॥

ਜੇ ਤੂ ਏਵੈਂ ਰਖਸੀ ਜੀਉ ਸਰੀਰਹੁ ਲੇਹਿ॥

ਇਹ 'ਬਾਰਿ ਪਰਾਇ ਬੈਸਣ` ਦਾ ਸੰਤਾਪ ਪੰਜਾਬੀ ਆਚਰਨ ਲਈ ਮੌਤ ਤੋਂ ਵੀ ਮਾੜਾ ਹੈ। ਦੂਜੇ ਦੇ ਆਸਰੇ ਜਿਉਣ ਨਾਲੋਂ ਤਾਂ ਨਾ ਜੀਉਣਾ ਵਧੇਰੇ ਚੰਗਾ ਹੈ।" ਪੰਜਾਬੀ ਆਚਰਨ ਲਈ ਕਿਸੇ ਦੇ ਅਧੀਨ ਹੋਣਾ ਮੌਤ ਦੇ ਬਰਾਬਰ ਹੈ। ਦੂਜੇ ਦੇ ਆਸਰੇ ਜਿਉਣ ਨਾਲੋਂ ਤਾਂ ਨਾ ਜੀਉਣਾ ਵਧੇਰੇ ਚੰਗਾ ਹੈ। ਕਿਉਂਕਿ ਪੰਜਾਬੀ ਆਪਣੀ ਸਵੈਧੀਨਤਾ ਨੂੰ ਕੇਂਦਰੀ ਮਹੱਤਤਾ ਦਿੰਦੇ ਹਨ। ਇਹ ਇਸ ਦੀ ਰਾਖੀ ਲਈ ਜਾਨਾਂ ਵੀ ਵਾਰ ਸਕਦੇ ਹਨ

### ਕਿਰਤ

ਪੰਜਾਬੀ ਸੱਭਿਆਚਾਰ ਵਿੱਚ ਕਿਰਤ ਨੂੰ ਵਿਸ਼ੇਸ਼ ਮਹਤੱਵ ਦਿਤਾ ਜਾਂਦਾ ਹੈ। ਕਮਾਈ ਕਰਨ ਤੇ ਇਸਨੂੰ ਆਪਣੇ ਹੱਕ ਸੱਚ ਨਾਲ ਇਕਮਿਕ ਕਰਕੇ ਜੀਵਨ ਵਿਉਤਣਾ ਪੰਜਾਬੀ ਸੱਭਿਆਚਾਰ ਦਾ ਕੇਂਦਰੀ ਸਾਰ ਹੈ। ਵਿਹਲੜ,ਕੰਮਚੋਰ,ਮੱਖਟੂ ਤੇ ਲੋਟੂ ਦੀ ਪੰਜਾਬੀ ਸੱਭਿਆਚਾਰ ਵਿੱਚ ਅਤਿਅੰਤ ਨਿੰਦਾਜਨਕ ਤੇ ਵਰਜਿਤ ਸਥਿਤੀ ਹੈ। ਕੰਮ ਕਿਰਤ ਦੀ ਨਿਰੰਤਰ ਕਠੋਰ ਸਾਧਨਾ ਹੀ ਪੰਜਾਬੀਆਂ ਦੇ ਤਕੜੇ ਜੁੱਸੇ ਦਾ ਮੂਲ ਆਧਾਰ ਸ੍ਰੋਤ ਹੈ। ਪੰਜਾਬੀ ਸੱਭਿਆਚਾਰ ਵਿੱਚ ਕਿਰਤੀ ਬੰਦੇ ਨੂੰ ਆਦਰ ਦਿੱਤਾ ਜਾਂਦਾ ਹੈ ਇਹ ਆਦਰ ਉਸਦੀ ਕਿਰਤ ਵਿੱਚੋਂ ਕਮਾਇਆਂ ਜਾਂਦਾ ਹੈ।

### ਯਥਾਰਥਮੁਖਤਾ

ਪੰਜਾਬੀ ਸਭਿਆਚਾਰ ਵਿੱਚ ਯਥਾਰਥਮੁਖਤਾ ਨੂੰ ਮਹੱਤਵ ਦਿਤਾ ਜਾਂਦਾ ਹੈ ਮਨੁਖੀ ਜੀਵਨ ਤੋ ਭਾਜ, ਅਪਸਾਰ,ਤਿਆਗ ਦਾ ਕੋਈ ਸੰਕਲਪ ਅਤੇ ਵਿਹਾਰ ਪੰਜਾਬੀਆਂ ਨੂੰ ਸਵੀਕਾਰ ਨਹੀਂ। ਇਹ ਇਸ ਜੀਵਨ ਨੂੰ 'ਮਾਇਆ' ਨਹੀਂ ਸਗੋ ਲਾਜ਼ਮੀ ਸੱਚ ਮੰਨਣ ਦੀ ਮੂਲ ਦ੍ਰਿਸ਼ਟੀ ਦਾ ਅਹਿਮ, ਪਰਿਣਾਮ ਹੈ। ਇਹ ਜੱਗ ਮਿੱਠਾ,ਅਗਲਾ ਕਿਸੇ ਨਾ ਡਿੱਠਾ। ਪੰਜਾਬੀ ਸੱਭਿਆਚਾਰ ਵਿੱਚ ਇਸ ਜੱਗ ਨੂੰ ਹੀ ਸੱਚ ਮੰਨਿਆ ਜਾਂਦਾ ਹੈ। ਸਵਰਗ ਨਰਕ ਦੀ ਲੋਚਾ ਜਾ ਮੁਕਤੀ ਦੇ ਗੈਰ ਸਮਾਜੀ ਸੰਕਲਪ ਪੰਜਾਬੀ ਸੱਭਿਆਚਾਰ ਦੇ ਸਰੋਕਾਰ ਨਹੀਂ।

### ਭਰਾਤਰੀ ਭਾਵ

ਪੰਜਾਬੀ ਸਭਿਆਚਾਰ ਵਿੱਚ ਭਰਾਤਰੀਭਾਵ (ਭਾਈਚਾਰਕ ਸਾਂਝ) ਇੱਕ ਅਹਿਮ ਕਦਰ ਹੈ।ਪੰਜਾਬੀ ਸਭਿਆਚਾਰ ਵਿੱਚ ਇਹ ਭਾਈਚਾਰਕ ਸਾਂਝ ਗੂੜੀ ਰਹੀ ਹੈ। ਪਰ ਜਿਵੇਂ ਕਿ ਸਭਿਆਚਾਰ ਪਰਿਵਰਤਨ ਹੁੰਦਾ ਰਹਿੰਦਾ ਹੈ ਇਸ ਲਈ ਪੰਜਾਬੀ ਸੱਭਿਆਚਾਰ ਵਿੱਚ ਆਧੁਨਿਕ ਸਮੇਂ ਵਿੱਚ ਭਾਈਚਾਰਕ ਸਾਂਝ ਟੁੱਟਦੀ ਜਾ ਰਹੀ ਹੈ।

### ਸਾਰੇ ਧਰਮਾ ਨੂੰ ਬਰਾਬਰ ਸਨਮਾਨ

ਪੰਜਾਬੀ ਸਭਿਆਚਾਰ ਵਿੱਚ ਪੰਜਾਬੀਆ ਦਾ ਧਾਰਮਿਕ ਵਤੀਰਾ ਇਕਹਿਰਾ ਨਹੀਂ ਹੈ। ਪੰਜਾਬੀ ਸੱਭਿਆਚਾਰ ਵਿੱਚ ਸਾਰੇ ਧਰਮਾਂ ਨੂੰ ਬਰਬਾਰ ਦਾ ਸਨਮਾਨ ਦਿਤਾ ਜਾਂਦਾ ਹੈ। ਇੱਕ ਧਰਮ ਦੇ ਲੋਕ ਦੂਜੇ ਧਰਮ ਵਿੱਚ ਵੀ ਸਰਧਾ ਰੱਖਦੇ ਹਨ ਅਤੇ ਉਹਨਾ ਦਾ ਸਤਿਕਾਰ ਕਰਦੇ ਹਨ। ਧਾਰਮਿਕ ਕਟੱੜਤਾ ਪੰਜਾਬੀ ਸਭਿਆਚਾਰ ਵਿੱਚ ਬਹੁਤ ਘੱਟ ਹੈ ਪੰਜਾਬ ਵਿੱਚ ਬਹੁਤ ਸਾਰੇ ਧਰਮਾਂ ਦੇ ਲੋਕ ਰਹਿਦੇ ਹਨ।ਇਹਨਾ ਸਾਰੇ ਧਰਮਾਂ ਦੇ ਲੋਕਾਂ ਵਿੱਚ ਸਹਿਣਸੀਲਤਾ ਤੇ ਨਿਮਰਤਾ ਦੇ ਭਾਵ ਹਨ।

### ਔਰਤ ਦੀ ਸਥਿਤੀ ਦਬੈਲ (ਦੂਜੇਲੀ) ਨਹੀ

ਪੰਜਾਬੀ ਸੱਭਿਆਚਾਰ ਵਿੱਚ ਔਰਤ ਦੀ ਸਥਿਤੀ ਦਬੇਲ ਜਾਂ ਦੂਜੇਲੀ ਨਹੀਂ ਹੈ। ਪੰਜਾਬੀ ਸੱਭਿਆਚਾਰ ਵਿੱਚ ਪੰਜਾਬਣ ਪੰਜਾਬੀ ਸਮਾਜਿਕ,ਆਰਥਿਕ,ਪ੍ਰਬੰਧਕੀ ਵਿਧਾਨ ਵਿੱਚ ਇੱਕ ਸਜਿੰਦ ਮਾਣਯੋਗ,ਸਿਰੜੀ ਅਤੇ ਅਸਤਿਤਵਮੂਲਕ ਲੋੜਾਂ ਦੀ ਸਾਕਾਰ ਹੋਂਦ ਹੈ। ਪੰਜਾਬੀ ਸੱਭਿਆਚਾਰ ਵਿੱਚ ਔਰਤ ਦੀ ਸਥਿਤੀ ਮਰਦ ਦੇ ਬਰਾਬਰ ਤਾਂ ਨਹੀਂ ਪਰ ਔਰਤ ਦੱਬੀ ਹੋਈ ਵੀ ਨਹੀਂ ਔਰਤ ਨੂੰ ਸਨਮਾਨ ਪੰਜਾਬੀ ਸੱਭਿਆਚਾਰ ਦੀ ਮੁੱਖ ਕਦਰ ਹੈ।

### ਪ੍ਰਾਹੁਣਾਚਾਰੀ

ਪੰਜਾਬੀ ਸੱਭਿਆਚਾਰ ਵਿੱਚ ਪ੍ਰਾਹੁਣਾਚਾਰੀ ਇੱਕ ਮੁੱਖ ਕਦਰ ਹੈ। ਇਹ ਪੰਜਾਬੀਆਂ ਦੀ ਸਵੈਧੀਨ ਹੋਂਦ ਵਿੱਚ ਉਪਜਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਪ੍ਰਾਹੁਣੇ ਨੂੰ ਸਵੈਧੀਨ ਮਹਿਸੂਸ ਕਰਵਾਉਣ ਲਈ ਇਹ ਕਿਹਾ ਜਾਂਦਾ ਹੈ ਕਿ 'ਇਸ ਨੂੰ ਆਪਣਾ ਘਰ ਹੀ ਸਮਝੋ " ਪੰਜਾਬੀ ਬਾਹਰੋ ਆਏ ਨੂੰ ਮਹਿਮਾਨ ਨੂੰ ਸਹਿਜ ਮਹਿਸੂਸ ਕਰਵਾਉਣ ਲਈ ਆਪਣੇ ਆਪ ਨੂੰ ਉਸ ਅਨੁਸਾਰ ਢਾਲ ਲੈਂਦੇ ਹਨ।

### ਮਿੱਠਾ ਬੋਲਣਾ

ਮਿੱਠਾ ਬੋਲਣਾ ਪੰਜਾਬੀਆਂ ਦਾ ਸ਼ੁਰੂ ਤੋਂ ਹੀ ਸੁਭਾਅ ਰਿਹਾ ਹੈ। ਪੰਜਾਬ ਵਿੱਚ ਹਮਲਾਵਰਾਂ ਦੇ ਆਉਣ ਨਾਲ ਵੱਖ-ਵੱਖ ਨਸਲਾਂ ਦੇ ਲੋਕ ਵੀ ਪ੍ਰਵੇਸ਼ ਕਰਦੇ ਰਹੇ ਹਨ। ਸਥਾਨਕ ਵਸੋਂ ਦੇ ਲੋਕ ਉਹਨਾਂ ਨਾਲ ਮਿਲਣ ਵਰਤਨ ਦੀ ਭਾਵਨਾ ਰੱਖਦੇ ਹਨ। ਉਹ ਉਹਨਾਂ ਨਾਲ ਕਿਸੇ ਕਿਸਮ ਦਾ ਵੱਰ ਵਿਰੋਧ ਨਾ ਰੱਖ ਕੇ ਮਿੱਠਾ ਬੋਲਦੇ ਸਨ। ਇਸ ਤਰ੍ਹਾਂ ਪੰਜਾਬੀਆਂ ਦੇ ਖ਼ੂਨ ਵਿੱਚ ਸ਼ੁਰੂ ਤੋਂ ਹੀ ਮਿੱਠੀ ਬੋਲਚਾਲ ਰਹੀ ਹੈ ਬਾਬਾ ਫ਼ਰੀਦ ਵੀ ਆਪਣੀ ਬਾਣੀ ਵਿੱਚ ਮਿੱਠਾ ਬੋਲਣ ਦੀ ਸਿੱਖਿਆ ਦਿੰਦੇ ਹਨ। ਇਸ ਤਰ੍ਹਾਂ ਪੰਜਾਬੀਆਂ ਦੀ ਬੋਲੀ ਮਿੱਠੇ ਸੁਭਾਅ ਵਾਲੀ ਹੈ।

### ਅਣਖ ਅਤੇ ਦਲੇਰੀ ਨਾਲ ਜੀਉਣਾ

ਬਹਾਦਰਤਾ ਅਤੇ ਦਲੇਰੀ ਪੰਜਾਬੀਆਂ ਦਾ ਸ਼ੁਰੂ ਤੋਂ ਹੀ ਸੁਭਾਅ ਬਣਿਆ ਹੋਇਆ ਹੈ। ਪੰਜਾਬ ਨੂੰ ਪ੍ਰਵੇਸ਼ ਦੁਆਰ ਕਰਕੇ ਜਾਣਿਆ ਜਾਂਦਾ ਹੈ ਇਸਦੇ ਚਾਰ ਦਰੇ ਖੱਬਰ, ਕੁਰੱਮ, ਟੋਚੀ, ਬੋਲਾਨ ਜਿਹੜੇ ਵਿਦੇਸ਼ੀ ਹਮਲਾਵਰਾ ਲਈ ਦੁਆਰ ਰਹੇ ਹਨ ਵਿਦੇਸੀ ਹਮਲਾਵਰ ਇਹਨਾਂ ਰਾਸਤਿਆਂ ਰਾਹੀਂ ਪੰਜਾਬ ਵਿੱਚ ਦਾਖਲ ਹੁੰਦੇ ਸਨ। ਪਹਿਲਾ ਉਹਨਾਂ ਨੂੰ ਪੰਜਾਬੀਆਂ ਨਾਲ ਟੱਕਰ ਲੈਣੀ ਪੈਂਦੀ ਸੀ ਜਿਸ ਕਰਕੇ ਪੰਜਾਬੀ ਦਲੇਰੀ ਨਾਲ ਉਹਨਾਂ ਦਾ ਮੁਕਾਬਲੇ ਕਰਦੇ। "ਵੀਹਵੀਂ ਸਦੀ ਦੇ ਸ਼ੁਰੂ ਵਿੱਚ ਵੀ ਪੰਜਾਬੀ ਸੱਭਿਆਚਾਰ ਤੋਂ ਉਪਜੇ ਪੰਜਾਬੀ ਆਚਰਨ ਦੇ ਇਸੇ ਗੁਣ ਵੱਲ ਹੀ ਪ੍ਰੋ. ਪੂਰਨ ਸਿੰਘ ਇਸ਼ਾਰਾ ਕਰ ਰਿਹਾ ਸੀ, ਜਦੋਂ ਉਸਨੇ ਆਪਣੀ ਕਵਿਤਾ 'ਜਵਾਨ` ਪੰਜਾਬ ਦੇ ਵਿੱਚ ਲਿਖਿਆ: ਪਿਆਰ ਨਾਲ ਇਹ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ। ਪਰ ਟੈਂ ਨਾ ਮੰਨਣ ਕਿਸੇ ਦੀ....... ਸੱਚੇ ਪੰਜਾਬ ਦੇ ਵਾਸੀ ਦਾ ਇਹ ਈਮਾਨ ਹੈ।"

## ਪੰਜਾਬੀ ਸਭਿਆਚਾਰ ਦਾ ਬਦਲਦਾ ਪਰਿਪੇਖ

**ਖਾਣ-ਪੀਣ** :- ਖਾਣ-ਪੀਣ ਕਿਸੇ ਸਭਿਆਚਾਰ ਦੀ ਪਛਾਣ ਦਾ ਵਿਲੱਖਣ ਅੰਗ ਹੈ। ਵਿਸ਼ਵ ਵਿਆਪੀਕਰਨ ਦੀ ਪ੍ਰਕਿਰਿਆ ਦੇ ਲਗਭਗ ਸਾਰੇ ਸਭਿਆਚਾਰਾਂ ਦੇ ਖਾਣ ਪੀਣ ਦੇ ਢੰਗ ਤਰੀਕਿਆਂ ਨੂੰ ਪ੍ਰਭਾਵਿਤ ਕੀਤਾ ਹੈ। ਜੇਕਰ ਪੰਜਾਬੀ ਸਭਿਆਚਾਰ ਦੀ ਗੱਲ ਕਰੀਏ ਤਾਂ ਲੱਸੀ ਦੀ ਥਾਂ ਚਾਹ ਜਾਂ ਕੋਕ ਨੇ ਲੈ ਲਈ ਹੈ। ਪੀਜਾ ਕਲਚਰ, ਬਰਗਰ, ਸੈਂਡਵਿਚ ਨੂਡਲ, ਕਿੰਨੀ ਵੰਨਗੀ ਦੇ ਖਾਣੇ ਬਹੁਦੇਸ਼ੀ ਕੰਪਨੀਆਂ ਵਲੋਂ ਪੰਜਾਬੀ ਬਾਜਾਰ ਵਿਚ ਸੁੱਟੇ ਜਾ ਰਹੇ ਹਨ ਜਿਹਨਾਂ ਦੀ ਪੌਸ਼ਟਿਕਤਾ ਨੂੰ ਬਿਨਾਂ ਨਿਰਖਿਆ ਪਰਖਿਆ ਸਾਡੇ ਗੱਭਰੂ ਅਤੇ ਮੁਟਿਆਰਾਂ ਚੁਸਕੀਆਂ ਲੈ ਕੇ ਅਪਣਾ ਰਹੇ ਹਨ।

**ਸੂਚਨਾ ਇਨਕਲਾਬ** :- ਖ਼ਤ ਲਿਖਣਾ ਅਤੇ ਪੜ੍ਹਨਾ ਸਾਡੇ ਸਭਿਆਚਾਰ ਦਾ ਬਹੁਤ ਹੀ ਮਹੱਤਵਪੂਰਨ ਅੰਗ ਸੀ। ਬਾਹਰ ਗਏ ਸਕੇ ਸਬੰਧੀਆਂ ਦੀਆਂ ਚਿੱਠੀਆਂ ਉਡੀਕੀਆਂ ਜਾਂਦੀਆਂ ਸਨ। ਫਿਰ ਰਲਕੇ ਪੜ੍ਹੀਆਂ ਜਾਂਦੀਆਂ ਸਨ। ਇਸ ਵਿਚ ਇਕ ਸਭਿਆਚਾਰਕ ਅਤੇ ਸਮੂਹਿਕ ਕਿਰਿਆ ਸੰਚਲਤ ਸੀ। ਹੁਣ ਮੋਬਾਇਲ ਨੇ ਕਾਰਡ ਭੇਜਣ ਤੇ ਚਿੱਠੀਆਂ ਲਿਖਣ ਦਾ ਸਿਲਸਿਲਾ ਹੀ ਖਤਮ ਕਰ ਦਿਤਾ ਹੈ। ਬੇਲੋੜੀਆਂ ਗੱਲਾਂ ਕਰਨ ਦੀ ਆਦਤ ਨੇ ਸਾਰਾ ਆਤਮ ਸੰਜਮ ਖਤਮ ਕਰ ਦਿਤਾ। ਮੋਬਾਇਲ ਤੇ ਗੱਲ ਕਰਨ ਦੀ ਕਲਾ ਅਤੇ ਸਭਿਆਚਾਰ ਅਸੀਂ ਨਹੀਂ ਸਿਖਿਆ। ਇਸ ਲਈ ਸਾਡੀ ਇਸ ਸੂਚਨਾ ਸੁਵਿਧਾ ਨੂੰ ਵਰਤਣ ਦੀ ਬੇਸੋਝੀ ਅਤੇ ਗੱਪਾਂ ਮਾਰਣ ਦੀ ਆਦਤ ਦੇ ਸਿਰ ਤੇ ਕੰਪਨੀਆਂ ਲੱਖਾਂ ਰੁਖਈਆ ਕਮਾ ਰਹੀਆਂ ਹਨ। ਅਸੀਂ ਆਪਣੀ ਸਿਰਜਨਾਤਮਕ ਮੰਗਾਂ ਦੀ ਕਟੌਤੀ ਕਰਕੇ ਇਹ ਭਾੜਾ ਭਰ ਰਹੇ ਹਾਂ।

**ਪਿੰਡ** :- ਪਿੰਡ ਸਭਿਆਚਾਰ ਦੀ ਇਕ ਹੋਰ ਮਹੱਤਵਪੂਰਨ ਇਕਾਈ ਸੀ। ਇਹ ਸਵੈ-ਨਿਰਭਰ ਅਤੇ ਭਾਈਚਾਰੇ ਦੀ ਉੱਤਮ ਮਿਸਾਲ ਸੀ। ਪਿੰਡ ਦੇ ਕਾਰੀਗਰ ਆਪਣਾ ਰੁਜਗਾਰ ਪਿੰਡ ਵਿਚੋਂ ਹੀ ਹਾਸਲ ਕਰ ਲੈਂਦੇ ਸਨ। ਪਿੰਡ ਵਿਚ ਤਿਆਰ ਕੀਤੀ ਕਲਾ ਕ੍ਰਿਤਾਂ, ਦਸਤਕਾਰੀ ਦੀ ਖਪਤ ਪਿੰਡ ਵਿਚ ਹੋ ਜਾਂਦੀ ਸੀ। ਪਰ ਹਰੇ ਇਨਕਲਾਬ ਨੇ ਪਿੰਡ ਦੀ ਨਿਆਦ ਨੂੰ ਤੋੜ ਦਿੱਤਾ ਹੈ। ਪਿੰਡ ਦੀ ਦਸਤਕਾਰੀ ਨੂੰ ਪਿੰਡ ਵਿਚ ਕੋਈ ਥਾਂ ਨਹੀਂ। ਦਸਤਕਾਰ ਮਜਦੂਰੀ ਕਰਨ ਲਈ ਮਜਬੂਰ ਹੋ ਰਹੇ ਹਨ। ਮਿਸਤਰੀ ਸ਼ਹਿਰਾਂ ਵਲ ਹਿਜਰਤ ਕਰ ਗਏ ਹਨ। ਬਾਜ਼ਾਰ ਪਿੰਡ ਵਿਚ ਆ ਵੜਿਆ ਹੈ। ਪੜਾਈ ਤੇ ਸਿਹਤ ਸਹੂਲਤਾਂ ਜਿਹੜੀਆਂ ਅਜ਼ਾਦੀ ਤੋਂ ਬਾਅਦ ਪਿੰਡਾਂ ਨੂੰ ਮਿਲੀਆਂ ਸਨ ਉਹ ਵੀ ਨਿਜੀਕਰਨ ਦੇ ਅਸਰ ਹੇਠ ਪਿੰਡਾਂ ਤੋਂ ਪਰਤ ਰਹੀਆਂ ਹਨ। ਮੁੰਡੇ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ, ਕਿਸਾਨ ਕਰਜੇ ਦੀ ਮਾਰ ਹੇਠ ਆ ਚੁਕਿਆ ਹੈ। ਜਮੀਨੀ ਸਤਾ ਦਾ ਪਾਣੀ ਹੇਠਾਂ ਚਲਿਆ ਗਿਆ ਹੈ। ਖੇਤੀ ਹੁਣ ਖੇਤੀ ਨਹੀਂ ਰਹੀ, ਖੂਹ ਦੀ ਮਿੱਟੀ ਖੂਹ ਨੂੰ ਲਗਣ ਲਗੀ ਹੈ। ਹੁਣ ਪਿੰਡ ਸਲੱਮ ਬਣਦੇ ਜਾ ਰਹੇ ਹਨ। ਭਈਆਂ ਦੀ ਆਮਦ ਨੇ ਪਿੰਡਾਂ ਦਾ ਸਮਤੋਲ ਵਿਗਾੜ ਦਿੱਤਾ ਹੈ। ਪਿੰਡ ਵਿਚ ਇਹ ਵਾਪਰ ਰਹੀਆਂ ਤਬਦੀਲੀਆਂ ਵਿਸ਼ਵ ਵਿਆਪੀਕਰਨ ਦੇ ਪ੍ਰਭਾਵ ਅਧੀਨ ਹੀ ਵਾਪਰ ਰਹੀਆਂ ਹਨ। ਇਹ ਪ੍ਰਕਿਰਿਆਵਾਂ ਰਾਹੀਂ ਖਾਲੀ ਹੋ ਰਹੀਆਂ ਥਾਵਾਂ ਨੂੰ ਵਿਸ਼ਵੀਕਰਨ ਦੇ ਨਵੇਂ ਬਦਲ ਮੱਲ ਰਹੇ ਹਨ।

**ਵਿਆਹ** :- ਵਿਆਹ ਪਿੰਡ ਦੀ ਇਕ ਬਹੁਤ ਹੀ ਖੂਬਸੂਰਤ ਘਟਨਾ ਸੀ। ਇਸਦੇ ਜਸ਼ਨ ਜੇਕਰ ਮਹੀਨੇ ਭਰ ਨਹੀਂ ਤਾਂ ਹਫਤਿਆਂ ਤੱਕ ਜਰੂਰ ਪਸਰੇ ਹੁੰਦੇ ਸਨ। ਇਸ ਕਿਰਿਆ ਨਾਲ ਬਹੁਤ ਸਾਰਾ ਲੋਕ ਸਾਹਿਤ ਅਤੇ ਲੋਕਧਾਰਾ ਜੁੜੀ ਹੋਈ ਸੀ। ਪਰ ਪਿੰਡਾਂ ਵਿਚ ਹੁਣ ਧਰਮਸ਼ਲਾਵਾਂ ਦੀ ਘਾਟ ਅਤੇ ਨਵੀਂ ਚਮਕ ਦਮਕ ਵਿਆਹ ਨੂੰ ਪਿੰਡਾਂ ਵਿਚੋਂ ਕੱਢ ਕੇ ਮੈਰਿਜ ਪੈਲਿਆਂ ਵਿਚ ਲੈ ਆਂਦਾ ਹੈ। ਜਿਸ ਸਦਕਾ ਪ੍ਰਾਣਾ ਨਵਾਂ ਨਰੋਆ ਸਾਹਿਤ ਪਿੱਠ ਭੂਮੀ ਵਿਚ ਚਲਿਆ ਗਿਆ ਹੈ ਅਤੇ ਝੱਜਰ ਸਾਹਿਤ ਤੇ ਨਗਨ ਨਾਚ ਸਮਾਜ ਵਿਚ ਆਪਣੀ ਸਵੀਕਿਰਤੀ ਲਈ ਜੋਰ ਲਾ ਰਹੇ ਹਨ। ਵਿਆਹ ਹੁਣ ਇਕ ਜਸ਼ਨ ਦੀ ਥਾਂ ਘਟਨਾ ਜਾਂ ਖਾਣ ਪੀਣ ਦਾ ਇਕ ਇਕੱਠ ਹੀ ਹੋ ਨਿਬੜਿਆ ਹੈ। ਜਿਸ ਵਿਚ ਪਿਆਕੜਾਂ ਦੇ ਮੂੰਹ ਤੋਂ ਦਾਰ ਦਾ ਸਰਰ ਤਾਂ ਦਿਸਦਾ ਹੈ ਪਰ ਆਤਮਿਕ ਸ਼ਾਂਤੀ ਅਤੇ ਖੇੜਾ ਅਲੋਪ ਹੋਇਆ ਪ੍ਰਤੀਤ ਹੁੰਦਾ ਹੈ। ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਨੇ ਸਾਡੇ ਜਸ਼ਨਾਂ ਨੂੰ ਅਤੇ ਇਨ੍ਹਾਂ ਨਾਲ ਸਬੰਧਤ ਨਰੋਈਆ ਪਿਰਤਾਂ ਨੂੰ ਆਪਣੀ ਚਪੇਟ ਵਿਚ ਲੈ ਲਿਆ ਹੈ

ਜਿਹਨਾਂ ਨੂੰ ਬਚਾਉਣਾ ਹੁਣ ਕਠਨ ਹੀ ਜਾਪਦਾ ਹੈ। ਪਹਿਰਾਵਾ :- ਪਹਿਰਾਵਾ ਵੀ ਵਿਸ਼ਵਵਿਆਪੀ ਕਰਨ ਦੀ ਲਪੇਟ ਵਿਚ ਆਇਆ ਹੈ। ਇਸ ਨੇ ਆਪਣੀ ਸ਼ਕਤੀ ਦਿਖਾਈ ਹੈ। ਵਿਸ਼ਵੀਕਰਨ ਆਪਣੀ ਸ਼ਕਤੀ ਅਨਕਲ ਪੰਜਾਬੀ ਪਹਿਰਾਵੇ ਨੂੰ ਪ੍ਰਭਾਵਿਤ ਨਹੀਂ ਕਰ ਸਕਿਆ। ਸਕੂਲਾਂ, ਕਾਲਜਾਂ ਦੀਆਂ ਕੁੜੀਆਂ ਦੇ ਭੜਕੀਲੇ ਬਸਤਰ ਤੇ ਟੇਡੀਆਂ ਖੇਡੀਆਂ ਕਾਟਾਂ ਵਾਲੀਆਂ ਪੋਸ਼ਾਕਾਂ ਇਸ ਰੁਝਾਨ ਦਾ ਪ੍ਰਤੀਕ ਨਹੀਂ ਮੰਨਣੀਆਂ ਚਾਹੀਦੀਆਂ।

**ਗੀਤ-ਸੰਗੀਤ** :- ਪੰਜਾਬੀ ਲੋਕ ਸੰਗੀਤ ਨੇ ਵਿਸ਼ਵੀਕਰਨ ਦੀ ਪ੍ਰਕਿਰਿਆ ਨੂੰ ਆੜੇ ਹੱਥੀਂ ਲਿਆ ਹੈ। ਜੇਕਰ ਵਿਸ਼ਵ ਪਰੰਪਰਾ ਤੋਂ ਕੁਝ ਲਿਆ ਹੈ ਤਾਂ ਦਿੱਤਾ ਵੀ ਬਹੁਤ ਕੁਝ ਹੈ। ਪੱਛਮੀ ਧੁਨਾਂ ਅਤੇ ਸਾਜਾਂ ਨਾਲ ਸਹਿਹੋਂਦ ਮਈ

ਰਿਸ਼ਤਾ ਧਾਰਨ ਕੀਤਾ ਹੈ। ਢੋਲ ਪੰਜਾਬ ਤੋਂ ਚੱਲ ਕੇ ਵਿਸ਼ਵ ਦਾ ਸਾਜ ਬਣ ਚੁੱਕਿਆ ਹੈ। ਪੰਜਾਬੀ ਪੌਪ ਨੇ ਵਿਸ਼ਵ ਵਿਚ ਆਪਣੀ ਥਾਂ ਬਣਾਈ ਹੈ। ਪੰਜਾਬੀ ਲੋਕ-ਨਾਚ ਵੀ ਵਿਸ਼ਵ ਪੱਧਰ ਤੇ ਹਰਮਨ ਪਿਆਰਾ ਹੋਏ ਹਨ। ਕਿਹਾ ਜਾ ਸਕਦਾ ਹੈ ਕਿ ਪੰਜਾਬੀ ਗੀਤ-ਸੰਗੀਤ ਵਿਸ਼ਵੀਕਰਨ ਦੇ ਰੌਲੇ ਰੱਪੇ ਵਿਚ ਨਹੀਂ ਗੁਆਚਿਆ ਸਗੋਂ ਇਸਨੇ ਆਪਣੀ ਇਕ ਵਿਲੱਖਣ ਥਾਂ ਬਣਾਈ ਹੈ।

**ਹਾਰ ਸ਼ਿੰਗਾਰ :-** ਸੋਨੇ ਦੀਆਂ ਵਧਦੀਆਂ ਹੋਈਆਂ ਕੀਮਤਾਂ ਨੇ ਹਾਰ ਸ਼ਿੰਗਾਰ ਦਾ ਤਾਂ ਲੱਕ ਹੀ ਤੋੜ ਦਿੱਤਾ। ਪੰਜਾਬ ਦਾ ਮੰਦਾ ਅਰਥਚਾਰਾ ਅਤੇ ਹਾਰ ਸ਼ਿੰਗਾਰ ਦੀਆਂ ਉੱਚੀਆਂ ਕੀਮਤਾਂ ਦਾ ਅੰਤਰ ਵੀ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਪ੍ਰਸੰਗ ਵਿਚ ਹੀ ਸਮਝਿਆ ਜਾ ਸਕਦਾ। ਤੋਹਫਾ :- ਵਿਆਹ ਸ਼ਾਦੀਆਂ ਵਿਚ ਅੱਗੇ ਨਿਉਂਦੇ/ਭਾਜੀ ਦੀ ਰਸਮ ਭਾਰੂ ਸੀ। ਤੋਹਫੇ ਦਾ ਰਿਵਾਜ ਕਾਫੀ ਸੀ। ਹੁਣ ਇਹ ਆਦਾਨ ਪ੍ਰਦਾਨ ਵੀ ਇਕ ਰੁਪਏ ਦੇ ਲਾਲ ਲਿਫਾਫਿਆਂ ਤੱਕ ਹੀ ਸੀਮਤ ਹੋ ਚੁਕਿਆ ਹੈ।

ਵਿਸ਼ਵ ਵਿਆਪੀਕਰਨ ਦੀ ਪ੍ਰਕਿਰਿਆ ਨੇ ਸਾਡੇ ਜੀਵਨ ਤੇ ਸੰਸਥਾ ਦੇ ਹਰ ਅੰਗ ਨੂੰ ਪ੍ਰਭਾਵਿਤ ਕੀਤਾ ਹੈ। ਘਰਾਂ ਵਿਚ ਕਾਰਾਂ, ਟੈਲੀਫੂਨਾਂ, ਕੰਪਿਊਟਰਾਂ ਦਾ ਆਉਣਾ, ਸਾਡੇ ਨਿਤਾਪ੍ਰਤੀ ਦੇ ਜੀਵਨ ਦਾ ਇਹਨਾਂ ਉਪਭੋਗਤਾ ਦੀਆਂ ਵਸਤਾਂ ਵਿਚ ਲੀਨ ਹੋਣਾ, ਸਰੀਰਕ ਕਸਰਤ ਵਾਲੇ ਕੰਮ ਕਾਜ ਦਾ ਘਟਨਾ, ਇਸ ਦਾ ਮਸ਼ੀਨ ਨੇ ਲੈ ਲੈਣਾ, ਇਸ ਨਾਲ ਸਾਨੂੰ ਵਿਹਲ ਤਾਂ ਮਿਲੀ ਹੈ, ਪਰ ਇਸ ਵਿਹਲ ਨੂੰ ਕਿਥੇ ਖਰਚਿਆ ਜਾਵੇ ਇਸ ਥਾਂ ਬਦਲ ਨਹੀਂ ਮਿਲਿਆ। ਇਸ ਸਦਕਾ ਅਸੀਂ ਮਾਨਸਿਕ ਉਲਝਣਾਂ ਵਿਚ ਫਸਦੇ ਜਾ ਰਹੇ ਹਾਂ। ਮਾਨਸਿਕ ਤਨਾਅ ਵਧ ਰਹੇ ਹਨ, ਨਾ ਮੁਰਾਦ ਬਿਮਾਰੀਆਂ ਦਸਤਕ ਦੇ ਰਹੀਆਂ, ਵਾਤਾਵਰਣ ਨੂੰ ਬੁਰੀ ਤਰਾਂ ਪ੍ਰਦੂਸ਼ਤ ਕੀਤਾ ਜਾ ਰਿਹਾ ਹੈ। ਆਵਾਜ਼ਾਂ ਸ਼ਾਂਤੀ ਨੂੰ ਤੋੜ ਕੇ ਸਾਡੇ ਕੰਮ ਤੇ ਸਿਰ ਦੋਵਾਂ ਨੂੰ ਖਾ ਰਹੀਆਂ ਹਨ। ਮਨੁੱਖ ਇਨਾਂ ਵਧੀਆਂ ਹੋਈਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਸੇ ਦੇ ਹੋੜ ਵਿਚ ਹਫਿਆ ਪਿਆ ਹੈ। ਜਿੰਦਗੀ ਲਾਟੂ ਵਾਂਗ ਘੁੰਮ ਰਹੀ ਹੈ। ਮਨੁੱਖ ਦੇ ਅਮਨ ਚੈਨ ਦੇ ਪਲ ਗੁਆਚ ਚੁੱਕੇ ਹਨ। ਅੰਤ ਵਿਚ ਸੋਚਿਆ ਜਾ ਸਕਦਾ ਹੈ ਕਿ ਮਨੁੱਖ ਨੇ ਇਨਾਂ ਕੁਝ ਗੁਆਕੇ ਆਖਿਰ ਖੱਟਿਆ ਕੀ ਹੈ ? ਉਸ ਨੂੰ ਪ੍ਰਾਪਤ ਕੀ ਹੋਇਆ ਹੈ ? ਉਸਨੇ ਸਭਿਅਤਾ ਵਿਚ ਵੀ ਵਾਧਾ ਕੀਤਾ ਹੈ ? ਉਸਨੇ ਕਿਹੋ ਜਿਹਾ ਸਭਿਆਚਾਰ ਸਿਰਜਿਆ ਹੈ ?

ਇਸ ਦਾ ਉਤਰ ਵੀ ਸੰਖੇਪ ਹੀ ਹੈ। ਮਨੁੱਖ ਨੇ ਆਪਣੇ ਇਤਿਹਾਸ ਤੇ ਪਰੰਪਰਾ ਦਾ ਕਤਲ ਕੀਤਾ ਹੈ। ਜੀਵਨ ਤੇ ਸਰੀਰਕ ਸੁਖ ਵਿਚ ਵਾਧਾ ਕੀਤਾ ਹੈ ? ਹਉਮੈ ਨੂੰ ਪੱਠੇ ਪਾਏ ਹਨ ? ਫੋਕੀ ਚਮਕ ਦਮਕ ਨੂੰ ਵਧਾਇਆ ਹੈ। ਜੋ ਕੁਝ ਪੈਦਾ ਕੀਤਾ ਹੈ, ਇਹ ਸਭਿਅਤਾ ਨਹੀਂ ਦੌਰ ਹੈ। ਜਿਸਦੇ ਬਹੁਤੀ ਦੇਰ ਚਲਣ ਦੀ ਸੰਭਾਵਨਾ ਨਹੀਂ ਹੈ।

ਪੰਜਾਬ ਦੀਆਂ ਵਧੇਰੇ ਸਭਿਆਚਾਰਕ ਕਦਰਾਂ-ਕੀਮਤਾਂ ਉਸਾਰੂ ਅਤੇ ਜੀਵਨ ਨੂੰ ਖੇੜੇ ਵਿਚ ਰੱਖਣ ਵਾਲੀਆਂ ਸਨ। ਗੁਰੂਆਂ, ਪੀਰਾਂ, ਫਕੀਰਾਂ, ਭਗਤਾਂ, ਸੂਫੀਆਂ, ਨਾਥਾਂ, ਜੋਗੀਆਂ, ਕਵੀਸ਼ਰਾਂ, ਕਵੀਆਂ, ਗਾਇਕਾਂ, ਉਸਤਾਦਾਂ, ਲੇਖਕਾਂ ਵਲੋਂ ਉਪਜਾਈ ਸਾਂਝੀ ਵਿਰਾਸਤ ਨੇ ਮਨੁੱਖੀ ਜੀਵਨ ਨੂੰ ਰੂਹਾਨੀਅਤ ਅਤੇ ਹੁਲਾਸ ਬਖਸ਼ਿਆ ਅਤੇ ਹੱਥੀਂ ਕਿਰਤ ਤੇ ਹੱਕ ਦੀ ਕਮਾਈ ਲਈ ਨਵੇਂ ਪੂਰਨੇ ਪਾਏ। ਕਰਤਾਰਪੁਰ ਵਿਖੇ ਗੁਰੂ ਨਾਨਕ ਦਾ ਹੱਥੀਂ ਕਿਰਤ ਕਰਨ ਅਤੇ ਰੂਹਾਨੀਅਤ ਦਾ ਮਾਡਲ ਸਰਬ-ਪ੍ਰਵਾਣਿਤ ਹੈ। ਬੁੱਲ੍ਹੇ ਦੀ ਬੇਬਾਕੀ ਨੇ ਸੱਚੇ ਅਮਲਾਂ ਲਈ ਹੋਕਾ ਦਿੱਤਾ ਅਤੇ ਸਮਾਜ ਵਿਚ ਫੈਲੀਆਂ ਕੁਰੀਤੀਆਂ 'ਤੇ ਡਾਢੀ ਚੋਟ ਕੀਤੀ। ਵਾਰਿਸ ਗੁਣਗੁਣਾਉਂਦੇ ਵਾਹੀਵਾਨ ਨੂੰ ਪਤਾ ਹੀ ਨਹੀਂ ਸੀ ਲਗਦਾ ਕਿ ਕਦੋਂ ਸੀਂਅ ਲੱਗੀ ਤੇ ਕਦੋਂ ਸੁਹਾਗਾ ਵੱਜਿਆ। ਜੀਵਨ ਦੇ ਕਰੜੇ ਸੱਚਾਂ ਵਾਲੇ ਬਾਬਾ ਫਰੀਦ ਤੇ ਭਗਤ ਕਬੀਰ ਦੇ ਸਲੋਕ ਆਮ ਪੰਜਾਬੀਆਂ ਦੇ ਬੁੱਲ੍ਹਾਂ 'ਤੇ ਹੁੰਦੇ।

ਵੀਹਵੀਂ ਸਦੀ ਦੇ ਛੇਵੇਂ-ਸੱਤਵੇਂ ਦਹਾਕੇ, ਭਾਵ ਹਰੇ ਇਨਕਲਾਬ ਤੋਂ ਪਹਿਲਾਂ, ਪੰਜਾਬ ਵਿਚ ਸਭਿਆਚਾਰਕ ਕਦਰਾਂ-ਕੀਮਤਾਂ ਕੁਦਰਤ ਤੇ ਮਾਨਵ ਪੱਖੀ ਸਨ, ਪਰ ਇਸ ਉਪਰੰਤ ਸਮਾਜ ਦੇ ਹੋਰ ਪੱਖਾਂ ਵਿਚ ਤਬਦੀਲੀ ਆਈ ਅਤੇ ਸਭਿਆਚਾਰ ਨੂੰ ਵੀ ਹਲੂਣਾ ਵੱਜਿਆ ਤੇ ਥੋੜ੍ਹੇ ਸੁਧਾਰਾਂ ਤੇ ਵਧੇਰੇ ਵਿਗਾੜਾਂ ਦਾ ਦੌਰ ਸ਼ੁਰੂ ਹੋਇਆ। ਸਮਾਜ ਵਿਚ ਸੰਸਥਾਗਤ ਅਤੇ ਰਚਨਾਤਮਕ ਬਦਲਾਓ ਆਉਣ ਲੱਗੇ। ਹਰੇ ਇਨਕਲਾਬ ਸਦਕਾ ਫਸਲ ਉਤਪਾਦਨ ਵਧਿਆ ਅਤੇ ਪੂੰਜੀਵਾਦੀ ਤੇ ਵਪਾਰੀਕਰਨ ਦੀ ਭਾਵਨਾ ਦੀ ਜਕੜ ਵਧੀ। ਸਾਦ-ਮੁਰਾਦੀ ਖੇਤੀ, ਇਸ ਦੇ ਢੰਗਾਂ ਅਤੇ ਹੋਰ ਸਾਜ਼ੋ-ਸਾਮਾਨ ਵਿਚ ਤੀਬਰ ਤਬਦੀਲੀ ਆਈ। ਖੇਤੀ ਮਸ਼ੀਨਰੀ ਵਿਚ ਵਾਧੇ ਅਤੇ ਟਿਊਬਵੈਲ ਲੱਗਣੇ, ਫਸਲਾਂ ਦੇ ਮੰਡੀਕਰਨ ਦੀ ਸਹੂਲਤ, ਨਵੇਂ ਕੀਟਨਾਸ਼ਕਾਂ ਤੇ ਨਦੀਨਨਾਸ਼ਕਾਂ ਦੀ ਵਰਤੋਂ ਸਦਕਾ ਖੇਤੀ ਸੁਖਾਲੀ ਹੋ ਗਈ। ਵਿਹਲਪੁਣੇ ਵਿਚ ਵਾਧਾ ਹੋਇਆ ਅਤੇ ਨਤੀਜੇ ਵਜੋਂ ਮਨੋਰੰਜਨ ਵੱਲ ਲੋਕਾਂ (ਖਾਸ ਕਰ ਨੌਜਵਾਨਾਂ) ਦਾ ਝੁਕਾਅ ਵਧਿਆ। ਪਹਿਲਾਂ ਫਿਲਮਾਂ ਤੇ ਫਿਰ ਟੀ. ਵੀ. ਦਾ ਦੌਰ ਸ਼ੁਰੂ ਹੋਇਆ। ਨਵੀਂ ਪਨੀਰੀ ਵਿਚ ਨੱਚਣ-ਗਾਉਣ ਦਾ ਰੁਝਾਨ ਹੋਰ ਵਧਣ ਲੱਗਾ। ਮਨੋਰੰਜਨ ਵਿਚ ਵਧੇਰੇ ਸਮਾਂ ਗੁਜ਼ਾਰਨਾ ਖੇਤੀ ਕੰਮਾਂ ਤੇ ਜੀਵਨ ਸੰਘਰਸ਼ ਦੇ ਹੋਰ ਪਹਿਲੂਆਂ ਨੂੰ ਛੱਡ ਸੌਖਾ ਰਾਹ ਲੱਭਿਆ। 1980 ਤੋਂ ਪਹਿਲਾਂ ਲਾਲ ਚੰਦ ਯਮਲਾ, ਸੁਰਿੰਦਰ ਕੌਰ,

ਹਰਚਰਨ ਗਰੇਵਾਲ-ਸੀਮਾ, ਨਰਿੰਦਰ ਬੀਬਾ, ਮੁਹੰਮਦ ਸਦੀਕ, ਕੇ. ਦੀਪ-ਜਗਮੋਹਨ ਕੌਰ, ਕੁਲਦੀਪ ਮਾਣਕ ਆਦਿ ਵਰਗੇ ਕੁਝ ਕਲਾਕਾਰ ਸਨ, ਪਰ ਅੱਜ ਵਖ-ਵਖ ਤਰ੍ਹਾਂ ਤੇ ਪੱਧਰਾਂ ਦੇ ਕਰੀਬ 10,000 ਕਲਾਕਾਰ ਦੱਸੇ ਜਾਂਦੇ ਹਨ। ਤਬਦੀਲੀ ਕੁਦਰਤ ਦਾ ਨਿਯਮ ਹੈ, ਪਰ ਇਸ ਦੀ ਧਾਰਾ ਮਾਰੂ ਹੋਣ ਦਾ ਨੁਕਸਾਨ ਹੀ ਨੁਕਸਾਨ ਹੈ। ਪਹਿਲਾਂ ਗੀਤ-ਸੰਗੀਤ ਜੀਵਨ ਨੂੰ ਹੁਲਾਸ ਦੇਣ ਵਾਲਾ ਤੇ ਕੁਦਰਤ ਪੱਖੀ ਸੀ, ਪਰ ਹੌਲੀ-ਹੌਲੀ ਸ਼ੋਰ ਸ਼ਰਾਬੇ ਤੇ ਜਿਸਮ ਦੀ ਨੁਮਾਇਸ਼ ਵਿਚ ਤਬਦੀਲ ਹੋ ਗਿਆ। ਸਰੀਰਕ ਤੇ ਆਰਾਮ ਪੱਖੀ ਵਰਤਾਰਾ ਵਧ ਗਿਆ ਹੈ।

1991-92 ਵਿਚ ਨਵੀਆਂ ਆਰਥਕ ਨੀਤੀਆਂ ਸਦਕਾ ਵਿਅਕਤੀਆਂ, ਸਮੂਹਾਂ, ਸਮਾਜਾਂ ਦਾ ਆਪਸ ਵਿਚ ਸੰਪਰਕ ਹੋਰ ਵਧਿਆ। ਕੰਪਿਊਟਰ ਤੇ ਇੰਟਰਨੈਟ ਦਾ ਦੌਰ ਸ਼ੁਰੂ ਹੋਇਆ ਤੇ ਸਿੱਟੇ ਵਜੋਂ ਨੌਜਵਾਨਾਂ ਦੀ ਦਿਮਾਗੀ ਸ਼ਕਤੀ ਦਾ ਵਧੇਰੇ ਉਪਯੋਗ ਇਸ ਪਾਸੇ ਵੱਲ ਵਧੇਰੇ ਹੋ ਗਿਆ। ਰਹਿੰਦੀ ਕਸਰ ਸਮਾਰਟ ਫੋਨਾਂ ਦੀ ਆਮਦ ਨੇ ਕੱਢ ਦਿੱਤੀ। ਸਰਵੇਖਣ ਇਸ਼ਾਰਾ ਕਰਦੇ ਹਨ ਕਿ ਨੌਜਵਾਨ ਔਸਤਨ ਸੱਤ-ਅੱਠ ਘੰਟੇ ਰੋਜ਼ ਸਮਾਰਟ ਫੋਨਾਂ ਦਾ ਇਸਤੇਮਾਲ ਕਰਦੇ ਹਨ ਅਤੇ ਕਈ ਕੇਸਾਂ ਵਿਚ ਤਾਂ 16 ਤੋਂ 18 ਘੰਟੇ ਦੀਆਂ ਰਿਪੋਰਟਾਂ ਵੀ ਮਿਲਦੀਆਂ ਹਨ। ਮੌਜੂਦਾ ਯੁਗ ਵਿਚ ਮਨੁੱਖੀ ਜੀਵਨ ਵਿਚ ਤਕਨੀਕਾਂ ਦੀ ਆਮਦ ਤੇ ਇਸ ਦੇ ਬੇਲੋੜੇ ਉਪਯੋਗ ਨੇ ਜ਼ਿੰਦਗੀ ਨੂੰ ਬਦਲ ਕੇ ਰੱਖ ਦਿੱਤਾ ਹੈ। ਪੁਰਾਣੇ ਸਮਿਆਂ ਵਿਚ ਹੱਥੀਂ ਕਿਰਤ ਵਿਚ ਵਧੇਰੇ ਸਮਾਂ ਲੱਗਦਾ ਸੀ, ਉਹ ਘਟਣ ਕਰਕੇ ਵਿਹਲ ਵਿਚ ਵਾਧਾ ਹੋਇਆ ਹੈ ਤੇ ਨਤੀਜੇ ਵਜੋਂ ਮਨੋਰੰਜਨ, ਘੁੰਮਣ ਫਿਰਨ ਤੇ ਹੋਰ ਅਜਿਹੇ ਢਕਵੰਜਾਂ ਵਿਚ ਅਥਾਹ ਵਾਧਾ ਹੋਇਆ ਹੈ। ਕਿਸੇ ਪਿਕਨਿਕ, ਮਨੋਰੰਜਕ ਤੇ ਪਹਾੜੀ ਥਾਂਵਾਂ ਉਤੇ ਪੈਰ ਧਰਨ ਨੂੰ ਜਗ੍ਹਾ ਨਾ ਮਿਲਣਾ, ਇਸ ਦੀਆਂ ਮਿਸਾਲਾਂ ਹਨ। ਖਪਤਵਾਦੀ ਸਭਿਆਚਾਰ ਦੇ ਪ੍ਰਫੁਲਿਤ ਹੋਣ ਕਰਕੇ ਕੁਦਰਤ ਦਾ ਨੁਕਸਾਨ ਤੇ ਵਾਤਾਵਰਣ ਦਾ ਪਲੀਤ ਹੋਣਾ ਵੀ ਅੱਖੀਂ ਦੇਖਿਆ ਜਾ ਸਕਦਾ ਹੈ। ਵਧ ਰਹੀ ਆਬਾਦੀ ਤੇ ਰੁਜ਼ਗਾਰ ਦੇ ਘਟ ਰਹੇ ਮੌਕਿਆਂ ਤੇ ਮਨੋਰੰਜਨ ਖੇਤਰ ਵਿਚ ਸੌਖਿਆਂ ਹੀ ਦਾਖਲੇ ਕਾਰਨ ਅੱਜ ਅਖੌਤੀ ਗਾਇਕਾਂ ਦੀ ਫੌਜ ਖੜ੍ਹੀ ਹੋ ਗਈ ਹੈ। ਸਿੱਟੇ ਵਜੋਂ ਸਮਾਜਕ ਕਦਰਾਂ-ਕੀਮਤਾਂ ਦੀ ਪਰਵਾਹ ਨਾ ਕਰਦਿਆਂ ਅਜਿਹੇ ਗਾਇਕ ਹਿੰਸਕ ਅਤੇ ਦੂਹਰੇ ਅਰਥਾਂ ਵਾਲੇ ਗੀਤਾਂ 'ਤੇ ਉਤਰ ਆਏ ਹਨ ਤੇ ਸ਼ਬਦਾਵਲੀ ਦਾ ਪੱਧਰ ਨਿਹਾਇਤ ਨੀਵਾਂ ਚਲਾ ਗਿਆ ਹੈ। ਇਸ ਪ੍ਰਕ੍ਰਿਆ ਵਿਚ ਵਧੇਰੇ ਕਰਕੇ ਔਰਤ ਨੂੰ ਹੀ ਪ੍ਰਦਰਸ਼ਿਤ ਕੀਤਾ ਜਾ ਰਿਹਾ ਹੈ। ਕਿਸੇ ਵੀ ਸਕੂਲ, ਕਾਲਜ ਜਾਂ ਯੂਨੀਵਰਸਿਟੀ ਪੜ੍ਹਦੀਆਂ ਲੜਕੀਆਂ 'ਤੇ ਤਰ੍ਹਾਂ ਤਰ੍ਹਾਂ ਦੇ ਗੀਤ ਬਣਾਏ ਗਏ ਹਨ।

ਪੰਜਾਬੀ ਗਾਇਕੀ ਵਿਚ ਆਮ ਤੌਰ 'ਤੇ ਲੜਕਿਆਂ ਨੂੰ ਵੈਲੀ, ਸ਼ਰਾਬੀ, ਖਾਣ-ਪੀਣ ਵਾਲਾ, ਅਮੀਰ, ਦੋਸਤਾਂ ਦੀ ਸੇਵਾ ਕਰਨ ਵਾਲਾ, ਹਥਿਆਰਾਂ ਤੇ ਬਾਜ਼ਾਰਾਂ ਦਾ ਮਾਲਕ, ਪੇਂਡੂ, ਟਰੈਕਟਰ-ਕਾਰਾਂ ਚਲਾਉਣ ਵਾਲਾ ਅਤੇ ਕੁੜੀਆਂ ਨੂੰ ਸ਼ਹਿਰੀ, ਅੰਗਰੇਜ਼ੀ ਪੜ੍ਹਨ ਵਾਲੀ, ਗੁਮਾਨੀ, ਮਨੋਰੰਜਨ ਦੀ ਚੀਜ਼ ਆਦਿ ਦਰਸਾਇਆ ਜਾਂਦਾ ਹੈ। ਲੜਕੀਆਂ ਨੂੰ ਪਾਉਣ ਖਾਤਰ ਉਨ੍ਹਾਂ ਦੇ ਮਾਤਾ, ਪਿਤਾ ਅਤੇ ਭਰਾਵਾਂ ਬਾਰੇ ਗੀਤਾਂ ਵਿਚ ਵਰਤੀ ਜਾਂਦੀ ਸ਼ਬਦਾਵਲੀ ਅਜਿਹੀ ਹੁੰਦੀ ਹੈ ਕਿ ਲੋਕ ਕੁੜੀਆਂ ਜੰਮਣੀਆਂ ਹੀ ਛੱਡ ਦੇਣ। ਤਲਿਸਮ ਦੀ ਇਸ ਦੁਨੀਆਂ ਕਾਰਨ ਕਈ ਨੌਜਵਾਨ ਖਰਚੇ ਦੀ ਪੂਰਤੀ ਲਈ ਮਾਪਿਆਂ ਦੇ ਨੱਕ ਵਿਚ ਦਮ ਕਰੀ ਰੱਖਦੇ ਹਨ ਅਤੇ ਕਈ ਪਰਿਵਾਰ ਉਜੜ ਗਏ ਹਨ। ਹੋਟਲਾਂ ਆਦਿ ਵਿਚ ਲੜਕੀਆਂ ਵਲੋਂ ਸ਼ਰਾਬ ਵਰਤਾਉਣਾ ਵੀ ਕਾਫੀ ਵਧ ਗਿਆ ਹੈ। ਖੁਸ਼ੀ ਦੇ ਸਮਾਗਮਾਂ ਮੌਕੇ ਨਸ਼ੇ 'ਚ ਧੁੱਤ ਛੋਟਿਆਂ ਤੋਂ ਲੈ ਕੇ ਬਜੁਰਗਾਂ ਤੱਕ ਦਾ ਬੇਹਾਲ ਹੋ ਜਾਣਾ ਵੀ ਸਭਿਆਚਾਰ ਦੇ ਰਸਾਤਲ ਵੱਲ ਜਾਣ ਦਾ ਇਕ ਹੋਰ ਸੂਚਕ ਹੈ। ਜ਼ਿਆਦਾਤਰ ਪੰਜਾਬੀ ਗਾਇਕ ਤੇ ਗਾਇਕਾਵਾਂ ਬਹੁਤ ਘੱਟ ਤਾਲੀਮਯਾਫਤਾ ਹਨ। ਜਹਾਜ ਦਾ ਪਾਇਲਟ ਮਾੜਾ ਹੋਵੇ ਤਾਂ ਸਭ ਦੀ ਜਾਨ ਖਤਰੇ ਵਿਚ ਪਾ ਸਕਦਾ ਹੈ, ਇਹੀ ਹਸ਼ਰ ਅਜੋਕੇ ਪੰਜਾਬੀ ਸਭਿਆਚਾਰ ਦਾ ਹੋ ਰਿਹਾ ਹੈ। ਅਜੋਕੇ ਯੁੱਗ ਵਿਚ ਖਪਤਵਾਦੀ ਸਭਿਆਚਾਰ ਭਾਰੂ ਹੈ। ਦਰਅਸਲ, ਬਾਜ਼ਾਰ ਕਿਸੇ ਸਮੂਹ, ਸਮਾਜ ਜਾਂ ਦੇਸ਼ ਵਿਚ ਆਪਣੇ ਉਤਪਾਦਨਾਂ ਦੀ ਵਿਕਰੀ ਲਈ ਵਖ ਵਖ ਤਰੀਕੇ ਅਪਨਾਉਂਦਾ ਹੈ। ਬਾਜ਼ਾਰ ਦਾ ਮੁੱਖ ਮਕਸਦ ਲੋਕਾਂ ਤੇ ਖਾਸਕਰ ਨੌਜਵਾਨਾਂ ਨੂੰ ਖਪਤ ਸਭਿਆਚਾਰ ਦੇ ਚੱਕਰ ਵਿਚ ਉਲਝਾਉਣਾ ਹੈ, ਜਿਸ ਵਿਚ ਇਹ ਕਾਮਯਾਬ ਹੋ ਗਿਆ ਹੈ। ਬਾਜ਼ਾਰ ਵਧੇਰੇ ਉਤਪਾਦਨਾਂ ਨੂੰ ਮਨੁੱਖੀ ਲੋੜ ਵਜੋਂ ਪ੍ਰਦਰਸ਼ਿਤ ਕਰਦਾ ਹੈ। ਖਪਤਵਾਦ ਦੇ ਇਸ ਯੁੱਗ ਵਿਚ ਮਨੋਰੰਜਨ ਸੌਖਾ ਰਾਹ ਹੈ, ਜਿਸ ਰਾਹੀਂ ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਨੂੰ ਦਿਖਾਇਆ ਤੇ ਵੇਚਿਆ ਜਾ ਰਿਹਾ ਹੈ।

## ਸਾਰਾਂਸ਼

ਸਭਿਆਚਾਰ ਲੋਕ ਸਮੂਹ ਦੁਆਰਾ ਬਣਾਏ ਜੀਵਨ ਦੇ ਇੱਕ ਵਿਸ਼ੇਸ਼ ਜੀਵਨ ਜਾਚ ਦਾ ਨਾਮ ਹੈ। ਪਸ਼ੂ ਜੀਵਨ ਤੋਂ ਉੱਪਰ ਉੱਠ ਕੇ, ਮਨੁੱਖ ਆਪਣੀਆਂ ਅੰਦਰੂਨੀ ਕਰਤਾਰੀ ਸ਼ਕਤੀਆਂ ਨੂੰ ਪ੍ਰਗਟ ਕਰਨ ਅਤੇ ਵਿਉਂਤਣ ਲਈ ਸੱਭਿਆਚਾਰ ਸਿਰਜਦਾ ਹੈ। ਸੱਭਿਆਚਾਰ ਦਾ ਮੁੱਖ ਟੀਚਾ ਮਨ, ਸਰੀਰ ਅਤੇ ਆਤਮਾ ਦੀ ਸਦਭਾਵਨਾ ਪੈਦਾ ਕਰਦੇ ਹੋਏ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਉਸੇ ਸਮੇਂ ਮਨੁੱਖ ਦੀ ਵਿਅਕਤੀਗਤ ਅਤੇ ਸਮੂਹਕ ਸੰਭਾਵਨਾ ਦਾ ਪਾਲਣ ਪੋਸ਼ਣ ਕਰਨਾ ਹੈ। ਖ਼ਾਸ ਭੂਗੋਲਿਕ ਖਿੱਤੇ ਦੀਆਂ ਸਰੀਰਕ, ਕੁਦਰਤੀ ਅਤੇ ਜਲਵਾਯੂ ਦੀਆਂ ਸਥਿਤੀਆਂ ਦੇ ਅਧਾਰ ਤੇ, ਲੋਕ ਜ਼ਿੰਦਗੀ ਦੇ ਛੋਟੇ ਪਹਿਲੂ ਤੋਂ ਲੈ ਕੇ ਮਹਾਨ ਉਦੇਸ਼ ਤੱਕ ਕਈ ਤਰ੍ਹਾਂ ਦੇ ਸੱਭਿਆਚਾਰਕ ਪ੍ਰਬੰਧਾਂ ਦਾ ਨਿਰਮਾਣ ਕਰ ਰਹੇ ਹਨ। ਸੱਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ। ਸਰੀਰਕ, ਰਾਜਨੀਤਿਕ ਅਤੇ ਹੋਰ ਤਬਦੀਲੀਆਂ ਇਸਨੂੰ ਬਦਲਦੀਆਂ ਰਹਿੰਦੀਆਂ ਹਨ। ਪੰਜਾਬ ਦਾ ਸਭਿਆਚਾਰ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ, ਲਿਖਤ ਸਾਹਿਤ, ਰਸੋਈ, ਵਿਗਿਆਨ, ਟੈਕਨੋਲੋਜੀ, ਸੈਨਿਕ ਯੁੱਧ, ਰਵਾਇਤਾਂ, ਕਦਰਾਂ ਕੀਮਤਾਂ ਅਤੇ ਪੰਜਾਬੀ ਲੋਕਾਂ ਦੇ ਇਤਿਹਾਸ ਨੂੰ ਸ਼ਾਮਲ ਕਰਦਾ ਹੈ।

ਇਸ ਗਤੀਸ਼ੀਲ ਸਮੇਂ ਵਿੱਚ ਪੰਜਾਬੀ ਸੱਭਿਆਚਾਰ ਦੇ ਅਸਲ ਸੁਭਾਅ ਦੀ ਪਛਾਣ ਕਰਨ ਦੀ ਲੋੜ ਹੈ। ਬਹੁਤ ਵਾਰ ਅਸੀਂ ਅਣਦੇਖੀ ਨੂੰ ਸੱਭਿਆਚਾਰ ਦੀ ਪ੍ਰਾਚੀਨਤਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਦਰਅਸਲ, ਸੱਭਿਆਚਾਰ ਇੱਕ ਸਾਂਝਾ ਪ੍ਰਬੰਧ ਹੈ ਜੋ ਮਨੁੱਖ

ਦੁਆਰਾ ਇੱਕ ਸੱਚੀ ਅਤੇ ਸ਼ੁੱਧ, ਮਹਾਨ ਅਤੇ ਬੁੱਧੀਮਾਨ ਸ਼ਖਸੀਅਤ ਨੂੰ ਬਣਾਉਣ ਲਈ ਬਣਾਇਆ ਗਿਆ ਹੈ। ਇਸ ਜ਼ਰੂਰਤ ਨਾਲ ਘਰਾਂ, ਪਰਿਵਾਰਾਂ, ਫਿਰਕਿਆਂ, ਰਿਸ਼ਤੇ, ਵਿਆਹ, ਰਿਵਾਜ਼ਾਂ, ਵਿਸ਼ਵਾਸਾਂ, ਕਦਰਾਂ ਕੀਮਤਾਂ, ਨਮੂਨਿਆਂ, ਕਲਾਵਾਂ, ਪਹਿਰਾਵੇ, ਸ਼ਿੰਗਾਰੇ, ਲੋਕ ਕਥਾਵਾਂ ਅਤੇ ਹੋਰ ਬਹੁਤ ਸਾਰੇ ਪੈਦਾ ਹੋਏ ਹਨ। ਇਹ ਸਾਰੀਆਂ ਰਚਨਾਵਾਂ ਮਨੁੱਖ ਨੂੰ ਜਾਨਵਰਾਂ ਦੇ ਰਾਜ ਤੋਂ ਉੱਪਰ ਉੱਠ ਕੇ ਉਸਾਰੂ ਅਤੇ ਖੁਸ਼ਹਾਲ ਬਣਾਉਣ ਲਈ ਸਾਧਨ ਬਣੀਆਂ ਹਨ।

## ਕੇਂਦਰੀ ਸ਼ਬਦ

- **ਭੂਗੋਲਿਕ ਖੇਤਰ** ਉਸ ਸਭਿਆਚਾਰ ਦੇ ਖੇਤਰ ਨੂੰ ਕਹਿੰਦੇ ਹਨ ਜਿਥੇ ਰਲਦੇ ਮਿਲਦੇ ਸਭਿਆਚਾਰ ਜਾਂ ਉਪ ਸਭਿਆਚਾਰ ਵਿਚਰ ਰਹੇ ਹੋਣ।
- **ਸਭਿਆਚਾਰਕ ਖੇਤਰ** ਦਾ ਨਿਰਣਾ, ਸਭਿਆਚਾਰਕ ਅਤੇ ਭੂਗੋਲ ਦੇ ਅੰਤਰ ਸਬੰਧਾਂ ਤੇ ਵੀ ਨਿਰਭਰ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ, ਖਾਣ ਪੀਣ ਬਹੁਤ ਹੱਦ ਤੱਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਕਿਸੇ ਖਿਤੇ ਦੇ ਪ੍ਰਾਪਤ ਜਲਵਾਯੂ ਵਸੀਲੇ ਬਨਸਪਤੀ, ਦਰਿਆ, ਪੌਣ ਪਾਣੀ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਮਾਂਹ ਦੀ ਅਵਸਥਾ, ਜਮੀਨ ਦੀ ਕਿਸਮ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।
- **ਕਦਰ ਪ੍ਰਣਾਲੀ** ਕਿਸੇ ਸਭਿਆਚਾਰਕ ਸਮੂਹ ਦੀ ਜੀਵਨ ਸ਼ੈਲੀ।
- **ਖਪਤਵਾਦ** ਬੇਲੋੜੀਆਂ ਚੀਜਾਂ/ਵਸਤਾਂ ਨੂੰ ਭੋਗਣ ਦੀ ਮਾਨਸਿਕਤਾ ।

## ਸਵੈ-ਮੁਲਾਂਕਣ

**ਪ੍ਰਸ਼ਨ 1. ਵੈਦਿਕ ਸਮੇਂ ਵਿਚ ਪੰਜਾਬ ਪ੍ਰਦੇਸ ਦਾ ਕਿਹੜਾ ਨਾਂ ਪ੍ਰਚਿਲਤ ਸੀ?**

ੳ) ਸਪਤਸਿੰਧੂ

ਅ) ਪੰਜਾਬ

ੲ) ਮਗਧ

ਸ) ਮੁਲਤਾਨ

**ਪ੍ਰਸ਼ਨ 2. ਪੰਜਾਬੀ ਸਭਿਆਚਾਰ ਵਿਚ ਕੁੜਤੀ ਸਲਵਾਰ ਕਿਸ ਦੇ ਪ੍ਰਭਾਵ ਦੀ ਸੂਚਕ ਹੈ?**

ੳ) ਇਸਲਾਮੀ ਪ੍ਰਭਾਵ

ਅ) ਅੰਗਰੇਜ਼ੀ ਪ੍ਰਭਾਵ

ੲ) ਤੁਰਕੀ ਪ੍ਰਭਾਵ

ਸ) ਵੈਦਿਕ ਪ੍ਰਭਾਵ

**ਪ੍ਰਸ਼ਨ 3. "ਪਿਆਰ ਨਾਲ ਇਹ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ ਪਰ ਟੈਂ ਨਾ ਮਨੰਣ ਕਿਸੇ ਦੀ" ਇਹ ਸਤਰਾਂ ਪੰਜਾਬੀ ਸਭਿਆਚਾਰ ਦੀ ਕਿਸ ਕਦਰ ਨੂੰ ਪੇਸ਼ ਕਰਦੀਆਂ ਹਨ?**

ੳ) ਨਿਮਰਤਾ ਅਤੇ ਸਵੈਧੀਨਤਾ

ਅ) ਨਿਡਰਤਾ ਅਤੇ ਭਗਤੀ

ੲ) ਤਿਆਗ ਅਤੇ ਬਹਾਦਰੀ

ਸ) ਪਿਆਰ ਅਤੇ ਸੁਤੰਤਰਤਾ

**ਪ੍ਰਸ਼ਨ 4. ਪੰਜਾਬੀ ਸਭਿਆਚਾਰ ਮੁੱਖ ਰੂਪ ਵਿਚ ਪਦਾਰਥਵਾਦੀ ਹੈ। ਇਸ ਸਤਰ ਤੋਂ ਕੀ ਭਾਵ ਹੈ?**

ੳ) ਪੰਜਾਬੀ ਸਭਿਆਚਾਰ ਪਦਾਰਥ ਨੂੰ ਦੁਰਕਾਰਦਾ ਹੈ

ਅ) ਪੰਜਾਬੀ ਸਭਿਆਚਾਰ ਪਦਾਰਥ ਨੂੰ ਨਕਾਰਦਾ ਹੈ।

ੲ) ਪੰਜਾਬੀ ਸਭਿਆਚਾਰ ਪਦਾਰਥ ਨੂੰ ਅਪਣਾਉਂਦਾ ਹੈ।

ਸ) ਪੰਜਾਬੀ ਸਭਿਆਚਾਰ ਪਦਾਰਥ ਨੂੰ ਵੰਡਦਾ ਹੈ।

**ਪ੍ਰਸ਼ਨ 5. 1947 ਤੋਂ ਬਾਅਦ ਪਾਕਿਸਤਾਨੀ ਪੰਜਾਬ ਪ੍ਰਦੇਸ ਦਾ ਕਿਹੜਾ ਨਾਂ ਪ੍ਰਚਿਲਤ ਹੈ?**

ੳ) ਏਸ਼ਿਆਈ ਪੰਜਾਬ

ਅ) ਚੜ੍ਹਦਾ ਪੰਜਾਬ

ੲ) ਲਹਿੰਦਾ ਪੰਜਾਬ

ਸ) ਲਾਹੌਰੀ ਪੰਜਾਬ

**ਪ੍ਰਸ਼ਨ 6. ਪੰਜਾਬ ਸ਼ਬਦ ਤੋਂ ਕੀ ਭਾਵ ਹੈ?**

ੳ) ਪੰਜ ਇਲਾਕੇ

ਅ) ਪੰਜ ਦਰਿਆਂ

ੲ) ਪੰਜ ਖੂਹ

ਸ) ਪੰਜ ਪ੍ਰਦੇਸ

**ਪ੍ਰਸ਼ਨ 7. ਪੰਜਾਬੀ ਸਭਿਆਚਾਰ ਦੀ ਕੀ ਵਿਸ਼ੇਸ਼ਤਾ ਹੈ?**

ੳ) ਸ਼ਾਂਤ

ਅ) ਨਿਡਰਤਾ

ੲ) ਤਿਆਗ

ਸ) ਸੰਜਮਤਾ

**ਪ੍ਰਸ਼ਨ 8. ਭਾਰਤੀ ਪੰਜਾਬ ਦੀ ਧਰਤੀ ਵਿਚ ਕਿਹੜੇ ਦਰਿਆਂ ਵਗਦੇ ਹਨ?**

ੳ) ਸਤਲੁਜ, ਬਿਆਸ, ਰਾਵੀ, ਝਨਾਬ, ਜਿਹਲਮ

ਅ) ਸਤਲੁਜ, ਬਿਆਸ, ਰਾਵੀ

ੲ) ਸਤਲੁਜ, ਬਿਆਸ, ਝਨਾਬ

ਸ) ਜਮਨਾ, ਦੁਆਬ, ਸਤਲੁਜ, ਬਿਆਸ, ਰਾਵੀ

**ਪ੍ਰਸ਼ਨ 9. ਚੜ੍ਹਦੇ ਪੰਜਾਬ ਵਿਚ ਪੰਜਾਬੀ ਬੋਲੀ ਲਈ ਕਿਹੜੀ ਲਿਪੀ ਪ੍ਰਚਲਿਤ ਹੈ?**

ੳ) ਗੁਰਮੁਖੀ

ਅ) ਸ਼ਾਹਮੁਖੀ

ੲ) ਅਰਬੀ

ਸ) ਦੇਵਾਨਾਗਰੀ

**ਪ੍ਰਸ਼ਨ 10. ਪੰਕਤੀ 'ਬਾਰਿ ਪਰਾਇਐ ਬੈਸਣਾ ਸਾਂਈ ਮੁਝੇ ਨਾ ਦੇਹਿ, ਜੇ ਤੂ ਏਵੇਂ ਰਖਸੀ ਜੀਉ ਸਰੀਰਹੁ ਲੇਹਿ' ਪੰਜਾਬੀ ਸਭਿਆਚਾਰ ਦੀ ਕਿਹੜੀ ਕਦਰ ਨੂੰ ਪੇਸ਼ ਕਰਦੀ ਹੈ?**

ੳ) ਸਵੈਧੀਨਤਾ

ਅ) ਨਿਡਰਤਾ

ੲ) ਤਿਆਗ

ਸ) ਨਿਮਰਤਾ

**ਪ੍ਰਸ਼ਨ 11. ਪੰਜਾਬੀ ਸਭਿਆਚਾਰ ਕਿਹੜੇ ਦੋ ਸਭਿਆਚਾਰਾਂ ਦਾ ਮਿਸ਼ਰਣ ਹੈ?**

ੳ) ਵੈਦਿਕ ਤੇ ਸਿੰਧੂ ਸਭਿਅਚਾਰ

ਅ) ਭਾਰਤੀ ਤੇ ਸਾਮੀ ਸਭਿਅਚਾਰ

ੲ) ਭਾਰਤੀ ਤੇ ਤੁਰਕ ਸਭਿਅਚਾਰ

ਸ) ਹਿੰਦੂ ਤੇ ਬੋਧੀ ਸਭਿਅਚਾਰ

**ਪ੍ਰਸ਼ਨ 12. "ਉਤਮ ਖੇਤੀ, ਮੱਧਮ ਵਪਾਰ, ਨਿਖਿੱਧ ਚਾਕਰੀ ਭੀਖ ਮੁਰਦਾਰ।" ਪੰਜਾਬ ਦੀ ਇਸ ਲੋਕ ਤੁਕ ਵਿਚ ਕਿਸ ਨੂੰ ਮੌਤ ਦੇ ਬਰਾਬਰ ਮੰਨਿਆ ਗਿਆ ਹੈ?**

ੳ) ਖੇਤੀ

ਅ) ਵਪਾਰ

ੲ) ਚਾਕਰੀ

ਸ) ਭੀਖ

**ਪ੍ਰਸ਼ਨ 13. ਪੰਜਾਬ ਦੇ ਭੂਗੋਲਿਕ ਇਲਾਕੇ ਦੀ ਉਘੜਵੀਂ ਵਿਸ਼ੇਸ਼ਤਾ ਕੀ ਹੈ?**

ੳ) ਖਣਿਜ

ਅ) ਰੁੱਤਾਂ

ੲ) ਦਰਿਆਂ

ਸ) ਪਹਾੜ

**ਪ੍ਰਸ਼ਨ 14. ਪੰਜਾਬੀ ਸਭਿਆਚਾਰ ਵਿਚ ਪੱਗ ਕਿਸ ਦੇ ਪ੍ਰਭਾਵ ਦੀ ਸੂਚਕ ਹੈ?**

ੳ) ਇਸਲਾਮੀ ਪ੍ਰਭਾਵ

ਅ) ਅੰਗਰੇਜ਼ੀ ਪ੍ਰਭਾਵ

ੲ) ਤੁਰਕੀ ਪ੍ਰਭਾਵ

ਸ) ਵੈਦਿਕ ਪ੍ਰਭਾਵ

**ਪ੍ਰਸ਼ਨ 15. ਪੰਜਾਬੀ ਸਭਿਆਚਾਰ ਦਾ ਕਿਹੜਾ ਭਾਰਤੀ ਸੋਮਾ ਨਹੀਂ ਹੈ?**

ੳ) ਭਗਤੀ ਸਾਹਿਤ

ਅ) ਲੋਕ ਸਾਹਿਤ

ੲ) ਉਪਨਿਸ਼ਦ

ਸ) ਰਮਾਇਣ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੳ** | **2 ੳ** | **3. ਸ** | **4. ੲ** | **5. ੲ** |

| | | | | |
|---|---|---|---|---|
| 6. ਅ | 7. ਅ | 8. ਅ | 9. ੳ | 10. ੳ |
| 11. ਅ | 12. ਸ | 13. ੳ | 14. ੳ | 15. ਅ |

## ਅਭਿਆਸ ਪ੍ਰਸ਼ਨ

1. ਪੰਜਾਬੀ ਸਭਿਆਚਾਰ ਦੇ ਮੁੱਖ ਲੱਛਣਾਂ ਬਾਰੇ ਚਰਚਾ ਕਰੋ।
2. ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਚਰਚਾ ਕਰੋ।
3. ਪੰਜਾਬੀ ਸਭਿਆਚਾਰ ਦੇ ਬਦਲਦੇ ਪਰਿਪੇਖ ਤੇ ਨੋਟ ਲਿਖੋ।
4. ਪੰਜਾਬੀ ਸਭਿਆਚਾਰ ਮੁੱਖ ਰੂਪ ਵਿਚ ਪਦਾਰਥਵਾਦੀ ਸਭਿਆਚਾਰ ਹੈ, ਕਿਵੇਂ?
5. ਪੰਜਾਬੀ ਸਭਿਆਚਾਰ ਦੀ ਸਵੈਧੀਨਤਾ ਦੀ ਕਦਰ ਨੂੰ ਉਦਾਹਰਨਾਂ ਸਹਿਤ ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%A6%E0%A9%80_%E0%A8%95%E0%A8%A6%E0%A8%B0_%E0%A8%AA%E0%A9%8D%E0%A8%B0%E0%A8%A3%E0%A8%BE%E0%A8%B2%E0%A9%80
- https://pa.wikisource.org/wiki/%E0%A8%AA%E0%A9%B0%E0%A8%A8%E0%A8%BE:%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%85%E0%A8%A4%E0%A9%87_%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_-_%E0%A8%97%E0%A9%81%E0%A8%B0%E0%A8%AC%E0%A8%96%E0%A8%BC%E0%A8%B8%E0%A8%BC_%E0%A8%B8%E0%A8%BF%E0%A9%B0%E0%A8%98_%E0%A8%AB%E0%A8%BC%E0%A8%B0%E0%A9%88%E0%A8%82%E0%A8%95.pdf/24

*Satwant Singh, Lovely Professional University*

# ਅਧਿਆਇ-6 : ਪੰਜਾਬੀ ਪਰਿਵਾਰ; ਬਣਤਰ ਅਤੇ ਰਿਸ਼ਤਾ-ਨਾਤਾ ਪ੍ਰਬੰਧ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੰਜਾਬੀ ਪਰਿਵਾਰ ਦੀ ਬਣਤਰ
4. ਪਹਿਰਾਵਾ ਅਤੇ ਵਿਆਹ ਪ੍ਰਬੰਧ
5. ਰਿਸ਼ਤਾ-ਨਾਤਾ ਪ੍ਰਬੰਧ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪਰਿਵਾਰ ਤੇ ਰਿਸ਼ਤਾ-ਨਾਤਾ ਪ੍ਰਬੰਧ ਦੇ ਸਿਧਾਂਤਕ ਮੱਦਾਂ ਦੀ ਸੂਝ ਪ੍ਰਾਪਤ ਕਰਨਗੇ
- ਪੰਜਾਬੀ ਪਰਿਵਾਰ ਦੀ ਬਣਤਰ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬੀ ਪਹਿਰਾਵਾ ਤੇ ਵਿਆਹ ਪ੍ਰਬੰਧ ਗਿਆਨ ਹਾਸਿਲ ਕਰਨਗੇ
- ਪੰਜਾਬੀ ਰਿਸ਼ਤਾਂ ਨਾਤਾ ਪ੍ਰਬੰਧ ਸਰੂਪ ਨੂੰ ਸਮਝਣਗੇ

## ਭੂਮਿਕਾ

ਇਸ ਪਾਠ ਦਾ ਮੰਤਵ ਪੰਜਾਬ ਦੇ ਪਹਿਰਾਵੇ, ਵਿਆਹ, ਪਰਿਵਾਰ ਅਤੇ ਰਿਸ਼ਤਾ-ਨਾਤਾ-ਪ੍ਰਬੰਧ ਦੀ ਹੋਰ ਸਭਿਆਚਾਰਾਂ ਨਾਲੋਂ ਵਿਲੱਖਣਤਾ ਸਥਾਪਤ ਕਰਨਾ ਹੈ। ਅਸੀਂ ਜਾਣਦੇ ਹਾਂ ਕਿ ਕਿਸੇ ਵੀ ਜਨ-ਸਮੂਹ ਦਾ ਸਭਿਆਚਾਰ ਉਸੇ ਜਨ-ਸਮੂਹ ਦੀ ਕੁਦਰਤ ਨਾਲ ਰਸਾਈ ਦੀ ਲੋੜ ਵਿਚੋਂ ਪੈਦਾ ਹੁੰਦਾ ਹੈ ਅਤੇ ਕੁਦਰਤੀ ਜਾਂ ਭੂਗੋਲਿਕ ਵਾਤਾਵਰਣ ਦੀਆਂ ਲੋੜਾਂ ਅਨੁਸਾਰ ਸ਼ਕਲ ਅਖਤਿਆਰ ਕਰਦਾ ਹੈ। ਦੂਸਰੇ, ਇਕੋ ਭਾਂਤ ਦੇ ਭੂਗੋਲਿਕ ਪਰਿਵੇਸ਼ ਵਿਚ ਵਸਦੇ ਜਨ-ਸਮੂਹ ਵੀ ਆਪਣੀਆਂ ਸਮੱਸਿਆਵਾਂ ਨੂੰ ਵੱਖ-ਵੱਖ ਢੰਗਾਂ ਅਤੇ ਦ੍ਰਿਸ਼ਟੀਆਂ ਤੋਂ ਮੁਖਾਤਿਬ ਹੁੰਦੇ ਹਨ ਜਿਸ ਕਰਕੇ ਇਕੋ ਭਾਂਤ ਦੇ ਭੂਗੋਲਿਕ ਵਾਤਾਵਰਣ ਵਿਚ ਵਿਚਰਦੇ ਜਨ-ਸਮੂਹਾਂ ਦੇ ਸਭਿਆਚਾਰਕ ਪੈਟਰਨਾਂ ਵਿਚ ਫਰਕ ਆ ਜਾਂਦਾ ਹੈ। ਤੀਸਰੇ, ਕਿਸੇ ਸਭਿਆਚਾਰ ਦੇ ਵਿਕਾਸ ਦੇ ਵੱਖ-ਵੱਖ ਕਾਰਨ ਹੋ ਸਕਦੇ ਹਨ ਜਿਸ ਦੇ ਸਿੱਟੇ ਵਜੋਂ ਉਹ ਸਭਿਆਚਾਰ ਸਮੇਂ ਦੀ ਗਤੀ ਨਾਲ ਵੱਖਰਾ ਸੁਭਾਅ ਗ੍ਰਹਿਣ ਕਰ ਲੈਂਦਾ ਹੈ। ਇਸ ਤੋਂ ਬਿਨਾਂ ਕਿਸੇ ਸਭਿਆਚਾਰ ਦੀ ਵਿਲੱਖਣਤਾ ਉੱਤੇ ਉਸ ਦੀ ਗਤੀ ਦੀ ਦਰ ਦਾ ਵੀ ਪ੍ਰਭਾਵ ਪੈਂਦਾ ਹੈ। ਇਹ ਸਭ ਕਾਰਨ ਸਭਿਆਚਾਰਾਂ ਵਿਚ ਵੰਨ-ਸੁਵੰਨਤਾ ਪੈਦਾ ਕਰਦੇ ਹਨ ਅਤੇ ਧਰਤੀ ਉੱਤੇ ਵਸਦੇ ਭਿੰਨ-ਭਿੰਨ ਜਨ ਸਮੂਹਾਂ ਵਿਚਕਾਰ ਕਈ ਪ੍ਰਕਾਰ ਦੀਆਂ ਵਿੱਥਾਂ ਪੈਦਾ ਕਰ ਦਿੰਦੇ ਹਨ। ਪੰਜਾਬੀ ਸਭਿਆਚਾਰ ਦੇ ਵਿਭਿੰਨ ਅੰਗਾਂ ਦੇ ਨਿੱਖੜਵੇਂ ਲੱਛਣਾ ਦਾ ਆਧਾਰ ਵੀ ਉਕਤ ਕਾਰਨ ਹੀ

## ਪੰਜਾਬੀ ਪਰਿਵਾਰ ਦੀ ਬਣਤਰ

ਸਭਿਆਚਾਰ ਮਨੁੱਖੀ ਨਸਲ ਦਾ ਸਰਵ-ਵਿਆਪੀ ਲੱਛਣ ਹੈ। ਪਰ ਮਨੁੱਖੀ ਨਸਲ ਦੇ ਭਿੰਨ-ਭਿੰਨ ਸਮੂਹ ਭਿੰਨ-ਭਿੰਨ ਸਭਿਆਚਾਰਾਂ ਦੀ ਸਿਰਜਨਾ ਕਰਦੇ ਹਨ। ਇਹ ਸਭਿਆਚਾਰ ਇਕ-ਦੂਜੇ ਵਰਗੇ ਹੁੰਦੇ ਹੋਏ ਵੀ ਇਕ-ਦੂਜੇ ਤੋਂ ਵੱਖਰੇ ਹੁੰਦੇ ਹਨ ਅਤੇ ਪਰਸਪਰ ਮੇਲਜੋਲ ਰਾਹੀਂ ਇਕ ਦੂਜੇ ਨੂੰ ਪ੍ਰਭਾਵਿਤ ਕਰਦੇ ਹੋਏ ਆਪਣੀ ਵਿਲੱਖਣ ਹੋਂਦ ਬਣਾਈ ਰੱਖਦੇ ਹਨ।

## ਪਰਿਵਾਰ ਦਾ ਸੰਕਲਪ

ਮਨੁੱਖੀ ਪ੍ਰਸੰਗ ਵਿੱਚ ਟੱਬਰ, ਪਰਿਵਾਰ ਜਾਂ ਖ਼ਾਨਦਾਨ ਇੱਕ ਟੋਲੀ ਹੁੰਦੀ ਹੈ ਜਿਹਨੂੰ ਜਨਮ, ਵਿਆਹ ਜਾਂ ਇਕੱਠੀ ਰਿਹਾਇਸ਼ ਰਾਹੀਂ ਮਾਨਤਾ ਮਿਲਦੀ ਹੈ। ਕਿਸੇ ਨਜ਼ਦੀਕੀ ਟੱਬਰ ਵਿੱਚ ਜੀਵਨ-ਸਾਥੀ, ਮਾਪੇ, ਭਰਾ-ਭੈਣ ਅਤੇ ਧੀਆਂ-ਪੁੱਤ ਆਦ ਸ਼ਾਮਲ ਹੁੰਦੇ ਹਨ। ਵੱਡੇ ਟੱਬਰ ਵਿੱਚ ਦਾਦਾ-ਦਾਦੀ, ਨਾਨਾ-ਨਾਨੀ, ਤਾਏ-ਚਾਚੇ, ਉਹਨਾਂ ਦੀ ਔਲਾਦ, ਭਤੀਜੇ-ਭਤੀਜੀਆਂ ਵਗ਼ੈਰਾ ਵੀ ਮੌਜੂਦ ਹੁੰਦੇ ਹਨ। ਜ਼ਿਆਦਾਤਰ ਸਮਾਜਾਂ ਵਿੱਚ ਟੱਬਰ ਬੱਚਿਆਂ ਦੇ ਸਮਾਜੀਕਰਨ ਦਾ ਸਭ ਤੋਂ ਮੁੱਖ ਅਦਾਰਾ ਹੁੰਦਾ ਹੈ। ਪੰਜਾਬ ਵਿੱਚ ਜ਼ਿਆਦਾਤਰ ਸੰਯੁਕਤ ਪਰਿਵਾਰ ਦੀ ਪਰਥਾ ਹੀ ਪ੍ਰਚਲਿਤ ਰਹੀ ਹੈ।ਇਸ ਦੀ ਸ਼ੁਰੂਆਤ ਵੈਦਿਕ ਕਾਲ ਸਮੇਂ ਹੋਈ। ਪਰਿਵਾਰ ਪਿਤਾ ਪੁਰਖੀ ਧਾਰਨਾ ਤੇ ਚਲਦਾ ਹੈ। ਇਸ ਵਿੱਚ ਸਭ ਤੋਂ ਸਿਆਣਾ ਆਦਮੀ ਪਰਿਵਾਰ ਦਾ ਮੁਖੀ ਹੁੰਦਾ ਹੈ। ਪਰਿਵਾਰ ਮੁਖੀ ਦੀ ਛਤਰ ਛਾਇਆ ਹੇਠ ਉਸ ਦੇ ਛੋਟੇ ਭਾਈ ਭਤੀਜੇ, ਪੁੱਤਰ, ਭਰਜਾਈਆਂ ਅਤੇ ਨੂੰਹਾਂ ਆਦਿ ਤਿੰਨ ਪੀੜ੍ਹੀਆਂ ਤਕ ਵੀ ਇਕੱਠੇ ਰਹਿੰਦੇ ਹਨ।

ਵਿਅਕਤੀ ਸੱਭਿਆਚਾਰਕ ਸੰਸਥਾਵਾਂ ਦਾ ਮੋਢੀ ਹੁੰਦਾ ਹੈ। ਅੱਗੋਂ ਉਹ ਦੂਜੇ ਵਿਅਕਤੀ ਜਾਂ ਸਮੂਹ ਨਾਲ ਰਿਸ਼ਤਿਆਂ ਵਿੱਚ ਬੱਝਾ ਹੁੰਦਾ ਹੈ। ਇਸ ਤਰ੍ਹਾਂ ਸੱਭਿਆਚਾਰ ਦੀ ਸਮੁੱਚੀ ਬਣਤਰ ਦਾ ਮੁੱਖ ਅਧਾਰ ਕੋਈ ਵਿਅਕਤੀ ਹੀ ਹੁੰਦਾ ਜਿਹੜਾ ਅੱਗੋਂ ਪਰਿਵਾਰ ਦੀ ਸਿਰਜਨਾ ਵਿੱਚ ਅਹਿਮ ਸਥਾਨ ਰੱਖਦਾ ਹੈ। ਪਰਿਵਾਰ, ਸਮਾਜਿਕ ਬਣਤਰ ਵਿੱਚ ਵਿਸ਼ੇਸ਼ ਸਥਾਨ ਰੱਖਦਾ ਹੈ। ਪਰਿਵਾਰ ਸਮਾਜ; ਦੀਆਂ ਮੁਢਲੀਆਂ ਸੰਸਥਾਵਾਂ ਵਿਚੋਂ ਇੱਕ ਹੈ। ਜਿਹੜਾ ਵਿਆਹ ਦੇ ਸਿੱਟੇ ਹੋਂਦ ਵਿੱਚ ਆਉਂਦਾ ਹੈ ਸਮਾਜਿਕ ਇਤਿਹਾਸ ਵਿੱਚ ਪਰਿਵਾਰ ਸਭ ਤੋਂ ਪਹਿਲਾਂ ਸਮਾਜਿਕ ਸਮੂਹ ਹੈ ਭਾਵੇਂ ਪੁਰਾਤਨ ਸਮਿਆਂ ਵਿੱਚ ਕਬੀਲਾ ਸੰਸਕ੍ਰਿਤੀ ਸਮੇਂ ਔਰਤ ਮਰਦ ਲਈ ਜਿਨਸੀ ਸੰਬੰਧ ਵਿਵਰਜਿਤ ਨਹੀਂ ਸਨ ਪਰ ਅੱਜ ਕਲ੍ਹ ਪਰਿਵਾਰ ਦਾ ਰੂਪ ਇਕਹਿਰੇ ਜਿਨਸੀ ਸਬੰਧਾਂ ਤੱਕ ਪੁੱਜ ਗਿਆ ਹੈ। ਪਰਿਵਾਰ ਮਨੁੱਖੀ ਰਿਸ਼ਤਿਆ ਦੀ ਅਜਿਹੀ ਮੂਲ ਇਕਾਈ ਹੈ ਜਿਸ ਵਿੱਚ ਕੁਝ ਵਿਅਕਤੀ ਸਮਾਜਿਕ ਪ੍ਰਤੀਮਾਨਾਂ ਅਨੁਸਾਰ ਇਕੱਠਾ ਜੀਵਨ ਜਿਉਣ ਲਈ ਸਮਾਜਿਕ ਤੌਰ ਤੇ ਪ੍ਰਵਾਨਤ ਹੁੰਦੇ ਹਨ। ਅੱਜ ਪਰਿਵਾਰ ਪ੍ਰਮਾਣਿਕ ਇਕਾਈ ਹੈ। ਪਰਿਵਾਰ ਦਾ ਜਨਮ ਲਿੰਗਕ ਭਾਵਨਾਵਾਂ ਦੀ ਪੂਰਤੀ ਦੇ ਸਥਾਈ ਸਾਧਨ ਵਜੋਂ ਹੋਇਆ। ਇਸਦੇ ਮੈਂਬਰ ਪ੍ਰਜਣਨ ਦੀ ਕਿਰਿਆ ਦੁਆਰਾ ਸਬੰਧਤ ਹੁੰਦੇ ਹਨ ਅਤੇ ਇਹ ਸਬੰਧ ਮੈਂਬਰਾਂ ਵਿਚਕਾਰ ਹੱਕਾਂ ਅਤੇ ਫਰਜ਼ਾ ਦੀ ਵੰਡ ਦਾ ਅਧਾਰ ਬਣਦੇ ਹਲ। ਵਿਆ ਦੀ ਆਸ ਉਪਰੰਤ ਹੋਂਦ ਵਿੱਚ ਆਉਣ ਵਾਲੇ ਇਸ ਪਰਿਵਾਰ ਦੇ ਮੈਂਬਰ ਸਾਝੇ ਨਿਵਾਸ ਸਥਾਨ ਤੇ ਰਹਿੰਦੇ ਸਾਕਾਦਾਰੀ ਸਬੰਧਾਂ ਨਾਲ ਜੁੜੇ ਹੁੰਦੇ ਹਨ। ਅਰਥਾਤ ਪਰਿਵਾਰ ਦੇ ਮੈਂਬਰ ਵਿੱਚ ਖ਼ੂਨ ਅਤੇ ਵਿਆਹ ਦੇ ਸਬੰਧਾ ਦਾ ਹੋਣਾ ਲਾਜ਼ਮੀ ਹੈ।

## ਪਰਿਭਾਸ਼ਾ

**ਮੈਕਾਈਵਰ ਅਤੇ ਪੇਜ਼** ਪਰਿਵਾਰ ਦੀ ਪਰਿਭਾਸ਼ਾ ਦਿੰਦੇ ਕਹਿੰਦੇ ਹਨ, "ਪਰਿਵਾਰ ਇੱਕ ਅਜਿਹਾ ਸਮੂਹ ਹੈ ਜੋ ਲਿੰਗਕ ਸਬੰਧਾਂ ਉੱਤੇ ਅਧਾਰਿਤ ਹੈ ਅਤੇ ਇੰਨਾਂ ਛੋਟਾ ਤੇ ਸਥਾਈ ਹੈ ਕਿ ਇਸ ਵਿੱਚ ਬੱਚਿਆ ਦੀ ਉਤਪਤੀ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਹੋ ਸਕਦਾ ਹੈ।" **ਮਜੂਮਦਾਰ ਦੇ ਸ਼ਬਦਾਂ ਵਿੱਚ,** "ਪਰਿਵਾਰ ਅਜਿਹੇ ਵਿਅਕਤੀਆਂ ਦਾ ਸਮੂਹ ਹੈ ਜਿਹੜੇ ਇੱਕ ਛੱਤ ਹੇਠਾਂ ਰਹਿੰਦੇ ਹਨ, ਰਕਤ ਨਾਲ ਸਬੰਧਤ ਹਨ ਅਤੇ ਸਵਾਰਥ ਅਰਥਾਤ ਪ੍ਰਸਪਰ ਲੈਣ ਦੇਣ ਦੇ ਅਧਾਰ ਉੱਤੇ ਇੱਕ ਕਿਸਮ ਦੀ ਚੇਤੰਨਤਾ ਅਨੁਭਵ ਕਰਦੇ ਹਨ।"

**ਡਾ. ਸਵਰਨ ਸਿੰਘ ਅਨੁਸਾਰ,** " ਗ੍ਰਹਿਸਥ ਆਸ਼ਰਮ ਵਿੱਚ ਪ੍ਰਵੇਸ਼ ਕਰਨ ਵਾਲੇ ਮਰਦ ਔਰਤ ਦੇ ਪ੍ਰਸਪਰ ਮੇਲਜੋਲ ਦੁਆਰਾ ਪ੍ਰਾਪਤ ਸੰਤਾਨ ਸਾਹਿਤ ਇੱਕ ਪਰਿਵਾਰ ਕਹਾਉਂਦੇ ਹਨ।" ਇਨ੍ਹਾਂ ਪਰਿਭਾਸ਼ਾਵਾਂ ਦੇ ਅਧਾਰ ਤੇ ਕਿਹਾ ਜਾ ਸਕਦਾ ਹੈ ਕਿ ਸਮਾਜ ਵਿੱਚ ਪਰਿਵਾਰ ਇਕਾਈ ਦਾ ਵਿਕਾਸ ਪਰਿਵਾਰ ਦੇ ਅਦਾਨ-ਪ੍ਰਦਾਨ ਨਾਲ ਹੁੰਦਾ ਹੈ। ਪਰਿਵਾਰ ਸਮਾਜਕ ਸੰਰਚਨਾ ਦੀ ਬੁਨਿਆਦੀ ਇਕਾਈ ਹੈ ਮੁੱਢਲਾ ਪਰਿਵਾਰ ਰਿਸ਼ਤਾ ਪ੍ਰਣਾਲੀ ਦਾ ਮੁੱਢਲਾ ਸਰੂਪ ਨਿਰਧਾਰਿਤ ਕਰਦਾ ਹੈ ਮੁਢਲੇ ਪਰਿਵਾਰ ਵਿੱਚ ਪਤੀ-ਪਤਨੀ ਅਤੇ ਉਨ੍ਹਾਂ ਦੇ ਜਨਮੇ ਜਾਂ ਗੋਦ ਲਏ ਬੱਚੇ ਸ਼ਾਮਲ ਹੁੰਦੇ ਹਨ। ਸੰਤਾਨਹੀਣ ਦੰਪਤੀ (ਜੋੜਾ) ਪਰਿਵਾਰ ਨਹੀਂ ਹੈ। ਪਰਿਵਾਰ ਦਾ ਦਰਜਾ ਪ੍ਰਾਪਤ ਕਰਨ ਲਈ ਪਤੀ-ਪਤਨੀ ਨੂੰ ਸੰਤਾਨ ਪੈਦਾ ਕਰਨੀ ਲਾਜ਼ਮੀ ਹੈ ਮੂਲ ਪਰਿਵਾਰ ਵਿੱਚ ਅੱਠ ਕਿਸਮ ਦੇ ਰਿਸ਼ਤੇ ਮਿਲਦੇ ਹਨ। ਜਿਵੇਂ ਪਤੀ-ਪਤਨੀ, ਪਿਉ-ਪੁੱਤਰ, ਪਿਉ-ਧੀ, ਮਾਂ-ਪੁੱਤਰ, ਮਾਂ ਧੀ, ਭਰਾ ਭਰਾ, ਭਰਾ-ਭੈਣ ਅਤੇ ਭੈਣ-ਭੈਣ ਦਾ ਰਿਸ਼ਤਾ ਮੂਲ ਰਿਸ਼ਤਾ ਹੈ।

ਸੰਗਠਨ ਦੀ ਮੁੱਢਲੀ ਅਤੇ ਬੁਨਿਆਦੀ ਇਕਾਈ ਪਰਿਵਾਰ ਹੈ ਜੋ ਮਨੁੱਖ ਨੇ ਆਪਣੀਆਂ ਪੂਰਵਜ ਜੀਵ-ਜਾਤੀਆਂ ਤੋਂ ਗ੍ਰਹਿਣ ਕੀਤੀ ਹੈ ਜਿਸ ਦੀ ਇਕ ਜਾਂ ਦੂਸਰੇ ਰੂਪ ਵਿਚ ਸੁਰੱਖਿਆ ਲਈ ਮਨੁੱਖ ਕਈ ਪ੍ਰਕਾਰ ਦੇ ਸਭਿਆਚਾਰਕ ਮੁੱਲਾਂ ਦੀ ਸਿਰਜਣਾ ਕਰਦਾ ਰਿਹਾ ਹੈ। ਹਰੇਕ ਜੀਵ ਜਾਤੀ ਨੂੰ ਆਪਣੀ ਸੰਤਾਨ ਦੇ ਪਾਲਣ-ਪੋਸ਼ਣ ਦੀ ਜ਼ਰੂਰਤ ਹੈ ਜਿਸ ਤੋਂ ਜਾਤੀ ਨੂੰ ਆਪਣੀ ਸੰਤਾਨ ਦੇ ਪਾਲਣ-ਪੋਸ਼ਣ ਦੀ ਜ਼ਰੂਰਤ ਹੈ ਜਿਸ ਤੋਂ ਬਿਨਾਂ ਉਹ ਜੀਉਂਦੀ ਨਹੀਂ ਰਹਿ ਸਕਦੀ। ਮਨੁੱਖੀ ਸਤਾਨ ਨੂੰ ਹੋਰ ਕਿਸੇ ਵੀ ਜਾਤੀ ਨਾਲੋਂ ਵਧੇਰੇ ਪਾਲਣ-ਪੋਸ਼ਣ ਦੀ

ਲੋੜ ਹੈ ਜਿਸ ਕਰਕੇ ਮਨੁੱਖੀ ਪਰਿਵਾਰ ਵਧੇਰੇ ਹੰਢਣਸਾਰ ਰੂਪ ਹੁਣ ਲੈਂਦਾ ਹੈ ਅਤੇ ਮਨੁੱਖ ਦੇ ਸਮਾਜਕ ਸੰਗਠਨ ਦੀ ਬੁਨਿਆਦੀ ਸੰਸਥਾ ਹੋ ਨਿਬੜਦਾ ਹੈ।

ਮਾਪੇ ਅਤੇ ਸੰਤਾਨ ਪਰਿਵਾਰ ਦੇ ਬੁਨਿਆਦੀ ਅੰਗ ਹਨ ਪਰ ਸਭਿਆਚਾਰ ਦੇ ਵਿਭਿੰਨ ਪੜਾਵਾਂ ਉੱਤੇ ਪਰਿਵਾਰ ਵਿਚ ਹਰ ਵੀ ਉਹ ਸਾਰੇ ਰਿਸ਼ਤੇਦਾਰ ਸ਼ਾਮਲ ਕੀਤੇ ਜਾਂਦੇ ਰਹੇ ਹਨ। ਜਿਹੜੇ ਪਰਿਵਾਰ ਮਾਤਾਧਾਨ ਹਨ ਉਨ੍ਹਾਂ ਵਿਚ ਮਰਦਾਂ ਦਾ ਪਤੀਰੂਪ ਵਿਚ ਦਲ ਹੈ, ਪਰ ਪਿਤਰ-ਪ੍ਰਧਾਨ ਪਰਿਵਾਰਾਂ ਵਿਚ ਔਰਤਾਂ ਦਾ ਪਤਨੀ-ਰੂਪ ਵਿੱਚ ਪਵੇਸ਼ ਹੁੰਦਾ ਹੈ। ਇਸ ਤੋਂ ਇਲਾਵਾ ਜਨਮ, ਪਰਿਵਾਰ ਵਿਚ ਨਵ ਜੀਆ ਦਾ ਵਾਧਾ ਕਰਦਾ ਹੈ ਅਤੇ ਮੌਤ ਨਾਲ ਪਰਿਵਾਰ ਵਿਚ ਮੈਂਬਰ ਖਾਰਜ ਹੁੰਦੇ ਰਹਿੰਦੇ ਹਨ। ਕਿਸੇ ਪਰਿਵਾਰ ਵਿੱਚੋਂ ਪਰਿਵਾਰ ਦੇ ਮੈਂਬਰ ਅਡ ਹੋ ਕੇ ਆਪਣਾ ਨਵਾਂ ਪਰਿਵਾਰ ਵੀ ਵਸਾ ਲੈਂਦੇ ਹਨ। ਇਸ ਪ੍ਰਕਾਰ ਪਰਿਵਾਰ ਦੇ ਜੀਆਂ ਦਾ ਤਬਾਦਲਾ ਤਾਂ ਭਾਵੇਂ ਹੁੰਦਾ ਰਹਿੰਦਾ ਹੈ ਅਤੇ ਪਰਿਵਾਰਾਂ ਦੀ ਸੰਖਿਆ ਵਿਚ ਵੀ ਵਾਧਾ ਹੁੰਦਾ ਰਹਿੰਦਾ ਹੈ, ਪਰ ਪਰਿਵਾਰ ਦੀ ਸੰਸਥਾ ਉਵੇਂ-ਜਿਵੇਂ ਬਣੀ ਰਹਿੰਦੀ ਹੈ।

ਇਸ ਸੰਸਥਾ ਸੰਬੰਧੀ ਇਕ ਹੋਰ ਅਹਿਮ ਗੱਲ ਇਹ ਹੈ ਕਿ ਇਹ ਸੰਸਥਾ ਮਨੁੱਖੀ ਸਭਿਆਚਾਰ ਦੇ ਇਕ ਖਾਸ ਪੜਾਅ ਉੱਤੇ ਹੋਂਦ ਗ੍ਰਹਿਣ ਕਰਦੀ ਹੈ ਅਤੇ ਜਿਵੇਂ ਜਿਵੇਂ ਸਮਾਜ ਦੀਆਂ ਹੋਰ ਸੰਸਥਾਵਾਂ ਬੱਚਿਆਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਸੰਭਾਲ ਰਹੀਆਂ ਹਨ, ਇਸ ਸੰਸਥਾ ਦੀ ਅਹਿਮੀਅਤ ਘਟਦੀ ਜਾ ਰਹੀ ਹੈ ਜਿਵੇਂ ਕਿ ਸਮਾਜਵਾਦੀ ਦੇਸ਼ਾਂ ਵਿਚ ਵਾਪਰਿਆ ਸੀ।

ਮਨੁੱਖ ਦੀ ਮੁੱਢਲੀ ਸਭਿਆਚਾਰਕ ਸਿਖਲਾਈ ਵਿਚ ਪਰਿਵਾਰ ਬੁਨਿਆਦੀ ਭੂਮਿਕਾ ਨਿਭਾਉਂਦਾ ਹੈ। ਪਰਿਵਾਰ ਮਨੁੱਖ ਦੀਆਂ ਜਿਨਸੀ, ਸਮਾਜਕ, ਆਰਥਕ ਅਤੇ ਭਾਵੁਕ ਲੋੜਾਂ ਦੀ ਪੂਰਤੀ ਦਾ ਵੀ ਜਾਮਨ ਹੈ। ਆਧੁਨਿਕ ਕਾਲ ਤੋਂ ਪਹਿਲਾਂ ਦੇ ਸਮਾਜਾਂ ਵਿਚ ਤਾਂ ਵਿਅਕਤੀ ਦਾ ਸਮੁੱਚਾ ਜੀਵਨ ਹੀ ਪਰਿਵਾਰਕ ਪਰੰਪਰਾਵਾਂ ਦੇ ਅਧੀਨ ਸੀ- ਉਹ ਪਰਿਵਾਰਕ ਕਿੱਤਾ ਸਿੱਖਦਾ ਅਤੇ ਅਪਣਾਉਂਦਾ ਸੀ, ਪਰਿਵਾਰਕ ਪ੍ਰਥਾ ਅਨੁਸਾਰ ਵਿਆਹ ਕਰਵਾਉਂਦਾ ਸੀ, ਉਸ ਦੀ ਸਮਾਜਕ ਹੈਸੀਅਤ ਵੀ ਪਰਿਵਾਰਕ ਹੈਸੀਅਤ 'ਤੇ ਆਧਾਰਤ ਸੀ ਅਤੇ ਉਸ ਦੀ ਸੋਚ ਨਾਲੋਂ ਵੱਖਰੀ ਨਹੀਂ ਸੀ। ਪਰ ਆਧੁਨਿਕ ਕਾਲ ਵਿਚ ਪਰਿਵਾਰ ਦੀ ਅਹਿਮੀਅਤ ਚੋਖੀ ਘਟ ਗਈ ਹੈ।

## ਪੰਜਾਬੀ ਪਰਿਵਾਰ ਪ੍ਰਬੰਧ

ਜਟਿਲ ਪਰਿਵਾਰ ਜਾਂ ਸੰਯੁਕਤ ਪਰਿਵਾਰ ਦਾ ਦਾਇਰਾ ਵਧੇਰੇ ਵਿਸ਼ਾਲ ਹੁੰਦਾ ਹੈ। ਇਸ ਵਿੱਚ ਬਹੁ-ਪਤਨੀ ਪਰਿਵਾਰ ਭਾਵ ਇੱਕ ਪਤੀ ਅਤੇ ਦੋਂ ਜਾਂ ਇਸ ਤੋਂ ਵੱਧ ਪਤਨੀਆਂ ਅਤੇ ਹੋਰ ਪਤਨੀ ਦੇ ਵਿਆਹੇ, ਅਣਵਿਆਹੇ ਬੱਚੇ ਸ਼ਾਮਲ ਹੁੰਦੇ ਹਨ। ਪਰਿਵਾਰ ਦੀ ਇਹ ਕਿਸਮ ਉਸ ਸਮੇਂ ਹੋਰ ਵੀ ਜਟਿਲ ਹੋ ਜਾਂਦੀ ਹੈ, ਜਦੋਂ ਪਤੀ ਜਾਂ ਪਤਨੀ ਦੂਜਾ ਵਿਆਹ ਕਰ ਲੈਂਦਾ ਹਨ। ਜਿਸ ਤੋਂ ਮਤੇਰ-ਸਬੰਧ ਬਣਦੇ ਹਨ। ਸੰਯੁਕਤ ਪਰਿਵਾਰ ਦੋ ਜਾਂ ਦੋ ਤੋਂ ਵੱਧ ਮੂਲ ਪਰਿਵਾਰ ਹੁੰਦੇ ਹਨ। ਸੰਯੁਕਤ ਪਰਿਵਾਰ ਵਿੱਚ ਬੱਚੇ ਦੇ ਮਾਂ-ਪਿਉ, ਉਸਦੇ ਵਿਆਹੇ, ਅਣਵਿਆਹੇ ਭੈਣ-ਭਰਾ, ਚਾਚੇ ਦੇ ਤਾਏਅਤੇ ਉਨ੍ਹਾਂ ਦੇ ਵਿਆਹੇ ਅਣਵਿਆਹੇ ਬੱਚੇ ਅਤੇ ਦਾਦਾ-ਦਾਦੀ ਇੱਕੋਂ ਛੱਤ ਥੱਲੇ ਰਹਿੰਦੇ ਅਤੇ ਇੱਕਠੇ ਭੋਜਨ-ਪਾਣੀ ਕਰਦੇ ਹਨ। ਪੁਰਾਣੇ ਪੰਜਾਬ ਵਿੱਚ ਸੰਯੁਕਤ ਪਰਿਵਾਰ ਦੀ ਪ੍ਰਥਾ ਵਧੇਰੇ ਰਹੀ ਹੈ। ਹਰ ਮਨੁੱਖੀ ਸਮਾਜ ਵਿੱਚ ਹਰ ਸਾਧਾਰਨ ਬਾਲਗ ਦੋ ਮੂਲ ਪਰਿਵਾਰਾਂ ਨਾਲ ਸਬੰਧ ਰੱਖਦਾ ਹੈ।

1. ਨਿਰਧਾਰਨ ਦਾ ਪਰਿਵਾਰ: ਜਿਸ ਵਿੱਚ ਉਹ ਜੰਮਿਆ, ਪਲਿਆ ਤੇ ਜਿਸ ਵਿੱਚ ਉਸ ਦੇ ਮਾਂ, ਪਿਊ, ਭਰਾਂ ਦੇ ਭੈਣਾ ਸ਼ਾਮਲ ਹਨ।
2. ਪੁਨਰ-ਉਤਪਾਦਕੀ ਦਾ ਪਰਿਵਾਰ: ਜਿਹੜਾ ਉਹ ਵਿਆਹ ਤੋਂ ਮਗਰੋਂ ਸਥਾਪਤ ਕਰਦਾ ਹੈ, ਜਿਸ ਵਿੱਚ ਉਹ ਪੁੱਤਰ ਤੇ ਧੀਆਂ ਨਾਲ ਰਹਿੰਦਾ ਹੈ।

ਪਰਿਵਾਰ ਵਿੱਚ ਜ਼ਿਆਦਾਤਰ ਸੰਯੁਕਤ ਪਰਿਵਾਰ ਦੀ ਪ੍ਰਥਾ ਹੀ ਪ੍ਰਚਲਿਤ ਰਹੀ ਹੈ। ਇਸ ਪ੍ਰਥਾ ਦੀ ਸ਼ੁਰੂਆਤ ਵੈਦਿਕ ਕਾਲ ਸਮੇਂ ਹੋਈ। ਪਰਿਵਾਰ ਪਿਤਾ ਪੁਰਖੀ ਧਾਰਨਾ ਤੇ ਚਲਦਾ ਹੈ। ਇਸ ਵਿੱਚ ਸਭ ਤੋਂ ਸਿਆਣਾ ਬੰਦਾ ਪਰਿਵਾਰ ਦਾ ਮੁਖੀ ਹੁੰਦਾ ਹੈ ਜਿਸਨੂੰ ਲਾਣੇਦਾਰ ਵੀ ਕਹਿੰਦੇ ਹਨ ਲਾਣੇਦਾਰ ਦੀ ਛਤਰ ਛਾਇਆ ਹੇਠ ਉਸਦੇ ਛੋਟੇ ਭਾਈ, ਭਤੀਜੇ, ਪੁੱਤਰ, ਭਰਜਾਈਆ, ਨੂੰਹਾ ਆਦਿ ਤਿੰਨ ਪੀੜੀਆਂ ਤੱਕ ਵੀ ਇੱਕਠੇ ਰਹਿੰਦੇ ਹਨ। ਪਰਿਵਾਰ ਦੇ ਸਾਰੇ ਮੈਬਰਾਂ ਦਾ ਇੱਕ ਚੁੱਲੇ ਉੱਪਰ ਅੰਨ ਤਿਆਰ ਹੁੰਦਾ ਹੈ। ਸਾਰਿਆ ਦੀ ਸਾਂਝੀ ਜਾਇਦਾਦ ਹੁੰਦੀ ਹੈ। ਪੰਜਾਬ ਦੀ ਪਰਿਵਾਰਕ ਇਕਾਈ ਵਿੱਚ ਚਾਰ ਤਰ੍ਹਾਂ ਦੇ ਰਿਸ਼ਤੇ ਹੁੰਦੇ ਹਨ।

1. ਪਹਿਲੀ ਵੰਨਗੀ ਖੂਨ ਦੇ ਰਿਸ਼ਤਿਆਂ ਦੀ ਹੈ। ਇਹਨਾਂ ਰਿਸ਼ਤਿਆਂ ਵਿੱਚ ਭੈਣ ਭਰਾ ਦੇ ਰਿਸ਼ਤੇ ਆਉਂਦੇ ਹਨ।
2. ਪਰਿਵਾਰਕ ਰਿਸ਼ਤਿਆਂ ਵਿੱਚ ਚਾਚਾ/ਭਤੀਜਾ,ਤਾਇਆ /ਭਤੀਜਾ, ਤਾਈ, ਚਾਚੀ, ਭੂਆ ਫੁੱਫੜ ਆਦਿ ਰਿਸ਼ਤੇ ਆ ਜਾਂਦੇ ਹਨ।
3. ਜਨਮ ਦੁਆਰਾ ਰਿਸ਼ਤੇ -ਇਹਨਾਂ ਵਿੱਚ ਮਾਂ/ਧੀ, ਪਿਉ/ਪੁੱਤ ਅਤੇ ਪਿਉ/ਧੀ ਦੇ ਰਿਸ਼ਤੇ ਸ਼ਾਮਲ ਕੀਤੇ ਜਾ ਸਕਦੇ ਹਨ।
4. ਵਿਆਹ ਦੁਆਰਾ ਸਿਰਜਤ ਰਿਸ਼ਤਿਆਂ ਵਿੱਚ ਸਹੁਰਾ, ਸੱਸ/ਨੂੰਹ, ਨਣਦ/ਭਰਜਾਈ, ਭਾਬੀ/ਦਿਉਰ ਅਤੇ ਦਰਾਣੀ/ਜਠਾਣੀ ਆਦਿ ਰਿਸ਼ਤੇ ਆ ਜਾਂਦੇ ਹਨ।

ਹੁਣ ਵਿੱਦਿਆ ਦੇ ਪਾਸਾਰ ਕਾਰਨ ਪੂੰਜੀਵਾਦੀ ਪ੍ਰਬੰਧ ਦੇ ਹੋਂਦ ਵਿੱਚ ਆਉਣ ਕਰ ਕੇ ਪੰਜਾਬੀ ਪਰਿਵਾਰ ਬਦਲ ਰਿਹਾ ਹੈ। ਜਿਸ ਕਰ ਕੇ ਪਰਿਵਾਰ ਦਾ ਇੱਕੋ ਇੱਕ ਕੰਮ ਨਹੀਂ ਹੈ; ਮਜ਼ਦੂਰੀ, ਵਿਆਹ, ਅਤੇ ਦੋ ਲੋਕਾਂ ਵਿਚਕਾਰ ਪਰਿਣਾਮੀ ਸਬੰਧਾਂ ਦੇ ਲਿੰਗਕ ਵਿਭਾਜਨ ਵਾਲੇ ਸੁਸਾਇਟੀਆਂ ਵਿਚ, ਇੱਕ ਆਰਥਿਕ ਤੌਰ 'ਤੇ ਲਾਭਕਾਰੀ ਘਰ ਬਣਾਉਣ ਦੇ ਲਈ ਇਹ ਜ਼ਰੂਰੀ ਹੈ।

ਪੰਜਾਬ ਵਿਚ ਪੁਰਸ਼ ਪ੍ਰਧਾਨ ਸਾਂਝਾ ਪਰਿਵਾਰ ਪ੍ਰਤਿਨਿਧ ਪਰਿਵਾਰਕ ਰੂਪ ਹੈ। ਪੰਜਾਬ ਦੀ ਬਹੁਤੀ ਵਜੋਂ ਪੇਂਡੂ ਹੈ ਜੋ ਵਾਹੀ ਦੇ ਕਿੱਤੇ ਨਾਲ ਜੁੜੀ ਹੋਈ ਹੈ। ਪਰਿਵਾਰ ਦੀ ਜਾਇਦਾਦ ਉਤੇ ਪੁਰਸ਼ ਦਾ ਅਧਿਕਾਰ ਸਮਝਿਆ ਜਾਂਦਾ ਹੈ। ਪਰਿਵਾਰ ਦੀਆਂ ਆਰਥਿਕ ਲੋੜਾਂ ਦੀ ਪੂਰਤੀ ਦੀ ਮੁੱਖ ਜ਼ਿੰਮੇਵਾਰੀ ਵੀ ਪੁਰਸ਼ ਦੀ ਹੀ ਹੈ ਜਿਸ ਦੇ ਇਵਜ਼ ਵਿਚ ਪਰਿਵਾਰ ਦੇ ਕਮਾਓ ਜੀਆਂ ਨੂੰ ਸਤਿਕਾਰ ਪ੍ਰਾਪਤ ਹਨ। ਕਾਰੀਗਰ ਅਤੇ ਕੰਮੀ ਜਮਾਤਾਂ ਵਿਚ ਵੀ ਪਰਿਵਾਰ ਦੀ ਆਮਦਨੀ ਦਾ ਮੁੱਖ ਸਾਧਨ ਪੁਰਸ਼ ਦੀ ਮਿਹਨਤ ਨੂੰ ਗਿਣਿਆ ਜਾਂਦਾ ਹੈ। ਵਣਜਵਪਾਰ, ਕਿੱਤਾਕਾਰੀ ਜਾਂ ਕਰਮਚਾਰੀ ਜਮਾਤਾਂ ਵਿਚ ਵੀ ਪਰੰਪਰਾਗਤ ਮੁੱਲਾਂ ਅਨੁਸਾਰ ਪੁਰਸ਼ ਨੂੰ ਹੀ ਕਮਾਈ ਕਰਨ ਦੇ ਯੋਗ ਸਮਝਿਆ ਜਾਂਦਾ ਹੈ। ਪਰਿਵਾਰ ਦੀ ਆਮਦਨੀ ਵਿਚ ਸਿੱਧਾ ਹਿੱਸਾ ਪਾਉਣ ਦਾ ਹੱਕ ਔਰਤਾਂ ਨੂੰ ਨਹੀਂ ਦਿੱਤਾ ਜਾਂਦਾ, ਭਾਵੇਂ ਘਰ-ਅੰਦਰਲੇ ਕੰਮ ਦਾ ਮਾਲਦੇ ਹਨ। ਇਸ ਪ੍ਰਕਾਰ ਹਨ ਕਿਸੇ ਪਰਿਵਾਰ ਵਿੱਚੋਂ ਪਰਿਵਾਰ ਦੇ ਪੰਜ ਦੀ ਸੰਸਥਾ ਉਵੇਂ ਜਿਵੇਂ ਬਸ ਤਾਂ ਭਾਵੇਂ ਹੁੰਦਾ ਰਹਿੰਦਾ ਹੈ ਅਤੇ ਅਹਿਮ ਗੱਲ ਇਹ ਹੈ ਕਿ ਸਮਾਜ ਧੰਦਿਆਂ ਵਿਚ ਔਰਤ ਮਰਦ ਨਾਲੋਂ ਕਿਤੇ ਵਧ ਕੰਮ ਕਰਦੀਆਂ ਹਨ। ਇਸ ਕੰਮ ਦੀ ਪੈਦਾਵਾਰ ਨਾਲ ਸਿੱਧਾ ਸਬੰਧ ਨਾ ਹੋਣ ਕਰਕੇ, ਇਸ ਦਾ ਮੱਲ ਬਹੁਤਾ ਨਹੀਂ ਗਿਣਿਆ ਜਾਂਦਾ ਜਿਸ ਕਰਕੇ ਔਰਤ ਦੀ ਸਥਿਤੀ ਮਰਦ ਦੇ ਮੁਕਾਬਲੇ ਵਿਚ ਨੀਵੀਂ ਗਿਣੀ ਜਾਂਦੀ ਹੈ। ਮੱਧ-ਵਰਗੀ ਸ਼ਹਿਰੀ ਪਰਿਵਾਰਾਂ ਵਿਚ ਇਹ ਸਥਿਤੀ ਹੁਣ ਤੇਜ਼ੀ ਨਾਲ ਬਦਲਦੀ ਜਾ ਰਹੀ ਹੈ।

ਪੰਜਾਬੀ ਪਰਿਵਾਰਾਂ ਵਿਚ ਨਰ-ਸੰਤਾਨ ਨੂੰ ਨਿਰਸੰਦੇਹ, ਵਧੇਰੇ ਅਹਿਮੀਅਤ ਪ੍ਰਾਪਤ ਹੈ। ਵਿਰਾਸਤ ਸਾਂਭਣ ਦਾ ਹੱਕ ਨਰ-ਸੰਤਾਨ ਨੂੰ ਹੀ ਹੈ, ਕੁੜੀਆਂ ਤਾਂ ਨੂੰਹਾਂ ਬਣ ਕੇ ਪਰਾਏ ਘਰੀ ਚਲੀਆਂ ਜਾਂਦੀਆਂ ਹਨ, ਪਰਿਵਾਰ ਦਾ ਨਾਮ ਮਰਦ ਦੇ ਗੋਤ ਉੱਤੇ ਹੀ ਚਲਦਾ ਹੈ ਅਤੇ ਔਲਾਦ ਨਾਲ ਪਿਤਾ ਦਾ ਨਾਮ ਹੀ ਲਿਖਿਆ ਜਾਂਦਾ ਹੈ। ਪਰ ਇਸ ਦਾ ਇਹ ਅਰਥ ਨਹੀਂ ਕਿ ਪੰਜਾਬ ਦੇ ਪਰਿਵਾਰਾਂ ਵਿਚ ਔਰਤਾਂ ਦੀ ਪੁੱਛ-ਪ੍ਰਤੀਤ ਹੀ ਨਹੀਂ। ਘਰ ਦੇ ਹਰੇਕ ਮਸਲੇ ਵਿਚ ਭਾਵੇਂ ਘਰ ਦੇ ਮੁਖੀ ਪੁਰਸ਼ ਦੀ ਇੱਛਾ ਹੀ ਪ੍ਰਵਾਨ ਕੀਤੀ ਜਾਂਦੀ ਹੈ ਪਰ ਔਰਤ ਦੀ ਸਲਾਹ ਦਾ । ਵੀ ਪੂਰਾ ਆਦਰ-ਸਤਿਕਾਰ ਕੀਤਾ ਜਾਂਦਾ ਹੈ। ਕਈ ਵਾਰ ਤਾਂ ਔਰਤ ਦਾ ਆਖਾ ਹੀ ਮੰਨਿਆ ਜਾਂਦਾ ਹੈ। ਜਿਨਸੀ ਮਾਮਲਿਆਂ ਵਿਚ ਮਰਦ ਨੂੰ ਵਧੇਰੇ ਖੁੱਲ੍ਹ ਪ੍ਰਾਪਤ ਹੈ, ਸਮੇਂ-ਸਮੇਂ ਉਹ ਔਰਤ ਨੂੰ ਕੁੱਟ-ਮਾਰ ਵੀ ਲੈਂਦਾ ਹੈ, ਪਰ ਉਸ ਦੇ ਇਨ੍ਹਾਂ ਕਾਰਜਾਂ ਨੂੰ ਸਭਿਆਚਾਰਕ ਪ੍ਰਵਾਨਗੀ ਪਾਪਤ ਨਹੀਂ ਹੈ। ਔਰਤ ਨੂੰ ਘਰ ਦੀ ਇੱਜ਼ਤ ਖਿਆਲ ਕੀਤਾ ਜਾਂਦਾ ਹੈ। ਜਿਸ ਦੀ ਰਾਖੀ ਲਈ ਪਰਿਵਾਰ ਦੇ ਪੁਰਸ਼ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਤੋਂ ਵੀ ਨਹੀਂ ਝਿਜਕਦੇ। ਘਰ ਦੇ ਬਾਹਰ ਜੇ ਮਰਦ ਆਪਣੀ ਮਰਜ਼ੀ ਕਰਦਾ ਹੈ ਤਾਂ ਘਰ ਦੇ ਅੰਦਰ ਔਰਤ ਦੀ ਹਕੂਮਤ ਹੁੰਦੀ ਹੈ। ਹਿੰਦੂ ਸਮਾਜ ਵਿਚ ਮਨੂੰ ਦਾ ਕਾਨੂੰਨੀ ਵਿਹਾਰ ਪੱਧਰ ਉੱਤੇ ਔਰਤ ਦੀ ਪਦਵੀ ਨੂੰ ਬਹੁਤਾ ਨੀਵਾਂ ਨਹੀਂ ਕਰ ਸਕਿਆ। ਸਿੱਧਾਂਤਕ ਤੌਰ 'ਤੇ ਮਰਦ ਸੁਆਮੀ ਹੈ ਅਤੇ ਔਰਤ ਦਾਸੀ। ਪਰ ਵਿਹਾਰਕ ਰੂਪ ਵਿਚ ਇਹ ਰਿਸ਼ਤਾ ਪਰਸਪਰ ਪਿਆਰ, ਸਤਿਕਾਰ ਅਤੇ ਮੋਹ 'ਤੇ ਆਧਾਰਤ ਹੈ।

ਪੰਜਾਬੀ ਸਮਾਜ ਵਿਚ ਸਾਂਝੇ ਪਰਿਵਾਰ ਦੀ ਸੰਸਥਾ ਅਜੇ ਤਕ ਵੀ ਚੱਲ ਰਹੀ ਹੈ। ਇਸ ਪਰਿਵਾਰ ਦੀ ਪਤੀ-ਪਤਨੀ ਅਤੇ ਉਨ੍ਹਾਂ ਦੀ ਸੰਤਾਨ ਹੀ ਮੈਂਬਰ ਨਹੀਂ ਹੈ, ਸਗੋਂ ਕਈ ਕਈ ਪੀੜ੍ਹੀਆਂ ਅਤੇ ਕਈ ਕਈ ਭਰਾ ਇਕੱਠੇ ਵਸਦੇ ਹਨ। ਸਾਂਝੇ ਪਰਿਵਾਰ ਦਾ ਇਕ ਵੱਡਾ ਲਾਭ ਉਨ੍ਹਾਂ ਵਿਅਕਤੀਆਂ ਨੂੰ ਪਹੁੰਚਦਾ ਹੈ ਜਿਹੜੇ ਕਮਾਈ ਕਰਨ ਦੇ ਯੋਗ ਨਹੀਂ ਹੁੰਦੇ। ਕਮਲੇ, ਅਪਾਹਜ ਅਣਵਿਆਹੇ, ਵਿਧਵਾਵਾਂ ਅਤੇ ਕੰਮਚੋਰ ਸਭ ਇਸ ਵਿਚ ਸਮਾਏ ਰਹਿੰਦੇ ਹਨ। ਪਰੰਪਰਾਗਤ ਸਾਂਝੇ ਪਰਿ ਹੀ ਪਰ ਸਮੇਂ ਦੀ ਤਬਦੀਲੀ ਨਾਲ ਕਈ ਹੋਰ ਰੂਪ ਵੀ ਹੋਂਦ ਗ੍ਰਹਿਣ ਕਰਦੇ ਦਿਸ਼ਟੀਗੋਚਰ ਹੁੰਦੇ ਹਨ। ਕਈ ਪਰਿਵਾਰਾਂ ਵਿਚ ਚੁੱਲਾ ਚੌਂਕਾ ਤਾਂ ਅਡਰਾ ਹੁੰਦਾ ਹੈ, ਕਾਰੋਬਾਰ ਸਾਂਝਾ। ਕਈ ਹੋਰ ਪਰਿਵਾਰਾਂ ਵਿਚ ਇਸ ਤੋਂ ਉਲਟ ਵੀ ਹੋ ਸਕਦਾ ਹੈ। ਪਰ ਆਮ ਤੌਰ 'ਤੇ ਸਾਂਝੇ ਪਰਿਵਾਰ ਦਾ ਮੁਖੀ ਪੁਰਸ਼ ਅਤੇ ਉਸ ਦੀ ਪਤਨੀ ਹੀ ਘਰ ਦੇ ਆਮਦਨ-ਖਰਚ ਦੇ ਜ਼ਿੰਮੇਵਾਰ ਹੁੰਦੇ ਹਨ। ਘਰ ਦੇ ਸਾਰੇ ਜੀਅ ਆਪਣੀ ਆਪਣੀ ਕਮਾਈ ਉਨ੍ਹਾਂ ਦੇ ਹੱਥ 'ਤੇ ਲਿਆ ਕੇ ਹੀ ਧਰਦੇ ਹਨ ਅਤੇ ਆਮਦਨੀ ਦੇ ਸਾਂਝੇ ਭੰਡਾਰ ਵਿਚੋਂ ਪਰਿਵਾਰ ਦੀਆਂ ਸਾਂਝੀਆਂ ਅਤੇ ਵਿਅਕਤੀਗਤ ਲੋੜਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ।

ਸਾਂਝਾ ਪਰਿਵਾਰ ਕਈ ਵਿਅਕਤੀ-ਪਰਿਵਾਰਾਂ ਦਾ ਸਮੂਹ ਹੁੰਦਾ ਹੈ। ਇਸ ਸਮੂਹ ਦੇ ਸੰਗਠਨ ਦਾ ਵਸਤੂਗਤ ਆਧਾਰ ਸਾਂਝੀ ਜਾਇਦਾਦ ਅਤੇ ਸਾਂਝੀ ਆਮਦਨ ਹਨ। ਆਧੁਨਿਕ ਕਾਲ ਵਿਚ ਇਹ ਆਧਾਰ ਤਿੜਕ ਰਿਹਾ ਹੈ। ਪਰਿਵਾਰ ਦੇ ਕਈ ਮਰਦ ਰੋਟੀ-ਰੋਜ਼ੀ ਦੀ ਤਲਾਸ਼ ਵਿਚ ਘਰੋਂ ਬਾਹਰ ਚਲੇ ਜਾਂਦੇ ਹਨ ਜਿਸ ਕਰਕੇ ਸਾਂਝੇ ਪਰਿਵਾਰਾਂ ਦੇ ਵਿਗਠਨ ਦੀ ਪ੍ਰਕਿਰਿਆ ਆਰੰਭ ਹੋ ਜਾਂਦੀ ਹੈ। ਪੰਜਾਬ ਵਿਚ ਵੀ ਜਿਵੇਂ-ਜਿਵੇ ਨਵੇਂ ਕਿੱਤੇ ਪੈਦਾ ਹੋ ਰਹੇ ਹਨ, ਇਹ ਪ੍ਰਕਿਰਿਆ ਗੜੀ ਫੜਦੀ ਜਾ ਰਹੀ ਹੈ। ਪੰਜਾਬ ਦੇ ਰੰਗਰਾਗਤ ਪੇਂਡੂ ਸਮਾਜ ਵਿਚ ਵੀ ਇਹ ਪ੍ਰਕਿਰਿਆ ਜਾਰੀ ਸੀ। ਭਰਾਵਾਂ ਵਿਚਕਾਰ ਜ਼ਮੀਨ ਦੀ ਵੰਡ ਦੀ ਪ੍ਰਥਾ ਸਦੀਆਂ ਤੋਂ ਤੁਰੀ ਆ ਰਹੀ ਹੈ ਜਿਸ ਦਾ ਇਕ ਸਿੱਟਾ ਇਹ ਨਿਕਲਿਆ ਹੈ ਕਿ ਜ਼ਮੀਨ ਦੀ ਮਾਤਰਾ ਹਰੇਕ ਪਰਿਵਾਰ ਕੋਲ ਘਟਦੀ ਜਾ ਰਹੀ ਹੈ । ਤਾਂ ਵੀ ਸਭਿਆਚਾਰਕ ਰਿਵਾਜ ਅਤੇ ਰਹੁ-ਰੀਤਾਂ ਵਿਅਕਤੀ-ਪਰਿਵਾਰਾਂ ਵਿਚ ਪਰੰਪਰਾਗਤ ਸਾਂਝ ਬਣਾਈ ਰੱਖਣ ਲਈ ਯਤਨਸ਼ੀਲ ਹਨ। ਵੱਡ-ਵਡੇਰਿਆਂ ਦੀ ਸਾਂਝੀ ਮਾਨਤਾ, ਵਿਆਹ-ਸ਼ਾਦੀਆਂ ਉੱਤੇ ਇਕੱਠ, ਕਬੀਲਦਾਰੀ ਦੇ ਨਿਬੇੜੇ ਲਈ ਸਾਂਝੇ ਯਤਨ, ਕਿਸੇ ਕੁਦਰਤੀ ਜਾਂ ਸਮਾਜਕ ਸਮੱਸਿਆ ਦੇ ਹੱਲ ਲਈ ਸਾਂਝਾ ਯਤਨ ਆਦਿ ਵਿਅਕਤੀ ਪਰਿਵਾਰਾਂ ਵਿਚ ਸਾਂਝ ਬਣਾਈ ਰੱਖਦੇ ਹਨ।

## ਪਹਿਰਾਵਾ

ਮਨੁੱਖੀ ਸਭਿਆਚਾਰ ਦਾ ਇਕ ਜ਼ਰੂਰੀ ਅਤੇ ਅਹਿਮ ਅੰਗ ਪਹਿਰਾਵਾ ਹੈ। ਇਸ ਦਾ ਮੁੱਢਲਾ ਕੰਮ ਮਨੁੱਖੀ ਸਰੀਰ ਨੂੰ ਗਰਮੀ-ਸਰਦੀ ਆਦਿ ਤੋਂ ਬਚਾਉਣਾ ਹੈ। ਮਨੁੱਖੀ ਨਸਲ ਦੀ ਸਰੀਰਕ ਬਣਤਰ ਇਸ ਪ੍ਰਕਾਰ ਦੀ ਹੈ ਕਿ ਉਹ ਬਹੁਤੀ ਗਰਮੀ ਜਾਂ ਬਹੁਤੀ ਸਰਦੀ ਬਰਦਾਤ ਨਹੀਂ ਕਰ ਸਕਦਾ, ਜਿਸ ਤੋਂ ਬਚਣ ਲਈ ਉਹ ਆਪਣਾ ਵਸੇਬਾ ਅਜਿਹੀਆਂ ਥਾਵਾਂ 'ਤੇ ਬਣਾਉਂਦਾ ਹੈ ਜਿੱਥੇ ਗਰਮੀ ਜਾਂ ਸਰਦੀ ਦਾ ਅਸਰ ਘੱਟ ਪਹੁੰਚਦਾ ਹੈ। ਸਰਦੀ ਤੋਂ ਬਚਣ ਲਈ ਉਹ ਅੱਗ ਜਾਂ ਘਰਾਂ ਦਾ ਆਸਰਾ ਲੈਂਦਾ ਹੈ ਜਦ ਕਿ ਗਰਮੀ ਤੋਂ ਬਚਣ ਲਈ ਛਾਂ ਅਥਵਾ ਪਾਣੀ ਦੀ ਵਰਤੋਂ ਕਰਦਾ ਹੈ। ਪਰ ਮਨੁੱਖ ਇਨ੍ਹਾਂ ਚੀਜ਼ਾਂ ਦੀ ਵਰਤੋਂ ਹਰ ਸਮੇਂ ਨਹੀਂ ਕਰ ਸਕਦਾ। ਇਸ ਲਈ ਜਾਂਗਲੀ ਮਨੁੱਖ ਜਦੋਂ ਜੰਗਲਾਂ ਵਿਚ ਸ਼ਿਕਾਰ ਕਰਨ ਜਾਂ ਖਾਧ-ਖੁਰਾਕ ਇਕੱਠੀ ਕਰਨ ਲਈ ਜਾਂਦਾ ਸੀ ਤਾਂ ਉਹ ਆਪਣੇ ਬਦਨ ਨੂੰ ਜਾਨਵਰਾਂ ਦੀਆਂ ਖੱਲਾਂ ਜਾਂ ਰੁੱਖਾਂ ਦੇ ਪੱਤਿਆਂ ਅਥਵਾ ਛਿੱਲ ਨਾਲ ਢਕ ਲੈਂਦਾ ਸੀ।

ਵਿਸ਼ੇਸ਼ ਮੌਕਿਆਂ ਉੱਤੇ ਵਿਸ਼ੇਸ਼ ਰਹੁ-ਰੀਤਾਂ ਅਨੁਸਾਰ ਪਹਿਨਿਆ ਜਾਂਦਾ ਪਹਿਰਾਵਾ ਪਵਿੱਤਰ ਖਿਆਲ ਕੀਤਾ ਜਾਂਦਾ ਹੈ। ਵਰਤਮਾਨ ਯੁੱਗ ਦੇ ਸੱਭਿਅਕ ਮਨੁੱਖ ਦਾ ਪਹਿਰਾਵਾ ਤਾਂ ਭਾਵੇਂ ਬਦਲ ਗਿਆ ਹੈ ਪਰ ਇਸ ਨਾਲ ਜੁੜਿਆ 'ਪਵਿੱਤਰਤਾ ਦਾ ਵਿਸ਼ਵਾਸ ਵਰਤਮਾਨ ਮਨੁੱਖ ਦੇ ਸਭਿਆਚਾਰ ਵਿਚ ਉਵੇਂ-ਕਿਵੇਂ ਕਾਇਮ ਹੈ। ਮਿਸਾਲ ਵਜੋਂ ਪੰਜਾਬ ਵਿਚ ਵੱਖ ਵੱਖ ਧਰਮਾਂ ਦੇ ਰੋਹਿਤ ਅਤੇ ਜਜ਼ਮਾਨ ਜਨਮ, ਵਿਆਹ ਅਤੇ ਖਿਤ ਦੇ ਅਵਸਰਾਂ ਉੱਤੇ ਜੋ ਪਹਿਰਾਵਾ ਪਹਿਨਦੇ ਹਨ, ਉਸ ਨੂੰ 'ਪਵਿੱਤਰ' ਖ਼ਿਆਲ ਕੀਤਾ ਜਾਂਦਾ ਹੈ ਅਤੇ ਉਸ ਦੀ ਪਵਿੱਤਰਤਾ ਕਾਇਮ ਰੱਖਣ ਲਈ ਨਿਸ਼ਚਿਤ ਵਿਧਾਨ ਦੀ ਵਿਵਸਥਾ ਹੈ। ਪੰਜਾਬ ਦੇ ਸਾਧਾਂ-ਸੰਤਾਂ, ਰਿਸ਼ੀ-ਮੁਨੀਆਂ, ਗੁਰੂ-ਪੀਰਾਂ ਦੇ ਬਸਤਰ ਧਾਰਮਿਕ ਥਾਵਾਂ 'ਤੇ ਬੜੀ ਸ਼ਰਧਾ ਅਤੇ ਸਾਵਧਾਨੀ ਨਾਲ ਸੰਭਾਲ ਕੇ ਰੱਖੇ ਜਾਂਦੇ ਹਨ। ਪੰਜਾਬ ਦੇ ਧਾਰਮਕ ਵਿਸ਼ਵਾਸਾਂ ਵਿਚ ਮਿਗ-ਛਾਲਾ, ਅਣਸੀਤੇ ਪਹਿਰਾਵੇ ਅਤੇ ਪੱਗ ਦਾ ਬੜਾ ਆਦਰ ਹੈ। ਸਿੱਖ ਧਰਮ ਵਿਚ ਕਛਹਿਰੇ ਨੂੰ ਪਵਿੱਤਰ ਪਹਿਰਾਵੇ ਦਾ ਵਿਸ਼ੇਸ਼ ਅੰਗ ਸਮਝਿਆ ਜਾਂਦਾ ਹੈ, ਮੁਸਲਮਾਨਾਂ ਵਿਚ ਟੋਪੀ ਨੂੰ ਅਤੇ ਹਿੰਦੂਆਂ ਵਿਚ ਧੋਤੀ ਨੂੰ। ਧਾਰਮਿਕ ਵਿਸ਼ਵਾਸਾਂ ਵਿਚ ਅਣਸਿਉਤੇ ਕੱਪੜਿਆਂ ਨੂੰ ਤਰਜੀਹ ਦਿੱਤੀ ਜਾਂਦੀ ਹੈ। ਇਹ ਪਹਿਰਾਵੇ ਦਾ ਪਹਿਲਾ ਸਭਿਆਚਾਰਕ ਪਾਸਾਰ ਹੈ।

ਪਹਿਰਾਵੇ ਦੇ ਦੂਸਰੇ ਸਭਿਆਚਾਰਕ ਪਸਾਰ ਦਾ ਸੰਬੰਧ ਲੋਕ-ਲਾਜ ਦੀ ਧਾਰਨਾ ਨਾਲ ਹੈ। ਹਰੇਕ ਸਭਿਆਚਾਰਕ ਸਮਾਜ ਵੱਧ-ਘੱਟ ਰੂਪ ਵਿਚ, ਸਰੀਰਕ ਅੰਗਾਂ ਦੇ ਪ੍ਰਦਰਸ਼ਨ ਨੂੰ ਵਰਜਿਤ ਕਰਾਰ ਦਿੰਦਾ ਹੈ, ਖਾਸ ਕਰਕੇ ਕਾਮ-ਉਤੇਜਕ ਅੰਗਾਂ ਨੂੰ ਕੱਜ ਕੇ ਰੱਖਣ ਦਾ ਰਿਵਾਜ ਚਾਂ ਸਰਵ-ਪ੍ਰਵਾਨਿਤ ਹੈ। ਇਹ ਰਿਵਾਜ ਇਸਤਰੀ ਉੱਤੇ ਵਧੇਰੇ ਕਰੜਾਈ ਨਾਲ ਲਾਗੂ ਕੀਤਾ ਜਾਂਦਾ ਹੈ। ਇਸੇ ਲਈ ਬਹੁਤ ਸਮਾਜਾਂ ਵਿਚੋਂ ਜਿਹੜੇ ਸਭਿਆਚਾਰਕ ਪਰੰਪਰਾ ਦੀ ਕਰੜੀ ਪਾਲਣਾ ਕਰਨ ਦੇ ਹੱਕ ਵਿਚ ਹਨ, ਇਸਤਰੀਆਂ ਦੇ ਅਜਿਹੇ ਪਹਿਰਾਵੇ ਦਾ ਵਿਧਾਨ ਹੈ ਜਿਸ ਨਾਲ ਉਨ੍ਹਾਂ ਦਾ ਤਨ ਪੂਰੀ ਤਰ੍ਹਾਂ ਢਕਿਆ ਜਾ ਸਕੇ। ਪੰਜਾਬ ਦੀਆਂ ਇਸਤਰੀਆਂ ਮੋਟੇ ਕੱਪੜੇ ਦੇ ਬਣੇ ਹੋਏ ਖੁੱਲੇ-ਡੁੱਲੇ, ਦੂਹਰੇ-ਤੀਹਰੇ ਕੱਪੜੇ ਪਹਿਨਦੀਆਂ ਸਨ। ਕਮੀਜ਼, ਸਲਵਾਰ ਅਤੇ ਘੱਗਰਾ, ਦੂਹਰਾ ਸਿਰਕਾ ਜਾਂ ਦੁਪੱਟਾ। ਪੰਜਾਬੀ ਔਰਤ ਦਾ ਪ੍ਰਵਾਨਿਤ ਪਹਿਰਾਵਾ ਰਿਹਾ ਹੈ। ਮੁਸਲਮਾਨਾਂ ਵਿਚ ਬੁਰਕੇ ਦਾ ਰਿਵਾਜ ਅਤੇ ਹਿੰਦੂ-ਸਿੱਖ ਔਰਤਾਂ ਵਿੱਚ ਘੁੰਡ ਦਾ ਰਿਵਾਜ ਵੀ ਸੁੱਚਤਾ ਦੇ ਉਕਤ ਪਤਿਮਾਨ ਦਾ ਹੀ ਸਿੱਟਾ ਹੈ। ਪੰਜਾਬ ਦੇ ਪਿੰਡਾਂ ਵਿਚ ਮੁੰਡੇ ਖਾਸੀ ਵੱਡੀ ਉਮਰ ਤਾਈ ਨੰਗੇ ਫਿਰਦੇ ਰਹਿੰਦੇ ਸਨ ਤੇ ਜਾਂ ਫਿਰ ਕੱਛੇ ਅਥਵਾ ਜਾਂਘੀਏ ਨਾਲ ਹੀ ਕੰਮ ਤੁਰਿਆ ਜਾਂਦਾ ਸੀ। ਪਰ ਕੁੜੀਆਂ ਲਈ ਛੋਟੀ ਉਮਰ ਤੋਂ ਹੀ ਤਨ ਕੱਜ ਕੇ ਰੱਖਣ ਦਾ ਵਿਧਾਨ ਹੈ। ਘੱਗਰਾ ਪੰਜਾਬ ਦੇ ਸਭਿਆਚਾਰ ਦਾ ਵਿਸ਼ੇਸ਼ ਬਸਤਰ ਰਿਹਾ ਹੈ ਜੋ ਵਿਆਹੀਆਂ-ਵਰੀਆਂ ਔਰਤਾਂ ਬਾਹਰ-ਅੰਦਰ ਜਾਂਦੇ ਸਮੇਂ ਪਹਿਨਦੀਆਂ ਸਨ ਅਤੇ ਜਿਸ ਨੂੰ ਸੁਹਾਗਣ ਔਰਤਾਂ ਦੀ ਲੱਜਿਆ ਦਾ ਵਿਸ਼ੇਸ਼ ਚਿੰਨ੍ਹ ਸਮਝਿਆ ਜਾਂਦਾ ਸੀ। ਪੰਜਾਬ ਦੀ ਅਣਵਿਆਹੀ ਮੁਟਿਆਰ ਦੇ ਪਹਿਰਾਵੇ ਦਾ ਪਛਾਣ ਚਿੰਨ ਦੇ ਕਮੀਜ਼ ਸਲਵਾਰ ਹੈ ਤਾਂ ਵਿਆਹੀ ਵਰੀ ਸੁਆਣੀ ਲਈ ਘੱਗਰਾ ਪਹਿਨਣਾ ਆਦਰ-ਸਤਿਕਾਰ ਦਾ ਸੂਚਕ ਰਿਹਾ ਹੈ।

ਦੇ ਪਹਿਰਾਵੇ ਦਾ ਤੀਸਰਾ ਸਭਿਆਚਾਰਕ ਪਾਸਾਰ ਮਨੁੱਖ ਦੇ ਸੁਹਜ-ਬੋਧ ਨਾਲ ਸੰਬੰਧਤ ਹੈ। ਪੰਜਾਬ ਵਿਚ ਉਸ ਮਨੁੱਖ ਨੂੰ ਦਰਸ਼ਨੀ ਜਵਾਨ ਸਮਝਿਆ ਜਾਂਦਾ ਹੈ ਜਿਸ ਨੇ ਮਾਵਾ ਲੱਗੀ ਤੁਰਲੇ ਵਾਲੀ ਪੱਗ, ਰੇਸ਼ਮੀ ਕੁੜਤਾ ਅਤੇ ਜਾਕਟ, ਧੂਹਵਾਂ ਚਾਦਰਾ ਅਤੇ ਦੁਖੱਲੀ ਜੁੱਤੀ ਪਾਈ ਹੋਵੇ। ਸ਼ੋਖ ਅਤੇ ਭੜਕੀਲੇ ਰੰਗਾਂ ਦੇ ਬਸਤਰਾਂ ਨੂੰ ਪੰਜਾਬੀ ਜ਼ਿਆਦਾ ਸੁੰਦਰ ਗਿਣਦੇ ਹਨ। ਇਸ ਪ੍ਰਸੰਗ ਵਿਚ ਫੁਲਕਾਰੀ ਅਤੇ ਬਾਗ ਪੰਜਾਬੀ ਸਭਿਆਚਾਰ ਦੇ ਦੋ ਅਜਿਹੇ ਬਸਤਰ ਹਨ ਜਿਹੜੇ ਆਪਣੀ ਖ਼ੂਬਸੂਰਤੀ ਅਤੇ ਕਾਰੀਗਰੀ ਕਰਕੇ ਬਹੁਤ ਸਲਾਹੇ ਜਾਂਦੇ ਹਨ। ਇਹ ਦੋਵੇ ਬਸਤਰ ਸ਼ੋਖ ਰੰਗਾਂ ਦੇ ਮਹੀਨ ਰੇਸ਼ਮੀ ਧਾਗਿਆਂ ਨਾਲ ਕੱਢੇ ਹੋਏ ਹੁੰਦੇ ਹਨ ਅਤੇ ਇਨ੍ਹਾਂ ਦੀ ਕਢਾਈ ਕਲਾ ਦਾ ਉੱਤਮ ਨਮੂਨਾ ਹੁੰਦੀ ਹੈ। ਪੰਜਾਬ ਦੇ ਖਾਂਦੇ-ਪੀਂਦੇ ਜ਼ਿਮੀਦਾਰ ਘਰਾਣਿਆਂ ਦੀਆਂ ਸੁਆਣੀਆਂ ਇਹ ਬਸਤਰ ਵਿਸ਼ੇਸ਼ ਮੌਕਿਆਂ ਉੱਤੇ ਪਹਿਨਦੀਆਂ ਹਨ।

ਪੰਜਾਬ ਦੀਆਂ ਹਿੰਦੂ ਔਰਤਾਂ ਦੀ ਪਰੰਪਰਾਪ੍ਰਵਾਨਿਤ ਪੁਸ਼ਾਕ ਸਾੜੀ-ਬਲਾਊਜ ਹੈ ਅਤੇ ਹਿੰਦੂ ਮਰਦ ਆਮ ਤੌਰ 'ਤੇ ਕਮੀਜ਼-ਧੋਤੀ, ਪਹਿਨਦੇ ਹਨ। ਮੁਸਲਮਾਨ ਮਰਦਾਂ ਵਿਚ ਅਚਕਣ ਅਤੇ ਘੁਟਵੇਂ ਪਜਾਮੇਂ ਪਾਉਣ ਦਾ ਰਿਵਾਜ ਹੈ ਜਦ ਕਿ ਉਨ੍ਹਾਂ ਦੀਆਂ ਔਰਤਾਂ ਖੁੱਲ੍ਹੇ ਕੁੜਤੇ ਅਤੇ ਤੰਗ ਸਲਵਾਰਾਂ ਪਹਿਨਦੀਆਂ ਹਨ। ਹਿੰਦੂਆਂ ਅਤੇ ਮੁਸਲਮਾਨਾਂ ਦੀ ਇਹ ਪੁਸ਼ਾਕ ਭਾਰਤ ਦੇ ਹੋਰ ਖਿੱਤਿਆਂ ਦੀ ਪੁਸ਼ਾਕ ਨਾਲੋਂ ਕਟਾਈ ਸਿਲਾਈ ਆਦਿ ਵਿਚ ਹੀ ਵੱਖਰੀ ਹੈ।

ਪੰਜਾਬ ਦੇ ਪਹਿਰਾਵੇ ਦੇ ਸੰਬੰਧ ਵਿਚ ਇਕ ਹੋਰ ਅਹਿਮ ਗੱਲ ਇਹ ਹੈ ਕਿ ਇਹ ਸਮੇ ਸਥਾਨ, ਕਿੱਤੇ, ਸਮਾਜਕ, ਹੈਸੀਅਤ, ਧਰਮ, ਅਵਸਰ ਅਤੇ ਜਾਤੀ ਦੀ ਤਬਦੀਲੀ ਨਾਲ ਤਬਦੀਲ ਹੁੰਦਾ ਰਿਹਾ ਹੈ। ਇਉਂ ਪੰਜਾਬ ਦੇ ਪਹਿਰਾਵੇ ਵਿਚ ਮੁੱਢ-ਕਾਲ ਤੋਂ ਹੀ ਵੰਨ-

ਸੁਵੰਨਤਾ ਦੀ ਦ੍ਰਿਸ਼ਟੀਗੋਚਰ ਹੁੰਦੀ ਹੈ। ਜਿਵੇਂ ਜਿਵੇਂ ਪੰਜਾਬ ਦੀ ਤਰੱਕੀ ਹੁੰਦੀ ਗਈ, ਇੱਥੋਂ ਦੇ ਕੱਪੜੇ ਦੇ ਕਾਰੀਗਰ ਸੂਤੀ, ਉਨੀ ਅਤੇ ਰੇਸ਼ਮੀ ਕੱਪੜਾ ਤਿਆਰ ਕਰਦੇ ਰਹੇ ਹਨ ਅਤੇ ਅੱਜ-ਕੱਲ ਤਾਂ ਪੰਜਾਬ ਵਿਚ ਵੀ ਸਿਨਥੈਟਿਕ ਕੱਪੜਾ ਬੁਨਣ ਦੇ ਕਾਰਖਾਨੇ ਲੱਗ ਗਏ ਹਨ। ਖੱਦਰ ਵਰ ਕੱਪੜੇ ਤੋਂ ਲੈ ਕੇ ਮਹੀਨ ਮਲਮਲ ਤਕ ਕਈ ਪ੍ਰਕਾਰ ਦੇ ਕੱਪੜੇ ਪੰਜਾਬ ਵਿਚ ਬਣਦੇ ਹਨ, ਜਿਨ੍ਹਾਂ ਦੇ ਬਸਤਰ ਪੰਜਾਬ ਦੇ ਲੋਕੀ ਪਹਿਨਦੇ ਹਨ। ਇਨਾਂ ਕੱਪੜਿਆਂ ਦੇ ਡਿਜਾਇਨ, ਰੰਗ ਅਤੇ ਕਟਾਈ-ਸਿਲਾਈ ਦੇ ਢੰਗ ਵੀ ਕਈ ਪ੍ਰਕਾਰ ਦੇ ਹਨ ਅਤੇ ਵੱਖ-ਵੱਖ ਅਵਸਰਾਂ, ਵਰਗਾਂ, ਰੁੱਤਾਂ ਲਈ ਕਈ ਤਰ੍ਹਾਂ ਦੇ ਬਸਤਰ ਤਿਆਰ ਕੀਤੇ ਜਾਂਦੇ ਹਨ।

ਪੰਜਾਬੀ, ਪਹਿਰਾਵੇ ਦੇ ਖੇਤਰ ਵਿਚ ਬੜੇ ਉਦਾਰ-ਚਿੱਤ ਪ੍ਰਤੀਤ ਹੁੰਦੇ ਹਨ। ਇੱਥੇ ਪੋਠੋਹਾਰੀ ਸਲਵਾਰ, ਰੇਵ ਪਜਾਮਾ, ਧੂਹਵਾਂ ਚਾਦਰਾ, ਮਲਮਲ ਦੀ ਧੋਤੀ, ਸਾੜੀ, ਸਲਵਾਰ ਅਤੇ ਘੱਗਰਾ ਸਭ ਕੁਝ ਹੀ ਪਹਿਨਿਆ ਅਤੇ ਸਤਿਕਾਰਿਆ ਜਾਂਦਾ ਹੈ। ਅੱਜ-ਕਲ੍ਹ ਪੰਜਾਬ ਦੇ ਹਰੇਕ ਫਿਰਕੇ ਦੇ ਲੋਕ ਅੰਗਰੇਜ਼ੀ ਲਿਬਾਸ ਨੂੰ ਤਰਜੀਹ ਦੇਣ ਲੱਗ ਪਏ ਹਨ। ਪੰਜਾਬ ਦੀ ਪਰੰਪਰਾ ਵਿਚ ਸਿਰ ਢੱਕ ਕੇ ਰੱਖਣ ਦਾ ਰਿਵਾਜ ਢੇਰਪੁਰਾਣਾ ਹੈ ਜਿਸ ਲਈ ਪੱਗ, ਸਾਫਾ, ਪਰਨਾ ਜਾਂ ਟੋਪੀ ਆਦਿ ਵਰਤੇ ਜਾ ਸਕਦੇ ਹਨ। ਸਿੱਖ ਧਰਮ ਵਿਚ ਉਸ ਥਾਂ ਉੱਤੇ ਨੰਗੇ ਸਿਰ ਜਾਣਾ ਵਰਜਿਤ ਹੈ ਜਿੱਥੇ ਗੁਰੂ ਰਥ ਸਾਹਿਬ ਦਾ ਪ੍ਰਕਾਸ਼ ਹੋਇਆ ਹੋਵੇ; ਹਿੰਦੂ ਅਤੇ ਮੁਸਲਮਾਨ ਵੀ ਧਾਰਮਕ ਰਹੁ-ਰੀਤਾਂ ਕਰਦੇ ਸਮੇਂ ਸਿਰ ਢੱਕ ਕੇ ਰੱਖਣ ਨੂੰ ਉੱਤਮ ਸਮਝਦੇ ਹਨ, ਵਿਆਹ-ਸ਼ਾਦੀ ਦੇ ਮੌਕੇ ਉੱਤੇ ਲਾੜੇ ਦਾ ਪੱਗ ਬੰਨ੍ਹਣਾ ਆਦਰਸ਼ਕ ਗਿਣਿਆ ਜਾਂਦਾ ਹੈ; ਪਿੰਡ ਦੇ ਪਛਾਣ-ਚਿੰਨ੍ਹ ਉਸ ਦੀ ਪੱਗ ਹੈ, ਸੁਆਣੀਆਂ ਦੇ ਸਾਊਪਣੇ ਦੀ ਨਿਸ਼ਾਨੀ ਇਹ ਹੈ ਕਿ ਉਹ ਵੱਡ-ਵਡੇਰਿਆਂ ਦੇ ਸਾਹਮਣੇ ਸਿਰ ਢੱਕ ਕੇ ਰੱਖਣ।

ਆਧੁਨਿਕ ਪੱਛਮੀ ਸਭਿਆਚਾਰ ਦੇ ਅਸਰ ਕਰਕੇ ਪੜੇ-ਲਿਖੇ ਲੋਕਾਂ ਵਿਚ ਪਹਿਰਾਵੇ ਦੇ ਸਭਿਆਚਾਰਕ ਪਾਸਾਰਾਂ ਵਿਚ ਬੁਨਿਆਦੀ ਤਬਦੀਲੀ ਆ ਰਹੀ ਹੈ। ਪੜ੍ਹੇ-ਲਿਖੇ ਮਰਦਾਂ ਅਤੇ ਔਰਤਾਂ ਦੇ ਮਨ ਵਿਚੋਂ ਪਰੰਪਰਾਗਤ ਪਹਿਰਾਵੇ ਨਾਲ ਜੁੜੇ ਪਵਿੱਤਰਤਾਂ ਦੇ ਭਾਵਾਂ ਦੀ ਕਦਰ ਘਟਦੀ ਜਾ ਰਹੀ ਹੈ। ਪੰਜਾਬ ਦੇ ਹਰੇਕ ਧਰਮ ਦੇ ਲੋਕ ਸ਼ਰਟ-ਪੈਂਟ ਜਾਂ ਕੋਟ-ਪੈਂਟ-ਟਾਈ ਨੂੰ ਤਰਜੀਹ ਦੇਣ ਲੱਗ ਪਏ ਹਨ। ਪੜ੍ਹੀਆਂ ਲਿਖੀਆਂ ਔਰਤਾਂ ਵਿਚ ਨੰਗਾ-ਸਿਰ ਹੀ ਨਹੀਂ, ਸਰੀਰ ਦੇ ਕਈ ਹੋਰ ਅੰਗਾਂ ਦੇ ਪ੍ਰਦਰਸ਼ਨ ਦੇ ਹੀ ਨਹੀ, ਸਰੀਰ ਦੇ ਕਈ ਹੋਰ ਅੰਗਾਂ ਦੇ ਪ੍ਰਦਰਸ਼ਨ ਦਾ ਰਿਵਾਜ ਵੀ ਵਧ ਰਿਹਾ ਹੈ, ਇਥੋਂ ਤਕ ਕਿ ਉਹ ਬਸਤਰ ਹੀ ਅਜੇਹੇ ਕੱਪੜੇ ਅਤੇ ਡਿਜਾਇਨ ਦੇ ਪਹਿਨਣ ਲੱਗ ਪਈਆਂ ਹਨ ਜਿਨਾਂ ਵਿਚੋਂ ਦੀ ਸਰੀਰਕ ਅੰਗ ਹੋਰ ਵੀ ਉਭਰਵੇਂ ਰੂਪ ਵਿਚ ਝਾਕਦੇ ਹਨ। ਪਹਿਰਾਵੇ ਦੇ ਮਿਆਰੀਕਰਣ ਬਾਰੇ ਇਕ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਆਧੁਨਿਕ ਪੰਜਾਬ ਵਿਚ ਖਾਂਦਾ ਪੀਂਦਾ ਮੱਧ-ਵਰਗ ਹੀ ਪਹਿਰਾਵੇ ਸੰਬੰਧੀ ਮਿਆਰ ਸਿਰਜਦਾ ਹੈ। ਹੋਰ ਸਭਿਆਚਾਰਕ ਖੇਤਰਾਂ ਦੀ ਤਰ੍ਹਾਂ ਪਹਿਰਾਵੇ ਦੇ ਖੇਤਰ ਵਿਚ ਵੀ ਪਰਪੰਰਾਗਤ ਵਿਸ਼ਿਸ਼ਟ ਵਰਗਾਂ ਦਾ ਪ੍ਰਭਾਵ ਘਟਦਾ ਜਾ ਰਿਹਾ ਹੈ। ਪਰੰਪਰਾਗਤ ਪੰਜਾਬੀ ਪਹਿਰਾਵਾ ਅੱਜ-ਕੱਲ੍ਹ ਵਿਸ਼ੇਸ਼ ਮੌਕਿਆਂ ਉੱਤੇ ਹੀ ਪਹਿਨਿਆ ਜਾਂਦਾ ਹੈ।

### ਵਿਆਹ-ਪ੍ਰਬੰਧ

ਸੰਤਾਨ-ਉੱਤਪਤੀ ਦਾ ਅਮਲ ਕੁਦਰਤੀ ਹੈ ਜਿਸ ਨਾਲ ਕਿਸੇ ਵੀ ਜੀਵ-ਜਾਤੀ ਵਿਚ ਮੌਤ ਨਾਲ ਆਉਣ ਵਾਲੀ ਜੀਵਾਂ ਦੀ ਕਮੀ ਪੂਰੀ ਹੁੰਦੀ ਰਹਿੰਦੀ ਹੈ। ਪਰ ਮਨੁੱਖ ਜਾਤੀ ਇਸ ਅਮਲ ਨੂੰ ਆਪਣੀਆਂ ਵਿਸ਼ੇਸ਼ ਸਮਾਜਕ ਲੋੜਾਂ ਦੀ ਪੂਰਤੀ ਲਈ ਵਿਸ਼ੇਸ਼ ਪ੍ਰਕਾਰ ਦੀ ਸਭਿਆਚਾਰਕ ਵਿਧੀ ਦੀ ਵਿਵਸਥਾ ਕਰਦੀ ਹੈ। ਇਸ ਵਿਧੀ ਨੂੰ ਵਿਆਹ-ਪ੍ਰਬੰਧ ਆਖਿਆ ਜਾਂਦਾ ਹੈ। ਵਧੇਰੇ ਵਿਕਸਿਤ ਸਮਾਜਾਂ ਵਿਚ ਵਿਆਹਬਾਰੇ ਜਿਨਸੀ ਸੰਬੰਧਾਂ ਵਿਚੋਂ ਪੈਦਾ ਹੋਣ ਵਾਲੀ ਸੰਤਾਨ ਨੂੰ ਬਹੁਤ ਘਿਣਾ ਨਾਲ ਨਹੀਂ ਵੇਖਿਆ ਜਾਂਦਾ। ਇਸੇ ਤਰ੍ਹਾਂ ਆਦਿਮ ਸਮਾਜਾਂ ਵਿਚ ਵੀ ਕਾਫੀ ਖੁੱਲ੍ਹ ਦਿਲੀ ਦੇ ਪ੍ਰਮਾਣ ਮਿਲਦੇ ਹਨ। ਪਰ ਮੱਧ-ਕਾਲੀਨ ਸਮਾਜਾਂ ਵਿਚ ਉਨ੍ਹਾਂ ਮਾਪਿਆਂ ਅਤੇ ਔਲਾਦ ਨੂੰ ਹੀ ਸਭਿਆਚਾਰਕ ਪ੍ਰਵਾਨਗੀ ਮਿਲਦੀ ਹੈ ਜੋ ਸਮਾਜ ਦੁਆਰਾ ਪ੍ਰਵਾਨਿਤ ਵਿਧਾਨ ਅਨੁਸਾਰ ਪਤੀ-ਪਤਨੀ ਦੇ ਰਿਸ਼ਤੇ ਵਿਚ ਬੱਝ ਕੇ ਜਿਨਸੀ ਸੰਬੰਧ ਸਥਾਪਤ ਕਰਦੇ ਅਤੇ ਸੰਤਾਨ ਉੱਤਪਤੀ ਕਰਦੇ ਹਨ। ਇਨ੍ਹਾਂ ਸਮਾਜਾਂ ਵਿਚ ਇਹ ਨਿਯਮ ਇਤਨਾ ਕਰੜਾ ਹੈ ਕਿ ਜਿਹੜੇ ਬੱਚੇ ਆਪਣੇ ਪਿਉ ਦਾ ਨਾਮ ਨਹੀਂ ਦੱਸ ਸਕਦੇ ਜਾਂ ਜਿਨ੍ਹਾਂ ਦੀ ਮਾਂ ਉੱਧਲ ਜਾਂਦੀ ਹੈ ਅਥਵਾ ਜਿਹੜੇ ਬੱਚੇ ਅਜੇਹੇ ਪੁਰਸ਼ ਦੀ ਔਲਾਦ ਹੁੰਦੇ ਹਨ ਜੋ ਸਮਾਜ ਦੁਆਰਾ ਪ੍ਰਵਾਨਿਤ ਪਿਉ ਅਖਵਾਉਣ ਦਾ ਹੱਕਦਾਰ ਨਹੀਂ ਹੁੰਦਾ, ਉਨ੍ਹਾਂ ਦਾ ਸਮਾਜ ਵਿਚ ਰਹਿਣਾ ਦੁੱਭਰ ਹੋ ਜਾਂਦਾ ਹੈ। ਪੰਜਾਬੀ ਸਮਾਜ ਵਿਚ ਇਸ ਨਿਯਮ ਦੀ ਕਰੜੀ ਪਾਲਣਾ ਕੀਤੀ ਜਾਂਦੀ ਹੈ। ਜਿਸ ਕਰਕੇ ਪੰਜਾਬ ਵਿਚ ਵਿਆਹ ਨੂੰ ਵਿਸ਼ੇਸ਼ ਮਹੱਤਵ ਪ੍ਰਾਪਤ ਹੈ।

ਇਤਿਹਾਸਕ ਤੌਰ 'ਤੇ ਪੰਜਾਬ ਵਿਚ ਬਹੁ-ਪਤਨੀ-ਵਾਰਤਾ ਜਾਂ ਬਹੁ-ਪਤੀ-ਵਾਰਤਾ ਵਿਆਹ-ਪ੍ਰਥਾ ਪ੍ਰਚੱਲਿਤ ਰਹੀ ਹੈ। ਪਰ ਵਰਤਮਾਨ ਸਮੇਂ ਇਕ ਇਕ-ਪਤਨੀ-ਵਿਆਹ-ਪ੍ਰਥਾ (Monogamous marriage) ਨੂੰ ਮਾਨਤਾ ਪ੍ਰਾਪਤ ਹੈ। ਵਿਆਹ ਦੇ ਪ੍ਰਵਾਨਿਤ ਨਿਯਮਾਂ ਅਨੁਸਾਰ ਸੰਪੰਨ ਹੋਏ ਪਤੀ-ਪਤਨੀ ਦੇ ਰਿਸ਼ਤੇ ਨੂੰ ਜਨਮ-ਜਨਮਾਂਤਰ ਦਾ ਸੰਬੰਧ ਖਿਆਲ ਕੀਤਾ ਜਾਂਦਾ ਹੈ। ਗੁਰਬਾਣੀ ਵਿਚ ਇਸ ਰਿਸ਼ਤੇ ਦੀ ਪਵਿੱਤਰਤਾ ਨੂੰ 'ਏਕ ਜੋਤ ਦੋਇ ਮੂਰਤੀ ਦੇ ਸੰਕਲਪ ਰਾਹੀਂ ਪੇਸ਼ ਕੀਤਾ ਗਿਆ ਹੈ। ਇਸ ਤੋਂ ਇਲਾਵਾ ਵਿਆਹ ਨਾਲ ਸੰਬੰਧਤ ਵਿਸਤ੍ਰਿਤ ਰੀਤੀ-ਰਿਵਾਜਾ ਦਾ ਮੁੱਖ ਤਾਤਪਰਜ ਵੀ ਇਹੀ ਹੈ ਕਿ ਵਰ ਅਤੇ ਬਹੂ ਦੇ ਮਨ ਵਿਚ ਇਸ ਰਿਸ਼ਤੇ ਦੀ ਪਵਿੱਤਰਤਾ, ਸਦੀਵਤਾ ਅਤੇ ਆਦਰਸ਼ਕਤਾ ਦਾ ਸੰਸਕਾਰ ਬਿਠਾਇਆ ਜਾਵੇ। ਸਪਸ਼ਟ ਹੈ ਕਿ ਪੰਜਾਬ ਦੀ ਪਰੰਪਰਾਗਤ ਵਿਆਹ-ਪ੍ਰਣਾਲੀ ਵਿਚ ਤਲਾਕ ਲਈ ਕੋਈ ਗੁੰਜਾਇਸ਼ ਨਹੀਂ ਹੈ। ਜਿੱਥੋਂ ਤੱਕ ਸੁੱਚਤਾ ਦੇ ਆਦਰਸ਼ ਦਾ ਸਵਾਲ ਹੈ, ਪੰਜਾਬ ਵਿਚ ਵੀ ਇਸਤਰੀ ਅਤੇ ਮਰਦ ਦੋਹਾਂ ਲਈ ਹੀ ਵਿਆਹ ਕਰਵਾਉਣ ਤੋਂ ਬਾਅਦ ਆਪਣੇ-ਆਪਣੇ ਜੀਵਨ-ਸਾਥੀ ਨਾਲ ਜਿਨਸੀ ਸੰਬੰਧ ਕਾਇਮ ਕਰਨ ਦੀ ਖੁੱਲ ਹੈ। ਵਿਹਾਰਕ ਰੂਪ ਵਿਚ ਇਸਤਰੀ ਉੱਤੇ ਸੁੱਚਤਾ ਦਾ ਪ੍ਰਮਾਣ ਵਧੇਰੇ ਕਰੜਾਈ ਨਾਲ ਲਾਗੂ ਕੀਤਾ ਜਾਂਦਾ ਹੈ।

ਵਿਆਹ ਨੂੰ ਭਾਵੇਂ ਸੰਜੋਗੀ ਸੰਬੰਧ ਹੀ ਸਮਝਿਆ ਜਾਂਦਾ ਹੈ ਤਾਂ ਵੀ ਮਾਪੇ ਆਪਣੇ ਧੀਆਂ-ਪੁੱਤਾਂ ਲਈ ਵਰ-ਘਰ ਦੀ ਤਲਾਸ਼ ਕਰਦੇ ਸਮੇਂ ਚੋਖੀ ਖੋਜ-ਪੜਤਾਲ ਤੋਂ ਕੰਮ ਲੈਂਦੇ ਹਨ ਜਿਸ ਵਿਚ ਵਿਚੋਲੇ ਦੀ ਸਹਾਇਤਾ ਲਈ ਜਾਂਦੀ ਹੈ ਅਤੇ ਪਰੰਪਰਾਗਤ ਵਿਚੋਲਾ ਆਮ ਤੌਰ 'ਤੇ ਨਾਈ ਹੁੰਦਾ ਸੀ। ਵਰ ਨਾਲੋਂ ਘਰ ਨੂੰ ਤਰਜੀਹ ਦਿੱਤੀ ਜਾਂਦੀ ਹੈ। ਮੁੰਡੇ-ਕੁੜੀ ਦੀ ਮਰਜ਼ੀ ਨੂੰ ਪਰੰਪਰਾ ਵਿਚ ਕੋਈ ਸਥਾਨ ਨਹੀਂ ਸੀ ਅਤੇ ਵਿਆਹ ਮਾਪਿਆਂ ਜਾਂ ਬਰਾਦਰੀ ਪਰਸਪਰ ਸਹਿਮਤੀ ਨਾਲ ਨੇਪਰੇ ਚੜ ਜਾਂਦਾ ਸੀ। ਹੌਲੀ ਹੌਲੀ ਇਸ ਰਿਵਾਜ ਦੀ ਕੱਟੜਤਾ ਘਟਦੀ ਜਾ ਰਹੀ ਹੈ ਅਤੇ ਮਾਪਿਆਂ ਦੀ ਮਰਜ਼ੀ ਨਾਲ ਮੁੰਡੇ-ਕੁੜੀ ਦੀ ਸਲਾਹ ਲਈ ਜਾਣ ਲਗ ਪਈ ਹੈ। ਪਰ ਕਈ ਵਾਰ ਇਸ ਸਲਾਹ ਦਾ ਅਜੇ ਵੀ ਬਹੁਤਾ ਮੁੱਲ ਨਹੀਂ ਪੈਂਦਾ। ਅਸੰਮਤੀ ਦੀ ਹਾਲਤ ਵਿਚ ਜਾਂ ਤਾਂ ਮਾਪਿਆਂ ਦੀ ਪੁੱਗਦੀ ਹੈ ਤੇ ਜਾਂ ਫਿਰ ਮੁੰਡੇ-ਕੁੜੀ ਨੂੰ ਮਾਪਿਆਂ ਨਾਲੋਂ ਸੰਬੰਧ ਤੋੜਨਾ ਪੈਂਦਾ ਹੈ। ਜ਼ੋਰਾਵਰ ਮਾਪਿਆਂ ਦੀ ਸੂਰਤ ਵਿਚ ਨੌਬਤ ਕਤਲ ਤੱਕ ਪਹੁੰਚ ਜਾਂਦੀ ਹੈ।

ਪੰਜਾਬ ਵਿਚ ਪੁੰਨ ਦੇ ਵਿਆਹ ਨੂੰ ਉੱਤਮ ਦਰਜਾ ਹਾਸਿਲ ਹੈ। ਅਜੇਹੇ ਵਿਆਹ ਵਿਚ ਕੁੜੀਆਂ ਦੇ ਪੈਸੇ ਨਹੀਂ ਵੱਟੇ ਜਾਂਦੇ ਅਤੇ ਨਾ ਹੀ ਪੈਸੇ ਦੇ ਕੇ ਮੁੰਡੇ ਦਾ ਵਿਆਹ ਕੀਤਾ ਜਾਂਦਾ ਹੈ। ਪਰ ਵਿਹਾਰਕ ਰੂਪ ਵਿਚ ਅੜੇ-ਥੁੜੇ ਘਰਾਂ ਦੇ ਮੁੰਡਿਆਂ ਦੇ ਵਿਆਹ ਮੁੱਲ ਤਾਰ ਕੇ ਵੀ ਕਰ ਦਿੱਤੇ ਜਾਂਦੇ ਹਨ। ਮੁੱਲ ਦੀ ਤੀਵੀਂ ਦਾ ਸ਼ਰੀਕੇ ਜਾਂ ਪਿੰਡ ਵਿਚ ਕੋਈ ਆਦਰ-ਸਤਿਕਾਰ ਨਹੀਂ ਹੁੰਦਾ। ਅਜੇਹੇ ਵਿਆਹ ਨੂੰ ਸਭਿਆਚਾਰਕ ਪ੍ਰਵਾਨਗੀ ਤਾਂ ਭਾਵੇਂ ਪ੍ਰਾਪਤ ਨਹੀਂ ਹੁੰਦੀ, ਤਾਂ ਵੀ ਇਸ ਨੂੰ ਸਵੀਕਾਰ ਕਰ ਲਿਆ ਜਾਂਦਾ ਹੈ। ਪੰਜਾਬ ਦੀਆਂ ਅਖੌਤੀ ਛੋਟੀਆਂ ਜਾਤੀਆਂ ਵਿਚ 'ਮੁੱਲ ਦਾ ਵਿਆਹ, ਧੀਆਂ ਦੇ ਪੈਸੇ ਵੱਟਣ ਦਾ ਰਿਵਾਜ ਜਾਂ ਉਧਾਲੇ ਦਾ ਵਿਆਹ ਚੌਖੇ ਪ੍ਰਚੱਲਿਤ ਹਨ।

ਵਿਆਹ-ਪਬੰਧ ਵਿਚ ਦਾਜ ਦਾ ਰਿਵਾਜ ਕਾਫੀ ਪ੍ਰਚੱਲਿਤ ਹੈ। ਮੰਗ ਕੇ ਦਾਜ ਲੈਣ ਨੂੰ ਭਾਵੇਂ ਬਰਾ ਖਿਆਲ ਕੀਤਾ ਜਾਂਦਾ ਹੈ ਪਰ 'ਦਾਜ ਦੇਣਾ ਸਮਾਜਕ ਨੱਕ-ਨਮੂਜ਼ ਲਈ ਜਰੂਰੀ ਸਮਝਿਆ ਜਾਂਦਾ ਹੈ। ਘੱਟ ਦਾਜ ਦੇਣ ਵਾਲੇ ਨੂੰ ਗਰੀਬ ਜਾਂ ਕੰਜੂਸ ਸਮਝਿਆ ਜਾਂਦਾ ਹੈ ਅਤੇ ਜਿਸ ਦੇ ਘਰ ਬਹੁਤਾ ਦਾਜ ਆਵੇ, ਉਸ ਦਾ ਰੁਤਬਾ ਭਾਈਚਾਰੇ ਵਿਚ ਵਧ ਜਾਂਦਾ ਹੈ। ਇਸੇ ਤਰ੍ਹਾਂ ਧੀ ਵਾਲਿਆਂ ਵੱਲੋਂ ਵਰੀ ਦੀ ਵੀ ਨਿਰਖ-ਪਰਖ ਕੀਤੀ ਜਾਂਦੀ ਹੈ। ਪਰਿਵਾਰਾਂ ਦੀ ਸਮਾਜਕ-ਆਰਥਕ ਹੈਸੀਅਤ ਮੁੰਡੇ-ਕੁੜੀ ਦੇ ਗੁਣਾ ਨਾਲੋਂ ਵਧੇਰੇ ਅਹਿਮੀਅਤ ਰੱਖਦੀ ਹੈ। ਵਰ-ਸਮਾਜ ਵਿਚ ਜਿੱਥੇ ਮੁੰਡੇ-ਕੁੜੀ ਦਾ ਸਮਾਜਕ-ਆਰਥਕ ਰੁਤਬਾ ਉਨ੍ਹਾਂ ਦੇ ਪਰਿਵਾਰਾਂ ਦੇ ਰੁਤਬੇ ਉੱਤੇ ਨਿਰਭਰ ਹੈ, ਇਹ ਗੱਲ ਅਣਹੋਣੀ ਨਹੀਂ ਹੈ। ਰੁਮਾਂਟਿਕ ਮੁਹੱਬਤ ਪਰਿਵਾਰਕ ਹੈਸੀਅਤ ਦੇ ਮੁੱਲ ਨੂੰ ਕੱਟਦੀ ਜ਼ਰੂਰ ਹੈ, ਪਰ ਇਸ ਦੇ ਬੜੇ ਭਿਆਨਕ ਸਿੱਟੇ ਨਿਕਲਦੇ ਹਨ। ਜਿਨ੍ਹਾਂ ਪਰਿਵਾਰਾਂ ਦੇ ਧੀਆਂ-ਪੁੱਤਰ ਇਹ ਬੰਧਨ ਤੋੜ ਕੇ ਪਿਆਰ-ਵਿਆਹ ਰਚਾ ਲੈਂਦੇ ਹਨ, ਉਹ ਪਰੰਪਰਾਗਤ ਸਮਾਜ ਵਿਚ ਰਚ-ਮਿਚ ਨਹੀਂ ਸਕਦੇ ਅਤੇ ਉਨ੍ਹਾਂ ਦੇ ਇਹ , ਕਰਮ ਉਨ੍ਹਾਂ ਦੇ ਪਰਿਵਾਰਾਂ ਦੀ ਹੈਸੀਅਤ ਦੇ ਨਿਘਾਰ ਦਾ ਵੀ ਕਾਰਨ ਹੋ ਨਿਬੜਦਾ ਹੈ। ਇਸ ਲਈ ਸਾਧਾਰਨ ਹਾਲਾਤ ਵਿਚ ਉਨ੍ਹਾਂ ਵਿਆਹਾਂ ਨੂੰ ਹੀ ਆਦਰਸ਼ਕ ਖਿਆਲ ਕੀਤਾ ਜਾਂਦਾ ਹੈ ਜਿਨ੍ਹਾਂ ਵਿਚ ਵਰ ਅਤੇ ਘਰ ਦੋਵੇਂ ਹੀ ਉੱਤਮ ਹੋਣ। ਅਸਲ ਵਿਚ, ਵਿਆਹ-ਪਬੰਧ ਰਾਹੀਂ ਮੁੰਡਾ ਅਤੇ ਕੁੜੀ ਹੀ ਪਤੀ-ਪਤਨੀ ਰੂਪ ਵਿਚ ਨਹੀਂ ਬੱਝਦੇ, ਦੋ ਪਰਿਵਾਰ ਵੀ ਕੁੜਮਾਚਾਰੀ ਦੇ ਸੰਬੰਧਾਂ ਵਿਚ ਬੱਝ ਜਾਂਦੇ ਹਨ ਅਤੇ ਦੋਹਾਂ ਪਰਿਵਾਰਾਂ ਨਾਲ ਇਨ੍ਹਾਂ ਸੰਬੰਧਾਂ ਰਾਹੀਂ ਬੱਝੇ ਦੂਜੇ ਪਰਿਵਾਰਾਂ ਵਿਚ ਵੀ ਇਕ ਰਿਸ਼ਤਾ ਕਾਇਮ ਹੋ ਜਾਂਦਾ ਹੈ। ਇਉਂ ਵਿਆਹ-ਸੰਬੰਧਾਂ ਰਾਹੀਂ ਕਈ-ਇਕ ਪਰਿਵਾਰਾਂ ਦੀ ਇਕ ਸੰਗਲੀ ਬਣ ਜਾਂਦੀ ਹੈ ਜੋ ਇਸ ਸੰਗਲੀ ਦੀ ਹਰੇਕ ਕੁੜੀ ਦੀ ਤਾਕਤ ਵਿਚ ਵਾਧਾ ਕਰ ਦਿੰਦੀ ਹੈ। ਪਰ ਪੰਜਾਬ ਦੇ ਵਿਆਹ-ਪ੍ਰਬੰਧ ਵਿਚ ਜਾਤ ਅਤੇ ਗੋਤ ਦੀਆਂ ਸੰਸਥਾਵਾਂ ਬੁਨਿਆਦੀ ਭੂਮਿਕਾ ਨਿਭਾਉਂਦੀਆਂ ਹਨ। ਜਾਤ ਦੇ ਅੰਦਰ ਅਤੇ ਗੋਤੋਂ ਬਾਹਰ ਵਿਆਹ ਕਰਨ ਦਾ ਨਿਯਮ ਇਤਨਾ ਪਬਲ ਹੈ ਕਿ ਇਸ ਦਾ ਉਲੰਘਣ ਕਿਸੇ ਸੂਰਤ ਵਿਚ ਵੀ ਨਹੀਂ ਕੀਤਾ ਜਾਂਦਾ। ਇਸ ਨਾਲ ਵਿਆਹ-ਸੰਬੰਧਾਂ ਦਾ ਦਾਇਰਾ ਚੋਖਾ ਸੀਮਤ ਹੋ ਜਾਂਦਾ ਹੈ ਅਤੇ ਵਰ-ਘਰ ਆਪਣੀ ਜਾਤ ਦੇ ਅੰਦਰ ਅਤੇ ਗੋਤ ਤੋਂ ਬਾਹਰ ਲੱਭਣੇ ਪੈਂਦੇ ਹਨ। ਪੰਜਾਬ ਦੀਆਂ ਨੀਵੀਆਂ ਤੋਂ ਨੀਵੀਆਂ ਜਾਤੀਆਂ ਵੀ ਇਸ ਨਿਯਮ ਦਾ ਪਾਲਣ ਕਰਨ ਦੀ ਕੋਸ਼ਿਸ਼ ਕਰਦੀਆਂ ਹਨ, ਭਾਵੇਂ ਅੜੇ-ਥੁੜੇ ਪਰਿਵਾਰਾਂ ਦੇ ਅਟਕੇ ਹੋਏ ਮੁੰਡੇ ਇਸ ਨਿਯਮ ਨੂੰ ਤੋੜ ਵੀ ਦਿੰਦੇ ਹਨ, ਜਿਸ ਦਾ ਬਹੁਤ ਜ਼ਿਆਦਾ ਬੁਰਾ ਨਹੀਂ ਮਨਾਇਆ ਜਾਂਦਾ। ਮੁਸਲਮਾਨ ਧਰਮ ਵਿਚ ਜਾਤ ਅਤੇ ਗੋਤ ਦੇ ਨਿਯਮਾਂ ਦਾ ਪਾਲਣ ਨਹੀਂ ਕੀਤਾ ਜਾਂਦਾ, ਸਗੋਂ ਉੱਥੇ ਤਾਂ ਨੇੜੇ ਦੇ ਰਿਸ਼ਤੇਦਾਰਾਂ ਵਿਚ ਵਿਆਹ-ਸੰਬੰਧਾਂ ਨੂੰ ਚੰਗੇਰਾ ਸਮਝਿਆ ਜਾਂਦਾ ਹੈ, ਜਿਸ ਦਾ ਚੋਖਾ ਅਸਰ ਪੱਛਮੀ-ਪਾਕਿਸਤਾਨ ਦੇ ਹਿੰਦੂ-ਸਿੱਖਾਂ ਦੇ ਰਿਵਾਜਾਂ ਉੱਤੇ ਵੀ ਪਿਆ ਹੈ।

### ਰਿਸ਼ਤਾ ਨਾਤਾ-ਪ੍ਰਬੰਧ:

ਰਿਸ਼ਤਾ-ਨਾਤਾ ਪ੍ਰਬੰਧ ਸਮਾਜਿਕ ਰਿਸ਼ਤਿਆਂ ਦਾ ਇੱਕ ਜਾਲ ਹੈ ਜਿਸਦਾ ਹਿੱਸਾ ਲਗਭਗ ਸਾਰੇ ਸਭਿਆਚਾਰਾਂ ਦੇ ਲੋਕ ਹਨ। ਇਹ ਆਰੰਭ ਤੋਂ ਹੀ ਸਮਾਜ ਦਾ ਮਹੱਤਵਪੂਰਨ ਅੰਗ ਰਿਹਾ ਹੈ। ਲਹੂ ਦੇ ਰਿਸ਼ਤੇ ਜੀਵਨ ਨਾਲ ਨਹੁੰ ਮਾਸ ਵਾਲਾ ਸੰਬੰਧ ਰੱਖਦੇ ਹਨ। ਇਸ ਤੋਂ ਬਿਨ੍ਹਾਂ ਮਨੁੱਖ ਆਪ ਵੀ ਦੂਜੇ ਅਲਹੂ ਰਿਸ਼ਤਿਆਂ ਦੀ ਸਿਰਜਨਾ ਕਰਦਾ ਹੈ। ਉਪਰੋਕਤ ਰਿਸ਼ਤਿਆਂ ਦੀ ਰੂਪ ਬਣਤਰ ਦੇ ਹਿਸਾਬ ਨਾਲ ਪੰਜਾਬੀਆਂ ਦੇ ਅੰਗ ਸਾਕ ਜਨਮ ਤੇ ਮਨ ਸਦਕਾ ਹੋਂਦ ਵਿਚ ਆਉਂਦੇ ਹਨ। ਰਿਸ਼ਤਾ-ਨਾਤਾ ਪ੍ਰਣਾਲੀ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹਨਾਂ ਵਿਚ ਹਰ ਸਕੇ ਸੰਬੰਧੀ ਦਾ ਨਵੇਕਲਾ ਦਰਜਾ ਪਿਆਰ ਸਤਿਕਾਰ ਵੱਖ-ਵੱਖ ਰਿਸ਼ਤੇ ਲਈ ਨਿਸ਼ਚਿਤ ਬੌਧਿਕ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ। ਚਾਚਾ, ਤਾਇਆ, ਮਾਸੜ, ਫੁੱਫੜ, ਨਾਨਾ, ਦਾਦਾ, ਆਦਿ ਤਾਂ ਉਸਦੇ ਇਸਤਰੀ ਲਿੰਗ ਰਿਸ਼ਤੇ ਵੱਖ-ਵੱਖ ਦਰਜੇ ਦੀ ਭਾਵੁਕ ਸਾਂਝ ਤੇ ਮਿਲਵਰਤਨ ਦਾ ਪ੍ਰਤੀਕ ਰਹੇ ਹਨ।

ਰਿਸ਼ਤਾ-ਨਾਤਾ ਪ੍ਰਬੰਧ ਦੇ ਸੰਕਲਪ ਦੀ ਵਿਆਖਿਆ ਕਰਦਿਆਂ ਬਹੁਤ ਸਾਰੇ ਮਾਨਵ ਵਿਗਿਆਨੀਆਂ ਨੇ ਇਸ ਨੂੰ ਮਨੁੱਖ ਦੀ ਸਮਾਜਿਕ ਹੋਂਦ ਵਿਚ ਉਸਦੇ ਰਾਹੀਂ ਸਿਰਜੇ ਗਏ ਰਿਸ਼ਤਿਆਂ ਨੂੰ ਪ੍ਰਗਟਾਉਣ ਵਾਲਾ ਮੰਨਿਆ ਹੈ। ਇਹ ਰਿਸ਼ਤੇ ਮੁੱਖ ਰੂਪ ਵਿਚ ਪ੍ਰਾਕਿਰਤਕ ਜੀਵ ਵਿਗਆਨਕ ਅਤੇ ਸਭਿਆਚਾਰਕ ਆਧਾਰਾਂ ਉਪਰ ਬਣਾਏ ਅਤੇ ਸਵੀਕਾਰ ਕੀਤੇ ਜਾਂਦੇ ਹਨ। ਬਹੁਤ ਵਾਰੀ ਇਸ ਰਿਸ਼ਤਾ-ਨਾਤਾ ਪ੍ਰਬੰਧ ਨੂੰ ਸਿਰਫ ਅਜਿਹੇ ਰਿਸ਼ਤਿਆਂ ਨੂੰ ਪ੍ਰਗਟਾਉਣ ਦੇ ਅਰਥਾਂ ਵਿਚ ਹੀ ਵਰਤਿਆ ਜਾਂਦਾ ਹੈ, ਜਿਹੜੇ ਮੂਲ ਰੂਪ ਵਿਚ ਬਰਾਦਰੀ ਅਤੇ ਨਾਤੇਦਾਰ ਤਕ ਹੀ ਮਹਿਦੂਦ ਹੁੰਦੇ ਹਨ ਇਸ ਵਿਚ ਸਿਰਫ ਨਿਕਟਵਰਤੀ ਸੰਬੰਧੀ ਹੀ ਰੱਖੇ ਜਾਂਦੇ ਹਨ ਅਤੇ ਉਹ ਵੀ ਗੋਤਰ, ਜਾਤ ਅਤੇ ਖ਼ੂਨ ਦੀ ਸਾਂਝ ਵਾਲੇ।
ਲੇਸਿਲ ਏ. ਵਾਈਟ ਦੇ ਸ਼ਬਦਾਂ ਵਿਚ ਰਿਸ਼ਤਾ ਨਾਤਾ ਇਕ ਤਕਨੀਕੀ ਸ਼ਬਦ ਹੈ ਜਿਹੜਾ ਕਿ ਪਤੀ ਪਤਨੀ, ਮਾਪੇ ਬੱਚੇ ਜਾ ਬੱਚਿਆਂ ਵਿਚਕਾਰ ਸੰਬੰਧਾਂ ਵਿਚੋਂ ਉਤਪੰਨ ਹੋਏ ਸਮਾਜਿਕ ਰਿਸ਼ਤਿਆਂ ਨੂੰ ਵਿਸ਼ੇਸ਼ ਨਾਮ ਪ੍ਰਦਾਨ ਕਰਦਾ ਹੈ।

### ਪੰਜਾਬੀ ਰਿਸ਼ਤੇਦਾਰੀ ਦੇ ਮੁੱਖ ਅਧਾਰ

ਪੰਜਾਬੀ ਰਿਸ਼ਤੇਦਾਰੀ ਦੇ ਮੁੱਖ ਅਧਾਰ ਨਾਨਕਾ ਤੇ ਦਾਦਕਾ ਪਰਿਵਾਰ ਹੈ। ਨਾਨਕਿਆਂ ਤੇ ਦਾਦਕਿਆਂ ਦੀ ਮਹਾਨਤਾ ਦੱਸਦੇ ਵਣਜਾਰਾ ਬੇਦੀ ਲਿਖਦੇ ਹਨ, "ਇਹ ਦੋ ਅਜਿਹੀਆਂ ਫੁੱਲਵਾੜੀਆਂ ਹਨ ਜਿਨ੍ਹਾਂ ਦਾ ਆਪੋ ਆਪਣਾ ਰਸ ਤੇ ਸਵਾਦ ਹੈ ਇਕ ਦੇ ਫੁੱਲ ਤੇ ਮਹਿਕ ਦੂਜੀ ਵਿਚ ਨਹੀਂ ਮਿਲਦੀ। ਇਕ ਫੁੱਲਵਾੜੀ ਦਾ ਰਸ ਪੀ-ਪੀ ਕੇ ਜਦੋਂ ਬੱਚਾ ਰੱਜ ਜਾਂਦਾ ਹੈ ਤਾਂ ਦੂਜੀ ਲਈ ਸਹਿਕਦਾ ਹੈ।"

### ਨਾਨਕੇ

ਨਾਨਕੇ ਦਾ ਰਿਸ਼ਤਾ ਮਾਂ ਦੇ ਪਰਿਵਾਰ ਨਾਲ ਸੰਬੰਧ ਰੱਖਦਾ ਹੈ। ਨਾਨਕੇ ਧੀ ਲਈ ਦਾਜ ਸੂਸ਼ਕ ਅਤੇ ਉਸ ਦੇ ਬੱਚਿਆਂ ਦੀ ਛੱਕ ਭਰਦੇ ਹਨ। ਕੰਨਿਆਦਾਨ ਕਰਦੇ ਹਨ। ਵਿਆਹੁਲੀ ਕੁੜੀ ਲਈ ਨਾਨਕਿਆਂ ਦੇ ਰਾਂਖਵੇਂ ਗਹਿਣੇ ਮੰਨੇ ਜਾਂਦੇ ਹਨ। ਜਵਾਈ ਤੇ ਦੋਹਤਰੇ ਨੂੰ ਸ਼ਗਨ ਤੇ ਕੁੜਮਾ ਦੀ ਮਿਲਣੀ ਦਾ ਭਾਰ ਵੀ ਨਾਨਕਿਆਂ ਉੱਪਰ ਹੀ ਪੈਂਦਾ ਹੈ। ਨਾਨਕੇ ਧੀ ਵਾਲੀ ਧਿਰ ਹੋਣ ਕਾਰਨ ਹਰ ਵਿਹਾਰ ਸਮੇਂ ਕੁਝ ਦੇਣ ਵਾਲੇ ਹੁੰਦੇ ਹਨ। ਆਮ ਤੌਰ ਤੇ ਦੇਣ ਵਾਲਾ ਸਖੀ (ਦਰਿਆ ਦਿਲ) ਤੇ ਲੈਣ ਵਾਲਾ ਮੰਗਤਾ ਸਮਝਿਆ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਇਸ ਤਰ੍ਹਾਂ ਮੰਗ ਕੇ ਲੈਣ ਵਾਲੇ ਵੀ ਪੰਜਾਬੀ ਸਮਾਜ ਵਿਚ ਵੱਡਾ ਹੋਣ ਦਾ ਦਾਅਵਾ ਕਰਦੇ ਹਨ। ਨਾਨਕੇ ਪਿਆਰ ਵਿਚ ਮਾਂ ਦੀ ਆਂਦਰ ਦਾ ਨਿੱਘ ਹੁੰਦਾ ਹੈ। ਨਾਨੀ ਲਈ ਦੋਹਤਰਾ ਪੋਤਰੇ ਨਾਲੋਂ ਵਧੇਰੇ ਪਿਆਰਾ ਹੁੰਦਾ ਹੈ। ਬੱਚੇ ਦੇ ਮਨ ਵਿਚ ਹਮੇਸ਼ਾ ਨਾਨਕਿਆਂ ਦੀ ਤਾਂਘ ਰਹਿੰਦੀ ਹੈ:-

"ਨਾਨਕੇ ਘਰ ਜਾਵਾਂਵੇ।

ਲੱਡੂ ਪੇੜੇ ਖਾਵਾਂਗੇ।

ਮੋਟੇ ਹੋ ਕੇ ਆਵਾਂਗੇ।"

ਜਦੋਂ ਵੀ ਸੰਕਟ ਮੁਸੀਬਤ ਦਾ ਸਮਾਂ ਆਵੇ ਤਾਂ ਅਕਸਰ ਨਾਨੀ ਚੇਤੇ ਆਉਂਦੇ ਜਾਂ ਨਾਨਕੇ ਯਾਦ ਆਉਣ ਵਰਗੇ ਅਖਾਣ ਮੁਹਾਵਰੇ ਵਰਤੇ ਜਾਂਦੇ ਹਨ। ਨਾਨਕੇ ਪੱਖ ਤੋਂ ਮਾਤਾ ਦਾ ਭਰਾ ਭਾਵੇਂ ਉਹ ਛੋਟਾ ਹੋਵੇ ਜਾਂ ਵੱਡਾ ਹਮੇਸ਼ਾ ਮਾਮਾ ਹੀ ਹੁੰਦਾ ਹੈ। ਜਦੋ ਕਿ ਪਿਤਾ ਦਾ ਛੋਟਾ ਭਰਾ ਚਾਚਾ ਅਤੇ ਵੱਡਾ ਭਰਾ ਤਾਇਆ ਹੁੰਦਾ ਹੈ।

### ਦਾਦਕੇ

ਪੰਜਾਬੀ ਬੱਚੇ ਲਈ ਦਾਦਕੇ ਵੀ ਘੱਟ ਮਹੱਤਵ ਨਹੀਂ ਰੱਖਦੇ। ਬੰਦੇ ਦੀਆਂ ਰਗਾਂ ਵਿਚ ਪਿਤਾ ਦਾ ਖ਼ੂਨ ਹੁੰਦਾ ਹੈ। ਉਹ ਦਾਦਕੀ ਰੂੜ੍ਹੀ ਵਿਚ ਪਲਦਾ, ਵਧਦਾ-ਫੁੱਲਦਾ ਤੇ ਪ੍ਰਵਾਨ ਚੜ੍ਹਦਾ ਹੈ। ਪਿਤਾ ਪੁਰਖੀ ਧੰਦੇ ਅਤੇ ਰਸਮ ਰਿਵਾਜ ਉਹ ਸਹਿਜੇ ਹੀ ਗ੍ਰਹਿਣ ਕਰ ਲੈਂਦਾ ਹੈ। ਦਾਦਕੇ ਪਰਿਵਾਰ ਵਿਚ ਉਸ ਦੀਆਂ ਜੀਵਨ ਤੰਦਾਂ ਡੂੰਘੀਆਂ ਅਤੇ ਵਧੇਰੇ ਫੈਲੀਆਂ ਹੁੰਦੀਆਂ ਹਨ। ਪੰਜਾਬੀ ਸਮਾਜ ਅਨੇਕਾਂ ਜਾਤਾਂ, ਗੋਤਾਂ ਤੇ ਬਰਾਦਰੀਆਂ ਵਿਚ ਵੰਡਿਆ ਹੋਇਆ ਹੈ। ਬਰਾਦਰੀ ਵਿਚ ਛੇਕੇ ਜਾਣਾ ਬਹੁਤ ਵੱਡਾ ਸਮਾਜਕ ਸਰਾਪ ਹੈ। ਪੰਜਾਬੀ ਭਾਵੇਂ ਵੱਡੇ ਸਾਹਿਬ ਅੱਗੇ ਨਾ ਝੁਕੇ ਪਰ ਬਰਾਦਰੀ ਸਾਹਵੇਂ ਨਿਮਾਣਾ ਬਣ ਜਾਂਦਾ ਹੈ। ਗਿਲੇ ਰੋਸੇ ਦੂਰ ਕਰਨ ਲਈ ਬਰਾਦਰੀ ਦੇ ਇਕੱਠ ਵਿਚ ਦੋਸ਼ੀ ਬੰਦਾ ਪੱਗ ਲਾਹਕੇ ਰੁੱਸੇ ਬੰਦੇ ਦੇ ਪੈਰੀ ਰੱਖ ਦਿੰਦਾ ਹੈ ਜਿਸ ਦਾ ਮੰਤਵ ਹੈ ਕਿ ਮੈਂ ਬਰਾਦਰੀ ਬਾਝੋ ਕੁਝ ਨਹੀਂ ਹਾਂ। ਇਕੋ ਵਡੇਰੇ ਦੀ ਸੰਤਾਨ ਹੋਣ ਕਾਰਨ ਬਰਾਦਰੀ ਵਿਚ ਲਹੂ ਦੀ ਸਾਂਝ ਅਤੇ ਦੁੱਖ-ਸੁੱਖ ਦੀ ਭਾਈਵਾਲੀ ਹੁੰਦੀ ਹੈ।

ਪਰਿਵਾਰ-ਪ੍ਰਬੰਧ ਅਤੇ ਵਿਆਹ ਪ੍ਰਬੰਧ ਦੇ ਆਧਾਰ ਤੇ ਭਿੰਨ-ਭਿੰਨ ਵਿਅਕਤੀਆਂ ਵਿਚਕਾਰ ਜੋ ਸੰਬੰਧ ਸਥਾਪਤ ਹੁੰਦੇ ਹਨ, ਉਨ੍ਹਾਂ ਦੇ ਸਮੂਹ ਨੂੰ ਰਿਸ਼ਤਾ-ਨਾਤਾ ਪ੍ਰਬੰਧ ਕਿਹਾ ਜਾਂਦਾ ਹੈ ਜੋ ਕਿ ਹਰੇਕ ਸਮਾਜ ਦੇ ਮੁੱਢਲੇ ਸੰਬੰਧਾਂ ਨੂੰ ਉਜਾਗਰ ਕਰਦਾ ਹੈ। ਵਿਭਿੰਨ ਸਮਾਜਾਂ ਨੇ ਆਪਣੇ ਵਿਸ਼ੇਸ਼ ਭਾਂਤ ਦੇ ਇਤਿਹਾਸਕ-ਆਰਥਕ ਸੰਬੰਧਾਂ ਦੇ ਅਨੁਕੂਲ ਵੱਖ-ਵੱਖ ਭਾਂਤ ਦੇ ਰਿਸ਼ਤੇ-ਨਾਤੇ ਸਿਰਜੇ ਹਨ ਜੋ ਲਹੂ ਦੀ ਵਾਸਤਵਿਕ ਜਾਂ ਕਲਪਿਤ ਸਾਂਝ 'ਤੇ ਆਧਾਰਤ ਹਨ ਤੇ ਜਾਂ ਫਿਰ ਕੁੜਮਾਚਾਰੀ ਦੇ ਆਧਾਰ 'ਤੇ। ਪੰਜਾਬ ਦੇ ਰਿਸ਼ਤਾ-ਨਾਤਾ ਪ੍ਰਬੰਧ ਦੇ ਮੁੱਖ ਆਧਾਰ ਵੀ ਇਹੋ ਦੋ ਹਨ ਜਿਹੜੇ ਅੱਗੋਂ ਕਈ ਹੋਰ ਵੱਖਰਤਾਵਾਂ ਨੂੰ ਮੁੱਖ ਰੱਖ ਕੇ ਵਧੇਰੇ ਵਿਸਤ੍ਰਿਤ ਅਤੇ ਜਟਿਲ ਰੂਪ ਗ੍ਰਹਿਣ ਕਰ ਲੈਂਦੇ ਹਨ। ਉਦਾਹਰਣ ਵਜੋਂ ਰਿਸ਼ਤਾਨਾਤਾ ਪ੍ਰਬੰਧ ਵਿਚ ਲਹੂ ਦੀ ਸਾਂਝ ਦੇ ਆਧਾਰ 'ਤੇ ਜੋ ਰਿਸ਼ਤੇ ਹੋਂਦ ਵਿਚ ਆਉਂਦੇ ਹਨ, ਉਨ੍ਹਾਂ ਨੂੰ ਅੱਗੋਂ ਉਮਰ ਅਤੇ ਲਿੰਗ ਦੀਆਂ ਵੱਖਰਤਾਵਾਂ ਕਾਰਨ ਵੱਖਰੇ ਵੱਖਰੇ ਨਾਮ ਦਿੱਤੇ ਜਾਂਦੇ ਹਨ। ਜਿਵੇਂ ਇਕ ਪਰਿਵਾਰ ਵਿਚ ਜਨਮ ਦੇਣ ਵਾਲੇ ਦੋ ਜੀਆਂ ਨੂੰ ਲਿੰਗ ਦੇ ਆਧਾਰ 'ਤੇ ਪਿਤਾ ਅਤੇ ਮਾਤਾ ਦੇ ਨਾਮ ਨਾਲ ਪੁਕਾਰਿਆ ਜਾਂਦਾ ਹੈ। ਭਰਾਵਾਂ ਵਿਚ ਉਮਰ ਦੇ ਫਰਕ ਕਾਰਨ ਪਿਤਾ ਤੋਂ ਵੱਡੇ ਭਰਾ ਨੂੰ ਤਾਇਆ ਅਤੇ ਛੋਟੇ ਨੂੰ ਚਾਚਾ ਕਿਹਾ ਜਾਂਦਾ ਹੈ, ਜਦ ਕਿ ਮਾਂ ਦੀਆਂ ਭੈਣਾਂ, ਮਾਸੀਆਂ ਅਤੇ ਪਿਤਾ ਦੀਆਂ ਭੈਣਾਂ ਭੂਆ ਅਖਵਾਉਂਦੀਆਂ ਹਨ।

ਪੰਜਾਬ ਦੇ ਇਸ ਵਿਸਤ੍ਰਿਤ ਅਤੇ ਜਟਿਲ ਰਿਸ਼ਤਾ-ਨਾਤਾ ਪ੍ਰਬੰਧ ਬਾਰੇ ਵਿਸ਼ੇਸ਼ ਤੌਰ ਉੱਤੇ ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਹ ਪ੍ਰਬੰਧ ਪਿਤਰ-ਪ੍ਰਧਾਨ ਸਮਾਜਾਂ ਵਿਚ ਹੀ ਪ੍ਰਾਪਤ ਹੈ ਅਤੇ ਕਈ ਹੋਰ ਪਿਤਰ-ਪ੍ਰਧਾਨ ਸਮਾਜਾਂ ਵਰਗਾ ਵੀ ਹੈ ਅਤੇ ਵੱਖਰਾ ਵੀ। ਮਿਸਾਲ ਵਜੋਂ ਅੰਗਰੇਜ਼ੀ ਵਿਚ ਪ੍ਰਚੱਲਿਤ ਰਿਸ਼ਤਿਆਂ ਦੇ ਨਾਮਾਵਲੀ ਤੋਂ ਗਿਆਤ ਹੁੰਦਾ ਹੈ ਕਿ ਅੰਗਰੇਜ਼ੀ ਭਾਸ਼ਾਈ ਸਮਾਜ ਵਿਚ ਮਾਮੇ, ਫੁਫੇ, ਮਾਸੜ, ਚਾਚੇ ਅਤੇ ਤਾਏ ਲਈ ਇਕੋ ਸਬਦ 'ਅੰਕਲ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਮਾਮੇ ਅਤੇ ਚਾਚੇ ਵਿਚ ਫਰਕ ਦਰਸਾਉਣ ਲਈ 'ਮੇਟਰਨਲ ਜਾਂ ਪੇਟਰਨਲ ਸ਼ਬਦਾਂ ਦੀ ਵਰਤੋਂ ਕਰ ਲਈ ਜਾਂਦੀ ਹੈ।

ਪੰਜਾਬ ਦੇ ਰਿਸ਼ਤੇ-ਨਾਤੇ ਪ੍ਰਬੰਧ ਦੀ ਦੂਸਰੀ ਵਿਲੱਖਣਤਾ ਇਹ ਹੈ ਕਿ ਇਸ ਵਿਚ ਖ਼ੂਨ 'ਤੇ ਆਧਾਰਤ ਰਿਸ਼ਤੇਦਾਰਾਂ ਅਤੇ ਵਿਆਹ 'ਤੇ ਆਧਾਰਤ ਰਿਸ਼ਤੇਦਾਰਾਂ ਵਿਚ ਫਰਕ ਕੀਤਾ ਜਾਂਦਾ ਹੈ, ਮਿਸਾਲ ਵਜੋਂ ਪਿਤਾ/ਸਹੁਰਾ ਜਾਂ ਮਾਤਾ/ਸੱਸ। ' ਪੰਜਾਬ ਦੇ ਹਿੰਦੂ-ਸਿੱਖਾਂ ਵਿਚ ਪ੍ਰਚੱਲਿਤ ਰਿਸ਼ਤਾ-ਨਾਤਾ ਪ੍ਰਬੰਧ ਦੀ ਇਕ ਵਿਲੱਖਣਤਾ ਇਹ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਇਸ ਪ੍ਰਬੰਧ ਅਨੁਸਾਰ ਵਿਅਕਤੀ ਦਾ ਆਪਣੇ ਮਾਪਿਆਂ ਦੇ ਭੈਣ-ਭਰਾਵਾਂ ਦੀ ਸੰਤਾਨ ਨਾਲ ਸੰਬੰਧ ਭੈਣ-ਭਰਾਵਾਂ ਵਾਲਾ ਗਿਣਿਆ ਜਾਂਦਾ ਹੈ। ਇਹ ਨਿਯਮ ਇਤਨਾ ਵਿਆਪਕ ਹੈ ਕਿ ਇਕੋ ਗੋਤ ਦੇ ਵਿਅਕਤੀਆਂ ਵਿਚ ਵੀ ਖ਼ੂਨ ਦੀ ਸਾਂਝ ਗਿਣੀ ਜਾਂਦੀ ਹੈ ਅਤੇ ਉਨ੍ਹਾਂ ਸਾਰਿਆਂ ਨੂੰ ਇੱਕੋ ਵੱਡਵਡੇਰੇ ਦੀ ਔਲਾਦ ਸਮਝਿਆ ਜਾਂਦਾ ਹੈ। ਇਸੇ ਲਈ ਪੰਜਾਬ ਦੇ ਹਿੰਦੂ-ਸਿੱਖ ਪਰਿਵਾਰਾਂ ਵਿਚ ਸਗੋਤਰ ਵਿਆਹ ਦੀ ਮਨਾਹੀ ਹੈ। ਪਰ ਮੁਸਲਮਾਨੀ ਧਰਮ ਵਿਚ ਗੋਤਰ-ਪ੍ਰਣਾਲੀ ਨੂੰ ਕੋਈ ਥਾਂ ਨਹੀਂ ਹੈ।

ਸਕੀਰੀ ਅਤੇ ਸ਼ਰੀਕਾ ਪੰਜਾਬ ਦੇ ਰਿਸ਼ਤਾ-ਨਾਤਾ ਪ੍ਰਬੰਧ ਦੇ ਦੋ ਵੱਡੇ ਪਾਸਾਰ ਹਨ। ਸਕੀਰੀ ਵਿਆਹ ਪ੍ਰਬੰਧ ਰਾਹੀਂ ਹੋਂਦ ਵਿਚ ਆਉਂਦੀ ਹੈ ਅਤੇ ਸਰੀਕਾ ਇਕੋ ਖ਼ਾਨਦਾਨ ਵਿਚ ਭਰਾਵਾਂ ਦੀ ਵੰਡ ਕਾਰਨ ਹੋਂਦ ਗ੍ਰਹਿਣ ਕਰਦਾ ਹੈ। ਸਕੀਰੀਆਂ ਸਾਂਝੇ ਪਰਿਵਾਰਕ ਕੰਮਾਂ ਵਿਚ ਇਕ ਦੂਜੇ ਦੀ ਧਿਰ ਬਣਦੀਆਂ ਹਨ ਜਦ ਕਿ ਸ਼ਰੀਕਾ ਪਰਸਪਰ ਈਰਖਾ ਅਤੇ ਵੈਰ ਦਾ ਲਖਾਇਕ ਹੈ ਭਾਵੇ ਜਨਮ, ਵਿਆਹ ਅਤੇ ਮੌਤ ਦੇ ਅਵਸਰਾਂ ਉੱਤੇ ਭਾਈਚਾਰੇ ਦੀ ਲੋੜ ਨੂੰ ਨਜ਼ਰ-ਅੰਦਾਜ਼ ਵੀ ਨਹੀਂ ਕੀਤਾ ਜਾਂਦਾ। ਧੀ ਦੇ ਵਿਆਹ ਸਮੇਂ, ਮੌਤ ਜਾਂ ਬਿਮਾਰੀ ਦੇ ਸਮੇਂ ਅਥਵਾ ਕਿਸੇ ਹੋਰ ਭੀੜ ਸਮੇਂ ਸ਼ਰੀਕੇ ਵਾਲੇ ਮੱਦਦਗਾਰ ਸਾਬਿਤ ਹੁੰਦੇ ਹਨ ਜਦ ਕਿ ਪੁੱਤਰ ਦੇ ਵਿਆਹ ਜਾਂ ਕਿਸੇ ਹੋਰ ਖੁਸ਼ੀ ਦੇ ਅਵਸਰ ਉੱਤੇ ਸ਼ਰੀਕੇ ਵਾਲੇ ਆਪਣੇ ਰੋਸ ਦਾ ਵੀ ਪ੍ਰਗਟਾਵਾ ਕਰਦੇ ਹਨ, ਜਿਨ੍ਹਾਂ ਨੂੰ ਮਨਾਉਣਾ ਸਭਿਆਚਾਰਕ ਫਰਜ਼ ਗਿਣਿਆ ਜਾਂਦਾ ਹੈ। ਸਰੀਕ-ਸਬੰਧਾਂ ਦਾ ਇਹ ਦੂਹਰਾ ਕਿਰਦਾਰ ਪੰਜਾਬ ਦੇ ਰਿਸ਼ਤਾ-ਨਾਤਾ-ਪ੍ਰਬੰਧ ਦੀ ਇਕ ਵਿਸ਼ੇਸ਼ਤਾ ਪ੍ਰਤੀਤ ਹੁੰਦੀ ਹੈ। ਮਿਸਾਲ ਵਜੋਂ ਭਾਨੀ-ਮਾਰ ਵੀ ਸ਼ਰੀਕੇ ਵਾਲੇ ਹੀ ਹੁੰਦੇ ਹਨ ਅਤੇ ਵਿਆਹ ਉੱਤੇ ਨਿਉਂਦਾ ਵੀ ਸ਼ਰੀਕੇ ਵਾਲੇ ਹੀ ਪਾਉਂਦੇ ਹਨ। ਇੱਕੀਆਂ ਨੂੰ ਇਕੱਤੀ ਪਾਉਣ ਦਾ ਮੁਹਾਵਰਾ ਸ਼ਾਇਦ, ਸ਼ਰੀਕਾਂ-ਸਬੰਧਾਂ ਦੇ ਦੂਹਰੇ ਕਿਰਦਾਰ ਨੂੰ ਹੀ ਜਾਹਰ ਕਰਦਾ ਹੈ।

ਸ਼ਰੀਕੇ ਵਿਚੋਂ ਜਿਵੇਂ ਜਿਵੇਂ ਪੀੜ੍ਹੀਆਂ ਜਾਂ ਵਸੇਬੇ ਦੀ ਦੂਰੀ ਦਾ ਫਰਕ ਪੈਂਦਾ ਜਾਂਦਾ ਹੈ, ਅਪਣੱਤ ਘਟਦੀ ਜਾਂਦੀ ਹੈ। ਇਸੇ ਤਰ੍ਹਾਂ ਜਿਵੇਂ-ਜਿਵੇਂ ਸਾਕ ਦੂਰ ਦੇ ਹੁੰਦੇ ਜਾਂਦੇ ਹਨ, ਉਨ੍ਹਾਂ ਵਿਚਕਾਰ ਸਾਂਝ ਕਮਜ਼ੋਰ ਪੈਂਦੀ ਜਾਂਦੀ ਹੈ ਮਿਸਾਲ ਵਜੋਂ ਸ਼ਰੀਕੇ ਦੀ ਸੂਰਤ ਵਿਚ ਭਰਾਵਾਂ ਵਿਚਕਾਰ, ਅੱਡ ਹੋ ਜਾਣ ਦੇ ਬਾਵਜੂਦ, ਵਧੇਰੇ ਨੇੜਤਾ ਹੋਵੇਗੀ ਜੋ ਕਿ ਭਰਾਵਾਂ ਦੀ ਔਲਾਦ ਵਿਚਕਾਰ ਮੁਕਾਬਲਤਨ ਘੱਟ ਹੋਵੇਗੀ। ਇਸੇ ਤਰ੍ਹਾਂ ਭੈਣਾਂ ਵਿਚਕਾਰ ਵੱਖਰੇ ਵੱਖਰੇ ਵਸੇਬੇ ਹੋਣ ਕਰਕੇ ਭਰਾਵਾਂ ਵਰਗੀ ਸੰਘਣੀ ਸਾਂਝ ਨਹੀਂ ਹੋਵੇਗੀ। ਸਕੀਰੀ ਵਿਚ ਪਤਨੀ, ਭੈਣ ਭਰਾ, ਭੂਆ ਜਾਂ ਚਾਚੇ ਦੀਆਂ ਸਕੀਰੀਆਂ ਨਾਲ ਕ੍ਰਮਵਾਰ ਸੰਘਣਾਪਣ ਘਟਦਾ ਚਲਿਆ ਜਾਂਦਾ ਹੈ ਅਤੇ ਸਿੱਧੀਆਂ ਸਕੀਰੀਆਂ ਦੇ ਸਕੀਰੀਦਾਰਾਂ ਨਾਲ ਤਾਂ ਦੂਰੀ ਹੋਰ ਵੀ ਵਧ ਜਾਂਦੀ ਹੈ।

## ਸਾਰਾਂਸ਼

ਪਰਿਵਾਰ ਸਮਾਜਿਕ ਰਿਸ਼ਤਿਆਂ ਦਾ ਇੱਕ ਜਾਲ ਹੈ ਜਿਸਦਾ ਹਿੱਸਾ ਲਗਭਗ ਸਾਰੇ ਸਭਿਆਚਾਰਾਂ ਦੇ ਲੋਕ ਹਨ। ਇਹ ਆਰੰਭ ਤੋਂ ਹੀ ਸਮਾਜ ਦਾ ਮਹੱਤਵਪੂਰਨ ਅੰਗ ਰਿਹਾ ਹੈ। ਲਹੂ ਦੇ ਰਿਸ਼ਤੇ ਜੀਵਨ ਨਾਲ ਨਹੁੰ ਮਾਸ ਵਾਲਾ ਸੰਬੰਧ ਰੱਖਦੇ ਹਨ। ਇਸ ਤੋਂ ਬਿਨ੍ਹਾਂ ਮਨੁੱਖ ਆਪ ਵੀ ਦੂਜੇ ਅਲਹੂ ਰਿਸ਼ਤਿਆਂ ਦੀ ਸਿਰਜਨਾ ਕਰਦਾ ਹੈ। ਉਪਰੋਕਤ ਰਿਸ਼ਤਿਆਂ ਦੀ ਰੂਪ ਬਣਤਰ ਦੇ ਹਿਸਾਬ ਨਾਲ ਪੰਜਾਬੀਆਂ ਦੇ

ਅੰਗ ਸਾਕ ਜਨਮ ਤੇ ਮਨ ਸਦਕਾ ਹੋਂਦ ਵਿਚ ਆਉਂਦੇ ਹਨ। ਰਿਸ਼ਤਾ-ਨਾਤਾ ਪ੍ਰਣਾਲੀ ਦਾ ਮਹੱਤਵਪੂਰਨ ਪਹਿਲੂ ਇਹ ਹੈ ਕਿ ਇਹਨਾਂ ਵਿਚ ਹਰ ਸਕੇ ਸੰਬੰਧੀ ਦਾ ਨਵੇਕਲਾ ਦਰਜਾ ਪਿਆਰ ਸਤਿਕਾਰ ਵੱਖ-ਵੱਖ ਰਿਸ਼ਤੇ ਲਈ ਨਿਸ਼ਚਿਤ ਬੋਧਿਕ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ। ਵੱਖ-ਵੱਖ ਰਿਸ਼ਤੇ ਜੀਵਨ ਦੇ ਵੱਖ-ਵੱਖ ਪੱਖਾਂ ਦੀ ਪੂਰਤੀ ਕਰਦੇ ਹਨ। ਹਰ ਰਿਸ਼ਤੇ ਦਾ ਮਾਨਸਿਕ, ਆਰਥਿਕ, ਲਿੰਗਾਤਮਕ ਸਮਾਜਿਕ ਜਾਂ ਧਾਰਮਿਕ ਮਹੱਤਵ ਹੁੰਦਾ ਹੈ। ਮਾਂ ਪਿਉ, ਚਾਚਾ-ਚਾਚੀ, ਤਾਇਆ-ਤਾਈ, ਮਾਮਾ-ਮਾਮੀ, ਮਾਸੜ-ਮਾਸੀ, ਫੁੱਫੜ-ਭੂਆ ਆਦਿ ਵੱਡੇ ਥੰਮੇ ਦੇ ਰਿਸ਼ਤੇ ਹਨ। ਵਿਅਕਤੀ ਸਦਾਚਾਰਕ ਤੌਰ ਤੇ ਇਹਨਾਂ ਦਾ ਸਤਿਕਾਰ ਕਰਦਾ ਹੈ। ਮਾਂ ਪਿਉ ਦੀ ਅਣਹੋਂਦ ਸਮੇਂ ਇਸ ਪੱਧਰ ਦਾ ਰਿਸ਼ਤਾ ਹੀ ਘਾਟਾ ਪੂਰਾ ਕਰਦਾ ਹੈ। ਬਜੁਰਗ ਪੀੜ੍ਹੀ ਵਿਚ ਨਾਨਾ-ਨਾਨੀ, ਦਾਦਾ-ਦਾਦੀ, ਨਸੀਹਤਾ ਤੇ ਵਰਤ ਵਿਹਾਰ ਵਿਚ ਅਗਵਾਈ ਕਰਦੇ ਹਨ। ਇਹਨਾਂ ਰਿਸ਼ਤਿਆਂ `ਚੋਂ ਕੁਝ ਇਕ ਅਜਿਹੇ ਰਿਸ਼ਤੇ ਹਨ ਜਿਨ੍ਹਾਂ ਦੀ ਆਪਣੀ ਵਖਰੀ ਮਹਾਨਤਾ ਹੈ। ਇਸ ਤਰ੍ਹਾਂ ਦੇ ਰਿਸ਼ਤਿਆਂ ਵਿਚ ਭੈਣ-ਭਰਾ, ਦੇਵਰ-ਭਰਜਾਈ, ਜੀਜਾ-ਸਾਲੀ ਆਦਿ ਸ਼ਾਮਿਲ ਹਨ। ਭੈਣ ਭਰਾ ਦਾ ਰਿਸ਼ਤਾ ਸਮਾਜਿਕ ਤੇ ਮਾਨਸਿਕ ਪੱਖ ਤੋਂ ਮੁੱਖ ਰਿਸ਼ਤਾ ਹੈ। ਇਸ ਰਿਸ਼ਤੇ ਦੀ ਨਿਵੇਕਲੀ ਮਹਾਨਤਾ ਹੈ। ਭਰਾ ਭੈਣ ਦੇ ਬੱਚਿਆਂ ਦਾ ਮਾਮਾ ਬਣਦਾ ਹੈ। ਮਾਮਾ ਇਕ ਤਰ੍ਹਾਂ ਦੀ ਮਰਦ ਮਾਤਾ ਹੁੰਦਾ ਹੈ। ਭੈਣ ਭਰਾ ਦੇ ਬੱਚਿਆਂ ਦੀ ਭੂਆ ਬਣਦੀ ਹੈ ਜੋ ਇਕ ਤਰ੍ਹਾਂ ਇਸਤਰੀ ਪਿਤਾ ਹੋਣ ਦੀ ਰੁਤਬਾ ਰੱਖਦੀ ਹੈ।

## ਕੇਂਦਰੀ ਸ਼ਬਦ

- **ਪਰਿਵਾਰ** ਇੱਕ ਅਜਿਹਾ ਸਮੂਹ ਹੈ ਜੋ ਲਿੰਗਕ ਸਬੰਧਾਂ ਉੱਤੇ ਅਧਾਰਿਤ ਹੈ ਅਤੇ ਇੰਨਾਂ ਛੋਟਾ ਤੇ ਸਥਾਈ ਹੈ ਕਿ ਇਸ ਵਿੱਚ ਬੱਚਿਆ ਦੀ ਉਤਪਤੀ ਤੇ ਉਨ੍ਹਾਂ ਦਾ ਪਾਲਣ-ਪੋਸ਼ਣ ਹੋ ਸਕਦਾ ਹੈ
- **ਸੰਯੁਕਤ** ਪਰਿਵਾਰ ਦੋ ਜਾਂ ਦੋ ਤੋਂ ਵੱਧ ਮੂਲ ਪਰਿਵਾਰ ਹੁੰਦੇ ਹਨ। ਸੰਯੁਕਤ ਪਰਿਵਾਰ ਵਿੱਚ ਬੱਚੇ ਦੇ ਮਾਂ-ਪਿਉ, ਉਸਦੇ ਵਿਆਹੇ, ਅਣਵਿਆਹੇ ਭੈਣ-ਭਰਾ, ਚਾਚੇ ਦੇ ਤਾਏਅਤੇ ਉਨ੍ਹਾਂ ਦੇ ਵਿਆਹੇ ਅਣਵਿਆਹੇ ਬੱਚੇ ਅਤੇ ਦਾਦਾ-ਦਾਦੀ ਇੱਕੋ ਛੱਤ ਥੱਲੇ ਰਹਿੰਦੇ ਹਨ।
- **ਸਕੀਰੀ ਅਤੇ ਸ਼ਰੀਕਾ** ਪੰਜਾਬ ਦੇ ਰਿਸ਼ਤਾ-ਨਾਤਾ ਪ੍ਰਬੰਧ ਦੇ ਦੋ ਵੱਡੇ ਪਾਸਾਰ ਹਨ। ਸਕੀਰੀ ਵਿਆਹ ਪ੍ਰਬੰਧ ਰਾਹੀਂ ਹੋਂਦ ਵਿਚ ਆਉਂਦੀ ਹੈ ਅਤੇ ਸਰੀਕਾ ਇਕੋ ਖ਼ਾਨਦਾਨ ਵਿਚ ਭਰਾਵਾਂ ਦੀ ਵੰਡ ਕਾਰਨ ਹੋਂਦ ਗ੍ਰਹਿਣ ਕਰਦਾ ਹੈ।
- **ਰਿਸ਼ਤਾ-ਨਾਤਾ** ਇਕ ਤਕਨੀਕੀ ਸ਼ਬਦ ਹੈ ਜਿਹੜਾ ਕਿ ਪਤੀ ਪਤਨੀ, ਮਾਪੇ ਬੱਚੇ ਜਾ ਬੱਚਿਆਂ ਵਿਚਕਾਰ ਸੰਬੰਧਾਂ ਵਿਚੋਂ ਉਤਪੰਨ ਹੋਏ ਸਮਾਜਿਕ ਰਿਸ਼ਤਿਆਂ ਨੂੰ ਵਿਸ਼ੇਸ਼ ਨਾਮ ਪ੍ਰਦਾਨ ਕਰਦਾ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਸਮਾਜ ਦੀ ਮੂਲ ਇਕਾਈ ਕੀ ਹੈ?**

ੳ) ਵਿਅਕਤੀ

ਅ) ਪਰਿਵਾਰ

ੲ) ਪਿੰਡ

ਸ) ਸਮਾਜ

**ਪ੍ਰਸ਼ਨ 2. ਮੂਲ ਪਰਿਵਾਰ ਵਿੱਚ ਕਿੰਨੀ ਕਿਸਮ ਦੇ ਰਿਸ਼ਤੇ ਮਿਲਦੇ ਹਨ?**

ੳ) ਅੱਠ ਕਿਸਮ ਦੇ

ਅ) ਪੰਜ ਕਿਸਮ ਦੇ

ੲ) ਚਾਰ ਕਿਸਮ ਦੇ

ਸ) ਕੋਈ ਗਿਣਤੀ ਨਹੀਂ

**ਪ੍ਰਸ਼ਨ 3. ਬਹੁ-ਪਤਨੀ ਜਾਂ ਬਹੁ-ਪਤੀ ਪਰਿਵਾਰ ਕਿਸ ਸ਼੍ਰੈਣੀ ਵਿਚ ਆਉਂਦਾ ਹੈ?**

ੳ) ਇਕਹਿਰਾ ਪਰਿਵਾਰ

ਅ) ਸੰਯੁਕਤ ਪਰਿਵਾਰ

ੲ) ਪੁਰਾਤਨ ਪਰਿਵਾਰ

ਸ) ਵਿਅਕਤੀਗਤ ਪਰਿਵਾਰ

**ਪ੍ਰਸ਼ਨ 4. ਪੁਰਾਤਨ ਪੰਜਾਬੀ ਪਰਿਵਾਰ ਦੀ ਵਿਸ਼ੇਸ਼ਤਾ ਹੈ:**

ੳ) ਇਕਹਿਰਾ ਪਰਿਵਾਰ

ਅ) ਸੰਯੁਕਤ ਪਰਿਵਾਰ

ੲ) ਔਰਤ ਪ੍ਰਧਾਨ ਪਰਿਵਾਰ

ਸ) ਇਕਹਿਰਾ ਅਤੇ ਸੰਯੁਕਤ ਪਰਿਵਾਰ

**ਪ੍ਰਸ਼ਨ 5 ਪੰਜਾਬੀ ਪਰਿਵਾਰ ਵਿਚ ਵਾਰਿਸ ਨਿਸ਼ਚਿਤ ਕਰਨ ਦਾ ਪਰੰਪਰਾਗਤ ਅਧਾਰ ਕੀ ਹੈ?**

ੳ) ਸਕਾ ਤੇ ਜੇਠਾ ਪੁੱਤਰ ਦਾ ਅਧਾਰ

ਅ) ਘਰ ਦੇ ਪੁੱਤਰ ਦਾ ਅਧਾਰ

ੲ) ਖ਼ੂਨ ਦੇ ਸੰਬਧ ਦਾ ਅਧਾਰ

ਸ) ਲਿੰਗਕ ਅਧਾਰ

**ਪ੍ਰਸ਼ਨ 6. ਪੰਜਾਬੀ ਰਿਸ਼ਤਾ-ਪ੍ਰਣਾਲੀ ਦੇ ਮੂਲ ਅਧਾਰ ਕਿਹੜੇ ਹਨ?**

ੳ) ਦਾਦਕੇ-ਕੁੜਮ

ਅ) ਦਾਦਾ-ਪਿਤਾ

ੲ) ਪਿਉ-ਪੁੱਤਰ

ਸ) ਦਾਦਕੇ-ਨਾਨਕੇ

**ਪ੍ਰਸ਼ਨ 7. ਸਾਕਦਾਰੀ ਸੰਬੰਧਾਂ ਦਾ ਮੁੱਖ ਅਧਾਰ ਹਨ:**

ੳ) ਜਿਣਸੀ ਸੰਬੰਧ

ਅ) ਜਾਤੀਗਤ ਸੰਬੰਧ

ੲ) ਕੁੜਮਾਚਾਰੀ ਸੰਬੰਧ

ਸ) ਖ਼ੂਨ ਦੇ ਸੰਬੰਧ

**ਪ੍ਰਸ਼ਨ 8 ਖ਼ੂਨ ਦੁਆਰਾ ਸਿਰਜਤ ਰਿਸ਼ਤਿਆਂ ਦਾ ਕਿਹੜਾ ਜੁੱਟ ਸਹੀ ਹੈ?**

ੳ) ਨੂੰਹ-ਸੱਸ

ਅ) ਪਤੀ-ਪਤਨੀ

ੲ) ਭੈਣ-ਭਾਈ

ਸ )ਜੇਠ-ਭਰਜਾਈ

**ਪ੍ਰਸ਼ਨ 9. ਪੰਜਾਬੀ ਸਮਾਜ ਦੀ ਰਿਸ਼ਤਾ-ਪ੍ਰਣਾਲੀ ਸੰਬਧੀ ਕੀ ਸਹੀ ਹੈ?**

ੳ) ਦਾਦਕੇ ਧਿਰ ਦੇ ਹੱਕ ਵਧੇਰੇ ਫਰਜ਼ ਥੋੜ੍ਹੇ ਹਨ।

ਅ) ਨਾਨਕੇ ਧਿਰ ਦੇ ਹੱਕ ਵਧੇਰੇ ਫਰਜ਼ ਥੋੜ੍ਹੇ ਹਨ।

ੲ) ਨਾਨਕੇ ਧਿਰ ਦੇ ਫਰਜ਼ ਅਤੇ ਹੱਕ ਥੋੜ੍ਹੇ ਹਨ।

ਸ) ਨਾਨਕੇ ਤੇ ਦਾਦਕੇ ਧਿਰਾਂ ਵਿਚ ਹੱਕ ਅਤੇ ਫਰਜ਼ ਬਰਾਬਰ ਹਨ।

**ਪ੍ਰਸ਼ਨ 10 ਵਿਆਹ ਦੁਆਰਾ ਸਿਰਜਤ ਰਿਸ਼ਤਿਆਂ ਦਾ ਕਿਹੜਾ ਜੁੱਟ ਸਹੀ ਹੈ?**

ੳ) ਨੂੰਹ-ਸੱਸ

ਅ) ਜੇਠ-ਦਰਾਣੀ

ੲ) ਭੈਣ-ਧੀ

ਸ) ਜੇਠ-ਸੱਸ

**ਪ੍ਰਸ਼ਨ 11. ਪਰਿਵਾਰ ਦੇ ਮੈਂਬਰਾਂ ਵਿੱਚ.... ਸਬੰਧਾਂ ਦਾ ਹੋਣਾ ਲਾਜ਼ਮੀ ਹੈ**

ੳ) ਵਿਆਹ ਅਤੇ ਜਿਣਸੀ

ਅ) ਵਿਆਹ ਅਤੇ ਧਾਰਮਿਕ

ੲ) ਖ਼ੂਨ ਅਤੇ ਜਾਤੀਗਤ

ਸ) ਖ਼ੂਨ ਅਤੇ ਨਸਲੀ

**ਪ੍ਰਸ਼ਨ 12 ਕੁੜਮਚਾਰੀ ਸੰਬੰਧਾਂ ਦਾ ਮੁੱਖ ਅਧਾਰ ਹਨ:**

ੳ) ਜਿਣਸੀ ਸੰਬੰਧ

ਅ) ਜਾਤੀਗਤ ਸੰਬੰਧ

ੲ) ਵਿਆਹ ਸੰਬੰਧ

ਸ ) ਖ਼ੂਨ ਦੇ ਸੰਬੰਧ

**ਪ੍ਰਸ਼ਨ 13. ਪੁਰਾਤਨ ਪੰਜਾਬ ਦੇ ਪਿੰਡਾਂ ਦੀ ਵਿਸ਼ੇਸਤਾ ਹੈ:**

ੳ) ਪਿਆਰ ਵਿਆਹ ਦੀ ਪ੍ਰਥਾ

ਅ) ਹੁਨਰ ਅਧਾਰਤ ਕੰਮ-ਧੰਦੇ

ੲ) ਅੰਤਰ-ਜਾਤੀ ਵਿਆਹ

ਸ) ਆਤਮ ਨਿਰਭਰਤਾ

**ਪ੍ਰਸ਼ਨ 14. ਪੁਰਾਤਨ ਸਮੇਂ ਪਿੰਡ ਦਾ ਦਰਵਾਜ਼ਾ ਕਿਸ ਦਿਸ਼ਾ ਵੱਲ ਰੱਖਣ ਦਾ ਰਿਵਾਜ਼ ਪ੍ਰਚਿਲਤ ਸੀ?**

ੳ) ਪੂਰਬ ਦਿਸ਼ਾ

ਅ) ਪੱਛਮ ਦਿਸ਼ਾ

ੲ) ਉੱਤਰ ਦਿਸ਼ਾ

ਸ) ਦੱਖਣ ਦਿਸ਼ਾ

**ਪ੍ਰਸ਼ਨ 15 ਇੱਕੋ ਪਿੰਡ ਦੇ ਅੰਤਰਗਤ ਕਿਸ ਪ੍ਰਕਾਰ ਦੀ ਸਾਂਝ ਦੀ ਮਨਾਹੀ ਹੈ:**

ੳ) ਰੋਟੀ ਦੀ ਸਾਂਝ

ਅ) ਰੀਤੀ ਰਿਵਾਜ਼ ਦੀ ਸਾਂਝ

ੲ) ਵਿਆਹ ਸੰਬੰਧਾਂ ਦੀ ਸਾਂਝ

ਸ) ਵਰਤੋਂ ਵਿਹਾਰ ਦੀ ਸਾਂਝ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ਅ** | **2 ੳ** | **3.ਅ** | **4. ਅ** | **5. ੳ** |
| **6. ਸ** | **7. ੲ** | **8. ੲ** | **9. ੳ** | **10. ੳ** |
| **11. ੳ** | **12. ੲ** | **13. ਸ** | **14. ੳ** | **15. ੲ** |

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਪਰਿਵਾਰ ਦਾ ਸੰਕਲਪ ਨੂੰ ਪਰਿਭਾਸ਼ਤ ਕਰੋ

ਪ੍ਰਸ਼ਨ 2. ਪਰਿਵਾਰ ਦਾ ਵਰਗੀਕਰਣ ਕਰੋ।

ਪ੍ਰਸ਼ਨ 3. ਪੰਜਾਬੀ ਪਰਿਵਾਰ ਦੀ ਬਣਤਰ ਦਾ ਵਿਸਥਾਰ ਵਿਚ ਵਰਣਨ ਕਰੋ।

ਪ੍ਰਸ਼ਨ 3. ਪੰਜਾਬੀ ਰਿਸ਼ਤਾ-ਨਾਤਾ ਪ੍ਰਬੰਧ 'ਤੇ ਨੋਟ ਲਿਖੋ।

ਪ੍ਰਸ਼ਨ 4. ਵਿਆਹ ਦੁਆਰਾ ਸਿਰਜਤ ਰਿਸ਼ਤਿਆਂ ਬਾਰੇ ਨੋਟ ਲਿਖੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%AA%E0%A8%B0%E0%A8%BF%E0%A8%B5%E0%A8%BE%E0%A8%B0
- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%AA%E0%A8%B0%E0%A8%BF%E0%A8%B5%E0%A8%BE%E0%A8%B0_%E0%A8%AA%E0%A9%8D%E0%A8%B0%E0%A8%AC%E0%A9%B0%E0%A8%A7

*Satwant Singh, Lovely Professional University*

# ਅਧਿਆਇ-7 : ਪੰਜਾਬ ਦੇ ਪਿੰਡ; ਪਰੰਪਰਕ ਭੂਗੋਲਿਕ ਬਣਤਰ ਅਤੇ ਮੁੱਖ ਸੰਸਥਾਵਾਂ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੰਜਾਬ ਦੇ ਪਿੰਡ
4. ਪਰੰਪਰਕ ਭੂਗੋਲਿਕ ਬਣਤਰ
5. ਮੁੱਖ ਸੰਸਥਾਵਾਂ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬ ਦੇ ਪਿੰਡ ਦੇ ਭੂਗੋਲਿਕ ਬਣਤਰ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬ ਦੇ ਪਿੰਡਾਂ ਦੇ ਸਭਿਆਚਾਰਕ ਸੰਸਥਾਵਾਂ ਬਾਰੇ ਗਿਆਨ ਹਾਸਿਲ ਕਰਨਗੇ
- ਪਿੰਡਾਂ ਦੇ ਬਦਲਦੇ ਸਰੂਪ ਨੂੰ ਸਮਝਣਗੇ
- ਪਿੰਡ ਦੀਆਂ ਪਰਿਵਾਰ, ਸਾਕਾਦਾਰੀ, ਭਾਈਚਾਰਾ, ਧਾਰਮਿਕ ਤੇ ਪੰਚਾਇਤੀ ਸੰਸਥਾਵਾਂ ਬਾਰੇ ਸਮਝ ਹਾਸਿਲ ਕਰਨਗੇ

## ਭੂਮਿਕਾ:


ਪਿੰਡ ਅਜਿਹੀ ਥਾਂ ਹੁੰਦੀ ਹੈ ਜਿੱਥੇ ਮਨੁੱਖੀ ਅਬਾਦੀ ਜਾਂ ਵਸੋਂ ਵੱਡੇ ਝੁੰਡਾਂ ਵਿੱਚ ਰਹਿੰਦੀ ਹੈ। ਪਿੰਡ ਕਸਬਿਆਂ ਤੋਂ ਛੋਟੇ ਹੁੰਦੇ ਹਨ ਅਤੇ ਇਹਨਾਂ ਦੀ ਅਬਾਦੀ ਸੈਕੜਿਆਂ ਤੋਂ ਲੈ ਕੇ ਕੁਝ ਹਜ਼ਾਰਾਂ ਤੱਕ ਹੁੰਦੀ ਹੈ। ਵਸੋਂ ਦੇ ਰਹਿਣ ਦੀ ਜਗ੍ਹਾ ਮੁੱਖ ਤੌਰ 'ਤੇ ਕੱਚੇ ਜਾਂ ਪੱਕੇ ਘਰ ਹੁੰਦੇ ਹਨ। ਇੱਥੋਂ ਦਾ ਮੁੱਖ ਕਿੱਤਾ ਆਮ ਤੌਰ 'ਤੇ ਖੇਤੀਬਾੜੀ ਹੁੰਦਾ ਹੈ ਅਤੇ ਨਾਲ-ਨਾਲ ਪਸ਼ੂ ਵੀ ਪਾਲ਼ੇ ਜਾਂਦੇ ਹਨ।

ਪਿੰਡ ਦੀ ਬਣਤਰ ਵਿਚ ਭਾਵੇਂ ਭਾਰਤ ਵਰਸ਼ ਵਿਚ ਕਈ ਤਰਾਂ ਦੀਆਂ ਸਮਾਨਤਾਵਾਂ ਪਾਈਆਂ ਜਾਂਦੀਆਂ ਹਨ। ਪਰ ਜਦੋਂ ਸਮਾਜਕ ਅਤੇ ਭੂਗੋਲਿਕ ਅੰਗਾਂ ਨੂੰ ਸਮਾਨ ਰਖਕੇ ਤੁਲਨਾਤਮਕ ਅਧਿਐਨ ਕੀਤਾ ਜਾਂਦਾ ਹੈ ਤਾਂ ਪੰਜਾਬੀ ਪਿੰਡ ਦੀ ਵੱਖਰੀ ਪਹਿਚਾਣ ਬਣਦੀ ਹੈ। ਵੱਡੇ ਪਿੰਡਾਂ ਦੇ ਨਾਮ ਗੁੜ ਅਤੇ ਪੁਰ ਹਨ, ਛੋਟੇ ਪਿੰਡਾਂ ਨੂੰ ਮਾਰੇ ਕਿਹਾ ਜਾਂਦਾ ਹੈ। ਛੋਟੇ ਵੱਡੇ ਪਿੰਡਾਂ ਦੀ ਪਹਿਚਾਣ ਕਰਨ ਲਈ ਕਲਾਂ ਤੇ ਖੁਰਦ ਦੇ ਨਾਂ ਵੀ ਵਰਤ ਲਏ ਜਾਂਦੇ ਹਨ। ਜਦੋਂ ਕੋਈ ਇਕੱਲਾ ਪਿੰਡ ਬਾਹਰੀ ਹੋਰ ਗੋਤ ਦੇ ਪਿੰਡਾਂ ਨਾਲ ਘਿਰਿਆ ਹੁੰਦਾ ਹੈ ਤਾਂ ਉਸਦਾ ਨਾਂ ਗੋਤ ਤੇ ਹੀ ਰੱਖ ਲਿਆ ਜਾਂਦਾ ਹੈ। ਕਈ ਪਿੰਡਾਂ ਦੇ ਨਾਮ ਜਾਤਾਂ ਤੇ ਹਨ। ਕਈ ਪਿੰਡਾਂ ਦੇ ਨਾਮ ਸਿਰਫ ਅੱਲਾਂ ਤੇ ਪਏ ਹਨ। ਕਈ ਪਿੰਡਾਂ ਦੇ ਨਾਮ ਭੂਗੋਲਿਕ ਸਥਿਤੀਆਂ ਅਨੁਸਾਰ ਹਨ। ਇਹ ਸਾਰੇ ਨਾਮ ਪੰਜਾਬੀ ਪਿੰਡਾਂ ਨੂੰ ਸਥਾਨਕ ਰੰਗ ਪ੍ਰਦਾਨ ਕਰਦੇ ਹਨ ਜਿਸ ਕਰਕੇ ਇਹਨਾਂ ਦੀ ਸਥਾਨਕ ਬਣਤਰ ਉਭਰਦੀ ਹੈ ਅਤੇ ਇਹ ਵਿਲੱਖਣ ਅੰਗ ਵਜੋਂ ਸਥਾਪਤ ਕੀਤੇ ਜਾ ਸਕਦੇ ਹਨ। ਇਸੇ ਤਰਾਂ ਪਿੰਡਾਂ ਦੀ

ਅੰਦਰੂਨੀ ਬਣਤਰ ਵੀ ਵੱਖ ਹੈ। ਵੱਡੇ ਪਿੰਡ ਪੱਤੀਆਂ ਵਿਚ ਵੰਡੇ ਗਏ ਹਨ। ਛੋਟੇ ਪਿੰਡਾਂ ਵਿਚ ਜਾਤਾਂ ਦੀ ਵਸੋਂ ਇਕ ਖਾਸ ਵਿਧੀ ਵਿਧਾਨ ਵਿਚ ਕੀਤੀ ਗਈ ਹੁੰਦੀ ਹੈ। ਪਿੰਡ ਦੀ ਬਣਤਰ ਦਾ ਦੀਰਘ ਅਧਿਐਨ ਇਸਨੂੰ ਇਕ ਨਿਖੜਵੇਂ ਲੱਛਣ ਵਜੋਂ ਸਥਾਪਤ ਕਰਦਾ ਹੈ।

## ਪੰਜਾਬ ਦੇ ਪਿੰਡ: ਭੂਗੋਲਿਕ ਬਣਤਰ

ਖੇਤੀ ਨਾਲ ਸੰਬੰਧਿਤ ਸਮਾਜਾਂ ਦੀ ਸਭ ਤੋਂ ਮਹੱਤਵਪੂਰਨ ਇਕਾਈ ਪਿੰਡ ਹਨ। ਪਿੰਡ ਆਪਣੇ-ਆਪ ਵਿੱਚ ਇੱਕ ਸੰਪੂਰਨ ਸੰਸਥਾ ਹੁੰਦੀ ਹੈ। ਸੰਪੂਰਨ ਤੋਂ ਭਾਵ, ਪਿੰਡ ਮਨੁੱਖ ਦੇ ਜੀਵਨ ਨਾਲ ਸੰਬੰਧਿਤ ਸਾਰੀਆਂ ਲੋੜਾਂ, ਸਮੱਸਿਆਵਾਂ, ਰਹੁ-ਰੀਤਾਂ ਅਤੇ ਕਾਰਜ-ਵਿਹਾਰ ਪੂਰੇ ਕਰਨ ਲਈ ਆਪਣੇ-ਆਪ ਵਿੱਚ ਸਮਰੱਥ ਹੁੰਦਾ ਹੈ। ਕੋਈ ਵੀ ਪਿੰਡ ਸਹਿਜ-ਸੁਭਾਅ ਜਾਂ ਅਚੇਤਨ ਨਹੀਂ ਵੱਸਦਾ ਸਗੋਂ ਇਸ ਦੇ ਨਾਮਕਰਨ ਤੋਂ ਲੈ ਕੇ, ਪਿੰਡ ਵਸਾਉਣ ਲਈ ਕੀਤੀ ਗਈ ਭੋਂ ਦੀ ਚੋਣ, ਆਪਣੇ-ਆਪ ਵਿੱਚ ਵਿਸ਼ੇਸ਼ ਮਹੱਤਵ ਰੱਖਦੀ ਹੈ। ਵਿਅਕਤੀ ਦੀ ਪਿੰਡ ਵਿੱਚ, ਉਸ ਦੇ ਕਿੱਤੇ, ਗਿਆਨ ਜਾਂ ਮਲਕੀਅਤ ਕਾਰਨ ਕੀ ਹੈਸੀਅਤ ਹੈ ? ਇਹ ਵੀ ਨਿਰਧਾਰਿਤ ਹੁੰਦਾ ਹੈ। ਭਾਵੇਂ ਪਿੰਡ ਦਾ ਕੋਈ ਵਿਸ਼ੇਸ਼ ਸੰਵਿਧਾਨ ਨਹੀਂ ਹੁੰਦਾ ਪਰੰਤੂ ਉੱਥੇ ਵਾਪਰਨ ਵਾਲਾ ਹਰ ਕਾਰਜ ਕਿਸੇ ਨਾ ਕਿਸੇ ਵਿਧਾਨ ਅਨੁਸਾਰ ਹੀ ਚੱਲਦਾ ਹੈ।




**ਡਾ. ਕਿਰਪਾਲ ਕਜ਼ਾਕ ਅਨੁਸਾਰ,** ਪਿੰਡ ਕਿਸੇ ਵਡਿੱਕੇ ਵੱਲੋਂ ਖੇਤੀ ਆਦਿ ਨਾਲ ਸੰਬੰਧਿਤ ਵਿਭਿੰਨ ਕਿੱਤੇ ਕਰਨ ਵਾਲੇ ਟੱਬਰਾਂ ਦੇ ਇੱਕ ਥਾਂ ਸਥਿਤ ਵੱਸੋਂ ਵਾਲੇ ਘਰਾਂ ਦਾ ਵਸਾਇਆ ਗਰਾਂ। ਪਿੱਤਰਾਂ ਨਿਮਿੱਤ ਅਰਪਣ ਕੀਤਾ ਜਾਣ ਵਾਲਾ ਜੌਂ, ਚੌਲ, ਆਦਿ ਦਾ ਪਿੰਨਾ। ਦੇਹ; ਸਰੀਰ।

**ਡਾ. ਜੋਗਾ ਸਿੰਘ ਅਨੁਸਾਰ,** ਪਿੰਡ ਕਸਬੇ ਤੋਂ ਛੋਟਾ ਅਤੇ ਡੇਰੇ ਤੋਂ ਵੱਡਾ ਘਰਾਂ ਦਾ ਸਮੂਹ , ਗਿਰਾਂ, ਪੁਰ।

ਪਿੰਡ ਬੰਨ੍ਹਣ ਵੇਲੇ ਬਹੁਤ ਸਾਰੇ ਪ੍ਰਕਿਰਤਿਕ, ਸਮਾਜਿਕ ਅਤੇ ਆਰਥਿਕ ਵਰਤਾਰਿਆਂ ਦਾ ਵਿਸ਼ੇਸ਼ ਰੂਪ ਵਿੱਚ ਧਿਆਨ ਰੱਖਿਆ ਜਾਂਦਾ ਹੈ। ਜਿਵੇਂ ਪਾਣੀ, ਉਪਜਾਊ, ਭੋਂ, ਜੋ ਸਧਾਰਨ ਭੂਮੀ ਤੋਂ ਉੱਚੇ ਸਥਾਨ ਤੇ ਹੋਵੇ ਅਤੇ ਪਿੰਡ ਦੇ ਰਸਤੇ ਹੋਰ ਪਿੰਡਾਂ ਨਾਲ ਜੁੜਦੇ ਹੋਣ। ਪਿੰਡ, ਸ਼ਹਿਰਾਂ ਵਾਂਗ ਗਲੀਆਂ ਅਤੇ ਚਕੋਰ ਪਲਾਟ ਵਿਉਂਤ ਕੇ ਨਹੀਂ ਵਸਾਇਆ ਜਾਂਦਾ ਸਗੋਂ ਇੱਕ ਵਿਅਕਤੀ ਜਾਂ ਕੁਝ ਵਿਅਕਤੀਆਂ ਦਾ ਸਮੂਹ ਇਸ ਦਾ ਮੁੱਢ ਬੰਨ੍ਹਦਾ ਹੈ, ਜੋ ਹੌਲੀ-ਹੌਲੀ ਵਿਕਾਸ ਕਰਦਾ ਹੋਇਆ ਆਪਣਾ ਪੂਰਨ ਸੰਸਾਰ ਸਿਰਜ ਲੈਂਦਾ ਹੈ। ਨਵੇਂ ਪਿੰਡ ਨੂੰ ਵਸਾਉਣ ਦੀ ਰਸਮ ਨੂੰ ਮੋਹੜੀ ਗੱਡਣਾ ਕਿਹਾ ਜਾਂਦਾ ਹੈ। ਹਰ ਪਿੰਡ ਦੀ ਭੋਂ ਦੀ ਮਲਕੀਅਤ ਅਨੁਸਾਰ ਉਸ ਪਿੰਡ ਦੀ ਸੀਮਾ ਰੇਖਾ ਜਾਂ ਹੱਦ ਹੁੰਦੀ ਹੈ। ਪਿੰਡ ਦਾ ਆਕਾਰ, ਪ੍ਰਾਪਤ ਭੋਂ ਅਤੇ ਪ੍ਰਕਿਰਤਿਕ ਸਾਧਨਾਂ ਉਪਰ ਨਿਰਭਰ ਕਰਦਾ ਹੈ। ਇਸ ਦੀ ਕੋਈ ਨਿਸ਼ਚਿਤ ਸੀਮਾ ਨਹੀਂ ਹੁੰਦੀ।




ਮੁੱਢ ਵਿੱਚ ਹੀ ਪਿੰਡ ਦਾ ਨਾਮਕਰਨ ਕੀਤਾ ਜਾਂਦਾ ਹੈ। ਇਹ ਕਿਸੇ ਵਿਸ਼ੇਸ਼ ਵਿਅਕਤੀ, ਗੁਣ, ਜਾਤ ਜਾਂ ਸਥਾਨ 'ਤੇ ਆਧਾਰਿਤ ਹੁੰਦਾ ਹੈ। ਜਿਵੇਂ ਕਿਸ਼ਨ ਸਿੰਘ ਦੇ ਨਾਂ ਤੇ 'ਕਿਸ਼ਨਗੜ੍ਹ', ਅਤਰ ਸਿੰਘ ਦੇ ਨਾਂ 'ਤੇ 'ਚੱਕ ਅਤਰ ਸਿੰਘ ਵਾਲਾ' ਅਤੇ ਸੁਰ ਸਿੰਘ ਦੇ ਨਾਂ ਉਪਰ 'ਸੁਰ ਸਿੰਘ ਵਾਲਾ' ਨਾਂ ਰੱਖ ਦਿੱਤਾ ਜਾਂਦਾ ਹੈ। ਵਿਸ਼ੇਸ਼ ਗੁਣ ਦੇ ਆਧਾਰ 'ਤੇ ਵੀ ਪਿੰਡ ਦਾ ਨਾਮਕਰਨ ਕੀਤਾ ਜਾਂਦਾ ਹੈ ਜਿਵੇਂ ਦਾਨ ਕਰਨ ਵਾਲੇ ਵਿਅਕਤੀਆਂ ਦੇ ਪਿੰਡ ਨੂੰ 'ਦਾਨਿਆਂਵਾਲੀ', ਭੁੱਖ ਦਿਖਾਉਣ ਵਾਲੇ ਪਿੰਡ ਨੂੰ 'ਭੁੱਖਿਆਂਵਾਲੀ', ਜਿਸ ਪਿੰਡ ਵਿੱਚ ਪਹਿਲਵਾਨ (ਮੱਲ) ਜ਼ਿਆਦਾ ਹੋਣ ਉਸ ਦਾ ਨਾਂ 'ਮੱਲਵਾਲਾ' ਰੱਖ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਇਲਾਕੇ ਦੇ ਪਸ਼ੂਆਂ ਦੀ ਗਿਣਤੀ ਦੇ ਆਧਾਰ ਉਪਰ ਵੀ ਪਿੰਡਾਂ ਦੇ ਨਾਂ ਮਿਲਦੇ ਹਨ, ਜਿਵੇਂ 'ਕੱਟਿਆਂਵਾਲੀ' ਜਾਂ 'ਕੁੱਤਿਆਂਵਾਲੀ' ਆਦਿ। ਕੁਝ ਪਿੰਡਾਂ ਦੇ ਜਾਤੀ ਦੇ ਆਧਾਰ ਉਪਰ ਵੀ ਨਾਮਕਰਨ ਕੀਤੇ ਹੋਏ ਮਿਲਦੇ ਹਨ ਜਿਵੇਂ 'ਤਰਖਾਣ ਵਾਲਾ', ਲੋਹਾਰਾਂ ਅਤੇ ਨਾਈਆਂ ਦੀ ਵੱਧ ਗਿਣਤੀ ਵਾਲੇ ਪਿੰਡ ਨੂੰ 'ਨਾਈਵਾਲੇ' ਦੀ ਸੰਗਿਆ ਦਿੱਤੀ ਗਈ ਮਿਲਦੀ ਹੈ। ਕੁਝ ਪਿੰਡਾਂ ਦੇ ਨਾਂ ਖੇਤੀਕਾਰਾਂ ਦੇ ਗੋਤਾਂ ਦੇ ਨਾਂ ਉਪਰ ਵੀ ਰੱਖੇ ਜਾਂਦੇ ਹਨ। ਜਿਵੇਂ, ਜਿੱਥੇ ਮਾਨ ਗੋਤ ਦੇ ਵਸਨੀਕ ਜ਼ਿਆਦਾ ਹੋਣ ਤਾਂ ਪਿੰਡ ਦਾ ਨਾਂ 'ਮਾਨਾਵਾਲਾ' ਰੱਖ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਕਈ ਪਿੰਡਾਂ ਦੇ ਨਾਂ ਢਿਲਵਾਂ, ਮੌੜ ਜਾਂ ਗਿੱਲਪੱਤੀ ਬਣੇ ਹੋਏ ਹਨ। ਇਸ ਪ੍ਰਕਾਰ ਪਿੰਡ ਦਾ ਨਾਮਕਰਨ ਉਸ ਪਿੰਡ ਦੀ ਖ਼ਾਸ ਵਿਸ਼ੇਸ਼ਤਾ ਵੱਲ ਅਚੇਤ ਜਾਂ ਸੁਚੇਤ ਰੂਪ ਵਿੱਚ ਇਸ਼ਾਰਾ ਕਰਦਾ ਹੈ।

ਹਰ ਪਿੰਡ ਦੀ ਵਰਗ ਵੰਡ ਕੀਤੀ ਮਿਲਦੀ ਹੈ। ਪਿੰਡ ਦੇ ਵੱਖ-ਵੱਖ ਖੰਡ ਨਿਸ਼ਚਿਤ ਰੂਪ ਵਿੱਚ ਇੱਕ ਇਕਾਈ ਬਣਾਉਂਦੇ ਹਨ। ਪਿੰਡ ਨੂੰ ਸਭ ਤੋਂ ਪਹਿਲਾਂ ਪੱਤੀਆਂ ਵਿੱਚ ਵੰਡਿਆ ਜਾਂਦਾ ਹੈ ਜਿੱਥੇ ਵਿਸ਼ੇਸ਼ ਬਜ਼ੁਰਗ ਦੀ ਔਲਾਦ ਜਾਂ ਇੱਕੋ ਪਰਿਵਾਰ ਦਾ ਫੈਲਾਅ ਹੁੰਦਾ ਹੈ। ਜਿਵੇਂ ਕਾਲੂ ਕੀ ਪੱਤੀ, ਸੰਧੂ ਪੱਤੀ, ਮਾਨ ਪੱਤੀ ਆਦਿ। ਪੱਤੀਆਂ ਤੋਂ ਬਾਅਦ ਅਗਵਾੜ ਆਉਂਦੇ ਹਨ ਇੱਕ ਵੱਡੀ ਪੱਤੀ ਵਿੱਚ ਇੱਕ ਤੋਂ ਜ਼ਿਆਦਾ ਅਗਵਾੜ ਹੋ ਸਕਦੇ ਹਨ ਜੋ ਗਲੀਆਂ ਰਾਹੀਂ ਇੱਕ ਦੂਜੇ ਨਾਲ ਜੁੜੇ ਹੁੰਦੇ ਹਨ। ਹਰ ਅਗਵਾੜ ਦੀ ਇੱਕ ਸੱਥ ਹੁੰਦੀ ਹੈ ਜੋ ਪਿੰਡ ਦੀ ਵਿਸ਼ੇਸ਼ ਪੱਤੀ ਵਿੱਚ ਸਵੇਰੇ, ਸ਼ਾਮ ਜਾਂ ਕੰਮ ਤੋਂ ਵਿਹਲੇ ਸਮੇਂ ਬੈਠਣ ਦਾ, ਸਾਂਝਾ ਕੇਂਦਰ ਹੁੰਦਾ ਹੈ। ਸੱਥ ਲਈ ਕੋਈ ਵਿਸ਼ੇਸ਼ ਥਾਂ ਨਿਸ਼ਚਿਤ ਨਹੀਂ ਹੁੰਦੀ। ਇਹ ਕਿਸੇ ਟਾਹਲੀ, ਬੋਹੜ, ਤੂਤ ਜਾਂ ਕਿੱਕਰ ਥੱਲੇ ਵੀ ਹੋ ਸਕਦੀ ਹੈ। ਪਿੰਡ ਵਿੱਚ ਸੱਥ ਇੱਕ ਅਜਿਹੀ ਸਾਂਝੀ ਥਾਂ ਹੁੰਦੀ ਹੈ ਜਿੱਥੇ ਪਿੰਡ ਵਿੱਚ ਵਾਪਰਨ ਵਾਲੀ ਹਰ ਚੰਗੀ-ਮੰਦੀ ਗੱਲ ਦੀ ਚਰਚਾ ਹੁੰਦੀ ਰਹਿੰਦੀ ਹੈ ਅਤੇ ਤਾਸ਼ ਆਦਿ ਖੇਡੀ ਜਾਂਦੀ ਹੈ। ਇੱਥੇ ਸਿਆਣਿਆਂ ਵੱਲੋਂ ਦਰਸਾਈ ਸਿਆਣਪ ਦੀ ਇੱਜ਼ਤ ਕੀਤੀ ਜਾਂਦੀ ਹੈ। ਨੈਤਿਕ ਦਬਾਅ ਹੀ ਵਿਅਕਤੀਆਂ ਨੂੰ ਸਜ਼ਾ ਦਿੰਦਾ ਹੈ। ਸਾਰਾ ਪਿੰਡ ਪੱਤੀਆਂ, ਅਗਵਾੜਾਂ, ਸੱਥਾਂ ਅਤੇ ਗਲੀਆਂ ਰਾਹੀਂ ਇੱਕ ਦੂਸਰੇ ਨਾਲ ਜੁੜਿਆ ਹੁੰਦਾ ਹੈ।

ਹਰ ਪਿੰਡ ਦੀ ਬਣਤਰ ਵਿੱਚ ਵੱਖ-ਵੱਖ ਕਿੱਤਿਆਂ ਨਾਲ ਸੰਬੰਧਿਤ ਵਿਅਕਤੀ ਜੋ ਖੇਤੀ ਦੀਆਂ ਜ਼ਰੂਰਤਾਂ ਪੂਰੀਆਂ ਕਰਦੇ ਹਨ, ਜੁੜੇ ਹੁੰਦੇ ਹਨ। ਜਿਵੇਂ ਲੱਕੜੀ ਦੇ ਸੰਦ ਬਣਾਉਣ ਲਈ ਤਰਖਾਣ, ਲੋਹੇ ਦੇ ਸੰਦਾਂ ਲਈ ਲੁਹਾਰ, ਉਸਾਰੀ ਲਈ ਰਾਜ ਮਿਸਤਰੀ, ਸੁਨੇਹੇ ਦੇਣ ਲਈ ਨਾਈ, ਜੁੱਤੀਆਂ ਬਣਾਉਣ ਲਈ ਚਮਿਆਰ, ਧਾਰਮਿਕ ਰਸਮਾਂ ਲਈ ਪੰਡਤ ਅਤੇ ਕੱਪੜਾ ਬੁਣਨ ਲਈ ਜੁਲਾਹੇ ਆਦਿ ਦੀ ਵਿਵਸਥਾ ਹੁੰਦੀ ਹੈ। ਇਹ ਸਾਰੇ ਕਿੱਤਾਕਾਰ ਸੰਪੂਰਨ ਪਿੰਡ ਦੀ ਇਕਾਈ ਦਾ ਮਹੱਤਵਪੂਰਨ ਭਾਗ ਹੁੰਦੇ ਹਨ। ਪਿੰਡ ਵਿੱਚ ਖੇਡਾਂ ਲਈ ਬਾਜੀਗਰ ਅਤੇ ਮਨਪਰਚਾਵੇ ਲਈ ਮਰਾਸੀ ਵੀ ਸੱਭਿਆਚਾਰਿਕ ਖੇਤਰ ਵਿੱਚ ਆਪਣਾ ਹਿੱਸਾ ਪਾਉਂਦੇ ਹਨ। ਅੰਗਰੇਜ਼ੀ ਸੰਦਾਂ ਦੇ ਆਉਣ ਤੋਂ ਪਹਿਲਾਂ ਇਹ

ਸਾਰੇ ਵਿਅਕਤੀ 'ਸੇਪੀ' ਤੇ (ਦਾਣਿਆਂ ਦੇ ਇਵਜ਼ ਵਿੱਚ) ਕੰਮ ਕਰਦੇ ਹਨ। 'ਸੇਪੀ' ਤੋਂ ਭਾਵ ਛੇ ਮਹੀਨਿਆਂ ਪਿੱਛੋਂ ਫ਼ਸਲ ਆਉਣ ਤੇ ਪਿੰਡ ਦਾ ਹਰ ਵਿਅਕਤੀ ਇਹਨਾਂ ਨੂੰ ਆਪਣੇ ਭੋਂ ਦੇ ਹਿਸਾਬ ਨਾਲ ਫ਼ਸਲ ਵਿੱਚੋਂ ਕੁਝ ਹਿੱਸਾ ਦੇ ਦਿੰਦਾ ਸੀ। ਉਸ ਸਮੇਂ ਜ਼ਿਮੀਂਦਾਰਾਂ ਨਾਲ ਹਿੱਸੇ 'ਤੇ ਕੰਮ ਕਰਨ ਵਾਲੇ ਕਾਮਿਆਂ ਨੂੰ 'ਸੀਰੀ' ਕਿਹਾ ਜਾਂਦਾ ਸੀ, ਕਿਉਂਕਿ ਭੋਂ ਵਿੱਚੋਂ ਪੈਦਾ ਹੋਈ ਉਪਜ ਵਿੱਚ ਉਹਨਾਂ ਦਾ ਸੀਰ ਹੁੰਦਾ ਸੀ।

ਸਧਾਰਨ ਰੂਪ ਵਿੱਚ ਪਿੰਡ ਦੇ ਪੂਰਬ ਵਾਲੇ ਪਾਸੇ ਛੋਟੀਆਂ ਜਾਤੀਆਂ ਦੇ ਘਰ ਹੁੰਦੇ ਹਨ। ਉਹਨਾਂ ਦੇ ਨਾਲ ਜ਼ਰੂਰਤ ਅਨੁਸਾਰ ਬਾਕੀ ਜਾਤੀਆਂ ਦੇ ਘਰ ਵੀ ਆ ਜਾਂਦੇ ਹਨ। ਪਿੰਡ ਦੇ ਪੱਛਮ ਵਾਲੇ ਪਾਸੇ ਅਕਸਰ ਪਿੰਡ ਦੇ ਸਮਰੱਥਾ ਵਾਲੇ ਵਿਅਕਤੀਆਂ ਦੇ ਘਰ ਹੁੰਦੇ ਹਨ। ਇਹ ਸਾਰਾ ਪ੍ਰਬੰਧ ਪਿੰਡ ਦੀ ਫਿਰਨੀ (ਚੁਫੇਰੇ ਦੇ ਰਸਤੇ) ਅੰਦਰ ਹੁੰਦਾ ਹੈ, ਜਿਸ ਨੂੰ ਮਾਲ ਮਹਿਕਮੇ ਅਨੁਸਾਰ 'ਲਾਲ ਲਕੀਰ' ਕਿਹਾ ਜਾਂਦਾ ਹੈ। ਲਾਲ ਲਕੀਰ ਦੇ ਅੰਦਰ ਭੋਂ ਦੀ ਮਾਲਕੀ ਵਾਲੇ ਟੱਬਰ ਲਈ ਤਿੰਨ ਵਿਸ਼ੇਸ਼ ਸਥਾਨ ਹੁੰਦੇ ਹਨ। ਖੇਤੀ ਨਾਲ ਸੰਬੰਧਿਤ ਵਿਅਕਤੀ ਦਾ ਘਰ, ਪਸ਼ੂਆਂ ਲਈ ਬਾਹਰਲਾ ਵਾੜਾ ਅਤੇ ਲੱਕੜ ਬਾਲਣ ਜਾਂ ਪਸ਼ੂਆਂ ਦੇ ਗੋਹੇ ਲਈ ਪਿੰਡ ਦੀ ਫਿਰਨੀ ਉਪਰ ਰੂੜ੍ਹੀ ਅਤੇ ਗੋਹਾ ਪੱਥਣ ਲਈ ਥਾਂ ਹੁੰਦਾ ਹੈ। ਪਿੰਡ ਦੇ ਬਾਹਰਵਾਰ ਪਿੜ ਹੁੰਦੇ ਹਨ ਜਿੱਥੇ ਫ਼ਸਲ ਦੇ ਸਮੇਂ ਗਹਾਈ ਕੀਤੀ ਜਾਂਦੀ ਹੈ ਅਤੇ ਜਦੋਂ ਫ਼ਸਲ ਦਾ ਸਮਾਂ ਨਹੀਂ ਹੁੰਦਾ ਤਾਂ ਉਸ ਖ਼ਾਲੀ ਥਾਂ ਨੂੰ ਬਾਜੀ ਪਾਉਣ, ਕੁਸ਼ਤੀ ਕਰਨ, ਕੌਡੀ ਖੇਡਣ, ਗੁੱਲੀ ਡੰਡਾ ਖੇਡਣ, ਪੀਰ ਦਾ ਰੋਟ ਪਕਾਉਣ ਜਾਂ ਪਿੰਡ ਦੀਆਂ ਇਸਤਰੀਆਂ ਦੁਆਰਾ ਤੀਆਂ ਅਤੇ ਪੁਰਸ਼ਾਂ ਵੱਲੋਂ ਅਖਾੜਾ ਲਾਉਣ ਲਈ ਵਰਤ ਲਿਆ ਜਾਂਦਾ ਹੈ।

ਪਿੰਡ ਲਈ ਪਾਣੀ ਦੀਆਂ ਜ਼ਰੂਰਤਾਂ ਦੋ ਤਰ੍ਹਾਂ ਪੂਰੀਆਂ ਕੀਤੀਆਂ ਜਾਂਦੀਆਂ ਹਨ। ਪਿੰਡ ਉੱਚੇ ਸਥਾਨ 'ਤੇ ਹੁੰਦਾ ਹੈ ਅਤੇ ਮੀਂਹ ਦਾ ਪਾਣੀ ਇਕੱਤਰ ਕਰਨ ਲਈ ਛੱਪੜ ਜਾਂ ਢਾਬ ਹੁੰਦੀ ਹੈ। ਜਿਸ ਵਿੱਚ ਤਕਰੀਬਨ ਸਾਰਾ ਸਾਲ ਪਾਣੀ ਜਮ੍ਹਾਂ ਰਹਿੰਦਾ ਹੈ। ਇਹਨਾਂ ਛੱਪੜਾਂ ਦਾ ਆਕਾਰ ਨਿਸ਼ਚਿਤ ਨਹੀਂ ਹੈ। ਪਿੰਡ ਦੇ ਪਸ਼ੂਆਂ ਨੂੰ ਨ੍ਹਾਉਣ, ਕੱਪੜੇ ਧੋਣ, ਪਾਣੀ ਵਿੱਚ ਲੱਕੜ ਸੁਕਾਉਣ ਅਤੇ ਘੱਟ ਪਾਣੀ ਰਹਿ ਜਾਣ ਦੀ ਸੂਰਤ ਵਿੱਚ ਸਣ ਦੱਬਣ ਲਈ ਛੱਪੜ ਜਾਂ ਢਾਬ ਦੀ ਵਰਤੋਂ ਕੀਤੀ ਜਾਂਦੀ ਹੈ। ਜਦੋਂ ਗਰਮੀਆਂ ਵਿੱਚ ਛੱਪੜ ਦਾ ਪਾਣੀ ਸੁੱਕਣ ਲੱਗਦਾ ਹੈ ਤਾਂ ਇਸ ਦੇ ਗਾਰੇ ਵਿੱਚ ਤੂੜੀ ਅਤੇ ਗੂਣਾਂ ਰਲਾ ਕੇ ਪਿੰਡ ਦੇ ਕੱਚੇ ਘਰਾਂ ਦੀਆਂ ਕੰਧਾਂ ਅਤੇ ਛੱਤਾਂ ਲਿੱਪੀਆਂ-ਪੋਚੀਆਂ ਜਾਂਦੀਆਂ ਹਨ। ਜਦੋਂ ਛੱਪੜ ਸੁੱਕ ਜਾਂਦਾ ਹੈ ਤਾਂ ਉਸ ਦੇ ਤਲ ਦੀ ਚੀਕਣੀ ਮਿੱਟੀ ਵਿੱਚ ਤਰੇੜਾਂ ਪੈ ਕੇ ਡਲੇ ਬਣ ਜਾਂਦੇ ਹਨ। ਉਹਨਾਂ ਡਲਿਆਂ ਨੂੰ ਚੁੱਕ ਕੇ ਕੰਧਾਂ ਕੱਢਣ ਲਈ ਵਰਤ ਲਿਆ ਜਾਂਦਾ ਹੈ। ਪਿੰਡ ਦੀਆਂ ਕੰਧਾਂ ਤੋਂ ਮੀਂਹ ਨਾਲ ਖੁਰ ਕੇ ਆਇਆ ਰੇਤਾ-ਮਿੱਟੀ ਛੱਪੜ ਦੇ ਤਲ ਨੂੰ ਭਰ ਦਿੰਦਾ ਹੈ। ਗਾਰਾ ਅਤੇ ਡਲੇ ਕੱਢਣ ਨਾਲ ਉਸ ਦਾ ਤਲ ਫਿਰ ਡੂੰਘਾ ਹੋ ਜਾਂਦਾ ਹੈ। ਇਉਂ ਸਹਿਜ ਰੂਪ ਵਿੱਚ ਭੋਂ ਦੀ ਕਟਾਈ ਅਤੇ ਮੁੜ ਉਸਾਰੀ ਦਾ ਵਿਗਿਆਨਿਕ ਚੱਕਰ ਬਣਿਆ ਰਹਿੰਦਾ ਹੈ। ਅੱਜ-ਕੱਲ੍ਹ ਕੁਝ ਪਿੰਡਾਂ ਵਿੱਚ ਬਰਸਾਤੀ ਪਾਣੀ ਰਾਹੀਂ ਬਣਨ ਵਾਲੀ ਢਾਬ ਜਾਂ ਛੱਪੜ ਦੇ ਨਾਲ ਟੋਭੇ ਵੀ ਬਣਾਏ ਗਏ ਹਨ। ਇਸ ਵਿੱਚ ਨਹਿਰੀ ਪਾਣੀ ਪਾ ਕੇ ਪਸ਼ੂਆਂ ਦੇ ਪੀਣ ਲਈ ਸਾਫ਼-ਸੁਥਰਾ ਪਾਣੀ ਰੱਖਿਆ ਜਾਂਦਾ ਹੈ।

ਹਰ ਪਿੰਡ ਵਿੱਚ ਕੋਈ ਵੈਦ, ਸਾਧ, ਟੁੱਟੀਆਂ ਹੱਡੀਆਂ ਗੰਢਣ ਵਾਲਾ, ਟੂਣੇ ਕਰਨ ਵਾਲਾ, ਖੋਜੀ (ਚੋਰ ਦੀ ਪੈੜ ਲੱਭਣ ਵਾਲਾ), ਵਿਸ਼ੇਸ਼ ਵਿਅਕਤੀ ਹੁੰਦੇ ਹਨ। ਪੰਜਾਬ ਦੇ ਹਰ ਪਿੰਡ ਵਿੱਚ ਕੁਝ ਵਿਸ਼ੇਸ਼ ਘਰਾਂ ਦੀ ਅੱਲ ਪਈ ਹੁੰਦੀ ਹੈ ਜੋ ਉਸ ਪਰਿਵਾਰ ਦੇ ਕੁਝ ਵਿਸ਼ੇਸ਼ ਗੁਣਾਂ-ਔਗੁਣਾਂ ਨੂੰ ਦਰਸਾਉਂਦੀ ਹੈ। ਜਿਵੇਂ ਸੱਪ ਛੱਡਣੇ, ਗੁਆਰਾ ਖਾਣੇ, ਕੀਕਣੇ, ਖੱਬਲਪੱਟ, ਬੁੱਗ ਆਦਿ। ਹਰ ਪਿੰਡ ਵਿੱਚ ਉਸ ਪਿੰਡ ਦੀ ਆਰਥਿਕ ਸਮਰੱਥਾ ਅਨੁਸਾਰ ਪੂਜਾ ਸਥਾਨ, ਡੇਰਾ, ਗੁਰਦੁਆਰਾ ਜਾਂ ਮੰਦਿਰ ਹੁੰਦਾ ਹੈ। ਕਈ ਪਿੰਡਾਂ ਵਿੱਚ ਮੜ੍ਹੀਆਂ-ਮਸਾਣਾਂ ਵੀ ਬਣਾਈਆਂ ਹੁੰਦੀਆਂ ਹਨ ਜਿਨ੍ਹਾਂ ਵਿੱਚੋਂ ਕਿਸੇ ਵਡਾਰੂਆਂ ਦੀ ਸਮਾਧ ਉੱਤੇ ਮੇਲਾ ਵੀ ਲੱਗਦਾ ਹੈ। ਪਿੰਡ ਵਿੱਚ ਆਈ ਬਰਾਤ ਦੇ ਠਹਿਰਨ ਲਈ ਧਰਮਸ਼ਾਲਾ ਹੁੰਦੀ ਹੈ। ਇਸ ਪ੍ਰਕਾਰ ਹਰ ਪਿੰਡ ਦੀ ਆਪਣੇ-ਆਪ ਵਿੱਚ ਇੱਕ ਸੰਪੂਰਨ ਇਕਾਈ ਦੇ ਤੌਰ ਤੇ ਹੋਂਦ ਬਣੀ ਦਿੱਸਦੀ ਹੈ।

### ਪਿੰਡ ਦੀਆਂ ਸਮਾਜਿਕ ਸੰਸਥਾਵਾਂ

ਸਭਿਆਚਾਰ ਕਿਸੇ ਵੀ ਜਾਤੀ/ਵਰਗ ਦਾ ਪ੍ਰਤੀਬਿੰਬ ਹੁੰਦਾ ਹੈ। ਜਿਸ ਵਿੱਚ ਅਸੀਂ ਉਸ ਵਰਗ ਦੀ ਰਹਿਣੀ-ਬਹਿਣੀ, ਖਾਣਾ-ਪੀਣਾ ਤੇ ਰੀਤੀ-ਰਿਵਾਜ਼ਾਂ ਦੇ ਦਰਸ਼ਨ ਕਰਦੇ ਹਾਂ। ਪੰਜਾਬੀ ਸੱਭਿਆਚਾਰ ਦਾ ਸਾਗਰ ਇੰਨਾਂ ਵਿਸ਼ਾਲ ਹੈ ਕਿ ਇਸ ਦਾ ਥਾਹ ਨਹੀਂ ਪਾਇਆ ਜਾ ਸਕਦਾ । ਜਿਸ ਨੇ ਵੀ ਇਸ ਸਾਗਰ ਵਿੱਚ ਜਿੰਨੀ ਡੂੰਘੀ ਛਾਲ ਮਾਰੀ ਹੈ ਉਹ ਉਨੀਆਂ ਹੀ ਨਿਆਮਤਾਂ ਇਸ 'ਚੋਂ ਕੱਢ ਲਿਆਇਆ ਹੈ। ਜਦੋਂ ਅਸੀਂ ਪੰਜਾਬੀ ਸੱਭਿਆਚਾਰ ਦੀ ਗੱਲ ਕਰੀਏ ਤਾਂ ਸਾਡੇ ਜਿਹਨ ਵਿੱਚ ਸਿੱਧੇ ਸਾਦੇ ਨਿਰਮਲ ਅਤੇ ਅਤਿਅੰਤ ਮਿਹਨਤੀ ਪੇਂਡੂ ਜੀਵਨ ਦੀ ਤਸਵੀਰ ਆ ਜਾਂਦੀ ਹੈ। ਤਿੰਨ ਕੁ ਦਹਾਕੇ ਪਹਿਲਾਂ ਤੱਕ ਤਾਂ ਇਹ ਤਸਵੀਰ ਸਾਫ਼ ਸੀ ਪਰ ਉਸ ਤੋਂ ਜਦੋਂ ਵੀ ਸੰਚਾਰ ਮਾਧਿਅਮ ਵਿਚ ਕ੍ਰਾਂਤੀ ਆਈ ਇਸ ਤਸਵੀਰ ਤੇ ਇੰਨਾਂ ਘੱਟਾ ਪਿਆ ਕਿ ਸਾਨੂੰ ਆਪਣੇ ਸੱਭਿਆਚਾਰ ਨੂੰ ਪਛਾਨਣਾ ਔਖਾ ਹੋ ਰਿਹਾ ਹੈ।

ਹਾਂ! ਜੇਕਰ ਅਸੀਂ ਇਕਾਗਰਚਿੱਤ ਹੋ ਕੇ, ਵਿਹਲ ਕੱਢ ਕੇ ਪੰਜਾਬੀ ਸੱਭਿਆਚਾਰ ਬਾਰੇ ਸੋਚੀਏ ਤਾਂ ਸਾਨੂੰ ਸੂਰਜ ਦੀ ਟਿੱਕੀ ਨਿੱਕਲਣ ਤੋਂ ਪਹਿਲਾਂ ਖੇਤਾਂ ਵਿੱਚ ਹਲ ਚਲਦੇ, ਬਲਦਾਂ ਦੇ ਗਲ ਦੀਆਂ ਟੱਲੀਆਂ ਦੀ ਟਨ-ਟਨ ਅਤੇ ਹਾਲ੍ਹੀਆਂ ਦੀਆਂ ਲੰਮੀਆਂ ਹੇਕਾਂ ਵਿੱਚ ਹੀਰ ਦੀਆਂ ਕਲੀਆਂ ਸੁਣਾਈ ਦਿੰਦੀਆਂ ਹਨ । ਭੱਤਾ ਲੈ ਕੇ ਜਾਂਦੀਆਂ ਮੁਟਿਆਰਾਂ, ਚਾਟੀਆਂ ਵਿਚ ਮਧਾਣੀ ਦੇ ਰਿੜਕਣ ਦੀ ਆਵਾਜ਼ ਸੁਣਾਈ ਦਿੰਦੀ ਸੀ। ਮਧਾਣੀ ਦੀ ਗੂੰਜ ਦੇ ਨਾਲ ਗੁਰੂ ਸਾਹਿਬਾਨਾਂ ਦੀ ਬਾਣੀ ਦੀ ਗੂੰਜ ਵੀ ਆਪ-ਮੁਹਾਰੇ ਸੁਣਾਈ ਦੇਣ ਲੱਗ ਪੈਂਦੀ ਸੀ।

**'ਜਦ ਕੰਨਾਂ ਵਿਚ ਗੂੰਜ ਮਧਾਣੀ ਪਾਉਂਦੀ ਸੀ,**

**ਆਪ ਮੁਹਾਰੇ ਬਾਣੀ ਚੇਤੇ ਆਉਂਦੀ ਸੀ।**

ਪੰਜਾਬੀ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਚਰਖਾ ਅੱਜ ਵਿਰਲੇ ਘਰਾਂ ਵਿੱਚ ਕਿਸੇ ਖੱਲ-ਖੂੰਜੇ ਪਿਆ ਹੋਵੇਗਾ ਅਤੇ ਆਪਣੀ ਕਿਸਮਤ ਨੂੰ ਰੋ ਰਿਹਾ ਹੋਵੇਗਾ। ਉਹ ਦਿਨ ਯਾਦ ਕਰਦਾ ਹੋਵੇਗਾ ਜਦੋਂ ਮੁਟਿਆਰਾਂ 'ਕੱਠੀਆਂ ਹੋ ਕੇ ਕਿਸੇ ਦੇ ਘਰ ਦੀ ਸਵਾਤ ਵਿੱਚ ਰਾਤ ਨੂੰ ਦੀਵੇ ਦੀ ਲੋਅ ਵਿੱਚ ਤੰਦ ਪਾਉਂਦੀਆਂ ਸਨ ਤੇ ਗੀਤ ਗਾਉਂਦੀਆਂ ਹਨ। ਉਹ ਵੀ ਆਪਣੀ ਘੂਕਰ ਨਾਲ ਗੀਤਾਂ ਨੂੰ ਸੰਗੀਤਮਈ ਕਰਦਾ ਸੀ।

**'ਜੋਗੀ ਉਤਰ ਪਹਾੜੋਂ ਆਇਆ**


**ਚਰਖੇ ਦੀ ਘੂਕ ਸੁਣ ਕੇ**

ਅੱਜ ਦੀ ਪੀੜ੍ਹੀ ਨੂੰ ਨਹੀਂ ਪਤਾ ਕਿ ਚਰਮਖ ਕੀ ਹੁੰਦੀ ਹੈ, ਮੁੰਨਾਂ, ਹੱਥੀ, ਤੱਕਲਾ ਜਾਂ ਮਾਲ੍ਹ ਕੀ ਹੁੰਦੀ ਹੈ? ਪਹਿਲਾਂ ਭਾਈਚਾਰਕ ਸਾਂਝ ਸੀ ਜਿਸ ਤੋਂ ਭਾਵ ਪੁਰਾਣੇ ਪੰਜਾਬ ਦੇ ਉਸ ਸਹਿਯੋਗ ਤੋਂ ਹੈ ਜੋ ਜਰੂਰਤ ਸਮੇਂ ਇੱਕ-ਦੂਜੇ ਨੂੰ ਦਿੱਤਾ ਜਾਂਦਾ ਸੀ। ਪੁਰਾਣੇ ਲੋਕਾਂ ਦੀ ਇੱਕ- ਦੂਜੇ ਨੂੰ ਸਹਿਯੋਗ ਦੇਣ ਦੀ ਭਾਵਨਾ ਦੇ ਰੂਪ ਸਨ ਛੋਪ ਪਾਉਣਾ, ਤ੍ਰਿੰਝਣਾਂ, ਤ੍ਰੀਮਤਾਂ, ਆਵਤ ਅਤੇ ਮੰਗ ਪਾਉਣੀ ਆਦਿ। ਇਸਤਰੀਆਂ ਦੇ ਜੀਵਨ ਵਿੱਚ ਜ਼ਿਆਦਾ ਮੌਕੇ ਆਉਂਦੇ ਸਨ ਜਦੋਂ ਇੱਕ-ਦੂਜੇ ਦੇ ਸਹਿਯੋਗ ਦੀ ਜਰੂਰਤ ਪੈਂਦੀ ਸੀ।

ਇਸਤਰੀਆਂ ਦੇ ਕੰਮ ਦਰੀਆਂ ਬੁਨਣਾ, ਖੇਸ ਬੁਨਣਾ, ਚਰਖੇ ਕੱਤਣਾ ਅਤੇ ਕੱਤਣਾ ਕੱਢਣਾ ਆਦਿ ਅਜਿਹੇ ਕੰਮ ਸਨ ਜੋ ਇੱਕ ਇਸਤਰੀ ਦੇ ਵੱਸ ਦਾ ਰੋਗ ਨਹੀਂ ਸੀ। ਇਨ੍ਹਾਂ ਹੀ ਕੰਮਾਂ ਨੂੰ ਛੇਤੀ ਨੇਪਰੇ ਚਾੜ੍ਹਨ ਲਈ ਇੱਕ ਦੂਜੇ ਨੂੰ ਸਹਿਯੋਗ ਦਿੱਤਾ ਜਾਂਦਾ ਸੀ। ਇਸੇ ਸਹਿਯੋਗ ਨੂੰ ਭਾਈਚਾਰਕ ਸਾਂਝ ਦਾ ਨਾਂਅ ਦਿੱਤਾ ਗਿਆ। ਕੁੜੀ ਦੇ ਵਿਆਹ ਲਈ ਬਹੁਤ ਸਾਰੇ ਸੂਤ ਦੀ ਜ਼ਰੂਰਤ ਪੈਂਦੀ ਸੀ। ਇਸੇ ਲਈ ਕੁੜੀਆਂ ਇਕੱਠੀਆਂ ਹੋ ਕੇ ਸੂਤ ਕੱਤਦੀਆਂ ਜਿਸ ਨੂੰ ਤ੍ਰਿੰਝਣਾਂ ਕਿਹਾ ਜਾਂਦਾ। ਇਸੇ ਤਰ੍ਹਾਂ ਦੇ ਕੰਮਾਂ ਦੇ ਛੇਤੀ ਨੇਪਰੇ ਚਾੜ੍ਹਨ ਲਈ ਔਰਤਾਂ ਦੇ ਮੁਕਾਬਲੇ ਹੁੰਦੇ, ਇਨ੍ਹਾਂ ਮੁਕਾਬਲਿਆਂ ਨੂੰ ਛੋਪ ਪਾਉਣਾ ਕਿਹਾ ਗਿਆ।

ਪੰਜਾਬ ਵਿੱਚ ਸੇਵੀਆਂ ਪ੍ਰਾਹੁਣਚਾਰੀ ਦਾ ਵਿਸ਼ੇਸ਼ ਅੰਗ ਹੈ। ਸੇਵੀਆਂ ਸਾਉਣ 'ਤੇ ਭਾਦੋਂ 'ਚ ਵੱਟੀਆਂ ਜਾਂਦੀਆਂ ਸਨ। ਇਸਤਰੀਆਂ ਇੱਕ ਘਰ ਵਿੱਚ ਇਕੱਠੀਆਂ ਹੋ ਕੇ ਮੈਦੇ ਦੀਆਂ ਬਰੀਕ ਸੇਵੀਆਂ ਦੇ ਲੰਮੇ ਤੰਦ ਕੱਢਦੀਆਂ ਤੇ ਨਾਲ-ਨਾਲ ਗੀਤ ਗਾਉਂਦੀਆਂ, ਹਾਸਾ ਮਾਖੌਲ ਹੁੰਦਾ, ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਸਾਰੇ ਸਾਲ ਲਈ ਸੇਵੀਆਂ ਦਾ ਭੰਡਾਰ ਜਮਾਂ ਹੋ ਜਾਂਦਾ। ਇਕੱਠੀਆਂ ਹੋ ਕੇ ਕੰਮ ਕਰਨ ਦੀ ਭਾਵਨਾ ਆਪਸੀ ਮੇਲ-ਜੋਲ ਅਤੇ ਪਿਆਰ ਨੂੰ ਹੋਰ ਗੂੜ੍ਹਾ ਕਰ ਦਿੰਦੀ ਹੈ। ਸੇਵੀਆਂ ਦੀ ਮਕਬੂਲੀਅਤ ਖਤਮ ਤਾਂ ਨਹੀਂ ਹੋਈ ਪਰ ਹੋਰ ਕਈ ਪ੍ਰਕਾਰ ਦੇ ਮਿੱਠਾ ਖਾਣ-ਪਦਾਰਥ ਆਉਣ ਕਾਰਨ ਇਸ ਦੀ ਮੰਗ ਘੱਟ ਜ਼ਰੂਰ ਗਈ ਹੈ। ਭਾਵੇਂ ਮਸ਼ੀਨਾਂ ਦੇ ਆਉਣ ਨਾਲ ਸਮੇਂ ਦੀ ਬੱਚਤ ਹੋਈ ਪਰ ਭਾਈਚਾਰਕ ਸਾਂਝ ਅਤੇ ਇਸਤਰੀਆਂ ਦੇ ਇਕੱਠੇ ਹੋ ਕੇ ਬੈਠਣ ਦੇ ਮੌਕਿਆਂ ਨੂੰ ਢਾਅ ਲੱਗ ਗਈ ਹੈ।

ਪੰਜਾਬ ਦੇ ਲੋਕ ਸ਼ੁਰੂ ਤੋਂ ਹੀ ਜ਼ਿਆਦਾ ਖੇਤੀ ਤੇ ਨਿਰਭਰ ਹਨ। ਕਿਸਾਨਾਂ ਨੂੰ ਇਸੇ ਗੱਲ ਦੀ ਚਿੰਤਾ ਹੁੰਦੀ ਸੀ ਕਿ ਉਸ ਦਾ ਕੰਮ ਸਮੇਂ ਸਿਰ ਪੂਰਿਆ ਜਾਵੇ ਤਾਂ ਜੋ ਉਹ ਕਿਸੇ ਸੰਕਟ ਦੀ ਮਾਰ ਹੇਠ ਨਾ ਆ ਜਾਵੇ ਜੇਕਰ ਕੋਈ ਕਿਸਾਨ ਸਮੇਂ ਜਾਂ ਕਾਮਿਆਂ ਦੀ ਘਾਟ ਕਾਰਨ ਪਛੜ ਜਾਂਦਾ ਤਾਂ 'ਬਿੜ੍ਹੀ' ਜਾਂ ਮੰਗ ਪਾਉਣ ਵਰਗੀਆਂ ਰੀਤਾਂ ਉਸ ਨੂੰ ਸੁਰਖਰੂ ਕਰ ਦਿੰਦੀਆਂ ਸਨ। ਜੇਕਰ ਕੋਈ ਆਪਣੇ ਕੰਮ ਤੋਂ ਖੁੰਝਿਆ ਹੋਇਆ ਕਿਸਾਨ ਆਪਣੇ ਰਿਸ਼ਤੇਦਾਰ ਦੇ ਪਿੰਡ ਵਿੱਚੋਂ ਆਦਮੀ ਬੁਲਾ ਲੈਂਦਾ। ਉਹ ਆਪਣੇ ਕੰਮ ਤੋਂ ਖੁੰਝੇ ਹੋਏ ਰਿਸ਼ਤੇਦਾਰ ਦੇ ਘਰ ਆ ਪਹੁੰਚਦੇ ਤੇ ਖੁੰਝਿਆਂ ਕੰਮ ਦਿਨਾਂ ਵਿਚ ਪੂਰਾ ਕਰ ਦਿੰਦੇ ਤਾਂ ਇਹ ਰਿਸ਼ਤੇਦਾਰੀ ਵਿਚੋਂ ਆਇਆ 'ਟੋਲਾ ਆਵਤ' ਅਖਵਾਉਂਦਾ ਹੈ। ਇਸੇ ਤਰ੍ਹਾਂ ਪਿੰਡ ਵਿਚ ਕਿਸੇ ਦੇ ਮਕਾਨ ਦੀ ਛੱਤ ਪੈਣੀ ਹੁੰਦੀ ਤਾਂ ਪਿੰਡ ਵਿੱਚ ਹੋਕਾ ਆ ਜਾਂਦਾ 'ਬਈ! ਫਲਾਨੇ ਦੇ ਘਰ ਕੱਲ੍ਹ 'ਚੈਹਾ' ਪੈਣਾ ਹੈ। ਇਸ ਲਈ ਉਨ੍ਹਾਂ ਦੇ ਘਰ ਬੰਦੇ ਪਹੁੰਚਣ।' ਇਸ ਤਰ੍ਹਾਂ ਪਿੰਡ ਦੇ ਲੋਕ ਬਿਨਾਂ ਕਿਸੇ ਸਵਾਰਥ ਤੇ ਲਾਲਚ ਦੇ ਉਸ ਆਦਮੀ ਦੇ ਘਰ ਪਹੁੰਚਦੇ। ਇਹੀ ਸੀ ਪੁਰਾਤਨ ਭਾਈਚਾਰਕ ਸਾਂਝ। ਪੁਰਾਤਨ ਪੰਜਾਬ ਵਿਚ ਜੋ ਭੂਮਿਕਾ ਭਾਈਚਾਰਕ ਸਾਂਝ ਦੀ ਰਹੀ ਹੈ ਉਸ ਨੇ ਲੋਕਾਂ ਦੇ ਕੰਮਾਂ ਕਾਰਾਂ ਨੂੰ ਸੁਖਾਲਾ ਬਣਾਈ ਰੱਖਿਆ ਹੈ। ਪਰ ਅੱਜ ਦਾ ਪੰਜਾਬ ਪਹਿਲਾਂ ਵਾਲੇ ਪੰਜਾਬ ਨਾਲੋਂ ਬਹੁਤ ਵੱਖ ਹੈ। ਅੱਜ ਪੰਜਾਬ ਵਿਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਦਾ ਇੰਨਾ ਵੱਧ ਜਾਣਾ ਇਸ ਗੱਲ ਦੀ ਗਵਾਹੀ ਹੈ ਕਿ ਅੱਜ ਵੀ ਫਸਲ ਦੀ ਉਗਾਈ, ਲੁਆਈ, ਕਢਾਈ ਲਈ ਕਾਮਿਆਂ ਦੀ ਜ਼ਰੂਰਤ ਹੈ। ਪਰ ਅੱਜ ਦੇ ਲੋਕ ਮੰਗ ਪਾ ਕੇ, ਬਿੜ੍ਹੀ ਪਾ ਕੇ ਕਿਸੇ ਤੋਂ ਅਹਿਸਾਨ ਕਰਵਾ ਕੇ ਰਾਜੀ ਨਹੀਂ ਹਨ। ਅੱਜ ਦੇ ਲੋਕ ਆਪਣੇ ਵਿਰਸੇ ਤੋਂ ਬੇਮੁੱਖ ਹੋ ਕੇ, ਜ਼ਰੂਰਤ ਤੋਂ ਵੱਧ ਖਰਚਾ ਕਰ ਰਹੇ ਹਨ ਪਰ ਸਹਿਯੋਗ ਦੇਣ ਤੇ ਅਤੇ ਸਹਿਯੋਗ ਲੈਣ ਤੋਂ ਝਿਜਕਦੇ ਹਨ। ਪੁਰਾਤਨ ਪੰਜਾਬ ਦੀ ਭਾਈਚਾਰਕ ਸਾਂਝ ਦਿਨੋ-ਦਿਨ ਅਲੋਪ ਹੋ ਰਹੀ ਹੈ।




## ਪਰਿਵਾਰਕ ਇਕਾਈ

ਪਰਿਵਾਰ ਪੰਜਾਬੀ ਪਿੰਡਾਂ ਦੀ ਬਹੁਤ ਹੀ ਮਹੱਵਪੂਰਨ ਸਮਾਜਿਕ ਇਕਾਈ ਹੈ। ਜਿਸ ਦਾ ਮਨੋਰਥ ਪਰਿਵਾਰਕ ਸੰਬੰਧਾਂ ਵਿੱਚ ਪੈਦਾ ਹੋਈਆਂ ਸਮੱਸਿਆਵਾਂ ਨੂੰ ਹੱਲ ਕਰਨਾ ਹੁੰਦਾ ਹੈ। ਇਹ ਅਜਿਹੀ ਸਮਾਜਿਕ ਇਕਾਈ ਹੈ, ਜੋ ਪਰਿਵਾਰਕ ਸੰਬੰਧਾਂ ਵਿੱਚ ਭੰਨਤੋੜ ਕਾਰਨ ਵਿਅਕਤੀਗਤ ਮਾਨਸਿਕ ਸਮੱਸਿਆਵਾਂ ਦਾ ਹੱਲ ਕਰਨ ਦਾ ਯਤਨ ਕਰਦੀ ਹੈ। ਪਰਵਾਰ ਕੌਮਾਂ ਦਾ (family of nations) ਕੌਮਾਂ ਦੀ ਅਜਿਹੀ ਜਥੇਬੰਦੀ, ਜੋ ਅਮਨ ਪਸੰਦਾਨਾ ਆਰਥਿਕ, ਸੱਭਿਆਚਾਰਿਕ ਅਤੇ ਡਿਪਲੋਮੈਟਿਕ ਸੰਬੰਧਾਂ ਦੁਆਰਾ ਪਰਿਭਾਸ਼ਿਤ ਹੁੰਦੀ ਹੈ। ਪੰਜਾਬੀ ਪਰਿਵਾਰ ਵਿਚ ਪਿੱਤਰੀ/ਪੇਕਾ (family paternal) ਅਜਿਹਾ ਪਰਵਾਰ ਹੈ, ਜਿਸ ਵਿੱਚ ਅਧਿਕਾਰ ਪਿਤਾ ਜਾਂ ਪੁਰਸ਼ ਮੁਖੀਏ ਪਾਸ ਹੁੰਦੇ ਹਨ ਅਤੇ ਬੱਚੇ ਅਤੇ ਇਸਤਰੀਆਂ ਇਸ ਦੇ ਅਧੀਨ ਹੁੰਦੇ ਹਨ। ਪਿੰਡਾਂ ਵਿਚ ਪਰਿਵਾਰ ਪਿਤਾ ਪ੍ਰਧਾਨ (family patriarchal) ਪਿਤਾ ਜਾਂ ਸਭ ਤੋਂ ਵੱਡੇ ਪੁਰਸ਼ ਦੇ ਅਧੀਨ ਪਰਵਾਰ, ਜਿਸ ਵਿੱਚ ਬੱਚੇ, ਇਸਤਰੀਆਂ, ਪੁੱਤ, ਪੋਤੇ, ਗ਼ੁਲਾਮ ਵੀ ਸ਼ਾਮਲ ਹੁੰਦੇ ਹਨ। ਪ੍ਰਾਚੀਨ ਸਮਾਜਾਂ, ਪ੍ਰਾਚੀਨ ਰੋਮ, ਅਤੇ ਪੂਰਬੀ ਦੇਸ਼ਾਂ ਵਿੱਚ ਇਹ ਆਮ ਸੀ। ਇਸ ਤੋਂਨ ਇਲਾਵਾਂ ਇਹ ਧਾਰਮਿਕ, ਕਨੂੰਨੀ, ਅਤੇ ਆਰਥਿਕ ਇਕਾਈ ਵੀ ਹੁੰਦੀ ਹੈ। ਇਹ ਜ਼ਮੀਨ ਦੀ ਮਾਲਕੀ ਅਤੇ ਧਾਰਮਿਕ ਕਿਰਿਆਵਾਂ ਕਾਰਨ ਇੱਕ ਪ੍ਰਬਲ ਸੰਸਥਾ ਸੀ। ਪਰਿਵਾਰ ਪੇਂਡੂ (family rural) ਪਤੀ, ਪਤਨੀ, ਉਹਨਾਂ ਦੇ ਬੱਚਿਆਂ, ਜਿਨ੍ਹਾਂ ਵਿੱਚੋਂ ਕੁਝ ਵਿਆਹੇ ਹੋਏ ਵੀ ਹੁੰਦੇ ਹਨ, ਪੋਤਿਆਂ-ਪੋਤੀਆਂ ਅਤੇ ਕਿਸੇ ਬੇਸਹਾਰਾ ਰਿਸ਼ਤੇਦਾਰ, ਦੁਆਰਾ ਬਣਿਆ ਸਮੂਹ ਹੈ, ਜੋ ਇੱਕੋ ਘਰ ਵਿੱਚ ਰਹਿੰਦੇ, ਇਕੋ ਚੁੱਲ੍ਹੇ ਉੱਤੇ ਬਣੀ ਰੋਟੀ ਖਾਂਦੇ ਅਤੇ ਪਰਵਾਰਕ ਖੇਤਾਂ ਵਿੱਚ ਰਲ ਕੇ ਕੰਮ ਕਰਦੇ ਹਨ। ਪਰਿਵਾਰ ਮਾਤਰੀ/ਮਾਇਕਾ (family maternal) ਅਜਿਹਾ ਪਰਵਾਰ, ਜਿਸ ਵਿੱਚ ਇਸਤਰੀ, ਉਸ ਦੇ ਭਰਾਅ, ਉਸ ਦੀਆਂ ਧੀਆਂ ਅਤੇ ਪੁੱਤ ਇਕੱਠੇ ਰਹਿੰਦੇ ਹਨ। ਅਜਿਹੇ ਪਰਿਵਾਰ ਪੰਜਾਬ ਵਿੱਚ ਕਦੀ ਆਮ ਹੁੰਦੇ ਸੀ। ਹੁਣ ਵੀ ਕਈ ਕਬੀਲਿਆਂ ਵਿੱਚ ਮੌਜੂਦ ਹੈ। ਕੇਰਲ ਦੇ ਨਾਇਰਾਂ ਵਿੱਚ ਇਸ ਨੂੰ ਤਰਵੜ ਆਖਦੇ ਹਨ। ਅਜਿਹੇ ਪਰਿਵਾਰ ਵਿੱਚ ਅਧਿਕਾਰ ਮਾਮੇ ਕੋਲ ਹੁੰਦਾ ਹੈ ਅਤੇ ਜਾਇਦਾਦ ਅਤੇ ਅਹੁਦੇ ਮਾਮੇ ਦੇ ਮਰਨ ਉਪਰੰਤ ਉਸ ਦੇ ਭਣੇਵੇਂ ਨੂੰ ਪ੍ਰਾਪਤ ਹੁੰਦੇ ਹਨ, ਅਤੇ ਵੰਸ਼ ਕਰਮ ਮਾਂ ਦੀ ਲੀਹ ਰਾਹੀਂ ਉਲੀਕਿਆ ਜਾਂਦਾ ਹੈ। ਪੰਜਾਬੀ ਪਰਿਵਾਰ ਮੂਲ (family nuclear) ਵਿਆਹੁਤਾ ਪਤੀ ਪਤਨੀ ਅਤੇ ਉਹਨਾਂ ਦੇ ਬੱਚਿਆਂ ਦੁਆਰਾ ਬਣਿਆ ਸਮੂਹ ਹੈ। ਮਾਪੇ, ਉਹਨਾਂ ਦੇ ਆਪਣੇ ਜਾਂ ਗੋਦ ਲਏ ਬੱਚਿਆਂ ਦੁਆਰਾ ਇੱਕ ਥਾਂ ਰਹਿੰਦਾ ਸਮੂਹ ਹੈ, ਜਿਸ ਵਿੱਚ ਹੋਰ ਕੋਈ ਬਾਹਰਲਾ ਵਿਅਕਤੀ ਸ਼ਾਮਲ ਨਹੀਂ ਹੁੰਦਾ। ਪਤੀ ਪਤਨੀ ਅਤੇ ਉਹਨਾਂ ਦੇ ਛੋਟੇ ਬੱਚਿਆਂ ਦੁਆਰਾ ਬਣਿਆ ਸਮੂਹ, ਜਿਸ ਨੂੰ ਲੋਕ ਇੱਕ ਸਮਾਜਿਕ ਇਕਾਈ ਮੰਨਦੇ ਹਨ। ਪਰਿਵਾਰ ਵਿਸਤਰਿਤ (family extended) ਇੱਕ ਵੱਡੇ ਘਰ, ਜਾਂ ਛੋਟੇ-ਛੋਟੇ ਘਰਾਂ ਦੇ ਝੁੰਡ ਵਿੱਚ ਰਹਿਣ ਵਾਲਾ ਸਮੂਹ, ਜੋ ਕਈ ਮੂਲ ਪਰਿਵਾਰਾਂ, ਖ਼ਾਸ ਕਰ ਆਦਮੀ ਅਤੇ ਉਸ ਦੇ ਪੁੱਤਰਾਂ ਜਾਂ ਇਸਤਰੀ ਅਤੇ ਉਸ ਦੀਆਂ ਧੀਆਂ, ਦੇ ਇਕੱਠੇ ਰਹਿਣ ਨਾਲ ਬਣਦਾ ਹੈ। ਪੰਜਾਬ ਦੇ ਪਰੰਪਰਕ ਪਿੰਡਾਂ ਵਿਚ ਸਾਂਝੀ ਰਹਾਇਸ਼, ਇਕੱਠੇ ਖਾਣਾ ਪੀਣਾ, ਕਈ ਵਾਰ ਸਾਂਝਾ ਇਸ਼ਟ ਅਤੇ ਸਾਂਝੀ ਜਾਇਦਾਦ ਵਾਲਾ ਸਮੂਹ ਅਤੇ ਮਾਪਿਆਂ, ਉਹਨਾਂ ਦੇ ਬੱਚਿਆਂ ਜਾਂ ਕੁਝ ਰਿਸ਼ਤੇਦਾਰਾਂ ਦਾ ਸਮੂਹ, ਜੋ ਇੱਕੋ ਘਰ ਵਿੱਚ ਰਹਿੰਦਾ ਸੀ।

## ਸਾਕਾਦਾਰੀ ਤੇ ਸ਼ਰੀਕੇਦਾਰੀ

ਪੰਜਾਬੀ ਸਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਦੇ ਦੋ ਪ੍ਰਮੁੱਖ ਪਸਾਰ ਹਨ। ਸਾਕਾਦਾਰੀ ਤੇ ਸ਼ਰੀਕਾਦਾਰੀ ਦਾ ਪ੍ਰਮੁੱਖ ਆਧਾਰ ਵਿਆਹ ਪ੍ਰਬੰਧ ਤੇ ਪਰਿਵਾਰ-ਪ੍ਰਬੰਧ ਹੈ। ਪੰਜਾਬੀ ਸਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਦਾ ਆਧਾਰ ਇਹ ਦੋ ਪ੍ਰਬੰਧ ਹੀ ਹਨ। ਇਹ ਦੋ ਆਧਾਰ ਹੀ ਅੱਗੋਂ ਹੋਰ ਵਿਸਤ੍ਰਿਤ ਰੂਪ ਗ੍ਰਹਿਣ ਕਰਦੇ ਹਨ ਜਿਵੇਂ ਪਰਿਵਾਰ-ਪ੍ਰਬੰਧ ਵਿਚ ਲਹੂ ਦੀ ਸਾਂਝ ਦੇ ਆਧਾਰ ਤੇ ਜੋ ਰਿਸ਼ਤੇ ਹੋਂਦ ਵਿਚ ਆਉਂਦੇ ਹਨ ਉਨ੍ਹਾਂ ਨੂੰ ਅੱਗੋਂ ਉਮਰ ਤੇ ਲਿੰਗ ਦੀ ਵੱਖਰਤਾ ਕਰਕੇ ਵੱਖਰੇ-ਵੱਖਰੇ ਨਾਮ ਦਿੱਤੇ ਜਾਂਦੇ ਹਨ। ਸ਼ਰੀਕੇਦਾਰੀ ਦੋ ਭਾਰਾਵਾਂ ਵਿਚ ਜਾਇਦਾਦ ਦੀ ਵੰਡ ਰਾਂਹੀ ਹੋਂਦ ਵਿਚ ਆਉਂਦੀ ਹੈ ਤੇ ਸਾਕਾਦਾਰੀ ਵਿਆਹ ਸਬੰਧਾ ਦੇ ਆਧਾਰ ਤੇ ਬਣਦੀ ਹੈ ਜਿਸ ਵਿਚ ਕੁੜੀ ਜਾਂ ਮੁੰਡੇ ਦਾ ਸਾਕ ਕਿਸੇ ਪਰਿਵਾਰ ਵਿਚ ਕਰਕੇ ਉਨ੍ਹਾਂ ਨਾਲ ਸਬੰਧ ਸਥਾਪਿਤ ਕੀਤੇ ਜਾਂਦੇ ਹਨ। ਪਰ ਸ਼ਰੀਕੇਦਾਰੀ ਦਾ ਸਬੰਧ ਇਕੋ ਖ਼ੂਨ ਜਾਂ ਵੰਸ਼ ਨਾਲ ਹੁੰਦਾ ਹੈ ਜੋ ਅੱਗੋਂ ਵੰਡ ਹੋ ਕੇ ਸ਼ਰੀਕੇਦਾਰੀ ਦਾ ਰੂਪ ਗ੍ਰਹਿਣ ਕਰਦੀ ਹੈ। ਸਾਕਾਦਾਰੀ ਸਾਂਝੇ ਪਰਿਵਾਰਕ ਕੰਮ ਵਿਚ ਇਕ ਦੂਜੇ ਦੀ ਧਿਰ ਬਣਦੀ ਹੈ ਜਦੋਂ ਕਿ ਸ਼ਰੀਕੇਦਾਰੀ ਦਾ ਸਬੰਧ ਪਰਸਪਰ ਈਰਖਾ ਤੇ ਵੈਰ ਵਾਲਾ ਹੁੰਦਾ ਹੈ, ਪਰ ਖ਼ੁਸ਼ੀ ਜਾਂ ਗਮੀ ਦਿਆਂ ਮੌਕਿਆਂ ਤੇ ਸ਼ਰੀਕੇ ਵਾਲਿਆਂ ਨੂੰ ਨਜ਼ਰ ਅੰਦਾਜ਼ ਵੀ ਨਹੀਂ ਕੀਤਾ ਜਾਂਦਾ ਸਗੋਂ ਇਹ ਖਸ਼ੀ ਜਾਂ ਗਮੀ ਦਿਆਂ ਮੌਕਿਆਂ ਸਮੇਂ ਮਦਦਗਾਰ ਸਾਬਤ ਹੁੰਦੇ ਹਨ। ਇਸ ਤਰ੍ਹਾਂ ਸ਼ਰੀਕੇ ਵਾਲਿਆਂ ਦਾ ਵਿਵਹਾਰ ਦਵੱਲਾ ਹੁੰਦਾ ਹੈ। ਭਾਨੀਮਾਰ ਵੀ ਸ਼ਰੀਕੇ ਵਾਲੇ ਹੁੰਦੇ ਹਨ ਤੇ ਵਿਆਹ ਉੱਤੇ ਨਿਉਂਦਾ ਵੀ ਸ਼ਰੀਕੇ ਵਾਲੇ ਹੀ ਪਾਉਂਦੇ ਹਨ। ਸ਼ਰੀਕੇ ਵਿਚੋਂ ਜਿਵੇਂ ਜਿਵੇਂ ਪੀੜੀਆਂ ਜਾਂ ਵਸੇਬੇ ਦੀ ਦੂਰੀ ਦਾ ਫਰਕ ਪੈਂਦਾ ਜਾਂਦਾ ਹੈ ਅਪਣੱਤ ਘਟਦੀ ਜਾਂਦੀ ਹੈ। ਇਸੇ ਤਰ੍ਹਾਂ ਜਿਵੇਂ ਸਾਕ ਦੂਜ ਦੇ ਹੁੰਦੇ ਜਾਂਦੇ ਹਨ, ਉਨ੍ਹਾਂ ਵਿਚਕਾਰ ਸਾਂਝ ਕਮਜੋਰ ਹੁੰਦੀ ਜਾਂਦੀ ਹੈ। ਮਿਸਾਲ ਵਜੋਂ ਸ਼ਰੀਕੇ ਦੀ ਸੂਰਤ ਵਿਚ ਭਰਾਵਾਂ ਵਿਚਕਾਰ ਅੱਡ ਹੋ ਜਾਣ ਦੇ ਬਾਵਜੂਦ ਵਧੇਰੇ ਨੇੜਤਾ ਹੋਵੇਗੀ । ਇਸ ਤਰ੍ਹਾਂ ਸਾਕਾਦਾਰੀ ਤੇ ਸ਼ਰੀਕਾਦਾਰੀ ਹੋਵੇਂ ਹੀ ਪੰਜਾਬੀ ਸਭਿਆਚਾਰ ਦੀ ਰਿਸ਼ਤਾ-ਨਾਤਾ ਪ੍ਰਣਾਲੀ ਦੇ ਦੋ ਪ੍ਰਮੁੱਖ ਆਧਾਰ ਹੋ ਨਿਬੜਦੇ ਹਨ, ਇਸ ਤਰ੍ਹਾਂ ਸਾਕਾਦਾਰੀ ਤੇ ਸ਼ਰੀਕਾਦਾਰੀ ਦੋਵੇਂ ਆਪਣੇ-ਆਪਣੇ ਤਰੀਕਿਆਂ ਨਾਲ ਪੰਜਾਬੀ ਜਨ ਸਮੂਹ ਵਿਚ ਸਾਂਝ ਸਥਾਪਿਤ ਕਰਨ ਦਾ ਕੰਮ ਕਰਦੇ ਹਨ। ਪੰਜਾਬੀ ਲੋਕਾਂ ਦੀਆਂ ਜ਼ਿਆਦਾਤਰ ਸਾਂਝਾਂ ਇਨ੍ਹਾਂ ਦੋਵਾਂ ਰਿਸ਼ਤਿਆਂ ਤੋਂ ਬਾਹਰ ਨਹੀਂ ਹੁੰਦੀਆ।

### ਭਾਈਚਾਰਾ

**ਪਰਕਾਸ਼ ਸਿੰਘ ਜੰਮੂ ਅਨੁਸਾਰ,** ਭਾਈਚਾਰਾ (fraternity): ਭਰਾਵਾਂ ਵਾਂਗ ਇੱਕ ਦੂਜੇ ਦੀ ਸਹਾਇਤਾ ਕਰਨ ਵਾਲੇ, ਨਜ਼ਦੀਕੀ ਸੰਬੰਧਾਂ ਵਾਲੇ, ਇੱਕ ਦੂਜੇ ਨੂੰ ਸਮਝਣ ਵਾਲੇ, ਸਹਿਯੋਗੀ, ਦੋਸਤਾਨਾ ਸੰਬੰਧਾਂ ਵਾਲੇ ਲੋਕਾਂ ਦੀ ਜਥੇਬੰਦੀ। ਭਾਈਚਾਰਕ ਜਥੇਬੰਦੀਆਂ ਅਸਰਦਾਇਕ ਸਮਾਜਿਕ ਤਾਕਤਾਂ ਹੁੰਦੀਆਂ ਹਨ, ਜੋ ਸਮੁਦਾ ਦੇ ਕਮਜ਼ੋਰ ਮੈਂਬਰਾਂ ਲਈ ਕਈ ਹੱਕ ਅਤੇ ਸਹੂਲਤਾਂ ਅਤੇ ਆਪਣੇ ਲਈ ਰਾਜਨੀਤਕ ਤਾਕਤ ਵੀ ਪ੍ਰਾਪਤ ਕਰ ਲੈਂਦੀਆਂ ਹਨ। ਕਈ ਵਾਰ ਅਜਿਹੀਆਂ ਜਥੇਬੰਦੀਆਂ ਦੀਆਂ ਆਪਣੀਆਂ ਰਸਮਾਂ, ਪੁਸ਼ਾਕਾਂ, ਚਿੰਨ੍ਹ ਅਤੇ ਲੋਕਤੰਤਰੀ ਰਾਜਸੀ ਸੰਸਥਾਵਾਂ ਵੀ ਹੁੰਦੀਆਂ ਹਨ।

ਭਾਈਚਾਰਾ, ਬਰਾਦਰੀ ਜਾਂ ਫ਼ਿਰਕਾ ਸਾਂਝੀਆਂ ਕਦਰਾਂ-ਕੀਮਤਾਂ ਵਾਲੀ ਇੱਕ ਸਮਾਜਿਕ ਇਕਾਈ ਨੂੰ ਕਿਹਾ ਜਾਂਦਾ ਹੈ। ਭਾਈਚਾਰੇ ਦੇ ਨਿਰਮਾਣ ਦੇ ਅਧਾਰਾਂ ਵਿੱਚ ਸਾਂਝੀਆਂ ਦਿਲਚਸਪੀਆਂ, ਸ਼ੌਕ, ਟੀਚੇ, ਧਾਰਮਿਕ ਜਾਂ ਸਿਆਸੀ ਵਿਸ਼ਵਾਸ, ਭੂਗੋਲਿਕ ਸਥਿਤੀ, ਨਸਲੀ ਅਤੇ ਅਨੇਕ ਪ੍ਰਕਾਰ ਦੇ ਹੋਰ ਕਾਰਕ ਹੋ ਸਕਦੇ ਹਨ। ਭਾਵੇਂ ਰਵਾਇਤੀ ਸਨਮੁਖ ਭਾਈਚਾਰੇ, ਆਮ ਤੌਰ 'ਤੇ ਛੋਟੇ-ਛੋਟੇ ਹੁੰਦੇ ਹਨ, ਰਾਸ਼ਟਰੀ ਭਾਈਚਾਰੇ, ਅੰਤਰਰਾਸ਼ਟਰੀ ਭਾਈਚਾਰੇ ਅਤੇ ਵਰਚੂਅਲ ਭਾਈਚਾਰੇ ਵਰਗੇ ਵੱਡੇ ਭਾਈਚਾਰਿਆਂ ਦਾ ਵੀ ਅਧਿਐਨ ਕੀਤਾ ਜਾ ਰਿਹਾ ਹੈ। ਇੱਕ ਭਾਈਚਾਰੇ ਦੇ ਘੇਰੇ ਵਿੱਚ ਰਹਿੰਦਿਆਂ ਰੋਜ-ਮਰਰਾ ਦੀ ਜਿੰਦਗੀ ਦੀਆਂ ਰਸਮਾਂ ਨਿਭਾਉਂਦਾ ਹੋਇਆ ਮਨੁੱਖ ਜਿਨਾ ਰਿਸ਼ਤਿਆਂ ਨਾਲ ਵਾਹ ਰੱਖਦਾ ਹੈ ਉਹ ਭਾਈਚਾਰਕ ਰਿਸ਼ਤੇ ਅਖਵਾਉਂਦੇ ਹਨ। ਭਾਈਚਾਰੇ ਵਿੱਚ ਖ਼ੂਨ ਦੇ ਰਿਸ਼ਤੇ ਨਹੀਂ ਆਉਂਦੇ। ਪਿੰਡ ਵਿੱਚ ਇੱਕ ਗੋਤ ਤੇ ਜਾਤ ਤੋਂ ਇਲਾਵਾ ਰਹਿੰਦੇ ਲੋਕ ਭਾਈਚਾਰੇ ਵਿੱਚ ਆਉਂਦੇ ਹਨ। ਪੰਜਾਬੀਆਂ ਦਾ ਇਹ ਵਿਸ਼ੇਸ਼ ਸੁਭਾਅ ਬੈ ਕਿ ਉਹ ਬੇਗਾਨਿਆਂ ਨੂੰ ਆਪਣੇ ਬਣਾ ਲੈਣ ਦੀ ਸਮਰੱਥਾ ਰੱਖਦੇ ਹਨ।

ਭਾਈਚਾਰੇ ਵਿੱਚ ਅਲੱਗ-ਅਲੱਗ ਜਾਤਾਂ,ਕੌਮਾਂ,ਗੋਤਾਂ ਦੇ ਲੋਕ ਸ਼ਾਮਿਲ ਹੁੰਦੇ ਹਨ। ਭਾਈਚਾਰਕ ਰਿਸਤਿਆਂ ਵਿੱਚ ਦੋਸਤੀ ਦਾ ਰਿਸਤਾ ਨਵੇਕਲੀ ਹੋਂਦ ਰੱਖਦਾ ਹੈ ਜਾਂ ਇਹ ਕਹਿ ਲਵੋ ਕਿ ਭਾਈਚਾਰੇ ਦਾ ਰਿਸਤਾ ਤੇ ਦੋਸਤੀ ਵਿੱਚ ਆਪਸੀ ਸਾਂਝ ਹੈ। ਦੋਸਤੀਦਾ ਰਿਸ਼ਤਾ ਪੰਜਾਬੀ ਸੱਭਿਆਚਾਰ ਵਿੱਚ ਵਿਸ਼ੇਸ਼ ਮਹੱਤਵ ਦਾ ਧਾਰਨੀ ਹੈ। ਦੋਸਤ ਮਿੱਤਰ ਆਪਸ ਵਿੱਚ ਖ਼ੁਸ਼ੀ ਅਤੇ ਗਮੀ ਦੇ ਮੋਕੇ 'ਤੇ ਇੱਕ ਦੂਸਰੇ ਦਾ ਦੁੱਖ ਸੁੱਖ ਵੰਡਾਉਂਦੇ ਹਨ। ਇਹੋ ਕੁਝ ਭਾਈਚਾਰੇ ਵਿੱਚ ਆਉਂਦਾ ਹੈ। ਇਨਸਾਨੀ ਭਾਈਚਾਰੇ ਦੇ ਵਿੱਚ ਇਰਾਦੇ, ਵਿਸ਼ਵਾਸ, ਜੋਖਿਮ ਅਤੇ ਹੋਰ ਵੀ ਸਾਂਝੀਆਂ ਗੱਲਾਂ ਹੁੰਦੀਆਂ ਹਨ, ਜੋ ਹਿੱਸਾ ਲੈਣ ਵਾਲਿਆਂ ਦੀ ਪਛਾਣ ਅਤੇ ਇੱਕਸੁਰਤਾ ਦੀ ਡਿਗਰੀ ਨੂੰ ਪ੍ਰਭਾਵਿਤ ਕਰਦੀਆਂ ਹਨ।

### ਧਰਮ

ਪੰਜਾਬ ਦੀ ਇੱਕ ਮਹੱਤਵਪੂਰਨ ਸੱਭਿਆਚਾਰਕ ਸੰਸਥਾ ਧਰਮ ਹੈ, ਜਿਹੜੀ ਹੋਰ ਬਾਕੀ ਸੰਸਥਾਵਾਂ ਵਾਂਗ ਜੀਵਨ ਦੇ ਵਿਸ਼ੇਸ਼ ਖੇਤਰ ਵਿੱਚ ਕਿਰਿਆਸ਼ੀਲ ਹੈ। ਇਹ ਖੇਤਰ ਅਨਿਸਚਿਤ, ਅਣਜਾਤੇ ਅਤੇ ਪਰਾਲੈਕਿਕ ਸੰਸਾਰ ਦਾ ਖੇਤਰ ਹੈ। ਇਹ ਇੱਕ ਅਜਿਹੀ ਸੰਸਥਾ ਹੈ ਜੋ ਆਪਣੇ ਪ੍ਰਚਾਰ ਲਈ ਦੂਸਰੀਆਂ ਹੋਰ ਸੱਭਿਆਚਾਰਕ ਕਲਾਵਾਂ ਜਾਂ ਵਸਤਾਂ ਦਾ ਸਹਾਰਾ ਲੈਂਦੀ ਹੈ ਜਿਵੇਂ ਚਿੱਤਰਕਾਰੀ, ਸੰਗੀਤ, ਕਵਿਤਾ, ਭਵਨ ਨਿਰਮਾਣ ਤੇ ਨ੍ਰਿਤ ਆਦਿ। ਵੱਖ-ਵੱਖ ਵਿਸ਼ਿਸ਼ਟ ਅਤੇ ਲੋਕ ਧਰਮ ਨਾਲ ਸਬੰਧਤ ਸੰਸਥਾਵਾਂ ਦਾ ਪੁਰਾਤਨ ਸਮੇਂ ਤੋਂ ਪੰਜਾਬ ਦੇ ਪਿੰਡਾਂ ਵਿਚ ਮਹਤਵਪੂਰਨ ਸਥਾਨ ਰਿਹਾ ਹੈ। ਪਿੰਡਾਂ ਦੇ ਲੋਕ ਆਪਣੀ ਮਾਨਤਾ ਦੋਵੇਂ ਪੱਧਰਾਂ ਉੱਤੇ ਦਿੰਦੇ ਆਏ ਹਨ। ਪੰਜਾਬ ਦੇ ਲੋਕ ਜੋ ਆਪੋ-ਆਪਣੇ

ਵਿਸ਼ਸ਼ਿਟ ਧਰਮ ਅਨੁਸਾਰ ਵੱਖਰਤਾ ਰੱਖਦੇ ਹਨ ਤਾਂ ਲੋਕ ਧਰਮ ਦੀਆਂ ਮਾਨਤਾਵਾਂ ਉਨ੍ਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਕੇ ਆਉਂਦੀਆਂ ਰਹੀਆਂ ਹਨ। ਵਿਸ਼ਿਸ਼ਟ ਧਰਮ ਪੰਜਾਬੀ ਸਭਿਆਚਾਰ ਦਾ ਮੂਲ ਸਰੋਤ ਹਨ। ਵਿਸ਼ਿਸ਼ਟ ਧਰਮਾਂ ਦੇ ਇੱਕ ਸਾਂਝੇ ਪੰਜਾਬੀ ਸਭਿਆਚਾਰ ਨੂੰ ਉਸਾਰਨ ਦੀ ਥਾਂ ਹਿੰਦੂ ਸਭਿਆਚਾਰ, ਮੁਸਲਮਾਨੀ ਸਭਿਆਚਾਰ, ਸਿੱਖ ਸਭਿਆਚਾਰ ਹੀ ਉਸਾਰਿਆ ਹੈ। ਇੰਜ ਸਾਂਝੇ ਪੰਜਾਬੀ ਸਭਿਆਚਾਰ ਦੀ ਸਹੀ ਝਲਕ ਲੋਕ ਧਰਮ ਵਿੱਚੋਂ ਦ੍ਰਿਸ਼ਟਮਾਨ ਹੁੰਦੀ ਹੈ। ਲੋਕ ਧਰਮ ਹਿੰਦੂਆ ਸਿੱਖਾਂ ਅਤੇ ਮੁਸਲਮਾਨਾਂ ਦਾ ਸਾਂਝਾ ਧਰਮ ਹੈ ਦੇਵੀ ਦੇਵਤੇ, ਮੜ੍ਹੀ ਮਸਾਣ, ਪੀਰ-ਫਕੀਰ, ਤਕੀਏ ਸਮਾਧਾਂ ਸਭ ਦੀ ਪੂਜਾ ਸਭ ਵਰਗਾਂ ਦੇ ਲੋਕ ਕਰਦੇ ਹਨ।

### ਪੰਚਾਇਤ ਪ੍ਰਣਾਲੀ

ਪੰਚਾਇਤ ਪਿੰਡ, ਜਾਤ ਜਾਂ ਕਿਸੇ ਸਮੂਹ ਦੀ ਪ੍ਰਤੀਨਿਧ ਜਥੇਬੰਦੀ ਹੁੰਦੀ ਹੈ, ਜਿਸ ਦਾ ਕੰਮ ਲੋਕਾਂ ਦੇ ਝਗੜੇ ਨਬੇੜਨਾ ਅਤੇ ਵਿਕਾਸ ਦੇ ਸਾਂਝੇ ਕੰਮ ਕਰਨਾ ਹੁੰਦਾ ਹੈ। ਭਾਵੇਂ ਇਹ ਅਜੋਕੇ ਸਮੇਂ ਸਰਕਾਰ ਦੁਆਰਾ ਪੇਂਡੂ ਵਿਕਾਸ ਅਤੇ ਇਨਸਾਫ ਲਈ ਲੋਕਾਂ ਦੁਆਰਾ ਚੁਣੀ ਗਈ ਕਨੂੰਨੀ ਜਥੇਬੰਦੀ ਦਾ ਰੂਪ ਧਾਰ ਗਈ ਹੈ, ਜਿਸ ਦਾ ਕਾਰਜ ਕਾਲ ਨਿਸ਼ਚਿਤ ਕੀਤਾ ਗਿਆ ਹੁੰਦਾ ਹੈ। ਸ਼ਾਬਦਿਕ ਤੌਰ ਉੱਤੇ ਪੰਜ ਪ੍ਰਤੀਨਿਧ ਵਿਅਕਤੀਆਂ ਦਾ ਸਮੂਹ, ਜਿਸ ਦੀ ਵਾਸਤਵਿਕ ਗਿਣਤੀ ਵਧ ਘਟ ਸਕਦੀ ਹੈ। ਪੰਚਾਇਤ ਰਵਾਇਤੀ (panchayat/village assembly) ਸਰਕਾਰ ਦੁਆਰਾ ਚੁਣੇ ਹੋਏ ਵਿਅਕਤੀਆਂ ਦੁਆਰਾ ਬਣਾਈਆਂ ਗਈਆ ਪੰਚਾਇਤਾਂ ਤੋਂ ਪਹਿਲਾ ਮੌਜੂਦ ਪ੍ਰਬੰਧ, ਜੋ ਕਈ ਥਾਈਂ ਅਜੇ ਵੀ ਮੌਜੂਦ ਹੈ। ਇਸ ਪੰਚਾਇਤ ਵਿੱਚ ਹਰ ਘਰ ਨੂੰ ਪ੍ਰਤੀਨਿਧਤਾ ਹਾਸਲ ਹੁੰਦੀ ਹੈ। ਜਦੋਂ ਕੋਈ ਮਸਲਾ ਪੈਦਾ ਹੁੰਦਾ ਹੈ, ਤਾਂ ਪਿੰਡ ਵਿੱਚ ਹੋਕਾ ਦੇ ਕੇ ਨਿਸ਼ਚਿਤ ਥਾਂ ਉੱਤੇ ਪੰਚਾਇਤ ਸੱਦ ਲਈ ਜਾਂਦੀ ਹੈ, ਜਿਸ ਵਿੱਚ ਹਰ ਪੱਗ ਬੰਨ੍ਹ ਨੂੰ ਸ਼ਾਮਲ ਹੋਣ ਲਈ ਸਦਾ ਦਿੱਤਾ ਜਾਂਦਾ ਹੈ। ਘਰ ਦੇ ਇੱਕ ਜੀਅ ਦੀ ਸ਼ਮੂਲੀਅਤ ਜ਼ਰੂਰੀ ਹੁੰਦੀ ਹੈ। ਕਈ ਥਾਈਂ ਇਸਤਰੀਆਂ ਵੀ ਇਸ ਵਿੱਚ ਸ਼ਾਮਲ ਹੁੰਦੀਆਂ ਹਨ। ਹਰ ਮਸਲੇ ਦਾ ਮਿਲ ਕੇ ਹੱਲ ਲੱਭਿਆ ਜਾਂਦਾ ਹੈ ਅਤੇ ਸਾਰਿਆਂ ਦੀ ਸ਼ਮੂਲੀਅਤ ਕਾਰਨ ਫ਼ੈਸਲਾ ਆਪਣੇ ਆਪ ਲਾਗੂ ਹੋ ਜਾਂਦਾ ਹੈ। ਪੁਰਾਤਨ ਪਿੰਡ ਆਪਣੇ ਆਪ ਵਿਚ ਸੰਪੂਰਨ ਇਕਾਈ ਵਜੋਂ ਕਾਰਜਸ਼ੀਲ ਹੁੰਦਾ ਸੀ। ਪਿੰਡਾਂ ਦੇ ਮਸਲੇ ਮੁੱਖ ਰੂਪ ਵਿਚ ਇਨ੍ਹਾਂ ਪੰਚਾਇਤਾਂ ਵਿਚ ਹੀ ਨਬੇੜੇ ਜਾਂਦੇ ਸਨ। ਪਿੰਡ ਦੇ ਲੋਕ ਇਨ੍ਹਾਂ ਵਿਚ ਪੂਰਾ ਵਿਸ਼ਵਾਸ਼ ਕਰਦੇ ਸਨ। ਪੰਚਾਇਤ ਆਮ ਤੌਰ ਤੇ ਪੰਜ ਵਿਅਕਤੀਆਂ ਦੀ ਹੁੰਦੀ ਸੀ ਅਤੇ ਇਨ੍ਹਾਂ ਵਿਚ ਇਕ ਮੁਖੀਆ ਹੁੰਦਾ ਸੀ। ਇਹ ਆਪਣੇ ਫੈਸਲੇ ਮੁੱਖ ਰੂਪ ਵਿਚ ਸਰਵ ਸੰਮਤੀ ਨਾਲ ਲੈਂਦੀ ਸੀ। ਹਰ ਤਰ੍ਹਾਂ ਦੇ ਆਰਥਿਕ, ਸਮਾਜਕ ਸਭਿਆਚਾਰਕ, ਧਾਰਮਿਕ ਮਸਲੇ ਇਸ ਪੰਚਾਇਤ ਪ੍ਰਣਾਲੀ ਨਾਲ ਹੀ ਨਿਪਟਾਏ ਜਾਂਦੇ ਸਨ।

### ਸਾਰਾਂਸ਼

ਇੱਕ ਪਿੰਡ ਇੱਕ ਸਮੂਹਿਕ ਮਨੁੱਖੀ ਬਸਤੀ ਜਾਂ ਭਾਈਚਾਰਾ ਹੁੰਦਾ ਹੈ, ਜੋ ਕਿ ਇੱਕ ਕਸਬੇ ਤੋਂ ਵੱਡਾ ਹੁੰਦਾ ਹੈ ਪਰ ਇੱਕ ਕਸਬੇ ਤੋਂ ਛੋਟਾ ਹੁੰਦਾ ਹੈ (ਹਾਲਾਂਕਿ ਇਹ ਸ਼ਬਦ ਅਕਸਰ ਪਿੰਡਾਂ ਅਤੇ ਛੋਟੇ ਕਸਬਿਆਂ ਦੋਵਾਂ ਦਾ ਵਰਣਨ ਕਰਨ ਲਈ ਵਰਤਿਆ ਜਾਂਦਾ ਹੈ), ਜਿਸਦੀ ਆਬਾਦੀ ਆਮ ਤੌਰ 'ਤੇ ਕੁਝ ਸੌ ਤੋਂ ਕੁਝ ਹਜ਼ਾਰ ਤੱਕ ਹੁੰਦੀ ਹੈ। ਹਾਲਾਂਕਿ ਪਿੰਡ ਅਕਸਰ ਪੇਂਡੂ ਖੇਤਰਾਂ ਵਿੱਚ ਸਥਿਤ ਹੁੰਦੇ ਹਨ, ਪਰ ਸ਼ਹਿਰੀ ਪਿੰਡ ਸ਼ਬਦ ਕੁਝ ਸ਼ਹਿਰੀ ਆਂਢ-ਗੁਆਂਢ ਵਿੱਚ ਵੀ ਲਾਗੂ ਹੁੰਦਾ ਹੈ। ਪਿੰਡ ਆਮ ਤੌਰ 'ਤੇ ਸਥਾਈ ਹੁੰਦੇ ਹਨ, ਸਥਿਰ ਨਿਵਾਸਾਂ ਦੇ ਨਾਲ; ਹਾਲਾਂਕਿ, ਅਸਥਾਈ ਪਿੰਡ ਹੋ ਸਕਦੇ ਹਨ। ਇਸ ਤੋਂ ਇਲਾਵਾ, ਇੱਕ ਪਿੰਡ ਦੇ ਨਿਵਾਸ ਇੱਕ ਦੂਜੇ ਦੇ ਕਾਫ਼ੀ ਨੇੜੇ ਹਨ, ਇੱਕ ਖਿੰਡੇ ਹੋਏ ਬੰਦੋਬਸਤ ਦੇ ਰੂਪ ਵਿੱਚ, ਲੈਂਡਸਕੇਪ ਉੱਤੇ ਵਿਆਪਕ ਤੌਰ 'ਤੇ ਖਿੰਡੇ ਹੋਏ ਨਹੀਂ ਹਨ। 20ਵੀਂ ਸਦੀ ਦੇ ਸ਼ੁਰੂ ਵਿੱਚ ਮਹਾਤਮਾ ਗਾਂਧੀ ਨੇ ਐਲਾਨ ਕੀਤਾ ਸੀ, "ਭਾਰਤ ਦੀ ਆਤਮਾ ਆਪਣੇ ਪਿੰਡਾਂ ਵਿੱਚ ਰਹਿੰਦੀ ਹੈ।" ਭਾਰਤ ਦੀ 2011 ਦੀ ਜਨਗਣਨਾ ਦੇ ਅਨੁਸਾਰ, 69% ਭਾਰਤੀ (ਲਗਭਗ 833 ਮਿਲੀਅਨ ਲੋਕ) 640,867 ਵੱਖ-ਵੱਖ ਪਿੰਡਾਂ ਵਿੱਚ ਰਹਿੰਦੇ ਹਨ। ਇਨ੍ਹਾਂ ਪਿੰਡਾਂ ਦਾ ਆਕਾਰ ਕਾਫ਼ੀ ਵੱਖਰਾ ਹੈ। 236,004 ਭਾਰਤੀ ਪਿੰਡਾਂ ਦੀ ਆਬਾਦੀ 500 ਤੋਂ ਘੱਟ ਹੈ, ਜਦੋਂ ਕਿ 3,976 ਪਿੰਡਾਂ ਦੀ ਆਬਾਦੀ 10,000 ਤੋਂ ਵੱਧ ਹੈ। ਜ਼ਿਆਦਾਤਰ ਪਿੰਡਾਂ ਦਾ ਆਪਣਾ ਮੰਦਰ, ਮਸਜਿਦ ਜਾਂ ਚਰਚ ਹੈ, ਜੋ ਕਿ ਸਥਾਨਕ ਧਾਰਮਿਕ ਅਨੁਯਾਈਆਂ 'ਤੇ ਨਿਰਭਰ ਕਰਦਾ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਵਿੱਚ ਕੁੱਲ 12581 ਵਸੋਂ ਵਾਲੇ ਪਿੰਡ ਹਨ। ਪੰਜਾਬ ਰਾਜ ਦੀ ਕੁੱਲ ਆਬਾਦੀ ਵਿੱਚੋਂ ਲਗਭਗ 62.52 ਫ਼ੀਸਦੀ ਲੋਕ ਪੇਂਡੂ ਖੇਤਰਾਂ ਦੇ ਪਿੰਡਾਂ ਵਿੱਚ ਰਹਿੰਦੇ ਹਨ।

## ਕੇਂਦਰੀ ਸ਼ਬਦ

- **ਭੂਗੋਲਿਕ ਖੇਤਰ** ਉਸ ਸਭਿਆਚਾਰ ਦੇ ਖੇਤਰ ਨੂੰ ਕਹਿੰਦੇ ਹਨ ਜਿਥੇ ਰਲਦੇ ਮਿਲਦੇ ਸਭਿਆਚਾਰ ਜਾਂ ਉਪ ਸਭਿਆਚਾਰ ਵਿਚਰ ਰਹੇ ਹੋਣ।
- **ਸਭਿਆਚਾਰਕ ਖੇਤਰ** ਦਾ ਨਿਰਣਾ, ਸਭਿਆਚਾਰਕ ਅਤੇ ਭੂਗੋਲ ਦੇ ਅੰਤਰ ਸਬੰਧਾਂ ਤੇ ਵੀ ਨਿਰਭਰ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ, ਖਾਣ ਪੀਣ ਬਹੁਤ ਹੱਦ ਤੱਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਕਿਸੇ ਖਿਤੇ ਦੇ ਪ੍ਰਾਪਤ ਜਲਵਾਯੂ ਵਸੀਲੇ ਬਨਸਪਤੀ, ਦਰਿਆ, ਪੌਣ ਪਾਣੀ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਮਾਂਹ ਦੀ ਅਵਸਥਾ, ਜਮੀਨ ਦੀ ਕਿਸਮ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।
- **ਕਦਰ ਪ੍ਰਣਾਲੀ** ਕਿਸੇ ਸਭਿਆਚਾਰਕ ਸਮੂਹ ਦੀ ਜੀਵਨ ਸ਼ੈਲੀ।

- **ਖਪਤਵਾਦ** ਬੇਲੋੜੀਆਂ ਚੀਜਾਂ/ਵਸਤਾਂ ਨੂੰ ਭੋਗਣ ਦੀ ਮਾਨਸਿਕਤਾ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪੰਜਾਬੀ ਵਿਆਹ ਪ੍ਰਬੰਧ ਦੀ ਵਿਸ਼ੇਸ਼ਤਾ ਹੈ:**

ੳ) ਅੰਤਰ-ਜਾਤੀ ਵਿਆਹ

ਅ) ਅੰਤਰ-ਧਰਮੀ ਵਿਆਹ

ੲ) ਅੰਤਰ-ਗੋਤਰੀ ਵਿਆਹ

ਸ) ਅੰਤਰ-ਨਸਲੀ ਵਿਆਹ

**ਪ੍ਰਸ਼ਨ 2. ਇਕ-ਪਤਨੀ ਜਾਂ ਇਕ-ਪਤੀ ਪਰਿਵਾਰ ਕਿਸ ਸ੍ਰੇਣੀ ਵਿਚ ਆਉਂਦਾ ਹੈ?**

ੳ) ਇਕਹਿਰਾ ਪਰਿਵਾਰ

ਅ) ਸੰਯੁਕਤ ਪਰਿਵਾਰ

ੲ) ਪੁਰਾਤਨ ਪਰਿਵਾਰ

ਸ) ਵਿਅਕਤੀਗਤ ਪਰਿਵਾਰ

**ਪ੍ਰਸ਼ਨ 3. ਗੁੱਗਾ ਪੀਰ ਕਿਸ ਧਰਮ ਦਾ ਹਿੱਸਾ ਹੈ?**

ਹਿੰਦੂ ਧਰਮ

ਇਸਲਾਮ ਧਰਮ

ਸਿੱਖ ਧਰਮ

ਲੋਕ ਧਰਮ

**ਪ੍ਰਸ਼ਨ 4. ਪੁਰਾਤਨ ਸਮੇਂ ਪਿੰਡਾਂ ਵਿਚ ਕਿੱਤੇ ਦੀ ਵੰਡ ਦਾ ਅਧਾਰ ਨਹੀਂ ਸੀ?**

ੳ) ਪਰਿਵਾਰ ਅਧਾਰਤ

ਅ) ਲਿੰਗਕ ਅਧਾਰਤ

ੲ) ਜਾਤੀ ਅਧਾਰਤ

ਸ) ਉਮਰ ਅਧਾਰਤ

**ਪ੍ਰਸ਼ਨ 5. ਪੰਜਾਬ ਦੇ ਪਿੰਡਾਂ ਦੇ ਨਾਵਾਂ ਦੀ ਵਿਸ਼ੇਸ਼ਤਾ ਨਹੀਂ ਹੈ:**

ੳ) ਰੁੱਤਾਂ ਅਧਾਰਤ

ਅ) ਗੋਤਰ ਅਧਾਰਿਤ

ੲ) ਜਾਤੀ ਅਧਾਰਤ

ਸ) ਵੱਡੇ ਵਡੇਰਿਆਂ ਅਧਾਰਿਤ

**ਪ੍ਰਸ਼ਨ 6. ਨਵੇਂ ਪਿੰਡ ਨੂੰ...........ਦੀ ਰਸਮ ਨੂੰ ਮੋਹੜੀ ਗੱਡਣਾ ਕਿਹਾ ਜਾਂਦਾ ਹੈ।**

ੳ) ਵਸਾਉਣ

ਅ) ਢਾਹੁਣ

ੲ) ਛੱਡਣ

ਸ) ਪੂਜਣ

**ਪ੍ਰਸ਼ਨ 7. ਪੁਰਾਤਨ ਪਿੰਡਾਂ ਨਾਲ ਕਿਹੜੇ ਰੁੱਖ ਦੀ ਹੋਂਦ ਨਹੀਂ ਸੀ?**

ੳ) ਤੂਤ

ਅ) ਕਿੱਕਰ

ੲ) ਸਫੈਦਾ

ਸ) ਟਾਹਲੀ

**ਪ੍ਰਸ਼ਨ 8. ਪੁਰਾਤਨ ਪਿੰਡਾਂ ਵਿਚ ਦਰਵਾਜ਼ਾ ਕਿਸ ਦਿਸ਼ਾ ਵੱਲ ਰੱਖਿਆ ਜਾਂਦਾ ਸੀ?**

ੳ) ਪੂਰਬ

ਅ) ਪੱਛਮ

ੲ) ਉੱਤਰ

ਸ) ਦੱਖਣ

**ਪ੍ਰਸ਼ਨ 9. ਪੰਜਾਬੀ ਪਰਿਵਾਰ ਵਿਚ ਵਾਰਿਸ ਨਿਸ਼ਚਿਤ ਕਰਨ ਦਾ ਪ੍ਰੰਪਰਾਗਤ ਅਧਾਰ ਕੀ ਹੈ?**

ੳ) ਸਕੇ ਵੱਡੇ ਪੁੱਤਰ ਦੇ ਅਧਾਰ ਉੱਤੇ

ਅ) ਘਰ ਦੇ ਵੱਡੇ ਪੁੱਤਰ ਦੇ ਅਧਾਰ ਉੱਤੇ

ੲ) ਖ਼ੂਨ ਦੇ ਸਬੰਧ ਦੇ ਅਧਾਰ ਉੱਤੇ

ਸ) ਲਿੰਗਕ ਅਧਾਰ ਉੱਤੇ

**ਪ੍ਰਸ਼ਨ 10. ਪੁਰਾਤਨ ਪਿੰਡਾਂ ਵਿਚ ਸਭ ਤੋਂ ਛੋਟੀ ਇਕਾਈ ਕਿਹੜੀ ਹੈ?**

ੳ) ਪਰਿਵਾਰ

ਅ) ਪੰਚਾਇਤ

ੲ) ਧਰਮਸ਼ਾਲਾ

ਸ) ਭਾਈਚਾਰਾ

**ਪ੍ਰਸ਼ਨ 11. ਪੁਰਾਤਨ ਪਿੰਡਾਂ ਵਿਚ ਸਭ ਤੋਂ ਵੱਡੀ ਚੁਣੀ ਹੋਈ ਇਕਾਈ ਕਿਹੜੀ ਹੈ?**

ੳ) ਪਰਿਵਾਰ

ਅ) ਪੰਚਾਇਤ

ੲ) ਧਰਮਸ਼ਾਲਾ

ਸ) ਬਰਾਦਰੀ

**ਪ੍ਰਸ਼ਨ 12. ਪੁਰਾਤਨ ਪਿੰਡਾਂ ਵਿਚ ਜਾਤੀਗਤ ਵੱਡੀ ਇਕਾਈ ਕਿਹੜੀ ਹੁੰਦੀ ਹੈ?**

ੳ) ਪਰਿਵਾਰ

ਅ) ਪੰਚਾਇਤ

ੲ) ਧਰਮਸ਼ਾਲਾ

ਸ) ਬਰਾਦਰੀ

**ਪ੍ਰਸ਼ਨ 13. ਪੰਜ ਪ੍ਰਤੀਨਿਧ ਵਿਅਕਤੀਆਂ ਦੇ ਸਮੂਹ ਨਾਲ ਸਬੰਧਤ ਕਿਹੜੀ ਪਿੰਡ ਦੀ ਇਕਾਈ ਹੁੰਦੀ ਹੈ?**

ੳ) ਪਰਿਵਾਰ

ਅ) ਪੰਚਾਇਤ

ੲ) ਧਰਮਸ਼ਾਲਾ

ਸ) ਬਰਾਦਰੀ

**ਪ੍ਰਸ਼ਨ 14. ਪੱਤੀ ਦਾ ਸਬੰਧ ਕਿਸ ਨਾਲ ਹੁੰਦਾ ਹੈ?**

ੳ) ਪਰਿਵਾਰ

ਅ) ਗਲੀ

ੲ) ਘਰ

ਸ) ਵਿਹੜਾ

**ਪ੍ਰਸ਼ਨ 15. ਪੁਰਾਤਨ ਪਿੰਡਾਂ ਵਿਚ ਕਿਸ ਦੀ ਹੋਂਦ ਨਹੀਂ ਸੀ?**

ੳ) ਪਰਿਵਾਰ

ਅ) ਖੂਹ

ੲ) ਨਹਿਰਾਂ

ਸ) ਬਰਾਦਰੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ੳ** | **3. ਸ** | **4. ਸ** | **5. ੳ** |
| **6. ੳ** | **7. ੲ** | **8. ੳ** | **9. ੳ** | **10. ੳ** |
| **11. ਅ** | **12. ਸ** | **13. ਅ** | **14. ੲ** | **15. ੲ** |

## ਅਭਿਆਸ ਪ੍ਰਸ਼ਨ

1. ਪੁਰਾਤਨ ਪਿੰਡਾਂ ਦੀ ਭੂਗੋਲਿਕ ਬਣਤਰ ਬਾਰੇ ਚਰਚਾ ਕਰੋ।
2. ਪੁਰਾਤਨ ਪਿੰਡਾਂ ਦੀਆਂ ਸਮਾਜਿਕ ਸੰਸਥਾਵਾਂ ਬਾਰੇ ਚਰਚਾ ਕਰੋ।
3. ਸਾਕਾਦਾਰੀ ਤੇ ਸ਼ਰੀਕਾਦਾਰੀ ਬਾਰੇ ਨੋਟ ਲਿਖੋ।
4. ਪੁਰਾਤਨ ਪਿੰਡਾਂ ਵਿਚ ਧਰਮ ਦੀ ਕੀ ਮਹੱਤਤਾ ਸੀ? ਨੋਟ ਲਿਖੋ।
5. ਪਿੰਡਾਂ ਵਿਚ ਬਰਾਦਰੀ ਦੀ ਕੀ ਭੂਮਿਕਾ ਹੁੰਦੀ ਸੀ? ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.

- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ


- https://pa.wikipedia.org/wiki/%E0%A8%B8%E0%A9%B1%E0%A8%AD%E0%A8%BF%E0%A8%86%E0%A8%9A%E0%A8%BE%E0%A8%B0

*Satwant Singh, Lovely Professional University*

# ਅਧਿਆਇ-8 : ਲੋਕਧਾਰਾ ਦੀ ਪ੍ਰਕਿਰਤੀ, ਪਰਿਭਾਸ਼ਾ, ਸੰਕਲਪ, ਖੇਤਰ ਅਤੇ ਲੋਕਧਾਰਾ ਸ਼ਾਸਤਰ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਲੋਕਧਾਰਾ ਦੀ ਪ੍ਰਕਿਰਤੀ, ਪਰਿਭਾਸ਼ਾ ਤੇ ਸੰਕਲਪ
4. ਲੋਕਧਾਰਾ ਦੇ ਖੇਤਰ
5. ਲੋਕਧਾਰਾ ਸ਼ਾਸਤਰ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਲੋਕਧਾਰਾ ਦੀ ਪ੍ਰਕਿਰਤੀ ਤੇ ਪ੍ਰਕਾਰਜ ਇਕ ਅਨੁਸ਼ਾਸ਼ਨ ਵਜੋਂ ਸਮਝ ਹਾਸਿਲ ਕਰਨਗੇ
- ਲੋਕਧਾਰਾ ਦੇ ਖੇਤਰਾਂ ਬਾਰੇ ਗਿਆਨ ਹਾਸਿਲ ਕਰਨਗੇ
- ਲੋਕਧਾਰਾ ਸ਼ਾਸਤਰ ਬਾਰੇ ਸੂਝ ਹਾਸਿਲ ਕਰਨਗੇ
- ਲੋਕਧਾਰਾ ਦੀ ਇਕ ਅਨੁਸ਼ਾਸ਼ਨ ਵਜੋਂ ਸਮਝ ਹਾਸਿਲ ਕਰਨਗੇ

## ਭੂਮਿਕਾ

ਮਨੁੱਖ ਇਸ ਸੰਸਾਰ ਦੀ ਸਭ ਤੋਂ ਵੱਧ ਵਚਿੱਤਰ, ਗੁੰਝਲਦਾਰ ਅਤੇ ਉੱਤਮ ਨਸਲ ਪ੍ਰਵਾਨ ਕੀਤੀ ਗਈ ਹੈ। ਮਨੁੱਖ ਆਪਣੀਆਂ ਸਰੀਰਕ ਖ਼ਾਸੀਅਤਾਂ ਜਾਂ ਸਮਾਜਿਕ ਅਲਾਮਤਾਂ ਸਦਕਾ ਇਸ ਧਰਤੀ ਦਾ ਸਿਕਦਾਰ ਹੋਣ ਦਾ ਮਾਣ ਰੱਖਦਾ ਹੈ। ਉਹ ਬੋਲ ਸਕਦਾ ਹੈ, ਉਹ ਸੋਚ ਸਕਦਾ ਹੈ, ਉਹ ਕਲਪਨਾ ਕਰ ਸਕਦਾ ਹੈ, ਵਿਚਾਰ ਵਟਾਂਦਰਾ ਜਾਂ ਦੂਸਰਿਆਂ ਨਾਲ ਸੰਵਾਦ ਰਚਾ ਸਕਦਾ ਹੈ। ਇਹ ਲੱਛਣ ਭਾਵੇਂ ਸੰਸਾਰ ਦੇ ਕੁੱਝ ਹੋਰ ਜੀਵ-ਜੰਤੂਆਂ ਵਿੱਚ ਘੱਟ ਜਾਂ ਵੱਧ ਮਾਤਰਾ ਵਿੱਚ ਪਾਏ ਜਾਂਦੇ ਹਨ ਪਰੰਤੂ ਮਨੁੱਖ ਦੂਜੀਆਂ ਸਾਰੀਆਂ ਹੀ ਨਸਲਾਂ ਨਾਲੋਂ ਇਸ ਪੱਖ ਤੋਂ ਵਿਸ਼ੇਸ਼ਤਾ ਰੱਖਦਾ ਹੈ ਕਿ ਮਨੁੱਖ ਆਪਣੇ (Social Heritage) ਉੱਪਰ ਨਿਰਭਰ ਕਰਦਾ ਹੈ ਅਤੇ ਬਾਕੀ ਨਸਲਾਂ ਜੀਵ ਵਿਗਿਆਨਕ (Biological) ਵਿਰਸੇ ਤੇ ਨਿਰਭਰ ਕਰਦੀਆਂ ਹਨ। ਇਸ ਦਾ ਸਪੱਸ਼ਟ ਭਾਵ ਇਹ ਬਣਦਾ ਹੈ ਕਿ ਮਨੁੱਖੀ ਸ਼ਖ਼ਸ਼ੀਅਤ ਅਤੇ ਉਸ ਦਾ ਨਿਰਮਾਣ ਉਹ ਸਮਾਜਿਕ ਹਾਲਤਾਂ ਕਰਦੀਆਂ ਹਨ ਜਿੰਨ੍ਹਾਂ ਵਿੱਚ ਉਹ ਜੰਮਦਾ ਪਲਦਾ ਹੈ। ਇਹ ਸਮਾਜ ਜਾਂ ਸਮਾਜਿਕ ਹਾਲਤਾਂ ਦੇ ਸੰਪਰਕ ਦੌਰਾਨ ਜਿਵੇਂ-ਜਿਵੇਂ ਮਨੁੱਖ ਆਦਾਨ-ਪ੍ਰਦਾਨ ਕਰਦਾ ਜਾਂਦਾ ਹੈ ਉਸ ਦੇ ਗਿਆਨ ਦਾ ਖੇਤਰ ਹੋਰ ਵਧੇਰੇ ਵਿਕਸਿਤ, ਵਿਸ਼ਾਲ ਅਤੇ

ਗਹਿਰਾ ਹੁੰਦਾ ਜਾਂਦਾ ਹੈ। ਮਨੁੱਖ ਸੁਭਾਵਿਕ ਤੌਰ ਤੇ ਚੇਤਨ ਪ੍ਰਾਣੀ ਹੈ ਅਰਥਾਤ ਉਹ ਦਿਮਾਗ਼ ਰੱਖਦਾ ਹੈ। ਜਿਵੇਂ-ਜਿਵੇਂ ਉਹ ਵਿਚਾਰ ਦੇ ਪੱਧਰ ਤੇ ਜਾਂ ਭਾਵਾਂ ਦੀ ਪੱਧਰ ਤੇ ਸਮਾਜਿਕ ਹਾਲਤਾਂ ਵਿੱਚੋ ਗੁਜ਼ਰਦਾ ਜਾਂਦਾ ਹੈ, ਉਸਦੇ ਗਿਆਨ ਦਾ ਖੇਤਰ ਵਧੇਰੇ ਵਿਕਸਿਤ ਕਰਦਾ ਜਾਂਦਾ ਹੈ। ਮਨੁੱਖ ਆਪਣੀ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਕੁਦਰਤ ਨੂੰ ਸਮਝਣ, ਇਸ ਉੱਤੇ ਜਿੱਤ ਹਾਸਲ ਕਰਨ, ਇਸ ਨੂੰ ਆਪਣੇ ਅਨੁਕੂਲ ਢਾਲਣ ਜਾਂ ਆਪਣੇ ਆਪ ਨੂੰ ਪ੍ਰਕਿਰਤੀ ਦੇ ਅਨੁਸਾਰ ਢਾਲਣ ਦੀ ਕੋਸ਼ਿਸ਼ ਕਰਦਾ ਰਿਹਾ ਹੈ।

ਕੁਦਰਤ ਨੂੰ ਸਮਝਣ-ਸਮਝਾਉਣ ਦੇ ਅਮਲ ਵਿੱਚੋਂ ਹੀ ਲੋਕਧਾਰਾ ਦਾ ਜਨਮ ਹੋਇਆ ਹੈ। ਭਾਵ ਆਦਿ ਮਨੁੱਖ ਜਦੋਂ ਵਰਖਾ, ਸੂਰਜ ਦੇ ਚੜ੍ਹਨ-ਡੁੱਬਣ, ਹਨੇਰੀ ਚੱਲਣ, ਤੂਫਾਨ ਆਉਣ ਵਰਗੇ ਵਰਤਾਰਿਆਂ ਨੂੰ ਦੇਖਦਾ ਸੀ ਅਤੇ ਉਸ ਦੇ ਮਨ ਵਿੱਚ ਇਨ੍ਹਾਂ ਵਰਤਾਰਿਆਂ ਪ੍ਰਤੀ ਅਜੀਬ ਕਿਸਮ ਦੇ ਪ੍ਰਭਾਵ ਪੈਦਾ ਹੋਣੇ ਸੁਭਾਵਿਕ ਸਨ। ਜਦੋਂ ਉਸਨੂੰ ਪਿਆਸ ਲੱਗਦੀ ਸੀ ਤਾਂ ਉਹ ਪਾਣੀ ਪੀ ਕੇ ਆਪਣੀ ਪਿਆਸ ਬੁਝਾਉਂਦਾ ਸੀ, ਭੁੱਖ ਲੱਗਦੀ ਸੀ ਤੇ ਉਹ ਕੁੱਝ ਖਾ ਕੇ ਆਪਣੀ ਭੁੱਖ ਮਿਟਾਉਂਦਾ ਸੀ, ਜਦੋਂ ਸੂਰਜ ਚੜ੍ਹਦਾ ਸੀ ਤਾਂ ਉਸ ਨੂੰ ਲੱਗਦਾ ਸੀ ਕਿ ਜ਼ਹਿਰੀਲੇ ਖੂੰਖਾਰ ਜੀਵ ਸੂਰਜ ਦੀ ਰੌਸ਼ਨੀ ਵਿੱਚ ਉਸਦੇ ਨੇੜੇ ਨਹੀਂ ਸਨ ਢੁੱਕਦੇ। ਹੌਲੀ-ਹੌਲੀ ਅੱਗ ਉਸਦੇ ਜੀਵਨ ਦਾ ਹਿੱਸਾ ਬਣ ਗਈ। ਅੱਗ ਤੋਂ ਵੀ ਜੰਗਲੀ ਜਾਨਵਰ ਡਰਦੇ ਰਹੇ ਹਨ। ਅੱਗ ਪ੍ਰਾਪਤ ਹੋਣ ਮਗਰੋਂ ਪਾਣੀ, ਸੂਰਜ, ਧਰਤੀ ਆਦਿ ਉਸ ਲਈ ਦੇਵਤੇ ਬਣ ਗਏ। ਜਿਹੜੇ ਉਸਦੇ ਜੀਵਨ ਲਈ ਉਸਾਰੂ ਭੂਮਿਕਾ ਨਿਭਾਉਂਦੇ ਸਨ।

ਕੁਦਰਤ ਦਾ ਇੱਕ ਉਹ ਰੂਪ ਵੀ ਸੀ ਜਿਹੜਾ ਮਨੁੱਖ ਦੇ ਸਾਹਮਣੇ ਵਿਕਰਾਲ ਰੂਪ ਵਿੱਚ ਵੀ ਵਿਚਰਦਾ ਰਿਹਾ ਹੈ। ਝੱਖੜ ਤੂਫ਼ਾਨ, ਹੜ੍ਹ, ਮਹਾਂਮਾਰੀ ਆਦਿ ਪ੍ਰਕਿਰਤੀ ਦੇ ਮਾਰੂ ਪ੍ਰਭਾਵ ਪਾਉਣ ਵਾਲੇ ਪੱਖ ਹਨ। ਇਨ੍ਹਾਂ ਪੱਖਾਂ ਨੂੰ ਮਨੁੱਖ ਪ੍ਰਕਿਰਤੀ ਦੀ ਕਰੋਪੀ ਜਾਂ ਬਦਰੂਹਾਂ ਦੀ ਕਰੋਪੀ ਮੰਨਦਾ ਰਿਹਾ ਹੈ। ਪ੍ਰਕਿਰਤੀ ਦੇ ਇਸ ਰੂਪ ਨੂੰ ਮਨੁੱਖ ਨੇ ਭੂਤ, ਪ੍ਰੇਤ, ਚੁੜੇਲ, ਛਲੇਡਾ ਕੁੱਲ ਮਿਲਾ ਕੇ ਸ਼ੈਤਾਨ ਦਾ ਰੂਪ ਦਿੱਤਾ ਹੈ। ਸੋ ਭਗਵਾਨ, ਸ਼ੈਤਾਨ ਜਾਂ ਹੈਵਾਨ ਮਨੁੱਖੀ ਜੀਵਨ ਦੇ ਅਜਿਹੇ ਸੰਕਲਪ ਹਨ ਜਿਹੜੇ ਮਨੁੱਖ ਨੇ ਪ੍ਰਕਿਰਤਕ ਵਰਤਾਰਿਆਂ ਵਿੱਚੋਂ ਅਪਣਾਏ ਹਨ ਅਤੇ ਉਸਦੇ ਚੰਗੇ-ਮਾੜੇ ਪ੍ਰਭਾਵ ਨੂੰ ਦਰਸਾਉਣ ਹਿੱਤ ਵਰਤੇ ਹਨ। ਜੀਵਨ ਅੰਦਰ ਜੇ ਹਨੇਰ ਹੈ ਤਾਂ ਰੌਸ਼ਨੀ ਵੀ, ਜੇ ਦੁੱਖ ਹੈ ਤਾਂ ਸੁੱਖ ਵੀ, ਜੇ ਪੁੰਨ ਹੈ ਤਾਂ ਪਾਪ ਵੀ, ਜੇ ਸ਼ਗਨ ਹੈ ਤਾਂ ਅਪਸ਼ਗਨ ਵੀ, ਜੇ ਗਿਆਨ ਹੈ ਤਾਂ ਅਗਿਆਨ ਵੀ। ਇਉਂ ਸਮੁੱਚਾ ਮਾਨਵੀ ਜੀਵਨ ਦੋ ਪਰਸਪਰ ਵਿਰੋਧੀ ਧਰੁਵਾਂ ਉੱਪਰ ਉੱਸਰਿਆ ਹੋਇਆ ਹੈ।

ਮਨੁੱਖ ਆਪਣੀ ਚੇਤਨਾ ਦੇ ਮੁੱਢਲੇ ਪੜਾਅ ਤੋਂ ਹੀ ਆਪਣੇ ਆਪ ਨੂੰ ਆਪਣੇ ਸਮਾਜਿਕ ਜੀਵਨ ਅਤੇ ਪ੍ਰਕਿਰਤਕ ਚੌਗਿਰਦੇ ਨੂੰ ਸਮਝਣ ਅਤੇ ਸਮਝਾਉਣ ਵਿੱਚ ਹੀ ਲੱਗਾ ਰਿਹਾ ਹੈ। ਲੋਕਧਾਰਾ, ਸਭਿਆਚਾਰ, ਧਰਮ, ਫਲਸਫਾ ਆਦਿ ਮਨੁੱਖ ਦੀ ਪ੍ਰਕਿਰਤੀ, ਸਮਾਜ ਜਾਂ ਆਪਣੇ ਆਪ ਨੂੰ ਸਮਝਣ-ਸਮਝਾਉਣ ਦੇ ਵਿੱਚੋਂ ਪੈਦਾ ਹੋਏ ਅਨੁਸ਼ਾਸਨ ਹੀ ਮੰਨੇ ਜਾਂਦੇ ਹਨ।

## ਲੋਕਧਾਰਾ ਦਾ ਸੰਕਲਪ

ਲੋਕਧਾਰਾ ਇਕ ਅਨੁਸ਼ਾਸਨ ਵਜੋਂ ਦੂਜੇ ਆਧੁਨਿਕ ਸਮਾਜਿਕ ਵਿਗਿਆਨਾਂ ਵਾਂਗ ਪੱਛਮੀ ਚਿੰਤਨ ਚੇਤਨਾ ਦੇ ਪ੍ਰਭਾਵ ਅਧੀਨ ਹੀ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਵਿੱਚ ਪ੍ਰਵੇਸ਼ ਹੋਇਆ ਹੈ। ਪੱਛਮੀ ਵਿਦਵਾਨਾਂ ਨੇ ਉਨ੍ਹਾਂ ਸਾਰੀਆਂ ਕਦਰਾਂ-ਕੀਮਤਾਂ, ਵਰਤਾਰਿਆਂ ਅਤੇ ਵਸਤਾਂ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕਰਦੇ ਹੋਏ ਇਨ੍ਹਾਂ ਦੇ ਅਧਿਐਨ ਵਿਸ਼ਲੇਸ਼ਣ ਦੀ ਲੋੜ ਨੂੰ ਮਹਿਸੂਸ ਕੀਤਾ ਸੀ। ਇਹ ਵੀ ਕਿਹਾ ਜਾਂਦਾ ਹੈ ਕਿ 1846 ਈ. ਵਿੱਚ ਵਿਲੀਅਮ ਜਾਨ ਥਾਮਸ ਨਾਂ ਦੇ ਇੱਕ ਅੰਗਰੇਜ਼ ਵਿਦਵਾਨ ਨੇ ਆਪਣੇ ਇੱਕ ਪੱਤਰ ਵਿੱਚ ਲੋਕਪ੍ਰਿਯ ਪਰੰਪਰਾਵਾਂ ਅਤੇ ਲੋਕਪ੍ਰਿਯ ਸਾਹਿਤ ਦੀ ਸੰਭਾਲ ਅਤੇ ਪ੍ਰਕਾਸ਼ਨ ਸੰਬੰਧੀ ਮਸ਼ਵਰਾ ਦਿੰਦੇ ਹੋਏ ਇਸਨੂੰ 'Folklore' ਦਾ ਨਾਂ ਦਿੱਤਾ ਸੀ। ਉਸੇ ਸਮੇਂ ਤੋਂ ਵਿਲੀਅਮ ਜਾਨ ਥਾਮਸ ਨੂੰ ਇਸ ਅਨੁਸ਼ਾਸ਼ਨ ਦਾ ਸੰਸਥਾਪਕ ਮੰਨਿਆ ਜਾਣ ਲੱਗ ਪਿਆ। ਪੱਛਮ ਵਿੱਚ ਇਸ ਦ੍ਰਿਸ਼ਟੀ ਤੋਂ ਬਹੁਤ ਸਾਰਾ ਵਰਣਨਯੋਗ ਕਾਰਜ ਹੁੰਦਾ ਰਿਹਾ ਹੈ। 1849 ਈ. ਵਿੱਚ ਜਾਨ ਥਾਮਸ ਨੇ ਇੱਕ ਵਿਸ਼ੇਸ਼ ਪੱਤ੍ਰਿਕਾ ਪ੍ਰਕਾਸ਼ਤ ਕੀਤੀ ਸੀ। ਜਿਸਨੂੰ (Notes and Queries) ਦਾ ਨਾਂ ਦਿੱਤਾ ਸੀ। ਇਸ ਪੱਤ੍ਰਿਕਾ ਰਾਹੀਂ ਵੀ ਇਹ ਅਪੀਲ ਕੀਤੀ ਗਈ ਸੀ ਕਿ ਲੋਕਪ੍ਰਿਯ ਪਰੰਪਰਾਵਾਂ ਅਤੇ ਲੋਕਪ੍ਰਿਯ ਸਾਹਿਤ ਦੀ ਸਾਂਭ-ਸੰਭਾਲ ਅਤਿਅੰਤ ਜ਼ਰੂਰੀ ਹੈ ਅਤੇ ਇਸਨੂੰ ਪਹਿਲ ਦੇ ਆਧਾਰ ਤੇ ਕੀਤਾ ਜਾਣਾ ਚਾਹੀਦਾ ਹੈ। 1878 ਈ. ਵਿੱਚ ਜਾਨ ਥਾਮਸ ਦੇ ਨਿਰਦੇਸ਼ਨ ਅਧੀਨ ਲੰਦਨ ਵਿਖੇ ਪਹਿਲੀ ਵਾਰ ਇੱਕ ਸੰਸਥਾ ਦੀ ਨੀਂਹ ਰੱਖੀ ਗਈ ਸੀ। ਇਸ ਸੰਸਥਾ ਨੇ 1879 ਈਂ. ਵਿੱਚ ਫੋਕਲੋਰ (Folklore) ਨਾਂ ਦੀ ਪੱਤ੍ਰਿਕਾ ਜਾਰੀ ਕਰ ਦਿੱਤੀ ਸੀ। ਸ਼ੁਰੂ ਵਿੱਚ ਇਸਦਾ ਨਾਂ Folklore Records ਕੀਤਾ ਗਿਆ ਸੀ। ਲੰਦਨ ਵਿਚਲੀਆਂ ਸਰਗਰਮੀਆਂ ਨੂੰ ਦੇਖਦੇ ਹੋਏ 1888 ਈ. ਵਿੱਚ ਅਮਰੀਕਾ ਵਿਖੇ ਵੀ The American Folklore Society ਕਾਇਮ ਕਰ ਦਿੱਤੀ ਗਈ ਸੀ। ਇਸੇ ਪ੍ਰਭਾਵ ਅਧੀਨ ਸੰਕੇਡੇਨੇਵੀਆ, ਰੂਸ, ਜਰਮਨੀ, ਫ਼ਰਾਂਸ, ਤੁਰਕੀ, ਸਪੇਨ, ਆਇਰਲੈਂਡ, ਫਿਨਲੈਂਡ ਤੇ ਦੱਖਣੀ ਅਮਰੀਕਾ ਵਿੱਚ ਵੀ ਫੋਕਲੋਰ ਦੀ ਸੰਭਾਲ ਹਿੱਤ ਸੰਸਥਾਵਾਂ ਕਾਇਮ ਕਰ ਦਿੱਤੀਆਂ ਗਈਆਂ ਸਨ। ਇਹ ਸੰਸਥਾਵਾਂ ਸਰਕਾਰੀ ਜਾਂ ਯੂਨੀਵਰਸਿਟੀ ਦੀ ਸਰਪ੍ਰਸਤੀ ਅਧੀਨ ਕਾਰਜ ਕਰਦੀਆਂ ਸਨ।

ਪੱਛਮੀ ਚਿੰਤਕ 'ਫੋਕਲੋਰ' ਸ਼ਬਦ ਦੀ ਘਾੜਤ ਤੋਂ ਪਹਿਲਾਂ ਅਜਿਹੀ ਸਮੱਗਰੀ ਜਾਂ ਵਰਤਾਰਿਆਂ ਨੂੰ ਲੋਕਪ੍ਰਿਯ ਜਾਂ ਪੁਰਾਤੱਤਵ ਸਮੱਗਰੀ ਜਾਂ ਲੋਕਪ੍ਰਿਯ ਸਾਹਿਤ ਦਾ ਨਾਂ ਦਿੰਦੇ ਸਨ। ਪ੍ਰੰਤੂ ਵਿਲੀਅਮ ਜਾਨ ਥਾਮਸ ਨੇ 'ਫੋਕ' ਅਤੇ 'ਲੋਰ' ਸਬਦਾਂ ਨੂੰ ਸੰਯੁਕਤ ਰੂਪ ਵਿੱਚ ਪ੍ਰਯੋਗ ਕਰਕੇ ਇਸਨੂੰ ਅਜਿਹੇ ਸੰਕਲਪਾਂ ਨਾਲ ਜੋੜ ਦਿੱਤਾ ਜਿਹੜਾ ਸਾਧਾਰਨ ਲੋਕਾਂ ਦੇ ਗਿਆਨ ਜਾਂ ਵਿੱਦਿਆ ਦਾ ਬੋਧ ਕਰਵਾਉਂਦਾ ਸੀ। 'ਫੋਕਲੋਰ' ਸ਼ਬਦ ਦੀ ਘਾੜਤ, ਇਸ ਨਾਲ ਜੁੜੇ ਸੰਕਲਪ ਅਨੇਕਾਂ ਪਰਿਵਰਤਨਾਂ ਵਿੱਚੋਂ ਗੁਜ਼ਰਦੇ ਰਹੇ ਹਨ ਪਰੰਤੂ ਕੁੱਲ ਮਿਲਾ ਕੇ ਉਹ ਸਾਰਾ ਗਿਆਨ, ਘਾੜਤਾਂ ਜਾਂ ਸੰਕਲਪ ਜਿਹੜੇ ਪੀੜ੍ਹੀ-ਦਰ-ਪੀੜ੍ਹੀ ਕਿਸੇ ਸਮਾਜਿਕ ਸਮੂਹ ਦੇ ਸੱਚ ਨੂੰ ਪ੍ਰਦਰਸ਼ਿਤ ਕਰਦੇ ਰਹੇ ਹਨ, ਲੋਕਧਾਰਾ ਦੇ ਅੰਤਰਗਤ ਵਿਚਾਰੇ ਜਾਂਦੇ ਹਨ। ਕੁੱਲ ਮਿਲਾ ਕੇ ਅਜਿਹਾ ਅਨੁਸ਼ਾਸ਼ਨ ਜਿਹੜਾ ਲੋਕਾਂ ਦੇ ਪਰੰਪਰਾਗਤ ਰੀਤੀ-ਰਿਵਾਜ,

ਵਿਧੀ-ਵਿਧਾਨ, ਵਿਸ਼ਵਾਸ਼, ਲੋਕ-ਸਾਹਿਤ, ਲੋਕ-ਧਰਮ ਦੇ ਵਿਭਿੰਨ ਪੱਖਾਂ ਦੀ ਪੇਸ਼ਕਾਰੀ ਕਰਦਾ ਰਿਹਾ ਹੈ, ਲੋਕਧਾਰਾ ਦੇ ਅੰਤਰਗਤ ਵਿਚਾਰਿਆ ਜਾਂਦਾ ਹੈ।

## ਪਰਿਭਾਸ਼ਾਵਾਂ

ਫੋਕਲੋਰ ਕਿਉਂਕਿ ਪੱਛਮੀ ਚਿੰਤਨ ਚੇਤਨਾ ਦੇਅਮਲ ਦੇ ਵਿੱਚੋਂ ਪੈਦਾ ਹੋਇਆ ਸੰਕਲਪ ਹੈ। ਇਸ ਲਈ ਇਸ ਖੇਤਰ ਵਿੱਚ ਕਾਰਜ ਕਰਨ ਵਾਲੇ ਅਤੇ ਸ਼ੁਹਰਤ ਪ੍ਰਾਪਤ ਕਰਨ ਵਾਲੇ ਵਿਦਵਾਨ ਵੀ ਪੱਛਮ ਨਾਲ ਹੀ ਸੰਬੰਧਿਤ ਰਹੇ ਹਨ। ਇਨ੍ਹਾਂ ਵਿਦਵਾਨਾਂ ਵਿੱਚ ਵਿਲੀਅਮ ਥਾਮਸ, ਇਰੇਲੀਓ ਇਸਪਨੇਜਾ, ਜਾਰਜ ਫਾਸਟਰ, ਆਰ.ਡੀ. ਜੇਮਸਨ, ਮੇਕਡਵਰਡ ਲੀਚ, ਆਰਚਰ ਟੇਲਰ, ਮਾਰੀਓਮ ਬਾਰਬੋ ਅਤੇ ਜਾਨ ਮਿਸ਼ ਆਦਿ ਦਾ ਵਡੇਰਾ ਯੋਗਦਾਨ ਹੈ। ਇਨ੍ਹਾਂ ਵਿੱਚੋਂ ਬਹੁਤ ਸਾਰੇ ਵਿਦਵਾਨ ਜਾਂ ਤਾਂ ਮਾਨਵ ਵਿਗਿਆਨ ਦੇ ਖੇਤਰ ਨਾਲ ਜੁੜੇ ਹੋਏ ਜਾਂ ਸਮਾਜਿਕ ਵਿਗਿਆਨ ਤੇ ਜਾਂ ਭਾਸ਼ਾ ਵਿਗਿਆਨ ਦੇ ਖੇਤਰਾਂ ਨਾਲ ਜੁੜੇ ਹੋਏ ਹਨ। ਇਸ ਲਈ ਲੋਕਧਾਰਾ ਨੂੰ ਪਰਖਣ ਜਾਂ ਇਸਦਾ ਅਧਿਐਨ ਵਿਸ਼ਲੇਸਣ ਕਰਨ ਲਈ ਪ੍ਰਯੋਗ ਹੋਈਆਂ ਵਿਧੀਆਂ ਨੂੰ ਵੀ ਅੰਤਰ ਅਨੁਸਾਸ਼ਨ ਵਿਧੀ ਰਾਹੀਂ ਦੇਖਿਆ ਜਾਂਦਾ ਹੈ। ਮਾਰੀਓਮ ਬਾਰਬੋ ਦੀ ਦ੍ਰਿਸ਼ਟੀ ਵਿੱਚ: ਫੋਕਲੋਰ ਦਾ ਅਰਥ ਉਹ ਸਾਰਾ ਕੁੱਝ ਹੈ ਜਿਹੜਾ ਪੁਰਾਤਨ ਸਮਿਆਂ ਤੋਂ ਅੱਜ ਤੱਕ ਮਨੁੱਖੀ ਸਭਿਆਚਾਰ ਦਾ ਹਿੱਸਾ ਬਣਦਾ ਰਿਹਾ ਹੈ। ਇਸਦਾ ਸੰਚਾਰ ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਤੱਕ ਬਿਨਾਂ ਕਿਸੇ ਪੁਸਤਕ ਪ੍ਰਕਾਸ਼ਨ ਜਾਂ ਸਕੂਲ ਅਧਿਆਪਕ ਤੋਂ ਹੁੰਦਾ ਹੈ।

ਇਸ ਪਰਿਭਾਸ਼ਾ ਨੂੰ ਥੋੜਾ ਧਿਆਨ ਨਾਲ ਦੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਵਿਦਵਾਨ ਬਾਰਬੋ 'ਪੁਰਾਤਨ ਸਮਿਆਂ ਤੋਂ ਅੱਜ ਤੱਕ ਦੀ ਉਕਤੀ' ਪਰੰਪਰਾ ਲਈ ਪ੍ਰਯੋਗ ਕਰਦਾ ਹੈ। ਦੂਜਾ, ਉਹ ਫੋਕਲੋਰ ਨੂੰ ਮਨੁੱਖ ਦੇ ਮੌਖਿਕ ਵਿਵਹਾਰ ਵਜੋਂ ਪ੍ਰਵਾਨ ਕਰਦਾ ਹੈ। ਤੀਜਾ, ਪੱਖ ਇਸ ਪਰਿਭਾਸ਼ਾ ਵਿੱਚ ਇਹ ਮਹੱਤਵ ਰੱਖਦਾ ਹੈ ਕਿ ਬਾਰਬੋ ਫੋਕਲੋਰ ਨੂੰ ਕਿਸੇ ਉਚੇਚੀ ਸਿਖਲਾਈ ਵਾਲੇ ਵਿਵਹਾਰ ਨਾਲੋਂ ਵੱਖਰੀ ਕਿਸਮ ਦਾ ਵਿਵਹਾਰ ਸਵੀਕਾਰ ਕਰਦਾ ਹੈ। ਉਸਦੀ ਪਰਿਭਾਸ਼ਾ ਫੋਕਲੋਰ ਨੂੰ ਲੋਕ-ਸਭਿਆਚਾਰ ਵਾਲਾ ਵਰਤਾਰਾ ਪ੍ਰਵਾਨ ਕਰਦੀ ਹੈ। ਫੋਕਲੋਰ ਦੇ ਅਧਿਐਨ ਵਿਸ਼ਲੇਸ਼ਣ ਦੇ ਖੇਤਰ ਵਿੱਚ ਅੰਤਰਰਾਸ਼ਟਰੀ ਸ਼ੁਹਰਤ ਵਾਲੇ ਅਮਰੀਕਨ ਵਿਦਵਾਨ ਆਰਚਰ ਟੇਲਰ ਦੀ ਨਜ਼ਰ ਵਿੱਚ:

ਫੋਕਲੋਰ ਅਜਿਹੀ ਸਮੱਗਰੀ ਨੂੰ ਕਿਹਾ ਜਾਂਦਾ ਹੈ ਜਿਹੜੀ ਪਰੰਪਰਾਗਤ ਰੂਪ ਵਿੱਚ ਪ੍ਰਾਪਤ ਹੁੰਦੀ ਹੈ। ਇਹ ਮੌਖਿਕ ਰੂਪ ਵਿੱਚ ਲੋਕਗੀਤਾਂ, ਲੋਕ-ਕਹਾਣੀਆਂ, ਪਹੇਲੀਆਂ, ਅਖੌਤਾ ਅਤੇ ਕਈ ਹੋਰ ਰੂਪਾਂ ਵਿੱਚ ਸ਼ਬਦਾਂ ਜਾਂ ਸੰਕਲਪਾਂ ਦੁਆਰਾ ਸਾਕਾਰ ਹੁੰਦੀ ਰਹਿੰਦੀ ਹੈ। ਇਹ ਰੀਤੀ-ਰਿਵਾਜਾਂ ਜਾਂ ਕੰਮ ਧੰਦਿਆਂ ਦੇ ਰੂਪ ਵਿੱਚ ਵੀ ਮਿਲਦੀ ਹੈ। ਇਸ ਵਿੱਚ ਪਰੰਪਰਾਗਤ ਸੰਦ, ਪਦਾਰਥਕ ਵਸਤਾਂ, ਸਵਾਸਤਿਕ ਚਿੰਨ੍ਹ, ਰੂੜ੍ਹ ਹੋ ਚੁੱਕੀਆਂ ਰੀਤਾਂ ਅਤੇ ਸੰਪ੍ਰਦਾਇਕ ਵਿਸ਼ਵਾਸ਼ ਸ਼ਾਮਿਲ ਹੁੰਦੇ ਹਨ।

ਟੇਲਰ ਦੀ ਇਸ ਪਰਿਭਾਸ਼ਾ ਦੇ ਮੁੱਖ ਪਹਿਲੂ ਇਹ ਸਪੱਸ਼ਟ ਕਰਦੇ ਹਨ ਕਿ ਲੋਕਧਾਰਾ ਇੱਕ ਪਰੰਪਰਾਗਤ ਵਰਤਾਰਾ ਹੈ ਜਿਸ ਵਿੱਚ ਲੋਕ-ਸਾਹਿਤ, ਲੋਕ-ਜੀਵਨ ਅਤੇ ਅਨੇਕਾਂ ਪਰੰਪਰਾਗਤ ਵਰਤਾਰੇ ਸ਼ਾਮਿਲ ਹੁੰਦੇ ਹਨ। ਇਹ ਵਰਤਾਰੇ ਮੌਖਿਕ ਰੂਪ ਵਿੱਚ ਪੀੜ੍ਹੀ-ਦਰ-ਪੀੜ੍ਹੀ ਅਪਣਾਏ ਜਾਂਦੇ ਹਨ। ਪਰਿਭਾਸ਼ਾ ਦੀ ਇਸ ਲੜੀ ਵਿੱਚ ਇਨਸਾਈਕਲੋਪੀਡੀਆ ਬ੍ਰਿਟੇਨਿਕਾ ਵੱਲੋਂ ਪੇਸ਼ ਕੀਤੀ ਗਈ ਪਰਿਭਾਸ਼ਾ ਵੀ ਵਿਚਾਰਨਯੋਗ ਹੈ। ਇਸ ਪਰਿਭਾਸ਼ਾ ਅਨੁਸਾਰ, ਫੋਕਲੋਰ ਨੂੰ ਆਮ ਲੋਕਾਂ ਦੇ ਉਨ੍ਹਾਂ ਪਰੰਪਰਾਗਤ ਵਿਸ਼ਵਾਸ਼ਾਂ, ਵਹਿਮਾਂ-ਭਰਮਾਂ, ਸ਼ਿਸਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਲਈ ਪ੍ਰਯੋਗ ਕੀਤਾ ਜਾਂਦਾ ਹੈ, ਜਿਹੜੇ ਆਦਿ ਕਾਲ ਤੋਂ ਚੱਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਦੇ, ਧਰਮ ਦੇ ਸਥਾਪਿਤ ਪੈਟਰਨਾਂ ਤੋਂ ਅਜੇ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿੱਚ ਆਧੁਨਿਕ ਯੁੱਗ ਤੀਕ ਵੀ ਹੋਂਦ ਕਾਇਮ ਰੱਖਦੇ ਹਨ।

ਇਸ ਪਰਿਭਾਸ਼ਾ ਵਿੱਚ ਵਿਸ਼ੇਸ਼ ਤੌਰ ਤੇ ਪਰੰਪਰਾਗਤ ਜੀਵਨ ਸ਼ੈਲੀ, ਸਮਕਾਲੀ ਗਿਆਨ ਤੇ ਧਰਮ ਦੇ ਸਥਾਪਿਤ ਪੈਟਰਨ ਪਰੰਪਰਾਗਤ ਯੁੱਗ ਤੋਂ ਆਧੁਨਿਕ ਯੁੱਗ ਤੱਕ ਨਿਰੰਤਰਤਾ ਦੀ ਗੱਲ ਵਿਸ਼ੇਸ਼ ਰੂਪ ਵਿੱਚ ਕੀਤੀ ਗਈ ਹੈ।

**ਜਾਨ ਬਰਨਵੈਂਡ ਦੇ ਅਨੁਸਾਰ**, ਲੋਕਧਾਰਾ ਵਿਚ ਲੋਕਾਂ ਦੀਆਂ ਅਲਿਖਤ ਪਰੰਪਰਾਵਾਂ ਸ਼ਾਮਿਲ ਹਨ। ਇਸ ਵਿਚ ਉਹਨਾਂ ਪਰੰਪਰਾਵਾਂ ਦੇ ਰੂਪ ਤੇ ਸਾਮੱਗਰੀ, ਦੋਵਾਂ ਦੀ ਸ਼ੈਲੀ ਜਾਂ ਤਕਨੀਕ ਸ਼ਾਮਿਲ ਹੈ ਜੋ ਵਿਅਕਤੀ ਤੋਂ ਵਿਅਕਤੀ ਤੱਕ ਸੰਚਾਰਿਤ ਹੁੰਦੀ ਰਹਿੰਦੀ ਹੈ। ਲੋਕਧਾਰਾ ਪਰੰਪਰਾਗਤ,ਅਣਅਧਿਕਾਰਿਤ, ਗੈਰ-ਸੰਸਥਾਗਤ ਸਭਿਆਚਾਰ ਦਾ ਹਿੱਸਾ ਹੈ। ਇਸ ਵਿਚ ਮੌਖਿਕ ਸ਼ਬਦਾਂ ਜਾਂ ਰੀਤੀ-ਰਿਵਾਜਾਂ ਦੀਆਂ ਮਿਸਾਲਾਂ ਦੁਆਰਾ ਪਰੰਪਰਾਈ ਰੂਪਾਂ ਵਿਚ ਸੰਚਾਰਿਤ ਸਮੁੱਚਾ ਗਿਆਨ, ਸੂਝ, ਮੁੱਲ, ਵਿਵਹਾਰ, ਧਾਰਨਾਵਾਂ, ਭਾਵਨਾਵਾਂ ਅਤੇ ਵਿਸ਼ਵਾਸ਼ ਸ਼ਾਮਿਲ ਹਨ।

ਉਪਰੋਕਤ ਪਰਿਭਾਸ਼ਾ ਵਿਚ ਪਰੰਪਰਾ ਨੂੰ ਲੋਕਧਾਰਾ ਦਾ ਇਕ ਜਰੂਰੀ ਤੱਤ ਸਵੀਕਾਰ ਕੀਤਾ ਗਿਆ ਹੈ ਜਿਹੜੀ ਕਿ ਅਲਿਖਤ ਰੂਪ ਵਿਚ ਲੋਕਾਂ ਦੇ ਵੱਖ-ਵੱਖ ਵਿਹਾਰਾਂ ਵਿਚ ਸਾਕਾਰ ਹੁੰਦੀ ਅਤੇ ਮੋੜਵੇਂ ਰੂਪ ਵਿਚ ਉਹਨਾਂ ਦੇ ਜੀਵਨ ਦਾ ਮਾਰਗ ਦਰਸ਼ਨ ਕਰਦੀ ਹੈ।ਇਕ ਹੋਰ ਪੱਛਮੀ ਵਿਦਵਾਨ ਹੈਨਰੀ ਗਲਾਸੀ ਨੇ ਲੋਕਧਾਰਾ ਨੂੰ ਪਰਿਭਾਸ਼ਤ ਕਰਨ ਦਾ ਯਤਨ ਕੀਤਾ ਹੈ। ਉਸ ਅਨੁਸਾਰ ਲੋਕਧਾਰਾ ਪਰੰਪਰਾਗਤ ਹੈ। ਇਹ ਇਸ ਦਾ ਕੇਂਦਰੀ ਤੱਤ ਹੈ। ਪਰਿਵਰਤਨ ਬਹੁਤ ਹੌਲੀ ਤੇ ਸਥਿਰ ਹੁੰਦੇ ਹਨ। ਲੋਕਧਾਰਾ ਪਰਿਵਰਤਨਸ਼ੀਲ ਹੈ। ਪਰੰਪਰਾ ਪੂਰੀ ਤਰ੍ਹਾਂ ਨਾਲ ਇਸਦੇ ਪੇਸ਼ਾਵਰ ਸਮੂਹ ਦੇ ਨਿਯੰਤਰਣ ਵਿਚ ਹੀ ਰਹਿੰਦੀ ਹੈ।

ਇਸ ਵੰਨਗੀ ਦੀਆਂ ਹੋਰ ਵੀ ਅਨੇਕਾਂ ਪਰਿਭਾਸ਼ਾਵਾਂ ਪੇਸ਼ ਕੀਤੀਆਂ ਜਾ ਸਕਦੀਆਂ ਹਨ ਪਰੰਤੂ ਸਾਰੀਆਂ ਹੀ ਪਰਿਭਾਸ਼ਾਵਾਂ ਕਿਸੇ ਨਾ ਕਿਸੇ ਰੂਪ ਵਿੱਚ ਇਹੋ ਸੰਕੇਤ ਕਰਦੀਆਂ ਹਨ ਕਿ ਫੋਕਲੋਰ ਮਾਨਵੀ ਜੀਵਨ ਵਾਂਗ ਹੀ ਅਨੰਤ, ਅਥਾਹ, ਪਰਿਵਰਤਨਸ਼ੀਲ ਅਤੇ ਵਿਵਿਧ

ਰੰਗਾਂ ਪੱਖਾਂ ਅਤੇ ਪਸਾਰਾਂ ਵਿੱਚ ਪ੍ਰਗਟ ਹੋਣ ਵਾਲਾ ਮਨੁੱਖ ਸਿਰਜਿਤ ਵਰਤਾਰਾ ਹੈ। ਫੋਕਲੋਰ ਅਜਿਹੀਆਂ ਮੌਖਿਕ ਪਰੰਪਰਾਵਾਂ ਦਾ ਸਮੁੱਚ ਹੈ ਜਿਹੜੀਆਂ ਮਨੁੱਖੀ ਘਾੜਤਾਂ ਦੇ ਵਿਭਿੰਨ ਪੈਟਰਨਾਂ ਦੇ ਰੂਪ ਵਿੱਚ ਸਦੀਆਂ ਤੋਂ ਚੱਲੀਆਂ ਆ ਰਹੀਆਂ ਹਨ।

**ਲੋਕ**

'ਲੋਕ' ਸ਼ਬਦ ਸਧਾਰਨ ਤੌਰ 'ਤੇ 'ਜਨ ਸਧਾਰਨ' ਜਾਂ 'ਜਨਤਾ' ਦੇ ਅਰਥਾਂ ਵਰਤ ਲਿਆ ਜਾਂਦਾ ਹੈ ਪਰ ਲੋਕਧਾਰਾ-ਵਿਗਿਆਨ ਵਿਚ 'ਲੋਕ' ਇਕ ਨਿਸ਼ਚਿਤ ਸੰਕਲਪ ਵਜੋਂ ਲਿਆ ਜਾਂਦਾ ਹੈ। ਲੋਕਧਾਰਾ ਅਨੁਸ਼ਾਸ਼ਨ ਦੇ ਅੰਤਰਗਤ ਇਸ ਦੇ ਵਿਸ਼ੇਸ਼ ਪੱਖਾਂ ਨੂੰ ਵਿਚਾਰਿਆ ਜਾਂਦਾ ਹੈ ਅਤੇ ਵਿਚਾਰਨ ਉਪਰੰਤ ਇਸ ਦੀ ਪ੍ਰਕਿਰਤੀ ਨੂੰ ਨਿਰਧਾਰਨ ਕਰਨ ਦੇ ਯਤਨ ਕੀਤੇ ਜਾਂਦੇ ਹਨ। "ਪੱਛਮੀ ਸਾਹਿਤ ਪਰੰਪਰਾ ਵਿੱਚ 'ਲੋਕ' ਪਦ ਦੀ ਵਰਤੋਂ ਅੰਗਰੇਜੀ ਦੇ ਪਦ 'ਫੋਕ'ਦੇ ਸਮਾਨਾਰਥਕ ਰੂਪ ਵਿੱਚ ਉਪਲੱਬਧ ਹੈ ਜਿਸਦੇ ਅਰਥਾਂ ਦਾ ਘੇਰਾ ਵਿਸਤ੍ਰਿਤ ਹੈ। ਉਂਝ 'ਫੋਕ' ਦੀ ਵਰਤੋਂ ਲੋਕ ਰਾਸ਼ਟਰ ਜਾਤੀ ਜਨ-ਸਮੂਹ ਜਾਂ ਵਰਗ-ਵਿਸ਼ੇਸ਼ ਲਈ ਹੋਈ ਮਿਲਦੀ ਹੈ। ਅੰਗਰੇਜੀ 'ਫੋਕ' ਪਦ ਦੀ ਵਰਤੋਂ ਸਭ ਤੋਂ ਪਹਿਲਾਂ ਸੰਨ 1849 ਈ. ਵਿੱਚ ਡਬਲਿਯੂ. ਜੇ. ਥਾਮਸ ਨੇ ਉਨ੍ਹਾਂ ਲੋਕਾਂ ਲਈ ਕੀਤੀ ਜਿਨ੍ਹਾਂ ਦੇ ਰੀਤੀ ਰਿਵਾਜ਼ ਪ੍ਰਥਾਵਾਂ ਤੇ ਪਰੰਪਰਾਗਤ ਗਿਆਨ ਅਸੱਭਿਆ ਜਾਤੀਆਂ ਨਾਲ ਮਿਲਦੇ ਹਨ।" ਲੰਮੇ ਸਮੇਂ ਤੱਕ ਲੋਕਧਾਰਾ ਦੇ ਅੰਤਰਗਤ ਆਉਂਦੇ ਸੰਕਲਪਾਂ, ਭਾਵਾਂ, ਵਿਚਾਰਾਂ ਨੂੰ ਨਿਮਨ ਦਰਜੇ ਦੇ, ਘਟੀਆਂ, ਗੰਵਾਰੂ, ਪੱਛੜੇ ਹੋਏ ਪੇਂਡੂ ਲੋਕਾਂ ਜਾਂ ਉਹਨਾਂ ਦੇ ਵਿਹਾਰ ਵਜੋਂ ਦੇ ਇਕ ਅੰਗ ਵਜੋਂ ਸਮਝਿਆਂ ਜਾਂਦਾ ਸੀ।

ਪੰਜਾਬੀ ਭਾਸ਼ਾ ਵਿੱਚ 'ਲੋਕ' ਸ਼ਬਦ ਦੀ ਅਨੇਕਾਂ ਪ੍ਰਸੰਗਾਂ ਵਿੱਚ ਵਰਤੋਂ ਹੁੰਦੀ ਹੈ। ਜਿਵੇਂ 'ਲੋਕਰਾਜ', 'ਲੋਕ-ਲਹਿਰ', 'ਲੋਕਪ੍ਰਿਯ', 'ਲੋਕਗੀਤ' ਇਨ੍ਹਾਂ ਸ਼ਬਦਾਂ ਦਾ ਜੇ ਅੰਗਰੇਜੀ ਭਾਸ਼ਾ ਦਾ ਰੂਪ ਵੇਖਿਆ ਜਾਵੇ ਤਾਂ ਲੋਕਰਾਜ (Democracy), ਲੋਕ-ਪ੍ਰਿਯ (Popular), ਲੋਕ-ਲਹਿਰ (Mass movement), ਲੋਕਗੀਤ (Folk Songs) ਆਦਿ ਵੱਖ-ਵੱਖ ਸ਼ਬਦ ਮਿਲਦੇ ਹਨ। ਇਨ੍ਹਾਂ ਸ਼ਬਦਾਂ ਵਿੱਚ 'ਲੋਕ' ਸ਼ਬਦ ਅਕਸਰ ਮਾਸ, ਪੀਪਲ ਅਤੇ ਫੋਕ ਇਹਨਾਂ ਤਿੰਨਾਂ ਅਰਥਾਂ ਵਿੱਚ ਵਰਤਿਆਂ ਜਾਂਦਾ ਹੈ। ਇਸ ਕਿਸਮ ਦੇ ਅਨੇਕਾਂ ਹੋਰ ਸ਼ਬਦ ਹੋ ਸਕਦੇ ਹਨ ਜਿਹੜੇ ਪ੍ਰਕਿਰਤੀ ਪੱਖ ਤੋਂ ਵੱਖਰੀ ਹੋਂਦ ਰੱਖਦੇ ਹਨ। 'ਪੀਪਲ' ਮਾਨਵ ਜਗਤ ਦਾ ਉਹ ਪੱਖ ਹੈ ਜਿਹੜਾ ਰਾਜਨੀਤਕ ਜਾਂ ਆਰਥਿਕ ਖੇਤਰ ਨਾਲ ਜੁੜਿਆ ਹੁੰਦਾ ਹੈ। 'ਮਾਸ' ਜਨ ਸਮੂਹ ਦੀ ਉਤੇਜਨਾ ਦਾ ਬੋਧ ਕਰਾਉਂਦਾ ਸ਼ਬਦ ਹੈ। 'ਫੋਕ' ਪਰੰਪਰਾਗਤ ਰੁਚੀਆਂ ਦਾ ਧਾਰਨੀ ਅਜਿਹਾ ਮਾਨਵ ਹੈ, ਜਿਹੜਾ ਕਲਪਨਾ ਅਤੇ ਵਾਸਤਵਿਕਤਾ ਵਿੱਚ ਨਾ ਅੰਤਰ ਰੱਖਣ ਦੀ ਰੁਚੀ ਰੱਖਦਾ ਹੈ ਅਤੇ ਨਾ ਹੀ ਸਮਰੱਥਾ ਰੱਖਦਾ ਹੈ। ਉਹ ਜੜ ਤੇ ਚੇਤਨ ਵਿੱਚ ਵੀ ਅੰਤਰ ਨਹੀਂ ਕਰਦਾ ਹੈ। ਉਹ ਅਕਸਰ ਅਨੁਸ਼ਠਾਨਕ ਵਿਵਹਾਰ ਵਿੱਚ ਰੁਚੀ ਰੱਖਦਾ ਹੈ।

**ਡਾ. ਸੋਹਿੰਦਰ ਸਿੰਘ ਬੇਦੀ** 'ਲੋਕ' ਅਤੇ 'ਲੋਕ ਤੱਤਾਂ' ਬਾਰੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ:- 'ਲੋਕ'ਸ਼ਬਦ ਮੇਰੇ ਲਈ ਸਮਾਜ ਦੇ ਉਸ ਸਧਾਰਨ ਵਰਗ ਦਾ ਸੂਚਕ ਹੈ ਜੋ ਸੰਸਕਾਰਾਂ ਦੇ ਭਰਮਾਂ-ਵਹਿਮਾਂ ਵਿੱਚ ਖੁੱਭਿਆ ਹੁੰਦਾ ਹੈ। ਜਿਸਦਾ ਅਨੁਭਵ ਪਿਤਾ ਪੁਰਖ ਹੁੰਦਾ ਹੈ, ਕਿਤਾਬੀ ਨਹੀਂ ਅਤੇ ਜੋ ਬਹੁਤਾ ਪਰੰਪਰਾ ਦੇ ਮੰਡਲ ਵਿੱਚ ਜਿਉਂਦਾ ਤੇ ਸਾਹ ਲੈਂਦਾ ਹੈ। ਇਹ ਵਰਗ ਜਿੰਨ੍ਹਾਂ ਗੱਲਾਂ ਵਿੱਚ ਆਸਥਾ ਰੱਖਦਾ ਹੈ, ਜੋ ਕਹਿੰਦਾ, ਕਰਦਾ ਹੈ, ਜੋ ਵਿਸ਼ਵਾਸ਼ ਅਤੇ ਧਾਰਨਾਵਾਂ ਧਾਰੀ ਫਿਰਦਾ ਹੈ ਅਤੇ ਜਿੰਨ੍ਹਾਂ ਵਿਧੀਆਂ ਰਾਹੀਂ ਇੰਨ੍ਹਾਂ ਦਾ ਪ੍ਰਗਟਾਓ ਕਰਦਾ ਹੈ, ਉਹ ਸਭ ਲੋਕ ਤੱਤ ਹਨ।

'ਲੋਕ' ਦੀ ਇਹ ਵਿਆਖਿਆ 'ਫੋਕ' ਨੂੰ ਕੋਈ ਵੱਖਰਾ ਵਿਅਕਤੀ ਜਾਂ ਸਮੂਹ ਨਾ ਸਵੀਕਾਰਦੀ ਹੋਈ ਸਗੋਂ ਵਿਸ਼ੇਸ਼ ਕਿਸਮ ਦੀ ਮਾਨਸਿਕਤਾ ਦਾ ਧਾਰਨੀ ਮਨੁੱਖ ਜਾਂ ਮਨੁੱਖੀ ਸਮੂਹ ਮੰਨਦੀ ਹੈ। ਲੋਕ ਦੀ ਇਹ ਵਿਆਖਿਆ ਮਨੁੱਖ ਅਤੇ ਉਸਦੇ ਸਮਾਜਿਕ ਜੀਵਨ ਨੂੰ ਪਰੰਪਰਾਗਤ ਦ੍ਰਿਸ਼ਟੀ ਤੋਂ ਵਿਚਾਰਦੀ ਹੈ। ਇਸਦੇ ਅੰਤਰਗਤ ਉਹ ਸਾਰਾ ਕੁੱਝ ਵਿਚਾਰ ਲਿਆ ਜਾਂਦਾ ਹੈ ਜਿਹੜਾ ਮਨੁੱਖ ਨੇ ਆਪਣੇ ਪਰੰਪਰਾਗਤ ਜੀਵਨ ਵਿੱਚੋਂ ਸੁਭਾਵਿਕ ਤੌਰ ਤੇ ਅਪਣਾਇਆ ਹੈ।

**ਡਾ. ਨਾਹਰ ਸਿੰਘ** ਦਾ ਮੱਤ ਹੈ, 'ਲੋਕ' ਦਾ ਅਰਥ ਸਮੂਹਕ ਭਾਵਨਾ ਵਿਚ ਬੱਝਾ, ਭਾਸ਼ਾਈ, ਖੇਤਰੀ, ਨਸਲੀ, ਕਿੱਤਾਗਤ ਜਾਂ ਧਾਰਮਕ ਆਧਾਰ ਤੇ ਬਣਿਆ ਅਜਿਹਾ ਗੁੱਟ ਹੈ ਜਿਸ ਕੋਲ ਆਪਣੀ ਸਾਂਝੀ ਰਵਾਇਤ ਹੈ। ਇਹ ਗੁੱਟ ਸ਼ਹਿਰੀਆਂ ਦਾ ਵੀ ਹੋ ਸਕਦਾ ਹੈ ਤੇ ਪੇਂਡੂਆਂ ਦਾ ਵੀ, ਪੜ੍ਹੇ ਲਿਖੇ ਬੁੱਧੀਜੀਵੀਆਂ ਦਾ ਵੀ ਤੇ ਅਨਪੜ੍ਹ ਵਾਗੀਆਂ ਤੇ ਹਲ ਵਾਹਕਾਂ ਦਾ ਵੀ, ਧਨੀਆਂ ਦਾ ਵੀ ਤੇ ਝੁੱਗੀਆਂ ਵਿਚ ਵਸਦੇ ਮਜਦੂਰਾਂ ਦਾ ਵੀ। 'ਲੋਕ' ਦੇ ਦਾਇਰੇ ਦਾ ਆਧਾਰ ਭੂਗੋਲਿਕ ਜਾਂ ਸਾਂਸਕ੍ਰਿਤਕ ਵੰਡ ਹੈ।

ਡਾ. ਨਾਹਰ 'ਲੋਕ' ਦੇ ਸੰਕਲਪ ਨੂੰ ਦਵੰਦਾਤਮਿਕ ਦ੍ਰਿਸ਼ਟੀਕੋਣ ਤੋਂ ਲੈਂਦੇ ਹੋਏ ਵਿਭੰਨ ਵਰਗਾਂ ਵਿਚ ਵੰਡੇ ਹੋਏ ਲੋਕਾਂ ਦੇ ਵਿੱਭਨ ਕਾਰਜਸ਼ੀਲ ਖੇਤਰਾਂ ਆਧਾਰਤ ਮੰਨਦੇ ਹਨ। ਜੋ ਇਕ ਪਾਸੇ ਵਿਸ਼ਾਲ ਸਮੂਹ ਦਾ ਅੰਗ ਹੋਣ ਨਾਤੇ ਇਕ ਕੌਮੀਅਤ ਜਾਂ ਲੋਕ ਵਜੋਂ ਉਸ ਸਮੂਹ ਦਾ ਭਾਗ ਹਨ ਜਿਸ ਦਾ ਇਕ ਸਾਝਾਂ ਭੂਗੋਲਿਕ ਚੌਗਿਰਦਾ, ਇਤਿਹਾਸ, ਰਵਾਇਤਾਂ, ਭਾਸ਼ਾ ਤੇ ਸਭਿਆਚਾਰ ਹੈ। ਦੂਜੇ ਪਾਸੇ ਇਸ ਦੇ ਅੰਤਰਗਤ ਹੀ ਛੋਟੇ-ਛੋਟੇ ਗੁੱਟਾਂ ਵਿਚ ਵੰਡੇ ਸਮੂਹ ਜੋ ਕਿੱਤਾਗਤ, ਧਾਰਮਿਕ, ਪੜ੍ਹੇ-ਲਿਖੇ ਅਤੇ ਅਨਪੜ੍ਹ, ਪੇਂਡੂ ਜਾਂ ਸ਼ਹਿਰੀ ਆਦਿ ਕਾਰਨਾਂ ਕਰਕੇ ਅੱਡਰੇ ਵਿਖਾਈ ਦਿੰਦੇ ਹਨ, ਲੋਕ ਕਿਹਾ ਜਾ ਸਕਦਾ ਹੈ। ਐਲਨ ਡੰਡੀਜ਼ ਵੀ "ਲੋਕ ਦੀ ਛੋਟੀ ਤੋਂ ਛੋਟੀ ਇਕਾਈ ਪਰਿਵਾਰ ਅਤੇ ਵੱਡੀ ਤੋਂ ਵੱਡੀ ਸਮੁੱਚੀ ਕੌਮੀਅਤ ਮੰਨਦਾ ਹੈ।" ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਖੇਤਰ ਵਿੱਚ ਇਹ ਸ਼ਬਦ 20ਵੀਂ ਸਦੀ ਦੇ ਪਿਛਲੇ ਅੱਧ ਤੋਂ ਅਪਣਾਇਆ ਜਾਣ ਲੱਗਿਆ ਹੈ। ਭਾਵੇਂ ਇਹ ਕਿਹਾ ਜਾਂਦਾ ਹੈ ਕਿ ਲੋਕਧਾਰਾ ਸ਼ਬਦ ਜਾਂ ਇਸ ਨਾਲ ਜੁੜੇ ਸੰਕਲਪ ਨੂੰ ਬਾਵਾ ਬੁੱਧ ਸਿੰਘ ਨੇ ਸਭ ਤੋਂ ਪਹਿਲਾਂ ਅਪਣਾਇਆ ਸੀ। ਪ੍ਰਿੰ. ਤੇਜਾ ਸਿੰਘ ਨੇ ਫੋਕਲੋਰ ਲਈ ਪੰਜਾਬੀ ਵਿਚ ਲੋਕ ਪਰੰਪਰਾ ਪਦ ਦੀ ਵਰਤੋਂ ਕੀਤੀ ਹੈ। ਪਰੰਤੂ ਇੱਕ ਅਨੁਸ਼ਾਸ਼ਨ ਦੇ ਰੂਪ ਵਿੱਚ ਇਸਦੀ ਅਣਹੋਂਦ 20ਵੀਂ ਸਦੀ ਦੇ ਪਿਛਲੇ ਅੱਧ ਤੋਂ ਹੀ ਹੋਈ ਮੰਨੀ ਜਾਂਦੀ ਹੈ। ਇਸ ਖੇਤਰ ਵਿੱਚ ਡਾ. ਸੋਹਿੰਦਰ ਸਿੰਘ ਬੇਦੀ ਦਾ ਵਡੇਰਾ ਯੋਗਦਾਨ ਮੰਨਿਆ ਜਾਂਦਾ ਹੈ। ਪੰਜਾਬੀ ਅਖਾਣਾਂ ਦਾ ਆਲੋਚਨਾਤਮਕ ਤੇ ਖੋਜ ਦੀ ਦ੍ਰਿਸ਼ਟੀ ਤੋਂ ਅਧਿਐਨ ਵਿਸ਼ਲੇਸ਼ਣ

ਕਰਨ ਵਾਲੀ ਉਸਦੀ ਪਹਿਲੀ ਪੁਸਤਕ 'ਲੋਕ ਆਖਦੇ ਹਨ' 1959 ਈ. ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਤੋਂ ਬਿਨਾਂ ਡਾ. ਬੇਦੀ ਨੇ 'ਲੋਕਧਾਰਾ ਤੇ ਸਾਹਿਤ','ਪੰਜਾਬ ਦੀ ਲੋਕਧਾਰਾ', 'ਗੁਰੂ ਨਾਨਾਕ ਬਾਣੀ ਵਿੱਚ ਲੋਕ ਤੱਤ', 'ਪੰਜਾਬੀ ਸਾਹਿਤ ਇਤਿਹਾਸ ਦੀਆਂ ਲੋਕ ਰੂੜੀਆਂ' ਅਤੇ 'ਲੋਕਧਾਰਾ ਵਿਸ਼ਵਕੋਸ਼' (ਅੱਠ ਜਿਲਦਾਂ) ਵਿੱਚ ਤਿਆਰ ਕਰਕੇ ਇਸ ਅਨੁਸ਼ਾਸ਼ਨ ਦੀ ਮੁੱਢਲੀ ਰੂਪ-ਰੇਖਾ ਤਿਆਰ ਕਰਨ ਦਾਮਹੱਤਵਪੂਰਨ ਕਾਰਜ ਕੀਤਾ ਹੈ।

ਡਾ. ਬੇਦੀ ਨੇ ਫੋਕਲੋਰ ਲਈ 'ਲੋਕਧਾਰਾ' ਸ਼ਬਦ ਦੀ ਵਰਤੋਂ ਕਰਦਿਆਂ ਇਸ ਦੇ ਸੰਕਲਪ ਨੂੰ ਸਪਸ਼ੱਟ ਕਰਨ ਦਾ ਯਤਨ ਕੀਤਾ ਹੈ, "ਫੋਕਲੋਰ ਲੋਕਾਂ ਦੀ ਸਮੱਗਰੀ ਹੈ, ਲੋਕਮਨ ਦੀ ਅਭਿਵਿਅਕਤੀ ਹੈ ਤੇ ਇਸਦਾ ਨਿਰਮਾਣ ਲੋਕਾਂ ਦੀ ਸਮੂਹਿਕ ਚੇਤਨਾ ਤੋਂ ਹੋਇਆ। ਇਸ ਲਈ 'ਲੋਕ' ਸ਼ਬਦ ਨੂੰ ਨਵਾਂ ਪਦ ਘੜਨ ਲਈ ਇੱਕ ਜੁਜ਼ ਬਣਾਉਣਾ ਜ਼ਰੂਰੀ ਸੀ। 'ਧਾਰਾ' ਸ਼ਬਦ ਮੈਨੂੰ ਲੋਕਮਨ ਅਤੇ ਪਰੰਪਰਾ ਦੇ ਅਸੀਮ ਪ੍ਰਵਾਹ ਦਾ ਬੋਧਿਕ ਜਾਪਿਆ। ਹਰ ਧਾਰਾ ਪਿੱਛੇ ਇੱਕ ਲੰਬਾ ਇਤਿਹਾਸ ਅਤੇ ਪਰੰਪਰਾ ਦਾ ਪਾਸਾਰ ਹੈ। ਜੁਗਾਂ ਦੀ ਯਾਤਰਾ ਹੈ ਜੋ ਆਪਣੇ ਨਾਲ ਜੀਵਨ ਦੀ ਹਰ ਜੀਵੰਤ ਸਮੱਗਰੀ ਸਮੇਟਦੀ ਜਾ ਰਹੀ ਹੈ। ਇਹ ਜਗਦੀ ਜੋਤ ਹੈ ਜੋ ਕਦੇ ਵਿਸਮਦੀ ਨਹੀਂ।'ਧਾਰਾ' ਦਾ ਇਹੋ ਸੰਕਲਪ ਮੇਰੇ ਮਨ ਵਿੱਚ ਸੀ। ਦੂਜਾ, ਲੋਕਮਨ ਵੀ ਆਦਿ ਕਾਲ ਤੋਂ ਇੱਕ ਬਲਵਾਨ ਧਾਰਾ ਦੇ ਰੂਪ ਵਿੱਚ ਲੋਕਾਂ ਵਿੱਚ ਪ੍ਰਵਾਹਿਤ ਹੈ। ਤੀਜਾ, ਫੋਕਲੋਰ ਜੀਵਨ ਦਾ ਸਹਿਜ ਪਰਪੰਚ ਹੈ ਤੇ ਅਚੇਤ ਰੂਪ ਵਿੱਚ ਜੀਵਨ ਵਿੱਚ ਰਚਿਆ ਹੁੰਦਾ ਹੈ। ਇਸਨੂੰ ਗ੍ਰਹਿਣ ਕਰਨ ਦੇ ਕਦੇ ਕਿਸੇ ਉਚੇਚੇ ਯਤਨ ਨਹੀਂ ਕੀਤੇ। ਇਹ ਸੁਭਾਵ ਵੀ 'ਧਾਰਾ' ਵੱਲ ਸੰਕੇਤ ਕਰਦਾ ਹੈ। ਚੌਥਾ, ਧਾਰਾ ਵਿੱਚ ਆਪਣੇ ਆਪ ਕੁੱਝ ਰਚਦਾ, ਕੁੱਝ ਵਿਛੁੰਨ ਹੁੰਦਾ ਰਹਿੰਦਾ ਹੈ। ਇਹ ਇੱਕ ਥਾਂ ਤੋਂ ਦੂਜੀ ਥਾਂ ਉੱਤੇ ਮੂਲ ਰੂਪ ਵਿੱਚ ਹੁੰਦਿਆਂ ਵੀ ਵੱਖ ਹੈ। ਉਹ ਵੀ ਹੈ ਤੇ ਕੁੱਝ ਹੋਰ ਵੀ ਹੈ। ਇਹੋ ਪ੍ਰਵਿਰਤੀ ਫੋਕਲੋਰ ਦੀ ਹੈ। ਪੰਜਵਾਂ, ਫੋਕਲੋਰ ਪਰੰਪਰਾ ਤੋਂ ਯਾਤਰਾ ਕਰਦਾ ਅੱਜ ਦੇ ਜੀਵਨ ਵਿੱਚ ਵਿਲੀਨ ਹੋਇਆ ਨਵਾਂ ਵੀ ਰਹਿੰਦਾ ਹੈ ਤੇ ਪੁਰਾਣਾ ਵੀ।"

**ਡਾ. ਕਰਨੈਲ ਸਿੰਘ ਥਿੰਦ** ਦੀ ਪੁਸਤਕ 'ਲੋਕਯਾਨ ਅਤੇ ਮੱਧਕਾਲੀ ਪੰਜਾਬੀ ਸਾਹਿਤ' 1973 ਈ. ਵਿੱਚ ਪ੍ਰਕਾਸ਼ਿਤ ਹੋਈ ਸੀ। ਲੋਕਯਾਨ ਜਾਂ ਲੋਕਧਾਰਾ ਦੇ ਸਰੂਪ, ਇਸਦੀ ਪ੍ਰਕਿਰਤੀ ਅਤੇ ਇਸਦੇ ਵਿਸ਼ੇ ਖੇਤਰ ਨੂੰ ਨਿਰਧਾਰਤ ਕਰਦੇ ਮੁੱਢਲੇ ਯਤਨਾਂ ਵਿਚ ਵੱਡਮੁੱਲਾਂ ਯੋਗਦਾਨ ਰਿਹਾ ਹੈ। ਪੰਜਾਬੀ ਸਾਹਿਤ ਖੇਤਰ ਵਿੱਚ ਲੋਕਧਾਰਾ ਅਧਿਐਨ ਦੀ ਵਿਸ਼ੇਸ਼ ਕਾਰਵਾਈ ਇਨ੍ਹਾਂ ਪੁਸਤਕਾਂ ਦੇ ਪ੍ਰਕਾਸ਼ਨ ਉਪਰੰਤ ਹੀ ਹੋਂਦ ਵਿੱਚ ਆਈ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਤੇ ਕਰਨੈਲ ਸਿੰਘ ਥਿੰਦ ਵੱਲੋਂ ਲੋਕਧਾਰਾ ਜਾਂ ਲੋਕਯਾਨ ਬਾਰੇ ਭਾਵੇਂ ਮਿਲਦੇ ਜੁਲਦੇ ਵਿਚਾਰ ਪੇਸ਼ ਕੀਤੇ ਗਏ ਹਨ। ਪਰੰਤੂ ਦੋਵਾਂ ਵਿਦਵਾਨਾਂ ਵਿੱਚ ਸਮਾਨਤਾਵਾਂ ਅਤੇ ਵਖਰੇਵੇਂ ਦੇ ਲੱਛਣ ਨਿਰਧਾਰਿਤ ਕੀਤੇ ਗਏ ਹਨ। ਡਾ. ਕਰਨੈਲ ਸਿੰਘ ਥਿੰਦ ਪੰਜਾਬੀ ਲੋਕਧਾਰਾ ਦੇ ਖੇਤਰ ਵਿੱਚ ਇਸਦੇ ਸਿਧਾਂਤਕ ਪੱਖ ਨੂੰ ਨਿਰਧਾਰਤ ਕਰਨ ਵਾਲੇ ਵਿਦਵਾਨ ਮੰਨੇ ਜਾਂਦੇ ਹਨ। ਡਾ. ਥਿੰਦ ਲੋਕਧਾਰਾ ਨੂੰ ਲੋਕਯਾਨ ਦਾ ਨਾਂ ਦਿੰਦੇ ਹੋਏ ਇਸਨੂੰ ਫੋਕਲੋਰ ਦੀ ਪ੍ਰਕਿਰਤੀ ਨੂੰ ਪ੍ਰਗਟ ਕਰਨ ਵਾਲਾ ਉੱਚਿਤ ਸ਼ਬਦ ਪ੍ਰਵਾਨ ਕਰਦੇ ਹਨ। ਆਪਣੇ ਮੱਤ ਦੀ ਪੁਸ਼ਟੀ ਲਈ ਡਾ. ਥਿੰਦ ਨੇ ਬੋਧੀ ਸੰਪ੍ਰਦਾਇ ਦੇ ਧਰਮ ਗ੍ਰੰਥਾਂ ਵਿੱਚ ਪ੍ਰਯੋਗ ਹੋਏ ਸ਼ਬਦ'ਯਾਨ' ਨੂੰ 'ਲੋਰ' ਦੇ ਅਰਥਾਂ ਵਿੱਚ ਵਰਤੋਂ ਕਰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ 'ਯਾਨ' ਉਹ ਸ਼ਬਦ ਜਾਂ ਸੰਕਲਪ ਹੈ ਜਿਸ ਦੁਆਰਾ ਗਿਆਨ ਦੀ ਯਾਤਰਾ ਕੀਤੀ ਜਾਂਦੀ ਹੈ। ਇਸ ਸ਼ਬਦ ਦੀ ਸਾਰਥਿਕਤਾ ਦਰਸਾਉਣ ਲਈ ਡਾ. ਥਿੰਦ ਨੇ ਡਾ. ਐੱਸ. ਕੇ. ਚੈਟਰਜੀ ਅਤੇ ਡਾ. ਭੋਲਾ ਨਾਥ ਤਿਵਾੜੀ ਦੇ ਵਿਚਾਰਾਂ ਨੂੰ ਪੁਸ਼ਟੀ ਲਈ ਵਰਤਦਿਆਂ ਕਿਹਾ ਹੈ, ਲੋਰ ਪਦ ਵਾਂਗ 'ਯਾਨ' ਪਦ ਵੀ ਵਹਿਣ, ਗਤੀ, ਅਤੇ ਚੱਲਦੇ ਰਹਿਣ ਦੀ ਭਾਵਨਾ ਦਾ ਲਖਾਇਕ ਹੈ।... 'ਫੋਕਲੋਰ' ਵਾਂਗ 'ਲੋਕਯਾਨ' ਵਿਚ ਲੋਕਾਂ ਦੀ ਵਿਦਿਆਂ ਜਾਂ ਲੋਕ-ਗਿਆਨ ਦੀ ਸਹੀ ਪ੍ਰਤਿਨਿੱਧਤਾ ਕਰਨ ਦੀ ਸਮੱਰਥਾ ਮੌਜੂਦ ਹੈ। ਲੋਕ-ਜੀਵਨ ਦਾ ਪ੍ਰਵਾਹ ਅਮੁੱਕ ਹੈ ਤੇ 'ਲੋਕ' ਸਾਗੇ ਜੀਵਨ ਦਾ ਮਹਾਂਸਾਗਰ ਹੈ, ਜਿਸ ਦੇ 'ਯਾਨ' ਵਿਚ ਭੂਤ ਅਤੇ ਵਰਤਮਾਨ ਸੰਚਿਤ ਹਨ। ਮਾਨਵ ਇਤਿਹਾਸ ਵਿਚ ਜੋ ਕੁਝ ਵੀ ਸੁੰਦਰ ਅਤੇ ਤੇਜੱਸਵੀ ਹੈ, ਉਹ ਕਿਤੇ ਨਾ ਕਿਤੇ 'ਲੋਕ' ਵਿਚ ਸੁਰੁੱਖਿਅਤ ਹੈ।

ਖੇਤੀਬਾੜੀ, ਵਿਗਿਆਨ, ਸਾਹਿਤ ਅਤੇ ਕਲਾ ਦੇ ਭਿੰਨ- ਭਿੰਨ ਰੂਪ, ਭਾਸ਼ਾਵਾਂ ਦੇ ਸ਼ਬਦ-ਭੰਡਾਰ, ਜੀਵਨ ਦੇ ਅੰਨਦਮਈ ਸੋਮੇ-ਨ੍ਰਿਤ, ਕਥਾ, ਸੰਗੀਤ, ਆਚਾਰ, ਵਿਚਾਰ ਆਦਿ ਸਭ 'ਲੋਕ' ਪਦ ਵਿਚ ਓਤਪੋਤ ਹਨ। ਉਂਝ ਤਾਂ ਡਾ. ਥਿੰਦ ਨੇ ਲੋਕਧਾਰਾ ਦੇ ਅਧਿਐਨ ਵਿਸ਼ਲੇਸ਼ਣ ਲਈ ਵਰਤੋਂ ਕੀਤੇ ਜਾਂਦੇ ਵਿਭਿੰਨ ਸੰਕਲਪਾਂ ਧਾਰਨਾਵਾਂ ਦੀ ਵੇਰਵੇ ਸਾਹਿਤ ਵਿਆਖਿਆ ਕੀਤੀ ਹੈ ਪਰੰਤੂ ਉਨ੍ਹਾਂ ਦੀ ਲੋਕਧਾਰਾ ਪ੍ਰਤੀ ਦਿੱਤੀ ਗਈ ਪਰਿਭਾਸ਼ਾ ਵੀ ਵਧੇਰੇ ਮੁੱਲਵਾਨ ਮੰਨੀ ਗਈ ਹੈ।

ਡਾ. ਥਿੰਦ ਨੇ ਲੋਕਧਾਰਾ ਦੇ ਸੰਕਲਪ ਨੂੰ ਸਪੱਸ਼ਟ ਕਰਦੇ ਹੋਏ ਲਿਖਿਆ ਹੈ:-ਪਰੰਪਰਾਗਤ ਰੂਪ ਵਿੱਚ ਪ੍ਰਯੋਗ ਹੋਏ ਪ੍ਰਾਪਤ ਹੋਏ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ, ਲੋਕ ਸਮੂਹ ਦਾ ਉਹ ਗਿਆਨ ਜਿਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸਨੂੰ ਲੋਕ ਸਮੂਹ ਪ੍ਰਵਾਨਗੀ ਦੇ ਕੇ ਪੀੜ੍ਹੀਓ-ਪੀੜ੍ਹੀ ਅੱਗੇ ਤੋਰੇ ਲੋਕਯਾਨ ਹੈ। ਇਸ ਵਿੱਚ ਕਲਾ, ਸਾਹਿਤ, ਭਾਸ਼ਾ ਅਨੁਸ਼ਠਾਨ, ਵਿਸ਼ਵਾਸ਼, ਕਿੱਤੇ, ਮਨੋਰੰਜਨ ਆਦਿ ਲੋਕ ਜੀਵਨ ਦੇ ਕਿਸੇ ਵੀ ਖੇਤਰ ਨਾਲ ਸੰਬੰਧਿਤ ਸਮੱਗਰੀ ਸ਼ਾਮਿਲ ਹੋ ਸਕਦੀ ਹੈ।

ਡਾ. ਕਰਨੈਲ ਸਿੰਘ ਥਿੰਦ ਦੁਆਰਾ ਪੇਸ਼ ਕੀਤੀ ਗਈ ਪਰਿਭਾਸ਼ਾ ਦਾ ਨਿਰੀਖਣ ਕੀਤਾ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਨ੍ਹਾਂ ਨੇ ਲੋਕਧਾਰਾਈ ਵਰਤਾਰਿਆਂ ਲਈ ਪਰੰਪਰਾ, ਲੋਕ ਮਾਨਸ, ਲੋਕ ਸੰਸਕ੍ਰਿਤੀ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼, ਲੋਕ ਪ੍ਰਵਾਨਗੀ ਨੂੰ ਵਿਸ਼ੇਸ਼ ਮਹੱਤਵ ਪ੍ਰਦਾਨ ਕੀਤਾ ਹੈ। ਡਾ. ਥਿੰਦ ਤੋਂ ਬਾਅਦ ਲੋਕਧਾਰਾਈ ਵਰਤਾਰਿਆਂ ਨੂੰ ਸਿਧਾਂਤਕ ਪਰਿਪੇਖ ਦੇਣ ਵਾਲੇ ਵਿਦਵਾਨ ਡਾ. ਸੋਹਿੰਦਰ ਸਿੰਘ ਬੇਦੀ ਮੰਨੇ ਜਾਂਦੇ ਹਨ। ਲੋਕਧਾਰਾ ਦੇ ਵਿਵਹਾਰਕ ਤੇ ਸਿਧਾਂਤਕ ਪੱਖ ਪ੍ਰਤੀ ਜਿਸ ਕਿਸਮ ਦੇ ਸਪੱਸ਼ਟ ਵਿਚਾਰ ਡਾ. ਬੇਦੀ ਵੱਲੋਂ ਪੇਸ਼ ਕੀਤੇ ਗਏ ਹਨ। ਉਹ ਕਿਸੇ ਹੋਰ ਵਿਦਵਾਨ ਵੱਲੋਂ ਨਹੀਂ ਕੀਤੇ ਗਏ। ਡਾ. ਬੇਦੀ ਨੇ ਲੋਕਧਾਰਾ ਦੀ ਪਰਿਭਾਸ਼ਾ ਪੇਸ਼ ਕਰਦੇ ਹੋਏ ਸਪੱਸ਼ਟ ਕੀਤਾ ਹੈ:- ਲੋਕਧਾਰਾ ਕਿਸੇ ਜਾਤੀ ਦੇ ਲੋਕ-ਮਾਨਸ ਤੋਂ ਉੱਭਰੇ, ਉਹ ਵਰਤਾਰੇ, ਮਾਨਤਾਵਾਂ ਅਤੇ ਬੋਧ ਹਨ, ਜੋ ਸਮੁੱਚੀ ਜਾਤੀ ਦੇ ਲੋਕ-ਜੀਵਨ ਵਿਚ ਰਚ ਕੇ, ਉਸ ਦੀ ਸਹਿਜ ਪੰਰਪਰਾ ਬਣ ਜਾਂਦੇ ਹਨ। ਲੋਕਧਾਰਾ ਭਾਵੇਂ ਜੀਵਨ ਨਾਲੋਂ ਕਿਤਨੀ ਹੀ

ਵਿਲੱਖਣ ਅਤੇ ਅਦਭੁਤ ਹੋਵੇ, ਕਿਤਨੀ ਹੀ ਬੇਯਕੀਨੀ ਤੇ ਮਿਥੀਕਲ ਹੋਵੇ ਜਾਤੀ ਦੀ ਮਾਨਸਿਕਤਾ ਉੱਤੇ ਆਧਾਰਿਤ ਯਥਾਰਥ ਹੀ ਹੁੰਦੀ ਹੈ ਜੋ ਲੋਕਮਨ ਦੀਆਂ ਪ੍ਰਵਿਰਤੀਆਂ ਤੋਂ ਸ਼ਕਤੀ ਲੈਂਦਾ ਹੈ।

ਡਾ. ਬੇਦੀ ਲੋਕਧਾਰਾ ਨੂੰ ਸੰਸਕ੍ਰਿਤੀ ਦਾ ਹੀ ਪਾਸਾਰ ਮੰਨਦੇ ਹੋਏ ਲੋਕਧਾਰਾ ਨੂੰ ਅਸਲ ਵਿੱਚ ਲੋਕਮਨ ਦੀ ਹੀ ਸਹਿਜ ਅਭਿਵਿਅਕਤੀ ਸਵੀਕਾਰਦੇ ਹਨ। ਲੋਕਧਾਰਾ ਦੀ ਸੰਰਚਨਾ ਵਿੱਚ ਡਾ. ਬੇਦੀ ਨੇ ਲੋਕ-ਸਭਿਆਚਾਰ, ਪਰੰਪਰਾ ਅਤੇ ਲੋਕਮਨ ਨੂੰ ਵਧੇਰੇ ਮਹੱਤਵ ਪ੍ਰਦਾਨ ਕੀਤਾ ਹੈ। ਲੋਕਧਾਰਾ ਦੇ ਸਿਧਾਂਤਕ ਪੱਖ ਨੂੰ ਅਧਿਐਨ ਵਿਸ਼ਲੇਸ਼ਣ ਦਾ ਵਿਸ਼ਾ ਬਣਾਉਣ ਵਾਲੇ ਵਿਦਵਾਨਾਂ ਵਿੱਚ ਡਾ. ਕਰਨਜੀਤ ਸਿੰਘ ਦਾ ਵੀ ਵਡਮੁੱਲਾ ਯੋਗਦਾਨ ਰਿਹਾ ਹੈ। ਆਪਣੀ ਪੁਸਤਕ'ਪੰਜਾਬ ਦੀ ਲੋਕਧਾਰਾ ਅਤੇ ਪੰਜਾਬੀ ਜੀਵਨ' ਵਿੱਚ ਲੋਕਧਾਰਾ ਸੰਬੰਧੀ ਵਿਚਾਰ ਪੇਸ਼ ਕਰਦੇ ਹੋਏ ਡਾ. ਕਰਨਜੀਤ ਸਿੰਘ ਨੇ ਲੋਕਧਾਰਾਈ ਵਰਤਾਰਿਆਂ ਨੂੰ ਸਮਾਜਿਕ ਆਰਥਿਕ ਪਰਿਪੇਖ ਵਿੱਚ ਰੱਖ ਕੇ ਇੱਕ ਗਤੀਸ਼ੀਲ ਵਰਤਾਰੇ ਵਜੋਂ ਵਿਚਾਰਨ ਦੀ ਪਹਿਲ-ਕਦਮੀ ਕੀਤੀ ਹੈ। ਡਾ. ਕਰਨਜੀਤ ਸਿੰਘ ਦੀ ਦ੍ਰਿਸ਼ਟੀ ਤੋਂ ਲੋਕਧਾਰਾਈ ਵਰਤਾਰੇ ਨਿਸ਼ਕ੍ਰਿਆ ਜਾਂ ਖੜੋਤ ਦੀ ਅਵਸਥਾ ਵਿੱਚ ਨਹੀਂ ਹੁੰਦੇ। ਲੋਕਧਾਰਾਈ ਵਰਤਾਰਿਆਂ ਵਿੱਚ ਕ੍ਰਾਂਤੀਕਾਰੀ ਅੰਸ਼ ਵੀ ਮੌਜੂਦ ਹੁੰਦੇ ਹਨ।

**ਡਾ. ਕਰਨਜੀਤ ਸਿੰਘ** ਦਾ ਵਿਚਾਰ ਹੈ:-ਲੋਕਧਾਰਾ ਜਾਤੀ ਦੇ ਵੱਡ-ਵਡੇਰਿਆਂ ਅਕਾਂਖਿਆਵਾਂ ਤੇ ਆਦਰਸ਼ਾਂ ਦਾ ਸ਼ੀਸ਼ਾ ਹੈ। ਇਹ ਆਦਮ ਕਾਲ ਤੋਂ ਅੱਜ ਤੱਕ ਦਾ ਲੋਕਾਂ ਦੇ ਸੁਪਨਿਆਂ ਦਾ ਇਤਿਹਾਸ ਅਤੇ ਇਨ੍ਹਾਂ ਨੂੰ ਸਾਕਾਰ ਕਰਨ ਲਈ ਉੱਦਮ ਤੇ ਉਤਸ਼ਾਹ ਦਾ ਘੋਸ਼ਣਾ ਪੱਤਰ ਹੈ ਇਸ ਤੋਂ ਜਾਤੀ ਵਿਸ਼ੇਸ਼ ਦੇ ਭਵਿੱਖ ਬਾਰੇ ਵੀ ਕੁੱਝ ਅਨੁਮਾਨ ਲਾਏ ਜਾ ਸਕਦੇ ਹਨ। ਲੋਕਧਾਰਾ ਦਾ ਅਧਿਐਨ ਜਾਤੀ ਦੀ ਪਛਾਣ ਦਾ ਇੱਕ ਮਹੱਤਵਪੂਰਨ ਅਤੇ ਵੱਡਾ ਮਾਧਿਅਮ ਹੈ।

ਡਾ. ਕਰਨਜੀਤ ਸਿੰਘ ਨੇ ਲੋਕਧਾਰਾ ਦੇ ਪ੍ਰਪੰਚ ਨੂੰ ਸਮਝਣ ਲਈ ਵੱਖਰੀ ਦ੍ਰਿਸ਼ਟੀ ਅਪਣਾਈ ਹੈ। ਲੋਕਧਾਰਾ ਦੇ ਉਹਨਾਂ ਲੱਛਣਾਂ ਨੂੰ ਸਪੱਸ਼ਟ ਕਰਦੇ ਹੋਏ ਇਸਦੇ ਨਿਰਮਾਣ ਵਿੱਚ ਨਿੱਜਤਵ ਦੀ ਥਾਂ ਸਮੂਹਕਤਾ ਦੀ ਬਿਰਤੀ ਨੂੰ ਵਧੇਰੇ ਤਰਜੀਹ ਦਿੱਤੀ ਗਈ ਹੈ। ਉਸਦਾ ਕਹਿਣਾ ਹੈ ਕਿ ਲੋਕਧਾਰਾ ਅੰਦਰ ਚਿੰਤਨ ਦੀ ਸਹਿਜਤਾ, ਭਾਵਾਂ ਦੀ ਤੀਖਣਤਾ ਅਤੇ ਮਾਨਵਵਾਦੀ ਚੇਤਨਾ ਦਾ ਬੋਲਬਾਲਾ ਹੁੰਦਾ ਹੈ। ਲੋਕਧਾਰਾਈ ਸੋਚ ਮੁੱਢੋਂ-ਸੁੱਢੋਂ ਸੰਕੀਰਣ ਸੰਪ੍ਰਦਾਇਕਤਾ ਅਤੇ ਸਵਾਰਥ ਦੀ ਭਾਵਨਾ ਤੋਂ ਉੱਪਰ ਉੱਠੀ ਹੁੰਦੀ ਹੈ। ਲੋਕਧਾਰਾ ਅਕਸਰ ਨਾਇਕ ਨਾਲ ਮੋਹ ਤੇ ਹਮਦਰਦੀ ਦਰਸਾਉਂਦੀ ਹੈ ਜਿਸਨੂੰ ਜ਼ਿੰਦਗੀ ਦੀਆਂ ਕਾਲੀਆਂ ਸ਼ਕਤੀਆਂ ਦਾ ਸ਼ਿਕਾਰ ਹੋਣਾ ਪ੍ਰਵਾਨ ਨਹੀਂ। ਜਿਹੜਾ ਜ਼ਿੰਦਗੀ ਦਾ ਇਸਦੇ ਪੂਰੇ ਵਿਰਾਟ ਰੂਪ ਵਿੱਚ ਮਾਲਕ ਬਣਨ ਦੀ ਦਲੇਰੀ ਰੱਖਦਾ ਹੈ। ਜਿਸਨੂੰ ਹਾਲਾਤ ਤੇ ਮਨੁੱਖ ਦੀ ਗ਼ੁਲਾਮੀ ਪ੍ਰਵਾਨ ਨਹੀਂ। ਜਿਹੜਾ ਮਰ ਸਕਦਾ ਹੈ, ਪਰ ਮੁਰਦਿਆਂ ਵਾਂਗ ਜਿਉਂ ਨਹੀਂ ਸਕਦਾ। ਜੇ ਪੱਛਮੀ ਚਿੰਤਨ ਚੇਤਨਾ ਅਤੇ ਭਾਰਤੀ ਵਿਸ਼ੇਸ਼ ਕਰ ਪੰਜਾਬੀ ਵਿਦਵਾਨਾਂ ਦੇ ਵਿਚਾਰਾਂ ਦਾ ਤੁਲਨਾਤਮਿਕ ਅਧਿਐਨ ਕੀਤਾ ਜਾਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਪੱਛਮੀ ਚਿੰਤਨ ਦਾ ਵਡੇਰਾ ਭਾਗ ਲੋਕਧਾਰਾ ਦਾ ਲੱਛਣ ਖੇਤਰ ਦੱਸਦਾ ਹੈ ਜਦਕਿ ਲੋੜ ਲੋਕਧਾਰਾ ਦਾ ਸਰੂਪ ਨਿਸ਼ਚਿਤ ਕਰਨ ਦੀ ਹੈ।

## ਲੋਕਧਾਰਾ ਦੇ ਤੱਤ

ਪੰਜਾਬੀ ਖੇਤਰ ਨਾਲ ਜੁੜੇ ਵਿਦਵਾਨਾਂ ਨੇ ਲੋਕਧਾਰਾਈ ਵਰਤਾਰਿਆਂ ਦੀ ਸੰਰਚਨਾ ਵਿੱਚ ਕਾਰਜਸ਼ੀਲ ਤੱਤਾਂ ਦਾ ਵਿਸ਼ੇਸ਼ ਉਲੇਖ ਕੀਤਾ ਹੈ। ਇਹ ਤੱਤ ਹੇਠ ਲਿਖੇ ਅਨੁਸਾਰ ਹਨ:-

### ਪਰੰਪਰਾ

ਸਾਧਾਰਨ ਅਰਥਾਂ ਵਿੱਚ ਰੂੜ੍ਹ ਹੋ ਗਏ ਮਾਨਵੀ ਵਿਵਹਾਰ ਦਾ ਨਾਂ ਹੀ ਪਰੰਪਰਾ ਹੈ। ਪਰੰਪਰਾ ਕਿਸੇ ਮਾਨਵ ਨੂੰ ਜੀਵ-ਵਿਗਿਆਨਕ ਵਿਰਸੇ ਵਜੋਂ ਪ੍ਰਾਪਤ ਨਹੀਂ ਹੁੰਦੀ ਸਗੋਂ ਇਸਨੂੰ ਪ੍ਰਾਪਤ ਕਰਨ ਲਈ ਸਮਾਜਿਕ ਵਿਵਹਾਰ ਅੰਦਰ ਲੰਮੇ ਸਮੇਂ ਤੱਕ ਵਿਚਰਨਾ ਪੈਂਦਾ ਹੈ। ਫੋਕਲੋਰ ਸੁਸਾਇਟੀ ਲੰਦਨ ਦੁਆਰਾ ਲੋਕਧਾਰਾ ਦੀ ਪਰਿਭਾਸ਼ਾ ਹੀ ਇਹ ਦਿੱਤੀ ਗਈ ਹੈ ਕਿ "ਲੋਕਧਾਰਾ ਪਰੰਪਰਾ ਦੀ ਸਾਇੰਸ ਹੈ।"

**ਡਾ. ਨਾਹਰ ਸਿੰਘ ਅਨੁਸਾਰ**, ਲੋਕਧਾਰਾ ਦੀ ਜਿੰਦ-ਜਾਨ ਪਰੰਪਰਕ ਲੋਕ-ਵਿਸ਼ਵਾਸ਼ ਅਤੇ ਲੋਕ ਸਮੂਹ ਦੀ ਉਹ ਆਸਥਾ ਹੁੰਦੀ ਹੈ ਜਿਸ ਆਸਥਾ ਨਾਲ ਕੋਈ ਲੋਕ-ਦਾਇਰਾ ਆਪਣੀ ਲੋਕਧਾਰਾ ਨੂੰ ਸਿਰਜਦਾ, ਨਿਭਾਉਂਦਾ ਅਤੇ ਦੁਹਰਾਉਂਦਾ ਹੈ।

ਇਸ ਲਈ ਕਿਹਾ ਜਾਂਦਾ ਹੈ ਕਿ ਰੂੜ੍ਹ ਹੋ ਗਏ ਵਿਚਾਰ, ਵਰਤਾਰੇ ਅਤੇ ਵਸਤਾਂ ਹੀ ਲੋਕਧਾਰਾ ਦੇ ਖੇਤਰ ਵਿੱਚ ਸ਼ਾਮਿਲ ਹੁੰਦੇ ਹਨ।

**ਡਾ. ਵਣਜਾਰਾ ਬੇਦੀ** ਦਾ ਮੱਤ ਹੈ ਕਿ ਲੋਕਧਾਰਾ ਕਿਸੇ ਜਾਤੀ ਦੇ ਲੋਕ-ਮਾਨਸ ਤੋਂ ਉੱਭਰੇ ਓਹੀ ਵਰਤਾਰੇ ਦੇ ਬੋਧ ਹਨ, ਜੋ ਸਮੁੱਚੀ ਜਾਤੀ ਦੇ ਲੋਕ ਜੀਵਨ ਵਿੱਚ ਰਚ ਕੇ ਉਸਦੀ ਸਹਿਜ ਪਰੰਪਰਾ ਬਣ ਜਾਂਦੇ ਹਨ। ਲੋਕਧਾਰਾ ਵਿੱਚ ਹੀ ਲੋਕ-ਸੰਸਕ੍ਰਿਤੀ ਜਨਮਦੀ ਵਿਗਸਦੀ ਹੈ ਤੇ ਉਸਦਾ ਹੀ ਇੱਕ ਤੱਤ ਬਣ ਕੇ ਰਹਿ ਜਾਂਦੀ ਹੈ।"

**ਡਾ. ਟੀ.ਆਰ ਵਿਨੋਦ** ਨੇ ਸਮੂਹਕਤਾ ਅਤੇ ਪਰੰਪਰਾ ਨੂੰ ਲੋਕਧਾਰਾ ਦੇ ਨਿਖੇੜਕ ਲੱਛਣ ਮੰਨਿਆ ਹੈ। ਉਸਦੇ ਮੱਤ ਵਿਚ, ਸਮੂਹਕਤਾ ਤੋਂ ਮੁਰਾਦ ਇਹ ਹੈ ਕਿ ਲੋਕਧਾਰਾ ਦੇ ਅੰਸ਼ਾਂ ਦੀ ਸਿਰਜਨਾ ਵਿਅਕਤੀ ਮੂਲਕ ਵੀ ਹੋ ਸਕਦੀ ਹੈ ਪਰ ਉਹ ਸਮੂਹ ਦੀ ਸਿਰਜਨਾ ਦੇ ਰੂਪ ਵਿਚ ਹੀ ਲੋਕਧਾਰਾ ਦੀ ਪ੍ਰਵਾਨਗੀ ਪ੍ਰਾਪਤ ਕਰਦੇ ਹਨ। ਇਸੇ ਤਰ੍ਹਾਂ ਪਰੰਪਰਾ ਦਾ ਇਹ ਅਰਥ ਬਿਲਕੁਲ ਨਹੀਂ ਹੈ ਕਿ ਲੋਕਧਾਰਾ ਦਾ ਸਾਰਾ ਪ੍ਰੰਪਚ ਕਾਲ ਦੇ ਇਕ ਖ਼ਾਸ ਨੁਕਤੇ ਉਤੇ ਸਿਰਜ ਲਿਆ ਗਿਆ ਸੀ ਅਤੇ ਉਦੋਂ ਤੋਂ ਇਹ ਉਸੇ ਰੂਪ ਵਿਚ ਕਾਇਮ ਤੁਰਿਆ ਆਇਆ ਹੈ। ਅਸਲੀਅਤ ਇਹ ਹੈ ਕਿ ਲੋਕਧਾਰਾ ਦਾ ਵੀ ਰੂਪਾਂਤਰਣ ਹੁੰਦਾ ਰਹਿੰਦਾ ਹੈ ਪਰ ਇਸ ਵਿਚ ਕੋਈ ਵੀ ਨਵਾਂ ਅੰਸ਼ ਪਰੰਪਰਾ ਦਾ ਰੂਪ ਧਾਰਨ ਕਰਕੇ ਹੀ ਸ਼ਾਮਿਲ ਹੁੰਦਾ ਹੈ।"

**ਲੋਕਮਨ**

ਇਸ ਧਰਤੀ ਦੇ ਜਿੱਥੇ ਵੀ ਕੋਈ ਮਨੁੱਖੀ ਸਮੂਹ ਵਸਦਾ ਹੈ ਉਹ ਆਪਣੇ ਜੀਵਨ ਦੇ ਨਿਰਵਾਹ ਵਾਸਤੇ ਪੈਦਾਵਾਰ ਕਰਦਾ ਹੈ ਅਤੇ ਪੈਦਾਵਾਰ ਦੌਰਾਨ ਹਰ ਪੀੜ੍ਹੀ ਵੱਖੋ-ਵੱਖਰੇ ਖੇਤਰਾਂ ਵਿਚ ਸਰਗਰਮੀਆਂ ਦੌਰਾਨ ਲੰਮੇ ਤਜਰਬਿਆਂ ਵਿਚੋਂ ਗੁਜਰਦੀ ਹੈ। ਇਹਨਾਂ ਤਜਰਬਿਆਂ ਤੋਂ ਪ੍ਰਾਪਤ ਗਿਆਨ ਨੂੰ ਆਪਣੀ ਨਵੀਂ ਪੀੜ੍ਹੀ ਨਾਲ ਸਾਂਝਾ ਕਰਦੀ ਹੈ। ਪੀੜ੍ਹੀ ਦਰ ਪੀੜ੍ਹੀ ਪ੍ਰਾਪਤ ਹੁੰਦੇ ਇਸ ਗਿਆਨ ਦੀ ਸਾਂਝ ਹੀ ਸਮੂਹਿਕ ਚਿਤ ਨੂੰ ਜਨਮ ਦਿੰਦੀ ਹੈ। ਇਕ ਲੰਮੇ ਜੀਵਨ ਕਾਲ ਦੇ ਰਾਹੇ ਪਿਆ ਇਕ ਸਮੂਹ ਦਾ ਗਿਆਨ ਤੇ ਵਿਹਾਰ ਪਰੰਪਰਾਗਤ ਰੂਪ ਵਿਚ ਰੂੜ੍ਹ ਹੋ ਕੇ ਲੋਕਾਂ ਦੇ ਜੀਵਨ ਦਾ ਇਕ ਅਨਿੱਖੜ ਹਿੱਸਾ ਬਣ ਜਾਂਦਾ ਹੈ। ਸਮੂਹ ਦਾ ਇਕ ਵੱਡਾ ਹਿੱਸਾ ਆਪਣੀ ਜਿੰਦਗੀ ਦੇ ਆਰਥਿਕ, ਸਮਾਜਿਕ, ਧਾਰਮਿਕ ਆਦਿ ਵਿਭਿੰਨ ਕਾਰਜ ਇਸ ਦੀ ਅਗਵਾਈ ਵਿਚ ਸਿਰੇ ਚਾੜ੍ਹਦਾ ਹੈ। ਲੋਕਮਨ ਨੂੰ ਲੋਕ ਮਾਨਸਿਕਤਾ ਵੀ ਕਿਹਾ ਗਿਆ ਹੈ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ "ਲੋਕਮਨ ਨੂੰ ਲੋਕ-ਚਿੱਤ ਦਾ ਨਾਂ ਦਿੰਦੇ ਹਨ। ਲੋਕਮਨ ਸਾਧਾਰਨ ਜਨਤਾ ਦਾ ਉਹ ਚਿੱਤ ਹੁੰਦਾ ਹੈ ਜਿਹੜਾ ਪਰੰਪਰਾ ਨਾਲ ਜੁੜਿਆ ਅਤੇ ਸ਼ਸਤਰਾਂ ਦੀਆਂ ਟੀਕਾ-ਟਿੱਪਣੀਆਂ ਤੋਂ ਅਛੂਤਾ ਹੁੰਦਾ ਹੈ। ਲੋਕਮਨ ਮਾਨਵ ਦੀਆਂ ਆਦਮ ਪ੍ਰਵਿਰਤੀਆਂ ਦਾ ਸਰੂਪ ਹੈ।" ਡਾ. ਵਣਜਾਰਾ ਬੇਦੀ ਦੇ ਵਿਚਾਰ ਵਿੱਚ "ਲੋਕ ਸੰਸਕ੍ਰਿਤੀ ਦੀ ਹਰ ਮਾਨਸਿਕ ਅਤੇ ਭੌਤਿਕ ਪ੍ਰਕਿਰਿਆ ਦੇ ਵੇਗ ਦਾ ਮੂਲ ਸਰੋਤ ਸਮੂਹਿਕ ਚਿੱਤ ਹੁੰਦਾ ਹੈ। ਇਸ ਸਮੂਹਿਕ ਚਿਤ ਨੂੰ ਲੋਕਮਨ ਕਿਹਾ ਜਾਂਦਾ ਹੈ। ਲੋਕ ਮਨ ਸਦਾ ਜਾਗਰਿਤ ਜੋਤ ਹੈ ਜੋ ਆਦਿ ਜੁਗਾਦਿ ਤੋਂ ਹਰ ਮਨ ਵਿੱਚ ਪ੍ਰਕਾਸ਼ਮਾਨ ਚੱਲੀ ਆ ਰਹੀ ਹੈ। ਇਹ ਧੁੰਧਲੀ ਤਾਂ ਪੈ ਜਾਂਦੀ ਹੈ ਪਰ ਕਦੀ ਕਿਸੇ ਮਨ ਵਿੱਚੋਂ ਬੁੱਝਦੀ ਨਹੀਂ।"20 ਇਸ ਤਰ੍ਹਾਂ ਲੋਕਧਾਰਾ ਸਮੂਹਿਕ ਚੇਤਨਾ ਵਿਚੋਂ ਪੈਦਾ ਹੁੰਦੀ ਹੈ ਜੋ ਕਿ ਮਨੁਖੀ ਸਮਾਜ ਤੇ ਸਭਿਆਚਾਰ ਦੀ ਦੇਣ ਹੈ।

**ਲੋਕ-ਸਭਿਆਚਾਰ**

ਅਕਸਰ ਸਭਿਆਚਾਰ ਤੇ ਲੋਕ ਸਭਿਆਚਾਰ ਦੇ ਸੰਕਲਪ ਨੂੰ ਰਲਗੱਡ ਕਰ ਦਿਤਾ ਜਾਂਦਾ ਹੈ। ਜਦੋਂਕਿ ਸੱਭਿਆਚਾਰ ਇਕ ਵਿਆਪਕ ਵਿਸ਼ਾਲ ਮਨੁੱਖੀ ਸਾਮਜਕ ਵਰਤਾਰਾ ਹੈ। ਇਹ ਮਨੁੱਖੀ ਇਤਿਹਾਸ ਹਰ ਪੜ੍ਹਾਅ 'ਤੇ ਸਿਰਜਿਆ ਜਾਂਦਾ ਹੈ ਤੇ ਸਿਰਜਿਆ ਜਾ ਰਿਹਾ ਹੈ। ਪਰ ਲੋਕ ਸਭਿਆਚਾਰ, ਸਭਿਆਚਾਰ ਦੇ ਵਿਸ਼ਾਲ ਪਸਾਰੇ ਦੇ ਅੰਤਰਗਤ ਆਉਂਦਾ ਹੈ ਜੋ ਕਿ ਇਕ ਵਿਸ਼ੇਸ਼ ਕਾਲ ਖੰਡ ਵਿਚ ਸਿਰਜਿਆ ਗਿਆ ਹੁੰਦਾ ਹੈ ਇਸ ਕਾਰਨ ਇਹ ਮਨੁੱਖੀ ਸਮਾਜ ਦੇ ਇਕ ਵਿਸ਼ੇਸ਼ ਇਤਿਹਾਸਕ ਪੜ੍ਹਾਅ ਦਾ ਵਰਤਾਰਾ ਹੋ ਨਿਬੜਦਾ ਹੈ। ਡਾ. ਤਾਰਾ ਸਿੰਘ ਦਾ ਵਿਚਾਰ ਹੈ, "ਲੋਕ ਸੱਭਿਆਚਾਰ ਮਨੁੱਖੀ/ਸਮਾਜੀ ਸੱਭਿਆਚਾਰ ਦਾ ਵਿਸ਼ੇਸ਼ ਸਮਾਜਿਕ ਮਨੁੱਖੀ ਇਤਿਹਾਸ ਦੇ ਪੜ੍ਹਾਵਾਂ 'ਤੇ ਸੱਭਿਆਚਾਰ ਦੇ ਵਿਸਤ੍ਰਿਤ ਵਰਤਾਰੇ ਵਿਚੋਂ ਸਿਰਜਿਆ ਗਿਆ ਸੱਭਿਆਚਾਰ ਹੁੰਦਾ ਹੈ, ਜਿਸਦੇ ਸੁਭਾਅ, ਦਿਸ਼ਾ, ਹੋਂਦ-ਵਿਧੀ ਵਿਚ ਲੋਕ ਮਾਨਸ ਦੇ ਸਾਂਝੇ ਮਨੋਰਥ, ਹਿੱਤ, ਉਮੰਗਾਂ, ਦ੍ਰਿਸ਼ਟੀਕੋਣ ਦੀ ਸਮੂਹਕ ਤੇ ਸਹਿਜ ਪ੍ਰਵਾਨਗੀ ਨਿਹਿਤ ਹੁੰਦੀ ਹੈ।" ਸਭਿਆਚਾਰ ਨਾਲੋਂ ਲੋਕ-ਸਭਿਆਚਾਰ ਇਸ ਗੱਲ ਤੋਂ ਵੱਖਰਾ ਹੁੰਦਾ ਹੈ ਕਿ ਲੋਕ ਸਭਿਆਚਾਰ ਅੰਦਰ ਗਤੀ ਤਾਂ ਹੁੰਦੀ ਹੈ ਪਰ ਪ੍ਰਗਤੀ ਨਹੀਂ ਹੁੰਦੀ। ਲੋਕ-ਸਭਿਆਚਾਰ ਹੀ ਲੋਕਧਾਰਾ ਦੀ ਕਾਰਜ ਭੂਮੀ ਹੁੰਦਾ ਹੈ। ਜਿੱਥੇ ਲੋਕਧਾਰਾ ਦੀਆਂ ਰੂੜ੍ਹੀਆਂ ਜਨਮਦੀਆਂ ਵਿਗਸਦੀਆਂ ਰਹਿੰਦੀਆਂ ਹਨ। ਡਾ. ਹਜ਼ਾਰੀ ਪ੍ਰਸਾਦ ਦਿਵੇਦੀ ਲੋਕ ਸੰਸਕ੍ਰਿਤੀ ਨੂੰ ਲੋਕਧਾਰਾ ਦੀ ਆਤਮਾ ਪ੍ਰਵਾਨ ਕਰਦਾ ਹੈ। ਲੋਕਧਾਰਾ ਦੇ ਖੇਤਰ ਵਿੱਚ ਅਨਾਮਿਕਤਾ ਅਰਥਾਤ ਕਿਸੇ ਵਸਤ ਵਰਤਾਰੇ ਵਿੱਚ ਕਿਸੇ ਸਿਰਜਣਹਾਰੇ ਦਾ ਨਾਮ ਸ਼ਾਮਿਲ ਨਾ ਹੋਣਾ ਜਾਂ ਲੋਕ ਪ੍ਰਵਾਨਗੀ ਵਰਗੇ ਪੱਖ ਵੀ ਮਹੱਤਵਪੂਰਨ ਹੁੰਦੇ ਹਨ ਪਰੰਤੂ ਜੇ ਉਪਰੋਕਤ ਤੱਤ ਲੋਕਧਾਰਾ ਦੇ ਖੇਤਰ ਵਿੱਚ ਸ਼ਾਮਿਲ ਹੋਣ ਤਾਂ ਬਾਕੀ ਤੱਤ ਸੁਭਾਵਿਕ ਤੌਰ 'ਤੇ ਸ਼ਾਮਿਲ ਹੋ ਜਾਂਦੇ ਹਨ।"

**ਲੋਕ ਪ੍ਰਵਾਨਗੀ**

ਜੀਵਨ ਦੀ ਕੋਈ ਸਾਮੱਗਰੀ ਲੋਕਧਾਰਾ ਦਾ ਅੰਗ ਤਾਂ ਹੀ ਹੋ ਸਕਦੀ ਹੈ ਜੇਕਰ ਉਸ ਨੂੰ ਲੋਕ ਪ੍ਰਵਾਨਗੀ ਹੋਵੇ। ਲੋਕਾਂ ਤੋਂ ਨਿੱਖੜੀ ਕੋਈ ਵੀ ਵਸਤੂ ਲੋਕਧਾਰਾ ਦਾ ਹਿੱਸਾ ਨਹੀਂ ਹੋ ਸਕਦੀ। ਲੋਕ ਆਪਣੇ ਜੀਵਨ ਅਨੁਭਵਾਂ ਵਿਚੋਂ ਪ੍ਰਾਪਤ ਸਿੱਟਿਆਂ ਨੂੰ ਆਪਣੀਆਂ ਸਿਮਰਤੀਆਂ ਵਿਚ ਸਾਂਭ ਪੀੜ੍ਹੀ ਦਰ ਪੀੜ੍ਹੀ ਅਗਾਂਹ ਤੋਰਦੇ ਰਹਿੰਦੇ ਹਨ ਪਰ ਸਾਰੇ ਜੀਵਨ ਅਨੁਭਵ ਉਹਨਾਂ ਦੇ ਲੋਕ ਜੀਵਨ ਦਾ ਅੰਗ ਨਹੀਂ ਬਣ ਪਾਉਂਦੇ ਸਿਰਫ ਉਹ ਵਿਸ਼ੇਸ਼ ਵਸਤਾਂ, ਵਰਤਾਰੇ, ਸੰਦ, ਚਿੰਤਨ-ਰੂਪ ਆਦਿ ਹੀ ਲੋਕਧਾਰਾਈ ਰੂਪ ਅਖਤਿਆਰ ਕਰਦੇ ਹਨ ਜੋ ਉਹਨਾਂ ਦੇ ਜੀਵਨ ਵਿਚ ਕੋਈ ਕਾਰਜਸ਼ੀਲ ਭੂਮਿਕਾ ਨਿਭਾਉਂਦੇ ਹਨ। ਲੰਮੇ ਕਾਲ ਚਕੱਰ ਵਿਚ ਪਏ ਹੋਣ ਕਾਰਨ ਅਤੇ ਪਰੰਪਰਾਈ ਹੋਣ ਕਾਰਨ ਨਵੀਂ ਪੀੜ੍ਹੀ ਵਿਚ ਅਪਣਾਉਣ ਦੀ ਵਧੇਰੇ ਕਰਕੇ ਹਾਂ-ਮੁਖੀ ਰੁਚੀ ਹੁੰਦੀ ਹੈ। ਪਰ ਇਸਦਾ ਅਰਥ ਇਹ ਨਹੀਂ ਕਿ ਉਹ ਉਸ ਨੂੰ ਉਸੇ ਰੂਪ ਵਿਚ ਅਪਣਾ ਲੈਂਦੇ ਹਨ। ਸਗੋਂ ਸਮੇਂ ਦੇ ਹਾਣ ਦਾ ਕਰਨ ਲਈ ਉਹ ਉਸ ਵਿਚ ਨਾਲ-ਨਾਲ ਤਬਦੀਲੀ ਵੀ ਕਰਦੇ ਰਹਿੰਦੇ ਹਨ। ਅਕਸਰ ਕਿਸੇ ਲੋਕਧਾਰਈ ਸਾਮੱਗਰੀ ਦੇ ਰੂਪ ਨੂੰ ਸੌਖਿਆਂ ਮਾਨਤਾ ਮਿਲ ਜਾਂਦੀ ਹੈ ਪਰ ਉਸ ਵਿਚਲੇ ਮੁੱਲ ਨੂੰ ਨਕਾਰਨ ਜਾਂ ਰੱਦ ਕਰਨ ਨਾਲ ਤਿੱਖੇ ਵਿਰੋਧ ਵੀ ਪੈਦਾ ਹੁੰਦੇ ਹਨ। ਇਸ ਤਰ੍ਹਾਂ ਨਵੇਂ ਸਮਾਜਕ ਮੁੱਲਾਂ ਨੂੰ ਸਥਾਪਤ ਕਰਨ ਲਈ ਸਮਾਜ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਪੈਂਦੀ ਹੈ। **ਡਾ. ਜੀਤ ਸਿੰਘ ਜੋਸ਼ੀ** ਦਾ ਕਥਨ ਹੈ ਕਿ ਲੋਕਧਾਰਾ ਦੇ ਅੰਤਰਗਤ ਉਹ ਸਾਰੇ ਪਰਿਵਰਤਨ ਆ ਜਾਂਦੇ ਹਨ ਜਿਹੜੇ ਲੋਕ ਮਾਨਸ ਦੀ ਸਿਰਜਣਾ ਹਨ ਤੇ ਲੋਕ ਸਭਿਆਚਾਰ ਦੇ ਤੱਤਾਂ ਨਾਲ ਸੰਪੰਨ ਤੇ ਲੋਕ ਪ੍ਰਵਾਨਗੀ ਪ੍ਰਾਪਤ ਕਰ ਚੁੱਕੇ ਹਨ। ਕਿਸੇ ਸਮਾਜਕ ਸਮੂਹ ਦੇ ਸਾਂਝੇ ਵਿਵਹਾਰ ਦਾ ਪ੍ਰਦਰਸ਼ਨ ਕਰਨ ਵਾਲੇ ਅਜਿਹੇ ਵਰਤਾਰੇ ਮੌਖਿਕ ਰੂਪ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਦੀ ਯਾਤਰਾ ਕਰਦੇ ਰਹਿੰਦੇ ਹਨ।

ਲੋਕਧਾਰਾ ਬਾਰੇ ਕੀਤੀ ਗਈ ਇਸ ਚਰਚਾ ਤੋਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਲੋਕਧਾਰਾ ਮਾਨਵੀ ਮਨ ਦਾ ਸਹਿਜ ਪ੍ਰਗਟਾਵਾ ਹੈ। ਇਸਦਾ ਆਰੰਭ ਭਾਵੇਂ ਮਾਨਵੀ ਚੇਤਨ ਦੇ ਮੁੱਢਲੇ ਸਮੇਂ ਤੋਂ ਹੀ ਹੋ ਗਿਆ ਪਰੰਤੂ ਵਰਤਮਾਨ ਸਮੇਂ ਵਿੱਚ ਇਸਦੇ ਮਹੱਤਵ ਨੂੰ ਪਛਾਣਨ ਦੀ ਚੇਤਨਾ ਪੈਦਾ ਹੋਈ ਹੈ। ਲੋਕਧਾਰਾ ਦਾ ਖੇਤਰ ਇਤਨਾ ਵਿਸ਼ਾਲ ਹੈ ਕਿ ਮਾਨਵੀ ਜੀਵਨ ਦਾ ਸ਼ਾਇਦ ਹੀ ਅਜਿਹਾ ਕੋਈ ਪੱਖ ਹੋਵੇ, ਜਿਸਨੂੰ

ਲੋਕਧਾਰਾ ਤੋਂ ਅਛੂਤਾ ਜਾਂ ਸੱਖਣਾ ਪਰਵਾਨ ਕੀਤਾ ਜਾਵੇ। ਰੂਸੀ ਲੋਕਧਾਰਾਈ ਯੂਰੀ ਸ਼ੋਕੋਲੋਵ ਦੇ ਸ਼ਬਦਾਂ ਵਿੱਚ ਕਹੀਏ ਕਿ ਲੋਕਧਾਰਾ ਸਾਡੇ ਭੂਤ ਦੀ ਹੀ ਗੂੰਜ ਨਹੀਂ ਸਗੋਂ ਸਾਡੇ ਵਰਤਮਾਨ ਦੀ ਜ਼ੋਰਦਾਰ ਆਵਾਜ਼ ਵੀ ਹੈ।" ਲੋਕਧਾਰਾ ਦਾ ਸੰਬੰਧ ਲੋਕ ਸਮੂਹ ਦੇ ਪ੍ਰਾਚੀਨ ਅਤੇ ਪਰੰਪਰਾਗਤ ਜੀਵਨ ਢੰਗਾਂ ਨਾਲ ਹੈ। ਜਿਸ ਵਿੱਚ ਲੋਕਾਂ ਦੀਆਂ ਰੁਚੀਆਂ, ਵਿਸ਼ਵਾਸ਼ ਅਤੇ ਸਮੂਹ ਦੀਆਂ ਕਿਰਿਆਵਾਂ ਆਦਿ ਆ ਜਾਂਦੀਆਂ ਹਨ। ਲੋਕਧਾਰਾ ਦਾ ਸੰਬੰਧ ਭਾਵੇਂ ਮੁੱਖ ਰੂਪ ਵਿੱਚ ਪਰੰਪਰਾਗਤ ਜੀਵਨ ਜਾਚ ਨਾਲ ਹੁੰਦਾ ਹੈ। ਜਿਸ ਵਿੱਚ ਰਹਿਣ-ਸਹਿਣ, ਖਾਣ-ਪੀਣ ਅਤੇ ਕੰਮ ਧੰਦੇ ਤੋਂ ਇਲਾਵਾ ਸਭਿਆਚਾਰਕ ਜੀਵਨ ਦੇ ਹੋਰ ਬਹੁਤ ਸਾਰੇ ਪੱਖ ਆ ਜਾਂਦੇ ਹਨ। ਪਰ ਇਸਦਾ ਪ੍ਰਭਾਵ ਪ੍ਰਾਚੀਨ ਜੀਵਨ-ਜਾਚ ਤੱਕ ਹੀ ਸੀਮਤ ਨਹੀਂ ਰਹਿੰਦਾ ਇਹ ਸਾਡੇ ਵਰਤਮਾਨ ਅਤੇ ਆਧੁਨਿਕ ਜੀਵਨ ਨੂੰ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ।

## ਲੋਕਧਾਰਾ ਦੇ ਪ੍ਰਮੁੱਖ ਖੇਤਰ

ਲੋਕਧਾਰਾ ਦਾ ਖੇਤਰ ਬਹੁਤ ਵਿਸ਼ਾਲ ਹੈ ਇਸ ਲਈ ਇਸਦੀ ਸਮੱਗਰੀ ਕਿਸੇ ਵੀ ਰੂਪ ਵਿਚ ਪ੍ਰਾਪਤ ਹੋ ਸਕਦੀ ਹੈ, ਬਾਣੀ ਵਿਲਾਸ ਦੇ ਰੂਪ ਵਿਚ, ਲੋਕ ਕਲਾ ਦੇ ਰੂਪ ਵਿਚ, ਠੋਸ ਵਸਤਾਂ ਦੇ ਰੂਪ ਵਿਚ, ਜੰਮਣ ਤੋਂ ਲੈ ਮਰਨ ਤੱਕ ਪੈਰ ਪੈਰ ਤੇ ਕਿਸੇ ਵਿਸ਼ਵਾਸ ਅਧੀਨ ਮਨਾਏ ਗਏ ਰੀਤੀ ਰਿਵਾਜ਼ ਦੇ ਰੂਪ ਵਿਚ ਅਤੇ ਲੋਕ ਵਿੱਦਿਆ, ਲੋਕ ਧਰਮ, ਜੰਤਰ ਮੰਤਰ ਜਾਦੂ ਟੂਣੇ ਆਦਿ ਦੇ ਰੂਪ ਵਿਚ ਸਭ ਕੁਝ ਲੋਕਧਾਰਾ ਦੀ ਸਮੱਗਰੀ ਦਾ ਭਾਗ ਹੈ। ਸਪੱਸ਼ਟ ਹੈ ਕਿ ਲੋਕਧਾਰਾ ਨਿਰੋਲ ਮੌਖਿਕ ਅਭਿਵਿਅਕਤੀ ਨਹੀਂ। ਇਸ ਦਾ ਸੰਚਾਰ ਲਿਖਿਤ ਰੂਪ ਵਿਚ ਸਰੀਰਕ ਕਿਰਿਆਵਾਂ ਦੁਆਰਾ ਅਤੇ ਚਿੰਨਾਂ ਰਾਹੀਂ ਵੀ ਹੁੰਦਾ ਹੈ। ਇਸ ਦਾ ਵਰਤਾਰਾ ਸਭਿਅਤਾ ਤੋਂ ਦੁਰੇਡੇ ਟੱਪਰੀਵਾਸਾਂ, ਜੰਗਲਾਂ ਵਿਚ ਵਿਚਰ ਰਹੇ ਆਦਿ ਵਾਸੀਆਂ, ਅਲਪ ਸਿਖਿਅਤ ਪੇਂਡੂ ਲੋਕ ਅਤੇ ਸਭਿਅਤਾ ਦੀ ਸਿਖਰ 'ਤੇ ਪੁੱਜੇ ਸ਼ਹਿਰਾਂ ਦੇ ਵਸਨੀਕਾਂ ਵਿਚ ਵੀ ਹੈ। ਡਾ. ਭੁਪਿੰਦਰ ਸਿੰਘ ਖਹਿਰਾ ਨੇ ਲੋਕਧਾਰਾ ਦੇ ਵਿਸ਼ਾਲ ਖੇਤਰ ਸਬੰਧੀ ਜੋ ਵੇਰਵੇ ਦਿੱਤੇ ਹਨ ਉਹ ਹੇਠਾਂ ਦਰਜ ਹਨ।

### (ੳ) ਲੋਕ ਸਾਹਿਤ (Folk Literature)

1. ਲੋਕ ਗੀਤ: ਸੰਸਕਾਰਾਂ, ਰੁੱਤਾਂ, ਪੂਜਾ-ਵਿਧੀਆਂ। ਦੇਵੀ ਦੇਵਤਿਆਂ, ਵਰਨਾਂ, ਮੇਲਿਆਂ, ਤਿਉਹਾਰਾਂ ਆਦਿ ਸੰਬੰਧੀ ਅਨੁਸ਼ਠਾਨਿਕ ਗੀਤ, ਕਾਰਜ ਗੀਤ, ਪਿਆਰ ਦੇ ਗੀਤ, ਸੂਰਮਗਤੀ ਦੇ ਗੀਤ, ਪੇਸ਼ਾਵਰ ਜਾਤੀਆਂ ਦੇ ਗੀਤ, ਬੱਚਿਆਂ ਦੇ ਗੀਤ ਆਦਿ।
2. ਲੋਕ ਕਹਾਣੀਆਂ: ਪੌਰਾਣ ਕਥਾ, ਅਵਦਾਨ, ਨੀਤੀ ਕਥਾ, ਪਸ਼ੂ ਕਹਾਣੀਆਂ, ਭੂਤਾਂ ਪ੍ਰੇਤਾਂ ਸਬੰਧੀ ਕਹਾਣੀਆਂ ਆਦਿ।
3. ਲੋਕ ਸਾਹਿਤ ਦੇ ਵਿਵਿਧ ਰੂਪ: ਲੋਕ ਗਾਥਾ, ਲੋਕੋਕਤੀ, ਅਖਾਣ ਅਥਵਾ ਅਖੌਤਾਂ, ਬੁਝਾਰਤਾਂ, ਮੁਹਾਵਰੇ ਆਦਿ।

### (ਅ) ਲੋਕ ਕਲਾ (Folk Arts)

1. ਲੋਕ ਗੀਤ: ਪਰੰਪਰਾਗਤ ਰਾਗ, ਲੋਕ ਗੀਤਾਂ ਦੀਆਂ ਧੁਨੀਆਂ ਅਤੇ ਤਰਜ਼ਾ ਲੋਕ ਸਾਜ਼ਾਂ ਦੀ ਸਹਾਇਤਾ ਨਾਲ ਗਾਈਆਂ ਜਾਣ ਵਾਲੀਆਂ ਸੰਗੀਤਕ ਵਿਧੀਆਂ ਆਦਿ।
2. ਲੋਕ ਨਾਟ: ਰਾਮ ਲੀਲਾ, ਰਾਗ ਸਾਂਗ, ਪੁਤਲੀਆਂ ਦੇ ਤਮਾਸ਼ੇ, ਨਕਲਾਂ ਆਦਿ।
3. ਲੋਕ ਨਿਤ: ਭੰਗੜਾ, ਗਿੱਧਾ, ਸੰਮੀ, ਕਿੱਕਲੀ, ਗੁੰਮਰੀ ਆਦਿ।
4. ਮੂਰਤੀ ਕਲਾ: ਮਿੱਟੀ ਦੇ ਬਾਵੇ, ਖਿਡੌਣੇ ਅਤੇ ਕ੍ਰਿਸ਼ਨ, ਰਾਧਾ ਤੇ ਰਾਮ ਦੀਆਂ ਮੂਰਤੀਆਂ ਆਦਿ।
5. ਲੋਕ ਕਲਾ ਦੇ ਵਿਵਧ ਰੂਪ: ਲੋਕ ਚਿਤਰਕਾਰੀ, ਇਮਾਰਬਾਜ਼ੀ ਜਾਂ ਬੁਤਕਾਰੀ ਆਦਿ।

### (ੲ) ਅਨੁਸ਼ਠਾਨ (Ritual)

1. ਲੋਕ-ਰੀਤੀ ਰਿਵਾਜ: ਜੰਮਣ ਤੋਂ ਲੈ ਕੇ ਮਰਨ ਤੱਕ ਅਨੇਕਾਂ ਸੰਸਕਾਰਾਂ ਜਿਵੇਂ ਤੇਰਵਾਂ, ਮੁੰਡਨ, ਨਾਮਕਰਨ, ਸ਼ਗਨ, ਵਿਆਹ, ਘੋੜੀ, ਮੁਕਲਾਵਾ, ਚੌਥਾ, ਕਿਰਿਆ ਜਾਂ ਸਤਾਰ੍ਹਵੀਂ ਆਦਿ।
2. ਮੇਲੇ ਅਤੇ ਤਿਉਹਾਰ: ਪੰਰਪਰਾਗਤ ਤਿਉਹਾਰ ਅਤੇ ਮੇਲੇ ਜਿਵੇਂ ਵਿਸਾਖੀ, ਦੁਸਹਿਰਾ, ਦੀਵਾਲੀ, ਲੋਹੜੀ, ਮਾਘੀ, ਹੋਲੀ, ਬਸੰਤ ਪੰਚਮੀ, ਨਿਰਜਲਾ ਇਕਦਾਸ਼ੀ, ਰੱਖੜੀ-ਪੁੰਨਿਆ, ਬਧ, ਕਰਵਾ ਚੌਥ , ਗੁਰਪੁਰਬ ਅਤੇ ਧਾਰਮਿਕ ਮਹਾਂਪੁਰਖਾਂ ਦੀਆਂ ਜਯੰਤੀਆਂ ਆਦਿ।
3. ਵਰਤ ਅਤੇ ਪੂਜਾ ਵਿਧੀਆਂ: ਅਨੇਕਾਂ ਪ੍ਰਕਾਰ ਦੇ ਵਰਤ, ਪੂਜਾ ਦੇ ਕਈ ਢੰਗ, ਸ਼ਗਨ, ਅਪਸ਼ਗਨ, ਪੀਰਾਂ, ਫ਼ਕੀਰਾਂ ਦੀਆਂ ਸੁੱਖਣਾ ਅਤੇ ਮਨਾਉਤਾਂ, ਲੋਕ ਵਿਸ਼ਵਾਸਾਂ ਅਧੀਨ ਕੀਤੇ ਜਾਣ ਵਾਲੇ ਕੰਮ, ਜਿਵੇਂ ਦੀਵਾਲੀ ਸਮੇਂ ਮੂਰਤੀਆਂ ਜਾਂ ਚਿੱਤਰ ਬਣਾਉਣੇ, ਲੱਛਮੀ ਪੂਜਾ, ਜੂਆ ਖੇਡਣਾ, ਖੇਤੀ ਸ਼ੁਰੂ ਕਰਨ ਤੋਂ ਪਹਿਲਾਂ ਹਲ, ਬਲਦ ਅਤੇ ਭੂਮੀ ਦੀ ਪੂਜਾ ਆਦਿ।
4. ਲੋਕ ਧਰਮ: ਇੱਥੇ ਇਹ ਕਹਿਣ ਦੀ ਲੋੜ ਪਤੀਤ ਨਹੀਂ ਹੁੰਦੀ ਕਿ ਲੋਕਿਕ ਰੀਤੀ-ਰਿਵਾਜਾਂ, ਪਰੰਪਰਾਗਤ ਮੇਲੇ ਆਦਿ ਤਿਉਹਾਰ, ਪੂਜਾ ਦੀਆਂ ਵਿਧੀਆਂ ਅਤੇ ਵਰਤ ਆਦਿ ਅਨੁਸ਼ਠਾਨ ਖੇਤਰ ਦੀ ਬਹੁਤ ਸਮੱਗਰੀ ਲੋਕ ਧਰਮ ਦਾ ਰੂਪ ਹੀ ਧਾਰਨ ਕਰ ਚੁੱਕੀ ਹੈ।

### (ਸ) ਲੋਕ ਵਿਸ਼ਵਾਸ (Folk Beliefs)

ਜਾਦੂ ਟੂਣੇ ਟੋਟਕ, ਜੰਤਰ-ਮੰਤਰ ਤਾਵੀਜ਼, ਸ਼ਗਨ-ਅਪਸ਼ਗਨ, ਆਦਿ ਵਿਸ਼ਵਾਸ ਹਨ ਜਿਨ੍ਹਾਂ ਨੂੰ ਲੋਕ-ਵਿੱਦਿਆ ਵੀ ਕਿਹਾ ਜਾਂਦਾ ਹੈ। ਦੇਵੀ ਦੇਵਤਿਆਂ ਅਤੇ ਭੂਤਾਂ ਚੁੜੇਲਾਂ ਸਬੰਧੀ ਵਿਸ਼ਵਾਸ, ਭਵਿੱਖ ਬਾਣੀ ਅਥਵਾ ਅਕਾਸ਼ਬਾਣੀ ਨਾਲ ਸਬੰਧਤ ਵਿਸ਼ਵਾਸ, ਪ੍ਰਿਥਵੀ ਅਤੇ ਆਕਸ਼ ਨਾਲ ਜੁੜੇ ਹੋਏ ਵਿਸ਼ਵਾਸ, ਜਰਮ ਸਥਾਨ ਅਤੇ ਮੌਤ ਬਾਰੇ ਅਨੇਕਾਂ ਵਿਸ਼ਵਾਸ, ਹਰ ਉਸ ਵਸਤੂ ਬਾਰੇ ਵਿਸ਼ਵਾਸ ਜਿਸ ਦੀ ਵਰਚੋਂ ਮਨੁੱਖ ਕਰਦਾ ਹੈ ਅਤੇ ਜਿਸ ਨਾਲ ਕਿਸੇ ਰੂਪ ਵਿਚ ਉਸਦਾ ਵਾਹ ਪੈਦਾ ਹੈ।

### (ਹ) ਲੋਕ ਸ਼ਬਦ-ਨਿਰਮਾਣ ਅਤੇ ਲੋਕ-ਬੋਲੀ (Folk Ethymology and Folk speech)

ਲੋਕ ਕਥਨ ਦੀ ਬੋਲੀ, ਕਿੱਤੇ ਦੀ ਬੋਲੀ, ਬਾਜ਼ਾਰੀ ਬੋਲੀ, ਲੋਕ ਰੂਪਕ ਤੇ ਉਪਮਾਵਾਂ ਕਿਸੇ ਖ਼ਾਸ ਸ਼੍ਰੇਣੀ ਜਾਂ ਦੇ ਸਮੂਹ ਦੇ ਵਿਸ਼ੇਸ਼ ਬੋਲ, ਕਥਨ ਜਾਂ ਸ਼ਬਦ (ਨਿਹੰਗ ਸਿੰਘਾਂ ਦੇ ਬੋਲ), ਵਿਸ਼ੇਸ਼ ਹੂਕਾਂ ਤੇ ਚੀਕਾਂ, ਪਸ਼ੂ ਪੰਛੀਆਂ ਦੇ ਬੁਲਾਉਣ ਤੇ ਸਿਖਾਉਣ ਦੇ ਵਿਸ਼ੇਸ਼ ਢੰਗ (ਕੁੱਤਿਆਂ, ਘੋੜਿਆਂ, ਤਿੱਤਰਾਂ ਅਤੇ ਕਬੂਤਰਾਂ ਆਦਿ ਦੀ ਸਿਖਲਾਈ), ਵਿਅਕਤੀਆਂ ਅਤੇ ਥਾਵਾਂ ਦੇ ਖਾਸ ਅੱਲ, ਛੇੜ, ਮਖੌਲੀ ਆਦਿ।

### (ਕ) ਲੋਕ ਧੰਦੇ ਜਾਂ ਕਿੱਤੇ (Folk Crafts)

ਸਿਲਾਈ, ਕਢਾਈ, ਕਸੀਦਾਕਾਰੀ, ਕੱਪੜਾ ਬੁਣਨਾ, ਜੁੱਤੀਆਂ ਬਣਾਉਣਾ, ਲੁਹਾਰਾ ਤੇ ਤਰਖਾਣਾ ਕੰਮ, ਘੁਮਿਆਰ ਠਠਿਆਰ, ਫੁਲੇਰੇ, ਚੂੜੀਗਰ, ਸੁਨਿਆਰ, ਰੰਗ ਸਾਜ਼, ਬਜ਼ੀਗਰ ਓਡ, ਮਹਾਗੀਰ, ਆਜੜੀ, ਟੱਪਰੀਵਾਸ, ਸ਼ਿਕਲੀਗਰ , ਸਾਸੀ ਆਦਿ ਈਆਂ ਅਥਵਾ ਕਿੱਤਿਆਂ ਨਾਲ ਸੰਬੰਧਤ ਬਹੁਤ ਸਾਰੀ ਸਮੱਗਰੀ ਜੋ ਪਦਾਰਥਕ ਵਸਤਾਂ ਦੇ ਰੂਪ ਵਿਚ ਪ੍ਰਾਪਤ ਹੁੰਦੀ ਹੈ, ਜਿਵੇਂ ਪਰੰਪਰਾਗਤ ਸੰਦ, ਪ੍ਰਾਚੀਨ ਅਸਤਰ ਸ਼ਸਤਰ ਪੁਰਾਣੇ ਗਹਿਣੇ, ਕਪੜੇ ਅਤੇ ਭਾਂਡੇ, ਪ੍ਰਾਚੀਨ ਘਰ ਅਤੇ ਭੁੱਗੀਆਂ, ਕੌਡੀਆਂ, ਸਿੱਪੀਆਂ ਆਦਿ।

### (ਖ) ਫੁਟਕਲ (Miscellaneous)

1. ਲੋਕ ਮਨੋਰੰਜਨ ਅਥਵਾ ਖੇਡਾਂ: ਲੁਕਣ ਮੀਚੀ, ਕੋਟਲਾ ਛਪਾਕੀ, ਚੀਚੋ ਚੀਚ ਘਚੋਲੀਆਂ, ਕਬੱਡੀ, ਘੋਲ, ਰੱਸਾ ਖਿੱਚਣਾ, ਚਉਪੜ ਤੇ ਕੜੀ, ਖਿੱਦੋ-ਖੂੰਡੀ, ਗੁੱਲੀ ਡੰਡਾ, ਜੱਟ ਬਾਹਮਣ, ਬਾਰਾ ਦੁਹਣੈ. ਗਤਕੇਬਾਜ਼ੀ, ਘੋੜ ਦੌੜਾ, ਕਬੂਤਰਾਂ, ਕੁੱਕੜਾਂ ਅਤੇ ਬਲਦਾਂ ਦੀ ਲੜਾਈ ਕਠ-ਪੁਤਲੀਆ, ਨਟਾਂ, ਬਾਜ਼ੀਗਰਾਂ ਅਤੇ ਮਦਾਰੀਆਂ ਦੇ ਤਮਾਸ਼ੇ ਆਦਿ।
2. ਲੋਕ ਸਾਜ਼ ਜਾਂ ਲੋਕ ਵਾਦਨ: ਤੂੰਬਾ, ਸਾਰੰਗੀ, ਢੋਲਕੀ, ਅਲਗੋਜ਼ਾ, ਵੰਝਲੀ, ਪੰਜੀਰੇ, ਰੋੜਾ, ਚਮਟਾ, ਕਿੰਗ, ਛੈਣੇ, ਡਮਰੂ, ਇਕਤਾਰਾ, ਢੰਡ, ਘੰਟੀ ਜਾਂ ਟੱਲੀ ਆਦਿ।
3. ਚਿਨ, ਗਣੇਸ਼ ਦਾ ਚਿੰਨ੍ਹ ਭਾਸ ਦਾ ਚਿੰਨ੍ਹ ਆਦਿ।

## ਲੋਕਧਾਰਾ-ਸਾਸ਼ਤਰ

**ਲੋਕਧਾਰਾ ਸ਼ਾਸਤਰ** (ਅੰਗਰੇਜ਼ੀ: Folkloristics) ਇੱਕ ਵਿਸ਼ਾਖੇਤਰ ਹੈ ਜਿਸ ਵਿੱਚ- ਲੋਕਧਾਰਾ ਦਾ ਸ਼ਾਸਤਰੀ ਨੇਮਾਂ ਅਧੀਨ ਅਧਿਐਨ ਕੀਤਾ ਜਾਂਦਾ ਹੈ। ਡਾਭੁਪਿੰਦਰ ਸਿੰਘ ਖਹਿਰਾ ਅਨੁਸਾਰ. ਲੋਕਧਾਰਾ ਸ਼ਾਸਤਰ, ਲੋਕਧਾਰਾ ਅਧਿਐਨ ਲਈ, ਵਿਧੀਆਂ ਤੇ ਸਿਧਾਂਤਾਂ ਦਾ ਨਿਰੂਪਣ ਕਰਨ ਵਾਲਾ ਵਿਗਿਆਨ ਹੈ। ਅਸਲ ਵਿੱਚ ਲੋਕਧਾਰਾ ਸ਼ਾਸਤਰ ਲੋਕਧਾਰਾ ਦਾ ਉਹ ਵਿਗਿਆਨਕ ਅਧਿਐਨ ਹੈ ਜਿਸ ਦੁਆਰਾ ਲੋਕਧਾਰਾ ਦੀ ਬਣਤਰ, ਪ੍ਰਕਾਰਜ ਤੇ ਸਾਰਥਿਕਤਾ ਨੂੰ ਸਮਝਣ ਦਾ ਉੱਪਰਾਲਾ ਕੀਤਾ ਜਾਂਦਾ ਹੈ।

ਡਾ. ਭੁਪਿੰਦਰ ਸਿੰਘ ਖਹਿਰਾ ਨੇ ਲੋਕਧਾਰਾ ਸ਼ਾਸਤਰ ਲਈ ਤਿੰਨ ਧਾਰਨਾਵਾਂ ਪੇਸ਼ ਕੀਤੀਆਂ ਹਨ ਜੋ ਹੇਠਾਂ ਲਿਖੇ ਅਨੁਸਾਰ ਹਨ:

### ਬਾਹਰਮੁਖਤਾ (Objectivity)

ਲੋਕਧਾਰਾ ਵਿਗਿਆਨ ਬਾਹਰਮੁਖਤਾ ਦੀ ਧਾਰਨਾਂ ਤੇ ਪੂਰਾ ਉਤਰਨਾ ਚਾਹੀਦਾ ਹੈ। ਲੋਕਧਾਰਾ ਦਾ ਘੋਖੀ ਆਪਣੇ ਹੀ ਸਮਾਜ ਅਤੇ ਸਭਿਆਚਾਰ ਦੀਆਂ ਧਾਰਨਾਵਾਂ ਅਤੇ ਪਰੰਪਰਾਵਾਂ ਦਾ ਅਧਿਐਨ ਕਰ ਰਿਹਾ ਹੁੰਦਾ ਹੈ। ਇਸ ਲਈ ਉਸ ਦਾ ਆਪਣੇ ਸਭਿਆਚਰ ਅਤੇ ਲੋਕਧਾਰਾ ਵੱਲ ਉਲਾਰ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ। ਉਸ ਦੁਆਰਾ ਕੱਢੇ ਗਏ ਸਿੱਟੇ ਉਲਾਰ ਹੋ ਸਕਦੇ ਹਨ। ਇਸ ਲਈ ਲੋਕਧਾਰਾ ਦੀਆਂ ਵਿਭਿੰਨ ਵੰਨਗੀਆਂ ਦਾ ਅਧਿਐਨ ਕਰਦੇ ਸਮੇਂ ਉਹਨਾਂ ਭੋਤਿਕ ਅਤੇ ਸਮਾਜਕ ਪਰਸਥਿਤੀਆਂ ਦਾ ਪੁਨਰ ਨਿਰਮਾਣ ਕਰਨਾ ਪੈਦਾ ਹੈ। ਨਿਰਪਖ ਵਿਗਿਆਨ ਇਸ ਲੋੜ ਦੀ ਪੂਰਤੀ ਕਰ ਸਕਦਾ ਹੈ। ਇਸ ਲਈ ਜ਼ਰੂਰੀ ਹੈ ਕਿ ਲੋਕਧਾਰਾ ਵਿਗਿਆਨ ਦੀ ਬੁਨਿਆਦ ਨਿਰਪਖ ਹੋਵੇ ਅਤੇ ਦਲੀਲ ਦੀ ਕਸਵੱਟੀ ਤੇ ਪੂਰੀ ਉਤਰਦੀ ਹੋਵੇ। ਇਸ ਉਸਾਰੇ ਵਿੱਚ ਜਜ਼ਬੇ ਅਤੇ ਭਾਵੁਕਤਾ ਨੂੰ ਕੋਈ ਥਾਂ ਨਹੀਂ। ਇਸ ਲਈ ਲੋਕਧਾਰਾ ਵਿਗਿਆਨ ਨੂੰ ਸਾਹਿਤਕ ਰੂਪਾਂ ਦੇ ਅਨੁਰੂਪ ਨਹੀਂ ਰਖਿਆ ਜਾ ਸਕਦਾ।

### ਸਮੁੱਚਤਾ (Totality)

ਲੋਕਧਾਰਾ ਦੀਆਂ ਸਾਰੀਆਂ ਵੰਨਗੀਆਂ ਸੰਸਾਰ ਨਾਲ ਸਬੰਧਤ ਹਨ। ਇਹਨਾਂ ਵੰਨਗੀਆਂ ਦਾ ਸਿਧਾਂਤ ਨਿਰੂਪਣ ਕਰਨ ਲਈ ਇਹਨਾਂ ਦੀ ਬੁਣਤ ਅਤੇ ਸੰਰਚਨਾ ਤੱਕ ਹੀ ਸੀਮਤ ਨਹੀਂ ਹੋਇਆ ਜਾ ਸਕਦਾ। ਲੋਕਧਾਰਾ ਦੀਆਂ ਵੰਨਗੀਆਂ ਸਮੁੱਚੇ ਪ੍ਰਸੰਗ ਵਿੱਚ ਹੀ ਪਰਖੀਆਂ ਜਾ ਸਕਦੀਆਂ ਹਨ। ਇਸ ਲਈ ਲੋਕਧਾਰਾ ਦੀਆਂ ਵਿਭਿੰਨ ਵੰਨਗੀਆਂ ਦਾ ਅਧਿਐਨ ਕਰਨ ਲਈ ਭੋਤਿਕ ਪ੍ਰਸਥਿਤੀਆਂ ਅਤੇ ਮਨੁਖ ਦੀਆਂ ਵਿਭਿੰਨ ਸਿਰਜਨਾਵਾਂ ਦੇ ਸੰਚਾਰਤ ਰਿਸ਼ਤੇ ਦਾ ਪੁਨਰ ਨਿਰਮਾਣ ਕਰਨ ਦੀ ਲੋੜ ਹੈ। ਇਸ ਲਈ ਵਿਗਿਆਨਕ ਧਾਰਨਾਵਾਂ ਅਤੇ ਸਿਧਾਂਤਾਂ

ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਵੇਂ ਕਿ ਸਮੁੱਚਤਾ ਤੋਂ ਭਾਵ ਲੋਕਧਾਰਾ ਵਿੱਚ ਕੋਈ ਵੀ ਵੰਨਗੀ ਨੂੰ ਸਮੁੱਚਤਾ ਵਿੱਚ ਦੇਖਣ ਤੋਂ ਭਾਵਕਿ ਵੰਨਗੀ ਨੂੰ ਲੋਕਧਾਰਾ ਨਾਲ ਜੋੜਕੇ ਦੇਖਣਾ ਅਤੇ ਉਸਨੂੰ ਪੂਰਨ ਸਮੁੱਚਤਾ ਵਿੱਚ ਦੇਖਣ ਤੋਂ ਹੀ ਹੈ।

**ਸਾਰਥਿਕਤਾ (Relevance)**

ਲੋਕਧਾਰਾ ਸ਼ਾਸਤਰ ਦੇ ਅਧਿਐਨ ਦਾ ਅਗਲਾ ਮੁਖ ਤੱਤ ਸਾਰਥਿਕਤਾ ਹੈ। ਲੋਕਧਾਰਾ ਦੇ ਅਧਿਐਨ ਤੋਂ ਪ੍ਰਾਪਤ ਹੋਏ ਨਤੀਜੇ ਸਾਰਥਕ ਭਾਵ ਅਰਥਪੂਰਨ ਅਤੇ ਸੰਗਠਤ ਹੋਣੇ ਚਾਹੀਦੇ ਹਨ। ਲੋਕਧਾਰਾ ਲੋਕਮਨ ਦੀ ਉਪਜ ਹੈ। ਇਸ ਦੇ ਸੰਚਾਰ ਦੇ ਮਾਧਿਅਮ ਵਖਰੇ-ਵਖਰੇ ਹੋ ਸਕਦੇ ਹਨ। ਲੋਕਧਾਰਾ ਦੀਆਂ ਵੰਨਗੀਆਂ ਦੇ ਕਿਰਿਆਸ਼ੀਲ ਹੋਣ ਦੇ ਬਾਵਜੂਦ ਸਿੱਟੇ ਸਾਰਥਕ ਹੋਣੇ ਚਾਹੀਦੇ ਹਨ। ਜੇਕਰ ਲੋਕਧਾਰਾ ਵਿਗਿਆਨ ਦੀਆਂ ਵਿਧੀਆਂ ਅਤੇ ਸਿਧਾਂਤਾਂ ਦੁਆਰਾ ਪ੍ਰਾਪਤ ਕੀਤੇ ਗਏ ਨਤੀਜੇ ਸਾਰਥਕ ਭਾਵ ਅਰਥਪੂਰਨ ਨਹੀਂ ਤਾਂ ਲੋਕਧਾਰਾ ਵਿਗਿਆਨ ਦੀਆਂ ਧਾਰਨਾਵਾਂ ਵੀ ਠੀਕ ਨਹੀਂ ਹੋ ਸਕਦੀਆਂ।

**ਲੋਕਧਾਰ ਦੇ ਅਧਿਐਨਯੋਗ ਪ੍ਰਮੁੱਖ ਪੜਾਅ**

ਲੋਕਧਾਰਾ ਸ਼ਾਸਤਰ ਦਾ ਅਧਿਐਨ ਕਰਨ ਲਈ ਲੋਕਧਾਰਾ ਸ਼ਾਸਤਰੀਆਂ ਨੇ ਕੁਝ ਪੜਾਅ ਨਿਰਧਾਰਿਤ ਕੀਤੇ ਹਨ। ਜਿਹਨਾਂ ਦੀ ਵਰਤੋਂ ਵਿਧੀਵੱਤ ਰੂਪ ਨਾਲ ਲੋਕਧਾਰਾ ਸ਼ਾਸਤਰ ਦਾ ਵਿਗਿਆਨਕ ਤਰੀਕੇ ਨਾਲ ਅਧਿਐਨ ਕਰਨ ਲਈ ਵਰਤਿਆ ਜਾਂਦਾ ਹੈ। ਲੋਕਧਾਰਾ ਸ਼ਾਸਤਰ ਦਾ ਅਧਿਐਨ ਕਰਨ ਲਈ ਹੇਠਾਂ ਲਿਖੇ ਪੜਾਅ ਮਿਥੇ ਜਾਂਦੇ ਹਨ।

**ਇਕੱਤਰੀਕਰਨ**

ਲੋਕਧਾਰਾ ਸ਼ਾਸਤਰ ਦੇ ਅਧਿਐਨ ਦਾ ਪਹਿਲਾ ਪੜਾਅ ਸਮਗਰੀ ਦਾ ਇਕਤਰੀਕਰਨ ਕਰਨਾ ਹੁੰਦਾ ਹੈ। ਇਸ ਪੜਾਅ ਦੀ ਵਿਧੀ ਵਿੱਚ ਲੋਕਧਾਰਾ ਦਾ ਖੋਜੀ ਕਿਸੇ ਇੱਕ ਲੋਕਧਾਰਾ ਦਾ ਖੇਤਰ ਚੁਣਦਾ ਹੈ ਫਿਰ ਉਹ ਬਹੁਤ ਹੀ ਸਹਿਜਤਾ ਨਾਲ ਉਥੋਂ ਦੇ ਲੋਕਾਂ ਨਾਲ ਨੇੜੇ ਦੇ ਸਬੰਧ ਅਤੇ ਰਾਬਤਾ ਕਾਇਮ ਕਰਦਾ ਹੈ ਫਿਰ ਉਹ ਉਥੋਂ ਦੀ ਲੋਕਧਾਰਾ ਦੀ ਸਮਗਰੀ ਨੂੰ ਇੱਕਠਾ ਕਰਦਾ ਹੈ। ਇਸ ਵਿੱਚ ਖੋਜੀ 'ਟੇਪ ਰਿਕਾਰਡ, ਡੀਟਾ ਫ਼ੋਨ ਜਾਂ ਰੀਕਾਰਡ ਕਰਨ ਵਾਲੇ ਕਿਸੇ ਹੋਰ ਜੰਤਰ ਦੀ ਵਰਤੋਂ ਕਰਦਾ ਹੈ। ਇਸ ਤੋਂ ਬਾਅਦ ਉਹ ਸਾਰੀ ਸਮਗਰੀ ਇੱਕਠੀ ਕਰ ਕੇ ਉਸ ਉੱਪਰ ਲਿਖਤੀ ਭਾਸ਼ਾ ਰਾਹੀ ਉਸ ਨੂ ਆਪਣੀ ਲਿਖਤ ਦਾ ਮੁੱਢਲਾ ਕੰਮ ਸਮਝ ਕੇ ਲਿਖਦਾ ਹੈ।

**ਵਰਗੀਕਰਨ**

ਲੋਕਧਾਰਾ ਦੀ ਸਮਗਰੀ ਦੇ ਅਧਿਐਨ ਦਾ ਦੂਸਰਾ ਮੁਖ ਪੜਾਅ ਇੱਕਠੀ ਕੀਤੀ ਗਈ ਸਮੱਗਰੀ ਦਾ ਵਰਗੀਕਰਨ ਕਰਨਾ ਹੈ। ਇਸ ਪੜਾਅ ਦੌਰਾਨ ਖੋਜੀ ਸਾਰੀ ਇੱਕਠੀ ਕੀਤੀ ਸਮੱਗਰੀ ਦਾ ਵਰਗੀਕਰਨ ਕਰਦਾ ਹੈ। ਉਸ ਸਮੱਗਰੀ ਵਿਚੋਂ ਵੱਖ-ਵੱਖ ਵੰਨਗੀਆਂ ਨਾਲ ਸਬੰਧਤ ਸਮੱਗਰੀ ਜਿਵੇਂ ਲੋਕ-ਧੰਦੇ, ਲੋਕ-ਕਾਵਿ ਅਤੇ ਲੋਕ-ਕਲਾਵਾਂ ਆਦਿ ਦਾ ਵੱਖ-ਵੱਖ ਰੂਪਾਂ ਵਿੱਚ ਵਰਗੀਕਰਨ ਕਰਦਾ ਹੈ। ਲੋਕਧਾਰਾ ਨੂੰ ਸਮਝਣ ਲਈ ਵਿਦਵਾਨ ਇਸ ਨੂੰ ਚਾਰ ਮੁੱਖ ਭਾਗਾਂ ਵਿਚ ਵੰਡ ਕੇ ਵੇਖਦੇ ਹਨ। ਇਹਨਾਂ ਵਿਚੋਂ ਸਭ ਤੋਂ ਮਹੱਤਵਪੂਰਣ ਤੇ ਮੁੱਢਲਾ ਅੰਗ ਲੋਕ ਸਾਹਿਤ ਹੈ ਲੋਕ ਸਾਹਿਤ ਦੇ ਅੱਗੋਂ ਦੋ ਪ੍ਰਮੁਖ ਹਿੱਸੇ ਬਣਦੇ ਹਨ ਪਹਿਲਾ ਲੋਕ ਕਾਵਿ ਤੇ ਦੂਜਾ ਵਾਰਤਕ ਬਿਰਤਾਂਤ ਲੋਕ ਕਾਵਿ ਵਿਚ ਲੋਕ ਗੀਤਾਂ ਤੇ ਆਖਣਾਂ ਮੁਹਾਵਰਿਆਂ ਤੇ ਬੁਝਾਰਤਾਂ ਦੇ ਓਹ ਸਾਰੇ ਰੂਪ ਆ ਜਾਂਦੇ ਹਨ ਜਿਹਨਾਂ ਦਾ ਸੰਬੰਧ ਸ਼ਬਦ ਨਾਲ ਹੁੰਦਾ ਹੈ। ਲੋਕ ਵਾਰਤਕ ਬਿਰਤਾਂਤ ਵਿਚ ਮਿਥਾਂ ਦੰਤ-ਕਥਾਵਾਂ ਤੇ ਲੋਕ ਕਹਾਣੀਆਂ ਦੇ ਸਾਰੇ ਰੂਪ ਆਉਂਦੇ ਹਨ ਜਿਹੜੇ ਸ਼ਾਬਦਿਕ ਬਿਰਤਾਂਤ ਹਨ। ਲੋਕਧਾਰਾ ਦਾ ਦੂਜਾ ਮਹੱਤਵਪੂਰਣ ਅੰਗ ਲੋਕ ਮਨੋਵਿਗਆਨ ਹੈ ਜਿਸ ਵਿਚ ਲੋਕ ਵਿਸ਼ਵਾਸ ਰੁਹ ਰੀਤਾਂ ਲੋਕ ਧਰਮ ਜਾਦੂ ਟੂਣੇ ਅਤੇ ਹੋਰ ਬਹੁਤ ਸਾਰੀ ਓਹ ਸਮੱਗਰੀ ਆਉਂਦੀ ਹੈ ਜਿਸ ਦਾ ਸੰਬੰਧ ਲੋਕ ਮਾਨਸਿਕਤਾ ਨਾਲ ਬਣਦਾ ਹੈ। ਤੀਜੇ ਨੰਬਰ ਉਪਰ ਲੋਕਧਾਰਾ ਦੀ ਵਸਤੂ ਸਮੱਗਰੀ ਆਉਂਦੀ ਹੈ। ਇਸ ਵਿਚ ਸਾਜ ਹਥਿਆਰ ਬਰਤਨ ਅਤੇ ਹੋਰ ਬਹੁਤ ਸਾਰੇ ਸਭਿਆਚਾਰਕ ਸੰਦ ਆਉਂਦੇ ਹਨ। ਲੋਕਧਾਰਾ ਦਾ ਚੋਥਾ ਤੇ ਮਹੱਤਵਪੂਰਨ ਅੰਗ ਲੋਕ ਕਲਾਵਾਂ ਹਨ। ਲੋਕ ਕਲਾਵਾਂ ਵਿਚ ਦਸਤਕਾਰੀ ਸਿਲਾਈ ਕਢਾਈ ਚਿਤਰਕਾਰੀ ਬੁਤਕਾਰੀ ਲੋਕ ਨਾਚ ਲੋਕ ਖੇਡਾਂ ਲੋਕ ਮਨੋਰੰਜਨ ਆਦਿ ਸਭ ਰੂਪ ਆਉਂਦੇ ਹਨ।

**ਵਿਸ਼ਲੇਸ਼ਣ ਅਤੇ ਮੁਲਾਂਕਣ**

ਸਮਗਰੀ ਦਾ ਇਕਤਰੀਕਰਨ ਅਤੇ ਵਰਗੀਕਰਨ ਕਰਨ ਤੋਂ ਬਾਅਦ ਤੀਸਰਾ ਮੁਖ ਪੜਾਅ ਵਿਸ਼ਲੇਸ਼ਣ ਅਤੇ ਮੁਲਾਂਕਣ ਦਾ ਆਉਂਦਾ ਹੈ।

ਪੱਛਮੀ ਵਿਦਵਾਨਾਂ ਵਿਚ ਲੋਕਧਾਰਾ ਦੀ ਪਰਿਭਾਸ਼ਾ ਅਤੇ ਕਾਰਜ-ਖੇਤਰ, (scope) ਬਾਰੇ ਇਕ ਮੱਤ ਨਾ ਹੁੰਦਿਆਂ ਹੋਇਆ ਵੀ ਉਨ੍ਹਾਂ ਨੇ ਲੋਕਧਾਰਾ ਵਿਵਹਾਰਕ (practical) ਅਤੇ ਸਿਧਾਂਤਕ (theoretical) ਪੱਖਾ ਦਾ ਨਿਖੇੜਾ ਜ਼ਰੂਰ ਕੀਤਾ ਹੈ। ਲੋਕਧਾਰਾ ਦੀ ਸਮੱਗਰੀ ਹੀ ਇਸ ਦਾ ਵਿਵਹਾਰਕ ਪਹਿਲੂ ਹੈ। ਸਿਧਾਂਤਕ ਪੱਖ ਨੂੰ ਲੋਕਧਾਰਾ ਸ਼ਾਸਤਰ ਦਾ ਨਾ ਦਿੱਤਾ ਜਾ ਸਕਦਾ ਹੈ। ਲੋਕਧਾਰਾ ਸ਼ਾਸਤਰ ਦੇ ਪ੍ਰਮੁੱਖ ਰੂਪ ਵਿਚ ਦੋ ਪ੍ਰਯੋਜਨ ਹਨ :

1. ਸਿਧਾਂਤਕ ਸੂਝ ਨਾਲ ਲੋਕਧਾਰਾਈ ਸਮੱਗਰੀ ਨੂੰ ਇਕੱਤ ਕਰਨਾ ਤੇ ਸੰਭਾਲਣਾ
2. ਵਿਗਿਆਨਕ ਨੀਝ ਤੇ ਤਰਕਸ਼ੀਲ ਇਬਟੀ ਨਾਲ ਉਸ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨ

ਸਮੱਗਰੀ ਦੇ ਇਕੱਤੀਕਰਣ ਅਤੇ ਸੰਭਾਲ ਨਾਲ ਨਿਸ਼ਚੇ ਹੀ ਸਾਨੂੰ ਆਪਣੇ ਅਤੀਤ ਬਾਰੇ ਸੂਝ ਹੁੰਦੀ ਹੈ। ਉਸ ਸੋਝੀ ਦੇ ਸਹਾਰੇ ਅਸੀਂ ਵਰਤਮਾਨ ਨੂੰ ਸਮਝਣ ਦੇ ਸਮਰੱਥ ਹੁੰਦੇ ਹਾਂ ਅਤੇ ਇਸ ਸਮਰੱਥਾ ਨਾਲ ਹੀ ਆਪਣੇ ਭਵਿੱਖ ਨੂੰ ਸੰਵਾਰ ਸਕਦੇ ਹਾਂ। ਲੋਕਧਾਰਾਈ ਸਮੱਗਰੀ ਜਿਸ ਦਾ ਇਕੱਕਰਣ ਲੋਕਧਾਰਾ ਸ਼ਾਸਤਰੀ ਕਰਦੇ ਹਨ, ਇਹ ਕੋਈ ਸੁੱਟਣ ਵਾਲੀ, ਪਾਉਣ ਵਾਲੀ ਵਸਤੂ ਨਹੀਂ ਸਗੋਂ ਇਸ ਵਿਚ

ਲੋਕ ਮਾਨਸਿਕਤਾ ਦਾ ਲੰਮੇ ਸਮੇਂ ਤੱਕ ਦਾ ਇਤਿਹਾਸ ਸਾਂਭਿਆ ਹੁੰਦਾ ਹੈ। ਵਿਗਿਆਨਕ ਨੀਂਝ ਤੇ ਤਰਕਸ਼ੀਲ ਦ੍ਰਿਸ਼ਟੀ ਨਾਲ ਫਿਰ ਲੋਕਧਾਰਾ ਸ਼ਾਸਤਰੀ ਇਸ ਦਾ ਵਰਗੀਕਰਣ ਤੇ ਵਿਸ਼ਲੇਸ਼ਣ ਕਰਦਾ ਹੈ। ਇਪ ਵਰਗੀਕਰਣ ਤੇ ਵਿਸ਼ਲੇਸ਼ਨ ਵਿਚੋਂ ਸਦੀਆਂ ਤੋਂ ਚਲੇ ਆ ਰਹੇ ਲੋਕ ਜੀਵਨ ਅਤੇ ਸਭਿਆਚਾਰ ਦੀ ਸੋਝੀ ਪਾਪਤ ਹੋ ਜਾਂਦੀ ਹੈ। ਲੋਕਧਾਰਾ ਦੀ ਸਮੱਗਰੀ ਦੇ ਵਿਗਿਆਨਕ ਅਧਿਐਨ ਅਤੇ ਸਿਧਾਂਤਕ ਪੱਖ ਤੋਂ ਇਸ ਵਿਆਖਿਆ ਲਈ ਹੇਠ ਦਿੱਤੀਆਂ ਸੰਪਰਦਾਵਾਂ ਮੱਦਦਗਾਰ ਸ਼ਕਤੀ ਦੀ ਭੂਮਿਕਾ ਨਿਭਾਉਂਦੀਆਂ ਹਨ :

1. ਸਾਹਿਤਕ ਸੰਪਰਦਾਇ (The Literary School)
2. ਪੌਰਾਣਿਕ ਸੰਪਰਦਾਇ (The Mythological School)
3. ਮਾਨਵ-ਵਿਗਿਆਨ ਸੰਪਰਦਾਇ (The Anthropological School)
4. ਅਨੁਸ਼ਠਾਨਿਕ ਸੰਪਰਦਾਇ (The Ritualistic School)
5. ਇਤਿਹਾਸਕ ਭੂਗੋਲਿਕ ਸੰਪਰਦਾਇ (The Histro-geogarphic School)
6. ਮਨੋਵਿਸ਼ਲੇਸ਼ਣ ਸੰਪਰਦਾਇ (The Physcio-analytic School)
7. ਕਾਰਜਾਤਮਕ ਸੰਪਰਦਾਇ (The Functional School)

ਲੋਕਧਾਰਾਈ ਸਮੱਗਰੀ ਦੇ ਅਧਿਐਨ ਨਾਲ ਸਬੰਧਿਤ ਇਨ੍ਹਾਂ ਵਿਭਿੰਨ ਸੰਪਰਦਾਵਾਂ ਦਾ ਪ੍ਰਯੋਜਨ ਇਕ ਹੈ ਅਤੇ ਉਹ ਹੈ ਇਸ ਦਾ ਵਿਸ਼ਲੇਸ਼ਣ ਕਰਨਾ, ਦੂਸਰੇ ਵਿਸ਼ਿਆਂ ਵਿਚ ਇਸ ਦੇ ਮਹੱਤਵ ਦੀ ਪਛਾਣ ਕਰਨੀ ਅਤੇ ਸਭ ਤੋਂ ਵਧ ਇਸ ਦੀ ਵਰਤਮਾਨ ਸਾਰਥਕਤਾ ਨੂੰ ਗੌਲਣਾ। ਸਾਹਿਤਕ ਸੰਪਰਦਾਇ ਆਪਣੇ ਧਿਆਨ ਦਾ ਕੇਂਦਰ ਵਧੇਰੇ ਕਰਕੇ ਲੋਕ ਸਾਹਿਤ ਨੂੰ ਬਣਾਉਂਦੀ ਹੈ। ਇਸ ਰਾਹੀਂ ਇਹ ਮੱਧਕਾਲੀ ਸਾਹਿਤ ਤੇ ਆਧੁਨਿਕ ਸਾਹਿਤ ਦੇ ਵਿਕਾਸ ਦੀ ਨਿਰੰਤਰਤਾ ਨੂੰ ਪਛਾਨਣ ਦਾ ਉੱਦਮ ਕਰਦੀ ਹੈ। ਇਹ ਸੰਪਰਦਾਇ ਉਨ੍ਹਾਂ ਬੁਨਿਆਦੀ ਮੋਟਿਫ਼ਾਂ ਜਾਂ ਰੂੜੀਆਂ ਅਤੇ ਸੱਖਣੇ ਰੂਪਾ ਦੀ ਭਾਲ ਕਰਦੀ ਹੈ ਜਿਹੜੀਆਂ ਮੱਧਕਾਲੀ ਤੇ ਆਧੁਨਿਕ ਸਾਹਿਤ ਵਿੱਚ ਇਕ ਚੂਲ ਜਾਂ ਕੇਂਦਰੀ ਧੁਰੇ ਦਾ ਕੰਮ ਦਿੰਦੀਆਂ ਹਨ। ਇਸ ਸਮੱਗਰੀ ਦੀ ਖੋਜ ਤੇ ਛਾਣ-ਬੀਣ ਨਾਲ ਸਾਹਿਤ ਧਾਰਾ ਦੀ ਨਿਰੰਤਰਤਾ ਨੂੰ ਪਛਾਣਿਆ ਜਾ ਸਕਦਾ ਹੈ। ਸਾਹਿਤ ਇਤਿਹਾਸਕਾਰੀ ਸਮੇਂ ਇਹ ਸੰਪਰਦਾਇ ਚੋਖੀ ਮਦਦਗਾਰ ਹੁੰਦੀ ਹੈ। ਇਹ ਸੰਪਰਦਾਇ, ਕਾਹਲ ਵਸ ਲੋਕ ਸਾਹਿਤ ਨੂੰ ਨਿਮਨ ਸਾਹਿਤ ਕਹਿ ਕੇ ਤਿਆਗਦੀ ਨਹੀਂ ਬਲਕਿ ਇਸ ਦੇ ਬਹੁਪੱਖੀ ਮਹੱਤਵ ਨੂੰ ਪਛਾਨਣ ਦਾ ਉੱਦਮ ਕਰਦੀ ਹੈ। ਜਿਥੇ ਪੌਰਾਣਿਕ ਸੰਪਰਦਾਇ ਪੌਰਾਣਾਂ ਮਿੱਥਾਂ ਦੀ ਲੋਕਯਾਨਿਕ ਸਮੱਗਰੀ ਵਿਚ ਕਾਰਜਸ਼ੀਲਤਾ ਨੂੰ ਸਮਝਣ ਦਾ ਉੱਦਮ ਕਰਦੀ ਹੈ। ਉਥੇ ਮਾਨਵ ਵਿਗਿਆਨੀ ਸੰਪਰਦਾਇ ਮਾਨਵ ਦੇ ਇਤਿਹਾਸ ਨੂੰ ਇਸ ਸਮੱਗਰੀ ਦੇ ਸਹਾਰੇ ਉਸਾਰਨ ਤੇ ਸਿਰਜਣ ਦਾ ਉਪਰਾਲਾ ਕਰਦੀ ਹੈ। ਅਨੁਸ਼ਠਾਨਿਕ ਸੰਪਰਦਾਇ ਅਨੁਸ਼ਠਾਨਾਂ ਦੇ ਉਦਭਵ, ਉਸ ਦੇ ਕਾਰਨਾ, ਆਪਣੇ ਸਿਰਜਣ ਸਮੇਂ ਵਿਚ ਮਹੱਤਵ ਅਤੇ ਵਰਤਮਾਨ ਸਾਰਥਕਤਾ ਦੀ ਪਛਾਣ ਲਈ ਤਾਂ ਨੀਂਝ ਪ੍ਰਦਾਨ ਕਰਦੀ ਹੀ ਹੈ, ਨਾਲ ਹੀ ਅਜੋਕੇ ਮਨੁੱਖ ਦੀ ਸੋਚ ਨੂੰ ਅਤਾਰਕਿਕਤਾ ਵੱਲੋਂ ਹਟਾ ਕੇ ਗਿਆਨ ਤੇ ਤਰਕ ਦੇ ਰਸਤੇ ਉਪਰ ਤੋਰਨ ਵੀ ਚੋਖੀ ਮਦਦ ਕੀਤੀ ਹੈ। ਇਤਿਹਾਸਕ ਭੂਗੋਲਿਕ ਸੰਪਰਦਾਇ ਸਮੱਗਰੀ ਨੂੰ ਇਤਿਹਾਸ ਤੇ ਭੂਗੋਲ ਦੇ ਪ੍ਰਸੰਗ ਵਿਚ ਸਮਝਦੀ ਹੈ। ਮਨੋਵਿਸ਼ਲੇਸ਼ਣਾਤਮਕ ਸੰਪਰਦਾਇ ਅਜੋਕੇ ਮਾਨਵ ਦੀ ਮਾਨਸਿਕ ਤੇ ਇਤਿਹਾਸ ਨੂੰ ਜਾਨਣ ਤੇ ਸਮਝਣ ਦਾ ਉੱਦਮ ਕਰ ਰਹੀ ਹੈ। ਕਾਰਜਾਤਮਕ ਸੰਪਰਦਾਇ ਦਾ ਸਾਰਾ ਬਲ ਹਿਣਯੋਗ ਤੇ ਤਿਆਗਣਯੋਗ ਸਮੱਗਰੀ ਦੀ ਨਿਰਖ-ਪਰਖ ਕਰਨਾ ਹੈ। ਵਰਤਮਾਨ ਸਾਰਥਕਤਾ ਇਸਦੇ ਧਿਆਨ ਦਾ ਕੇਂਦਰ ਬਿੰਦੂ ਹੈ।

### ਸਾਰਾਂਸ਼

ਉਪਰੋਕਤ ਚਰਚਾ ਤੋਂ ਇਕ ਗੱਲ ਤਾਂ ਸਪੱਸ਼ਟ ਹੈ ਕਿ ਲੋਕਧਾਰਾ ਸ਼ਾਸਤਰ ਲੋਕਧਾਰਾਈ ਸਮੱਗਰੀ ਦੇ ਇਕੱਤੀਕਰਨ ਤੋਂ ਸੰਭਾਲ ਤੋਂ ਆਰੰਭ ਹੋ ਕੇ ਉਸ ਦੇ ਵਿਗਿਆਨਕ ਤੇ ਤਰਕਸ਼ੀਲ ਅਧਿਐਨ ਤੱਕ ਫੈਲਦਾ ਹੈ। ਲੋਕਧਾਰਾ ਸ਼ਾਸਤਰ ਤੇ ਲੋਕਯਾਨਿਕ ਸਮੱਗਰੀ ਨੂੰ ਐਵੇਂ ਅਣਗੌਲਿਆ ਕਰਨ ਜਾਂ ਉੱਹਦੇ ਸੰਬੰਧੀ ਚਲੰਤ ਤੇ ਨਿੰਦਣਯੋਗ ਟਿੱਪਣੀਆਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਸਿਖਾਇਆ ਹੈ। ਇਸੇ ਰਾਹੀਂ ਪਤਾ ਲੱਗਾ ਹੈ ਕਿ ਇਹ ਸਾਡੀ ਐਸੀ ਪੰਰਪਰਾ ਤੇ ਪਿਛੋਕੜ ਹੈ, ਜਿਸ ਵਚ ਸਾਡੀ ਸੋਚ, ਕਾਰਜਾਂ ਤੇ ਇਤਿਹਾਸ ਦੀਆਂ ਜੜਾਂ ਛੁਪੀਆਂ ਹੋਈਆਂ ਹਨ। ਇਹ ਸਾਡਾ ਮੂਲ ਹੈ ਜਿਸ ਦੀ ਪਛਾਣ ਲੋਕਧਾਰਾ ਸ਼ਾਸਤਰ ਨੇ ਕਰਵਾਈ ਹੈ। ਲੋਕਧਾਰਾ ਸ਼ਾਸਤਰ ਆਪਣੇ ਆਪ ਵਿਚ ਬਹੁਤ ਸਾਰੀਆਂ ਵਿਧੀਆਂ, ਜਗਤਾਂ ਅਤੇ ਮਾਡਲਾਂ ਦਾ ਸਮੂਹ ਹੈ ਜੋ ਇਸ ਗੱਲ ਦਾ ਪੈਗਾਮ ਦਿੰਦਾ ਹੈ ਕਿ ਸਮੱਗਰੀ ਦੇ ਬਰਾਬਰ ਦਾ ਹੈ। ਜਿਵੇਂ ਨਿਰੀ ਸਮੱਗਰੀ ਆਪਣੇ ਆਪ ਵਿਚ ਮਹੱਤਵ ਨਹੀਂ ਰੱਖਦੀ, ਇੰਜ ਹੀ ਨਿਰੀਆਂ ਵਿਧੀਆਂ, ਮਾਡਲ ਤੇ ਸੰਪਰਦਾਵਾਂ ਆਪਣੇ ਆਪ ਵਿਚ ਕੋਈ ਬਹੁਤਾ ਮਹੱਤਵ ਨਹੀਂ ਰੱਖਦੀਆਂ। ਮਹੱਤਵ ਤਾਂ ਹੀ ਬਣਦਾ ਹੈ ਜਦੋਂ ਸਮੱਗਰੀ ਤੇ ਸੰਪਰਦਾਵਾਂ ਵਿਚਾਲੇ ਅੰਤਰ ਕਿਰਿਆ ਆਰੰਭ ਹੁੰਦੀ ਹੈ ਤਾਂ ਦਵੰਦਾਤਮਕ ਰਿਸ਼ਤਾ ਸਥਾਪਤ ਹੁੰਦਾ ਹੈ। ਇਸ ਲਈ ਸਮੱਗਰੀ ਤੇ ਸ਼ਾਸਤਰ ਆਪਸ ਵਿਚ ਅਨਿਖੱੜਵੇਂ ਰਿਸ਼ਤੇ ਦੇ ਧਾਰਨੀ ਹਨ।

## ਕੇਂਦਰੀ ਸ਼ਬਦ

- **ਲੋਕਧਾਰਾ** ਆਮ ਲੋਕਾਂ ਦੇ ਉਹ ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸ਼ਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਦਾ ਸੋਮਾ ਹੈ। ਜਿਹੜੇ ਆਦਿ ਕਾਲ ਤੋਂ ਚਲੇ ਆ ਰਹੇ ਹਨ ਅਤੇ ਸਮਕਾਲੀ ਗਿਆਨ ਤੇ ਧਰਮ ਦੇ

ਸਥਾਪਿਤ ਪੈਟਰਨਾਂ ਤੋਂ ਬਾਹਰ ਵੀ ਖੰਡਿਤ, ਸੁਧਰੇ ਪਰ ਨਿਸਬਤਨ ਬਦਲਦੇ ਰੂਪ ਵਿੱਚ ਆਧੁਨਿਕ ਯੁਗ ਤੀਕ ਵੀ ਹੋਂਦ ਕਾਇਮ ਕਰਦੇ ਹਨ।

- **ਅਨੁਸ਼ਠਾਨ** ਕਿਸੇ ਕਾਰਜ ਦੇ ਕਰਨ ਜਾਂ ਕਿਸੀ ਉੱਤਮ ਫ਼ਲ ਦੀ ਪ੍ਰਾਪਤੀ ਲਈ ਕਿਸੇ ਦੇਵਤਾ ਦੀ ਅਰਾਧਨਾ ਨੂੰ ਕਿਹਾ ਜਾਂਦਾ ਹੈ।
- **ਲੋਕ** ਇਕ ਵਿਸ਼ੇਸ਼ ਸਭਿਆਚਾਰਕ ਸਮੂਹ ਹੈ। ਅਜਿਹੇ ਲੋਕਾਂ ਦੇ ਮੈਂਬਰਾਂ ਦਾ ਵੱਡਾ ਅਨੁਪਾਤ ਜੋ ਸਮੂਹ ਦੇ ਚਰਿੱਤਰ ਨੂੰ ਨਿਰਧਾਰਤ ਕਰਦਾ ਹੈ

## ਸਵੈ-ਮੁਲਾਂਕਣ

**ਪ੍ਰਸ਼ਨ 1. ਲੋਕਧਾਰਾ ਦਾ ਕਿਹੜਾ ਤੱਤ ਨਹੀਂ ਹੈ?**

ੳ) ਲੋਕ ਮਾਨਸ

ਅ) ਲੋਕ ਪ੍ਰਵਾਨਗੀ

ੲ) ਲੋਕ ਪਰੰਪਰਾ

ਸ)ਲੋਕ ਸ਼ਾਸਤਰ

**ਪ੍ਰਸ਼ਨ 2. ਲੋਕ ਸਾਹਿਤ ਤੋਂ ਕੀ ਭਾਵ ਹੈ?**

ੳ) ਵਿਅਕਤੀ ਵਿਸ਼ੇਸ਼ ਦਾ ਪ੍ਰਗਟਾਵਾ

ਅ) ਲੋਕ ਸਮੂਹ ਦਾ ਪ੍ਰਗਟਾਵਾ

ੲ) ਨਾਰੀ ਵਿਸੇਸ਼ ਦਾ ਪ੍ਰਗਟਾਵਾ

ਸ) ਉਪਰੋਕਤ ਸਾਰੇ

**ਪ੍ਰਸ਼ਨ 3. ਲੋਕ ਮਨ ਤੋਂ ਕੀ ਭਾਵ ਹੈ?**

ੳ) ਵਿਅਕਤੀਗਤ ਮਨ

ਅ) ਸਮੂਹ ਦਾ ਅਵਚੇਤਨ

ੲ) ਜਾਤੀ ਵਿਸ਼ੇਸ ਦਾ ਮਨ

ਸ) ਉਪਰੋਕਤ ਸਾਰੇ

**ਪ੍ਰਸ਼ਨ 4. ਲੋਕ ਸਾਹਿਤ ਦੀ ਵੰਨਗੀ ਕਿਹੜੀ ਹੈ?**

ੳ) ਚਿਤਰਕਾਰੀ

ਅ) ਮੂਰਤੀਕਾਰੀ

ੲ) ਕੁੰਭਕਾਰੀ

ਸ) ਲੋਕ ਅਖਾਣ

**ਪ੍ਰਸ਼ਨ 5. ਲੋਕ ਕਲਾਵਾਂ ਦਾ ਬੁਨਿਆਦੀ ਤੱਤ ਨਹੀਂ ਹੈ?**

ੳ) ਪੀੜ੍ਹੀ ਦਰ ਪੀੜ੍ਹੀ ਪ੍ਰਚਲਣ

ਅ) ਲੋਕ ਪ੍ਰਵਾਨਗੀ

ੲ) ਲੋਕ ਪਰੰਪਰਾ

ਸ) ਲੋਕ ਸ਼ਾਸਤਰੀ

**ਪ੍ਰਸ਼ਨ 5. ਲੋਕਧਾਰਾ ਤੋਂ ਭਾਵ ਹੈ:**

ੳ) ਵੱਡੇ ਚਿੰਤਕ ਦੀ ਅਕਾਂਖਿਆ ਤੇ ਆਦਰਸ਼ ਦਾ ਸ਼ੀਸ਼ਾ।

ਅ) ਪਰੰਪਰਾਗਤ ਵਿਸ਼ਵਾਸਾਂ, ਵਹਿਮਾਂ-ਭਰਮਾਂ, ਸ਼ਿਸ਼ਟਾਚਾਰਾਂ, ਰਸਮਾਂ-ਰੀਤਾਂ ਤੇ ਕਰਮ-ਕਾਂਡਾਂ ਦਾ ਸੋਮਾ।

ੲ) ਵਿਅਕਤੀ ਵਿਸ਼ੇਸ ਦੀ ਸੋਚਣੀ ਦਾ ਵਿਅਕਤ ਰੂਪ।

ਸ) ਉਪਰੋਕਤ ਸਾਰੇ।

**ਪ੍ਰਸ਼ਨ 6. ਲੋਕਧਾਰਾ ਅਧਿਐਨ ਦੇ ਕ੍ਰਮਵਾਰ ਪ੍ਰਮੁੱਖ ਪੜਾਅ ਕਿਹੜੇ ਹਨ?**

ੳ) ਇਕਤਰੀਕਰਨ, ਮੁਲਾਂਕਣ ਚੋਣ, ਅਧਿਐਨ

ਅ) ਚੋਣ, ਮੁਲਾਂਕਣ, ਅਧਿਐਨ, ਇਕਤਰੀਕਰਨ

ੲ) ਚੋਣ, ਇਕਤਰੀਕਰਨ, ਵਰਗੀਕਰਨ, ਅਧਿਐਨ

ਸ) ਅਧਿਐਨ, ਇਕਤਰੀਕਰਨ, ਵਰਗੀਕਰਨ, ਚੋਣ

**ਪ੍ਰਸ਼ਨ 7. ਸ਼ਾਸਤਰ ਤੋਂ ਕੀ ਭਾਵ ਹੈ?**

ੳ) ਪਾਠ ਸਮੱਗਰੀ ਦੀ ਪੜ੍ਹਤ

ਅ) ਸਮਗੱਰੀ ਦਾ ਵਰਗੀਕਰਨ

ੲ) ਪਾਠਗਤ ਅਧਿਐਨ

ਸ) ਵਿਧੀਆਂ ਤੇ ਸਿਧਾਂਤਾਂ ਦਾ ਨਿਰੂਪਣ

**ਪ੍ਰਸ਼ਨ 8. ਪੰਡਤ ਸ਼ਰਧਾ ਰਾਮ ਫਿਲੌਰੀ ਨੇ ਪੁਸਤਕ ਲਿਖੀ ਹੈ:**

ੳ) ਪੰਜਾਬ ਦੀ ਬਾਤ

ਅ) ਪੰਜਾਬ ਦੇ ਲੋਕ ਗੀਤ

ੲ) ਪੰਜਾਬੀ ਦੇ ਕਿੱਸੇ

ਸ) ਪੰਜਾਬੀ ਬਾਤ ਚੀਤ

**ਪ੍ਰਸ਼ਨ 9. ਮੇਰਾ ਪਿੰਡ ਪੁਸਤਕ ਦੀ ਰਚਨਾ ਕਿਸ ਨੇ ਕੀਤੀ?**

ੳ) ਡਾ. ਮਹਿੰਦਰ ਸਿੰਘ ਰੰਧਾਵਾ

ਅ) ਡਾ. ਸੋਹਿੰਦਰ ਸਿੰਘ ਬੇਦੀ

ੲ) ਗਿਆਨੀ ਗੁਰਦਿੱਤ ਸਿੰਘ

ਸ) ਦਵਿੰਦਰ ਸਤਿਆਰਥੀ

**ਪ੍ਰਸ਼ਨ 10. ਦਵਿੰਦਰ ਸਤਿਆਰਥੀ ਦੀ ਪੁਸਤਕ ਗਿੱਧਾ ਕਿਸ ਵਿਸ਼ੇ ਨਾਲ ਸੰਬੰਧਤ ਹੈ?**

ੳ) ਲੋਕ ਕਹਾਣੀ

ਅ) ਲੋਕ ਗੀਤ

ੲ) ਲੋਕ ਨਾਚ

ਸ) ਲੋਕ ਮੁਹਾਵਰੇ

**ਪ੍ਰਸ਼ਨ 11. ਪੰਜਾਬ ਦੀਆਂ 6 ਜਾਤਾਂ ਨਾਲ ਸੰਬਧਤ ਗਲੋਸਰੀ ਕਿਸ ਅੰਗਰੇਜ਼ ਵਿਦਵਾਨ ਨੇ ਛਪਵਾਈ?**

ੳ) ਥੋਰਨਟੋਰਨ ਥਾਮਸ

ਅ) ਚਾਰਲਸ ਸਵਿਨਰਟਨ

ੲ) ਆਰ.ਸੀ.ਟੈਂਪਲ

ਸ) ਐਚ.ਏ.ਰੋਜ਼

**ਪ੍ਰਸ਼ਨ 12. ਪੰਜਾਬੀ ਲੋਕਧਾਰਾ ਅਧਿਐਨ ਨਾਲ ਸੰਬੰਧਤ ਵਿਦਵਾਨ ਕਿਹੜਾ ਹੈ?**

ੳ) ਡਾ. ਗੁਰਬਖਸ਼ ਸਿੰਘ ਫਰੈਂਕ

ਅ) ਡਾ. ਸੋਹਿੰਦਰ ਸਿੰਘ ਬੇਦੀ

ੲ) ਗਿਆਨੀ ਦਿੱਤ ਸਿੰਘ

ਸ) ਡਾ ਰਤਨ ਸਿੰਘ ਜੱਗੀ

**ਪ੍ਰਸ਼ਨ 13. ਲੋਕ ਸਾਹਿਤ ਦਾ ਲੇਖਕ.....ਹੁੰਦਾ ਹੈ।**

ੳ) ਅਗਿਅਤ

ਅ) ਗਿਆਤ

ੲ) ਗਿਆਨਵਾਨ

ਸ) ਕਲਾਵਾਨ

**ਪ੍ਰਸ਼ਨ 14. ਲੋਕ ਪ੍ਰਵਾਨਗੀ ਤੋਂ ਕੀ ਭਾਵ ਹੈ?**

ੳ) ਸਹਿਜ ਸੰਚਾਰ

ਅ) ਪਰੰਪਰਾਗਤ ਸੰਸਕਾਰ

ੲ) ਲੋਕ ਸਮੂਹ ਦਾ ਦ੍ਰਿਸ਼ਟੀਕੋਣ

ਸ) ਰੂੜ੍ਹ ਹੋਇਆ ਮਾਨਵੀ ਵਿਹਾਰ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਅ | 3.ੳ | 4. ੳ | 5. ਅ |
| 6. ਸ | 7. ੳ | 8. ੲ | 9. ਅ | 10. ਸ |
| 11. ੳ | 12. ੳ | 13. ਅ | 14. ੲ | 15. ਸ |

## ਅਭਿਆਸ ਪ੍ਰਸ਼ਨ

1. ਲੋਕਧਾਰਾ ਤੋਂ ਕੀ ਭਾਵ ਹੈ? ਲੋਕਧਾਰਾ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਲੋਕਧਾਰਾ ਦੇ ਤੱਤਾਂ ਬਾਰੇ ਚਰਚਾ ਕਰੋ।
3. ਲੋਕਧਾਰਾ ਦੇ ਖੇਤਰਾਂ ਬਾਰੇ ਨੋਟ ਲਿਖੋ।
4. ਲੋਕਧਾਰਾ ਸਾਸ਼ਤਰ ਤੋਂ ਕੀ ਭਾਵ ਹੈ? ਇਸਦਾ ਵਰਗੀਕਰਨ ਕਰੋ।।
5. ਲੋਕ ਪ੍ਰਵਾਨਗੀ ਦੇ ਸੰਕਲਪ ਨੂੰ ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%B2%E0%A9%8B%E0%A8%95%E0%A8%A7%E0%A8%BE%E0%A8%B0%E0%A8%BE
- https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%B2%E0%A9%8B%E0%A8%95%E0%A8%A7%E0%A8%BE%E0%A8%B0%E0%A8%BE
- https://pa.wikipedia.org/wiki/%E0%A8%B2%E0%A9%8B%E0%A8%95%E0%A8%A7%E0%A8%BE%E0%A8%B0%E0%A8%BE_%E0%A8%B8%E0%A8%BC%E0%A8%BE%E0%A8%B8%E0%A8%A4%E0%A8%B0

*Satwant Singh, Lovely Professional University*

# ਅਧਿਆਇ-9 : ਪੰਜਾਬੀ ਲੋਕਾਚਾਰ; ਰੀਤੀ-ਰਿਵਾਜ, ਖਾਣ-ਪੀਣ ਅਤੇ ਧੰਦੇ, ਮੇਲੇ ਤੇ ਤਿਉਹਾਰ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਪੰਜਾਬੀ ਲੋਕਾਚਾਰ
4. ਰੀਤੀ-ਰਿਵਾਜ
5. ਖਾਣ-ਪੀਣ ਅਤੇ ਲੋਕ ਧੰਦੇ
6. ਮੇਲੇ ਤੇ ਤਿਉਹਾਰ
7. ਸਾਰਾਂਸ਼
8. ਕੇਂਦਰੀ ਸ਼ਬਦ
9. ਸਵੈ-ਮੁਲਾਂਕਣ
10. ਸਵੈ-ਮੁਲਾਂਕਣ ਲਈ ਉੱਤਰ
11. ਅਭਿਆਸ ਪ੍ਰਸ਼ਨ
12. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣਾਂ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੇ ਬਦਲਦੇ ਸਰੂਪ ਨੂੰ ਸਮਝਣਗੇ
- ਪੰਜਾਬੀ ਸਭਿਆਚਾਰ ਨੂੰ ਆਧੁਨਿਕ ਸਮੇਂ ਵਿਚ ਦਰਪੇਸ਼ ਚੁਣੌਤੀਆਂ ਦੀ ਸਮਝ ਹਾਸਿਲ ਕਰਨਗੇ

## ਭੂਮਿਕਾ:

ਇਸ ਪਾਠ ਦਾ ਮੰਤਵ ਪੰਜਾਬ ਦੇ ਲੋਕਾਚਾਰ, ਰੀਤੀ ਰਿਵਾਜਾਂ, ਲੋਕ ਧੰਦਿਆਂ ਅਤੇ ਮੇਲੇ ਤੇ ਤਿਉਹਾਰਾਂ ਬਾਰੇ ਜਾਣਕਾਰੀ ਦੇਣਾ ਹੈ। ਰੀਤੀ ਰਿਵਾਜਾਂ ਦਾ ਬਹੁਤ ਵਿਸ਼ਾਲ ਘੇਰਾ ਹੈ। ਇਸ ਪਾਠ ਦਾ ਮੰਤਵ ਜਨਮ, ਵਿਆਹ ਅਤੇ ਮਰਨ ਸੰਬੰਧੀ ਰੀਤੀ-ਰਿਵਾਜਾਂ ਬਾਰੇ ਜਾਣਕਾਰੀ ਪ੍ਰਦਾਨ ਕਰਨ ਤੱਕ ਹੀ ਸੀਮਤ ਰੱਖਿਆ ਗਿਆ ਹੈ। ਇਹ ਰੀਤੀ-ਰਿਵਾਜ ਸਮਾਜਕ ਅਤੇ ਸਭਿਆਚਾਰਕ ਤ 'ਤੇ ਕੀ ਭੂਮਿਕਾ ਨਿਭਾਉਂਦੇ ਹਨ, ਇਸ ਬਾਰੇ ਵੀ ਸੰਖੇਪ ਵਿਚ ਚਰਚਾ ਕੀਤੀ ਗਈ ਹੈ। ਪਾਠ ਦੇ ਸ਼ੁਰੂ ਵਿਚ ਰੀਤਾਂ ਅਤੇ ਆਮ ਜਨਜੀਵਨ ਦੇ ਸੰਬੰਧਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਉਸ ਤੋਂ ਬਾਅਦ ਜਨਮ ਸਮੇਂ ਦੀਆਂ ਰਸਮਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਇਹ ਰਸਮਾਂ ਪ੍ਰਚੱਲਤ ਰਸਮਾਂ ਹਨ। ਇਲਾਕੇ ਅਨੁਸਾਰ ਇਹਨਾਂ ਵਿਚ ਭਿੰਨਤਾ ਹੋ ਸਕਦੀ ਹੈ। ਇਸ ਤੋਂ ਬਾਅਦ ਵਿਆਹ ਸਮੇਂ ਦੀਆਂ ਰੀਤਾਂ ਦਾ ਉਲੇਖ ਕੀਤਾ ਗਿਆ ਹੈ। ਵਿਆਹ ਸਮੇਂ ਦੀਆਂ ਰਸਮਾਂ ਵੀ ਖਿੱਤੇ ਅਨੁਸਾਰ ਬਦਲਦੀਆਂ ਹਨ। ਅੰਤ ਵਿਚ ਮਰਨ ਸਮੇਂ ਦੀਆਂ ਰਸਮਾਂ ਦਾ ਉਲੇਖ ਕੀਤਾ ਗਿਆ ਹੈ ਅਤੇ ਇਹਨਾਂ ਰਸਮਾਂ ਦਾ ਸਮਜਿਕ ਅਤੇ ਸਭਿਆਚਾਰਕ ਮਹੱਤਵ ਵੀ ਦਰਸਾਇਆ ਗਿਆ ਹੈ। ਉਂਝ ਤਾ ਪੰਜਾਬ ਦੇ ਹੋਰ ਪਿੰਡ ਜਾਂ ਸ਼ਹਿਰ ਵਿਚ ਕੋਈ ਨਾ

ਕੋਈ ਮੇਲਾ ਲਗਦਾ ਹੈ। ਇਹ ਮੇਲਾ ਕਿਸੇ ਇਤਿਹਾਸਕ ਜਾਂ ਮਿਥਿਹਾਸਕ ਘਟਨਾ ਨਾਲ ਸੰਬੰਧਤ ਹੋ ਸਕਦਾ ਹੈ ਜਾਂ ਫਿਰ ਕਿਸੇ ਗਰ, ਪੀਰ, ਸਾਧ, ਸੰਤ ਜਾਂ ਕਿਸੇ ਮਹਾਂ ਪੁਰਖ ਦੀ ਸਿਮਰਤੀ ਵਿਚ ਹੋ ਸਕਦਾ ਹੈ। ਇਸ ਲਈ ਹਰ ਸਥਾਨਕ ਮੇਲੇ ਦਾ ਉਲੇਖ ਕਰ ਸਕਣਾ ਸੰਭਵ ਨਹੀਂ, ਨਾ ਹੀ ਹਰ ਮੇਲੇ ਦਾ ਵਰਨਣ ਕਰਨਾ ਇਸ ਪਾਠ ਦਾ ਮੰਤਵ ਹੈ। ਪਰੰਤੂ ਕੁਝ ਮੇਲੇ ਅਜਿਹੇ ਹਨ ਜਿਨ੍ਹਾਂ ਵਿਚ ਪੰਜਾਬ ਭਰ ਤੋਂ ਲੋਕ ਸ਼ਾਮਿਲ ਹੁੰਦੇ ਹਨ, ਇਸ ਲਈ ਇਨ੍ਹਾਂ ਮੇਲਿਆਂ ਦਾ ਵਰਨਣ ਸੰਖੇਪ ਵਿਚ ਕੀਤਾ ਗਿਆ ਹੈ। ਤਿਉਹਾਰ ਲਗਭਗ ਸਾਰੇ ਪੰਜਾਬ ਵਿਚ ਸਾਂਝੇ ਹਨ।

**ਲੋਕਾਚਾਰ ਉਹ ਨਿਯਮ ਹੁੰਦੇ ਹਨ ਜਿੰਨਾਂ ਨੂੰ ਅਪਣਾਉਣ ਤੇ ਸਮਾਜ ਵੱਲੋਂ ਪ੍ਰਸ਼ੰਸਾ ਮਿਲਦੀ ਹੈ।**

## ਲੋਕਾਚਾਰ

ਲੋਕਾਚਾਰ ਤੋਂ ਭਾਵ ਹੈ ਜਨ ਸਧਾਰਨ ਵਿਚ ਪ੍ਰਚਲਿਤ ਕਦਰਾਂ ਕੀਮਤਾਂ, ਲੋਕ ਰਾਏ, ਲੋਕ ਵਿਵਹਾਰ ਆਦਿ। ਅਸੀਂ ਬੜ੍ਹਾ ਕੁਝ ਲੋਕਾਚਾਰ ਦੀ ਖ਼ਾਤਰ ਹੀ ਕਰਦੇ ਹਾਂ ਸਿਰਫ ਇਸ ਲਈ ਕਰਦੇ ਹਾਂ ਕਿ ਦੂਜੇ ਇਸ ਤਰ੍ਹਾਂ ਕਰਦੇ ਹਨ।ਅਜਿਹੇ ਨਿਯਮਾਂ ਦੀ ਪਾਲਣਾ ਦਾ ਬਹੁਤ ਇਨਾਮ ਨਹੀਂ ਹੁੰਦਾ ,ਸਿਵਾਇ ਮਨ ਦੀ ਤਸੱਲੀ ਦੇ ਜਾਂ ਸਮਾਜ ਨਾਲ ਟੱਕਰ ਵਿੱਚ ਨਾ ਆਉਣ ਤੋਂ ਪੈਦਾ ਹੁੰਦੀ ਮਨ ਦੀ ਸ਼ਾਂਤੀ ਦੇ। ਲੋਕਾਚਾਰ ਅਜਿਹੇ ਨਿਯਮ ਹਨ ਜਿਨ੍ਹਾਂ ਨੂੰ 'ਫੋਕਵੇਜ' ਕਿਹਾ ਜਾਂਦਾ ਹੈ ਇਹ ਨਿਖੇੜਾ ਕਰਨ ਵਾਲਾ ਅਤੇ ਨਾਂ ਦੇਣ ਵਾਲਾ ਸਭ ਤੋਂ ਪਹਿਲਾ ਵਿਅਕਤੀ ਅਮਰੀਕੀ ਸਮਾਜ ਵਿਗਿਆਨੀ 'ਸਮਨਰ' ਸੀ।

ਲੋਕਾਚਾਰ ਅਜਿਹੀ ਕਿਸਮ ਦੇ ਨਿਯਮ ਹੁੰਦੇ ਹਨ ਜਿਨ੍ਹਾਂ ਦੀ ਉਲੰਘਣਾ ਦੀ ਨਾ ਕੋਈ ਬਹੁਤੀ ਸਜਾ ਹੁੰਦੀ ਹੈ ਸਿਵਾਇ ਇਸਦੇ ਕਿ ਕੁਝ ਲੋਕ ਨੱਕ ਮੂੰਹ ਵੱਟ ਲੈਂਦੇ ਹਨ ਜਾਂ ਹੋਰ ਵਧੇਰੇ ਸਖ਼ਤੀ ਦੀ ਹਾਲਤ ਵਿੱਚ ਮੇਲ ਜੋਲ ਘੱਟ ਕਰ ਦੇਂਦੇ ਜਾਂ ਬੰਦ ਕਰ ਦਿੰਦੇ ਹਨ। ਉਦਾਹਰਨ ਵਜੋਂ ਪਚਾਕੇ ਮਾਰ ਕੇ ਖਾਣ ਵਾਲੇ ਨੂੰ ਤੁਸੀਂ ਜੇਲ੍ਹ ਨਹੀਂ ਭਿਜਵਾ ਸਕਦੇ ।ਸਗੋਂ ਇੱਥੋਂ ਤੱਕ ਕਿ ਖਾਣੇ ਦੇ ਮੇਜ ਤੋਂ ਵੀ ਨਹੀਂ ਉਠਾ ਸਕਦੇ।ਵੱਧ ਤੋਂ ਵੱਧ ਇਹ ਕਰ ਸਕਦੇ ਹੋ ਕਿ ਉਸ ਦੀ ਪਿੱਠ ਪਿੱਛੇ ਉਸ ਦਾ ਮਜ਼ਾਕ ਉਡਾਓ ਜਾਂ ਅਗਲੀ ਵਾਰ ਦਾਅਵਤ ਵਿੱਚ ਉਸਨੂੰ ਨਾ ਬੁਲਾਓ ਪਰ ਇਹ ਸਜਾ ਵੀ ਸ਼ਾਇਦ ਤੁਸੀਂ ਨਾ ਦੇ ਸਕੋ ਜੇ ਉਹ ਵਿਅਕਤੀ ਕੋਈ ਸਮਾਜਿਕ ਹਸਤੀ ਹੈ ਤਾਂ।ਫਿਰ ਬਰਦਾਸਤ ਕਰਨ ਤੋਂ ਛੁੱਟ ਕੋਈ ਚਾਰਾ ਨਹੀਂ ਹੋਵੇਗਾ।ਇਸੇ ਤਰ੍ਹਾਂ ਲੋਕ ਲਿਬਾਸ ਵਿੱਚ ਖੁੱਲ ਲੈ ਸਕਦੇ ਹਾਂ ਰਹੁ ਰੀਤਾਂ ਮੰਨਣ ਜਾਂ ਨਾ ਮੰਨਣ ਵਿੱਚ ਆਪਣੀ ਮਰਜੀ ਵਰਤ ਲੈਂਦੇ ਹਾਂ ਅਤੇ ਸਮਾਜ ਨੱਕ ਮੂੰਹ ਚਾੜ੍ਹ ਕੇ ਉਸਨੂੰ ਆਈ ਗਈ ਗੱਲ ਕਰ ਛੱਡਦੇ ਹਾਂ।

## ਪੰਜਾਬ ਦੇ ਰੀਤੀ-ਰਿਵਾਜ਼

ਕਿਹਾ ਜਾਂਦਾ ਹੈ ਪੰਜਾਬੀ ਗੀਤਾਂ ਵਿਚ ਹੀ ਜੰਮਦਾ, ਪ੍ਰਵਾਨ ਚੜ੍ਹਦਾ ਤੇ ਆਪਣੇ ਅੰਤਿਮ ਸੁਆਸ ਪੂਰੇ ਕਰਦਾ ਹੈ। ਗੀਤਾਂ ਵਾਲੀ ਗੱਲ ਗੀਤਾਂ ਉਪਰ ਵੀ ਪੂਰੀ ਢੁਕਦੀ ਹੈ। ਸਾਡਾ ਸਮੁੱਚਾ ਜੀਵਨ ਹੀ ਰਹੁ-ਰੀਤਾ ਦੀ ਮਰਯਾਦਾ ਵਿਚ ਬੱਝਾ ਹੋਇਆ ਹੈ। ਇਹ ਮਰਯਾਦਾਵਾਂ ਪੰਜਾਬੀ ਭਾਈਚਾਰੇ ਦੇ ਨੱਕ ਨਾਲ ਗਹਿਰੇ ਤੌਰ 'ਤੇ ਜੁੜੀਆਂ ਹੋਈਆਂ ਹਨ। ਇਨ੍ਹਾਂ ਉਪਰ ਪਹਿਰਾ ਦੇਣ ਜਾਂ ਇਨ੍ਹਾਂ ਦੇ ਪਾਲਣ ਨਾਲ ਹੀ ਬੰਦੇ ਦਾ ਨੱਕ ਰਹਿੰਦਾ ਕਿਹਾ ਜਾਂਦਾ ਹੈ। ਕੋਈ ਬੰਦਾ ਸਹਿਜੇ ਕੀਤੇ ਆਪਣਾ ਨੱਕ ਵਢਾਉਣਾ ਨਹੀਂ ਚਾਹੁੰਦਾ। ਇਸ ਲਈ ਉਹ ਔਖਾ ਸੌਖਾ ਆਪਣੇ ਵਿਤ ਤੋਂ ਬਾਹਰ ਜਾ ਕੇ ਇਸ ਲੋਕਾਚਾਰੀ ਦੀ ਪਾਲਣਾ ਜ਼ਰੂਰ ਕਰਦਾ ਹੈ। ਹਰ ਭਾਈਚਾਰੇ ਦੇ ਆਪਣੇ ਵੱਖਰੇ ਰੀਤੀ-ਰਿਵਾਜ ਤੇ ਮਨੌਤਾਂ ਹਨ ਜੋ ਉਨ੍ਹਾਂ ਦੇ ਜੀਵਨ-ਪ੍ਰਵਾਹ ਵਿਚੋਂ ਮੱਧ ਕੇ ਨਿੱਤਰ ਆਉਂਦੀਆਂ ਹਨ। ਰੀਤ-ਰਿਵਾਜ ਜਾਤੀ ਦੇ ਵਿਸ਼ਵਾਸਾਂ, ਸੰਕਲਪਾਂ ਤੇ ਨਿਸ਼ਚਿਆਂ ਵਿਚੋਂ ਸਹਿਜ ਭਾਵ ਨਿੰਮਦੇ ਹਨ,' ਤੇ ਪੁਰਖੀ ਅਨੁਭਵ ਦੇ ਰੂਪ ਵਿਚ, ਸਮੇਂ ਨਾਲ ਅੱਗੇ ਤੁਰਦੇ ਜਾਂਦੇ ਹਨ। ਸਾਡੇ ਰੀਤੀ-ਰਿਵਾਜ ਕੇਵਲ ਜਨਮ ਤੋਂ ਮੌਤ ਤੱਕ ਦੇ ਪ੍ਰਮੁੱਖ ਪੜਾਵਾਂ ਨਾਲ ਹੀ ਸੰਬੰਧਤ ਨਹੀਂ। ਸਗੋਂ ਇਹ ਜਨਮ ਤੋਂ ਪਹਿਲਾਂ ਹੀ ਸ਼ੁਰੂ ਹੋ ਜਾਂਦੇ ਹਨ ਅਤੇ ਬੰਦੇ ਦੇ ਮਰਨ ਮਗਰੋਂ ਉਹਦੀ 'ਗਤੀ ਲਈ, ਮਰਨ ਉਪਰੰਤ ਵੀ ਚਲਦੇ ਰਹਿੰਦੇ ਹਨ।

## ਜਨਮ ਸਮੇਂ ਦੀਆਂ ਰਸਮਾਂ

ਇਹ ਰਹੁ-ਰੀਤਾਂ ਬੱਚੇ ਦੇ ਜਨਮ ਤੋਂ ਪਹਿਲਾਂ ਉਹਦੇ ਨਿੰਮਣ ਸਮੇਂ ਤੋਂ ਹੀ ਸ਼ੁਰੂ ਹੋ ਜਾਂਦੀਆਂ ਹਨ। ਸਭ ਤੋਂ ਪਹਿਲੀ ਰੀਤ ਨੂੰ ਗਰਭ-ਸੰਸਕਾਰ ਆਖਿਆ ਜਾਂਦਾ ਹੈ। ਗੁਲਜ਼ਾਰ ਸਿੰਘ ਸੰਧੂ ਦੇ ਸ਼ਬਦਾਂ ਵਿਚ 'ਪ੍ਰੇਤ ਰੂਹਾਂ ਤੋਂ ਬਚਣ ਲਈ ਗਰਭ ਦੇ ਤੀਜੇ, ਪੰਜਵੇਂ ਅਤੇ ਸੱਤਵੇਂ ਮਹੀਨੇ ਵਿਚ ਇਸਤਰੀ ਦੇ ਪੱਲੇ ਨਾਲ ਅਨਾਜ ਬੰਨਿਆ ਜਾਂਦਾ ਹੈ ਜਾਂ ਉਸਦੇ ਪੱਲੇ ਪਾਇਆ ਜਾਦਾ ਹੈ। ਜੇ ਕੁੜੀ ਸਹੁਰੀਂ ਹੋਵੇ ਤਾਂ ਇਹ ਅਨਾਜ ਮਾਪੇ ਭੇਜਦੇ ਹਨ। ਉਹ ਇਸ ਨੂੰ ਪੱਲੇ ਵਿਚ ਪਾਉਂਦੀ ਹੈ, ਰਿੰਨ ਕੇ ਖਾਂਦੀ ਹੈ ਤੇ ਭਾਈਚਾਰੇ ਵਿਚ ਵੰਡਦੀ ਹੈ।

ਲੋਕਾਂ ਵਿਚ ਆਮ ਵਿਸ਼ਵਾਸ ਹੈ ਕਿ ਗਰਭਵਤੀ ਇਸਤਰੀ ਦੇ ਲੜ ਬੰਨਿਆ ਕੱਚਾ ਅਨਾਜ ਕੱਚ-ਸੂਤਕੇ ਬਾਲ ਦੀ ਮਾਂ ਦੇ ਉਦਰ ਵਿਚ ਪੇਤ ਰੂਹਾਂ ਤੋਂ ਰਾਖੀ ਕਰਦਾ ਹੈ। ਕੁਝ ਥਾਂ ਕੁੜੀ ਦੇ ਮਾਪੇ ਉਹਦੇ ਸਹੁਰੀਂ ਸੰਧਾਰਾ ਭੇਜਦੇ ਹਨ, ਇਸ ਨੂੰ ਮਿੱਠਾ ਬੋਹੀਆ ਕਿਹਾ ਜਾਂਦਾ ਹੈ। ਕੁਝ ਥਾਈਂ ਗਰਤ ਦੇ ਤੀਜੇ ਮਹੀਨੇ ਕੁੜੀ ਦੀ ਨਣਾਨ ਆਪਣੀ ਗਰਭਵਤੀ ਭਰਜਾਈ ਦੇ ਅੱਖੀ ਸੁਰਮਾ ਪਾਉਂਦੀ ਹੈ। ਇਸ ਨੂੰ ਅੱਖ ਸਿਲਾਈ ਦੀ ਰਸਮ ਕਿਹਾ ਜਾਂਦਾ ਹੈ। ਇਸ ਰਸਮ ਤੋਂ ਬਾਅਦ ਜਣੇਪੇ ਤੀਕ ਗਰਭਵਤੀ ਲਈ ਹੋਰ ਸੁਰਮਾ ਪਾਉਣਾ ਵਰਜਿਤ ਹੁੰਦਾ ਹੈ। ਗਰਭਵਤੀ ਔਰਤ ਦੇ ਛਿੱਲੇ ਤੇ ਅਫਸੋਸ ਵਾਲੇ ਘਰੀਂ ਜਾਣ ਅਤੇ ਕਿਸੇ ਦਾ ਸਿਰ ਆਦਿ ਫੋਲਣ ਦੀ ਮਨਾਹੀ ਹੁੰਦੀ ਹੈ। ਉਸਨੂੰ ਹੋਰ ਵੀ ਕੋਈ ਸਖਤ, ਥਾਈਂ ਜਾਣਾ ਮਨਾ ਹੁੰਦਾ ਹੈ।

ਪੰਜਾਬ ਵਿਚ ਆਮ ਤੌਰ 'ਤੇ ਪਹਿਲਾਂ ਜਣੇਪਾ ਕੁੜੀ ਦੇ ਪੇਕੇ ਕਰਾਉਣ ਦਾ ਰਿਵਾਜ ਹੈ। ਜਿਥੇ , ਜਣੇਪਾ ਕਰਵਾਹਿਆ ਜਾਵੇ, ਉਸ ਕਮਰੇ ਨੂੰ ਛਿਲੇ ਵਾਲਾ ਕਮਰਾ ਕਿਹਾ ਜਾਂਦਾ ਹੈ। ਇਥੇ ਅਨਾਜ, ਲੋਹੇ ਦਾ ਕੜਾ ਜਾਂ ਦਾਤੀ ਆਦਿ ਰੱਖੇ ਜਾਂਦੇ ਹਨ। ਕੁਝ ਲੋਕ ਇਹ

ਚੀਜ਼ਾਂ ਜਣੇਪੇ ਵਾਲੀ ਔਰਤ ਦੇ ਮੰਜੇ ਦੇ ਪਾਵੇ ਨਾਲ ਬੰਨ੍ਹ ਦਿੰਦੇ ਹਨ। ਕਮਰੇ ਵਿਚ ਅਠਪਹਿਰੀ ਜੋਤ ਜਗਦੀ ਰੱਖੀ ਜਾਂਦੀ ਹੈ। ਬੱਚੇ ਦੇ ਜਨਮ ਦਾ ਐਲਾਨ ਘਰ ਦੀ ਡਿਓਡੀ ਦੇ ਦਰਵਾਜ਼ੇ 'ਤੇ ਸ਼ਰੀਹੋਂ ਆਦਿ ਦੇ ਪੱਤੇ ਬੰਨ ਕੇ ਕੀਤਾ ਜਾਦਾ ਹੈ। ਦਾਈ ਬੱਚੇ ਨੂੰ ਪਹਿਲਾਂ ਇਸ਼ਨਾਨ ਕਰਵਾਉਂਦੀ ਹੈ। ਨਵਜਨਮੇ ਬਾਲ ਦੇ ਨਾਏ ਨੂੰ ਕੱਟਣ ਦੀ ਰਸਮ ਨਾਤੁਆ ਸੰਘਾਰਨਾ ਕਿਹਾ ਜਾਂਦਾ ਹੈ।

ਜਨਮ ਤੋਂ ਬਾਅਦ ਕਿਸੇ ਸਿਆਣੇ 'ਤੇ ਠੰਡੇ ਸੁਭਾਓ ਵਾਲੇ ਵਿਅਕਤੀ ਤੋਂ ਉਸ ਨੂੰ ਗੁੜਤੀ ਦੁਆਈ ਜਾਂਦੀ ਹੈ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਬੱਚੇ ਦਾ ਸੁਭਾਓ ਵੀ ਉਸਨੂੰ ਗੁਤੀ ਦੇਣ ਵਾਲੇ ਬੰਦੇ ਦੇ ਸੁਭਾਓ ਉਪਰ ਹੀ ਜਾਂਦਾ ਹੈ।

ਜਨਮ ਦੀ ਖਬਰ ਸੁਣਨ ਤੋਂ ਬਾਅਦ ਭਾਈਚਾਰੇ ਦੇ ਲੋਕ ਤੇ ਲਾਗੀ ਆਦਿ ਵਧਾਈਆਂ ਦੇਣ ਆਉਂਦੇ ਹਨ। ਇਸ ਸਮੇਂ ਆਪੋ ਆਪਣੀ ਵਿਤ ਅਨੁਸਾਰ ਗੁੜ, ਪਤਾਸੇ ਜਾਂ ਲੱਡੂ ਆਦਿ ਵੰਡੇ ਜਾਂਦੇ ਹਲ। ਪੰਜਾਬ ਵਿਚ ਬਹੁਤੇ ਚਾਓ ਮਲਾਰ ਮੁੰਡੇ ਦੇ ਜਨਮ ਨਾਲ ਹੀ ਜੁੜੇ ਹੋਏ ਹਨ। ਬਹੁਤੇ ਲੋਕਾਂ ਦੇ ਘਰੀਂ ਕੁੜੀ ਦੇ ਜਨਮ ਸਮੇਂ ਤਾਂ ਸੋਗ ਦਾ ਵਾਤਾਵਰਣ ਛਾ ਜਾਂਦਾ ਹੈ। ਪਰੰਤੂ ਅੱਜ ਕੱਲ੍ਹ ਨਵੇਂ ਵਿਚਾਰਾਂ ਵਾਲੇ ਲੋਕਾਂ ਦੇ ਘਰਾਂ ਵਿਚ ਇਹ ਭਿੰਨ-ਭੇਦ ਮਿਟਦਾ ਜਾ ਰਿਹਾ ਹੈ।

ਬੱਚੇ ਨੂੰ ਪਹਿਲੀ ਵਾਰ ਦੁੱਧ ਪਿਆਉਣ ਤੋਂ ਪਹਿਲਾਂ ਬੱਚੇ ਦੀ ਭੂਆ ਕੋਲੋਂ ਜੱਚਾ ਦੀਆਂ ਵੱਧੀਆਂ ਨੂੰ ਉਚੇਚੇ ਤੋਰ ਤੇ ਤਿਆਰ ਕੀਤੀ ਸਮੱਗਰੀ ਨਾਲ ਧੁਆਇਆ ਜਾਂਦਾ ਹੈ। ਇਸ ਕਾਰਜ ਲਈ ਕਈ ਥਾਈਂ ਕੁਸ਼ਾਂ ਦੀ ਕੁਚੀ ਵਰਤਣ ਦਾ ਰਿਵਾਜ ਹੈ। ਸਰਦੇ ਘਰਾਂ ਵਿਚ ਦੁੱਧ-ਧੁਆਈ ਦੀ ਰਸਮ ਲਈ ਨਵਜਨਮੇ ਬਾਲ ਦੀ ਭੂਆ ਨੂੰ ਮਹਿੰਗੇ ਤੋਹਫੇ ਦਿੱਤੇ ਜਾਂਦੇ ਹਨ। ਪੰਜਾਬ ਵਿਚ ਪੰਜਵਾਂ ਨਹਾਉਣ ਦੀ ਰੀਤ ਵੀ ਆਮ ਪਾਈ ਜਾਂਦੀ ਹੈ। ਬੱਚੇ ਦੇ ਜਨਮ ਤੋਂ ਪੰਜਵੇਂ ਦਿਨ ਬਾਅਦ ਮਾਂ ਨੂੰ ਨਵਾਇਆ ਜਾਂਦਾ ਹੈ। ਤੇਰਵੇਂ ਦਿਨ ਰਹੁ-ਰੀਤਾਂ ਦਾ ਪਾਲਣ ਕਰਕੇ ਜੱਚਾ ਨਵਾਇਆ ਜਾਂਦਾ ਹੈ। ਬਾਹਰ ਵਧਣ ਤੋਂ ਬਾਅਦ ਇਸਤਰੀ ਨੂੰ ਛਿਲੇ ਵਾਲੇ ਕਮਰੇ ਦਾ ਹੁੰਦੀ ਹੈ। ਪਰ ਉਹਨੂੰ ਸਵਾ ਮਹੀਨਾ ਕਾਫੀ ਸਾਰੇ ਰੱਖ-ਪਰਹੇਜ਼ ਕਰਨੇ ਪੈਂਦੇ ਹਨ

ਸਵਾ ਮਹੀਨਾ ਕਾਫੀ ਸਾਰੇ ਰੱਖ-ਪਰਹੇਜ਼ ਕਰਨੇ ਪੈਂਦੇ ਹਨ। ਕੁੜੀ ਦੇ ਸਹੁਰੀ ਮਿੱਠਾ ਭੇਜ ਕੇ ਬੇਰ ਦੇ ਜਨਮ ਦੀ ਖਬਰ ਭੇਜੀ ਜਾਂਦੀ ਹੈ ਬਦਲੇ ਵਿਚ ਉਸ ਦੀ ਸੱਸ ਹੀ ਬਦਲੇ ਵਿਚ ਉਸ ਦੀ ਸੱਸ ਘਿਓ ਲੈ ਕੇ ਆਉਂਦੀ ਹੈ। ਸਦਾ ਬੱਚਾ ਲਈ ਦਾਖੜਾ ਬਣਾਇਆ ਜਾਂਦਾ ਹੈ, ਇਸ ਤੋਂ ਬਿਨਾਂ ਬੱਚੇ ਤੇ ਉਹਦੀ ਮਾਂ ਲਈ ਕੱਪੜੇ-ਲੀੜੇ ਤੇ ਗਹਿਣਿਆਂ ਆਦਿ ਦੀ ਸੂਰਤ ਵਿਚ ਕਈ ਹੋਰ ਸੁਗਾਤਾਂ ਵੀ ਲਿਆਂਦੀਆਂ ਜਾਂਦੀਆਂ ਹਨ।

ਚਾਲੀਵੇਂ ਦਿਨ ਕਿਲੇ ਦੀ ਹਰ ਪ੍ਰਕਾਰ ਦੀ ਅਸ਼ੁੱਧਤਾ ਖਤਮ ਹੋਈ ਸਮਝੀ ਜਾਂਦੀ ਜਨਮੇ ਬਾਲ ਦੀ ਛਟੀ ਦੀ ਰਸਮ ਕਰਦੇ ਹਨ। ਇਹ ਇਕ ਤਰਾਂ ਨਾਲ ਖੁਸ਼ੀਆਂ ਦਾ ਤਿਉਹਾਰ ਹੁੰਦਾ ਹੈ। ਸਜਦੇ-ਪੁੱਜਦੇ ਘਰ ਨਵਹੁੰਦੇ ਹਨ ਤੇ ਦਾਰੂ ਦੇ ਖੁੱਲ੍ਹੇ ਦੌਰ ਚਲਦੇ ਹਨ। ਖੁਸ਼ੀ ਦੇ ਗੀਤ ਗਾਏ ਜਾਂਦੇ ਹਨ। ਇਸ ਵੇਲੇ ਨਿਕਟਵਰਤੀ ਰਿਸ਼ਤੇਦਾਰਾਂ ਵਿਚਕਾਰ ਦੇਣ ਲੈਣ ਦਾ ਕਾਫੀ ਲੰਮਾ ਚੌੜਾ, ਖਲਜਗਣ ਪਾਇਆ ਜਾਂਦਾ ਹੈ।

ਪੰਜਾਬ ਵਿਚ ਮੁੰਡੇ ਦੀ ਲੋਹੜੀ ਵੰਡਣ ਦਾ ਰਿਵਾਜ ਸਾਰੇ ਹੀ ਵਰਗਾਂ ਵਿਚ ਸਾਰੇ ਹੀ ਵਰਗਾਂ ਵਿਚ ਪ੍ਰਚੱਲਿਤ ਹੈ। ਬੰਨ੍ਹ ਕੇ ਘਰੋਂ-ਘਰੀ ਗੀਤ ਗਾਉਂਦੇ ਫਿਰਦੇ ਮੁੰਡਿਆਂ ਕੁੜੀਆਂ ਦੀਆਂ ਟੋਲੀਆਂ ਨੂੰ ਘਰ ਵਾਲਿਆਂ ਵੱਲੋਂ ਖੁਲੇ ਦਿਲ ਨਾਲ ਗੁੜ, ਪਤਾਸੇ ਆਦਿ ਦਿੱਤੇ ਜਾਂਦੇ ਹਨ।

ਬੱਚੇ ਦਾ ਨਾਉਂ ਰੱਖਣ ਦੀ ਰੀਤੀ ਨੂੰ 'ਨਾਮ-ਸੰਸਕਾਰ ਕਹਿੰਦੇ ਹਨ। ਇਹ ਰੀਤੀ ਵੱਖੋ-ਵੱਖ ਧਰਮਾਂ ਨੂੰ ਮੰਨਣ ਵਾਲੇ ਲੋਕ ਆਪੋ ਆਪਣੇ ਇਸ਼ਟ ਦੀ ਹਾਜ਼ਰੀਹਜ਼ੂਰੀ ਵਿਚ ਥੋੜੇ ਬਹੁਤ ਅੰਤਰ ਨਾਲ ਨੇਪਰੇ ਚਾੜ੍ਹਦੇ ਹਨ।

ਹਿੰਦੂ ਵਸੋਂ ਵਿਚ ਤੀਜੇ ਜਾਂ ਪੰਜਵੇਂ ਵਰੇ ਬੱਚੇ ਦਾ ਮੁੰਡਨ ਕਰਵਾਇਆ ਜਾਂਦਾ ਹੈ। ਕੁਝ ਲੋਕ ਦੇਵੀ ਦੇ ਸਥਾਨ 'ਤੇ ਜਾ ਕੇ ਬੱਚੇ ਦੇ ਭੱਦਣ ਕਰਵਾਉਂਦੇ ਹਨ। ਇਨ੍ਹਾਂ ਵਿਚਕਾਰ ਬੱਚੇ ਦੇ ਜਨੇਊ ਪਹਿਨਣ ਦੀ ਰੀਤੀ ਨੂੰ 'ਜਨੇਊ ਸੰਸਕਾਰ ਕਿਹਾ ਜਾਂਦਾ ਹੈ। ਸਿੱਖ ਤੇ ਮੁਸਲਮਾਨ ਇਹ ਦੋਨੋਂ ਰੀਤਾਂ ਨਹੀਂ ਕਰਵਾਉਂਦੇ। ਮੁਸਲਮਾਨ ਮੁੱਡ ਦੀ ਸੁੰਨਤ ਕਰਵਾਉਂਦੇ ਹਨ ਤੇ ਸਿੱਖ ਉਹਨੂੰ ਵਿਸ਼ੇਸ਼ ਮਰਯਾਦਾ ਦਾ ਪਾਲਣ ਕਰਦੇ ਹੋਏ ਅੰਮ੍ਰਿਤ ਛਕਾਉਂਦੇ ਹਨ।

ਕੁੜੀਆਂ ਦੀ ਸੂਰਤ ਵਿਚ ਕੰਨ-ਵਿਨਾਈ, ਨੱਕ-ਵਿਨਾਈ ਵੇਲੇ ਸਾਦਾ ਜਿਹੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਇਹ ਗੱਲ ਵਿਸ਼ੇਸ਼ ਤੌਰ 'ਤੇ ਨੋਟ ਕਰਨ ਵਾਲੀ ਹੈ ਕਿ ਜਨਮ ਤੋਂ ਮਗਰੋਂ • ਗਭਰੀਟ ਅਵਸਥਾ ਤੀਕ ਬਹੁਤੀਆਂ ਰਹੁ-ਰੀਤਾਂ ਮੰਡੇ ਦੇ ਸੰਦਰਭ ਵਿਚ ਹੀ ਕੀਤੀਆਂ ਜਾਂਦੀਆਂ ਹਨ।

ਪੰਜਾਬ ਵਿਚ ਮੁੰਡੇ ਦੇ ਜਨਮ ਵੇਲੇ ਖੁਸਰੇ ਨਚਾਉਣ ਦਾ ਆਮ ਰਿਵਾਜ ਹੈ। ਖੁਸਰੇ ਮੁੰਡੇ ਦੇ ਜਨਮ ਦੀ ਭਿਣਕ ਰੱਖਦੇ ਹਨ। ਇਸ ਖਬਰ ਦੀ ਭਿਣਕ ਪੈਣ ਸਾਰ ਹੀ ਉਹ ਮੁੰਡੇ ਵਾਲਿਆਂ ਦੇ ਘਰ ਆ ਕੇ ਢੋਲਕ 'ਤੇ ਘਸਰੇ ਮਾਰਨ ਅਤੇ ਆਪਣੀ ਵਿਸ਼ੇਸ਼ ਸੁਰ ਵਿਚ ਵਧਾਈਆਂ ਦੇ ਗੀਤ ਗਾਉਣੇ ਸ਼ੁਰੂ ਕਰ ਦਿੰਦੇ ਹਨ ਤੇ ਮੂੰਹ ਮੰਗਵੀਂ ਨਕਦੀ ਤੇ ਕੱਪੜਾ ਲੈ ਕੇ ਹੀ ਘਰ ਵਾਲਿਆਂ ਦਾ ਪਿੱਛਾ ਛੱਡਦੇ ਹਨ। ਬਹੁਤੀ ਵਾਰ ਤਾਂ ਘਰ ਵਾਲੇ ਇਹ ਸਭ ਕੁਝ ਆਪਣੀ ਮਰਜ਼ੀ ਤੇ ਸ਼ੌਕ ਵਸ ਹੀ ਦਿੰਦੇ ਹਨ ਪਰ ਜੇ ਲੋੜ ਪਵੇ ਤਾਂ ਖੁਸਰੇ ਆਪਣਾ 'ਅੜੋਦਾਨ' ਲੈਣ ਵਿਚ ਵੀ ਕੋਈ ਕਸਰ ਬਾਕੀ ਨਹੀਂ ਛੱਡਦੇ।

## ਵਿਆਹ ਸਮੇਂ ਦੀਆਂ ਰਸਮਾਂ

### ਕੁੜਮਾਈ

ਪੰਜਾਬ ਵਿਚ ਵਿਆਹ ਦਾ ਮੁੱਢ, ਕੁੜਮਾਈ, ਮੰਗਣੇ ਜਾ ਸ਼ਗਨ ਦੀ ਰਸਮ ਨਾਲ ਬੱਝਦਾ ਹੈ। ਅੱਜ ਕੱਲ੍ਹ ਤਾਂ ਕੁਝ ਕੁੜੀਆਂ ਤੇ ਮੁੰਡੇ ਆਪੋ ਆਪਣੀ ਮਰਜ਼ੀ ਦਾ ਪ੍ਰੇਮ-ਵਿਆਹ ਰਚਾ ਕੇ ਝੱਟ ਮੰਗਣੀ ਤੇ ਪੱਟ ਵਿਆਹ ਵਾਲਾ ਕੰਮ ਵੀ ਕਰ ਲੈਂਦੇ ਹਨ। ਵਰ ਦੀ ਲੋੜ ਪੂਰੀ ਕਰਨ ਲਈ

ਅਖਬਾਰੀ ਇਸ਼ਤਿਹਾਰਾਂ ਰਾਹੀਂ ਵੀ ਕੰਮ ਹੋਣ ਲੱਗ ਗਿਆ ਹੈ ਪਰ ਹਾਲੇ ਵੀ ਬਹੁਤੇ ਵਿਆਹ ਵਿਚੋਲੇ ਰਾਹੀਂ ਹੀ ਸਿਰੇ ਚੜ੍ਹਦੇ ਹਨ। ਪਹਿਲਿਆਂ ਸਮਿਆਂ ਵਿਚ ਮੰਗਣੇ ਦਾ ਕੰਮ 'ਰਾਜਿਆਂ ਤੇ ਰੋਹਿਤਾਂ ਪੰਡਿਤਾਂ ਰਾਹੀਂ ਸਿਰੇ ਚੜ੍ਹਦਾ ਹੁੰਦਾ ਸੀ।

ਮੰਗਣੇ ਵੇਲੇ ਵਰ ਤੇ ਘਰ ਦੋਹਾਂ ਦੇ ਹੀ ਹਾਣ-ਮੇਚ ਦਾ ਖਿਆਲ ਰੱਖਿਆ ਜਾਂਦਾ ਹੈ ਪਰ ਬਹੁਤੀਆਂ ਸੂਰਤਾਂ ਵਿਚ 'ਵਰ ਘਰ ਘਰ ਹੀ ਹਾਵੀ ਹੋ ਜਾਂਦਾ ਸੀ ਤਾਂ ਹੀ ਸ਼ਾਇਦ ਪੰਜਾਬ ਵਿਚ ਇਹ ਕਹਾਵਤ ਮਸ਼ਹੂਰ ਹੈ ਕਿ ਜੋੜੀਆਂ ਜੱਗਥੋੜੀਆਂ ਨਰੜ ਬਥੇਰੇ।'

ਕੁੜਮਾਈ ਵੇਲੇ ਜਾਤ-ਗੋਤ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ ਭਾਵੇਂ ਅੱਜ ਕੱਲ ਅੰਤਰਜਾਤੀ ਵਿਆਹ ਵੀ ਹੋਣ ਲੱਗ ਪਏ ਹਨ ਪਰੰਤੂ ਬਹੁਤੇ ਵਿਆਹ ਆਪੋ ਆਪਣੀ ਜਾਤ ਦੇ ਘੇਰੇ ਅੰਦਰ ਹੀ ਨੇਪਰੇ ਚੜ੍ਹਦੇ ਹਨ। ਬਾਹਮਣ ਖੱਤਰੀਆਂ ਵਿਚਕਾਰ ਬਾਹਰੀ, ਬਜਾਹੀ, ਅਠਵੰਸੇ ਜਾਂ ਢਾਈ ਘਰੇ ਵਿਸ਼ੇਸ਼ ਗੋਤਾਂ ਦੀ ਲਛਮਣ ਰੇਖਾ ਅੰਦਰ ਹੀ ਆਪਣੇ ਮੁੰਡੇ ਕੁੜੀਆਂ ਦੇ ਵਿਆਹ/ਕੁੜਮਾਈਆਂ ਕਰਦੇ ਹਨ। ਪਰ ਅੱਜ ਕੱਲ ਭਾਵੇਂ ਇੰਨੀਆਂ ਪੀਚੀਆਂ ਬੰਦਸ਼ਾਂ ਦੀ ਪਕੜ ਤਾਂ ਢਿੱਲੀ ਪੈਣੀ ਸ਼ੁਰੂ ਹੋ ਗਈ ਹੈ ਪਰ ਹਾਲੇ ਵੀ ਇਸ ਨੇਮ ਦੀ ਜ਼ਰੂਰ ਹੀ ਪਾਲਣਾ ਕੀਤੀ ਜਾਂਦੀ ਹੈ ਕਿ ਵਿਆਹ ਆਪਣੀ ਜਾਤ ਅੰਦਰ ਹੀ ਹੋਵੇ ਤੇ ਮੁੰਡੇ ਕੁੜੀ ਦੇ ਨਾਨਕਿਆਂ ਤੇ ਦਾਦਕਿਆਂ ਦਾ ਗੋਤ ਨਾ ਰਲਦਾ ਹੋਵੇ। ਸ਼ਰਧਾ ਰਾਮ ਫਲੋਰੀ ਅਨੁਸਾਰ, "ਪੰਜਾਬ ਵਿਚ ਕੁੜਮਾਈ ਦੀ ਇਹ ਰੀਤ ਹੈ ਜੋ ਧੀ ਵਾਲਾ ਆਪਣੇ ਨਾਈ ਦੇ ਹੱਥ ਸੱਤ ਛੁਹਾਰੇ ਤੇ ਇਕ ਰੁਪਏ ਦੇ ਕੇ ਮੁੰਡੇ ਵਾਲਿਆਂ ਦੇ ਘਰ ਭੇਜਦਾ ਹੈ। ਜਦੋਂ ਨਾਈ ਪੁੱਤ ਵਾਲਿਆਂ ਦੇ ਘਰ ਪਹੁੰਚੇ ਤਾਂ ਘਰ ਵਾਲੇ ਆਪਣੇ ਹੇ ਦੀਆਂ ਦੋਹਾਂ ਮੁੱਖਾਂ ਪੁਰ ਤੇਲ ਚੋ ਕੇ ਨਾਈ ਨੂੰ ਅੰਦਰ ਲੈ ਆਂਦੇ ਹਨ। ਉਹਦੀ ਖਾਤਰਦਾਰੀ ਪਿੱਛੋਂ ਨਗਰ ਦੇ ਪੰਚ ਅਰ ਭਾਈਚਾਰੇ ਦੇ ਲੋਕ 'ਕੱਠੇ ਹੋ ਕੇ ਘਰ ਦੇ ਪਾਂਧੇ ਤੋਂ ਆਟੇ ਚੌਂਕ ਪਾਉਂਦੇ ਹਨ ਜਦੋਂ ਪਾਂਧਾ ਵੇਦ ਦੀ ਰੀਤ ਅਨੁਸਾਰ ਬਾਲਕ ਤੇ ਚੱਕ ਦੀ ਪੂਜਾ ਕਰ ਚੁੱਕਦਾ ਹੈ ਤਾਂ ਨਾਈ ਉਹ ਆਰੇ ਤੇ ਰੁਪਇਆ ਮੰਡੇ ਦੀ ਝੋਲੀ ਪਾ ਕੇ ਮੱਥੇ 'ਤੇ ਟਿੱਕਾ ਲਾ ਦਿੰਦਾ ਹੈ। ਅਰ ਮੁੱਖ ਤੋਂ ਇਹ ਬਚਨ ਮੁੰਡੇ ਪਿਓ ਨੂੰ ਆਖਦਾ ਹੈ ਕਿ ਵਧਾਈਆਂ ਮਹਾਰਾਜਾ ਫੇਰ ਮੁੰਡੇ ਦਾ ਪਿਉ ਆਪਣੀ ਸ਼ਰਧਾ ਅਨੁਸਾਰ ਬ੍ਰਾਹਮਣਾਂ ਤੇ ਨਾਈਆਂ ਨੂੰ ਰੁਪਏ ਪੈਸੇ ਤੇ ਭਾਈਚਾਰੇ ਨੂੰ ਸ਼ੱਕਰ ਵੰਡਦਾ ਹੈ। ਫੇਰ ਸਭ ਲੋਕ ਮੁੰਡੇ ਦੇ ਪਿਓ ਨੂੰ ਵਧਾਈਆਂ ਦੇ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਂਦੇ ਹਨ। ਇਸ ਗੀਤ ਦਾ ਨਾਉਂ ਸ਼ਗਨ ਆਖਦੇ ਹਨ। ਇਸ ਮੌਕੇ ਤੇ ਸ਼ਰੀਕੇ। ਭਾਈਚਾਰੇ ਦੇ ਲੋਕ ਆਪੋ ਆਪਣੇ ਲੈਣ-ਦੇਣ ਦੇ ਰਿਵਾਜ ਅਨੁਸਾਰ ਮੁੰਡੇ ਦੀ ਝੋਲੀ ਸ਼ਗਨ ਪਾਉਂਦੇ ਹਨ।

ਪਰ ਅੱਜ ਕੱਲ੍ਹ ਲੈਣ ਦੇਣ ਦੀ ਪਰੰਪਰਾ ਦਾ ਕੋਈ ਹੱਦ-ਬੰਨਾ ਨਹੀਂ ਰਿਹਾ। ਵਿੱਦਿਆ ਦਾ ਚਾਨਣ ਫੈਲਣ ਦੇ ਬਾਵਜੂਦ ਵੀ ਇਹ ਰਸਮਾਂ ਘਟਣ ਦੀ ਥਾਂ ਹੋਰ ਵਧੇਰੇ ਵੱਧ ਕੇ ਗੁੰਝਲਦਾਰ ਹੋ ਰਹੀਆਂ ਹਨ। ਇਸ ਮੌਕੇ ਮੁੰਡੇ ਨੂੰ ਤੇ ਕਈ ਵਾਰ ਤਾਂ ਉਹਦੇ ਮਾਂ-ਬਾਪ ਨੂੰ ਵੀ ਸੋਨੇ ਦੇ ਕੜੇ-ਮੁੰਦਰੀਆਂ ਪਾਏ ਜਾਂਦੇ ਹਨ। ਝੋਲੀ ਵਿਚ ਪੈਣ ਵਾਲੇ ਰੁਪਈਆਂ ਦੀ ਗਿਣਤੀ ਵਿਚ ਬੇ-ਮੇਚਾ ਵਾਧਾ ਹੋ ਗਿਆ ਹੈ। ਸਿੱਖਾਂ ਦਾ ਹਿੰਦੂਆਂ ਨਾਲੋ ਫਰਕ ਸਿਰਫ ਇਸ ਗੱਲ ਵਿਚ ਹੈ ਕਿ ਉਹ ਸਾਰਾ ਹਿਸਾਬ-ਕਿਤਾਬ' ਵੇਦ-ਰੀਤੀ ਦੀ ਥਾਂ 'ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਕਰਦੇ ਹਨ। ਬਹੁਤੇ ਲੋਕ ਤਾਂ ਕੁੜਮਾਈ ਤੋਂ ਪਹਿਲਾਂ 'ਰੋਕ' ਜਾਂ ਠਾਕੇ ਦੀ ਰਸਮ ਵੀ ਕਰਨ ਲੱਗ ਪਏ ਹਨ। ਇਸ ਵੇਲੇ ਕਾਫੀ ਦੇਣ-ਲੈਣ ਹੁੰਦਾ ਵੇਖਣ ਵਿਚ ਆਇਆ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਲੈਣ-ਦੇਣ ਦੇ ਫਕਵੰਜ ਘਟਣ ਦੀ ਥਾਂ ਸਗੋਂ ਹੋਰ ਵੀ ਵਧ ਗਏ ਹਨ।

ਕੁੜਮਾਈ ਇਕ ਤਰਾਂ ਨਾਲ ਵਿਆਹ ਦਾ ਪੱਕ-ਠੱਕ ਹੁੰਦੀ ਹੈ। ਭਾਵੇਂ 'ਭਾਨੀ-ਆਰਾਂ ਦੀ ਬਦੌਲਤ ਜਾਂ ਹੋਰ ਕਿਸੇ ਕਾਰਨ ਕਰਕੇ ਕੁਝ ਕੁੜਮਾਈਆਂ ਟੁੱਟਣ ਵੀ ਲੱਗ ਪਈਆਂ ਹਨ, ਪਰ ਹਾਲੇ ਵੀ ਪੰਜਾਬ ਵਿਚ ਕੁੜਮਾਈ ਤੋੜਨ ਜਾਂ ਕਿਸੇ । ਹੋਰ ਦੀ ਮੰਗ ਵਿਆਹੁਣ ਦੇ ਕੰਮ ਨੂੰ ਕਾਫੀ ਮਾੜਾ ਹੀ ਗਿਣਿਆ ਜਾਂਦਾ ਹੈ।

ਬਹੁਤ ਸਾਰੇ ਹਿੰਦੂ ਪਰਿਵਾਰ ਕੁੜਮਾਈ ਵੇਲੇ ਮੁੰਡੇ ਕੁੜੀਆਂ ਦੀਆਂ ਕੁੰਡਲੀਆਂ ਵੀ ਮੇਲਕੇ ਵੇਖਦੇ ਹਨ। ਮੰਗਲੀਕ ਬੱਚੇ-ਬੱਚੀਆਂ ਦੀ ਸੂਰਤ ਵਿਚ, ਵਾਹ ਲਗਦੀ ਦੋਹਾਂ ਧਿਰਾਂ ਦਾ ਮੰਗਲੀਕ ਹੋਣਾ ਜ਼ਰੂਰੀ ਸਮਝਿਆ ਜਾਦਾ ਹੈ।

ਕੁੜਮਾਈ ਤੇ ਵਿਆਹ ਦੇ ਵਿਚਕਾਰ ਮੁੰਡੇ ਕੁੜੀ ਦੇ ਵਰ-ਪਰਵਾਨ ਆਯੂ ਤੀਕ ਅੱਪੜਨ ਦੀ ਸਥਿਤੀ ਨੂੰ ਮੁੱਖ ਰੱਖਕੇ ਲੋੜੀਂਦੀ ਵਿੱਥ ਪਾਈ ਜਾਂਦੀ ਹੈ। ਪੰਜਾਬ ਵਿਚ ਬਹੁਤੇ ਵਿਆਹ ਜੇਠ ਹਾੜ ਦੇ ਮਹੀਨੇ ਵਿਚ ਹੁੰਦੇ ਹਨ। ਰੁੱਤ ਦੇ ਲਿਹਾਜ ਨਾਲ ਭਾਵੇਂ ਇਹ ਮਹੀਨੇ ਬਹੁਤ ਸੁਖਾਵੇਂ ਨਹੀਂ ਹੁੰਦੇ ਪਰ ਇਨ੍ਹਾਂ ਦਿਨਾਂ ਵਿਚ ਕਿਸਾਨ ਆਪਣੀ ਹਾੜੀ ਦੀ ਫਸਲ ਸਾਂਭਣ ਮਗਰੋਂ ਮੁਕਾਬਲਤਨ ਵਿਹਲੇ ਹੁੰਦੇ ਹਨ ਤੇ ਉਹਨਾਂ ਨੇ ਆਪਣੀ ਹਾੜੀ ਦੀ ਮੁੱਖ ਫਸਲ, ਕਣਕ ਵੇਚ ਕੇ ਵਿਆਹ ਉਪਰ ਖਰਚਣ ਲਈ ਲੋੜੀਂਦੇ ਪੈਸੇ ਵੀ ਵੱਟੇ ਹੋਏ ਹੁੰਦੇ ਹਨ।

**ਸਾਹਾ**

ਧੀ ਵਾਲੇ ਆਪਣੇ ਘਰ ਪਾਂਧੇ ਨੂੰ ਸੱਦ ਕੇ ਗਹਿਆਂ ਦੀ ਗਤੀ ਅਨੁਸਾਰ ਵਿਆਹ ਲਈ ਉਚਿਤ ਦਿਨ ਨੀਅਤ ਕਰਵਾਉਂਦੇ ਹਨ। ਇਸ ਰਸਮ ਨੂੰ ਸਾਹਾ ਕਢਾਉਣਾ ਜਾਂ ਸਾਹਾ ਸੁਧਾਉਣਾ' ਕਿਹਾ ਜਾਂਦਾ ਹੈ। ਸਾਹਾ ਸਧਾਉਣ ਤੋਂ ਮਗਰੋਂ ਧੀ ਦੇ ਮਾਪੇ ਆਪਣੇ ਵੱਲੋਂ ਜਾਂ ਪਿੰਡ ਦੀ ਪੰਚਾਇਤ ਵਲੋਂ ਨਾਈ ਦੇ ਹੱਥ 'ਸਾਹੇ ਦੀ ਚਿੱਠੀ ਭੇਜਦੇ ਹਨ। ਇਸ ਸ਼ਗਨਾਂ ਦੀ ਚਿੱਠੀ 'ਤੇ ਕੇਸਰੀ ਜਲ ਦੇ ਤਰੋਕੇ ਛਿੜਕੇ ਹੋਏ ਹੁੰਦੇ ਹਨ ਜਾਂ ਫਿਰ ਇਹ ਚਿੱਠੀ ਲਿਖੀ ਹੀ ਕੇਸਰੀ ਸਿਆਹੀ ਵਿਚ ਹੁੰਦੀ ਹੈ। ਨਾਈ ਆਪਣੀ ਹਾਜ਼ਰੀ ਵਿਚ ਇਹ ਚਿੱਠੀ ਘਰ ਵਾਲਿਆਂ ਨੂੰ ਪੜ੍ਹਾਉਂਦਾ ਹੈ ਤੇ ਆਪਣਾ ਲਾਗ ਲੈ ਕੇ ਪਰਤ ਆਉਂਦਾ ਹੈ। ਇਸ ਤਰ੍ਹਾਂ ਵਿਆਹ ਦਾ ਦਿਨ ਪੱਕਾ ਹੋ ਜਾਂਦਾ ਹੈ।

ਦੋਨੋਂ ਧਿਰਾਂ ਵਿਆਹ ਦੀ ਤਿਆਰੀ ਪੂਰੇ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੰਦੀਆਂ ਹਨ। ਮੁੰਡੇ ਵਾਲੇ ਵਰੀ ਤੇ ਗਹਿਣੇ ਆਦਿ ਬਣਾਉਣ ਵਿਚ ਰੁਝ ਜਾਂਦੇ ਹਨ ਤੇ ਕੁੜੀ ਵਾਲੇ ਖੰਟ ਤਿਆਰ ਕਰਨ ਤੇ ਜੰਜ ਤੇ ਮੇਲੀਆਂ ਦੀ ਆਓ ਭਗਤ ਲਈ ਲੋੜੀਂਦੀ ਸਮੱਗਰੀ ਖਰੀਦਣ ਵਿਚ ਮਸ਼ਰੂਫ ਹੋ ਜਾਂਦੇ ਹਨ। ਦੋਹਾਂ ਧਿਰਾਂ ਵਲੋਂ ਆਪੋ ਆਪਣੀ ਸਾਕ-ਸ਼ਰੀਕੀ ਤੇ ਹੋਰ ਮਿਲਣ ਵਰਤਣ ਵਾਲਿਆਂ ਵਿਚਕਾਰ ਮਿਠਾਈ ਦੀ ਗੰਢ ਭੇਜ ਕੇ ਵਿਆਹ ਦੀ ਖਬਰ ਕੀਤੀ ਜਾਂਦੀ ਹੈ। ਅੱਜ ਕੱਲ ਇਹ ਕੰਮ ਛਪੇ ਹੋਏ ਕਾਰਡ ਡਾਕ ਰਾਹੀਂ ਭੇਜ ਕੇ ਜਾਂ ਟੈਲੀਫੋਨ ਰਾਹੀਂ ਵੀ ਪੂਰਾ ਕਰ ਲਿਆ ਜਾਂਦਾ ਹੈ। ਬਹੁਤ ਨੇੜੇ ਦੇ ਬੰਦਿਆਂ ਨੂੰ ਇਹ ਸੁਨੇਹਾ ਜਾਤੀ ਤੌਰ 'ਤੇ ਜਾ ਕੇ ਵੀ ਦਿੱਤਾ ਜਾਂਦਾ ਹੈ।

ਸਾਹਾ ਬੱਝਣ ਮਗਰੋਂ ਵਿਆਹੰਦੜ ਮੁੰਡੇ ਕੁੜੀ ਨੂੰ ਕੁਝ ਜ਼ਰੂਰੀ ਬੰਧੇਜ ਪਾਲਣੇ ਪੈਂਦੇ ਹਨ। ਸਾਹੇ-ਬੱਝੇ ਗੱਭਰੂ ਮੁਟਿਆਰਾਂ ਲਈ ਪਿੰਡਾਂ ਦਾ ਵਸੀਮਾਂ ਟੱਪਣਾ ਮਨ੍ਹਾ ਹੁੰਦਾ ਹੈ।

ਵਿਆਹ ਦੀ ਤਿਆਰੀ ਵਿਚ 'ਸੱਤ ਸੁਹਾਗਣਾਂ ਦੀ ਰਸਮ ਦਾ ਵਿਸ਼ੇਸ਼ ਸਥਾਨ ਹੁੰਦਾ ਹੈ। ਆਂਢ-ਗੁਆਂਢ ਸੱਤ ਸੁਹਾਗਣਾਂ ਕੱਠੀਆਂ ਹੋ ਕੇ ਚੱਕੀਆਂ ਝੱਦੀਆ ਹਨ ਤੇ ਸੱਤ ਸੱਤ ਗੱਲੇ ਦਾਣਿਆਂ ਦੇ ਪੀਹਣ ਦੀ ਰਸਮ ਅਦਾ ਕਰਦੀਆਂ ਹਨ। ਇਹ ਰਸਮ ਵਿਆਹ ਦੇ ਕਾਰਜ ਵਿਚ ਆਂਢੀਆਂ-ਗੁਆਂਢੀਆਂ ਤੇ ਸਰੀਕੇ ਭਾਈਚਾਰੇ ਦੇ ਸਹਿਯੋਗ ਦਾ ਪ੍ਰਤੀਕ ਹੈ। ਇਹ ਸੱਤੇ ਸੁਹਾਗਣਾਂ ਧੀ ਵਾਲਿਆਂ ਦੀ ਕੋਠੀ ਵਿਚ ਸੱਤ-ਸੱਤ ਮੁੱਠਾਂ ਆਟੇ ਦੀਆਂ ਪਾਉਂਦੀਆਂ ਹਨ।

ਇਸ ਰਸਮ ਨੂੰ ਕੋਠੀ ਆਟਾ ਪਾਉਣਾ' ਕਿਹਾ ਜਾਦਾ ਹੈ। ਇਸ ਦਿਨ ਕਣਕ ਦੀਆਂ ਬੱਕਲੀਆਂ ਵਿਚ ਸ਼ੱਕਰ ਪਾ ਕੇ ਵੰਡਣ ਦਾ ਰਿਵਾਜ ਹੈ। ਇਸ ਦਿਨ ਤੋਂ ਮਗਰੋਂ ਵਿਆਹ ਲਈ ਲੋੜੀਂਦੀ ਰਸਦ ਤਿਆਰ ਕਰਨ ਦਾ ਕੰਮ ਪੂਰੇ ਜ਼ੋਰਾਂ ਨਾਲ ਸ਼ੁਰੂ ਹੋ ਜਾਂਦਾ ਹੈ। ਮੁੰਡੇ ਤੇ ਕੁੜੀ ਵਾਲਿਆਂ ਦੇ ਘਰੀਂ 'ਗੌਣ ਬਿਠਾਉਣ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ। ਕੁੜੀ ਵਾਲਿਆਂ ਦੇ ਘਰੀਂ 'ਸੁਹਾਗ' ਗਾਏ ਜਾਂਦੇ ਹਨ ਤੇ ਮੁੰਡੇ ਵਾਲਿਆਂ ਦੇ ਘਰ 'ਘੋੜੀਆਂ ਦੇ ਗੀਤਾਂ ਦੀ ਗੁੰਜਾਰ ਸ਼ੁਰੂ ਹੋ ਜਾਂਦੀ ਹੈ। ਵਿਆਹ ਤੋਂ ਦੋ ਤਿੰਨ ਦਿਨ ਪਹਿਲਾਂ 'ਕੜਾਹੀ ਚੜਾਉਣ ਦੀ ਰਸਮ ਸ਼ੁਰੂ ਹੋ ਜਾਂਦੀ ਹੈ। ਗੋਗਲੇ, ਪਕੋੜੇ, ਲੱਡੂ ਤੇ ਸ਼ੀਰਨੀ ਆਦਿ ਹੋਰ ਪਕਵਾਨ ਪੱਕਣੇ ਸ਼ੁਰੂ ਹੋ ਜਾਂਦੇ ਹਨ। ਇਨੀਂ ਦਿਨੀਂ ਸਰਬਾਹਲਾ ਤੇ ਸਰਬਾਹਲੀ ਕ੍ਰਮਵਾਰ ਮੁੰਡੇ ਕੁੜੀ ਦੇ ਅੰਗ-ਸੰਗ ਰਹਿੰਦੇ ਹਨ ਪਰ ਹੁਣ ਇਹ ਰਸਮਾਂ ਦਿਨੋ-ਦਿਨ ਘਟ ਰਹੀਆਂ ਹਨ ਤੇ ਇਨ੍ਹਾਂ ਦੀ ਥਾਂ 'ਮੈਰਿਜ਼ ਪੈਲੇਸ ਕਲਚਰ ਲੈ ਰਿਹਾ ਹੈ।

**ਮਾਈਆ**

ਵਿਆਹ ਤੋਂ ਤਿੰਨ ਕੁ ਦਿਨ ਪਹਿਲਾਂ 'ਮਾਈਆ' ਦੀ ਰਸਮ ਸ਼ੁਰੂ ਹੁੰਦੀ ਹੈ। ਦੋਹੀਂ ਪਾਸੀਂ ਬੜੇ ਚਾਅ-ਮਲਾਰ ਨਾਲ ਆਰੀ ਚੰਦੋਏ ਤਾਣ ਕੇ ਗੀਤਾਂ ਦੀ ਛਹਿਬਰ ਵਿਚ ਵਿਆਹੰਦੜਾਂ ਨੂੰ ਵੱਟਣਾ ਮਲਿਆ ਜਾਂਦਾ ਹੈ। ਇਨੀਂ ਦਿਨੀਂ ਕੁਝ ਤਾਂ ਵਿਆਹ ਦੇ ਚਾਅ ਨਾਲ ਤੇ ਕੁਝ ਤੇਲ-ਗੁੱਥੇ ਵੇਸਣ ਦਾ ਵੱਟਣਾ ਮਾਲਣ ਕਾਰਨ ਮੁੰਡੇ ਕੁੜੀ ਦੇ ਰੰਗ ਰੂਪ 'ਤੇ ਖਾਸ ਕਿਸਮ ਦਾ ਨਿਖਾਰ ਆ ਜਾਂਦਾ ਹੈ। ਵਿਆਹ ਤੋਂ ਪਹਿਲੇ ਦਿਨ ਦੀਆਂ ਤ੍ਰਿਕਾਲਾਂ ਵੇਲੇ ਕੁੜੀ ਨੂੰ ਮਹਿੰਦੀ ਲਾਈ ਜਾਂਦੀ ਹੈ।

ਮਾਮੇ ਵੱਲੋਂ ਸੌਂਤ ਜਾਂ ਸਾਂਤ ਦੀ ਰਸਮ ਅਦਾ ਕੀਤੀ ਜਾਂਦੀ ਹੈ। ਨਾਨਕਿਆਂ ਵਲੋਂ ਕੁੜੀ ਨੂੰ ਸੁੱਤਰ ਤੇ ਕਲੀਰੇ ਨੂਠੀਆਂ ਪਹਿਨਾਏ ਜਾਂਦੇ ਹਨ। ਮੁੰਡੇ ਕੁੜੀ ਤੇ ਉਨ੍ਹਾਂ ਦੀਆਂ ਮਾਵਾਂ ਨੇ ਲਗਨ ਵੇਲੇ ਇਸ ਅਵਸਰ ਲਈ ਨਾਨਕਿਆਂ ਵਲੋਂ ਲਿਆਂਦੇ ਖਾਸ ਕੱਪੜੇ ਹੀ ਪਹਿਨੇ ਹੋਏ ਹੁੰਦੇ ਹਨ।

**ਸਿਹਰਾ**

ਮੁੰਡੇ ਵਾਲਿਆਂ ਦੇ ਘਰ 'ਸਿਹਰਾ ਬੰਦੀ' ਦੀ ਰਸਮ ਹੁੰਦੀ ਹੈ ਤੇ ਮਗਰੋਂ ਘੋੜੀ ਦੀ। ਇਸ ਸਮੇਂ ਘੋੜੀ ਤੇ ਚੜ੍ਹਿਆ ਲਾੜਾ ਆਪਣੀ ਪੂਰੀ ਸਜ-ਧਜ ਨਾਲ ਜਠੇਰਿਆਂ ਤੇ ਹੋਰ ਪੂਜਾ ਸਥਾਨਾਂ 'ਤੇ ਬੈਂਡ ਵਾਜਿਆਂ ਨਾਲ ਮੱਥਾਟਿਕਾਈ ਲਈ ਜਾਂਦਾ ਹੈ। ਜੀਵ ਦੀ ਚੜਾਈ ਵੇਖਣ ਵਾਲੀ ਹੁੰਦੀ ਹੈ। ਅੱਗੇ ਅੱਗੇ ਵਾਜੇ ਵੱਜਦੇ ਹਨ ਮਗਰ ਵਿਆਹੰਦੜ ਮੁੰਡੇ ਦੀ ਘੋੜੀ ਦੀ ਵਾਰਾ ਫੜੀ ਉਹਦੀਆਂ ਭੈਣਾਂ ਤੇ ਹੋਰ ਮੇਲਣਾਂ ਆਦਿ ਦਾ ਚਾਅ-ਠੱਲ੍ਹਿਆ ਨਹੀਂ ਜਾਦਾਂ। ਤਰਨ ਵੇਲੇ ਮੁੰਡਾ ਆਪਣੀਆਂ ਭੈਣਾਂ ਨੂੰ ਵਾਗ ਫੜਾਈ ਦੇ ਸ਼ਗਨ ਵਜੋਂ ਪੈਸੇ ਦਿੰਦਾ ਹੈ ਤੇ ਮਿੱਠੀਆਂ ਮਿੱਠੀਆਂ ਮਸ਼ਕਰੀਆਂ ਦੇ ਮਾਹੌਲ ਵਿਚ ਭਰਜਾਈ ਲਾੜੇ ਦੇ ਅੱਖੀਂ ਸੁਰਮਚੂ ਫੇਰ ਕੇ 'ਸੂਰਮਾ ਪੁਆਈਂ ਵਸੂਲ ਕਰਦੀ ਹੈ। ਪੁਰਾਣੇ ਸਮਿਆਂ ਵਿੱਚ ਜਨੇਤ ਨੂੰ ਲਿਜਾਣ ਵਾਲੇ ਗੱਡੇ-ਗੱਡੀਆਂ ਤੇ ਰੱਥਾਂ ਅੱਗੇ ਜੁੜੇ ਸੁੰਦਰ ਸਜੀਲੇ ਬਲਦਾਂ ਦੀ ਸ਼ਾਨ ਵੇਖਣ ਵਾਲੀ ਹੁੰਦੀ ਸੀ। ਅੱਜ ਕੱਲ੍ਹ ਤਾਂ ਆਵਾਜਾਈ ਦੇ ਵਧੇਰੇ ਸੁਵਿਧਾਜਨਕ ਤੇ ਤੇਜ਼ ਰਫ਼ਤਾਰ ਵਾਲੇ ਸਾਧਨ ਪਚੱਲਿਤ ਹੋ ਗਏ ਹਨ।

ਸ਼ਾਮ ਵੇਲੇ ਜਾਂ ਕਈ ਵਾਰੀ ਘੁਮਮੁਸਾ ਜੇਹੇ ਹੋਏ ਕੁੜੀ ਵਾਲਿਆਂ ਦੇ ਪਿੰਡ ਜੰਞ ਦਾ ਢੁਕਾਅ ਹੁੰਦਾ ਸੀ। ਲਗਭਗ ਸਾਰਾ ਹੀ ਪਿੰਡ ਜਨੇਤ ਦੇਖਣ ਲਈ ਢੁੱਕਾ ਹੁੰਦਾ ਸੀ। ਇਸ ਵੇਲੇ ਬੈਂਡ ਬਾਜੇ ਦੀ ਵਿਸ਼ੇਸ਼ ਧੁਨੀ ਨਾਲ ਵਡੇਰਿਆਂ ਦੀ ਮਿਲਣੀ ਦਾ ਠੰਠ ਬੱਝਦਾ ਸੀ।

ਹਿੰਦੂਆਂ ਵਿਚ ਲਗਨ ਦਾ ਮਹੂਰਤ ਰਾਤ ਦਾ ਹੁੰਦਾ ਹੈ। ਫੇਰੇ ਤਾਰਿਆਂ ਦੀ ਛਾਵੇਂ ਹੋਣੇ ਜ਼ਰੂਰੀ ਸਮਝੇ ਜਾਂਦੇ ਹਨ। ਘਰ ਵਿਚ ਹੀ ਕਿਸੇ ਗੱਠੇ ਚਾਰ ਬਾਂਸ ਗੱਡ ਕੇ ਵੇਦੀ ਰਚਾ ਲਈ ਜਾਂਦੀ ਹੈ। ਕੁਲ-ਪਰੋਹਿਤ ਆਟੇ ਨਾਲ ਚੌਂਕ ਪੂਰਦਾ ਹੈ। ਵਰ ਤੇ ਕੰਨਿਆ ਨੂੰ ਚੱਕ ਦੇ ਕੋਲ ਪੂਰਬ ਦਿਸ਼ਾ ਵੱਲ ਮੂੰਹ ਕਰਕੇ ਖ਼ਾਰਿਆਂ 'ਤੇ ਬਿਠਾ ਦਿੱਤਾ ਜਾਂਦਾ ਹੈ। ਫੇਰਿਆਂ ਤੋਂ ਪਹਿਲਾਂ ਬਾਹਮਣ ਹਵਨ ਕਰਦਾ ਹੈ। ਦੋਹਾਂ ਧਿਰਾਂ ਦੇ ਕੁਲ-ਪਰੋਹਿਤ ਆਪਣੀ ਧਿਰ ਦਾ ਗੋਤਾਚਾਰ ਪਦੇ ਹਨ। ਇਸ ਕੰਨਿਆ-ਦਾਨ ਦੀ ਰੀਤ ਕੀਤੀ ਜਾਂਦੀ ਹੈ। ਕੰਨਿਆ ਦਾ ਪਿਓ ਮੰਤਰਾਂ ਦਾ ਉਚਾਰਨ ਕਰਦਿਆਂ ਕੰਨਿਆ ਦਾ ਹੱਥ ਵਰ ਦੇ ਹੱਥਾਂ ਵਿਚ ਫੜਾਉਂਦਾ ਹੈ। ਫਿਰ ਵਰ ਤੇ ਕੰਨਿਅ ਅੱਗੇ ਪਿੱਛੇ ਹੋ ਕੇ ਅਗਨੀ ਦੁਆਲੇ ਫੇਰੇ ਲੈਂਦੇ ਹਨ। ਕਿਧਰੇ ਚਾਰ ਫੇਰਿਆਂ ਦੀ ਪ੍ਰਥਾ ਹੈ ਤੇ ਕਿਧਰੇ ਸੱਤਾਂ ਦੀ। ਕੁਝ ਫੇਰਿਆਂ ਵਿਚ ਵਰ ਅੱਗੇ ਹੁੰਦਾ ਹੈ ਤੇ ਕੁਝ ਵਿਚ ਕੀਨਿਆ ਫੇਰਿਆਂ ਪਿਛੋ ਕੁੜੀ ਦਾ ਮਾਮਾ ਕੁੜੀ ਨੂੰ ਖਾਰਿਆਂ ਤੋਂ ਚੁੱਕ ਕੇ ਅੰਦਰ ਲੈ ਜਾਂਦਾ ਹੈ।

**ਲਾਵਾਂ-ਫੇਰੇ**

ਸਿੱਖਾਂ ਵਿਚ ਪਹਿਲਾਂ ਸਨਾਤਨੀ ਢੰਗ ਨਾਲ ਵੇਦੀ ਦੁਆਲੇ ਫੇਰੇ ਲਏ ਜਾਣ ਦੀ ਪ੍ਰਥਾ ਸੀ। ਪਰ ਸਿੰਘ ਸਭਾ ਲਹਿਰ ਵੇਲੇ ਆਨੰਦ ਕਾਰਜ ਦੀ ਰੀਤ ਪ੍ਰਚੱਲਿਤ ਹੋ ਗਈ। ਸਿੱਖਾਂ ਵਿਚ ਫੇਰੇ ਅੰਮ੍ਰਿਤ ਵੇਲੇ ਹੁੰਦੇ ਹਨ। ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਬੈਠ ਜਾਂਦੇ ਹਨ। 'ਆਸਾ ਦੀ ਵਾਰ ਦੇ ਕੀਰਤਨ ਪਿਛੋਂ ਰਾਗੀ ਪੱਲੇ ਮੈਂ ਤੱਡੇ ਲਾਗੀ ਦਾ ਸ਼ਬਦ ਪੜ੍ਹਦੇ ਹਨ ਤੇ ਕੰਨਿਆ ਦਾ ਪਿਉ ਕੰਨਿਆ ਦਾ ਪੱਲਾ ਵਰ ਦੇ ਹੱਥ ਫੜਾਉਂਦਾ। ਇਹੋ ਕੰਨਿਆ-ਦਾਨ ਹੈ। ਇਸ ਪਿੱਛੋਂ ਗ੍ਰੰਥੀ, ਗੁਰੂ ਗ੍ਰੰਥ ਸਾਹਿਬ ਵਿਚੋਂ ਪਹਿਲੀ ਲਾਂਵ ਦਾ ਪਾਠ ਕਰਦਾ ਹੈ।

ਫਿਰ ਲਾਵ ਦੇ ਪਾਠ ਨੂੰ ਕੀਰਤਨੀਏ ਗਾ ਕੇ ਪੜ੍ਹਦੇ ਹਨ ਤੇ ਇਸ ਵਕਫੇ ਵਿਚ ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਪੂਰੀ ਕਰਦੇ ਹਨ। ਇਸੇ ਤਰ੍ਹਾਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਤੇ ਹਰ ਵਾਰ ਵਰ ਤੇ ਕੰਨਿਆ ਗੁਰੁ ਗ੍ਰੰਥ ਸਾਹਿਬ ਦੀ ਪ੍ਰਕਰਮਾ ਕਰਦੇ ਹਨ। ਇਸੇ ਤਰ੍ਹਾਂ ਚਾਰ ਲਾਵਾਂ ਪੜ੍ਹੀਆਂ ਜਾਂਦੀਆਂ ਹਨ ਤੇ ਹਰ ਵਾਰ, ਵਰ ਤੇ ਕੰਨਿਆ ਗੁਰੂ ਗ੍ਰੰਥ ਸਾਹਿਬ ਦੀ ਪ੍ਰਕਰਮਾ ਕਰਦੇ ਹਨ, ਤੇ ਹਜ਼ੂਰੀ ਵਿਚ ਮੱਥਾ ਟੇਕਦੇ ਹਨ।

ਲਾਵਾਂ ਤੋਂ ਮਗਰੋਂ ਕੁੜੀ ਵਾਲਿਆਂ ਵੱਲੋਂ ਸਿੱਖਿਆ ਤੇ ਮੁੰਡੇ ਵਾਲਿਆਂ ਵੱਲੋਂ ਸਿਹਰਾ ਪਨ ਦਾ ਵੀ ਰਿਵਾਜ ਹੈ। ਇਸ ਦੌਰਾਨ ਦੋਹਾਂ ਘਿਰਾਂ ਦੇ ਲੋਕ ਮੁੰਡੇ-ਕੁੜੀ ਦੀ ਝੋਲੀ ਵਿਚ ਆਪੋ ਆਪਣੀ ਵਿਤ ਅਨੁਸਾਰ ਸ਼ਗਨ ਪਾਉਂਦੇ ਹਨ। ' ਤੇ ਇਸ ਦਿਨ ਦੁਪਹਿਰ ਵੇਲੇ ਜਨੇਤ ਦੀ ਰੋਟੀ ਕੁੜੀ ਦੇ ਨਾਨਕਿਆਂ ਵੱਲੋਂ ਹੁੰਦੀ ਹੈ। ਇਸ ਨੂੰ ਧਾਮ ਦੇਣਾ' ਆਖਦੇ ਹਨ।

ਕੁਝ ਥਾਈਂ 'ਜੰਡ ਬੰਨ੍ਹਣ ਦਾ ਰਿਵਾਜ ਵੀ ਪਾਇਆ ਜਾਂਦਾ ਹੈ। ਇਹ ਰਿਵਾਜ ਦੁਆਬੇ, ਮਾਝੇ ਜਾਂ ਪੋਠੋਹਾਰ ਦੇ ਇਲਾਕੇ ਵੱਲ ਨਹੀਂ, ਕੇਵਲ ਮਾਲਵੇ ਵਿਚ ਹੀ ਇਸ ਦਾ ਜ਼ੋਰ ਰਿਹਾ ਹੈ, ਖਾਸ ਕਰਕੇ ਬਠਿੰਡੇ ਤੇ ਫਿਰੋਜ਼ਪੁਰ ਦੇ ਇਲਾਕੇ ਵੱਲ। ਧੇਤਿਆਂ ਵੱਲੋਂ ਕਿਸੇ ਛੰਦ ਦੁਆਰਾ ਬੱਝੀ ਜੰਵ ਨੂੰ ਤੇਤਿਆਂ ਵੱਲੋਂ ਮੋੜਵੇਂ ਛੰਦ ਦੁਆਰਾ ਖੋਲਣ ਮਗਰੋਂ ਹੀ ਰੋਟੀ ਖਾਣ ਦਾ ਰਿਵਾਜ ਹੈ। ਦੁਪਹਿਰ ਦੇ ਵੇਲੇ ਕੁੜੀਆਂ ਤੇਜ਼ ਤਰਾਰ ਸਿੱਠਣੀਆਂ ਗਾ ਕੇ ਲਾੜੇ, ਕੁੜਮ, ਕੁੜਮਣੀਆਂ ਤੇ ਉਨਾਂ ਦੇ ਸਾਕ ਸੰਬੰਧੀਆਂ ਦੀ ਖ਼ੂਬ ਖਬਰ ਲੈਂਦੀਆਂ ਹਨ।

### ਖੱਟ

ਦੁਪਹਿਰ ਦੀ ਰੋਟੀ ਮਗਰੋਂ ਖੱਟ ਤੇ ਵਰੀ ਦਿਖਾਈ ਦੀਆਂ ਰਸਮਾਂ ਹੁੰਦੀਆਂ ਹਨ। ਅੱਜ ਕੱਲ ਵਖਾਲਾ ਪਾਉਣ ਨੂੰ ਤਾਂ ਚੰਗਾ ਨਹੀਂ ਸਮਝਿਆ ਜਾਂਦਾ ਪਰ ਸਾਰਾ ਲੈਣ-ਦੇਣ ਅੰਦਰ ਖਾਤੇ ਕਰ ਲਿਆ ਜਾਂਦਾ ਹੈ।

ਪੰਜਾਬ ਵਿਚ ਕੁੜੀ ਦੀ ਵਿਦਾਈ' ਦੀ ਰਸਮ ਬੜੀ ਹਿਰਦੇ ਵੇਦਕ ਹੁੰਦੀ ਹੈ। ਇਸ ਵਿਛੋੜੇ ਦੀ ਘੜੀ ਵੇਲੇ ਸ਼ਾਇਦ ਹੀ ਕੋਈ ਅੱਖ ਅਜਿਹੀ ਹੋਵੇ ਜੋ ਤਰ ਨਾ ਹੁੰਦੀ ਹੋਵੇ। ਸਭ ਸ਼ਗਨ ਪੂਰੇ ਕਰਕੇ ਰੋਂਦੀ-ਗੱਦੀ ਕੁੜੀ ਨੂੰ ਡੋਲੀ ਚਾੜ ਦਿੱਤਾ ਜਾਂਦਾ ਹੈ।

ਮੁੰਡੇ ਦਾ ਪਿਓ ਡੋਲੀ ਉਪਰ ਦੀ ਹੁੱਬ ਹੁੱਬ ਕੇ ਪੈਸਿਆਂ ਦੀ ਸੋਟ ਕਰਦਾ ਹੈ ਤੇ ਲਾਗੀਆਂ ਨੂੰ ਲਾਗ ਵਿਹਾਰ ਦੇਣ ਦਾ ਫਰਜ਼ ਪੂਰਦਾ ਹੈ। ਇੰਜ ਬਰਾਤੀ ਵਿਦਾ ਹੋ ਜਾਂਦੇ ਹਨ। ਕੁੜੀ ਵਾਲੇ ਆਪਣੇ ਆਪ ਨੂੰ ਆਪਣੀ ਜ਼ਿੰਮੇਵਾਰੀ ਦੇ ਭਾਰ ਤੋਂ ਤਾਂ ਸੁਰਖਰੂ ਮਹਿਸੂਸ ਕਰਦੇ ਹਨ ਪਰ ਵਿਛੋੜੇ ਦੇ ਦੁੱਖ ਵਿਚ ਉਨ੍ਹਾਂ ਦੇ ਚਿਹਰੇ ਸੋਗਵਾਰ ਹੁੰਦੇ ਹਨ।

### ਮੂੰਹ ਵਿਖਾਈ

ਉਧਰ ਮੁੰਡੇ ਵਾਲਿਆਂ ਵੱਲ ਖੁਸ਼ੀਆਂ ਦੀ ਛਹਿਬਰ ਹੁੰਦੀ ਹੈ ਗੀਤ ਗਾਉਂਦੀਆਂ ਕੁੜੀਆਂ ਨਵ-ਵਿਆਹੁਤਾ ਨੂੰ ਬੜਾ ਚਾਅ ਮਲਾਰਾਂ ਨਾਲ ਘਰ ਲੈ ਕੇ ਜਾਂਦੀਆਂ ਹਨ। ਮਾਂ ਉਨ੍ਹਾਂ ਦੇ ਸਿਰਾਂ ਤੋਂ ਪਾਣੀ ਵਾਰਦੀ ਹੈ ਦਿਓਰ ਤੇ ਹੋਰਾਂ ਨੂੰ ਮੂੰਹ ਦਿਖਾਈਂ ਦਾ ਚਾਅ ਹੁੰਦਾ ਹੈ ਅਗਲੇ ਦਿਨ ਕੁੜੀ ਦੀ ਗੋਦ ਭਰਾਈ ਦੀ ਰਸਮ ਅਦਾ ਕੀਤੀ ਜਾਂਦੀ ਹੈ। ਕੰਗਣ ਖੋਲਣੇ, ਗੋਤ ਕਨਾਲੇ ਤੇ ਛੂਛਕਾਂ ਖੋਲ੍ਹਣ ਦੀਆਂ ਰੀਤਾਂ ਦੁਆਰਾ ਮੁੰਡੇ ਤੇ ਕੁੜੀ ਦੀ ਸੰਗ ਲਾਹੀ ਜਾਂਦੀ ਹੈ। ਅਗਲੇ ਭਲਕ ਜਠੇਰੀ ਮੱਥੇ ਟਿਕਾ ਕੇ ਮੁੰਡੇ ਕੁੜੀ ਨੂੰ ਪੇਕਿਆਂ ਦੇ ਪਿੰਡ 'ਫੇਰਾ ਪਾਉਣ ਲਈ ਭੇਜ ਦਿੱਤਾ ਜਾਂਦਾ ਹੈ। ਪਹਿਲੇ ਸਮਿਆਂ ਵਿਚ ਮੁੰਡੇ ਕੁੜੀਆਂ ਦਾ ਵਿਆਹ ਮੁਕਾਬਲਤਨ ਛੋਟੀ ਉਮਰੇ ਕਰ ਦਿੱਤਾ ਜਾਂਦਾ ਸੀ। ਇਸ ਲਈ ਵਿਆਹ ਤੋਂ ਕਾਫੀ ਸਮਾਂ ਮਗਰੋਂ ਜਦੋਂ ਮੁੰਡੇ ਕੁੜੀ ਨੂੰ ਹਿਸਥ ਧਰਮ ਨਿਭਾਉਣ ਦੇ ਯੋਗ ਹੋਏ ਸਮਝਿਆ ਜਾਂਦਾ ਸੀ ਤਾਂ ਕੁੜੀ ਨੂੰ ਮੁਕਲਾਵੇ ਤੋਰਿਆ ਜਾਂਦਾ ਸੀ। ਤੀਜੀ ਵਾਰ ਕੁੜੀ ਦੇ ਸਹੁਰੀਂ ਜਾਣ ਨੂੰ ਤਰੌਂਜਾ ਕਿਹਾ ਜਾਂਦਾ ਸੀ। ਤਰੋਜੇ ਦੇ ਮਗਰੋਂ ਹੀ ਕੁੜੀ ਆਪਣੇ ਸਹੁਰੀਂ ਬਕਾਇਦਾ ਵਸਣਾ ਸ਼ੁਰੂ ਕਰਦੀ ਸੀ। ਅੱਜ ਕੱਲ੍ਹ ਬਾਲ-ਵਿਆਹ ਦਾ ਰਿਵਾਜ ਮੁੱਕ ਜਾਣ ਕਾਰਨ ਵਿਆਹ-ਮੁਕਲਾਵਾ ਇਕੱਠਾ ਹੀ ਹੋ ਜਾਂਦਾ ਹੈ। ਦਰਮਿਆਨ ਵਿਚ ਐਵੇਂ ਨਾਂ-ਮਾਤਰ ਹੀ ਕੁੜੀ ਦੀ ਆਪਣੇ ਪੇਕੀਂ ਫੇਰਾ-ਪੁਆਈ ਦੀ ਰਸਮ ਕੀਤੀ ਜਾਂਦੀ ਹੈ। ਪੰਜਾਬ ਵਿਚ ਵਿਰਲੇ-ਟਾਂਵੇ ਵੱਟੇ ਦੇ, ਜਾਂ ਮੁੱਲ ਦੇ ਵਿਆਹ ਹੀ ਹੁੰਦੇ ਰਹੇ ਹਨ। ਤਲਾਕ ਪੰਜਾਬੀ ਰਹੁ-ਰੀਤਾਂ ਅਨੁਸਾਰ ਵਰਜਿਤ ਹੈ। ਬ੍ਰਾਮਹਣ ਖੱਤਰੀਆਂ ਵਿਚ ਵਿਧਵਾ ਵਿਆਹ ਦੀ ਪਿਰਤ ਨਾ ਹੋਣ ਦੇ ਬਰਾਬਰ ਹੀ ਹੈ। ਪਰ ਜੱਟਾਂ ਵਿਚ ਵਿਧਵਾ ਨਾਲ ਉਹਦੇ ਦਿਓਰ ਜਾਂ ਜੇਠ ਦੁਆਰਾ ਕਰੇਵਾ ਜਾਂ ਚਾਦਰ ਪਾ ਕੇ ਘਰ ਵਸਾਉਣ ਦਾ ਰਿਵਾਜ ਆਮ ਹੈ।

## ਮਰਨ ਸਮੇਂ ਦੀਆਂ ਰਸਮਾਂ

ਪੰਜਾਬ ਵਿਚ ਭਾਵੇਂ ਇਹ ਅਖਾਉਤਾਂ ਆਮ ਪ੍ਰਚੱਲਤ ਹਨ ਕਿ 'ਜਾਨ ਹਰੇਕ ਨੂੰ ਪਿਆਰੀ ਹੁੰਦੀ ਹੈ ਜਾਂ ਜਾਨ ਸੁਖ ਜਹਾਨ ਸੁਖ ਪਰੰਤੂ ਇਸਦੇ ਨਾਲ ਹੀ ਪੰਜਾਬੀ ਜਨ-ਚੇਤਨਾ ਵਿਚ ਇਹ ਗੱਲ ਵੀ ਡੂੰਘੇ ਤੌਰ 'ਤੇ ਵਸੀ ਹੋਈ ਹੈ ਕਿ ਮਰਨਾ ਸੱਤ ਤੇ ਜਿਉਣਾ ਝੂਠ। ਕਾਲ ਦੇ ਹੱਥ ਕਮਾਨ ਬੁੱਢਾ ਛੱਡੇ ਨਾ ਜੁਆਨ ਅਤੇ 'ਦਮਾਂ ਦਾ ਕੀ .. ਵਸਾਹ, ਸਾਹ ਆਵੇ ਕਿ ਨਾ ਆਵੇ। ਜਨਮ ਤੇ ਵਿਆਹ ਵੇਲੇ ਵਾਂਗ ਮੌਤ ਸਮੇਂ ਵੀ ਅਨੇਕਾਂ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ।

ਪਿੰਡ ਵਿਚ ਪਹਿਲਾਂ ਡਾਕਟਰੀ ਸਹੂਲਤਾਂ ਦੀ ਲਗਭਗ, ਅਣਹੋਂਦ ਹੀ ਹੁੰਦੀ ਸੀ। ਇਸ ਲਈ ਬਹੁਤੇ ਲੋਕ ਹਸਪਤਾਲਾਂ ਦੀ ਥਾਂ ਘਰਾਂ ਵਿਚ ਹੀ ਆਪਣੇ ਅੰਤਿਮ ਸਵਾਸ ਪੂਰੇ ਕਰਦੇ ਸਨ। ਲੰਮੇ ਸਮੇਂ ਦੇ ਰੋਗੀ ਦੇ ਪੈਰਾਂ 'ਤੇ ਬਹੁਤੀ ਸੋਜਿਸ਼ ਆ ਜਾਣ ਅਤੇ ਪਿੰਡ ਵਿਚ ਰੁਕ ਰੁਕ ਕੇ ਸਾਹ ਆਉਣ ਅਰਥਾਤ ਪਿੰਡ ਜਾਂ ਘੋਰੜੂ ਵੱਜਣ ਨੂੰ ਆ ਰਹੀ ਮੌਤ ਦਾ ਆਖਰੀ ਸੰਕੇਤ ਸਮਝ ਲਿਆ ਜਾਂਦਾ ਸੀ। ਅਜੇਹੇ ਸੰਕੇਤ ਮਿਲਣ ਸਾਰ ਹੀ ਮਰਨ ਕਿਨਾਰੇ ਪੁੱਜੇ ਰੋਗੀ ਨੂੰ ਭੁੱਜੇ ਲਾਹ ਲਿਆ ਜਾਂਦਾ ਹੈ। ਲੋਕਾਂ ਵਿਚ ਇਹ ਵਿਵਾਸ ਆਮ ਪਾਇਆ ਜਾਂਦਾ ਹੈ ਕਿ ਜਿਸ ਜੀਵ ਦੇ ਮੰਜੇ 'ਤੇ ਪਏ ਪਏ ਪਾਣ ਪਰੇ ਹੋਣ, ਉਸਦੀ ਗਤੀ ਨਹੀਂ ਹੁੰਦੀ। ਅੰਤਿਮ ਘੜੀਆਂ ਵੇਲੇ ਆਪੋ ਆਪਣੇ ਵਿਸ਼ਵਾਸਾਂ ਅਨੁਸਾਰ ਲੋਕ

ਸੁਖਮਨੀ ਸਾਹਿਬ ਗੀਤਾ ਦੇ ਅਠਾਰਵੇਂ ਅਧਿਆਇ ਜਾਂ ਪੋਰਾਣਾ ਦੀ ਕਥਾ ਕਰਦੇ ਹਨ। ਮਰਨ ਵਾਲੇ ਪਾਣੀ ਦੇ ਹੱਥੋਂ ਕਈ ਲੋਕ ਇਸ ਵਿਸ਼ਵਾਸ ਨਾਲ ਗਊ ਦਾਨ ਕਰਵਾਉਂਦੇ ਹਨ ਕਿ ਮਰਨ ਮਗਰੋਂ ਉਹ ਗਊ ਦੀ ਪੂਛ ਫੜ ਕੇ ਵੈਤਰਨੀਂ ਨਦੀ ਨੂੰ ਜੋਖਿਆਂ ਪਾਰ ਕਰ ਜਾਵੇਗਾ ਤੇ ਉਹਦੇ ਹੱਥ 'ਤੇ ਬਾਲ ਕੇ ਰੱਖਿਆ ਦੀਵਾ ਉਹਦੇ ਅਗਲੇ ਬਿਖੜੇ ਪੈਂਡੇ ਵਿਚ ਸਹਾਈ ਹੋਣ ਵਾਲਾ ਸਮਝਿਆ ਜਾਂਦਾ ਹੈ। ਅੰਤਿਮ ਸੁਆਸ ਪੂਰੇ ਹੋਣ ਤੋਂ ਬਾਅਦ ਘਰ ਦੇ ਜੀਅ ਵਿਸ਼ੇਸ਼ ਕਰ ਇਸਤਰੀਆਂ ਉੱਚੀ . ਉੱਚੀ ਰੋਣਾ-ਧੋਣਾ ਸ਼ੁਰੂ ਕਰ ਦਿੰਦੀਆਂ ਹਨ। ਲਗਭਗ ਸਾਰਾ ਹੀ ਪਿੰਡ ਇਕੱਠਾ ਹੋ ਜਾਂਦਾ ਹੈ। ਨੇੜੇ ਦੇ ਰਿਸ਼ਤੇਦਾਰਾਂ ਨੂੰ ਮੌਤ ਦੀ ਖਬਰ ਪਹੁੰਚਾ ਦਿੱਤੀ ਜਾਂਦੀ ਹੈ। ਜਿਸ ਤੀਵੀ ਦਾ ਖਾਵੰਦ ਮਰਿਆ ਹੋਵੇ ਉਹ ਆਪਣੇ ਵਾਲ ਖੋਲ ਦੀ ਹੈ ਤੇ ਸੁਹਾਗ ਵਾਲੀਆਂ ਚੂੜੀਆਂ ਭੰਨ ਸੁੱਟਦੀ ਹੈ।

ਪੰਜਾਬ ਵਿਚ ਮੁਰਦੇ ਨੂੰ ਰਾਤ ਭਰ ਘੱਟ ਰੱਖਿਆ ਜਾਂਦਾ ਹੈ। ਦਿਨ ਖੜੇ ਉਹਦੀ ਦੇਹ ਦਾ ਸਸਕਾਰ ਕਰ ਦਿੱਤਾ ਜਾਂਦਾ ਹੈ। ਬਾਂਸ ਜਾਂ ਬੇਰੀ ਦੇ ਬੱਲੇ ਵੱਢ ਕੇ ਸੀੜੀ ਤਿਆਰ ਕੀਤੀ ਜਾਦੀ ਹੈ। ਅੱਜ ਕੱਲ੍ਹ ਬਣੇ ਬਣਾਏ ਲੱਕੜੀ ਜਾਂ ਲੋਹੇ ਦੇ ਫੱਟੇ ਤੋਂ ਕੰਮ ਲਿਆ ਜਾਂਦਾ ਹੈ।

ਮ੍ਰਿਤਕ ਨੂੰ ਸ਼ਮਸ਼ਾਨ ਘਾਟ 'ਤੇ ਲਿਜਾਣ ਤੋਂ ਪਹਿਲਾਂ ਉਸਦੀ ਦੇਹੀ ਨੂੰ ਅੰਤਿਮ ਇਸ਼ਨਾਨ ਕਰਵਾਇਆ ਜਾਂਦਾ ਹੈ। ਯਾਦਾ ਅਨੁਸਾਰ ਕੱਫਣ ਆਦਿ ਤਿਆਰ ਕਰਕੇ ਦੇਹ ਨੂੰ ਅਰਥੀ ਉਪਰ ਲਿਟਾਇਆ ਜਾਂਦਾ ਹੈ।

ਬਾਲ, ਬਿਰਧ, ਕੁਆਰੇ-ਵਿਆਹੇ ਪਾਣੀਆਂ ਤੇ ਸੁਹਾਗਣ ਜਾਂ ਦੁਹਾਗਣ ਦੀ ਅੰਤਿਮ ਤਿਆਰੀ ਨਾਲ ਸੰਬੰਧਤ ਰਸਮਾਂ ਵਿਚ ਭਿੰਨ-ਭੇਦ ਪਾਇਆ ਜਾਂਦਾ ਹੈ। ਜੇ ਮਰਨ ਵਾਲਾ ਪੜੋਤਰਿਆਂ ਵਾਲਾ, ਬਿਰਧ ਹੋਵੇ ਤਾਂ ਉਸਦੀ ਅਰਥੀ ਨੂੰ ਸਜਾ ਕੇ ਉਠਾਇਆ ਜਾਂਦਾ ਹੈ। ਕਈ ਵਾਰ ਅਗੇ ਅੱਗੇ ਵਾਜੇ ਵੀ ਵਜਾਏ ਜਾਂਦੇ ਹਨ ਤੇ ਅਰਥੀ ਦੇ ਉੱਪਰ ਦੀ ਛੱਲੀਆਂ-ਪਤਾਸਿਆਂ ਦੀ ਸੋਟ ਕੀਤੀ ਜਾਂਦੀ ਹੈ। ਪੁੱਤਰ ਤੇ ਹੋਰ ਨਜ਼ਦੀਕੀ ਅਰਥੀ ਨੂੰ ਮੋਢੇ ਦੇਣ ਵਾਲੇ ਕਾਨੀਆਂ ਦਾ ਫਰਜ਼ ਪੂਰਾ ਕਰਦੇ ਹਨ।

**ਅਰਥੀ**

ਦੇਹ ਨੂੰ ਅਰਥੀ 'ਤੇ ਰੱਖਣ ਲੱਗਿਆਂ ਮੂੰਹ ਪੂਰਬ ਵੱਲ ਨੂੰ ਕੀਤਾ ਜਾਂਦਾ ਹੈ। ਜੇ ਮਰਨ ਵਾਲਾ ਬਜ਼ੁਰਗ ਹੋਕੇ ਤਾਂ ਉਹਦੇ ਚਰਨੀਂ ਹੱਥ ਲਾਇਆ ਜਾਂਦਾ ਹੈ ਤੇ ਉਹਦੇ ਮੂੰਹ ਵਿਚ ਰੁਪਈਆਂ, ਚਾਂਦੀ ਜਾਂ ਕਈ ਵਾਰ ਸੋਨੇ ਦੀ ਡਲੀ ਰੱਖ ਦਿੱਤੀ ਜਾਂਦੀ ਹੈ। ਰਾਹ ਵਿਚ 'ਪਿੰਨ ਭਰਾਏ ਜਾਦੇ ਹਨ।' 'ਅੱਧ ਮਾਰਗ ਤੋਂ ਬਾਅਦ ਜ਼ਨਾਨੀਆਂ ਘਰ ਨੂੰ ਮੁੜ ਆਉਂਦੀਆਂ ਹਨ ਜਾਂ ਚਿਖਾ ਨੂੰ ਲਾਂਬੂ ਲੱਗਣ ਤੀਕ ਉਥੇ ਹੀ ਖੜੀਆਂ ਰਹਿੰਦੀਆਂ ਹਨ। ਆਦਮੀ 'ਰਾਮ ਨਾਮ ਸਤਿ ਹੈ' ਦੀ ਧੁਨ ਦਾ ਉਚਾਰਨ ਕਰਕੇ ਸਿਵਿਆਂ ਤੀਕ ਅਰਥੀ ਦੇ ਨਾਲ ਜਾਂਦੇ ਹਨ। ਅੰਤਿਮ ਪੜਾਅ ਕੋਲ ਠੀਕਰਾ ਭੰਨਿਆ ਜਾਂਦਾ ਹੈ। ਚਿਖਾ ਨੂੰ ਅੱਗ ਦਿਖਾਉਣ ਵੇਲੇ ਮ੍ਰਿਤਕ ਦਾ ਮੂੰਹ ਪੂਰਬ ਵੱਲ ਰੱਖਿਆ ਜਾਂਦਾ ਹੈ। ਅੱਗ ਦੇਣ ਦਾ ਕੰਮ ਉਹਦਾ ਵੱਡਾ ਪੁੱਤ ਜਾਂ ਉਹਦੀ ਗੈਰ-ਹਾਜ਼ਰੀ ਵਿਚ ਕੋਈ ਭਤੀਜਾ ਭਾਣਜਾ ਆਦਿ ਕਰਦਾ ਹੈ। ਚਿਖਾ ਨੂੰ ਅੱਗ ਦੇਣ ਦਾ ਕੰਮ ਇਸਤਰੀਆਂ ਤੋਂ ਕਤਈ ਨਹੀਂ ਕਰਵਾਇਆ ਜਾਂਦਾ।

ਜਦੋਂ ਚਿਖਾ ਨੂੰ ਪੂਰੀ ਤਰਾਂ ਅੱਗ ਲੱਗ ਜਾਏ ਤੇ ਮ੍ਰਿਤਕ ਦੀ ਖੋਪਰੀ ਦਿਖਣ ਲੱਗ ਪਵੇ ਤਾਂ ਅੱਗ ਦੇਣ। ਵਾਲਾ ਬੰਦਾ ਲੰਮੇ ਸਾਰੇ ਡੰਡੇ ਨਾਲ ਮੁਰਦੇ ਦੀ ਖੋਪੜੀ ਠਕੋਰਦਾ ਹੈ। ਇਸ ਤਰ੍ਹਾਂ ਸਖਤ ਜਾਨ ਖੋਪੜੀ ਦਾ ਜਲਣਾ ਸੌਖਾ ਹੋ ਜਾਂਦਾ ਹੈ। ਇਸ ਕਾਰਜ ਨੂੰ ਕਪਾਲ ਕਿਰਿਆ ਕਿਹਾ ਜਾਂਦਾ ਹੈ। ਸਿਵਿਆਂ ਤੋਂ ਮੁੜਨ ਵੇਲੇ ਸਾਰੇ ਬੰਦੇ ਬਲਦੀ ਚਿਖਾ ਵਿਚ ਇਕ ਇਕ 'ਤਿਣਕਾ' ਸੁੱਟਦੇ ਹਨ। ਇਹ ਸ਼ਾਇਦ ਉਸ ਨਾਲੋਂ ਸਭਨਾਂ ਦਾ ਅਖੀਰੀ ਸੰਬੰਧ ਟੁੱਟਣ ਦੀ ਨਿਸ਼ਾਨੀ ਹੁੰਦੀ ਹੈ। ਵਾਪਸੀ ਵੇਲੇ ਸਾਰੇ ਲੋਕ ਛੱਪੜ, ਟੋਭੇ ਜਾਂ ਖੂਹ, ਨਲਕੇ 'ਤੇ ਇਸ਼ਨਾਨ ਕਰਦੇ ਹਨ ਜਾਂ ਮੂੰਹ ਹੱਥ ਧੋਦੇ ਹਨ।

ਛੋਟੇ ਹਿੰਦੂ ਬੱਚੇ ਦੀ ਦੇਹ ਨੂੰ ਅਗਨ-ਭੇਟ ਕਰਨ ਦੀ ਥਾਂ ਦਬਾ ਦਿੱਤਾ ਜਾਂਦਾ ਹੈ। ਪਹਿਲੀਆਂ ਵਿਚ ਮਾਤਾ ਆਦਿ ਦੇ ਰੋਗ ਨਾਲ ਮਰਨ ਵਾਲੇ ਬੰਦੇ ਦੀ ਦੇਹ ਨੂੰ ਜਲ-ਪ੍ਰਵਾਹ ਕੀਤਾ ਜਾਂਦਾ ਸੀ। ਕੁਝ ਸਾਧਾਂ-ਸੰਤਾਂ ਦੀਆਂ ਦੇਹਾਂ ਵੀ ਜਲਪ੍ਰਵਾਹ ਕੀਤੀਆਂ ਜਾਂਦੀਆਂ ਹਨ ਜਾਂ ਸਮਾਧੀ ਦਾ ਆਸਣ ਲਾ ਕੇ ਉਨ੍ਹਾਂ ਨੂੰ ਬਹੁਤ ਸਾਰੇ ਲੂਣ ਤੇ ਹੋਰ ਸਮੱਗਰੀ ਪਾ ਕੇ ਦਬਾਉਣ ਦਾ ਵੀ ਰਿਵਾਜ ਹੈ। ਮੁਸਲਮਾਨ ਆਪਣੇ ਮੁਰਦਿਆਂ ਨੂੰ ਫੂਕਣ ਦੀ ਥਾਂ ਦੋਫਨਾਉਂਦੇ ਹਨ।

**ਅਸਤ ਚੁਗਣੇ**

ਇਸ ਤੋਂ ਮਗਰੋਂ ਕਈ ਦਿਨ ਮਰਗਤ ਵਾਲੇ ਘਰ ਅਫਸੋਸ ਕਰਨ ਲਈ ਦੂਰੋਂ-ਨੇੜਿਉਂ ਆਉਣ ਵਾਲੀਆਂ ਮਕਾਣਾਂ ਦਾ ਸਿਲਸਿਲਾ ਬੱਝਾ ਰਹਿੰਦਾ ਹੈ। ਮੌਤ ਦੇ ਤੀਜੇ ਜਾ ਚੌਥੇ ਦਿਨ ਮਰਨ ਵਾਲੇ ਦੇ ਅਸਤ ਚੁਗ ਲਏ ਜਾਂਦੇ ਹਨ। ਬੁੱਧਵਾਰ ਨੂੰ ਇਸ ਕੰਮ ਲਈ ਅਸ਼ੁੱਭ ਮੰਨਿਆ ਜਾਂਦਾ ਹੈ। ਜੇ ਨਿਸ਼ਚਿਤ ਦਿਨ 'ਤੇ ਬੁੱਧਵਾਰ ਆਉਂਦਾ ਹੋਵੇ ਤਾਂ ਇਹ ਕੰਮ ਇਕ ਦਿਨ ਅੱਗੇ ਪਿੱਛੇ ਕਰ ਲਿਆ ਜਾਦਾ ਹੈ। ਅਸਥੀਆਂ ਆਪਣੇ ਜੱਦੀ-ਪੁਸ਼ਤੀ ਪੰਡਿਤ ਦੀ ਨਿਗਰਾਨੀ ਹੇਠ ਹਰਿਦੁਆਰ ਜਾ ਕੇ ਜਲ-ਪ੍ਰਵਾਹ ਕਰਨ ਦਾ ਰਿਵਾਜ ਰਿਹਾ ਹੈ। ਕੁਝ ਲੋਕ ਆਪਣੇ ਮ੍ਰਿਤਕ ਸੰਬੰਧੀ ਦੀ ਗਤੀ ਕਰਵਾਉਣ ਲਈ ਪਹੋਏ ਜਾਣਾ ਵੀ ਜ਼ਰੂਰੀ ਸਮਝਦੇ ਹਨ। ਸਿੱਖ ਅਸਥੀ-ਵਾਹ ਕਿਸੇ ਨੇੜੇ ਦੀ ਥਾਂ ਵਗਦੇ ਪਾਣੀ ਵਿਚ ਕਰ ਦਿੰਦੇ ਹਨ ਜਾਂ ਫਿਰ ਉਹ ਇਸ ਕਾਰਜ ਲਈ ਕੀਰਤਪੁਰ ਜਾਂਦੇ ਹਨ।

**ਹੰਗਾਮਾ**

ਪੋਤਰਿਆਂ ਪੜੋਤਰਿਆਂ ਵਾਲੇ ਬਜ਼ੁਰਗ ਦੀ ਮੌਤ ਮਗਰੋਂ ਉਸ ਨੂੰ ਵੱਡਾ ਕਰਨ ਲਈ ਹੰਗਾਮਾ ਜਾਂ 'ਕੱਠ ਕੀਤਾ ਜਾਂਦਾ ਹੈ। ਇਸ ਦਿਨ ਬਰਾਦਰੀ ਤੇ ਹੋਰ ਰਿਸ਼ਤੇਦਾਰਾਂ ਨੂੰ ਅੰਨ ਪਾਣੀ ਛਕਾਇਆ ਜਾਂਦਾ ਹੈ। ਘਰ ਦੇ ਵੱਡੇ ਪੁੱਤ ਦੇ ਪੱਗ ਬੰਨਾਈ ਜਾਂਦੀ ਹੈ। ਰਿਸ਼ਤੇਦਾਰਾਂ ਵੱਲੋਂ ਲੈਣ ਦੇਣ ਇਸ ਵੇਲੇ ਹੀ ਹੁੰਦਾ ਹੈ। ਹਿੰਦੂ ਪਰਿਵਾਰਾਂ ਵਿਚ ਵੱਡੇ ਪੁੱਤਰ ਦੇ ਪੱਗ ਬੰਨ੍ਹਣ ਤੋਂ ਪਹਿਲਾਂ ਉਸਦਾ ਪੂਰੀ ਤਰ੍ਹਾਂ ਮੁੰਡਨ ਕੀਤਾ ਜਾਂਦਾ ਹੈ।

ਕੁਝ ਲੋਕ ਸਾਲ ਮਗਰੋਂ ਵਰੀਣਾ ਵੀ ਕਰਦੇ ਹਨ ਤੇ ਹਰ ਸਾਲ ਆਪਣੇ ਮੋਏ ਮਿੱਤਰ ਦੀ ਯਾਦ ਵਿਚ ਬ੍ਰਾਹਮਣਾਂ ਨੂੰ ਅੰਨ ਪਾਣੀ ਛਕਾਉਂਦੇ ਤੇ ਸਰਾਧ ਕਰਵਾਉਂਦੇ ਰਹਿੰਦੇ ਹਨ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਡੇ ਆਲੇ-ਦੁਆਲੇ ਜੀਵਨ ਦੀ ਹਰ ਮਹੱਤਵਪੂਰਨ ਘੜੀ 'ਤੇ ਰਹੁ-ਰੀਤਾ ਦਾ ਸੰਘਣਾ ਜਾਲ ਬੁਣਿਆ ਹੋਇਆ ਨਜ਼ਰ ਆਉਂਦਾ ਹੈ। ਇਨ੍ਹਾਂ ਦੀ ਆਪਦੇ ਮੁੱਢ ਵਿਚ ਤਾਂ ਕੋਈ ਸਾਰਥਕਤਾ ਹੁੰਦੀ ਹੋਵੇ ਪਰ ਹੁਣ ਤਾਂ ਬਹੁਤ ਸਮੇਂ ਤੋਂ ਲੋਕ ਲਕੀਰ ਦੀ ਫਕੀਰੀ ਹੀ ਕਰਦੇ ਚਲੇ ਆਉਂਦੇ ਹਨ। ਹਰ ਪੀੜ੍ਹੀ ਨੂੰ ਆਪਣੀਆ ਰਦੀ ਰੀਤਾਂ ਦੀ ਸਾਰਥਕਤਾ ਦਾ ਪੁਨਰ-ਮੁਲਾਂਕਣ ਕਰਨਾ ਚਾਹੀਦਾ ਹੈ, ਨਹੀਂ ਤਾਂ ਇਹ ਸਾਡੇ ਦੋਸਤਾਂ ਵਿਚ ਵਾਧਾ ਸਿਵਾ ਹੋਰ ਕੁਝ ਸੁਆਰ ਸਕਣ ਦੇ ਸਮਰੱਥ ਨਹੀਂ ਰਹਿੰਦੀਆਂ।

ਗੁਲਜ਼ਾਰ ਸਿੰਘ ਸੰਧੂ ਦੇ ਸ਼ਬਦਾਂ ਵਿਚ, "ਸਾਡੇ ਰਿਵਾਜ, ਸਾਡੀ ਰਹਿਣੀ ਬਹਿਣੀ ਤੇ ਮੰਨ ਮਨੌਤ ਸਾਡੀ ਅਨਪੜ੍ਹਤ ਦਾ ਸ਼ੀਸ਼ਾ ਹਨ। ਸਾਡੇ ਲੋਕਾਂ ਦੇ ਕਰਜ਼ਾਈ ਹੋਣ ਦਾ ਵੱਡਾ ਕਾਰਨ ਇਹੀ ਵਹਿਮ ਹੁੰਦੇ ਹਨ।" ਪਾਠ ਕਰਨ ਵਾਲੀਆਂ ਜਾਤੀਆਂ ਨੂੰ ਜਿਹੜੀਆਂ ਆਮ ਤੌਰ 'ਤੇ ਪੜੀਆਂ ਲਿਖੀਆਂ ਹੁੰਦੀਆਂ ਹਨ, ਵਿਹਲੜ ਮੰਗਤ ਬਣਾ ਕੇ ਰੱਖ ਦਿੱਤਾ ਹੈ ਤੇ ਚੰਗੇ ਭਲੇ ਲੋਕਾਂ ਨੂੰ ਪਰੰਪਰਾ ਦਾ ਦਾਸ ਬਣਾ ਛੱਡਿਆ ਹੈ।

## ਪੰਜਾਬੀ ਮੇਲੇ ਅਤੇ ਤਿਉਹਾਰ

ਪੰਜਾਬ ਮੇਲਿਆਂ ਤੇ ਤਿਉਹਾਰਾਂ ਦੀ ਭਰਮਾਰ ਵਾਲੀ ਧਰਤੀ ਹੈ। ਕੁਝ ਮੇਲੇ ਸਥਾਨਕ ਤੌਰ 'ਤੇ ਮਨਾਏ ਜਾਂਦੇ ਹਨ ਜਦ ਕਿ ਦੂਜਿਆਂ ਵਿਚ ਕੇਵਲ ਸੂਬੇ ਭਰ ਦੇ ਸਾਰੇ ਖਿੱਤਿਆਂ ਦੇ ਲੋਕ ਹੀ ਸ਼ਾਮਲ ਨਹੀਂ ਹੁੰਦੇ ਸਗੋਂ ਹੋਰ ਪ੍ਰਾਂਤਾਂ ਵਿਚ ਵਸਦੇ ਪੰਜਾਬੀ ਵੀ ਇਨ੍ਹਾਂ ਮੇਲਿਆਂ ਦੀ ਰੌਣਕ ਵਧਾਉਣ ਲਈ ਆਪਣੀ ਪੂਰੀ ਰਵਾਇਤੀ ਸੱਜ-ਧੱਜ ਤੇ ਧੂਮਧਾਮ ਨਾਲ ਸ਼ਾਮਲ ਹੁੰਦੇ ਹਨ।

ਮੇਲਿਆਂ ਤੇ ਤਿਉਹਾਰਾਂ ਵਿਚਕਾਰ ਅੰਤਰ ਬੜਾ ਧੁੰਦਲਾ ਜਿਹਾ ਤੇ ਕੁਝ ਹਾਲਤਾਂ ਵਿਚ ਅਸਲੋਂ ਹੀ ਨਾ ਹੋਣ ਬਰਾਬਰ ਹੁੰਦਾ ਹੈ। ਤਿਉਹਾਰਾਂ ਦਾ ਸੰਬੰਧ ਮੂਲ ਵਿਚ ਕੁਝ ਪੁਨੀਤ ਸਮਝੀਆਂ ਜਾਂਦੀਆਂ ਮਹੱਤਵਪੂਰਨ ਤੱਥਾਂ ਨਾਲ ਹੁੰਦਾ ਹੈ। ਮੇਲੇ ਵਿਚ ਲੋਕਾਂ ਦੇ ਵਿਸ਼ਾਲ ਸਮੂਹ ਦਾ ਕਿਸੇ ਕੇਂਦਰੀ ਸਥਾਨ 'ਤੇ ਇਕੱਠਾ ਹੋਣਾ ਜ਼ਰੂਰੀ ਹੁੰਦਾ ਹੈ, ਜਦ ਕਿ ਤਿਉਹਾਰ, ਬਿਨਾਂ ਕਿਸੇ ਥਾਂ ਬਹੁਤ ਸਾਰੇ ਲੋਕਾਂ ਦੇ ਇਕੱਠੇ ਹੋਣ ਦੇ, ਵਿਅਕਤੀਗਤ ਜਾਂ ਪਰਿਵਾਰਕ ਪੱਧਰ 'ਤੇ ਵੀ ਮਨਾਏ ਜਾ ਸਕਦੇ ਹਨ। ਮਿਸਾਲ ਵਜੋਂ ਕਰਵਾ ਚੌਥ ਦੇ ਵਰਤ ਨੂੰ ਨਿਸ਼ਚੇ ਹੀ ਅਜਿਹਾ ਤਿਉਹਾਰ ਆਖਿਆ ਜਾ ਸਕਦਾ ਹੈ। ਪਰ ਇਹ ਭਿੰਨਤਾ, ਹਰ ਤਿਉਹਾਰ 'ਤੇ ਲਾਗੂ ਨਹੀਂ ਹੁੰਦੀ ਬਹੁਤ ਸਾਰੇ ਤਿਉਹਾਰ ਅਜੇਹੇ ਵੀ ਹੁੰਦੇ ਹਨ ਜਿਨ੍ਹਾਂ ਦਾ ਸੰਬੰਧ ਤਿੱਥਾਂ ਨਾਲ ਵੀ ਹੁੰਦਾ ਹੈ ਤੇ ਇਹ ਸਮੂਹਕ ਤੌਰ 'ਤੇ ਇਕੱਠੇ ਹੋ ਕੇ ਮੇਲੇ ਵਾਂਗ ਵੀ ਮਨਾਏ ਜਾਂਦੇ ਹਨ। ਬਸੰਤ ਪੰਚਮੀ, ਵਿਸਾਖੀ ਤੇ ਹੋਲੇ-ਮਹੱਲੇ ' ਦੇ ਤਿਉਹਾਰ ਇਸੇ ਕਿਸਮ ਦੇ ਤਿਉਹਾਰੀ ਮੇਲਿਆਂ ਦੀਆਂ ਪ੍ਰਤੀਨਿਧ ਮਿਸਾਲਾਂ ਹਨ।

ਇਨਾਂ ਮੇਲਿਆਂ ਵਿਚ ਪੰਜਾਬ ਦਾ ਇਤਿਹਾਸ, ਮਿਥਿਹਾਸ ਤੇ ਸਮੁੱਚਾ ਸਭਿਆਚਾਰ ਗਹਿ-ਗੱਚ ਤੌਰ 'ਤੇ ਇਕ ਦੂਜੇ ਵਿਚ ਓਤ ਪੋਤ ਹੋਇਆ ਵੇਖਣ ਵਿਚ ਆਉਂਦਾ ਹੈ। ਇਕ ਤਰ੍ਹਾਂ ਨਾਲ ਇਹ ਮੇਲੇ ਲੋਕਾਂ ਦੀ ਸਮੁੱਚੀ ਰਹਿਤਲ ਦੇ ਪ੍ਰਤੀਨਿਧ ਪ੍ਰਤੀਕ ਹੁੰਦੇ ਹਨ। ਜੇ ਕਿਸੇ ਨੇ ਪੰਜਾਬੀਆਂ ਦੀ ਸਮੁੱਚੀ ਚੜ੍ਹਤ, ਵੰਨ-ਸੁਵੰਨੀਆਂ ਪੁਸ਼ਾਕਾਂ ਗੀਤ-ਸੰਗੀਤ ਦੀਆਂ ਵਿਭਿੰਨ ਸ਼ੈਲੀਆਂ, ਕਸਰਤੀ ਕਰਤਬਾਂ, ਖਾਣ ਪੀਣ ਦੇ ਸ਼ੌਕ, ਖੇਡਾਂ ਤੇ ਇਥੋਂ ਤੱਕ ਕਿ ਆਪਸੀ ਖਹਿਬਾਜ਼ੀ ਦਾ ਰਲਵਾਂ ਦੀਦਾਰ ਕਰਨਾ ਹੋਵੇ ਤਾਂ ਉਹ ਪੰਜਾਬ ਦੇ ਕਿਸੇ ਪ੍ਰਤੀਨਿਧ ਮੇਲੇ ਵਿਚ ਸ਼ਮੂਲੀਅਤ ਕਰੇ। ਉਥੇ ਇਹ ਸਭ ਕੁਝ ਬਿਨਾਂ ਉਚੇਚੇ ਤਰੱਦਦ ਦੇ ਇਕ ਥਾਂ ਇਕੱਤਰ ਹੋਇਆ ਮਿਲ ਸਕਦਾ ਹੈ। ਮੇਲੇ ਕੰਮਕਾਰਾਂ ਵਿਚ ਰੁੱਝੀ ਮੁਸ਼ੱਕਤੀ ਕਿਰਸਾਨੀ ਤੇ ਪੇਂਡੂ ਤਬਕਿਆਂ ਦੀ ਹੋਰ ਵਸੋਂ ਦੀ ਜ਼ਿੰਦਗੀ ਦੀ ਇਕਸਾਰਤਾ ਨੇ ਤੋੜ ਕੇ, ਉਨ੍ਹਾਂ ਦੇ ਜੀਵਨ ਵਿਚ ਨਵੀਆਂ ਰੌਆਂ ਧੜਕਾਉਣ ਵਿਚ ਸਹਾਈ ਹੁੰਦੇ ਹਨ। ਪੰਜਾਬੀ ਭਾਈਚਾਰੇ ਦੇ ਸਮੂਹਕ ਕੈਥਾਰਸਿਸ ਦਾ ਕਾਰਗਰ ਵਸੀਲਾ ਹੋ ਨਿਬੜਦੇ ਹਨ।

ਮੇਲਿਆਂ ਦੇ ਨਾਵਾਂ ਤੋਂ ਭਾਵੇਂ ਇਹਨਾਂ ਦੀ ਸੰਪਰਦਾਇਕ ਆਧਾਰ ਤੇ ਵੀ ਵੰਡ ਕੀਤੀ ਜਾ ਸਕਦੀ ਹੈ ਪਰ ਅਮਲੀ ਰੂਪ ਵਿਚ ਕੋਈ ਵੀ ਮੇਲਾ ਅਜੇਹਾ ਨਹੀਂ ਹੁੰਦਾ ਜਿਸ ਵਿਚ ਕਿਸੇ ਵਿਸ਼ੇਸ਼ ਸੰਪਰਦਾਇ ਦੁ ਲੋਕ ਹੀ ਸ਼ਾਮਲ ਹੋਣ। ਪੰਜਾਬ ਦੇ ਮੇਲੇ ਅਸਲ ਵਿਚ ਸੰਪਰਦਾਇਕ ਸਾਂਝ ਅਤੇ ਆਪਸੀ ਭਾਈਚਾਰਕ ਏਕਤਾ ਦੀਆਂ ਮਜ਼ਬੂਤ ਕੜੀਆਂ ਹੁੰਦੇ ਹਨ। ਦੁਸ਼ਹਿਰਾ ਹੋਵੇ ਜਾਂ ਬਸੰਤ ਪੰਚਮੀ, ਹੈਦਰ ਸ਼ੇਖ ਦਾ ਮੇਲਾ ਹੋਵੇ ਜਾਂ ਰੋਸ਼ਨੀ ਜਾਂ ਜੋੜ ਮੇਲਾ ਪੰਜਾਬ ਦੀ ਵਸੋਂ ਦਾ ਕੋਈ ਅਜਿਹਾ ਤਬਕਾ ਨਹੀਂ ਹੋਵੇਗਾ ਜੋ ਇਨ੍ਹਾਂ ਸਭਨਾਂ ਵਿਚ ਹੁਮ-ਹੁਮਾ ਕੇ ਪੁੱਜਣ ਦਾ ਸ਼ੌਕ ਨਾ ਹੋਵੇ।

ਭਾਵੇਂ ਕੁਝ ਮੇਲਿਆਂ ਵਿਚ ਲੜਾਈ-ਝਗੜੇ ਵੀ ਹੋ ਜਾਂਦੇ ਹਨ ਪਰ ਇਹ ਝਗੜੇ ਪੰਜਾਬੀ ਮੇਲਿਆਂ ਦਾ ਪ੍ਰਤੀਨਿਧ ਲੱਛਣ ਨਹੀਂ ਸਗੋਂ ਵਿਰਲੇ ਟਾਂਵੇ ਅਪਵਾਦ ਮਾਤਰ ਹੀ ਹੁੰਦੇ ਹਨ। ਇਨਾਂ ਝਗੜਿਆਂ ਦਾ ਅਧਾਰ ਵੀ ਆ ਡੈਰ ਤੇ ਨਿੱਜੀ ਕਿੜਾਂ ਤੇ ਸ਼ਰੀਕੇਬਾਜ਼ੀ ਦੀਆਂ ਖਹਿਬਾਜ਼ੀਆਂ ਹੀ ਹੁੰਦੀਆਂ ਹਨ। ਇਨਾਂ ਵਿਚੋਂ ਸੰਪਦਾਇਕ ਦੰਗਿਆਂ ਦੀ ਬੂਅ ਆਉਂਦੀ ਹੋਵੇ, ਅਜਿਹਾ ਕਦੇ ਵੇਖਣ ਸੁਣਨ ਵਿਚ ਨਹੀਂ ਆਇਆ।

ਬਹੁਤੇ ਮੇਲੇ ਕੇਵਲ ਬੰਦਿਆਂ ਲਈ ਹੀ ਨਹੀਂ ਸਗੋਂ ਡੰਗਰਾਂ ਲਈ ਵੀ ਵਿਸ਼ੇਸ਼ ਅਵਸਰ ਹੁੰਦੇ ਹਨ। ਕੁਝ ਮੇਲਿਆਂ ਵਿਚ ਬਲਦਾਂ, ਘੋੜਿਆਂ ਤੇ ਉਨਾਂ ਦੀ ਸਜ-ਧਜ ਵੇਖਣ ਵਾਲੀ ਹੁੰਦੀ ਹੈ।

ਬੀਤੇ ਕੁਝ ਦਹਾਕਿਆਂ ਤੋਂ ਮੇਲਿਆਂ ਵਿਚ ਰਾਜਨੀਤੀ ਦਾ ਦਖਲ ਵੀ ਕਾਫੀ ਉਘੜਵੇਂ ਰੂਪ ਵਿਚ ਨਜ਼ਰ ਆਉਣ ਲੱਗ ਪਿਆ ਹੈ। ਇਨ੍ਹਾਂ ਮੇਲਿਆਂ ਵਿਚ ਪ੍ਰਮੁੱਖ ਰਾਜਨੀਤਿਕ ਪਾਰਟੀਆਂ ਆਪਣੇ ਵਿਚਾਰਾਂ ਦੇ ਪ੍ਰਚਾਰ ਲਈ ਆਪੋ ਆਪਣੇ ਪੰਡਾਲਾਂ ਦਾ ਪ੍ਰਬੰਧ ਕਰਦੀਆਂ ਹਨ। ਪੰਜਾਬੀ ਵਿਚ ਇਕ ਆਮ ਅਖਾਉਤ ਪ੍ਰਚਲਿਤ ਹੈ ਕਿ ਮੇਲਾ ਮੇਲੀ ਦਾ ਪੈਸਾ ਧੇਲੀ ਦੀ। ਜਿੱਥੇ ਇਕੱਲਾ ਬੰਦਾ ਮੇਲੇ ਦੀ ਰੌਣਕ ਦਾ ਅਨੰਦ ਨਹੀਂ ਲੈ ਸਕਦਾ, ਉਥੋਂ ਖਾ-ਖਰਚਣ ਲਈ ਲੋੜੀਂਦੇ ਵਸੀਲੇ ਦੀ ਅਣਹੋਂਦ ਕਾਰਨ ਵੀ ਮੇਲੇ ਦੀਆਂ ਰੌਣਕਾਂ ਫਿੱਕੀਆਂ ਹੀ ਭਾਸਦੀਆਂ ਹਨ। ਅਸਲ ਵਿਚ ਸਾਧ ਤੇ ਸਾਧਨਾ ਦੇ ਰਲਵੇਂ ਸੰਯੋਗ ਨਾਲ ਹੀ ਮੇਲੇ ਦਾ ਪੂਰਾ ਠੁੱਕ ਬੱਝਦਾ ਹੈ।

ਮੇਲਿਆਂ ਦਾ ਪੰਜਾਬ ਦੀ ਆਰਥਿਕਤਾ ਨਾਲ ਵੀ ਨੇੜੇ ਦਾ ਸੰਬੰਧ ਹੈ। ਭਾਵੇਂ ਮੇਲਿਆਂ ਵਿਚ ਦੁਕਾਨਾਂ ਤਾਂ ਹੋਰ, ਵੀ ਬਹੁਤ ਸਾਰੇ ਲੋਕ ਸਜਾਉਂਦੇ ਹਨ ਪਰੰਤੂ ਹਲਵਾਈਆਂ ਦੀ ਤਾਂ ਮੇਲੇ ਵਿਚ ਨਿਰੀ ਚਾਂਦੀ ਹੁੰਦੀ ਹੈ। ਪੰਜਾਬ ਵਿਚ ਲੱਗਣ ਵਾਲੇ ਮੁੱਖ ਮੇਲੇ ਇਸ ਪ੍ਰਕਾਰ ਹਨ:

**ਜਰਗ ਦਾ ਮੇਲਾ**

ਇਹ ਮੇਲਾ ਮਾਲਵੇ ਦੇ ਸਿੰਧ ਨਗਰ ਪਾਇਲ ਦੇ ਨੇੜੇ ਕਸਬਾ ਜਰ ਵਿਚ ਗਣ ਕਾਰਨ ਹੀ ਜਰਗ ਦੇ ਮੇਲੇ ਦੇ ਨਾਉਂ ਨਾਲ ਸਿੰਧ ਹੈ। ਗਿਆਨੀ ਗੁਰਦਿੱਤ ਸਿੰਘ ਅਨੁਸਾਰ, ਇਹ ਮੇਲਾ ਚੇਤ ਦੇ ਮਹੀਨੇ ਬਾਸੜੀਏ ਦਾ ਮੇਲਾ ਵੀ ਕਹਾਉਂਦਾ ਹੈ। ਬਾਸੜੀਏ ਜਾਂ ਬਾਹਿੜੀਏ' ਦਾ ਅਰਥ ਹੈ, ਬੇਹਾਪਨਾ। ਚੇਤ ਦੇ ਪਹਿਲੇ ਮੰਗਲਵਾਰ ਦੀ ਸਵੇਰ ਤੋਂ ਇਕ ਦਿਨ ਪਹਿਲਾਂ ਗੁਲਗੁਲੇ ਪਕਾਏ ਜਾਂਦੇ ਹਨ। ਰਾਤ ਨੂੰ ਸੱਚੇ ਰੱਖ ਕੇ ਦੂਜੇ ਦਿਨ ਬੇਰੇ ਹੋ ਜਾਂਣ ਤੇ ਮਾਤਾ ਰਾਣੀ ਦੀ ਪੂਜਾ ਕਰਕੇ ਪਹਿਲਾਂ ਗਧੇ ਨੂੰ ਖੁਆ ਕੇ ਪਿਛੋਂ ਆਪ ਖਾਧੇ ਜਾਦੇ ਹਲ। ਇਉਂ ਗੁਲਗਲੇ ਬੇਹੇ ਖਾਣ ਤੋਂ ਬਾਹੜੀਆ ਜਾਂ ਬਾਸੜੀਆ ਲਫਜ਼ ਬਣਿਆ ਮਲੂਮ ਹੁੰਦਾ ਹੈ। ਇਹ ਤਿਉਹਾਰ ਕੇ ਮਾਲਵੇ ਖਾਸ ਕਰ ਪੁਆਧ ਦੇ ਹਰ ਪਿੰਡ ਵਿਚ ਮਨਾਇਆ ਜਾਂਦਾ ਹੈ। ਜਿਸ ਘਰ ਦੇ ਕਿਸੇ ਜੀਅ ਨੂੰ ਮਾਤਾ ਨਿਕਲੀ ਹੋਵੇ ਤਾਂ ਇਸ ਦਿਨ ਮਾਤਾ ਰਾਣੀ ਦੀ ਸੁੱਖਣਾ ਚੜਾਉਣੀ ਪੱਕੀ ਪਿਰਤ ਹੈ ਜਿਸ ਘਰ ਮਾਤਾ ਨਾ ਨਿਕਲੀ ਹੋਵੇ ਉਹ ਮਾਤਾ ਰਾਣੀ ਨੂੰ ਖੁਸ਼ ਕਰਨ ਲਈ ਕਿ ਸਾਡੇ ਕਿਸੇ ਜੀ ਦੇ ਨਾ ਨਿਕਲੇ, ਅੱਗੋਂ ਹੀ ਬਾਨਣੂ ਬੰਨ ਲੈਣਾ ਚੰਗਾ ਸਮਝਦੇ ਹਨ।

ਜਿਵੇਂ ਉਪਰੋਕਤ ਤੋਂ ਪ੍ਰਗਟ ਹੈ ਕਿ ਇਹ ਮੇਲਾ ਸੀਤਲਾ ਮਾਤਾ ਨੂੰ ਰੀਝਾਉਣ ਦੇ ਮਨੋਰਥ ਨਾਲ ਮਨਾਇਆ ਜਾਂਦਾ ਹੈ। ਜਰਗ ਦਾ ਮੇਲਾ ਇਕ ਟੋਬੇ ਦੁਆਲੇ ਲਗਦਾ ਹੈ। ਮਾਤਾ ਦੀ ਪੂਜਾ ਕਰਨ ਵਾਲੇ ਟੋਬੇ ਵਿਚੋਂ ਮਿੱਟੀ ਕੱਢ ਕੇ ਇਕ ਮਟੀਲਾ ਜਿਹਾ ਖੜਾ ਕਰ ਲੈਂਦੇ ਹਨ। ਇਸ ਮਟੀਲੇ ਨੂੰ ਮਾਤਾ ਦਾ ਰੂਪ ਮੰਨ ਕੇ ਪੂਜਿਆ ਜਾਂਦਾ ਹੈ ਤੇ ਕੇ ਚਾੜ੍ਹੀਆਂ ਜਾਂਦੀਆਂ ਹਨ।

ਖੋਤੇ ਨੂੰ ਸੀਤਲਾ ਮਾਤਾ ਦਾ ਵਾਹਨ ਮੰਨਿਆ ਜਾਂਦਾ ਹੈ। ਇਸ ਲਈ ਇਸ ਦਿਨ ਖੋਤੇ ਦੀ ਗੁਲਗਲਿਆਂ ਬੱਕਲੀਆਂ ਤੇ ਹੋਰ ਪਦਾਰਥਾਂ ਨਾਲ ਖੂਬ ਸੇਵਾ ਹੁੰਦੀ ਹੈ। ਖੋਤੇ ਦੇ ਰੱਜ ਕੇ, ਟੀਟਣੇ ਮਾਰਨ ਤੇ ਹਿਣਕਣ ਨੂੰ ਭਗਤ ਜਨ ਰਾਣੀ ਦੀ ਪ੍ਰਸੰਨਤਾ ਦਾ ਚਿੰਨ੍ਹ ਸਮਝਦੇ ਹਨ। ਹਰ ਸ਼ਰਧਾਲੂ ਦੇ ਮੂੰਹ 'ਤੇ ਇਹੀ ਅਰਦਾਸ ਹੁੰਦੀ ਹੈ ਮਾਤਾ ਰਾਣੀਏ, ਗੁਲਗੁਲੇ ਖਾਣੀਏ, ਆਸ ਸਾਡੀ ਪਰੀ ਕਰਦੇ।

ਭਾਵੇਂ 'ਮਾਤਾ' ਬਾਰੇ ਲੋਕਾਂ ਦੇ ਮਨਾਂ ਵਿਚ ਪਹਿਲੋਂ ਜਿਹੇ ਭਰਮ ਨਹੀਂ ਰਹੇ ਪਰ ਇਸ ਮੇਲੇ ਦੀ ਰੌਣਕ ਵਿਚ ਕੋਈ ਬਹੁਤਾ ਫਰਕ ਨਹੀਂ ਪਿਆ। ਜਰਗ ਦੇ ਮੇਲੇ ਨਾਲ ਸੰਬੰਧਿਤ ਇਹ ਲੋਕ ਬੋਲੀਆਂ ਹਨ :

**1. ਚੱਲ ਚਲੀਏ ਜਰਗ ਦੇ ਮੇਲੇ, ਮੁੰਡਾ ਤੇਰਾ ਮੈਂ ਚੁੱਕ ਲਉਂ।**

**2. ਜੇਹਾ ਦੇਖਿਆ ਜਰਗ ਦਾ ਮੇਲਾ, ਜੇਹੀ ਤੇਰੀ ਗੁੱਤ ਦੇਖ ਲੀ।**

ਜਰਗ ਦਾ ਮੇਲਾ ਕੇਵਲ ਪੰਜਾਬੀਆਂ ਦੇ ਮਨਾਂ ਵਿਚ ਸ਼ਰਧਾ ਦੀ ਭਾਵਨਾ ਹੀ ਨਹੀਂ ਜਗਾਉਂਦਾ ਸਗੋਂ ਇਸ ਨਾਲ ਉਨ੍ਹਾਂ ਦੇ ਮਨਾਂ ਵਿਚਲੀਆਂ ਕਈ ਹੋਰ ਕੁਤਕੁਤਾਰੀਆਂ ਵੀ ਜੁੜੀਆਂ ਹੋਈਆਂ ਹਨ।

**ਛਪਾਰ ਦਾ ਮੇਲਾ**

ਛਪਾਰ ਦਾ ਮੇਲਾ ਸ਼ਾਇਦ ਪੰਜਾਬ ਦੇ ਹੋਰ ਸਾਰਿਆਂ ਮੇਲਿਆਂ ਨਾਲੋਂ ਵਧੇਰੇ ਰੰਗੀਨ ਤੇ ਪੰਜਾਬੀਆਂ ਦੇ ਅਲਬੇਲੇ ਸੁਭਾਅ ਦੇ ਅਨੁਕੂਲ ਹੈ। ਇੱਥੇ ਪਿੰਡ ਦੀ ਦੱਖਣੀ ਗੁੱਠੇ ਗੁੱਗੇ ਪੀਰ ਦੀ ਇਕ ਮਾੜੀ ਹੈ ਜਿਸ ਦੀ ਗੁੱਗੇ ਦੇ ਭਗਤਾਂ ਨੇ, ਰਾਜਸਥਾਨ ਦੀ ਕਿਸੇ ਮਾੜੀ ਤੋਂ ਮਿੱਟੀ ਲਿਆ ਕੇ 1890 ਬਿਕ੍ਰਮੀ ਵਿਚ, ਇੱਥੇ ਸਥਾਪਨਾ ਕੀਤੀ ਸੀ। ਉਦੋਂ ਤੋਂ ਹੀ ਇਹ ਮੇਲਾ ਚਲਿਆ ਆ ਰਿਹਾ ਹੈ।

ਇਹ ਮੇਲਾ ਗੁੱਗੇ ਜ਼ਾਹਿਰ ਪੀਰ ਹਿਤ ਸ਼ਰਧਾ ਵਜੋਂ ਮਨਾਇਆ ਜਾਂਦਾ ਹੈ। ਇਸ ਦਿਨ ਗੁੱਗੇ ਦੀ ਮਾੜੀ ਲਾਗਿਓਂ ਸੱਤ ਵਾਰੀ' ਮਿੱਟੀ ਕੱਢਦੇ ਹਨ। ਅਜਿਹਾ ਕਰਨ ਵਾਲੇ ਵਿਅਕਤੀ ਉਪਰ ਗੁੱਗੇ ਦੀ ਮੇਹਰ ਹੋ ਗਈ ਸਮਝੀ ਜਾਂਦੀ ਹੈ। ਇਸ ਮਿੱਟੀ ਨੂੰ ਸੱਪ ਨਾਲ ਡੰਗੇ ਥਾਂ ਦੀ ਸਿਹਤਯਾਬੀ ਲਈ ਗੁਣਕਾਰੀ ਸਮਝਿਆ ਜਾਂਦਾ ਹੈ। ਇਹ ਮੇਲਾ ਸਰਪ-ਪੂਜਾ ਦਾ ਪ੍ਰਤੀਕ ਹੈ। ਸ਼ਰਧਾਲੂ ਲੋਕ ਉਚੇਚੇ ਤੌਰ ਤੇ ਇਸ ਦਿਨ ਗੁੱਗੇ ਜਾਹਰ ਪੀਰ ਦੀ ਚੌਂਕੀ ਭਰਨ ਆਉਂਦੇ ਹਨ। ਬਾਲਮੀਕੀਆਂ ਵਿਚ ਗੁੱਗੇ ਦੀ 'ਬਹੁਤੀ ਮਾਨਤਾ ਹੈ। ਉਹ ਇਸ ਦਿਨ ਮੋਰਪੰਖਾਂ ਦੇ ਝੰਡੇ ਹੱਥ ਵਿਚ ਫੜੀ ਉਚੇਚੇ ਤੌਰ 'ਤੇ ਆਪਣੀ ਸ਼ਰਧਾ ਦੇ ਫੁੱਲ ਪੇਸ਼ ਕਰਨ ਆਉਂਦੇ ਹਨ।

ਇਸ ਮੇਲੇ ਦੇ ਸ਼ਰਧਾ-ਮੁਖੀ ਪੱਖ ਨਾਲੋਂ ਇਕ ਹੋਰ ਪਹਿਲੂ ਵੀ ਕਿਸੇ ਤਰ੍ਹਾਂ ਵੀ ਘੱਟ ਮਹੱਤਵਪੂਰਨ ਨਹੀਂ। ਇਸ ਅਵਸਰ 'ਤੇ ਨਚਾਰਾਂ, ਨਕਲੀਆਂ ਤੇ ਟੋਲੀਆਂ ਬੰਨ੍ਹ ਕੇ, ਬਿੱਟ-ਬਿੱਦ ਕੇ ਬੋਲੀਆਂ ਪਾਉਣ ਵਾਲੇ ਗੱਭਰੂਆਂ ਦਾ ਨਜ਼ਾਰਾ ਵਿਸ਼ੇਸ਼ ਤੌਰ 'ਤੇ ਵੇਖਣ ਯੋਗ ਹੁੰਦਾ ਹੈ। ਪੰਜਾਬ ਦੇ ਪ੍ਰਸਿੱਧ ਲੋਕ-ਨਾਚ ਗਿੱਧੇ ਨੂੰ ਇਸ ਮੇਲੇ ਦੀ ਉੱਘੀ ਦੇਣ ਸਮਝਿਆ ਜਾਂਦਾ ਹੈ। ਗਿੱਧੇ ਦੇ ਆਰੰਭ ਬਾਰੇ ਤਾਂ ਇਸ ਮਤਭੇਦ ਦੀ ਗੁੰਜਾਇਸ਼ ਵੀ ਹੋ ਸਕਦੀ ਹੈ ਪਰੰਤੂ ਇਸ ਤੱਥ ਤੋਂ ਕੋਈ ਵੀ ਬੰਦਾ ਮੁਨਕਰ ਨਹੀਂ ਹੋ ਸਕਦਾ ਕਿ ਗਿੱਧੇ ਦੇ ਪਿੜਾਂ ਵਿਚ ਪੈਣ ਵਾਲੀਆਂ ਬੋਲੀਆਂ ਨੂੰ ਇਸ ਮੇਲੇ ਨੇ ਬੜੀ ਅਮੀਰੀ ਬਖਸ਼ੀ ਹੈ। ਜਿਹੜੀ ਬੋਲੀ ਕਿਧਰੇ ਨਾ ਸੁਣੀ ਗਈ ਹੋਵੇ, ਉਹ ਇਥੇ ਜ਼ਰੂਰੀ ਸੁਣੀ ਜਾ ਸਕਦੀ ਹੈ। ਹੇਠ ਲਿਖੀ ਬੋਲੀ ਛਪਾਰ ਦੇ ਮੇਲੇ ਦੀ ਹੀ ਨਹੀਂ ਸਗੋਂ ਇਸ ਵਿਚ ਸ਼ਾਮਲ ਹੋਣ ਵਾਲੇ ਗੱਭਰੂਆਂ ਦੀ ਮੂੰਹ ਜ਼ੋਰ ਤੇ ਖਾੜਕੂ ਤਬੀਅਤ ਦੀ ਵੀ ਸੂਚਕ ਹੈ।

ਆਰੀ ਆਰੀ ਆਰੀ
ਮੇਲਾ ਤਾਂ ਛਪਾਰ ਲਗਦਾ, ਜਿਹੜਾ ਲਗਦਾ ਜਗਤ ਤੋਂ ਭਾਰੀ
ਕੱਠ ਮੁਸਸ਼ਟੰਡਿਆਂ ਦਾ, ਉੱਥੇ ਬੋਤਲਾਂ ਮੰਗਾਂ ਲੀਆਂ ਚਾਲੀ

ਤਿੰਨ ਸੇਰ ਸੋਨਾ ਚੁੱਕਿਆ, ਭਾਨ ਚੁੱਕ ਲੀ ਹੱਟੀ ਦੀ ਸਾਰੀ
ਰਤਨ ਸਿੰਘ ਕੱਕੜਾਂ ਦਾ ਜੀਹਤੇ ਚੱਲਦੇ ਮੁਕੱਦਮੇ ਚਾਲੀ
ਠਾਣੇਦਾਰ ਤਿੰਨ ਹੋਗੇ, ਨਾਲ ਪੁਲਿਸ ਚੜੀ ਸਰਕਾਰੀ
ਈਸੂ ਧੂਰੀ ਦਾ, ਜਿਹੜਾ ਡਾਂਗ ਦਾ ਬਹਾਦਰ ਭਾਰੀ,
ਮੰਗੂ ਖੇੜੀ ਦਾ, ਪੁੱਠੇ ਹੱਥ ਦੀ ਗੰਡਾਸੀ ਮਾਰੀ
ਠਾਣੇਦਾਰ ਇਉਂ ਡਿੱਗਿਆ ਜਿਵੇਂ ਹੱਲ ਚੋਂ ਡਿਗੇ ਪੰਜਾਲੀ
ਕਾਹਨੂੰ ਛੇੜੀ ਸੀ, ਨਾਗਾਂ ਦੀ ਪਟਿਆਰੀ।

**ਰੌਸ਼ਨੀ ਦਾ ਮੇਲਾ**

ਇਹ ਮੇਲਾ ਲੁਧਿਆਣਾ ਜ਼ਿਲੇ ਦੇ ਪ੍ਰਸਿੱਧ ਨਗਰ ਜਗਰਾਓਂ ਵਿਖੇ 14, 15, 16 ਫੱਗਣ ਨੂੰ ਪ੍ਰਸਿੱਧ ਸੂਫੀ ਫਕੀਰ ਦੀ ਮਜ਼ਾਰ ਉੱਪਰ ਲਗਦਾ ਹੈ। ਇਸ ਮੇਲੇ ਨੂੰ ਰੌਸ਼ਨੀ ਦਾ ਮੇਲਾ ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਸ ਦਿਨ ਲੋਕ ਪੀਰ ਦੇ ਮਜ਼ਾਰ 'ਤੇ ਬਹੁਤ ਵੱਡੀ ਗਿਣਤੀ ਵਿਚ ਚਿਰਾਗ ਬਾਲਦੇ ਹਨ।

ਇਸ ਮੇਲੇ ਦਾ ਮੁੱਢ ਭਾਵੇਂ ਮੁਸਲਮਾਨੀ ਹੈ ਤੇ ਵੰਡ ਤੋਂ ਬਾਅਦ ਮੁਸਲਮਾਨਾਂ ਦੀ ਵਸੋਂ ਭਾਵੇਂ ਇਸ ਇਲਾਕੇ ਪਹਿਲਾਂ ਨਾਲ ਬਹੁਤ ਛਿਦਰੀ ਪੈ ਗਈ ਹੈ ਪਰ ਰੌਸ਼ਨੀ ਦੇ ਮੇਲੇ ਦੀ ਆਭਾ ਪੰਜਾਬ ਦੇ ਸਾਂਝੇ ਸਭਿਆਚਾਰ ਵਿਚ ਪਹਿਲਾ ਵਾਂਗ ਹੀ ਕਾਇਮ ਹੈ।

ਪਹਿਲੇ ਦਿਨ ਲੋਕ ਪੀਰ ਦੀ ਮਜ਼ਾਰ 'ਤੇ ਆਪੋ ਆਪਣੀ ਸੁੱਖਣਾ ਪੂਰੀ ਕਰਦੇ ਹਨ ਤੇ ਆਪਣੀਆਂ ਅਹੁਰਾਂ ਦੇ ਇਲਾਜ ਲਈ ਪੁੱਛਾਂ' ਪੁਆਉਂਦੇ ਹਨ। ਪਰ ਦੂਜੇ ਤੀਜੇ ਦਿਨ ਇਹ ਮੇਲਾ ਆਪਣੀ ਧਾਰਮਿਕ ਕੁੰਜ ਲਾਹ ਕੇ ਅਸਲੋਂ ਹੀ ਲੌਕਿਕ ਦਿਖ ਧਾਰਨ ਕਰ ਲੈਂਦਾ ਹੈ। ਘੋਲ ਹੁੰਦੇ ਹਨ ਤੇ ਗੀਤ ਸੰਗੀਤ ਦੀਆਂ ਟੋਲੀਆਂ ਆਪੋ ਆਪਣੇ ਅਖਾੜੇ, ਬੰਨ੍ਹ ਲੈਂਦੀਆਂ ਹਨ। ਛਪਾਰ ਦੇ ਮੇਲੇ ਵਾਂਗ ਹੀ ਇਥੇ ਵੀ ਬੋਲੀਆਂ ਪਾਉਣ ਵਾਲੀਆਂ ਢਾਣੀਆਂ, ਆਪਣਾ ਪੂਰਾ ਠਾਠ, ਬੰਨਦੀਆਂ ਹਨ। ਰੌਸ਼ਨੀ ਦੇ ਮੇਲੇ ਬਾਰੇ ਕਈ ਲੋਕ-ਗੀਤ ਪ੍ਰਸਿੱਧ ਹਨ , ਜਿਨ੍ਹਾਂ ਵਿੱਚੋਂ ਇਕ ਮਿਸਾਲ ਵਜੋਂ ਪੇਸ਼ ਹੈ

ਆਰੀ ਆਰੀ ਆਰੀ '
ਵਿਚ ਜਗਰਾਵਾਂ ਦੇ
ਬਈ ਲਗਦੀ ਰੌਸ਼ਨੀ ਭਾਰੀ
ਦੂਰੋਂ ਦੂਰੋਂ ਆਉਂਦੇ ਗੱਭਰੂ
ਘੋੜੇ ਉਠ ਸ਼ਿੰਗਾਰੀ।
ਲੰਮੇ ਚਾਦਰੇ ਕੁੰਡੀਆਂ ਮੁੱਛਾਂ
ਮੋਢੇ ਡਾਂਗ ਉਲਾਰੀ
ਹੱਸਦੇ ਹੱਸਦੇ ਇਹ ਲੜ ਪੈਂਦੇ
ਜ਼ੋਰ ਜਵਾਨੀ ਦੇ
ਕਰਦੇ ਬੜੀ ਖੁਆਰੀ।

**ਹੈਦਰ ਸ਼ੇਖ ਦਾ ਮੇਲਾ**

ਇਹ ਮੇਲਾ ਸਾਈਂ ਹੈਦਰ ਸ਼ੇਖ਼ ਹੋਰਾਂ ਦੀ ਯਾਦ ਵਿਚ ਨਿਮਾਣੀ ਇਕਾਦਸ਼ੀ ਵਾਲੇ ਦਿਨ, ਇਸ ਤੋਂ ਇਕ ਦਿਨ ਤੇ ਪਹਿਲਾਂ ਤੇ ਇਕ ਦਿਨ ਮਗਰੋਂ ਲੱਗਦਾ ਹੈ। ਮੇਲੇ ਦਾ ਪੂਰਾ ਭਾਰ ਨਿਮਾਣੀ ਇਕਾਦਸ਼ੀ ਵਾਲੇ ਦਿਨ ਹੀ ਹੁੰਦਾ ਹੈ। ਇਸ ਦਿਨ ਜਿਨਾਂ ਲੋਕਾਂ ਦੀਆਂ ਸੁੱਖਣਾਂ ਪੂਰੀਆਂ ਹੋਈਆਂ ਹੁੰਦੀਆਂ ਹਨ, ਉਹ ਇੱਥੇ ਹਾਜ਼ਰੀ ਭਰ ਕੇ ਕਾਲੇ ਕੁੱਕੜ ਜਾਂ ਬੱਕਰੇ ਭੇਟ ਕਰਦੇ ਹਨ। ਲੋਕਾਂ ਵਿਚਕਾਰ ਇਹ ਵਿਸ਼ਵਾਸ ਹੈ ਕਿ ਇਸ ਦਿਨ ਹੈਦਰ ਸ਼ੇਖ ਹੋਰਾਂ ਦੇ ਮਕਬਰੇ 'ਤੇ ਰੋਟ ਚਾੜਨ ਨਾਲ ਛਾਇਆ ਦੇ ਮੰਦੇ ਪ੍ਰਭਾਵ ਤੋਂ ਮੁਕਤੀ ਹੋ ਜਾਂਦੀ ਹੈ ਤੇ ਸਰੀਰ ਹਰ ਤਰ੍ਹਾਂ ਨਵਾਂ ਨਰੋਆ ਹੋ ਜਾਂਦਾ, ਬੇ-ਔਲਾਦ ਔਰਤਾਂ, ਇੱਥੇ ਔਲਾਦ ਦੀ ਪ੍ਰਾਪਤੀ ਲਈ ਉਚੇਰੇ ਤੌਰ 'ਤੇ ਸੁੱਖਣਾ ਸੁੱਖਣ ਆਉਂਦੀਆਂ ਹਨ। ਇਸ ਮੇਲੇ ਵਿਚ ਵੀ ਸਭਨਾਂ ਤਬਕਿਆਂ ਦੇ ਲੋਕ ਦੂਰ-ਦੁਰਾਡਿਓਂ ਆਉਂਦੇ ਹਨ।

ਪੰਜਾਬ ਵਿਚ ਉਪਰੋਕਤ ਮੇਲਿਆਂ ਤੋਂ ਬਿਨਾਂ ਕੁਝ ਹੋਰ ਮੇਲੇ ਵੀ ਲਗਦੇ ਹਨ ਜਿਵੇਂ ਫਤਿਹਗੜ੍ਹ ਸਾਹਿਬ ਵਿਚ .. ਸਾਹਿਬਜ਼ਾਦਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਫਤਿਹ ਸਿੰਘ ਹੋਰਾਂ ਦੀ ਸ਼ਹੀਦੀ ਦੀ ਯਾਦ ਵਿਚ ਇਕ ਭਾਰੀ ਮੇਲਾ ਲਗਦਾ ਹੈ ਜੋ ਜੋੜ-ਮੇਲੇ ਦੇ ਨਾਂ ਨਾਲ ਪ੍ਰਸਿੱਧ ਹੈ।

ਸ਼ਹੀਦੇ-ਆਜ਼ਮ ਭਗਤ ਸਿੰਘ ਹੋਰਾਂ ਦੀ ਯਾਦ ਵਿਚ ਉਹਨਾਂ ਦੇ ਜੱਦੀ ਪਿੰਡ ਖਟਕੜ ਕਲਾਂ ਵਿਖੇ ਉਨ੍ਹਾਂ ਦੇ ਸ਼ਹੀਦੀ ਆ ਦਿਨ 'ਤੇ ਇਕ ਮੇਲਾ ਲਗਦਾ ਹੈ। ਇਸ ਵਿਚ ਪ੍ਰਮੁੱਖ ਪਾਰਟੀਆਂ ਆਪੋ ਆਪਣੇ ਪਲੇਟ ਫਾਰਮ ਤੋਂ ਸ. ਭਗਤ ਸਿੰਘ ਨੂੰ , ਉਚੇਚੇ ਤੌਰ ਤੇ ਆਪਦਾ ਸਿੱਧ ਕਰਨ ਦਾ ਯਤਨ ਕਰਦੀਆਂ ਹਨ। ਮੰਢਾਲੀ (ਜ਼ਿਲ੍ਹਾ ਜਲੰਧਰੀ ਵਿਖੇ ਧ ਹਾੜ੍ਹ ਨੂੰ ਸਾਈ ਅਬਦੁੱਲੇ ਸ਼ਾਹ ਦੇ ਰੋਜ਼ੇ ਤੇ ਇਕ ਭਾਰੀ ਮੇਲਾ ਲਗਦਾ ਹੈ। ਇਸ ਵਿਚ ਦੇਸ਼ ਦੇ ਦੂ-ਦੁਰਾਡੇ ਤਾਰਾਂ ਅਤੇ ਕਈ ਵਾਰ ਵਾਘਿਓ, ਪਾਰ ਦੇ ਕਵਾਲ ਵੀ ਆਪਣੀ ਕਲਾ ਦੁਆਰਾ ਸਾਈਂ ਜੀ ਨੂੰ ਖਿਰਾਇ-ਅਕੀਦਤ ਭੇਟ ਕਰਨ ਲਈ ਉਨ੍ਹਾਂ ਦੀ ਚੰਗੀ ਭਰਨ ਲਈ ਹਾਜ਼ਰ ਹੁੰਦੇ ਹਨ।

ਪੰਜਾਬ ਵਿਚ ਕੁਝ ਮੇਲੇ ਨਾਥਾਂ-ਸਿੱਧਾਂ ਨਾਲ ਵੀ ਸੰਬੰਧਤ ਹਨ। ਅਬੋਹਰ ਵਿਖੇ ਚੌਰੰਗੀ ਨਾਥ ਦੀ ਧੂਣੀ ਉਤੇ ਇਕ ਅਜਿਹਾ ਹੀ ਮੇਲਾ ਲਗਦਾ ਹੈ। ਪੰਜਾਬੀਆਂ ਦੀ ਮੇਲਿਆਂ ਵਿਚ ਦਿਲਚਸਪੀ ਖੇਤਰੀ ਸੀਮਾਵਾ ਤੇ ਹੱਦ-ਬੰਨੇ ਨਹੀਂ ਮੰਨਦੀ। ਮਨਸਾ ਦੇਵੀ, ਨੈਣਾ ਦੇਵੀ, ਚਿੰਤਪੁਰਨੀ, ਜਵਾਲਾ ਜੀ ਤੇ ਹਰਿਦੁਆਰ ਦੇ ਕੁੰਡ ਮੇਲੇ ਵਿਚ ਪੰਜਾਬੀ ਕਾਫ਼ੀ ਗਿਣਤੀ ਵਿਚ ਸ਼ਾਮਲ ਹੁੰਦੇ ਹਨ।

ਸੱਚੀ ਗੱਲ ਤਾਂ ਇਹ ਹੈ ਕਿ ਉਪਰੋਕਤ ਵਡੇਰੇ ਤੇ ਸਾਂਝੇ ਮੇਲਿਆਂ ਬਿਨਾਂ ਪੰਜਾਬ ਦੇ ਹਰ ਗਿਣਤੀ ਯੋਗ ਪਿੰਡ ਦਾ, ਕੋਈ ਨਾ ਕੋਈ ਛੋਟਾ ਵੱਡਾ ਆਪਣਾ ਮੇਲਾ ਮੁਜਾਹਰਾ ਜ਼ਰੂਰ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਪਿੰਡ ਢੰਦਵਾਲ (ਜ਼ਿਲ੍ਹਾ ਜਲੰਧਰ) ਵਿਖੇ 13 ਪੋਹ ਨੂੰ ਬਾਬਾ ਨੰਦ ਗਿਰੀ ਦੀ ਯਾਦ ਵਿਚ ਇਕ ਕਾਫ਼ੀ ਤਰਵਾਂ ਮੇਲਾ ਲਗਦਾ ਹੈ ਜਿਸ ਵਿਚ ਆਪਣੀ ਘਰੀਂ ਪੁੱਤਰਾਂ ਦੀ ਦਾਤ ਦੀ ਬਖਸ਼ਿਸ਼ ਹਿੱਤ ਸੁੱਖੀ ਸੁੱਖਣਾ ਉਤਾਰਨ ਲਈ ਲੋਕ ਬਾਬੇ ਦੇ ਮੰਦਰ 'ਤੇ ਝੰਡੇ ਚੜ੍ਹਾਉਂਦੇ ਹਨ। ਕਾਫ਼ੀ ਵੱਡਾ ਜੱਗ ਹੁੰਦਾ ਹੈ ਤੇ ਭੱਠੇ ਪਹਿਰ ਤੋਂ ਮਗਰੋਂ ਗਾਇਕ, ਨਕਲੀਏ ਜਾ ਰਾਸਧਾਰੀਏ ਆਪੋ ਆਪਣੀਆਂ ਕਲਾਵਾਂ ਦੇ ਜੌਹਰ ਦਿਖਾਉਂਦੇ ਹਨ।

ਰੂਪੋਵਾਲ ਜਿਹੇ ਪਿੰਡ ਵਿਚ ਪੈਣੀ ਵਾਲਿਆਂ ਭਾਰੀਆਂ ਛਿੱਥਾਂ ਦੀ ਨੁਹਾਰ ਵੀ ਕਿਸੇ ਪਹਿਲੂ ਤੋਂ ਗੁਰੇ ਮੇਲੇ ਨਾਲੋਂ ਘੱਟ ਨਹੀਂ ਹੁੰਦੀ। ਪਿਛਲੇ ਕੁਝ ਸਮਿਆਂ ਤੋਂ ਪੰਜਾਬ ਦੇ ਸਭਿਆਚਾਰਕ ਖੇਤਰ ਵਿਚ ਵਾਪਰੀਆਂ ਤਬਦੀਲੀਆਂ ਕਾਰਨ ਇਥੋਂ ਦੇ ਮੇਲਿਆਂ ਵਿਚ ਕੁਝ ਨਵੇਂ ਝੁਕਾਅ ਹੀ ਵੇਖਣ ਵਿਚ ਨਹੀਂ ਆਏ, ਸਗੋਂ ਕੁਝ ਅਸਲੋਂ ਹੀ ਨਵੇਂ ਮੇਲਿਆਂ ਦੇ ਨਕਸ਼ੇ ਨਿੱਖਰਦੇ ਵੀ ਨਜ਼ਰ ਆਏ ਹਨ। ਇਨ੍ਹਾਂ ਮੇਲਿਆਂ ਵਿਚ ਇਕ ਕਿਲਾ ਰਾਇਪੁਰ ਵਿਖੇ ਹੋਣ ਵਾਲਾ ਸਾਲਾਨਾ ਖੇਡ ਮੇਲਾ ਹੈ। ਮੋਹਨ ਸਿੰਘ ਯਾਦਗਰੀ ਕਮੇਟੀ ਵਲੋਂ ਉਨ੍ਹਾਂ ਦੇ ਜਨਮ ਦਿਨ 'ਤੇ ਮਨਾਇਆ ਜਾਣ ਵਾਲਾ ਸਭਿਆਚਾਰਕ ਮੇਲਾ ਵੀ ਇਕ ਵਾਰਸ਼ਿਕ ਵਰਤਾਰਾ ਹੀ ਬਣਦਾ ਜਾ ਰਿਹਾ ਹੈ। ਮਾਰਚ ਦੇ ਆਖਰੀ ਹਫਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ) ਵੱਲੋਂ ਹਰ ਵਰੇ ਲਾਏ ਜਾਣ ਵਾਲੇ ਕਿਸਾਨ ਮੇਲੇ ਵਿਚ ਗਿਆਨ ਤੇ ਸਭਿਆਚਾਰਕ ਸਰਗਰਮੀਆਂ ਦੀ ਜਿਹੜੀ ਸੁੰਦਰ ਮਿੱਲ ਵੇਖਣ ਵਿਚ ਆਉਂਦੀ ਹੈ, ਉਸਦਾ ਆਕਰਸ਼ਣ ਵੀ ਕਿਸੇ ਰਵਾਇਤੀ, ਮੇਲੇ ਤੋਂ ਘੱਟ ਨਹੀਂ ਹੁੰਦਾ। ਇਸ ਤਰਾਂ ਅਸੀਂ ਵੇਖਦੇ ਹਾਂ ਕਿ ਪੁਰਾਣੀਆਂ ਰਵਾਇਤਾਂ ਨੂੰ ਕਾਇਮ ਰੱਖਣ ਦੇ ਨਾਲ ਨਾਲ ਪੰਜਾਬ ਵਿਚ ਅਜੋਕੇ ਸਮੇਂ ਦੀ ਰਫਤਾਰ ਦੇ ਨਾਲ ਵਰ ਮੇਚਣ ਦੇ ਸਮਰੱਥ ਇਕ ਨਵਾਂ ਮੇਲਾ ਸਭਿਆਚਾਰ ਵੀ ਵਿਕਸਿਤ ਹੋ ਰਿਹਾ ਹੈ।

**ਤਿਉਹਾਰ**

ਤਿਉਹਾਰਾਂ ਦਾ ਸੰਬੰਧ, ਅਸੀਂ ਪਹਿਲਾਂ ਹੀ ਦੱਸ ਆਏ ਹਾਂ, ਦੇਸੀ ਕੈਲੰਡਰ ਅਨੁਸਾਰ ਆਉਣ ਵਾਲੀਆਂ ਤਿੱਥਾਂ, ਮਹੀਨਿਆਂ ਅਤੇ ਰੁੱਤਾਂ ਨਾਲ ਹੁੰਦਾ ਹੈ। ਪੰਚਮੀ, ਸੰਤੇ, ਇਕਾਦਸ਼ੀ, ਦੁਆਦਸ਼ੀ, ਪੁੰਨਿਆ, ਮੱਸਿਆ ਤੇ ਸੰਗਰਾਂਦ ਆਦਿ ਦੀਆਂ ਤਿਥੀਆਂ ਹਰ ਮਹੀਨੇ ਆਈਆਂ ਹੀ ਰਹਿੰਦੀਆਂ ਹਨ ਤੇ ਇਹਨਾਂ ਵਿਚੋਂ ਹਰ ਇਕ ਦੀ ਥੋੜ੍ਹੀ ਬਹੁਤ ਤਿਉਹਾਰੀ ਮਹੱਤਤਾ ਵੀ ਹੁੰਦੀ ਹੈ। ਪਰ ਇਨ੍ਹਾਂ ਵਿਚ ਕੁਝ ਕੁ ਅਜਿਹੀਆਂ ਹਨ ਜੋ ਮੁਕਾਬਲਤਨ ਵਧੇਰੇ ਮਹੱਤਤਾ ਵਾਲੇ ਤਿਉਹਾਰਾਂ ਤੇ ਮੇਲਿਆਂ ਦੀਆਂ ਸੂਚਕ ਹੁੰਦੀਆਂ ਹਨ। ਇੱਥੇ ਅਸੀ ਕੇਵਲ ਇਨ੍ਹਾਂ ਦਾ ਹੀ ਸੰਖੇਪ ਵਰਨਣ ਕਰਾਗੇ।

ਪਿੰਡਾਂ ਦੇ ਲੋਕਾਂ ਦੇ ਦੇਸ਼ੀ ਹਿਸਾਬ ਵਾਲਾ ਵਰ੍ਹਾ ਚੇਤ ਦੀ ਏਕਮ ਤੋਂ ਅਰੰਭ ਹੁੰਦਾ ਹੈ ਤੇ ਇਸੇ ਦਿਨ ਪੰਜਾਬ ਦਾ ਪਹਿਲਾ ਤਿਉਹਾਰ ਨਵਾਂ ਸੰਮਤ ਹੁੰਦਾ ਹੈ। ਇਹ ਇਕ ਤਰਾਂ ਨਾਲ ਦੇਸੀ ਨਿਊ ਈਅਰ ਤੋਂ ਹੁੰਦਾ ਹੈ। ਜੇ ਅਸੀ ਦੇਖਦੇ ਹਾਂ ਕਿ ਪੰਜਾਬੀਆਂ ਲਈ ਸਾਲ ਦੀ ਸ਼ੁਰੂਆਤ ਹੀ ਤਿਉਹਾਰ ਤੋਂ ਹੁੰਦੀ ਹੈ। ਇਸ ਤਿਉਹਾਰ ਨੂੰ ਕੋਈ ਮੇਲਾ ਮੁਸਾਹਬਾ ਨਹੀਂ ਹੁੰਦਾ ਸਗੋਂ ਇਹ ਹਰ ਪਿੰਡ ਵਿਚ ਸਥਾਨਕ, ਸਗੋਂ ਹੋਰ ਵੀ ਵਧੇਰੇ ਨਿਸ਼ਚਿਤ ਅਰਥਾਂ ਵਿਚ, ਕੇਵਲ ਪਰਿਵਾਰਕ ਪੱਧਰ 'ਤੇ ਹੀ ਮਨਾਇਆ ਜਾਂਦਾ ਹੈ। ਇਸ ਦਿਨ ਅੰਨ ਨਵਾਂ ਕਰਨ ਦੀ ਰਸਮ ਅਦਾ ਕੀਤੀ ਜਾਂਦੀ ਹੈ। ਖੇਤਾਂ ਵਿਚੋਂ ਹਰੇ ਛੋਲਿਆਂ ਦੇ ਜਾੜ ਲਿਆ ਕੇ ਮਚਦੀ ਅੱਗ 'ਤੇ ਹੋਲਾਂ ਭੁੰਨ ਕੇ ਖਾਧੀਆਂ ਜਾਂਦੀਆਂ ਹਨ। ਏਥੇ ਬਾਹਰ ਹੀ ਛਿੰਘਾਂ ਦੀ ਢੇਰੀ ਨੂੰ ਤੀਲੀ ਲਾ ਕੇ ਗੋਲ ਦਾਇਰੇ ਵਿਚ ਬਹਿ ਕੇ ਹੋਲਾਂ : ਖਾਂਦੇ ਹਨ। ਤਿਕਾਲਾਂ ਵੇਲੇ ਪਿੱਠਾ ਦਲੀਆ ਜਾਂ ਚੌਲ ਵੀ ਰਿੰਨ੍ਹ ਲਏ ਜਾਂਦੇ ਹਨ।

ਚੇਤ ਸਦੀ ਅੱਠਵੀਂ ਨੂੰ ਪੰਜਾਬ ਦੇ ਲੋਕਾਂ ਵਿਚ ਕੰਜਕਾਂ ਬਿਠਾਉਣ ਦਾ ਰਿਵਾਜ ਹੈ। ਇਸ ਦਿਨ ਪੰਜ ਜਾਂ ਸੰਤ ਕੰਜਕਾਂ ਨੂੰ ਬੜੀ ਸ਼ਰਧਾ ਨਾਲ, ਉਨ੍ਹਾਂ ਦੇ ਪੈਰ ਧੋ ਕੇ ਭੋਜਨ ਛਕਾਇਆ ਜਾਂਦਾ ਹੈ। ਕਈ ਬਾਈ ਕੰਜਕਾਂ ਦੇ ਨਾਲ ਇਕ ਨਿੱਕਾ ਮੁੰਡਾ ਸੱਦਣ ਦਾ ਵੀ ਰਿਵਾਜ ਹੈ। ਇਸ ਮੁੰਡੇ ਨੂੰ ਮੰਕ ਕਿਹਾ ਜਾਂਦਾ ਹੈ। ਇਹ ਰਿਵਾਜ, ਸ਼ਾਇਦ ਕਿਸੇ ਅੜੀਅਲ ਮੁੰਡੇ ਦੇ ਕੰਜਕਾਂ ਦੇ ਨਾਲ ਰੋਟੀ ਖਾਣ ਦੀ ਜਿੱਦ ਮਗਰੋਂ ਚੱਲਿਆ ਹੋਵੇ। ਦੇਵੀ ਦੇ ਉਪਾਸ਼ਕ ਕਵਾਰੀਆਂ ਕੁੜੀਆਂ ਨੂੰ ਦੇਵੀ . ਦਾ ਰੂਪ ਸਮਝਕੇ ਹੀ ਪੂਜਦੇ ਹਨ। ਪਰਸ਼ਾਦੇ ਛਕਾਉਣ ਤੋਂ ਮਗਰੋਂ ਉਹਨਾਂ ਨੂੰ ਨਗਦੀ ਦੇ ਰੂਪ ਵਿਚ ਥੋੜੀ ਬਹੁਤ ਦੁੱਛਣਾ ਵੀ ਦਿੱਤੀ ਜਾਂਦੀ ਹੈ। " ਚੇਤ ਦੀ ਦੀ ਨੇਵੀਂ ਨੇ ਰਾਮ ਜੀ ਦੇ ਜਨਮ ਦੇ ਅਵਸਰ 'ਤੇ ਰਾਮਨੋਮੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

ਦਿਨ ਰਾਮ ਭਗਤ, ਰਾਮ ਜੀ ਦੀ ਮਹਿਮਾ ਵਿਚ ਭਜਨ ਦਾ ਗਾਇਨ ਕਰਦੇ ਹਨ। ਅੰਮ੍ਰਿਤਸਰ ਦੇ ਨੇੜੇ ਰਾਮ ਤੀਰਥ ਦੇ ਅਸਥਾਨ 'ਤੇ ਇਸ ਦਿਨ ਕਾਫ਼ੀ ਰੋਣਕ ਹੁੰਦੀ ਹੈ। ਜੇਠ ਦੀ ਇਕਾਦਸ਼ੀ ਨੂੰ ਨਿਰਜਲਾ ਇਕਾਦਸ਼ੀ ਹੁੰਦੀ ਹੈ। ਇਸ ਦਿਨ ਕੁਝ ਸ਼ਰਧਾਲੂ ਹਿੰਦ, ਨਿਰਜਲਾ ਵਰਤ ਰਖਦੇ ਹਨ। ਤਪਦੀਆਂ ਲੂਆਂ ਦੀ ਰੁੱਤ ਕਾਰਨ ਪਿਆਸ ਨਾਲ ਮੂੰਹ ਸੁੱਕਾ ਹੀ ਰਹਿੰਦਾ ਹੈ। ਇਸ ਲਈ ਇਨੀਂ ਦਿਨੀਂ ਨਿਰਜਲਾ ਵਰਤ ਨਿਭਾਉਣਾ ਕਾਫ਼ੀ ਮਹਾਤਮ ਸਮਝਿਆ ਜਾਦਾ ਹੈ। ਇਸ ਲਈ ਸ਼ਰਧਾਲੂਆਂ ਵੱਲੋਂ ਥਾਂ ਹਰ ਥਾਂ ਮਿੱਠੇ ਪਾਣੀ ਦੀਆਂ ਛਬੀਲਾਂ ਦਾ ਕਾਫ਼ੀ ਵਿਆਪਕ ਪੈਮਾਨੇ ਤੇ ਪ੍ਰਬੰਧ ਕੀਤਾ ਜਾਂਦਾ ਹੈ। ਇਸ ਤਿਉਹਾਰ ਤੇ ਰੱਜਵੇਂ ਖਰਬੂਜੇ ਖਾਣ ਦਾ ਵੀ ਆਮ ਰਿਵਾਜ ਹੈ।

**ਵਿਸਾਖੀ**

ਵਿਸਾਖੀ ਨੂੰ ਪੰਜਾਬੀਆਂ ਦਾ ਕੌਮੀ ਤਿਉਹਾਰ ਹੋਣ ਦਾ ਮਾਣ ਪ੍ਰਾਪਤ ਹੈ। ਇਸ ਤਿਉਹਾਰ ਦਾ ਸੰਬੰਧੀ ਕਣਕਾਂ, ਦੇ ਪੱਕਣ ਨਾਲ ਹੈ। ਅੱਜ ਕੱਲ ਤਾ ਫਸਲਾਂ ਦੇ ਗੇੜ ਵਿਚ ਕਾਫੀ ਤਬਦੀਲੀ ਆ ਗਈ ਹੈ। ਪੁਰਾਣੀਆਂ ਕਣਕਾਂ ਵਿਸਾਖੀ ਦੇ ਨੇੜੇ ਤੇੜੇ ਪੱਕ ਜਾਂਦੀਆਂ ਸਨ। ਇਸ ਦਿਨ ਕਣਕ, ਜੌਆਂ, ਜਾਂ ਛੋਲਿਆਂ ਦੀ ਫਸਲ ਨੂੰ ਦਾਤੀ ਪਾਉਣ ਦਾ ਸ਼ਗਨ ਕੀਤਾ ਜਾਂਦਾ ਹੈ। ਵਿਸਾਖੀ ਦਾ ਤਿਉਹਾਰ ਨਵੀਂ ਫਸਲ ਘਰ, ਆਉਣ ਦੇ ਚਾਅ ਵਿਚ ਪੰਜਾਬ ਦੇ ਕਿਸਾਨ ਕਾਫੀ ਜੋਸ਼ ਨਾਲ ਮਨਾਉਂਦੇ ਹਨ। ਇਹ ਤਿਉਹਾਰ ਹਰ ਸਾਲ 13 ਅਪ੍ਰੈਲ ਨੂੰ ਆਉਂਦਾ ਹੈ। ਇਸ ਤਿਉਹਾਰ ਦਾ ਸਥਾਨਕ ਨਾਂ ਵਸੋਆ ਹੈ। .. ਵਸੋਏ ਦਾ ਕਾਫੀ ਭਰਵਾਂ ਮੇਲਾ, ਸੰਗ ਢੇਸੀਆਂ (ਜਿਲਾ ਜਲੰਧਰ ਵਿਖੇ ਲਗਦਾ ਹੈ। ਪੰਜਾਬ ਦਾ ਪ੍ਰਸਿੱਧ ਲੋਕ-ਨਾਚ ਭੰਗੜਾ ਪੰਜਾਬੀਆਂ ਨੂੰ ਇਸੇ ਤਿਉਹਾਰ ਦੀ ਦੇਣ ਹੈ।

ਇਸ ਤਿਉਹਾਰ ਦੀ ਧਾਰਮਿਕ ਤੇ ਇਤਿਹਾਸਕ ਮਹੱਤਤਾ ਵੀ ਬਹੁਤ ਹੈ। ਇਸੇ ਦਿਨ ਸੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸਗੜ੍ਹ ਵਿਚ ਪੰਜ ਪਿਆਰਿਆਂ ਨੂੰ ਖੰਡੇਧਾਰ ਅੰਮ੍ਰਿਤ ਦੀ ਪਾਹੁਲ ਛਕਾ ਕੇ ਖਾਲਸਾ ਸਾਜਿਆ ਸੀ, ਇਸ ਲਈ ਇਸ ਦਿਨ ਪੰਜਾਬ ਭਰ ਦੇ ਗੁਰਦੁਆਰਿਆਂ ਵਿਚ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ। ਤਲਵੰਡੀ ਸਾਬੋ (ਦਮਦਮਾ ਸਾਹਿਬ ਦੀ ਵਿਸਾਖੀ) ਖਾਸ ਤੌਰ 'ਤੇ ਪ੍ਰਸਿੱਧ ਹੈ।

### ਤੀਆਂ

ਹੋਰ ਤਿਉਹਾਰ ਤਾਂ ਥੋੜੇ ਬਹੁਤੇ ਅੰਤਰ ਨਾਲ ਹੋਰ ਕਿਧਰੇ ਵੀ ਮਨਾਏ ਜਾਂਦੇ ਹੋਣਗੇ ਪਰੰਤੂ ਤੀਆਂ ਪੰਜਾਬ ਦਾ ਨਿਰੋਲ ਆਪਣਾ ਤਿਉਹਾਰ ਹੈ। ਪੰਜਾਬ ਵਿਚੋਂ ਵੀ ਮਾਲਵੇ ਦੇ ਇਲਾਕੇ ਵਿਚ ਇਹ ਤਿਉਹਾਰ ਸਤ ਤੋਂ ਬੀਰੇ ਗਰਮ ਜੋਸ਼ੀ ਨਾਲ ਮਨਾਇਆ ਜਾਂਦਾ ਹੈ। ਤੀਆਂ ਦਾ ਤਿਉਹਾਰ ਸਾਉਣ ਸੁਦੀ ਤੀਜ ਨੂੰ ਆਉਂਦਾ ਹੈ। ਸਾਵਣ, ਭਰ, ਬਰਸਾਤ ਦਾ ਮਹੀਨਾ ਹੈ, ਪ੍ਰਕਿਰਤੀ ਆਪਣੇ ਪੂਰੇ ਨਿਖਾਰ ਵਿਚ ਹੁੰਦੀ ਹੈ। ਇਸ ਨਿਖਾਰ ਦਾ ਪ੍ਰਤਿਬਿੰਬ ਮਨੁੱਖੀ ਮਨਾਂ 'ਤੇ ਵੀ ਛਾ ਜਾਂਦਾ ਹੈ

ਤੀਆਂ ਦੇ ਤਿਉਹਾਰ ਦੀ ਇਕ ਅੱਡਰੀ, ਨਿਆਰੀ ਵਿਸ਼ੇਸ਼ਤਾ ਇਹ ਵੀ ਹੈ ਕਿ ਹੋਰ ਤਿਉਹਾਰਾਂ ਵਿਚ ਵੀ ਕੁੜੀਆਂ ਦੀ ਸ਼ਮੂਲੀਅਤ ਦੀ ਖੁੱਲ੍ਹ ਹੁੰਦੀ ਹੈ ਪਰੰਤੂ ਤੀਆਂ ਦਾ ਤਿਉਹਾਰ ਤਾਂ ਹੁੰਦਾ ਹੀ ਨਿਰੋਲ ਕੁੜੀਆਂ ਦਾ ਹੈ। ਵਿਚੋਂ ਵੀ ਵਿਆਹੀਆਂ ਹੋਈਆਂ ਕੁੜੀਆਂ ਦੀ ਇਸ ਤਿਉਹਾਰ ਵਿਚ ਪ੍ਰਧਾਨਤਾ ਹੁੰਦੀ ਹੈ।

ਇਸ ਮੌਕੇ ਵੀਰ ਆਪਣੀਆਂ ਭੈਣਾਂ ਨੂੰ ਸਹੁਰਿਆਂ ਤੋਂ ਉਚੇਚੇ ਤੌਰ 'ਤੇ ਲੈਣ ਜਾਂਦੇ ਹਨ। ਜਿਹੜੀਆਂ, ਕਿਸੇ ਖਾਸ ਕਾਰਨ ਪੇਕੀ ਨਾ ਆ ਸਕਦੀਆਂ ਹੋਣ, ਉਨ੍ਹਾਂ ਨੂੰ ਵੀਰਾਂ ਦੇ ਹੱਥ ਉਨ੍ਹਾਂ ਦੇ ਸਹੁਰੇ ਪਿੰਡ ਹੀ, ਸੰਧਾਰੇ ਹਨ ਜਾਂਦੇ ਹਨ।

ਤੀਆਂ ਤੋਂ ਪਹਿਲੀ ਸ਼ਾਮ ਵੇਲੇ ਕੁੜੀਆਂ ਆਪਣੀ ਹੱਥੀਂ ਬੜੇ ਸ਼ੌਕ ਨਾਲ ਮਹਿੰਦੀ ਲਾਉਂਦੀਆਂ ਹਨ। ਕਾਂਤ ਸਭਾਂਤੀਆ ਵੰਗਾਂ ਤੇ ਬਲੌਰ ਪਹਿਨ ਕੇ ਨਵੇਂ ਕੱਪੜੇ ਪਾਉਂਦੀਆਂ ਹਨ। ਤੀਜ ਵਾਲੇ ਦਿਨ ਦਰਖਤ, ਮੁਟਿਆਰਾਂ ਦੀਆਂ ਪੀਂਘ ਦੇ ਹੁਲਾਰੇ ਨਾਲ ਝੂਮ ਉਠਦੇ ਹਨ। ਲੋਹੜੇ ਦਾ ਗਿੱਧਾ ਪੈਂਦਾ ਹੈ। ਸਾਉਣ ਦੇ ਮਹੀਨੇ ਵਿਚ ਆਮ ਕਰਕੇ ਅਤੇ ਤੀਆਂ ਦੇ ਤਿਉਹਾਰ ਦੇ ਦੌਰਾਨ ਖਾਸ ਕਰ ਕੇ ਖੀਰ-ਪੂੜੇ ਤੇ ਹੋਰ ਪਕਵਾਨ ਪਕਾਏ ਜਾਂਦੇ ਹਨ। ਕੁੜੀਆਂ ਨਾਲ ਆਏ ਜੁਆਈਆਂ ਦੀ ਵੀ ਉਚੇਰੀ ਸੇਵਾ ਕੀਤੀ ਜਾਂਦੀ ਹੈ।

### ਰੱਖੜੀ

ਸਾਉਣ ਦੀ ਹੀ ਪੂਰਨਮਾਸ਼ੀ ਨੂੰ ਰੱਖੜੀ ਦਾ ਤਿਉਹਾਰ ਹੁੰਦਾ ਹੈ। ਇਨੀਂ ਦਿਨੀਂ ਭੈਣਾਂ ਆਪਣੇ ਭਰਾਵਾਂ ਕੋਲ ਪਹੁੰਚ ਕੇ, ਉਨ੍ਹਾਂ ਦੇ ਗੁੱਟਾਂ ਨਾਲ ਆਪਣੇ ਹੱਥੀਂ ਪਸ਼ਮ ਦੀਆਂ ਬਣਾਈਆਂ ਛੁੱਟੀਆਂ ਵਾਲੀਆਂ ਰੱਖੜੀਆਂ ਬੰਨਦੀਆਂ ਸਨ। ਅੱਜ ਕੱਲ੍ਹ ਤਾਂ ਬਣੀਆਂ ਬਣਾਈਆਂ ਵੰਨ-ਸੁਵੰਨੀਆਂ ਬਾਜ਼ਾਰੀ ਰੱਖੜੀਆਂ ਮਿਲਣ ਲੱਗ ਪਈਆਂ ਹਨ। ਹਰ ਭਰਾ ਆਪਣੀ ਰੋਖੋਂ ਅਨੁਸਾਰ ਸ਼ਗਨ ਵਜੋਂ ਭੈਣਾਂ ਨੂੰ ਕੁਝ ਪੈਸੇ ਦਿੰਦਾ ਹੈ। ਇਸ ਤਿਉਹਾਰ ਨੂੰ ਰਖਸ਼ਾ-ਬੰਧਨ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਪੁਰਾਣਿਆਂ ਸਮਿਆਂ ਵਿਚ ਭੈਣਾਂ ਜੰਗ 'ਤੇ ਜਾ ਰਹੇ ਵੀਰਾਂ ਦੀ ਰਾਖੀ ਲਈ ਦੁਆ ਕਰਦੀਆਂ, ਉਨ੍ਹਾਂ ਦੇ ਗੁੱਟ 'ਤੇ ਰੱਖੜੀਆਂ ਬੰਨਦੀਆਂ ਸਨ।

### ਗੁੱਗਾ ਨੌਮੀ

ਗੁੱਗੇ ਦਾ ਤਿਉਹਾਰ ਹੈ ਜਿਸ ਨੂੰ ਆਦਰ ਵਜੋਂ 'ਗੁੱਗਾ ਜਾਹਰ ਪੀਰ' ਵੀ ਕਿਹਾ ਜਾਂਦਾ ਹੈ। ਗੁੱਗੇ ਦਾ ਤਿਉਹਾਰ ਸਰਪ-ਪੂਜਾ ਦਾ ਹੀ ਇਕ ਰੂਪਾਂਤਰ ਮਾਤਰ ਪ੍ਰਤੀਤ ਹੁੰਦਾ ਹੈ। ਇਸ ਦਿਨ 'ਛਪਾਰ ਦਾ ਮੇਲਾ ਲਗਦਾ ਹੈ। ਜਿਸ ਦਾ ਵੇਰਵੇ ਭਰਪੂਰ ਜ਼ਿਕਰ ਅਸੀਂ ਪਿੱਛੇ ਕਰ ਆਏ ਹਾਂ। ਇਕ ਵਿਸ਼ਵਾਸ ਅਨੁਸਾਰ ਗੁੱਗਾ ਇਕ ਰਾਜਪੂਤ ਸੂਰਮਾ ਸੀ ਜਿਸ ਦੇ ਨਾਉਂ ਨਾਲ ਕਹੀ ਬੀਰ-ਕਥਾਵਾਂ ਜੁੜੀਆਂ । ਹੋਈਆਂ ਹਨ। ਸੋਹਿੰਦਰ ਸਿੰਘ ਬੇਦੀ ਅਨੁਸਾਰ, "ਜਾਪਦਾ ਹੈ ਕਿ ਗੁੱਗਾ ਕੋਈ ਰਾਜਪੂਤ ਯੋਧਾ ਸੀ ਜਿਸ ਨੇ ਕੁਝ ਲੜਾਈਆਂ ਆਪਣੇ ਕਬੀਲੇ ਦੇ ਲੋਕਾਂ ਨਾਲ ਲੜੀਆਂ, ਕੁਝ ਬਾਹਰੋਂ ਆਏ ਮੁਸਲਮਾਨ ਧਾੜਵੀਆਂ , ਨਾਲ। ਇਸਦੀ ਵੀਰਗਾਥਾ ਉੱਤੇ ਪਿਛੋਂ ਮੁਸਲਮਾਨੀ ਰੰਗ ਚਾੜ੍ਹ ਦਿੱਤਾ ਗਿਆ। ਸਮੇਂ ਦੇ ਬੀਤਣ ਨਾਲ ਲੋਕਧਾਰਾ ਦੇ ਅਨੇਕਾਂ ਤੱਤ ਇਸ ਕਥਾ ਨੂੰ ਵਿਚ ਸਮਾ ਗਏ। ਹੌਲੀ ਹੌਲੀ ਪਿੱਛੋਂ ਗੁੱਗੇ ਨੂੰ ਸਰਪ-ਪੂਜਾ ਨਾਲ ਜੋੜ ਲਿਆ ਗਿਆ। ਇਸ ਦਿਨ ਸੱਪਾਂ ਦੀਆਂ ਬਰਮੀਆਂ 'ਤੇ ਕੱਚੀ ਲੱਸੀ ਅਤੇ ਸੇਵੀਆਂ ਭੇਟ ਕੀਤੀਆਂ ਜਾਂਦੀਆਂ ਹਨ।

### ਕਿਸ਼ਨ ਜਨਮ ਅਸ਼ਟਮੀ

ਭਾਦੋਂ ਦੇ ਹਨੇਰੇ ਪੱਖ ਦੀ ਅਸ਼ਟਮੀ ਵਾਲੇ ਦਿਨ ਸ੍ਰੀ ਕ੍ਰਿਸ਼ਨ ਜੀ ਦੇ ਜਨਮ ਦੇ ਉਪਲਕਸ਼ ਵਿਚ ਕ੍ਰਿਸ਼ਨ ਅਸ਼ਟਮੀ ਦਾ ਤਿਉਂਹਾਰ ਮਨਾਇਆ ਜਾਂਦਾ ਹੈ। ਵੈਸ਼ਨੋ ਮੱਤ ਦੇ ਅਨੁਯਾਈ ਇਸ ਤਿਉਹਾਰ ਨੂੰ ਬੜੀ ਸ਼ਰਧਾ ਨਾਲ ਮਨਾਉਂਦੇ ਹਨ। ਵਰਤ ਰੱਖੇ ਜਾਂਦੇ ਹਨ ਤੇ ਮੰਦਰਾਂ ਵਿਚ ਕਿਸ਼ਨ ਜਨਮ ਦੀ ਕਥਾ ਕੀਤੀ ਜਾਦੀ ਹੈ। ਪਿੰਡਾਂ ਵਿਚ ਕ੍ਰਿਸ਼ਨ ਜੀ ਦੇ ਜੀਵਨ ਨੂੰ ਨਾਲ ਸੰਬੰਧਤ ਰਾਮ ਲੀਲਾ ਖੇਡੀ ਜਾਂਦੀ ਹੈ।

ਅੱਸੂ ਦੇ ਹਨੇਰੇ ਪੱਖ ਦੀਆਂ 15 ਤਿਥਾਂ ਨੂੰ ਆਪਣੇ ਮੋਏ ਪਿੱਤਰਾਂ ਦੇ ਨਮਿੱਤ ਬਾਹਮਣਾਂ ਨੂੰ ਭੋਜਨ ਛਕਾ ਕੇ ਸ਼ਰਾਧ ਕਰਾਏ ਜਾਂਦੇ ਹਨ। ਹਿੰਦੂ ਲੋਕ ਇਨੀਂ ਦਿਨੀਂ ਤੀਰਥ ਯਾਤਰਾ ਕਰਕੇ ਆਪਣੇ ਪਿੱਤਰਾਂ ਨਮਿੱਤ ਪਾਣੀ ਦਿੰਦੇ ਹਨ ਤੇ ਦੀਪ ਦਾਨ ਕਰਦੇ ਹਨ। ਸਿੱਖ ਵਸੋਂ ਵਿਚ ਸਿੰਘ

ਸਭਾ ਲਹਿਰ ਦੇ ਪ੍ਰਭਾਵ ਅਧੀਨ ਸ਼ਰਾਧਾਂ ਦੀ ਰੀਤ ਖਤਮ ਹੋ ਗਈ ਹੈ ਪਰ ਸਿੱਖਾਂ ਦੇ ਕੁਝ ਘਰ ਬ੍ਰਾਹਮਣਾਂ ਦੀ ਥਾਂ ਸਿੱਖ ਬਹਾਲ ਕੇ ਇਸ ਰਸਮ ਨੂੰ ਪੂਰੀ ਕਰ ਲੈਂਦੇ ਹਨ। ਸ਼ਰਾਧਾਂ ਦੇ ਦਿਨ, ਕਿਸੇ ਸ਼ਗਨਾਂ ਵਲੇ ਕਾਰਜ ਲਈ ਅਸ਼ੁੱਭ ਮੰਨੇ ਜਾਂਦੇ ਹਨ।

### ਸਾਂਝੀ ਮਾਈ ਤੇ ਦੁਸ਼ਹਿਰੇ ਦਾ ਤਿਉਹਾਰ

ਸ਼ਰਾਧ ਮੁੱਕਣ ਸਾਰ ਹੀ ਨੌਰਾਤੇ ਸ਼ੁਰੂ ਹੋ ਜਾਂਦੇ ਹਨ। ਨੌਰਾਤਿਆਂ ਵਿਚ ਕੁੜੀਆਂ, ਸਾਂਝੀ-ਆਈ ਦਾ ਤਿਉਹਾਰ ਮਨਾਉਂਦੀਆਂ ਹਨ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਜੇ ਪੰਜ ਕੁਆਰੀਆਂ ਇਕੱਠੀਆਂ ਹੋ ਕੇ ਸਾਂਝੀ ਮਾਈ ਦੀ ਵਿਧੀਵਤ ਢੰਗ ਨਾਲ ਪੂਜਾ ਕਰਨ ਤੇ ਉਹਦੀ ਆਰਤੀ ਉਤਾਰਨ ਤਾਂ ਉਨ੍ਹਾਂ ਦੀਆਂ ਮਨੋਕਾਮਨਾਵਾਂ ਪੂਰੀਆਂ ਹੋ ਜਾਂਦੀਆਂ ਹਨ। ਇਸ ਮਕਸਦ ਲਈ ਕੁੜੀਆਂ ਪਹਿਲੇ ਨੌਰਾਤੇ ਕੋਰੇ ਘੜੇ ਦੇ ਠੀਕਰੇ, , ਕੁੱਜੇ ਜਾ ਘਜੀ ਤੇ ਜੌਂ ਬੀਜਦੀਆਂ ਹਨ। ਇਨ੍ਹਾਂ ਨੂੰ ਖੇਤਰੀ ਜਾਂ 'ਗੋਰਜਾਂ ਮਾਤਾ ਦੀ ਖੇਤੀ ਕਿਹਾ ਜਾਂਦਾ ਹੈ। ਗੋਰਜਾਂ ਤੇ ਸਾਂਝੀ-ਮਾਈ ਪਾਰਵਤੀ ਦਾ ਹੀ ਰੂਪ ਹਨ। ਇਹ ਚੋਂ ਦੁਸਹਿਰੇ ਵਾਲੇ ਦਿਨ ਆਪਣੇ ਨਿਕਟ ਵਰਤੀਆਂ ਦੀਆਂ ਪੱਗਾਂ ਵਿਚ ਟੰਗ ਦਿੰਦੀਆਂ ਹਨ ਤੇ ਉਹਨਾਂ ਤੋਂ ਸ਼ਗਨ ਵਜੋਂ ਕੁਝ ਭੇਟਾ ਪ੍ਰਾਪਤ ਕਰਦੀਆਂ ਹਨ। ਨੌਰਾਤਿਆਂ ਦੌਰਾਨ ਵਰਤ ਰੱਖਣ ਦਾ ਵੀ ਰਿਵਾਜ ਹੈ।

ਨੌਰਾਤਿਆਂ ਦੌਰਾਨ ਹੀ ਕੰਧ ਉਤੇ, ਗੋਈ ਹੋਈ ਚੀਕਣੀ ਮਿੱਟੀ ਨਾਲ ਬੜੀ ਰੀਝ ਤੇ ਮਿਹਨਤ ਨਾਲ ਸਾਂਝੀਆਈ ਦੀ ਮੂਰਤੀ ਬਣਾਈ ਜਾਂਦੀ ਹੈ ਜਿਸ ਨੂੰ ਤਰ੍ਹਾਂ ਤਰ੍ਹਾਂ ਦੀਆਂ ਵਸਤਾਂ ਨਾਲ ਸ਼ਿੰਗਾਰਿਆ ਜਾਂਦਾ ਹੈ। ਕੁੜੀਆਂ ਜੋਤਾਂ ਜਗਾ ਦੇ ਕੇ ਸਾਂਝੀ ਮਾਈ ਦੀ ਆਰਤੀ ਉਤਾਰਦੀਆਂ ਹਨ ਤੇ ਆਮ ਤੌਰ 'ਤੇ ਹੇਠ ਲਿਖਿਆ ਗੀਤ ਗਾਉਦੀਆਂ ਹਨ:

ਨੀਂ ਤੂੰ ਜਾਗ ਸਾਂਝੀ ਜਾਗ<br>
ਸਾਡੇ ਜਾਗ ਪੈਣ ਭਾਗ<br>
ਮੈਂ ਆਈ ਤੇਰੇ ਦਵਾਰ<br>
ਮੈਨੂੰ ਤਾਰ ਮਾਈ ਤਾਰ<br>
ਮੇਰੀ ਪੂਜਾ ਲੇਖੇ ਲਾਈਂ<br>
ਮੇਰੀਆਂ ਦੂਰ ਰਹਿਣ ਬਲਾਈਂ<br>
ਜਾਗ, ਸਾਂਝੀ ਜਾਗ।

ਦੁਸਹਿਰੇ ਵਾਲੇ ਦਿਨ ਬੜੀ ਸ਼ਰਧਾ ਭਾਵ ਨਾਲ ਇਸ ਮੂਰਤੀ ਨੂੰ ਜਲ-ਭੇਟ ਕਰ ਦਿੱਤਾ ਜਾਂਦਾ ਹੈ। ਸ਼ਹਿਰਾਂ ਤੇ ਕੁਝ ਵੱਡੇ ਪਿੰਡਾਂ ਵਿਚ ਵਿਸ਼ੇਸ਼ ਲੋਕ-ਸ਼ੈਲੀਆਂ ਦੁਆਰਾ ਰਾਮ ਲੀਲਾ ਖੇਡੀ ਜਾਂਦੀ ਹੈ। ਵੱਖ ਵੱਖ ਦਿਨੀਂ ਕਥਾ ਨਾਲ ਸੰਬੰਧਤ ਮੁੱਖ ਘਟਨਾਵਾਂ ਨੂੰ ਨਾਟਕੀ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ। ਰਾਮ ਲੀਲਾ ਨੂੰ ਵਿਸ਼ੇਸ਼ ਦਿਲਚਸਪੀ ਤੇ ਸ਼ਰਧਾ ਨਾਲ ਦੇਖਿਆ ਜਾਦਾ ਹੈ। ਨੌਰਾਤੇ ਮੁੱਕਣ ਮਗਰੋਂ ਦਸਵੇਂ ਦਿਨ ਦੁਸਹਿਰਾ ਮਨਾਇਆ ਜਾਂਦਾ ਹੋ ਹੈ। ਪਹਿਲੇ ਵੇਲੇ ਰਾਮ-ਕਥਾ ਨਾਲ ਸੰਬੰਧਤ ਵੱਖ ਵੱਖ ਝਾਕੀਆਂ ਪੇਸ਼ ਕੀਤੀਆ ਜਾਂਦੀਆਂ ਹਨ। ਨਗਰ ਦੇ ਵਡੇਰੇ ਭਾਗ ਦਾ ਚੱਕਰ ਲਾ ਕੇ ਇਹ ਝਾਕੀਆਂ ਦੁਸਹਿਰੇ ਵਾਲੇ ਪੰਡਾਲ ਵਿਚ ਪ੍ਰਵੇਸ਼ ਕਰਦੀਆਂ ਹਨ ਤੇ ਪਰੇ ਪੰਡਾਲ ਵਿਚ ਇਹਨਾਂ ਦੇ ਗੇੜੇ ਕਢਾਏ ਜਾਂਦੇ ਹਨ।

ਦਸਹਿਰੇ ਨੂੰ ਵਿਜੈ ਦਸਮੀ ਦਾ ਤਿਉਹਾਰ ਵੀ ਕਿਹਾ ਜਾਂਦਾ ਹੈ। ਪਰੰਪਰਾ ਅਨੁਸਾਰ ਇਸ ਦਿਨ ਸੀ ਰਾਮ ਚੰਦਰ ਦੀ ਲੰਕਾਪਤੀ ਰਾਵਣ ਉੱਤੇ ਅੰਤਿਮ ਵਿਜੇ ਹੋਈ ਕਹੀ ਜਾਂਦੀ ਹੈ। ਇਸ ਦਿਨ ਦੁਸਹਿਰੇ ਦਾ ਮੇਲਾ ਇਸੇ ਖੁਸ਼ੀ ਦੀ ਯਾਦ ਨੂੰ ਵਿਚ ਹਰ ਵਰੇ ਮਨਾਇਆ ਜਾਂਦਾ ਹੈ। ਪੰਡਾਲ ਵਿਚ ਰਾਵਣ ਅਤੇ ਰਾਮ ਜੀ ਦੀ ਸੈਨਾ ਵਿਚਕਾਰ ਯੁੱਧ ਦੀ ਝਾਕੀ ਵਿਸ਼ੇਸ਼ ਤੌਰ 'ਤੇ ਅਭਿਨੈ ਰੂਪ ਵਿਚ ਵਿਖਾਈ ਜਾਂਦੀ ਹੈ। ਸੂਰਜ ਡੁੱਬਣ ਤੋਂ ਪਹਿਲਾਂ ਰਾਵਣ ਦੀ ਹਾਰ ਹੋਈ ਵਿਖਾਈ ਜਾਂਦੀ ਹੈ। ਤਾਂ ਇਸ ਸਮੇਂ ਰਾਵਣ, ਮੇਘਨਾਥ ਤੇ ਕੁੰਭਕਰਨ ਦੇ ਪੁਤਲਿਆਂ ਨੂੰ ਅੱਗ ਲਾਈ ਜਾਂਦੀ ਹੈ। ਇਨ੍ਹਾਂ ਵਿਚ ਰੱਖੇ ਪਟਾਕਿਆਂ ਤੇ ਪਲੀਤੇ ਫਟਣ ਨਾਲ ਆਸਮਾਨ ਗੂੰਜ ਉਠਦਾ ਹੈ। ਕਈ ਮਨਚਲੇ ਰਾਮ ਵਿਜੈ ਵਿਚ ਆਪਣਾ ਪ੍ਰਤੀਕਾਤਮਕ ਹਿੱਸਾ ਪਾਉਂਦੇ ਹੋਏ ਰਾਵਣ ਦੇ ਸੜ ਰਹੇ ਪੁਤਲੇ 'ਤੇ ਖੂਬ ਡਾਂਗਾਂ ਵਰਾਉਂਦੇ ਹਨ।

ਦੁਸਹਿਰੇ ਦੇ ਦਿਨੀਂ ਗੰਨੇ ਪੱਕ ਜਾਂਦੇ ਹਨ। ਕਈ ਕਿਸਾਨ ਸ਼ਰਧਾ ਵਜੋਂ ਦੁਸਹਿਰੇ ਦੇ ਦਿਨ ਪਿਤ ਵਿਚ ਲਿਆਂ ਹੀਆਂ ਕਰੀਆਂ ਖਿਲਾਰ ਕੇ ਆਪਣੀ ਫਸਲ ਵਿਚ ਬਰਕਤ ਦੀ ਸੁੱਖ ਮੰਗਦੇ ਹਨ। ਦੁਸਹਿਰੇ ਵਾਲੇ ਦਿਨ ਜੇ ਗਰੁੜ, ਜਿਸ ਨੂੰ ਸਥਾਨਕ ਬੋਲੀ ਵਿਚ ਬੜਕੋਕ ਕਿਹਾ ਜਾਂਦਾ ਹੈ, ਦੇ ਦਰਸ਼ਨ ਹੋ ਜਾਣ ਤਾਂ ਇਸ ਨੂੰ ਸੁਭਾਗ ਦਾ ਚਿੰਨ੍ਹ ਸਮਝਿਆ ਜਾਂਦਾ ਹੈ। ਕਈ ਲੋਕਾਂ ਨੇ ਇਸ ਵਹਿਮ ਤੋਂ ਲਾਭ ਉਠਾਉਣ ਲਈ ਗਰੁੜ ਕੁਝ ਦਿਨ ਪਹਿਲਾਂ ਹੀ ਫੜ ਕੇ ਰੱਖਿਆ ਹੋਇਆ ਹੁੰਦਾ ਹੈ ਤੇ ਦੁਸ਼ਹਿਰੇ ਵਾਲੇ ਦਿਨ ਲੋਕਾਂ ਨੂੰ 'ਗਰੁੜ ਭਗਵਾਨ' ਦੇ ਦਰਸ਼ਨ ਕਰਵਾ ਕੇ ਸ਼ਰਧਾਲੂਆਂ ਤੋਂ ਕਾਫੀ ਪੈਸੇ ਬਟੋਰ ਲੰਦੇ ਹਨ।

### ਕਰਵਾ ਚੌਥ

ਕੱਤਕ ਮਹੀਨੇ ਦੇ ਹਨੇਰੇ ਪੱਖ ਦੀ ਚੰਥ ਤਿੱਥ ਨੂੰ ਕਰਵਾ ਚੌਥ ਜਾਂ ਕਰੂਏ ਦਾ ਵਰਤ ਆਉਂਦਾ ਹੈ। ਇਸ ਵਰਤ ਵਿਚ ਇਕ ਰਸਮ ਕਰੂਏ ਅਰਥਾਤ ਕੋਰੇ ਕੁੱਜੇ ਵਟਾਉਣ ਦੀ ਹੁੰਦੀ ਹੈ। ਸ਼ਾਇਦ ਇਸੇ ਕਰਕੇ ਇਸ ਨੂੰ ਕਰਹੇ ਦਾ ਵਰਤ ਵੀ ਕਿਹਾ ਜਾਂਦਾ ਹੈ। ਕਰਵਾ ਚੌਥ ਦਾ ਵਰਤ ਨਿਰਜਲਾ ਹੁੰਦਾ ਹੈ। ਸਵੇਰ ਨੂੰ ਸਰ ਖਾਣ ਤੋਂ ਲੈ ਕੇ ਰਾਤ ਨੂੰ ਚੰਨ ਨੂੰ ਅਰਘ ਦੇਣ ਦੀ ਘੜੀ ਤੀਕ, ਅੰਨਜਲ ਮੂੰਹ ਨਹੀਂ ਲਾਇਆ ਜਾਂਦਾ। ਇਹ ਵਰਤ ਸੁਹਾਗਣਾਂ ਆਪਣੇ ਪਤੀ ਦੇ ਕਲਿਆਣ ਲਈ ਰੱਖਦੀਆਂ ਹਨ। ਵਰਤ ਖੋਣ ਤੋਂ ਪਹਿਲਾਂ ਅਹੋਈ ਦੇਵੀ ਦੀ ਕਥਾ ਸੁਣਨ ਦਾ ਵੀ ਰਿਵਾਜ ਹੈ।

ਕੱਤਕ ਦੀ ਹੀ ਰੁੱਤ ਵਿਚ 'ਦੇਵ ਉਠਾਨ ਦਾ ਪੁਰਬ ਆਉਂਦਾ ਹੈ। ਇਸ ਪਿੱਛੇ ਇਹ ਵਿਸ਼ਵਾਸ ਕੰਮ ਕਰਦਾ ਹੈ ਕਿ ਵਾਦੀ ਦੀ ਰੁੱਤ ਮੁੱਕਣ ਮਗਰੋਂ ਦੇਵਤੇ ਸੌਂ ਜਾਂਦੇ ਹਨ। ਕੱਤਕ ਦੇ ਮਹੀਨਿਆਂ ਵਿਚ ਉਨ੍ਹਾਂ ਨੂੰ ਜਗਾਉਣ ਲਈ 'ਦੇਵਉਠਾਨ ਪੁਰਬ ਮਨਾਇਆ ਜਾਂਦਾ ਹੈ। ਇਸ ਪੁਰਬ ਦੌਰਾਨ ਉੱਚੀ ਉੱਚੀ ਥਾਲੀਆਂ ਵਜਾਉਣ ਅਤੇ ਮੰਦਰਾਂ ਵਿਚ ਟੱਲ ਖੜਕਾਉਣ ਦੀ ਪਿਰਤ ਹੈ। ਇਨ੍ਹਾਂ ਦੇ ਖੜਾਕੇ ਨਾਲ ਦੇਵਤਿਆ ਦੀ ਜਾਗ ਖੁੱਲ੍ਹ ਗਈ ਸਮਝੀ ਜਾਂਦੀ ਹੈ। ਇਸੇ ਹੀ ਮਹੀਨੇ ਦੇ ਹਨੇਰੇ ਪੰਖ ਤੇ ਤੇਰਵੇਂ ਪੱਖ ਨੂੰ 'ਧਨਤੇਰਸ' ਦਾ ਤਿਉਹਾਰ ਮਨਾਉਣ ਦਾ ਰਿਵਾਜ ਹੈ। ਲੋਕਾਂ ਯਕੀਨ ਹੈ ਕਿ ਜੇ ਇਸ ਪੁਰਬ ਵੇਲੇ ਨਵੇਂ ਤਾਂਡੇ ਖਰੀਦੇ ਜਾਣ ਤੇ ਮਿੱਠੇ ਪਕਵਾਨ ਪਕਾਏ ਜਾਣ ਤਾਂ ਸਾਰਾ ਸਾਲ ਉਸ ਘਰ ਦੇ ਭੰਡਾਰ ਭਰੇ ਰਹਿੰਦੇ ਹਨ।

**ਦੀਵਾਲੀ**

ਕੱਤਕ ਮਹੀਨੇ ਮੱਸਿਆ ਵਾਲੇ ਦਿਨ ਦੀਵਾਲੀ ਦਾ ਪੁਰਬ ਬੜੇ ਜ਼ੋਰ ਸ਼ੋਰ ਨਾਲ ਮਨਾਇਆ ਜਾਂਦਾ ਹੈ। ਦੀਵਾਲੀ ਤੋਂ ਪਹਿਲਾਂ ਘਰਾਂ ਦੀ ਸਫਾਈ ਉਪੰਰ ਵਿਸ਼ੇਸ਼ ਜ਼ੋਰ ਦਿੱਤਾ ਜਾਂਦਾ ਹੈ। ਘਰਾਂ ਦੇ ਅੰਦਰ, ਬਾਹਰ, ਪੂਜਾ ਸਥਾਨਾਂ ਤੇ ਢੇਰਾਂ ਤੱਕ ਉਪਰ ਦੀਵੇ ਬਾਲੇ ਜਾਂਦੇ ਹਨ। ਲੋਕ ਸਮਝਦੇ ਹਨ ਕਿ ਇਸ ਦਿਨ ਲੱਛਮੀ-ਦੇਵੀ 'ਬਿਧਮਾਤਾ ਦੇ ਨਾਲ ਰਾਤ ਵੇਲੇ ਸਤਨਾਂ ਗਾਂ ਦਾ ਚੱਕਰ ਲਾਉਂਦੀ ਹੈ ਜਿਹੜਾ ਘਰ ਸਾਫ਼ ਤੇ ਰੌਸ਼ਨੀ ਨਾਲ ਪ੍ਰਜਵਲਤਿ ਹੋਵੇ, ਲੱਛਮੀ ਦੇਵੀ ਕੇਵਲ ਉਥੇ ਨੀਂ ਪੈਰ ਪਾਉਂਦੀ ਹੈ। ਦੀਵਾਲੀ ਦੀ ਰਾਤ ਨੂੰ ਲੱਛਮੀ ਨੂੰ ਖੁਸ਼ ਕਰਨ ਲਈ ਚਾਂਦੀ ਦੇ ਰੁਪਈਆਂ ਦੇ ਰੂਪ ਵਿਚ ਲਕਸ਼ਮੀ ਪੂਜਨ ਵੀ ਕੀਤਾ ਜਾਂਦਾ ਹੈ। ਇਸ ਦਿਨ ਬਹੁਤ ਸਾਰੇ ਲੋਕ ਜੂਆ ਵੀ ਖੇਡਦੇ ਹਨ। ਉਨਾਂ ਨੇ ਆਪਣੀ ਹੈ, ਵਿਧਾ ਲਈ ਇਹ ਵਿਚਾਰ ਪ੍ਰਚੱਲਿਤ ਕੀਤਾ ਹੋਇਆ ਹੈ ਕਿ ਜੋ ਦੀਵਾਲੀ ਦੀ ਰਾਤ ਨੂੰ ਦੁਆ ਨਾ ਖੇਲੇ, ਉਹ ਪਾਈ ਗਧੇ ਦੀ ਜੂਨੇ ਪੈਂਦਾ ਹੈ।

ਦੀਵਾਲੀ ਦੇ ਉਤਸਵ ਦਾ ਧਾਰਮਕ ਮੰਤਵ ਵੀ ਹੈ। ਕਿਹਾ ਜਾਂਦਾ ਹੈ ਕਿ ਇਸ ਦਿਨ ਮਰਿਯਾਦਾ ਪਰਸ਼ੋਤਮ ਸੀ ਰਾਮ ਜੀ ਲਛਮਣ ਤੇ ਸੀਤਾ ਜੀ ਸਮੇਤ ਰਾਵਣ ਨੂੰ ਹਰਾਉਣ ਤੋਂ ਉਪਰੰਤ ਆਪਣੇ ਬਨਵਾਸ ਦੇ ਚੌਦਾਂ ਵਰੇ ਪੂਰੇ ਹੋਣ ਕਰਕੇ ਆਪਣੀ ਮਾਤ-ਭੂਮੀ ਅਯੁੱਧਿਆਂ ਨੂੰ ਪਰਤ ਆਏ ਸਨ। ਅਯੁੱਧਿਆ ਦੇ ਲੋਕਾਂ ਨੇ ਉਹਨਾਂ ਦੀ ਆਮਦ ਦੀ ਖੁਸ਼ੀ ਵਿਚ ਦੀਪਮਾਲਾ ਕੀਤੀ ਸੀ। ਇਸੇ ਤ ਦਿਨ ਦੀ ਸਿਮਰਤੀ ਨੂੰ ਦੁਹਰਾਉਣ ਲਈ ਇਹ ਉਤਸਵ ਮਨਾਇਆ ਜਾਂਦਾ ਹੈ।

ਇਸ ਤੋਂ ਬਿਨਾਂ ਇਹ ਵੀ ਸਮਝਿਆਂ ਜਾਂਦਾ ਹੈ ਕਿ ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ ਵਿਚੋਂ ਬਵੰਜਾ ਰਾਜਿਆਂ ਨੂੰ ਮੁਕਤ ਕਰਾਉਣ ਤੋਂ ਬਾਅਦ ਅੰਮ੍ਰਿਤਸਰ ਪਰਤੇ ਸਨ। ਉਨ੍ਹਾਂ ਦੀ ਆਮਦ ਦੀ ਖੁਸ਼ੀ ਵਿਚ ਅਮ੍ਰਿਤਸਰ ਦੇ ਨਾਗਰਿਕਾਂ ਵਲੋਂ ਉਚੇਚੇ ਤੌਰ ਤੇ ਦੀਪਮਾਲਾ ਕੀਤੀ ਗਈ ਸੀ। ਇਸ ਕਰਕੇ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਦਿਵਾਲੀ ਦੀ ਰਾਤ ਨੂੰ ਦੇ ਦੀਪ ਮਾਲਾ ਦੀਆਂ ਰੌਣਕਾਂ ਦੂਣ-ਸਵਾਈਆਂ ਹੁੰਦੀਆਂ ਹਨ।

**ਲੋਹੜੀ**

ਮਾਘ ਦੀ ਸੰਗਰਾਂਦ ਤੋਂ ਪਹਿਲੇ ਦਿਨ ਲੋਹੜੀ ਮਨਾਈ ਜਾਂਦੀ ਹੈ। ਇਸ ਤੋਂ ਕਈ ਦਿਨ ਪਹਿਲਾਂ ਬੱਚੇ ਟੋਲੀਆਂ ਬਣਾ ਕੇ ਲੋਹੜੀ ਦੀ ਰਾਤ ਨੂੰ ਬਾਲਣ ਲਈ ਪਾਥੀਆਂ ਤੇ ਹੋਰ ਬਾਲਣ ਘਰੋ-ਘਰੀ ਜਾ ਕੇ ਮੰਗਣਾ ਸ਼ੁਰੂ ਕਰ ਦਿੰਦੇ ਹਨ।

ਲੋਹੜੀ ਜਨਮ ਮੁੰਡਿਆਂ ਤੇ ਨਵੇਂ ਵਿਆਹੇ ਜੋੜਿਆਂ ਦੀ ਖੁਸ਼ੀ ਵਿਚ ਮਨਾਇਆ ਜਾਣ ਵਾਲਾ ਤਿਉਹਾਰ ਹੈ। ਸ਼ਾਮ ਨੂੰ ਗਈ ਰਾਤ ਤੀਕ ਹਰ ਤਰਾਂ ਦੇ ਗੀਤ ਗਾ ਕੇ, ਉਹਨਾਂ ਘਰਾਂ ਤੋਂ ਲੋਹੜੀ ਮੰਗਦੇ ਹਨ ਜਿਨ੍ਹਾਂ ਰੋ ਦਾ ਜਨਮ ਹੋਇਆ ਹੋਵੇ ਜਾਂ ਮੁੰਡੇ ਦਾ ਵਿਆਹ ਹੋਇਆ ਹੋਵੇ। ਲੋਹੜੀ ਵਾਲੇ ਦਿਨ ਆਪੋ ਆਪਣੀ ਪਰੋਖੋਂ ਅਨੁਸਾਰ ਮੰਗਣ ਆਈਆਂ ਟੋਲੀਆਂ ਨੂੰ ਗੁੜ-ਸ਼ੱਕਰ ਭੇਟਾ ਕਰਦੇ ਹਨ। ਲੋਹੜੀ ਬਾਰੇ ਕੁੱਝ ਲੰਮੇ ਗੀਤ ਪ੍ਰਚੱਲਿਤ ਹਨ ਜਿਨ੍ਹਾਂ ਵਿਚੋਂ ਇਕ ਟੋਟਕਾ ਗਾਇਆ ਜਾਂਦਾ ਹੈ ਤੇ ਜੇ ਘਰ ਵਾਲਿਆਂ ਵੱਲੋਂ ਲੋਹੜੀ ਦੇਣ ਵਿਚ ਕਿਸੇ ਕਾਰਨ ਦੇਰੀ ਹੋ ਜਾਵੇ ਤਾ ਛੋਟੇ ਗੀਤਾਂ ਦੇ ਟੋਟਕੇ ਲਗਾਤਾਰ ਛੱਡੇ ਜਾਂਦੇ ਹਨ ਜਿਹਨਾਂ ਵਿਚ ਅਸੀਸ ਦੀ ਭਾਵਨਾ ਵੀ ਹੁੰਦੀ ਹੈ ਤੇ ਕਈ ਵਾਰੀ ਟਿਚਕਰ-ਬਾਜ਼ੀ ਦੀ ਵੀ।

ਰਾਤ ਵੇਲੇ ਕਿਸੇ ਖੁੱਲ੍ਹੇ ਥਾਂ ਪਾਥੀਆਂ ਦੀ ਵੱਡੀ ਸਾਰੀ ਗਹੂੜੀ ਲਾ ਕੇ ਲੋਹੜੀ ਬਾਲੀ ਜਾਂਦੀ ਹੈ। ਲੋਕ ਡੂੰਘੀ ਰਾਤ ਗਈ ਤੱਕ ਅੱਗ ਸੇਕਦੇ 'ਤੇ ਗੁੜ, ਮੂੰਗਫਲੀ, ਰੇਵੜੀਆਂ, ਚਿੜਵੇ ਆਦਿ ਖਾਂਦੇ ਰਹਿੰਦੇ ਹਨ। ਲੋਹੜੀ ਦੇ ਇਕ ਗੀਤ ਤੇ ਇਹ ਪ੍ਰਤੀਤ ਹੁੰਦਾ ਹੈ ਕਿ ਇਸ ਦਾ ਸੰਬੰਧ ਦੱਲੇ ਭੱਟੀ ਨਾਲ ਹੈ। ਕਿਹਾ ਜਾਦਾ ਹੈ ਕਿ ਇਸ ਦਿਨ ਦੁੱਲੇ ਨੇ ਕੁੜੀ ਨੂੰ ਛੁਡਾ ਕੇ ਆਪਣੇ ਪੱਲਿਓਂ ਪੈਸੇ ਖਰਚ ਕੇ ਇਕ ਗਰੀਬ ਪਰਿਵਾਰ ਦੀ ਕੜੀ ਦੇ ਹੱਥ ਪੀਲੇ ਕੀਤੇ ਸਨ।

**ਮਾਘੀ**

ਲੋਹੜੀ ਤੋਂ ਅਗਲੇ ਹੀ ਦਿਨ ਮਾਘੀ ਦਾ ਤਿਉਹਾਰ ਹੁੰਦਾ ਹੈ। ਮਾਘ ਦੀ ਸੰਗਰਾਂਦ ਨੂੰ ਆਉਣ ਕਾਰਨ ਇਸ ਨੂੰ ਮਕਰ ਸੰਕ੍ਰਿਤੀ ਵੀ ਕਿਹਾ ਜਾਦਾ ਹੈ। ਇਸ ਦਿਨ ਤੀਰਥ ਇਸ਼ਨਾਨ ਤੇ ਪੁੰਨ ਦਾਨ ਦੇ ਕਾਰਜਾਂ ਦਾ ਵਧੇਰੇ ਮਹਾਤਮ ਸਮਝਿਆ ਜਾਂਦਾ ਹੈ। ਮਾਘ ਦੇ ਮਹੀਨੇ ਵਿਚ ਵਿਆਹ ਸ਼ਾਦੀਆਂ ਜਿਹੇ ਸ਼ਗਨਾਂ ਭਰੇ ਕੰਮ ਕੀਤੇ ਜਾਂਦੇ ਹਨ। ਮਾਘੀ ਵਾਲੇ ਦਿਨ ਮੋਠਾਂ ਤੇ ਬਾਜਰੇ ਦੀ ਖਿਚੜੀ ਤੇ ਮਲੀਆਂ ਖਾਈਆਂ ਗੁਣਕਾਰੀ ਮਸਝੀਆਂ ਜਾਂਦੀਆਂ ਹਨ। ਇਸ ਦਿਨ ਗੰਨੇ ਦੇ ਰਸ ਵਾਲੇ ਚੌਲ ਵੀ ਬਣਾਉਣ ਦਾ ਰਿਵਾਜ ਹੈ। ਮਾਘੀ ਵਾਲੇ ਦਿਨ ਮੁਕਤਸਰ ਵਿਖੇ ਬੜਾ ਭਾਰੀ ਮੇਲਾ ਲੱਗਦਾ ਹੈ।

**ਬਸੰਤ-ਪੰਚਮੀ**

ਬਸੰਤ ਇਕ ਪ੍ਰਸਿੱਧ ਮੌਸਮੀ ਤਿਉਹਾਰ ਹੈ। ਬਸੰਤ ਰੁੱਤੇ ਕੁਦਰਤ ਦਾ ਖੇੜਾ ਆਪਣੇ ਸਿਖਰ 'ਤੇ ਹੁੰਦਾ ਹੈ। ਇਸ ਦਿਨ ਸਵੇਰੇ ਹੀ ਕੁਝ ਲਾਗੀ ਆਪਣੇ ਜਜ਼ਮਾਨਾਂ ਦੇ ਘਰੀਂ ਸਰੋਂ ਦੇ ਪੀਲੇ ਫੁੱਲ ਭੇਟ ਕਰਦੇ ਹਨ ਜਾਂ ਉਨ੍ਹਾਂ ਦੀਆਂ ਪੱਗਾਂ ਵਿਚ ਟੰਗ ਕੇ ਉਹਨਾਂ ਤੋਂ ਲਾਗ ਦੇ ਰੂਪ ਵਿਚ ਕੁਝ ਪੈਸੇ ਤੇ ਦਾਣਾ-ਫੱਕਾ ਪ੍ਰਾਪਤ ਕਰਦੇ ਹਨ। ਬਸੰਤ ਪੰਚਮੀ ਵਾਲੇ ਦਿਨ ਰੰਗ ਬਰੰਗੀਆਂ ਗੱਡੀਆਂ ਤੇ ਪਤੰਗ ਉਡਾਉਣ ਦਾ ਰਿਵਾਜ ਵੀ ਹੈ।

ਬਸੰਤ ਪੰਚਮੀ ਵਾਲੇ ਦਿਨ ਹੀ ਧਰਮੀ ਹਕੀਕਤ ਰਾਏ ਨੇ ਸ਼ਹਾਦਤ ਪ੍ਰਾਪਤ ਕੀਤੀ ਸੀ। ਇਸ ਲਈ ਇਸ ਦਿਨ ਦੀ ਧਾਰਮਕ ਮਹੱਤਤਾ ਵੀ ਹੈ। ਬਸੰਤ ਪੰਚਮੀ ਵਾਲੇ ਦਿਨ ਛੇਹਰਟੇ ਤੇ ਪਟਿਆਲੇ ਵਿਚ ਖਾਸ ਕਰਕੇ ਕਾਫੀ ਭਰਵੇਂ ਮੇਲੇ ਲਗਦੇ ਹਨ।

**ਹੋਲੀ**

ਹੋਲੀ ਰੰਗਾਂ ਦਾ ਤਿਉਹਾਰ ਹੈ। ਇਸ ਦਿਨ ਆਪਣੇ ਮਿੱਤਰ ਸਨੇਹੀਆਂ ਉੱਪਰ ਗੁਲਾਲ ਜਾਂ ਰੰਗਦਾਰ ਪਾਣੀ ਛਿੜਕਣ ਦਾ ਰਿਵਾਜ ਹੈ। ਇਸ ਦਿਨ ਔਰਤਾਂ ਮਰਦ ਇਕ ਦੂਜੇ ਨਾਲ ਆਮ ਦਿਨਾਂ ਨਾਲੋਂ ਵਧੇਰੇ ਖੁੱਲ ਲੈ ਲੈਂਦੇ ਹਨ। ਪਿੰਡਾਂ ਵਿਚ ਇਹ ਦਿਓਰ-ਭਰਜਾਈ ਦੇ ਤਿਉਹਾਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਰੰਗ ਨਾ ਮਿਲਣ ਦੀ ਸੂਰਤ ਵਿਚ ਗੋਹੇ ਨੂੰ ਪਤਲਾ ਕਰਕੇ 'ਗੋਗਰਾਲੀ ਖੇਡ ਕੇ ਹੀ ਬੁੱਤਾ ਸਾਰ ਲਿਆ ਜਾਂਦਾ ਹੈ।

ਹੋਲੀ ਦੀ ਮਿਥਿਹਾਸਕ ਮਹੱਤਤਾ ਵੀ ਹੈ। ਕਹਿੰਦੇ ਹਨ ਕਿ ਇਸ ਦਿਨ ਹਰਨਾਕਸ਼ ਦੀ ਹੱਲਾ ਸ਼ੇਰੀ 'ਤੇ ਜਾਦੂ ਵਾਲੀ ਫੁਲਕਾਰੀ ਪਹਿਨ ਕੇ ਉਸਦੀ ਭੈਣ ਹੋਲਿਕਾ ਨੇ ਪ੍ਰਹਿਲਾਦ ਨੂੰ ਅੱਗ ਵਿਚ ਸਾੜਨ ਦੀ ਸਾਜਿਸ਼ ਰਚੀ ਸੀ ਪਰੰਤੂ ਅਗਨ-ਰੋਧਕ ਫੁਲਕਾਰੀ ਪ੍ਰਹਿਲਾਦ 'ਤੇ ਆ ਪਈ ਸੀ ਤੇ ਸਿੱਟੇ ਵਜੋਂ ਹੋਲਿਕਾ ਆਪ ਹੀ ਅੱਗ ਵਿਚ ਹੋਲਾਂ ਵਾਂਗ ਭੁੱਜ ਗਈ ਤੇ ਭਗਤ ਪ੍ਰਹਿਲਾਦ ਦਾ ਵਾਲ ਵਿੰਗਾ ਨਹੀਂ ਸੀ ਹੋਇਆ।

## ਪੰਜਾਬੀ ਖਾਣ-ਪੀਣ

ਭੁੱਖ ਲੱਗਣਾ ਤੇ ਕੁਝ ਖਾ ਲੈਣਾ ਦੇਖਣ ਵਿੱਚ ਇੱਕ ਸਰਲ ਅਤੇ ਸੁਭਾਵਿਕ ਜਿਹੀ ਪ੍ਰਕਿਰਿਆ ਲੱਗਦੀ ਹੈ ਕਦੇ ਕਿਸੇ ਨੇ ਇਹ ਖਿਆਲ ਨਹੀਂ ਕੀਤਾ ਕਿ ਭੋਜਨ ਜੀਵਾਂ ਦੇ ਲਈ ਕਿੰਨੀ ਅਹਿਮੀਅਤ ਰੱਖਦਾ ਹੈ।ਉਂਝ ਤਾਂ ਭੋਜਨ ਸਮੁੱਚੀ ਕਾਇਨਾਤ ਦੇ ਜੀਵ ਜੰਤੂਆ ਪਸ਼ੂ ਪੰਛੀਆਂ ਅਤੇ ਬਨਸਪਤੀ ਲਈ ਬੇਹੱਦ ਜਰੂਰੀ ਹੈ। ਪ੍ਰੰਤੂ ਮਨੁੱਖ ਅਤੇ ਬਾਕੀ ਜੀਵ ਜੰਤੂਆਂ ਦੇ ਭੋਜਨ ਪ੍ਰਾਪਤ ਕਰਨ ਅਤੇ ਪ੍ਰਾਪਤ ਹੋਏ ਭੋਜਨ ਨੂੰ ਗ੍ਰਹਿਣ ਕਰਨ ਦੇ ਢੰਗਾਂ ਅਤੇ ਸਾਧਨਾ ਵਿੱਚ ਢੇਰ ਸਾਰਾ ਅੰਤਰ ਹੈ। ਮਨੁੱਖ ਜਾਤੀ ਕੇਵਲ ਪੇਟ ਭਰਨ ਦੇ ਲਈ ਹੀ ਭੋਜਨ ਨਹੀਂ ਖਾਂਦੀ ਸਗੋ ਮਨੁੱਖੀ ਨਸਲ ਨੇ ਸਮੁੱਚੀ ਭੋਜਨ ਪ੍ਰਣਾਲੀ ਨੂੰ ਇੱਕ ਸੱਭਿਆਚਾਰਕ ਅਮਲ ਵਜੋਂ ਅਪਣਾਇਆ ਹੋਇਆ ਹੈ। ਕੁੱਲੀ, ਗੁੱਲੀ,ਜੁੱਲੀ,ਦੀ ਬੁਨਿਆਦੀ ਲੋੜ ਤੋਂ ਲੈ ਕੇ ਅੰਨ ਜਲ ਮੁੱਕ ਜਾਣ ਤਕ ਭੋਜਨ ਨਾਲ ਕਿੰਨੀ ਹੀ ਸੱਭਿਆਚਾਰਕ ਕਦਰਾਂ ਮਨੁੱਖੀ ਨਸਲ ਦੇ ਨਾਲ ਜੋੜ ਲਈਆ ਹਨ । ਜੇ ਮਨੁੱਖ ਕੇਵਲ ਪੇਟ ਭਰਨ ਦੇ ਲਈ ਭੋਜਨ ਕਰਦਾ ਤਾਂ ਉਸ ਨੂੰ ਛੱਤੀ ਪਕਵਾਨਾਂ ਦੀ ਲਾਲਸਾ ਨਾ ਹੁੰਦੀ ਜੇ ਉਹ ਦਾਲ ਰੋਟੀ ਨਾਲ ਗੁਜ਼ਾਰਾ ਕਰ ਸਕਦਾ ਸੀ ਤਾਂ ਵੰਨ ਸਵੰਨੇ ਖਾਣ ਦਾ ਸਵਾਦ ਨਾ ਰੱਖਦਾ ਭੋਜਨ ਦਾ ਪ੍ਰਯੋਗ ਤਾਂ ਹਰ ਇੱਕ ਮਨੁੱਖੀ ਸਮਾਜ ਚ ਹੁੰਦਾ ਹੈ ਪ੍ਰੰਤੂ ਕੋਈ ਸਮਾਜ ਭੋਜਨ ਪ੍ਰਤੀ ਕਿਸ ਕਿਸਮ ਦੀ ਪਹੁੰਚ ਅਪਣਾਉਦਾ ਹੈ। ਅਰਥਾਤ ਕਿਸੇ ਸਮਾਜ ਦੇ ਲੋਕ ਭੋਜਨ ਕਿਸ ਸਮੇਂ ਗ੍ਰਹਿਣ ਕਰਦੇ ਹਨ। ਉਹਨਾ ਦੇ ਭੋਜਨ ਦੀ ਕਿਸਮ ਕਿਹੋ ਜਿਹੀ ਹੈ? ਇਹ ਸਾਰੇ ਪੱਖ ਮਿਲ ਕੇ ਸਬੰਧਿਤ ਸਮਾਜ ਦੇ ਸੱਭਿਆਚਾਰ ਦੀ ਭੋਜਨ ਪ੍ਰਣਾਲੀ ਬਣ ਜਾਂਦੇ ਹਨ। ਮਨੁੱਖ ਦੇ ਜੀਵਨ ਲਈ ਰੋਟੀ ਕੱਪੜਾ ਅਤੇ ਮਕਾਨ ਮਨੁੱਖ ਦੀਆਂ ਮੁੱਢਲੀਆਂ ਲੋੜਾ ਹਨ। ਮਨੁੱਖੀ ਜੀਵਨ ਦੀਆਂ ਲੋੜਾ ਅਤੇ ਸਹੂਲਤਾ ਲਈ ਵਰਤੋ ਵਿੱਚ ਆਉਣ ਵਾਲੀਆਂ ਵਸਤੂਆ ਸੱਭਿਆਚਾਰ ਦਾ ਪਦਾਰਥਕ ਪੱਖ ਪੇਸ ਕਰਦੀਆ ਹਨ ਖਾਣ ਪੀਣ ਵੀ ਲੋਕਾਂ ਦੇ ਜੀਵਨ ਦੀ ਮੁੱਢਲੀ ਤਸਵੀਰ ਪੇਸ ਕਰਦਾ ਹੈ ਇਹ ਤਿੰਨ ਮੁੱਖ ਲੋੜਾਂ ਹੀ ਮਨੁੱਖ ਦੇ ਕਾਰ-ਵਿਹਾਰ ਸਿਹਤ ਆਦਿ ਨੂੰ ਪ੍ਰਭਾਵਿਤ ਕਰਦੀਆਂ ਹਨ।ਇੱਥੋਂ ਤੱਕ ਕਿ ਮਨੁੱਖ ਦੇ ਖਾਣ ਪੀਣ ਤੋਂ ਹੀ ਉਸ ਦੀ ਕੰਮ ਪ੍ਰਤੀ ਲਗਨ ਜਾਂ ਸਮਰੱਥਾ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਜਿਵੇਂ:-

'ਜਿਹਾ ਤੇਰਾ ਅੰਨ ਪਾਣੀ
ਤੇਹਾ ਸਾਡਾ ਕੰਮ ਜਾਣੀ

ਪੰਜਾਬੀ ਸੱਭਿਆਚਾਰ ਦੀ ਭੋਜਨ ਪ੍ਰਣਾਲੀ ਦੀ ਗੱਲ ਕਰਦਿਆ ਇਹ ਕਿਹਾ ਜਾ ਸਕਦਾ ਹੈ ਕਿ ਪੰਜਾਬੀਆਂ ਦਾ ਵਧੇਰਾ ਭੋਜਨ ਕਣਕ ਹੈ ਜਿਵੇਂ ਮੁਹਾਵਰਾ ਹੈ...

'ਖਾਈਏ ਕਣਕ ਦਾਲ
ਜਿਹੜੀ ਨਿਭੈ ਨਾਲ

ਮਨੁੱਖ ਦੇ ਜੀਵਨ ਲਈ ਰੋਟੀ ਕੱਪੜਾ ਅਤੇ ਮਕਾਨ ਤਿੰਨ ਮੁੱਖ ਲੋੜਾਂ ਹਨ। ਇਹ ਤਿੰਨ ਮੁੱਖ ਲੋੜਾਂ ਹੀ ਮਨੁੱਖ ਦੇ ਕਾਰ-ਵਿਹਾਰ ਸਿਹਤ ਆਦਿ ਨੂੰ ਪ੍ਰਭਾਵਿਤ ਕਰਦੀਆਂ ਹਨ। ਇੱਥੋ ਤੱਕ ਕਿ ਮਨੁੱਖ ਦੇ ਖਾਣ ਪੀਣ ਤੋਂ ਹੀ ਉਸ ਦੀ ਕੰਮ ਪ੍ਰਤੀ ਲਗਨ ਜਾਂ ਸਮਰੱਥਾ ਦਾ ਅੰਦਾਜ਼ਾ ਲਗਾਇਆ ਜਾਂਦਾ ਹੈ। ਸੱਭਿਆਚਾਰ ਵਿੱਚ ਜੇਕਰ ਪੰਜਾਬੀ ਦੀ ਭੋਜਨ ਪ੍ਰਣਾਲੀ ਦੀ ਗੱਲ ਕਰੀਏ ਤਾਂ ਵਿਲੱਖਣ ਸਰੂਪ ਹੈ ਪੰਜਾਬੀਆਂ ਦੇ ਖੁੱਲੇ ਸੁਭਾਅ ਵਾਗੰ ਇਹਨਾਂ ਦੀ ਖੁਰਾਕ ਵੀ ਖੁੱਲੀ ਡੁੱਲੀ ਹੈ ਜਿਵੇਂ ਕਿਹਾ ਜਾਂਦਾ ਹੈ:

'ਦੱਬਕੇ ਵਾਹ ਤੇ ਰੱਜ ਕੇ ਖਾਹ"

ਪੰਜਾਬੀ ਲੋਕ ਮੁੱਖ ਰੂਪ ਵਿੱਚ ਚਾਰ ਵੇਲੇ ਖਾਣਾ ਖਾਂਦੇ ਹਨ, ਜਿਵੇਂ

1 ਛਾਹ ਵੇਲਾ

2 ਦੁਪਹਿਰ ਵੇਲਾ

3 ਲੋਢਾ ਵੇਲਾ

4 ਤਕਾਲਾਂ ਵੇਲਾ

**ਛਾਹ ਵੇਲਾ**

ਭਾਵ ਕਿ ਸਵੇਰ ਦਾ ਨਾਸਤਾ ਜੋ ਬਹੁਤਾ ਸਵੇਰ ਸੁਵੱਖਤੇ ਨਹੀਂ ਹੁੰਦਾ ਪੰਜਾਬ ਦੇ ਹਰ ਵਰਗ ਦੇ ਲੋਕ ਕੇਵਲ ਛਾਹ ਵੇਲੇ ਨਾਲ ਹੀ ਆਪਣਾ ਭੋਜਨ ਆਰੰਭ ਕਰਦੇ ਹਨ ਛਾਹ ਵੇਲੇ ਵਿੱਚ ਪਰੌਠੇਂ ਫੁਲਕੇ ਜਾਂ ਮੱਕੀ ਦੀਆਂ ਰੋਟੀਆਂ ਹੁੰਦੀਆਂ ਹਨ ਨਾਲ ਦਹੀ ਮੱਖਣ ਤੇ ਰੱਜਵੀ ਲੱਸੀ ਹੁੰਦੀ ਹੈ।

**ਦੁਪਿਹਰ ਦਾ ਖਾਣਾ**

ਪਿੰਡ ਵਿੱਚ ਦੁਪਹਿਰ ਦੀ ਰੋਟੀ ਬਾਰਾਂ ਵਜੇ ਤੋਂ ਦੋ ਵਜੇ ਤੱਕ ਕਦੇ ਵੀ ਖਾਧੀ ਜਾਂਦੀ ਹੈ। ਇਸ ਸਮੇਂ ਦੀ ਰੋਟੀ ਸਾਦੀ ਦਾਲ ਨਾਲ ਹੀ ਹੁੰਦੀ ਸੀ। ਰੋਟੀ ਅਤੇ ਦਾਲ ਦੇਸੀ ਘਿਓ ਨਾਲ ਚੰਗੀ ਤਰ੍ਹਾਂ ਚੋਪੜੀ ਜਾਂਦੀ ਸੀ। ਰੋਟੀ ਖਾਣ ਤੋਂ ਮਗਰੋਂ ਮਿੱਠੇ ਦੇ ਵਿੱਚ ਗੁੜ ਖਾਧਾ ਜਾਂਦਾ ਸੀ। ਕਈ ਵਾਰੀ ਸਾਉਣ ਭਾਦੋਂ ਦੀਆਂ ਬਰਸਾਤਾਂ ਤੋਂ ਖੁਸ਼ ਹੋ ਕੇ ਘਰ ਦੀ ਸੁਆਣੀ ਪੂੜੇ, ਗੁਲਗਲੇ,ਜਾਂ ਖੀਰ ਬਣਾ ਲੈਂਦੀ ਸੀ। ਸਗੋਂ ਸਾਉਣ ਦੇ ਮਹੀਨੇ ਖੀਰ ਖਾਣ ਦਾ ਮਹਾਤਮ ਹੁੰਦਾ ਸੀ।

ਸਾਵਣ ਖੀਰ ਨਾ ਖਾਧੀਆ, ਕਿਉਂ ਆਇਐ ਅਪਰਾਦੀਆ

**ਲੌਢਾ ਵੇਲੇ ਦਾ ਖਾਣਾ**

ਇਸ ਵਿੱਚ ਘਰਾਂ ਤੋ ਬਾਹਰ ਕੱਚੇ ਛੋਲਿਆਂ ਦੀਆਂ ਭੁੰਨੀਆ ਹੋਲਾਂ ਗੰਨੇ ਦੀ ਰਹੋ ਤੇ ਕੜਾਹੇ ਦੇ ਗੁੜ ਨਾਲ ਸਾਰ ਲਿਆ ਜਾਂਦਾ ਹੈ ਘਰ ਵਿੱਚ ਉਬਲੀ ਕਣਕ ਦੀਆਂ ਸੱਕਰ ਵਾਲੀਆਂ ਘੁੰਗਣੀਆ ਖੰਡ ਗੁੜ ਘਿਓ ਵਾਲੇ ਸਤੂਆ ਨਾਲ ਵੀ ਲੌਢਾ ਵੇਲਾ ਕੀਤਾ ਜਾਂਦਾ ਹੈ

**ਰਾਤ ਦਾ ਖਾਣਾ (ਤਕਾਲਾਂ ਵੇਲਾ)**

ਰਾਤ ਦੇ ਖਾਣੇ ਦੇ ਵਿੱਚ ਦਾਲ ਚੌਲ ਕੜੀ ਕਾਲੇ ਛੋਲਿਆਂ ਦੀ ਸਬਜੀ ਦੀ ਖੁਰਾਕ ਪਸੰਦ ਕੀਤੀ ਜਾਂਦੀ ਹੈ ਨਿਤਾ ਪ੍ਰਤੀ ਹੋਣ ਵਾਲੀਆਂ ਸਬਜੀਆਂ ਟੀਂਡੇ ਘੀਆ, ਗੋਭੀ, ਸਲਗਮ,ਗਾਜਰਾਂ ਆਦਿ ਵੀ ਪੰਜਾਬੀ ਖੁਰਾਕ ਵਿੱਚ ਸਾਮਿਲ ਹੁੰਦੀਆਂ ਹਨ ਖੇਤਾ ਵਿੱਚ ਕੰਮ ਕਰਦੇ ਮਰਦ ਤੀਵੀਆਂ ਜਦੋਂ ਭੁੱਖ ਲੱਗੇ ਮੂਲੀਆਂ ਸਲਗਮ ਗਾਜਰਾਂ ਨੂੰ ਪੁੱਟ ਕੇ ਸ਼ੋਕ ਨਾਲ ਖਾਂਦੇ ਹਨ ਅਤੇ ਗੰਨੇ ਵੀ ਚੂਪ ਲੈਂਦੇ ਹਨ ਅਤੇ ਬੂਟਿਆਂ ਰੁੱਖਾਂ ਨਾਲ ਲਟਕਦੇ ਬੇਰ ਜਾਮਣੂ ਸ਼ਹਿਤੂਤ ਅਮਰੂਦ ਤੇ ਅੰਬ ਮੰਨ ਭਾਉਦੀਆਂ ਖੁਰਾਕ ਹੈ

**ਪੰਜਾਬੀ ਖੁਰਾਕ ਵਿੱਚ ਮਿੱਠੇ ਦਾ ਸਥਾਨ**

ਪੰਜਾਬੀ ਖੁਰਾਕ ਵਿੱਚ ਮਿੱਠੇ ਦਾ ਵੀ ਵਿਸ਼ੇਸ਼ ਸਥਾਨ ਹੈ ਵਿਸ਼ੇਸ਼ ਕਰਕੇ ਪ੍ਰਾਹੁਣਾਚਾਰੀ ਵੇਲੇ ਜਰੂਰ ਮਿੱਠੀ ਚੀਜ ਵਰਤਾਈ ਜਾਂਦੀ ਹੈ ਜਿਵੇਂ ਕਿ ਸੱਕਰ-ਘਿਓ ਮਿੱਠੀਆਂ ਸੇਵੀਆਂ ਖੀਰ ਕੜਾਹ ਆਦਿ ਪਰ ਵਿਆਹ ਸਮੇਂ ਲੱਡੂ ਬਰਫੀ ਤੇ ਜਲੇਬੀਆਂ ਦਾ ਰਿਵਾਜ ਹੈ।

**ਮਸਾਲੇਦਾਰ ਭੋਜਨ ਦਾ ਸਥਾਨ**

ਪੰਜਾਬੀ ਮਿੱਠੇ ਦੇ ਨਾਲ ਨਾਲ ਮਸਾਲੇਦਾਰ ਭੋਜਨ ਦੇ ਵੀ ਬਹੁਤ ਸ਼ੌਕੀਨ ਹਨ। ਜਿਵੇਂ ਪਿਆਜ ਲਸਣ ਅਦਰਕ ਟਮਾਟਰ ਕੱਚੇ ਧਨੀਏ ਤੇ ਹਰੀਆਂ ਮਿਰਚਾਂ ਦਾ ਖੁਸ਼ਬੂਦਾਰ ਮਸਾਲਾ ਭੁੰਨ ਕੇ ਬਣੀ ਸਬਜੀ ਲਪਟਾਂ ਦਿੰਦੀ ਹੈ। ਪੰਜਾਬੀ ਲੋਕ ਅਚਾਰ ਦੀ ਵਰਤੋ ਵਧੇਰਾ ਕਰਦੇ ਹਨ ਜਿਵੇਂ ਅੱਜ ਕੱਲ ਗੋਭੀ ਗਾਜਰਾਂ ਅਤੇ ਖੱਟਾ ਮਿੱਠਾ ਅਚਾਰ ਵੀ ਬਣਾਇਆ ਜਾਂਦਾ ਹੈ।

ਇਨ੍ਹਾਂ ਵੱਖ ਵੱਖ ਸਮਿਆਂ ਅਨੁਸਾਰ ਹੀ ਭੋਜਨ ਸਮੱਗਰੀ ਵੀ ਵੱਖ-ਵੱਖ ਹੀ ਹੈ। ਪੰਜਾਬ ਵਿੱਚ ਇਲਾਕਾਈ ਭਿੰਨਤਾ ਕਾਰਨ ਇੱਥੋਂ ਦੇ ਭੋਜਨ ਨੂੰ ਨਾਂ ਵੀ ਵੱਖ-ਵੱਖ ਦਿੱਤੇ ਗਏ ਹਨ, ਜਿਵੇਂ ਖਾਣਾ, ਖਾਦ, ਆਹਾਰ, ਰਿਜ਼ਕ,ਅੰਨ ਤੇ ਖਾਜ਼ਾ ਆਦਿ। ਪੰਜਾਬੀਆਂ ਦੇ ਭੋਜਨ ਵਿੱਚ ਸਾਗ ਮੱਕੀ ਦੀ ਰੋਟੀ, ਖਜੂਰਾਂ,ਪਾਪੜ, ਵੜੀਆਂ ਅੰਮ੍ਰਿਤਸਰੀ ਕੁਲਚਾ, ਲੱਸੀ, ਫਿਰਨੀ, ਬੱਬਰੂ, ਦਹੀਂ- ਭੱਲੇ, ਬਾਲੂਸ਼ਾਹੀ, ਬੂੰਦੀ, ਸ਼ੱਕਰਪਾਰੇ, ਲੱਡੂ, ਗੁਲਗੁਲੇ, ਗੁੜ ਵਾਲੇ ਚੌਲ, ਰੌਹ ਦੀ ਖੀਰ, ਮਾਂਹ ਦੀ ਖਿਚੜੀ ਆਦਿ।

ਪੰਜਾਬੀ ਸੱਭਿਆਚਾਰ ਦੇ ਵਿੱਚ ਵਿਸ਼ੇਸ਼ ਤੌਰ 'ਤੇ ਮੱਕੀ, ਕਣਕ, ਬਾਜਰਾ, ਗੁੜ, ਘਿਉ ਤੇ ਪੀਣ ਲਈ ਦੁੱਧ ਤੇ ਲੱਸੀ ਆਦਿ ਦੀ ਮਹੱਤਤਾ ਰਹੀ ਹੈ। ਅੱਜ ਦੇ ਸਮੇਂ ਵਿੱਚ ਜਿਵੇਂ ਆਰਥਿਕ ਮੰਦਹਾਲੀ ਕਾਰਨ ਦੁੱਧ ਨੂੰ ਵੇਚਿਆ ਜਾਂਦਾ ਹੈ। ਪਹਿਲਾਂ ਦੁੱਧ ਨੂੰ ਵੇਚਣਾ ਵੀ ਮਾੜਾ ਸਮਝਿਆ ਜਾਂਦਾ ਸੀ। ਪੰਜਾਬੀ ਗੁੜ ਨੂੰ ਤਾਂ ਹਰ ਛੋਟੇ- ਮੋਟੇ ਸਮਾਗਮ ਵਿੱਚ ਵੰਡਣ ਨੂੰ ਪਹਿਲ ਦਿੰਦੇ ਸਨ। ਜਦੋਂ ਕੋਈ ਮੁਕੱਦਮਾ ਵੀ ਦਿੱਤਾ ਜਾਂਦਾ ਸੀ ਤਾਂ ਵੀ ਗੁੜ ਹੀ ਵੰਡਿਆ ਜਾਂਬਦਾ ਸੀ ਜਿਵੇਂ:-

ਗੁੜ ਵੰਡਦੀ ਤਸੀਲੋਂ ਨਿਕਲੀ<br>
ਪਹਿਲੀ ਪੇਸ਼ੀ ਯਾਰ ਛੁੱਟ ਗਿਆ।

ਭਾਵੇਂ ਕਿ ਪਿਛਲੇ ਸਮੇਂ ਵਿੱਚ ਪੰਜਾਬੀ ਇਹੋ ਜਿਹੀ ਪੌਸ਼ਟਿਕ ਖਾਣਾ ਖਾਣ ਨਾਲ ਸਿਹਤਮੰਦ ਰਹਿੰਦੇ ਸੀ, ਪਰ ਹੁਣ ਤਾਂ ਪੰਜਾਬੀ ਖਾਣੇ ਤੇ ਪੱਛਮੀ ਪ੍ਰਭਾਵ ਪੈਣ ਕਰਕੇ ਇੱਥੋਂ ਦਾ ਭੋਜਨ ਵੀ ਉਹਨਾਂ ਦੇ ਭੂਗੋਲਿਕ ਵਾਤਾਵਰਨ ਅਨੁਕੂਲ ਨਹੀਂ ਰਿਹਾ। ਹੁਣ ਤਾਂ ਪੰਜਾਬੀ ਸਰੀਰ ਲੱਸੀ ਤੇ ਦੁੱਧ ਵੀ ਪਚਾ ਸਕਣ ਦੇ ਯੋਗ ਨਹੀਂ ਰਹੇ। ਪੰਜਾਬੀਆਂ ਨੇ ਸਰੀਰਕ ਤੰਦਰੁਸਤੀ ਦੀ ਥਾਂ ਸਰੀਰਕ ਸੁੰਦਰਤਾ ਨੂੰ ਦੇਣ ਦੀ ਪਹਿਲ ਕਰ ਦਿੱਤੀ ਹੈ ਜਿਸ ਲਈ ਇਹ ਅਖਾਣ ਵੀ ਪ੍ਰਚਲਿਤ ਹੈ:-

ਭਾਵੇਂ ਖਾਣ ਨੂੰ ਮਿਲੇ ਨਾ ਰੋਟੀ,<br>
ਹੋਵੇ ਵਧੀਆ ਤੇੜ ਲੰਗੋਟੀ।

ਤਿਉਹਾਰਾਂ ਉੱਤੇ ਪੰਜਾਬੀ ਵਿਸ਼ੇਸ਼ ਪਕਵਾਨ ਤਿਆਰ ਕਰਦੇ ਹਨ ਜਿਵੇਂ ਤੀਆਂ,ਲੋਹੜੀ, ਦਿਵਾਲੀ, ਵਿਸਾਖੀ, ਵੇਲੇ ਚਿਰਵੜੇ ਰਿਉੜੀਆਂ ਮੂੰਗਫਲੀਆਂ ਆਦਿ ਨਿਸਚਿਤ ਭੋਜਨ ਖਾਦਾ ਜਾਂਦਾ ਹੈ ਪਰ ਕੁੱਝ ਵਿਸ਼ੇਸ਼ ਸਮਿਆਂ ਉੱਤੇ ਕੁੱਝ ਭੋਜਨ ਖਾਣ ਦੀ ਮਨਾਹੀ ਵੀ ਹੈ ਕੁੱਝ ਖਾਸ ਦਿਨ ਜਿਨਾਂ ਨੂੰ ਦੇਵੀ ਅਤੇ ਪੀਰਾਂ ਦੇ ਦਿਨ ਮੰਨੇ ਜਾਂਦੇ ਹਨ ਮਹਾਪ੍ਰਸ਼ਾਦ ਅਰਥਾਤ ਮੀਟ ਖਾਣ ਦੀ ਮਨਾਹੀ ਹੁੰਦੀ ਹੈ ਵੱਖ ਵੱਖ ਦਾਲਾਂ ਅਤੇ ਛੋਲਿਆਂ ਦੀ ਭਾਜੀ ਖਾਣ ਦੇ ਲਈ ਵੀ ਕਿਤੇ ਕਿਤੇ ਦਿਨ ਨਿਸ਼ਚਿਤ ਹਨ ਸੰਗਰਾਂਦ ਮੱਸਿਆ ਨੂੰ ਘਰ ਪ੍ਰਸਾਦ ਬਣਾਓਣਾ ਸੁਭ ਸ਼ਗਨ ਮੰਨਿਆ ਜਾਂਦਾ ਹੈ। ਇਹ ਕੇਵਲ ਆਟੇ ਖੰਡ ਅਤੇ ਦੇਸੀ ਘਿਉ ਦੇ ਮਿਸਰਣ ਤੋਂ ਸਰਧਾ ਨਾਲ ਬਣਾਇਆ ਜਾਂਦਾ ਹੈ।

ਪੰਜਾਬੀ ਖਾਣ ਵਾਂਗ ਪੀਣ ਦੇ ਵੀ ਖੂਬ ਸ਼ੁਕੀਨ ਹਨ ਪੀਣ ਵਾਲੇ ਪਦਾਰਥਾਂ ਚ ਦੁੱਧ, ਗੰਨੇ ਦੀ ਰਹੌ,ਖੰਡ ਗੁੜ ਦਾ ਸਰਬਤ,ਅਤੇ ਨਿੰਬੂ ਦੀ ਸ਼ਕੰਜਵੀ, ਸ਼ਾਮਿਲ ਹੈ। ਅੱਜ ਕੱਲ ਕਈ ਪ੍ਰਕਾਰ ਦੇ ਸਕਵੈਸ਼, ਸੋਢਾ ਅਤੇ ਕੋਲਾ ਵਰਤੇ ਜਾਂਦੇ ਹਨ। ਪਹਿਲਾ ਪੰਜਾਬ ਵਿੱਚ ਸਰਾਬ ਦੀ ਵਰਤੋਂ ਕਿਸੇ ਸੱਦੇ ਦਿੱਤੇ ਪ੍ਰਾਹੁਣੇ ਦੇ ਆਉਣ ਤੇ ਕੀਤੀ ਜਾਂਦੀ ਸੀ ਹੁਣ ਵਧੇਰੇ ਲੋਕ ਸਰਾਬ ਪੀਣ ਦੇ ਆਦੀ ਹੋ ਰਹੇ ਹਨ। ਸ਼ਰਾਬ ਵਾਗ ਪੰਜਾਬੀਆਂ ਵਿੱਚ ਹੋਰ ਪੀਣ ਯੋਗ ਨਸ਼ੇ ਵੀ ਵੱਧ ਗਏ ਹਨ ਜਿਸ ਤੋਂ ਨੋਜਵਾਨਾਂ ਪੀੜੀ ਨੂੰ ਆਪਣੇ ਜੀਵਨ ਅਤੇ ਸੁਨਿਹਰੀ ਭਵਿੱਖ ਲਈ ਤੋਬਾ ਕਰਨ ਦੀ ਲੋੜ ਹੈ।

**ਪੰਜਾਬ ਲੋਕ ਧੰਦੇ**

ਲੋਕ-ਕਿੱਤੇ ਜਾਂ ਲੋਕ-ਧੰਦੇ ਸਮਾਨਥਕ ਸ਼ਬਦ ਹਨ। ਕਿੱਤਾ ਸ਼ਬਦ 'ਕਿਰਤ' ਸ਼ਬਦ ਦਾ ਹੀ ਸੰਖੇਪ ਰੂਪ ਹੈ ਅਤੇ ਲੋਕ-ਕਿੱਤਿਆਂ ਤੋਂ ਭਾਵ ਉਹ ਕਿਰਤ ਹੈ, ਜਿਹੜੀ ਲੋਕ ਆਪਣੇ ਹੱਥਾਂ ਨਾਲ ਕਰਦੇ ਹਨ। ਭਾਵੇਂ ਹੱਥਾਂ ਨਾਲ ਤਾਂ ਮਨੁੱਖ ਹਰ ਕਾਰਜ ਹੀ ਕਰਦਾ ਹੈ, ਜਿਵੇਂ ਲਿਖਣਾ, ਮਸ਼ੀਨਾਂ ਚਲਾਉਣੀਆਂ ਜਾਂ ਹੋਰ ਬਹੁਤ ਸਾਰੇ ਕੰਮ, ਪਰੰਤੂ ਅਜਿਹੇ ਕੰਮ ਲੋਕ-ਕਿੱਤਿਆਂ ਦੇ ਖੇਤਰ ਵਿੱਚ ਨਹੀਂ ਆਉਂਦੇ ਕਿੳਂਕਿ ਕਿੱਤੇ ਸ਼ਬਦ ਨੇ ਆਪਣੇ ਆਪ ਵਿੱਚ ਇੱਕ ਨਿਸਚਿਤ ਅਰਥਾਂ ਨੂੰ ਗ੍ਰਹਿਣ ਕਰ ਲਿਆ ਹੈ, ਜਿਸ ਤੋਂ ਭਾਵ ਉਪਜੀਵਕਾ ਦਾ ਉਹ ਸਾਧਨ ਹੈ ਜੀਹਦੇ ਵਿੱਚ ਮਸ਼ੀਨਾਂ ਜਾਂ ਸੰਦਾਂ ਦੀ ਵਰਤੋਂ ਨਾ ਕੀਤੀ ਗਈ ਹੋਵੇ। ਜੇਕਰ ਕਿਧਰੇ ਸੰਦਾਂ ਦੀ ਵਰਤੋਂ ਹੋਵੇ ਵੀ ਤਾਂ ਉਹ ਬੜੀ ਸੀਮਤ ਹੋਵੇ ਅਤੇ ਅਜਿਹੇ ਸੰਦ ਵੀ ਆਮ ਤੌਰ ਤੇ ਸਥਾਨਕ ਪੱਧਰ ਉੱਤੇ ਮਨੁੱਖੀ ਹੱਥਾਂ ਨਾਲ ਹੀ ਘੱਟ ਤੋਂ ਘੱਟ ਸ਼ਕਤੀ ਲਗਾ ਕੇ ਬਣਾਏ ਗਏ ਹੋਣ।

ਧੰਦੇ ਦਾ ਅਰਥ ਵੀ ਕੋਈ ਕੰਮ-ਕਾਜ ਹੀ ਹੈ ਜਿਸ ਦੁਆਰਾ ਮਨੁੱਖ ਆਪਣੇ ਅਤੇ ਆਪਣੇ ਪਰਿਵਾਰ ਦੇ ਰਹਿਣ ਸਹਿਣ ਅਤੇ ਖਾਣ-ਪੀਣ ਲਈ ਵਸਤੂਆਂ ਅਤੇ ਧਨ ਦਾ ਪ੍ਰਬੰਧ ਕਰਦਾ ਹੈ। ਇਸ ਤਰ੍ਹਾਂ ਧੰਦੇ ਤੋਂ ਭਾਵ ਉਹ ਕਿਰਤ ਹੈ ਜਿਸ ਤੋਂ ਧਨ ਦੀ ਪ੍ਰਾਪਤੀ ਹੋਵੇ। ਪਰੰਤੂ ਧਨ ਦੀ ਪ੍ਰਾਪਤੀ ਤਾਂ ਹਰ ਉਸ ਕਰਜ ਵਿੱਚੋਂ ਹੁੰਦੀ ਹੈ ਜਿਹੜਾ ਕਿਸੇ ਸ਼ਰਤ ਅਧੀਨ ਜਾਂ ਕਿਸੇ ਇਵਜ਼ ਵਿੱਚ ਕੀਤਾ ਜਾਵੇ। ਫਿਰ ਇਸ ਪਰਿਭਾਸ਼ਾ ਵਿੱਚ ਡਾਕਟਰ, ਵਕੀਲ, ਜੱਜ, ਅਧਿਆਪਕ, ਪਾਇਲਟ ਅਤੇ ਡਰਾਇਵਰਾਂ ਸਮੇਤ ਸਿਨੇਮਾਂ ਉਪਰੇਟਰ, ਫ਼ਿਲਮੀ ਕਲਾਕਾਰ ਆਦਿ ਵੀ ਆ ਜਾਣਗੇ। ਇਸ ਲਈ ਅਸੀਂ ਇਸ ਸ਼ਬਦ 'ਕਿੱਤੇ' ਜਾਂ 'ਧੰਦੇ' ਨਾਲ 'ਲੋਕ' ਸ਼ਬਦ ਲਗਾ ਕੇ ਇਸ ਦੇ ਖੇਤਰ ਨੂੰ ਨਿਸਚਿਤ ਕਰ ਲਿਆ ਹੈ। 'ਲੋਕ' ਤੋਂ ਭਾਵ ਲੋਕਾਂ ਦਾ ਉਹ ਇਕੱਠ ਹੈ ਜਿਨ੍ਹਾਂ ਦੀ ਭਾਸ਼ਾ, ਧਰਮ ਜਾਂ ਕਿੱਤੇ ਵਿੱਚੋਂ ਘੱਟੋ ਘੱਟ ਇੱਕ ਪਰੰਪਰਾਗਤ ਸੱਭਿਆਚਾਰਿਕ ਸਾਂਝ ਜ਼ਰੂਰ ਹੋਵੇ। ਸ਼ਿਲਪ ਅਤੇ ਕਲਾ ਨੂੰ ਮਿਲਾ ਕੇ ਜਦੋਂ ਕੋਈ ਉਪਜੀਵਕਾ ਦਾ ਸਾਧਨ ਅਪਣਾਇਆ ਜਾਂਦਾ ਹੈ ਤਾਂ ਇਹ ਇੱਕ ਕਿੱਤਾ ਬਣ ਜਾਂਦਾ ਹੈ। ਇੰਵ 'ਲੋਕ-ਕਿੱਤੇ' ਨੂੰ ਪਰਿਭਾਸ਼ਤ ਕਰਨਾ ਹੋਵੇ ਤਾਂ ਇਹ ਕਿਹਾ ਜਾ ਸਕਦਾ ਹੈ ਕਿ ਲੋਕ-ਕਿੱਤੇ ਤੋਂ ਭਾਵ ਲੋਕਾਂ ਦੁਆਰਾ ਅਪਣਾਏ ਗਏ ਸ਼ਿਲਪ ਤੇ ਕਲਾ ਦੇ ਸੁਮੇਲ ਤੋਂ ਬਣੇ ਉਸ ਕਿਰਤ ਸਾਧਨ ਤੋਂ ਹੈ ਜੀਹਦੇ ਨਾਲ ਉਹ ਆਪਣੀ ਉਪਜੀਵਕਾ ਕਮਾਉਂਦੇ ਹਨ। ਲੋਕ-ਕਿੱਤਾ ਵਿਅਕਤੀਗਤ ਹੁੰਦਾ ਹੋਇਆ ਵੀ ਸਮੂਹਿਕ ਸਿਰਜਣਾ ਦਾ ਦਰਜਾ ਲੈ ਲੈਂਦਾ ਹੈ।

ਕਿੱਤੇ ਜਾਂ ਧੰਦੇ ਵਿੱਚ ਇੱਕ ਖਾਸ ਉਸਤਾਦੀ ਵੀ ਹੁੰਦੀ ਹੈ ਜਿਹੜੀ ਹੱਥ ਦੀ ਕਲਾ ਨਾਲ ਸਿਰਜੀ ਜਾਂਦੀ ਹੈ। ਇੰਵ ਇਹ ਉਹ ਦਸਤਕਾਰੀ ਵੀ ਬਣ ਜਾਂਦੀ ਹੈ ਜੀਹਦੇ ਨਾਲ ਕੋਈ ਕਾਮਾ ਆਪਣੀ ਰੋਜੀ ਕਮਾਉਂਦਾ ਹੈ। ਇਸ ਤਰ੍ਹਾਂ ਪੰਜਾਬੀ ਸੱਭਿਆਚਾਰਘੁਮਿਆਰ ਦਾ ਚੱਕ ਵਿੱਚ ਉਹ ਸਾਰੇ ਲੋਕ ਜਿਹੜੇ ਆਪਣੀ ਰੋਜ਼ੀ-ਰੋਟੀ ਲਈ ਵੱਖ-ਵੱਖ ਧੰਦਿਆਂ ਵਿੱਚ ਲੱਗੇ ਹੋਏ ਹਨ ਲੋਕ-ਕਿੱਤਾਕਾਰ ਕਹਾਉਂਦੇ ਹਨ, ਜਿਵੇਂ ਲੁਹਾਰ, ਤਰਖਾਣ, ਸੁਨਿਆਰ, ਚਮਿਆਰ, ਠਠਿਆਰ, ਜੁਲਾਹੇ, ਛੀਂਬੇ, ਨਾਈ, ਬਾਜ਼ੀਗਰ, ਝੀਉਰ, ਦਰਜੀ ਆਦਿ।

ਇਹਨਾਂ ਲੋਕ-ਕਿੱਤਿਆਂ ਨੂੰ ਕਰਨ ਵਾਲੇ ਨੂੰ ਅਸੀਂ ਦੋ ਵਰਗਾਂ ਵਿੱਚ ਵੰਡ ਸਕਦੇ ਹਾਂ। ਇਹਨਾ ਵਿੱਚ ਕੁਝ ਲੋਕ ਤਾਂ ਅਜਿਹੇ ਕਿੱਤੇ ਕਰਦੇ ਹਨ ਜਿਹਨਾਂ ਵਿੱਚ ਕਿਸੇ ਨਾ ਕਿਸੇ ਸਮੱਗਰੀ ਦੀ ਵਰਤੋਂ ਹੁੰਦੀ ਹੈ। ਦੂਜੇ ਉਹ ਲੋਕ ਹਨ ਜਿਹੜੇ ਕੇਵਲ ਸਰੀਰਕ ਕਿਰਿਆਵਾਂ ਨਾਲ ਜਾਂ ਛੋਟੇ-ਮੋਟੇ ਔਜ਼ਾਰਾ ਨਾਲ ਹੀ ਕੰਮ ਕਰਕੇ ਆਪਣਾ ਨਿਰਬਾਹ ਕਰਦੇ ਹਨ। ਉਦਾਹਰਨ ਵਜੋਂ ਬਾਜ਼ੀਗਰ ਬਾਜ਼ੀਆਂ ਪਾ ਕੇ ਲੋਕਾਂ ਦਾ ਮਨੋਰੰਜਨ ਕਰਦੇ ਹਨ, ਸਾਂਹਸੀ ਜਾਂ ਮਿਰਾਸੀ ਖ਼ੁਸ਼ੀ ਦੇ ਮੌਕਿਆਂ ਤੇ ਲੋਕਾਂ ਦੇ ਘਰਾਂ ਵਿੱਚ ਜਾ ਕੇ ਜਾਂ ਮੇਲੇ-ਤਿਉਹਾਰਾਂ ਉੱਪਰ ਨਕਲ ਕਰਕੇ ਜਾਂ ਲੋਕਾਂ ਦੀ ਉਸਤਤ ਕਰਕੇ ਧਨ ਕਮਾਉਂਦੇ ਹਨ। ਨਿਸਚੇ ਹੀ ਅਜਿਹੇ ਕੰਮਾਂ ਲਈ ਕਲਾਕਾਰ ਜਾਂ ਕਾਰੀਗਰ ਵਿੱਚ ਪਰਿਪੱਕ ਸੂਝ, ਸਖ਼ਤ ਮਿਹਨਤ ਅਤੇ ਕਾਰਜ-ਕੁਸ਼ਲਤਾ ਦੀ ਬੜੀ ਭਾਰੀ ਲੋੜ ਰਿਹੰਦੀ ਹੈ। ਕੁਝ ਲੋਕ-ਧੰਦਿਆ ਨੂੰ ਲੋਕ-ਕਲਾ ਦੇ ਸਿਰਲੇਖ ਹੇਠ ਵੀ ਰੱਖਿਆ ਜਾਂਦਾ ਹੈ।

ਜਿਵੇਂ ਕਿ ਪਹਿਲਾਂ ਦੱਸਿਆ ਜਾ ਚੁੱਕਾ ਹੈ ਪੰਜਾਬੀ ਸੱਭਿਆਚਾਰ ਵਿੱਚ ਲੋਕ-ਕਿੱਤੇ ਸ਼ਬਦ ਦਾ ਜਿਹੜਾ ਪ੍ਰਯੋਗ ਹੋ ਰਿਹਾ ਹੈ, ਉਸ ਵਿੱਚ ਕਲਾ ਅਤੇ ਸ਼ਿਲਪ ਦਾ ਸੁਮੇਲ ਮਿਲਦਾ ਹੈ। ਕਿੱਤੇ ਆਮ ਤੌਰ ਤੇ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿੰਦੇ ਹਨ ਅਤੇ ਕਿੱਤਾਕਾਰ ਆਪਣੇ ਕਿੱਤੇ ਵਿੱਚ ਏਨੀ ਮੁਹਾਰਤ ਹਾਸਲ ਕਰ ਲੈਂਦੇ ਹਨ ਕਿ ਹੋਰ ਦੂਜੇ ਵਿਅਕਤੀ ਜਿਹੜੇ ਕਿੱਤੇ ਨਾਲ ਸੰਬੰਧਿਤ ਨਹੀਂ ਹੁੰਦੇ ਉਹਨਾਂ ਜਿੰਨੀ ਪਰਪੱਕਤਾ ਅਤੇ ਪ੍ਰਵੀਣਤਾ ਹਾਸਲ ਨਹੀ ਕਰ ਸਕਦੇ ।

ਕਿੱਤੇ ਤੋਂ ਭਾਵ ਹੱਥ-ਧੰਦੇ ਜਾਂ ਸ਼ਿਲਪ ਤੋਂ ਵੀ ਲਿਆ ਜਾਂਦਾ ਹੈ। ਜਦੋਂ ਕੋਈ ਕਾਰੀਗਰ ਕਿਸੇ ਵਸਤੂ ਦਾ ਨਿਰਮਾਣ ਆਪਣੇ ਹੱਥਾਂ ਨਾਲ ਹੀ ਕਰਦਾ ਹੈ ਤਾਂ ਇਸ ਬਣਾਉਣ ਦੀ ਪ੍ਰਕਿਰਿਆ ਨੂੰ ਸ਼ਿਲਪ ਕਿਹਾ ਜਾਂਦਾ ਹੈ। ਪਰੰਤੂ, ਇੱਥੇ ਕਿੱਤਾ ਸ਼ਿਲਪ ਦੀ ਸੀਮਤ ਸੀਮਾ ਤੋਂ ਅਗਾਂਹ ਲੰਘ ਕੇ ਵਿਸ਼ਾਲ ਅਰਥਾਂ ਦਾ ਧਾਰਨੀ ਹੋ ਗਿਆ ਹੈ।

ਪੀੜ੍ਹੀ ਦਰ ਪੀੜ੍ਹੀ ਚੱਲਣ ਕਾਰਨ ਲੋਕ-ਕਿੱਤੇ ਦਾ ਪ੍ਰਮੁੱਖ ਲੱਛਣ ਪਰੰਪਰਾਮੁਖੀ ਹੋਣਾ ਮੰਨਿਆ ਜਾਂਦਾ ਹੈ। ਪਰੰਪਰਾ ਤੋ ਭਾਵ ਸਾਡਾ ਉਹ ਸਮੂਹਿਕ ਸੱਭਿਆਚਾਰਿਕ ਵਿਰਸਾ ਹੈ ਜੋ ਅਸੀ ਆਪਣੇ ਪੁਰਖਿਆ ਤੋ ਪ੍ਰਾਪਤ ਕਰਦੇ ਹਾਂ। ਸੋ ਇਕ ਪੀੜ੍ਹੀ ਵੱਲੋਂ ਦੂਜੀ ਪੀੜ੍ਹੀ ਨੂੰ ਦਿੱਤੀਆਂ ਗਈਆਂ ਵਸਤੂਆਂ, ਸਿੱਖਿਆ ਜਾਂ ਵਿਹਾਰਕ ਪ੍ਰਬੰਧ ਨੂੰ ਅਸੀ ਪਰੰਪਰਾ ਦੇ ਅਰਥਾਂ ਵਿੱਚ ਹੀ ਲੈਂਦੇ ਹਾਂ। ਕਿੱਤਾ ਪਿਤਾ-ਪੁਰਖੀ ਕੰਮ ਹੁੰਦਾ ਹੈ ਜਿਸ ਨੂੰ ਅਗਲੀ ਪੀੜ੍ਹੀ ਬਗੈਰ ਕਿਸੇ ਉਚੇਚੀ ਸਿਖਲਾਈ ਜਾਂ ਵਿਦਿਆ ਦੇ ਆਪਣੀ ਪਹਿਲੀ ਪੀੜ੍ਹੀ ਤੋਂ ਸਿੱਖ ਲੈਂਦੀ ਹੈ ਅਤੇ ਆਉਣ ਵਾਲੀ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਦੇ ਜਾਂਦੀ ਹੈ। ਇੰਵ ਕਿੱਤੇ ਦੀ ਮੁਹਾਰਤ ਅੱਗੇ ਤੋਂ ਚਲਦੀ ਰਹਿੰਦੀ ਹੈ। ਕਿੱਤੇ ਵਿੱਚ ਕਈ ਵਾਰ ਉਸਤਾਦੀ-ਸ਼ਾਗਿਰਦੀ ਦੀ ਪਰੰਪਰਾ ਵੀ ਚਲਦੀ ਹੈ। ਕੁਝ ਨਵੇਂ ਸਿਖਾਂਦਰੂ ਪੁਰਾਣੇ ਅਤੇ ਚੰਗੇ ਉਸਤਾਦਾਂ ਦੀ ਸ਼ਾਗਿਰਦੀ ਧਾਰਨ ਕਰਕੇ ਉਹਨਾਂ ਪਾਸੋ ਕੋਈ ਨਾ ਕੋਈ ਕਿੱਤਾ ਸਿੱਖ ਕੇ ਉਸ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾਉਂਦੇ ਹਨ। ਲੋਕ-ਕਿੱਤੇ ਜਿੱਥੇ ਲੋਕਾਂ ਦੀ ਰੋਜ਼ੀ-ਰੋਟੀ ਦਾ ਸਾਧਨ ਹਨ ਉੱਥੇ ਇਹ ਲੋਕ-ਮਨ ਦੀ ਸੁਹਜ ਭੁੱਖ ਤ੍ਰਿਪਤੀ ਵੀ ਕਰਦੇ ਹਨ।

ਡਾ: ਇਕਬਾਲ ਕੌਰ ਲਿਖਦੇ ਹਨ ਕਿ "ਪੰਜਾਬ ਵਿੱਚ ਚਮੜੇ ਦੇ ਧੰਦੇ ਦੀਆਂ ਬਣੀਆਂ ਕੱਢਵੀਆਂ ਜੁੱਤੀਆਂ, ਪੁਰਾਣੇ ਘਰਾਂ ਅਤੇ ਹਵੇਲੀਆਂ ਦੇ ਦਰਵਾਜ਼ੇ, ਜਿਨ੍ਹਾਂ ਉੱਤੇ ਨਿਕਾਸ਼ੀ ਅਤੇ ਟੱਕ ਪਾਸ਼ੀ ਦੀ ਕਲਾ ਨਾਲ ਵੇਲ ਬੂਟੇ ਅਤੇ ਪੰਛੀ ਚਿਤਰੇ ਹੋਏ ਹਨ, ਲੋਕ-ਕਲਾ ਦੀ ਪ੍ਰਬੀਨਤਾ ਦਾ ਹੀ ਪ੍ਰਭਾਵ ਦੇਂਦੇ ਹਨ, ਜਦਕਿ ਵਾਸਤਵ ਵਿੱਚ ਇਹ ਲੋਕ ਸ਼ਿਲਪਕਾਰੀ ਦੇ ਉੱਤਮ ਨਮੂਨੇ ਹਨ। ਚੰਗਾ ਖਾਂਦੇ ਪੀਂਦੇ, ਸਮਾਜ ਵਿੱਚ ਪੰਜਾਬ ਦੇ ਮੰਨੇ ਪ੍ਰਮੰਨੇ ਵਿਅਕਤੀ ਆਪਣੇ ਘਰਾਂ ਦੇ ਦਰਵਾਜ਼ਿਆਂ ਉੱਤੇ ਵਧੀਆ ਨਿਕਾਸ਼ੀ ਕਰਵਾਉਂਦੇ ਸਨ। ਘੁਮਿਆਰਾਂ ਦੇ ਵੇਲਾਂ ਬੂਟਿਆਂ ਨਾਲ ਚਿਤਰੇ ਘੜੇ ਤਰਖਾਣਾਂ ਦੇ ਬਣੇ ਰੰਗਲੇ ਚਰਖੇ ਵੀ ਲੋਕ-ਕਲਾ ਕਿਰਤਾਂ ਦਾ ਹੀ ਪ੍ਰਭਾਵ ਦਿੰਦੇ ਹਨ। ਲੋਕ-ਧੰਦਿਆਂ ਦੇ ਕਲਾਕਾਰਾਂ ਦੇ ਹੱਥਾਂ ਦੀ ਬਣੀ ਹਰ ਵਸਤੂ ਦੇ ਕਣ-ਕਣ ਵਿੱਚ ਉਹਨਾਂ ਦੀ ਕਲਾ ਪ੍ਰਤਿਭਾ ਅਤੇ ਸੌਂਦਰਯ ਸੂਝ ਦਾ ਪ੍ਰਗਟਾਵਾ ਵੇਖਿਆ ਜਾ ਸਕਦਾ ਹੈ। ਲੋਕ ਸ਼ਿਲਪ ਕਲਾ ਦੇ ਕਲਾਤਮਕ ਉਤਪਾਦਨ ਤੋਂ ਸਪੱਸ਼ਟ ਹੁੰਦਾ ਹੈ ਕਿ ਲੋਕ-ਧੰਦੇ ਨਿਰੋਲ ਵਿਹਾਰਕ, ਸਮਾਜਿਕ ਜਾਂ ਆਰਥਿਕ ਪ੍ਰਯੁਜਨਾਂ ਨਾਲ ਹੀ ਭਰਪੂਰ ਨਹੀਂ ਹੁੰਦੇ ਸਗੋਂ ਸੁਹਜਾਤਮਕ ਪ੍ਰਗਟਾਵਾ ਇਹਨਾਂ ਦਾ ਅਨਿੱਖੜਵਾਂ ਅੰਗ ਹੈ।" ਇਸ ਕਥਨ ਤੋਂ ਦੋ ਗਲਾਂ ਉਭਰ ਕੇ ਸਾਹਮਣੇ ਆਉਂਦੀਆਂ ਹਨ। ਇੱਕ ਤਾਂ ਇਹ ਕਿ ਲੋਕ-ਧੰਦੇ ਜਾਂ ਲੋਕ-ਕਿੱਤੇ ਭਾਵੇਂ ਆਦਿ ਕਾਲ ਤੋਂ ਹੀ ਮਨੁੱਖਾਂ ਦੁਆਰਾ ਆਪਣੀ ਉਪਜੀਵਕਾ ਲਈ ਅਪਣਾਏ ਜਾਂਦੇ ਰਹੇ ਹਨ। ਪਰੰਤੂ ਜਾਗੀਰਦਾਰੀ ਪ੍ਰਬੰਧ ਵਿੱਚ ਇਹ ਆਪਣੀ ਉਨਤੀ ਦੀਆਂ ਸਿਖਰਾਂ ਉੱਪਰ ਸਨ ਕਿਉਂਕਿ ਅਮੀਰ ਅਤੇ ਜਾਗੀਰਦਾਰ ਆਪਣੀਆਂ ਹਵੇਲੀਆਂ ਦੀ ਸਜਾਵਟ ਲਈ ਜਾਂ ਦੂਜੇ ਕੰਮਾਂ ਲਈ, ਚਾਹੇ ਉਹ ਕੱਪੜੇ ਦਾ ਕੰਮ ਹੋਵੇ ਜਾਂ ਲੱਕੜੀ ਜਾਂ ਚਮੜੇ ਦਾ ਉਸ ਵਿੱਚ ਸੁਹਜ ਅਤੇ ਕਲਾ ਦੇ ਨਿਖਾਰ ਨੂੰ ਉਤਸ਼ਾਹਿਤ ਕਰਨ ਲਈ, ਉਹਨਾਂ ਕਲਾਕਾਰਾਂ ਨੂੰ ਯੋਗ ਮੁਆਵਜ਼ਾ ਵੀ ਦਿੰਦੇ ਸਨ।

ਸ਼ਿਲਪ ਕਲਾ ਵਿੱਚ ਮੁਕਾਬਲੇ ਦੀ ਭਾਵਨਾ ਨੇ ਇਹਨਾਂ ਕਿੱਤਿਆਂ ਵਿੱਚ ਕਲਾਤਮਕ ਸੁਹਜ ਭਰਿਆ। ਪੰਜਾਬੀ ਸ਼ਬਦਾਵਲੀ ਅਤੇ ਕਾਰਜ ਵਿਹਾਰ ਵਿੱਚ ਲੋਕ-ਕਿੱਤਿਆਂ ਵਿੱਚ ਕਲਾ ਵਰਗੇ ਸੁਹਜਾਤਮਕ ਤੱਤ ਵੀ ਪ੍ਰਵੇਸ਼ ਕਰ ਗਏ। ਹੁਣ ਇਸ ਦਾ ਸੰਬੰਧ ਨਾ ਕੇਵਲ ਆਰਥਿਕਤਾ ਨਾਲ ਰਿਹਾ ਸਗੋਂ ਇੱਕ ਭਾਂਤ ਨਾਲ ਇਹ ਕਲਾ ਦਾ ਦਰਜਾ ਵੀ ਧਾਰਨ ਕਰ ਗਏ। ਕਿੱਤਾਕਾਰ ਭਾਵੇਂ ਆਪਣੀਆਂ ਵਸਤੂਆਂ ਦੂਜਿਆਂ ਲਈ ਬਣਾ ਕੇ ਉਸ ਦੇ ਇਵਜ਼ ਵਿੱਚ ਇਨਾਮ ਜਾਂ ਪੈਸੇ ਮਿਲਣ ਦੀ ਆਸ ਰੱਖਦਾ ਹੈ। ਅਸਲ ਵਿੱਚ, ਉਹ ਕਿੱਤਾ ਅਪਣਾਉਂਦਾ ਹੀ ਇਸੇ ਭਾਵਨਾ ਨਾਲ ਹੈ ਤਾਂ ਕਿ ਉਸ ਦੇ ਬਦਲੇ ਕੁਝ ਪ੍ਰਾਪਤ ਕੀਤਾ ਜਾ ਸਕੇ।

ਪਿਛਲੇ ਸਮੇਂ ਵਿੱਚ ਇਹਨਾਂ ਕਿੱਤਾਕਾਰਾਂ ਨੂੰ ਨਕਦੀ ਦੇ ਰੂਪ ਵਿੱਚ ਨਹੀਂ ਸਗੋਂ ਜਿਣਸ ਦੇ ਰੂਪ ਵਿੱਚ ਸਮੱਗਰੀ ਦਿੱਤੀ ਜਾਂਦੀ ਸੀ। ਪਿੰਡਾਂ ਵਿੱਚ ਲੁਹਾਰ, ਤਰਖਾਣ ਜਾਂ ਹੋਰ ਕਿੱਤਾਕਾਰਾਂ ਨੂੰ ਹਾੜ੍ਹੀ ਅਤੇ ਸਾਉਣੀ ਨੂੰ ਅਨਾਜ ਦੇ ਰੂਪ ਵਿੱਚ ਹੀ ਇਵਜ਼ਾਨਾ ਮਿਲਦਾ ਸੀ। ਇਹ ਇਵਜ਼ਾਨਾ ਕਈ ਵਾਰ ਤਾਂ ਅਗਾਊਂ ਟੁੱਕ ਲਿਆ ਜਾਂਦਾ ਸੀ। ਕਈ ਵਾਰ ਇਹ ਇਵਜ਼ਾਨਾ ਕਿਰਸਾਣ ਵਲੋਂ ਆਪਣੇ ਆਪ ਜੀ ਨਿਰਧਾਰਤ ਕੀਤਾ ਜਾਂਦਾ ਸੀ। ਉਹ ਆਪਣੇ ਖੇਤਾਂ, ਕੰਮ ਜਾਂ ਹਲਾਂ ਦੀ ਮਾਤਰਾ ਜਾਂ ਗਿਣਤੀ ਦੇ ਹਿਸਾਬ ਨਾਲ ਕਿੱਤਾਕਾਰ ਦੀ ਮਿਹਨਤ ਦਾ ਮੁੱਲ ਮਿਲਦਾ ਸੀ।

ਕਿਰਸਾਣਾਂ ਦਾ ਮੁੱਖ ਕਿੱਤਾ ਭਾਵੇਂ ਖੇਤੀਬਾੜੀ ਕਿਰਸਾਣ ਹਲ ਵਾਹੁੰਦਾ ਹੋਇਆਹੀ ਹੈ ਪਰੰਤੂ ਉਹ ਆਪਣੀ ਲੋੜ ਲਈ ਵਿਹਲੇ ਸਮੇਂ ਅਜਿਹੇ ਕਾਰਜ ਵੀ ਕਰਦੇ ਹਨ ਜਿਨ੍ਹਾਂ ਵਿੱਚ ਕਮਾਲ ਦੀ ਕਲਾਕਾਰੀ ਸਮਾਈ ਹੁੰਦੀ ਹੈ ਜਿਵੇਂ ਸਣ ਅਤੇ ਸੂਤ ਦੀਆਂ ਰੱਸੀਆਂ-ਰੱਸੇ ਵੱਟਣਾ, ਮੰਜੇ-ਪੀੜ੍ਹੀਆਂ ਬੁਣਨਾ, ਤੰਗੜ-ਤੰਗੜੀਆਂ ਅਤੇ ਟੋਕਰੇ-ਟੋਕਰੀਆਂ ਬਣਾਉਣਾ ਆਦਿ। ਇਸੇ ਤਰ੍ਹਾਂ ਘਰਾਂ ਦੀਆਂ ਸੁਆਣੀਆਂ ਵਲੋਂ ਆਪਣੇ ਵਿਹਲੇ ਸਮੇਂ, ਦਰੀਆਂ-ਖੇਸ ਬਣਾਉਣੇ, ਚਾਦਰਾਂ, ਸਿਰਹਾਣੇ ਕੱਢਣੇ, ਚੰਗੇਰਾਂ, ਛਿੱਕੂ-ਪਟਾਰੀਆਂ ਆਦਿ ਬਣਾਉਣਾ ਵੀ ਇੱਕ ਹਿਸਾਬ ਨਾਲ ਲੋਕ-ਕਿੱਤਾ ਹੀ ਹੈ ਭਾਵੇਂ ਇਹ ਪੂਰੇ ਸਮੇਂ ਦਾ ਕਿੱਤਾ ਨਹੀਂ ਅਤੇ ਨਾ ਹੀ ਇਹ ਵੇਚਣ ਲਈ ਕੀਤਾ ਜਾਂਦਾ ਹੈ। ਇਹਦਾ ਸੰਬੰਧ ਆਪਣੀ ਘਰੇਲੂ ਲੋੜ ਦੀ ਪੂਰਤੀ ਅਤੇ ਖੁਸ਼ੀ ਦੇ ਮੌਕਿਆਂ ਦੇ ਦੇਣ-ਲੈਣ ਨਾਲ ਹੁੰਦਾ ਹੈ।

ਕਿਸੇ ਵੀ ਸਮਾਜ ਅਤੇ ਸੱਭਿਆਚਾਰ ਦੇ ਕਿੱਤਿਆਂ ਦਾ ਸੰਬੰਧ ਉੱਥੋਂ ਦੀਆਂ ਭੂਗੋਲਿਕ ਸਥਿਤੀਆਂ ਨਾਲ ਹੁੰਦਾ ਹੈ ਕਿਉਂਕਿ ਜਿਹੋ ਜਿਹੀ ਉਸ ਭੂਗੋਲਿਕ ਖਿੱਤੇ ਵਿੱਚ ਕੱਚੀ ਸਮਗਰੀ ਪ੍ਰਾਪਤ ਹੋਵੇਗੀ ਉਥੋਂ ਦੇ ਲੋਕ ਉਹੋ ਜਿਹੇ ਹੀ ਲੋਕ-ਕਿੱਤੇ ਅਪਣਾਉਣਗੇ। ਉਦਾਹਰਨ ਵਜੋਂ ਪੱਥਰੀਲੇ ਸਥਾਨਾਂ ਉੱਪਰ ਪੱਥਰ ਦੀਆਂ ਮੂਰਤੀਆਂ, ਅਤੇ ਪੱਥਰ ਤੋਂ ਹੋਰ ਬਹੁਤ ਸਾਰੀਆਂ ਵਸਤੂਆਂ ਬਣਾਉਣ ਦਾ ਕਿੱਤਾ ਸੰਬੰਧਿਤ ਲੋਕਾਂ

ਵਲੋ ਅਪਣਾਇਆ ਜਾਵੇਗਾ। ਇਸੇ ਤਰ੍ਹਾਂ ਸਮੁੰਦਰੀ ਕੰਢਿਆਂ ਉਪਰ ਵੱਸੇ ਲੋਕ ਮੱਛੀਆਂ ਫੜਨ ਜਾਂ ਘੋਗੇ ਸਿੱਪੀਆਂ ਤੋਂ ਵੱਖ-ਵੱਖ ਵਸਤੂਆਂ ਬਣਾਉਣ ਦਾ ਧੰਦਾ ਅਪਣਾਉਣਗੇ। ਬਾਂਸ ਦੇ ਜੰਗਲਾਂ ਦੇ ਇਲਾਕੇ ਵਾਲੇ ਲੋਕ, ਬਾਂਸਾਂ ਤੋਂ ਵੰਨ-ਸੁਵੰਨੇ ਕਲਾਤਮਕ ਨਮੂਨੇ ਬਣਾਉਣ ਦਾ ਕਿੱਤਾ ਕਰਨਗੇ। ਜਿੱਥੇ ਤੱਕ ਪੰਜਾਬ ਦੇ ਲੋਕਾਂ ਜਾਂ ਪੰਜਾਬ ਦੇ ਲੋਕ-ਕਿੱਤਿਆਂ ਦਾ ਸੰਬੰਧ ਹੈ ਉਹਨਾਂ ਵਿੱਚ ਵੀ ਇੱਥੇ ਸੁਖਾਲਿਆਂ ਪ੍ਰਾਪਤ ਹੁੰਦੀ ਕੱਚੀ ਸਮੱਗਰੀ ਵਰਤੀ ਗਈ ਹੈ।

ਕੱਚੀ ਸਮਗਰੀ ਨਾਲ ਸੰਬੰਧ ਰੱਖਣ ਵਾਲੇ ਲੋਕ-ਕਿੱਤਿਆਂ ਵਿੱਚ ਮੁੱਖ ਤੌਰ ਤੇ ਹੇਠ ਦੱਸੇ ਅਨੁਸਾਰ ਸਮੱਗਰੀ ਦੀ ਵਰਤੋਂ ਹੁੰਦੀ ਹੈ:

(ੳ) ਧਰਤੀ (ਮਿੱਟੀ, ਸੀਮਿੰਟ, ਚੂਨਾ ਆਦਿ)

(ਅ) ਧਾਤਾਂ

(ੲ) ਰੂੰ

(ਸ) ਲੱਕੜ

(ਹ) ਚਮੜਾ

(ਕ) ਕਾਗਜ਼

(ਖ) ਫੁਟਕਲ

ਇੰਞ ਪੰਜਾਬ ਵਿੱਚ ਕਿਰਸਾਣੀ ਦੇ ਮੁੱਖ ਕਿੱਤੇ ਦੇ ਨਾਲ ਨਾਲ ਬਹੁ-ਭਾਂਤੀ ਲੋਕ-ਕਿੱਤੇ ਪ੍ਰਚਲਿਤ ਰਹੇ ਹਨ ਜੋ ਆਪਣੇ ਸਮੇਂ ਦੇ ਪੰਜਾਬ ਦੀ ਆਰਥਿਕ-ਵਿਵਸਥਾ ਦਾ ਮਹੱਤਵਪੂਰਨ ਅੰਗ ਰਹੇ ਹਨ। ਮੋਟੇ ਤੌਰ ਤੇ ਪਿਛਲੇ ਕੁਝ ਸਮੇਂ ਤੱਕ ਪੰਜਾਬ ਦੇ ਪਿੰਡ ਅਤੇ ਕਸਬੇ ਆਪਣੀਆਂ ਲਗ-ਪਗ ਸਾਰੀਆਂ ਲੋੜਾਂ ਸਥਾਨਿਕ ਪੱਧਰ ਉੱਤੇ ਪੂਰੀਆਂ ਕਰਨ ਦੇ ਪੱਖੋਂ ਸਵੈ-ਨਿਰਭਰ ਇਕਾਈਆਂ ਸਨ। ਪੰਜਾਬ ਦੀ ਸਭਿਆਚਾਰਿਕ ਸਾਂਝ ਦਾ ਮੁੱਖ ਆਧਾਰ ਇਸ ਦੀ ਇਹ ਕਿੱਤਾ-ਮੁੱਖੀ ਵਿਵਸਥਾ ਰਹੀ ਹੈ। ਇੱਥੇ ਸਰਬ ਸਾਂਝਾ ਭਾਈਚਾਰਾ ਹੈ। ਹਰ ਇੱਕ ਨੂੰ ਇੱਕ ਦੂਜੇ ਦੀ ਜ਼ਰੂਰਤ ਰਹਿੰਦੀ ਹੈ। ਕਿੱਤੇ ਭਾਵੇਂ ਪਦਾਰਥਿਕ ਲੋੜਾਂ ਦੀ ਉਪਜ ਹੀ ਹਨ ਤਾਂ ਵੀ ਇਹ ਮਾਨਵੀ ਮੇਲ ਜੋਲ ਦੀ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਕਿੱਤਾਕਾਰ੍ਹਾਂ ਦਾ ਆਪਣੇ ਆਪਣੇ ਗਾਹਕਾਂ, ਜਜਮਾਨਾਂ ਦੇ ਘਰ ਜਾਣਾ ਜਾਂ ਕਿਰਸਾਣਾਂ ਆਦਿ ਦਾ ਆਪਣੇ ਕਾਰੀਗਰਾਂ ਦੇ ਘਰ ਜਾਣਾ, ਕਿਸੇ ਮੰਡੀ ਦੇ ਵਿਉਪਾਰ ਨਾਲੋਂ ਇੱਕ ਸਭਿਆਚਾਰਿਕ ਜਾਂ ਸਮਾਜਿਕ ਸਾਂਝ ਦਾ ਵਧੇਰੇ ਸੂਚਕ ਹੈ। ਉਹਨਾਂ ਦੀ ਇਹ ਦੁਪਾਸੀ ਸਾਂਝ ਅਤੇ ਪਿਆਰ ਪੁਸ਼ਤ-ਦਰ-ਪੁਸ਼ਤ ਚਲਦੇ ਆਏ ਹਨ।

ਪਿਛਲੇ ਕੁਝ ਸਮੇਂ ਤੋਂ ਨਵੇਂ ਤਕਨੀਕੀ ਸਾਧਨਾਂ ਦੇ ਆਉਣ ਨਾਲ ਕਈ ਕਿੱਤੇ ਲੋਕ ਹੋ ਰਹੇ ਹਨ ਅਤੇ ਇਹਨਾਂ ਕਿੱਤਿਆਂ ਨਾਲ ਸੰਬੰਧਿਤ ਕਾਰੀਗਰ ਹੋਰ ਧੰਦਿਆਂ ਨੂੰ ਅਪਣਾ ਰਹੇ ਹਨ ਜਾਂ ਇਹਨਾਂ ਦੇ ਰੂਪ ਬਦਲ ਰਹੇ ਹਨ। ਹੁਣ ਤਾਂ ਜੇ ਚੁਫੇਰੇ ਨਜ਼ਰ ਮਾਰੀਏ ਪੰਜਾਬ ਦੇ ਅਨੇਕਾਂ ਲੋਕ ਨਵੀਂ ਭਾਂਤ ਦੇ ਹੋਰ ਨਿੱਕੇ-ਮੋਟੇ ਕੰਮਾਂ-ਕਿੱਤਿਆਂ ਨੂੰ ਆਪਣੀ ਉਪਜੀਵਕਾ ਦਾ ਸਾਧਨ ਬਣਾ ਰਹੇ ਹਨ।

## ਸਾਰਾਂਸ਼

ਰਸਮਾਂ, ਸਮਾਜਕ ਅਤੇ ਸਭਿਆਚਾਰਕ ਮਹੱਤਵ ਰੱਖਦੀਆ ਹਨ ਜਨਮ ਸਮੇਂ ਦੀਆਂ ਬਹੁਤੀਆਂ ਰੀਤਾਂ ਜੱਚਾ ਅਤੇ ਬੱਚੇ ਦੀ ਮਾਨਸਿਕ ਅਤੇ ਸਰੀਰਕ ਸੁਰੱਖਿਆ ਨਾਲ ਸੰਬੰਧ ਰੱਖਦੀਆਂ ਹਨ। ਕੁਝ ਕੁ ਸੰਬੰਧ ਸੁਗਾਤ 'ਤਬਾਦਲੇ ਨਾਲ ਹੈ ਜਿਹੜੀਆਂ ਸ਼ਕੀਰੀ ਨੂੰ ਪੱਕਾ ਕਰਦੀਆਂ ਹਨ ਅਤੇ ਸਮਾਜਕ ਮੇਲ ਜੋਲ ਤੇ ਵਾਧਾ ਕਰਦੀਆਂ ਹਨ। ਜਨਮ ਸਮੇਂ ਦੀਆਂ ਕੁਝ ਕੁ ਰਸਮਾਂ ਵਿਚ ਲਾਗੀ ਭਾਗ ਲੈਂਦੇ ਹਨ, ਪ੍ਰਬੰਦੀ ਦੇ ਆਦਾਨ ਪਦਾਨ ਨੂੰ ਸੰਚਾਰਤ ਕਰਦੀਆਂ ਹਨ।

ਵਿਆਹ ਸਮੇਂ ਦੀਆਂ ਰਸਮਾ ਦੋ ਤਰ੍ਹਾਂ ਦੀਆਂ ਹੁੰਦੀਆਂ ਹਨ। ਪਹਿਲੀ ਕਿਸਮ ਦੀਆਂ ਉਹ ਰਸਮਾਂ ਹਨ ਜਿਹੜੀਆਂ ਸ਼ਰੀਕੇ ਅਤੇ ਸ਼ਕੀਰੀਆਂ ਦੇ ਮਹੱਤਵਪੂਰਨ ਰੋਲ ਨੂੰ ਸੰਚਾਰਤ ਕਰਦੀਆਂ ਹਨ। ਦੂਸਰੀ ਵੰਨਗੀ ਦੀਆਂ ਉਹ ਸਮਾਂ ਹਨ · ਜਿਹੜੀਆਂ ਵਿਆਹ ਦੇ ਵਿਕਾਸ ਦੀਆਂ ਰੁੜੀਗਤ ਪ੍ਰਥਾਵਾਂ ਨੂੰ ਸੰਭਾਲੀ ਬੈਠੀਆਂ ਹਨ। ਜਿਵੇਂ ਛੰਦ-ਪਰਾਗਾ ਅਤੇ ਛਿੱਟੀਆਂ ਖੇਡਣਾ ਆਦਿ। ਵਿਆਹ ਦੀਆਂ ਕੁਝ ਰਸਮਾਂ ਸਮਾਜਕ ਪ੍ਰਬੰਦੀ ਦੀ ਭੂਮਿਕਾ ਦਾ ਸੰਚਾਰ ਵੀ ਕਰਦੀਆਂ ਹਨ। ਮਰਨ ਸਮੇਂ ਦੀਆਂ ਰਸਮਾਂ ਜੀਵਨ ਅਤੇ ਮੌਤ ਦੇ ਸੰਬੰਧ ਨੂੰ ਪ੍ਰਤੀਬਿੰਬਤ ਤੌਰ 'ਤੇ ਚਿਤਰਦੀਆਂ ਹਨ। ਕਈ ਰਸਮਾਂ ਦਾ ਸੰਬੰਧ ਆਵਾਗਵਨ ਦੇ ਚੱਕਰ ਅਤੇ ਮੁਕਤੀ ਨਾਲ ਹੈ। ਪੰਜਾਬੀ ਮਨ ਦਾ ਵਿਸ਼ਵਾਸ ਹੈ ਕਿ ਆਤਮਾ ਮਰਦੀ ਨਹੀਂ, ਇਸ ਸਿਧਾਂਤ ਨੂੰ ਰਸਮਾਂ ਸੰਕੇਤਕ ਰੂਪ ਵਿਚ ਪ੍ਰਤੀਬਿੰਬਤ ਕਰਦੀਆਂ ਹਨ। ਇਹ ਰਸਮਾ ਮਨੁੱਖ ਦੇ ਜੀਵਨ ਵਿਚ ਵਿਸ਼ਵਾਸ ਪੈਦਾ ਕਰਦੀਆਂ ਹਨ। ਇਸ ਲਈ ਕਿਹਾ ਜਾ ਸਕਦਾ ਹੈ ਕਿ ਰਸਮਾਂ ਅਤੇ ਰੀਤਾਂ, ਦਾ ਅਹਿਮ ਸਮਾਜ ਤੇ ਸਭਿਆਚਾਰਕ ਮਹੱਤਵ ਹੈ।

## ਕੇਂਦਰੀ ਸ਼ਬਦ

- **ਕੁੜਮਾਈ** ਪੰਜਾਬ ਵਿਚ ਵਿਆਹ ਦਾ ਮੁੱਢ, ਕੁੜਮਾਈ, ਮੰਗਣੇ ਜਾ ਸ਼ਗਨ ਦੀ ਰਸਮ ਨਾਲ ਬੱਝਦਾ ਹੈ।
- **ਹੰਗਾਮਾ** ਪੋਤਰਿਆਂ ਪੜੋਤਰਿਆਂ ਵਾਲੇ ਬਜ਼ੁਰਗ ਦੀ ਮੌਤ ਮਗਰੋਂ ਉਸ ਨੂੰ ਵੱਡਾ ਕਰਨ ਲਈ ਹੰਗਾਮਾ ਜਾਂ 'ਕੱਠ ਕੀਤਾ ਜਾਂਦਾ ਹੈ।
- **ਸਾਹਾ** ਧੀ ਵਾਲੇ ਆਪਣੇ ਘਰ ਪਾਂਧੇ ਨੂੰ ਸੱਦ ਕੇ ਗਹਿਆਂ ਦੀ ਗਤੀ ਅਨੁਸਾਰ ਵਿਆਹ ਲਈ ਉਚਿਤ ਦਿਨ ਨੀਅਤ ਕਰਵਾਉਂਦੇ ਹਨ। ਇਸ ਰਸਮ ਨੂੰ ਸਾਹਾ ਕਢਾਉਣਾ ਜਾਂ ਸਾਹਾ ਸੁਧਾਉਣਾ' ਕਿਹਾ ਜਾਂਦਾ ਹੈ।

- **ਲੋਕ ਕਿੱਤਾ** ਪਿਤਾ-ਪੁਰਖੀ ਕੰਮ ਹੁੰਦਾ ਹੈ ਜਿਸ ਨੂੰ ਅਗਲੀ ਪੀੜ੍ਹੀ ਬਗੈਰ ਕਿਸੇ ਉਚੇਚੀ ਸਿਖਲਾਈ ਜਾਂ ਵਿਦਿਆ ਦੇ ਆਪਣੀ ਪਹਿਲੀ ਪੀੜ੍ਹੀ ਤੋਂ ਸਿੱਖ ਲੈਂਦੀ ਹੈ ਅਤੇ ਆਉਣ ਵਾਲੀ ਅਗਲੀ ਪੀੜ੍ਹੀ ਦੇ ਹੱਥਾਂ ਵਿੱਚ ਦੇ ਜਾਂਦੀ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1. ਰੀਤੀ ਤੋਂ ਕੀ ਭਾਵ ਹੈ?**

ੳ) ਲੋਕਾਂ ਵਿਚ ਪ੍ਰਚਲਿਤ ਧਾਰਨਾਵਾਂ।

ਅ) ਲੋਕਾਂ ਵਿਚ ਪ੍ਰਚਲਿਤ ਵਿਸ਼ਵਾਸ।

ੲ) ਸਮਾਜਿਕ, ਧਾਰਮਿਕ ਕਾਰਜ/ਵਿਹਾਰ/ਵਿਧੀ

ਸ) ਲੋਕਾਂ ਵਿਚ ਪ੍ਰਚਲਿਤ ਅਵਿਸ਼ਵਾਸ।

**ਪ੍ਰਸ਼ਨ 2. ਰਸਮ ਤੋਂ ਕੀ ਭਾਵ ਹੈ?**

ੳ) ਰੂੜ੍ਹੀ

ਅ) ਵਿਧੀ

ੲ) ਮਰਿਆਦਾ

ਸ) ਉਪਰੋਕਤ ਸਾਰੇ

**ਪ੍ਰਸ਼ਨ 3. ਲੋਕਾਚਾਰ ਦਾ ਸ਼ਾਬਦਿਕ ਅਰਥ ਹੈ:**

ੳ) ਲੋਕ ਮੱਤ

ਅ) ਲੋਕ ਵਿਹਾਰ

ੲ) ਲੋਕਾਂ ਵਿਸ਼ਵਾਸ਼

ਸ) ਲੋਕ ਅੰਧ-ਵਿਸ਼ਵਾਸ਼

**ਪ੍ਰਸ਼ਨ 4. ਰਸਮਾਂ ਦਾ ਅੰਗਰੇਜ਼ੀ ਵਿਚ ਸਮਾਨਾਰਥੀ ਸ਼ਬਦ ਹੈ:**

ੳ) folk wages

ਅ) Folk behave

ੲ) Rituals

ਸ) Folk value

**ਪ੍ਰਸ਼ਨ 5. ਹਰ ਇਕ ਰੀਤੀ ਰਿਵਾਜ ਪਿੱਛੇ ਮੂਲ ਪ੍ਰਯੋਜਨ ਨਾਲ ਕੋਈ ਨਾ ਕੋਈ...........ਜਰੂਰ ਹੁੰਦਾ ਹੈ।**

ੳ) ਲੋਕ ਧਰਮ

ਅ) ਲੋਕ ਵਿਸ਼ਵਾਸ਼

ੲ) ਲੋਕ ਵਿਹਾਰ

ਸ) ਅੰਧਵਿਸ਼ਵਾਸ਼

**ਪ੍ਰਸ਼ਨ 6. ਮਿੱਠਾ ਬੋਹੀਆਂ ਕਦੋਂ ਭੇਜਿਆ ਜਾਂਦਾ ਹੈ?**

ੳ) ਜਨਮ ਤੋਂ ਪਹਿਲਾਂ

ਅ) ਗਰਭ ਦੇ ਤੀਜੇ ਮਹੀਨੇ

ੲ) ਗਰਭ ਦੇ ਸੱਤਵੇਂ ਮਹੀਨੇ

ਸ) ਜਨਮ ਤੋਂ ਬਾਅਦ

**ਪ੍ਰਸ਼ਨ 7. ਪੰਜਾਬੀ ਸਭਿਆਚਾਰ ਵਿਚ ਮਾਂ ਬਣ ਤੋਂ ਬਾਅਦ ਬਾਹਰ ਵਧਾਉਣ ਦੀ ਰਸਮ ਕਿੰਨਵੇਂ ਦਿਨ ਕਰਨ ਦਾ ਰਿਵਾਜ਼ ਪ੍ਰਚਲਿਤ ਨਹੀਂ ਹੈ?**

ੳ) ਸੱਤਵੇਂ

ਅ) ਨੌਂਵੇ

ੲ) ਗਿਆਰਵੇਂ

ਸ) ਤੀਜੇ

**ਪ੍ਰਸ਼ਨ 8. ਵਿਆਹ ਦੇ ਰਸਮ ਰਿਵਾਜ਼ ਕਦੋਂ ਸ਼ੁਰੂ ਹੁੰਦੇ ਹਨ?**

ੳ) ਵਿਆਹ ਤੋਂ ਪਹਿਲਾਂ

ਅ) ਵਿਆਹ ਤੋਂ ਬਾਅਦ

ੲ) ਵਿਆਹ ਵਾਲੇ ਦਿਨ

ਸ) ਵਿਆਹ ਤੋਂ ਦੋ ਦਿਨ ਬਾਅਦ

**ਪ੍ਰਸ਼ਨ 9. ਪੁਰਾਤਨ ਸਮੇਂ ਵਿਚ ਗੰਢਾਂ ਕੋਣ ਲੈ ਕੇ ਜਾਂਦਾ ਸੀ?**

ੳ) ਪਿਤਾ

ਅ) ਵਿਚੋਲਾ

ੲ) ਭਾਈਚਾਰਾ

ਸ) ਨਾਈ

**ਪ੍ਰਸ਼ਨ 10. ਸੱਤ ਸੁਹਾਗਣਾਂ ਦੀ ਰੀਤ ਕਿਸ ਸਮੇਂ ਨਾਲ ਸੰਬਧਤ ਹੈ?**

ੳ) ਜਨਮ ਨਾਲ

ਅ) ਵਿਆਹ ਨਾਲ

ੲ) ਮੌਤ ਨਾਲ

ਸ) ਪੁੱਤਰ ਦੇ ਜਨਮ ਨਾਲ

**ਪ੍ਰਸ਼ਨ 11. ਮਾਂਈਏ ਪੈਣ ਤੋਂ ਕੀ ਭਾਵ ਹੈ?**

ੳ) ਵਿਆਹ ਦੇ ਦਿਨ ਤੱਕ ਘਰ ਦੇ ਵਿਹੜੇ ਵਿਚ ਨਾ ਜਾਣਾ।

ਅ) ਵਿਆਹ ਤੋਂ ਪਹਿਲਾਂ ਪੇਕੇ ਘਰ ਨਹੀਂ ਜਾਣਾ।

ੲ) ਵਿਆਹ ਦੇ ਦਿਨ ਤੱਕ ਘਰ ਤੋਂ ਬਾਹਰ ਨਹੀਂ ਜਾਣਾ।

ਸ) ਵਿਆਹ ਦੇ ਦਿਨ ਮਾਂ ਦੇ ਪੈਰੀ ਪੈਣਾ

**ਪ੍ਰਸ਼ਨ 12. ਗੋਡੇ ਮੁੱਢ ਬਠਾਉਣ ਦੀ ਰਸਮ ਕਦੋਂ ਕੀਤੀ ਜਾਂਦੀ ਹੈ?**

ੳ) ਜੰਞ ਚੜ੍ਹਨ ਵੇਲੇ

ਅ) ਵਿਆਹ ਤੋਂ ਪਹਿਲਾਂ

ੲ) ਡੋਲੀ ਤੋਰਨ ਵੇਲੇ

ਸ) ਵਿਆਹ ਤੋਂ ਬਾਅਦ

**ਪ੍ਰਸ਼ਨ 13. ਹੰਗਾਮੇ ਦੀ ਰਸਮ ਕਦੋਂ ਕੀਤੀ ਜਾਂਦੀ ਹੈ?**

ੳ) ਵਿਆਹੀ ਔਰਤ ਦੀ ਮੌਤ ਪਿਛੋ

ਅ) ਬਜੁਰਗ ਵਿਅਕਤੀ ਦੀ ਮੌਤ ਪਿਛੋ

ੲ) ਨੌਜਵਾਨ ਦੀ ਮੌਤ ਪਿੱਛੋ

ਸ) ਕੁਆਰੇ ਨੌਜਵਾਨ ਦੀ ਮੌਤ ਪਿੱਛੇ

**ਪ੍ਰਸ਼ਨ 14. ਪਿੱਤਰਾਂ ਨੂੰ ਭੋਜਨ ਦੇਣ ਨਾਲ਼ ਸੰਬੰਧਤ ਰਸਮ ਨੂੰ ਕੀ ਕਿਹਾ ਜਾਂਦਾ ਹੈ?**

ੳ) ਅਲਾਹੁਣੀਆਂ ਪਾਉਣਾ

ਅ) ਵੈਣ ਪਾਉਣਾ

ੲ) ਸ਼ਰਾਧ ਪਾਉਣਾ

ਸ) ਬਾਸਾ ਪਾਉਣਾ

**ਪ੍ਰਸ਼ਨ 15. ਅਲਾਹੁਣੀ.........ਪ੍ਰਗਟ ਕਰਨ ਵਾਲਾ ਗੀਤ ਰੂਪ ਹੈ?**

ੳ) ਹਾਸ ਰਸ

ਅ) ਸ਼ੋਕ ਰਸ

ੲ) ਅਦਭੁਤ ਰਸ

ਸ) ਵੀਰ ਰਸ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ਅ | 3.ਅ | 4. ੳ | 5. ਅ |
| 6. ਅ | 7. ਸ | 8. ੳ | 9. ਸ | 10. ਅ |
| 11. ੲ | 12. ਸ | 13. ਅ | 14. ੲ | 15. ਅ |

## ਅਭਿਆਸ ਪ੍ਰਸ਼ਨ

1. ਲੋਕਾਚਾਰ ਤੋਂ ਕੀ ਭਾਵ ਹੈ? ਇਸ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਰੀਤੀ-ਰਿਵਾਜ ਤੋਂ ਕੀ ਭਾਵ ਹੈ? ਪੰਜਾਬ ਦੇ ਵਿਆਹ ਨਾਲ ਸਬੰਧਤ ਰਸਮਾਂ ਬਾਰੇ ਚਰਚਾ ਕਰੋ।
3. ਪੰਜਾਬ ਦੇ ਲੋਕ ਧੰਦਿਆਂ ਬਾਰੇ ਵਿਸਥਾਰ ਵਿਚ ਚਰਚਾ ਕਰੋ।
4. ਪੰਜਾਬ ਦੇ ਮੇਲਿਆਂ ਦਾਜੀਵਨ ਵਿਚ ਕੀ ਮਹੱਤਵ ਹੈ? ਹਵਾਲਿਆਂ ਸਹਿਤ ਚਰਚਾ ਕਰੋ।।
5. ਪੰਜਾਬ ਦੇ ਤਿਉਹਾਰਾਂ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%B2%E0%A9%8B%E0%A8%95%E0%A8%BE%E0%A8%9A%E0%A8%BE%E0%A8%B0
- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B0%E0%A9%80%E0%A8%A4%E0%A9%80_%E0%A8%B0%E0%A8%BF%E0%A8%B5%E0%A8%BE%E0%A8%9C
- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC_%E0%A8%A6%E0%A9%87_%E0%A8%B2%E0%A9%8B%E0%A8%95_%E0%A8%A7%E0%A9%B0%E0%A8%A6%E0%A9%87

*Satwant Singh, Lovely Professional University*

# ਅਧਿਆਇ-10 : ਪੰਜਾਬ ਦੇ ਲੋਕ ਵਿਸ਼ਵਾਸ਼; ਜਾਦੂ ਟੂਣੇ, ਲੋਕ-ਧਰਮ, ਟੋਟਮ ਅਤੇ ਟੈਬੂ

**ਵਿਸ਼ਾ ਵਸਤੂ(Content)**

1. ਉਦੇਸ਼
2. ਭੂਮਿਕਾ
3. ਪੰਜਾਬ ਦੇ ਲੋਕ ਵਿਸ਼ਵਾਸ਼
4. ਜਾਦੂ ਟੂਣੇ ਤੇ ਲੋਕ-ਧਰਮ
5. ਟੋਟਮ ਤੇ ਟੈਬੂ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬ ਦੇ ਲੋਕ ਵਿਸ਼ਵਾਸ਼ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬ ਦੇ ਲੋਕ-ਧਰਮ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬ ਦੀਆਂ ਲੋਕਧਾਰਾਈ ਰੂੜ੍ਹੀਆਂ ਦੇ ਸਰੂਪ ਨੂੰ ਸਮਝਣਗੇ
- ਪੰਜਾਬੀ ਲੋਕ ਮਨ ਦੀ ਸਮਝ ਹਾਸਿਲ ਕਰਨਗੇ

## ਭੂਮਿਕਾ:

ਲੋਕ ਮੱਤ ਜਾਂ ਲੋਕ ਵਿਸ਼ਵਾਸ ਇੱਕ ਅਜਿਹੇ ਭਾਵ ਦਾ ਨਾਮ ਹੈ, ਜਿਸ ਨੂੰ ਆਧਾਰ ਬਣਾ ਕੇ ਮਨੁੱਖ ਨੇ ਗਿਆਨ ਅਤੇ ਵਿਗਿਆਨ ਦੇ ਖੇਤਰ ਵਿੱਚ ਬੇ-ਮਿਸਾਲ ਤਰੱਕੀ ਕੀਤੀ ਹੈ। ਮਨੁੱਖ ਦਾ ਸਾਰਾ ਸਮਾਜਿਕ, ਧਾਰਮਿਕ ਅਤੇ ਸਭਿਆਚਾਰਕ ਵਿਕਾਸ ਵਿਭਿੰਨ ਕਿਸਮਾਂ ਦੇ ਵਿਸ਼ਵਾਸਾਂ ਨਾਲ ਜੁੜਿਆ ਹੋਇਆ ਹੈ। ਮਨੁੱਖ ਪ੍ਰਕ੍ਰਿਤੀ ਵਿੱਚ ਵਾਪਰਦੀਆਂ ਘਟਨਾਵਾਂ ਤੋਂ ਆਪਣੀ ਪ੍ਰਤੱਖਣ ਸ਼ਕਤੀ ਰਾਹੀਂ ਜੋ ਪ੍ਰਭਾਵ ਗ੍ਰਹਿਣ ਕਰਦਾ ਸੀ ਉਹ ਹੀ ਲੋਕ ਵਿਸ਼ਵਾਸ਼ਾਂ ਦਾ ਆਧਾਰ ਬਣਦੇ ਹਨ। ਪ੍ਰਕ੍ਰਿਤੀ ਜਾਂ ਮਨੁੱਖੀ ਜੀਵਨ ਵਿੱਚ ਵਾਪਰੀ ਕਿਸੇ ਘਟਨਾ ਦਾ ਸੰਬੰਧ ਜਦੋਂ ਕਿਸੇ ਦੂਸਰੀ ਘਟਨਾ ਨਾਲ ਜੁੜ ਗਿਆ ਤਾਂ ਮਨੁੱਖ ਸਮਾਨ ਸਥਿਤੀਆਂ ਵਿੱਚ ਅਜਿਹੀਆਂ ਹੀ ਘਟਨਾਵਾਂ ਦੇ ਵਾਪਰਨ ਬਾਰੇ ਵਿਸ਼ਵਾਸ ਕਰਨ ਲੱਗ ਗਿਆ। ਉਸਨੇ ਇੱਕ ਘਟਨਾ ਨੂੰ ਦੂਸਰੀ ਦਾ ਕਾਰਨ ਮੰਨ ਲਿਆ। ਪ੍ਰਕ੍ਰਿਤੀ ਨਾਲ ਅੰਤਰ ਕਿਰਿਆ ਵਿੱਚ ਆਉਣ ਨਾਲ ਉਹ ਵਿਸ਼ਵਾਸ ਬਣਨੇ ਸ਼ੁਰੂ ਹੋਏ ਅਤੇ ਜਿਉ-ਜਿਉ ਮਨੁੱਖੀ ਅਨੁਭਵ ਵਿਸ਼ਾਲ ਹੁੰਦਾ ਗਿਆ ਇੰਨ੍ਹਾਂ ਵਿਸ਼ਵਾਸਾਂ ਦਾ ਦਾਇਰਾ ਵੀ ਫੈਲਦਾ ਗਿਆ। ਇੱਕ ਵਿਅਕਤੀ ਦੀ ਵਿਸ਼ਵਾਸ ਕਰਨ ਦੀ ਰੁਚੀ ਅਤੇ ਵਿਸ਼ਵਾਸ ਭੰਡਾਰ ਦੂਸਰੇ ਵਿਅਕਤੀ ਤੋਂ ਭਿੰਨ ਹੁੰਦਾ ਹੈ। ਲੋਕ ਵਿਸ਼ਵਾਸ ਸਮੇਂ ਤੇ ਸਥਾਨ ਦੇ ਬਦਲਣ ਨਾਲ ਬਦਲਦੇ ਰਹਿੰਦੇ ਹਨ ਉਦਾਹਰਨ ਵਜੋਂ ਜਿਵੇਂ ਕਿ ਭਾਰਤ ਵਿੱਚ ਸੱਪ ਦੀ ਨਾਗ ਦੇਵਤਾ ਸਮਝ ਕੇ ਪੂਜਾ ਕੀਤੀ ਜਾਂਦੀ ਹੈ ਪਰ ਇਸਾਈ ਧਰਮ ਵਿੱਚ ਇਸਨੂੰ ਸ਼ੈਤਾਨ ਸਮਝਿਆ ਜਾਂਦਾ ਹੈ।

ਵਿਸ਼ਵਾਸ ਅਨੁਭਵ ਉੱਪਰ ਆਧਾਰਿਤ ਹੁੰਦਾ ਹੈ, ਪਰ ਜਦੋਂ ਇਸ ਅਨੁਭਵ ਪਿੱਛੇ ਕਾਰਜਸ਼ੀਲ ਕਾਰਨ ਕਾਰਜ ਸੰਬੰਧਾਂ ਦਾ

ਨਿਰੀਖਣ ਕਰ ਕੇ ਇਸ ਦੇ ਸਥਾਈ ਸੰਬੰਧਾਂ ਦਾ ਨਿਰੀਖਣ ਕਰ ਕੇ ਇਸ ਦੇ ਸਥਾਈ ਸੰਬੰਧਾਂ ਨੂੰ ਜਾਣ ਲਿਆ ਜਾਂਦਾ ਹੈ ਤਾ ਇਹ ਸਾਡੇ ਗਿਆਨ ਦਾ ਅਨੁਭਵ ਬਣ ਜਾਂਦਾ ਹੈ। ਗਿਆਨ ਸਰਬਵਿਆਪੀ ਸਮਾਨ ਅਸਲ ਹੈ ਅਰਥਾਤ ਗਿਆਨ ਵਸਤੁ-ਨਿਸ਼ਠ ਹੁੰਦਾ ਹੈ। ਵਿਸ਼ਵਾਸ ਵਿਅਕਤੀਪਰਕ ਹੁੰਦਾ ਹੈ ਅਤੇ ਇੱਕ ਹੀ ਵਸਤੂ ਜਾਂ ਪ੍ਰਕਿਰਤਿਕ ਵਰਤਾਰੇ ਨਾਲ ਸੰਬੰਧਿਤ ਵਿਸ਼ਵਾਸ ਵੱਖ-ਵੱਖ ਸੱਭਿਆਚਾਰਾਂ ਵਿੱਚ ਵੱਖੋ-ਵੱਖਰੇ ਹੋ ਜਾਂਦੇ ਹਨ।

## ਲੋਕ ਵਿਸ਼ਵਾਸ

ਲੋਕ ਵਿਸ਼ਵਾਸ ਲੋਕਧਾਰਾ ਦਾ ਇੱਕ ਮਹੱਤਵਪੂਰਨ ਅੰਗ ਹਨ। ਲੋਕ-ਵਿਸ਼ਵਾਸ ਤੋਂ ਭਾਵ ਕਿਸੇ ਦਿਸਦੀ ਜਾਂ ਅਣਦਿਸਦੀ ਵਸਤੂ ਨੂੰ ਲੋਕ-ਮਨ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰ ਲੈਣਾ। ਆਂਤਰਿਕ ਸੂਝ ਲੋਕ ਵਿਸ਼ਵਾਸਾਂ ਦੀ ਆਧਾਰਸ਼ਿਲਾ ਹੈ। ਸਮਾਨ ਸਥਿਤੀਆਂ ਵਿੱਚ ਸਮਾਨ ਘਟਨਾਵਾਂ ਦੇ ਵਾਪਰਨ ਦੀ ਸੰਭਾਵਨਾ ਵਿਚ ਯਕੀਨ ਕਰਨ ਵਜੋਂ ਲੋਕ-ਵਿਸ਼ਵਾਸ਼ ਪ੍ਰਚਲਿਤ ਹੋਏ ਹਨ। ਮੁੱਢ ਵਿਚ ਪ੍ਰਕਿਰਤਿਕ ਵਰਤਾਰਿਆਂ ਨੂੰ ਵਿਗਿਆਨਿਕ ਆਧਾਰ 'ਤੇ ਸਮਝਣੋਂ ਅਸਮਰਥਤਾ ਨੇ ਲੋਕ ਵਿਸ਼ਵਾਸ਼ਾਂ ਨੂੰ ਜਨਮ ਦਿੱਤਾ। ਵਿਸ਼ਵਾਸ ਅਨੁਭਵ ਆਧਾਰਿਤ ਅਤੇ ਵਿਅਕਤੀਪਰਕ ਹੁੰਦਾ ਹੈ ਗਿਆਨ ਵਸਤੂ-ਨਿਸ਼ਠ ਹੁੰਦਾ ਹੈ। ਲੋਕ ਵਿਸ਼ਵਾਸ ਸਮੇਂ ਅਨੁਸਾਰ ਬਣਦੇ ਅਤੇ ਬਿਨਸਦੇ ਰਹਿੰਦੇ ਹਨ ਜਿਵੇਂ ਜਾਦੂ-ਟੂਣਾ, ਸੁਪਨ ਵਿਸ਼ਵਾਸ, ਸ਼ਗਨ ਅਪਸ਼ਗਨ, ਜੋਤਿਸ਼, ਲੋਕ ਧਰਮ ਆਦਿ ਸੰਬੰਧੀ ਲੋਕ ਵਿਸ਼ਵਾਸ ਪ੍ਰਚਲਿਤ ਹਨ।

## ਪਰਿਭਾਸ਼ਾਵਾਂ

**ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ**, ਲੋਕ ਵਿਸ਼ਵਾਸ ਸਦੀਆਂ ਦੇ ਸਮੂਹਿਕ ਅਨੁਭਵ ਦੇ ਫ਼ਲ ਹੰਦੇ ਹਨ ਇਨ੍ਹਾਂ ਨੂੰ ਪਰੰਪਰਾਵਾਂ ਤੋਂ ਸ਼ਕਤੀ ਮਿਲਦੀ ਹੈ ਲੋਕੀ ਇਸ ਨਾਲ ਮਾਨਿਸਕ ਤੌਰ ਤੇ ਬੱਝ ਜਾਂਦੇ ਹਨ ਕਈ ਵਿਸ਼ਵਾਸ ਪੀੜੀ ਦਰ ਪੀੜੀ ਤੁਰਦੇ ਜਾਤੀ ਦੇ ਸੰਸਕਾਰ ਬਣ ਜਾਂਦੇ ਹਨ ਇਨ੍ਹਾਂ ਦੀ ਸਿਰਜਣਾ ਵਿਚ ਲੋਕ ਮਨ ਦੀ ਭੂਮਿਕਾ ਬੜੀ ਅਹਿਮ ਹੁੰਦੀ ਹੈ।

**ਕਰਨੈਲ ਸਿੰਘ ਥਿੰਦ ਅਨੁਸਾਰ**, ਲੋਕ ਮਾਨਸ ਦੀ ਅਭਿਵਅਕਤੀ ਨਾਲ ਲੋਕ ਵਿਸ਼ਵਾਸ ਦਾ ਸਿੱਧਾ ਘਨਿਸ਼ਟ ਸਬੰਧ ਹੈ ਪ੍ਰਾਚੀਨ ਸੱਭਿਆਚਾਰਾ ਦੇ ਅੰਸ਼ ਵੀ ਸਭ ਤੋਂ ਅਧਿਕ ਮਾਤਰਾ ਵਿਚ ਆਦਿਮ ਮਾਨਵ ਦੇ ਵਿਸ਼ਵਾਸਾਂ ਵਿਚ ਉਪਲੱਬਧ ਹਨ। ਆਧੁਨਿਕ ਯੁੱਗ ਵਿਚ ਵੀ ਇਹ ਵਿਸ਼ਵਾਸ ਪੂਰੀ ਤਰ੍ਹਾਂ ਲੋਕ ਮਨਾਂ ਵਿਚ ਵਿਦਮਾਨ ਹਨ।

**ਭੁਪਿੰਦਰ ਸਿੰਘ ਖਹਿਰਾ ਅਨੁਸਾਰ**, ਲੋਕ ਵਿਸ਼ਵਾਸ ਜਿਉਣ ਵਿਚ ਸਾਡਾ ਵਿਸ਼ਵਾਸ ਬਣਾਉਦੇ ਹਨ ਇਹ ਜੀਵਨ ਲਈ ਇਕ ਸਮੱਗਰੀ ਪ੍ਰਦਾਨ ਕਰਦੇ ਹਨ। ਜੇਕਰ ਲੋਕ ਵਿਸ਼ਵਾਸ ਨਾ ਹੋਣ ਤਾਂ ਜ਼ਿੰਦਗੀ ਜ਼ਿੰਦਗੀ ਨਹੀਂ ਰਹੇਗੀ ਇਕ ਮਸ਼ੀਨ ਬਣ ਜਾਵੇਗੀ ਇਹ ਸਾਨੂੰ ਜਿਉਣ ਦੀ ਯੁਗਤ ਬਖ਼ਸਦੇ ਹਨ

**ਡਾ. ਨਾਹਰ ਸਿੰਘ ਅਨੁਸਾਰ,** ਲੋਕ ਵਿਸ਼ਵਾਸ ਕਿਸੇ ਲੋਕਧਾਰਕ ਤਰਕ ਉੱਤੇ ਅਧਾਰਿਤ ਹੁੰਦਾ ਹੈ ਇਸ ਲਈ ਇਸ ਨੂੰ ਵਹਿਮ ਭਰਮ ਕਹਿਣਾ ਠੀਕ ਨਹੀ ਲੋਕ ਵਿਸ਼ਵਾਸ ਦਾ ਤਰਕ ਮਿੱਥ ਦੇ ਤਰਕ ਨਾਲ ਮਿਲਦਾ ਜੁਲਦਾ ਹੈ ਅਰਥਾਤ ਇਨ੍ਹਾਂ ਵਿਚ ਰਸਮੀ ਦਲੀਲ ਨਹੀ ਹੁੰਦੀ ਪਰ ਸਾਂਸਕ੍ਰਿਤਕ ਸੱਚ ਹੁੰਦਾ ਹੈ।

**ਸ਼ਗਨ-ਅਪਸ਼ਗਨ:** ਸ਼ਗਨ ਦਾ ਅਰਥ ਸ਼ੁੱਭ ਕਰਮ, ਚੰਗਾ ਪ੍ਰਭਾਵ, ਚੜਦੀ ਕਲਾ ਦਾ ਅਹਿਸਾਸ। ਸ਼ਗਨ 'ਸ਼ਕੁਨ' ਦਾ ਪੰਜਾਬੀ ਰੂਪ ਹੈ, ਜਿਸਦਾ ਅਰਥ 'ਪੰਛੀ' ਹੈ। ਪੁਰਾਣੇ ਸਮਿਆਂ ਵਿੱਚ ਪੰਛੀਆਂ ਦੀ ਚਹਿਕ, ਉਡਾਣ ਦਿਸ਼ਾ ਜਾਂ ਉਨ੍ਹਾਂ ਦੀਆਂ ਹੋਰ ਕਿਰਿਆਵਾਂ ਤੋਂ ਭਵਿੱਖ ਵਿੱਚ ਵਾਪਰਨ ਵਾਲੀਆਂ ਗੱਲਾਂ ਦਾ ਅਨੁਮਾਨ ਲਗਾਇਆ ਜਾਂਦਾ ਹੈ। ਪੰਛੀਆਂ ਨਾਲ ਸਬੰਧਿਤ ਹੋਣ ਕਾਰਨ ਇਸ ਕਿਰਿਆ ਲਈ ਸ਼ਗਨ ਸ਼ਬਦ ਰੂੜ੍ਹ ਹੋ ਗਿਆ। ਫਿਰ ਇਹ ਸ਼ਬਦ ਅਰਥ ਵਿਸਥਾਰ ਦੀ ਪ੍ਰਕਿਰਿਆ ਵਿੱਚ ਪੈ ਕੇ ਹਰ ਉਸ ਚਿੰਨ੍ਹ ਜਾਂ ਲੱਛਣ ਲਈ ਪ੍ਰਯੋਗ ਹੋਣ ਲੱਗਾ ਜੋ ਭਵਿੱਖ ਵਿੱਚ ਵਾਪਰਨ ਵਾਲੀ ਕਿਸੇ ਘਟਨਾ ਦਾ ਸੂਚਕ ਹੋਵੇ। ਬਾਅਦ ਵਿੱਚ ਇਹ ਸ਼ਬਦ ਕੁਝ ਮੰਗਲਕਾਰੀ ਰਸਮਾਂ ਲਈ ਵੀ ਪ੍ਰਯੋਗ ਹੋਣ ਲੱਗਾ। ਸ਼ਗਨ ਮਨਾਉਣਾ, ਸ਼ਗਨ ਪਾਉਣਾ ਜਾਂ ਸ਼ਗਨ ਵਿਚਾਰਨਾ ਇਸ ਸ਼ਬਦ ਦੇ ਹੀ ਰੂਪ ਹਨ।

**ਅਪਸ਼ਗਨ:** 'ਅਪ' ਅਗੇਤਰ ਬੁਰੇ ਦਾ ਬੋਧ ਕਰਵਾਉਂਦਾ ਹੈ। ਕਿਸੇ ਕੰਮ ਦੇ ਆਰੰਭ ਵੇਲੇ ਪ੍ਰਾਕ੍ਰਿਤਕ ਦ੍ਰਿਸ਼ ਸੁਖਾਵੇ ਨਾ ਹੋਣ, ਗ੍ਰਹਿ ਅਨੁਕੂਲ ਠੀਕ ਨਾ ਹੋਣ, ਅਚਾਨਕ ਕਿਸੇ ਚੀਜ਼ ਦਾ ਟੁੱਟ ਜਾਣਾ, ਜਿਹੜੇ ਚਿੰਨ੍ਹ, ਲੱਛਣ ਤੇ ਦ੍ਰਿਸ਼ਟਮਾਨ ਅਮੰਗਲ ਬੋਧਿਕ ਹੋਣ ਉਨ੍ਹਾਂ ਨੂੰ ਅਪ-ਸ਼ਗਨ ਕਿਹਾ ਜਾਂਦਾ ਹੈ।

ਇੰਜ ਉਪਰੋਕਤ ਚਰਚਾ ਤੋਂ ਸਿੱਧ ਹੁੰਦਾ ਹੈ ਕਿ ਲੋਕ-ਵਿਸ਼ਵਾਸ ਤੋਂ ਭਾਵ ਕਿਸੇ ਦਿਸਦੀ ਜਾਂ ਅਣਦਿਸਦੀ ਵਸਤੂ ਨੂੰ ਲੋਕ-ਮਨ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰ ਲੈਣਾ ਹੈ। ਮਨੁੱਖ ਆਪਣੇ ਆਲੇ- ਦੁਆਲੇ ਵਾਪਰਦੀਆਂ ਘਟਨਾਵਾਂ ਬਾਰੇ ਆਪਣੀ ਆਂਤਰਿਕ ਸੂਝ ਰਾਹੀਂ ਜੋ ਅਨੁਭਵ ਗ੍ਰਹਿਣ ਕਰਦਾ ਹੈ, ਇਹ ਅਨੁਭਵ ਹੀ ਲੋਕ-ਵਿਸ਼ਵਾਸਾਂ ਦੀ ਆਧਾਰਸ਼ਿਲਾ ਬਣਦੇ ਹਨ। ਮਨੁੱਖੀ ਜੀਵਨ ਵਿੱਚ ਜਦੋਂ ਇੱਕ ਘਟਨਾ ਦਾ ਸੰਬੰਧ ਦੂਜੀ ਘਟਨਾ ਨਾਲ ਜੁੜਨ ਲੱਗਾ ਤਾਂ ਮਨੁੱਖ ਨੇ ਇੱਕ ਘਟਨਾ ਨੂੰ ਦੂਜੀ ਘਟਨਾ ਦੇ ਕਾਰਨ ਵਜੋਂ ਵਿਚਾਰਿਆ। ਇਸ ਤਰ੍ਹਾਂ ਲੋਕ-ਮਨ ਸਮਾਨ ਸਥਿਤੀਆਂ ਵਿੱਚ ਸਮਾਨ ਘਟਨਾਵਾਂ ਦੇ ਵਾਪਰਨ ਦੀ ਸੰਭਾਵਨਾ ਵਿੱਚ ਯਕੀਨ ਕਰਨ ਲੱਗਾ ਜੋ ਹੌਲੀ-ਹੌਲੀ ਲੋਕ-ਵਿਸ਼ਵਾਸਾਂ ਦੇ ਰੂਪ ਵਿੱਚ ਪ੍ਰਚਲਿਤ ਹੋ ਗਿਆ।

ਮੁਢਲੀ ਅਵਸਥਾ ਵਿੱਚ ਮਨੁੱਖ ਪ੍ਰਕਿਰਤਿਕ ਵਰਤਾਰਿਆਂ ਨੂੰ ਵਿਗਿਆਨਿਕ ਆਧਾਰ ਤੇ ਸਮਝਣੋਂ ਅਸਮਰਥ ਸੀ। ਇਸ ਤਰ੍ਹਾਂ ਮਨੁੱਖ ਨੇ ਆਪਣੇ ਆਲੇ- ਦੁਆਲੇ ਨੂੰ ਸਮਝਣ ਲਈ ਆਪਣੀ ਸੂਝ ਸ਼ਕਤੀ ਰਾਹੀਂ ਇਹਨਾਂ ਪ੍ਰਕਿਰਤਿਕ ਵਰਤਾਰਿਆਂ ਦੇ ਭੇਦ ਜਾਣਨ ਅਤੇ ਵਿਆਖਿਆਉਣ ਦੀ ਕੋਸ਼ਿਸ਼ ਕੀਤੀ। ਕੁਝ ਵਿਸ਼ਵਾਸ ਵਸਤੂਆਂ ਅਤੇ ਘਟਨਾਵਾਂ ਦੀ ਸਮਾਨ ਕਾਰਜਸ਼ੀਲਤਾ ਦੇ ਆਧਾਰ ਤੇ ਸਿਰਜੇ ਗਏ ਅਤੇ

ਕੁਝ ਵਿਸ਼ਵਾਸ ਮਨੁੱਖ ਦੇ ਨਿੱਤ ਜੀਵਨ-ਵਿਹਾਰ ਸੰਬੰਧੀ ਅਨੁਭਵ ਰਾਹੀਂ ਹੋਂਦ ਵਿੱਚ ਆਏ। ਇਸ ਤਰ੍ਹਾਂ ਲੋਕ-ਵਿਸ਼ਵਾਸ ਜੀਵਨ ਦ੍ਰਿਸ਼ਟੀ ਸੰਬੰਧੀ ਲੋਕ-ਭਾਵਾਂ ਦੀ ਤਰਜ਼ਮਾਨੀ ਕਰਦੇ ਹਨ।

ਮਨੁੱਖੀ ਅਤੇ ਪ੍ਰਕਿਰਤਿਕ ਵਰਤਾਰਿਆਂ ਦਾ ਸੁਭਾਅ ਸੂਖਮ ਅਤੇ ਜਟਿਲ ਹੋਣ ਕਾਰਨ ਅਨੇਕਾਂ ਲੋਕ-ਵਿਸ਼ਵਾਸ ਹੋਂਦ ਵਿੱਚ ਆਏ। ਇਸ ਤਰ੍ਹਾਂ ਮਨੁੱਖ ਦੇ ਜਨਮ ਤੋਂ ਲੈ ਕੇ ਮਰਨ ਤੱਕ ਉਸ ਦੇ ਸਮੁੱਚੇ ਜੀਵਨ-ਵਿਹਾਰ ਅਤੇ ਪ੍ਰਕਿਰਤੀ ਸੰਬੰਧੀ ਕਈ ਲੋਕ-ਵਿਸ਼ਵਾਸ ਜੁੜ ਗਏ। ਬਾਲ ਵਿਸ਼ਵਕੋਸ਼ ਵਿਚ ਲੇਖਕ ਡਾ. ਮਲਕੀਤ ਕੌਰ ਅਤੇ ਡਾ. ਸਤਨਾਮ ਸਿੰਘ ਸੰਧੂ ਨੇ ਪੰਜਾਬ ਦੇ ਲੋਕ ਵਿਸ਼ਵਾਸ਼ਾਂ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਹੈ। ਮਿਸਾਲ ਵਜੋਂ :

### ਜਨਮ ਸੰਬੰਧੀ

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੇਕਰ ਮੱਸਿਆ ਤੋਂ ਬਾਅਦ ਚੰਨ ਦੀਆਂ ਚਾਨਣੀਆਂ ਤਿੱਥਾਂ ਦੌਰਾਨ ਹਮਲ ਠਹਿਰ ਜਾਵੇ ਤਾਂ ਲੜਕਾ ਜਨਮ ਲੈਂਦਾ ਹੈ। ਪਰ ਹਨੇਰੇ ਪੱਖ ਵਿੱਚ ਹਮਲ ਠਹਿਰਨ ਨਾਲ ਲੜਕੀ ਜਨਮ ਲੈਂਦੀ ਹੈ। ਸਵੇਰੇ ਸਾਰ ਜਨਮ ਲੈਣ ਵਾਲਾ ਬੱਚਾ ਭਾਗਸ਼ਾਲੀ ਸਮਝਿਆ ਜਾਂਦਾ ਹੈ। ਬੱਚੇ ਦੇ ਜਨਮ ਸਮੇਂ ਉਸ ਨੂੰ 'ਗੁੜ੍ਹਤੀ' ਦੇ ਰੂਪ ਵਿੱਚ ਗੁੜ, ਸ਼ਹਿਦ ਜਾਂ ਹੋਰ ਮਿੱਠਾ ਉਂਗਲ ਨਾਲ ਚਟਾਉਣ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਿਹੋ-ਜਿਹਾ ਵਿਅਕਤੀ ਬੱਚੇ ਨੂੰ ਗੁੜ੍ਹਤੀ ਦੇਵੇਗਾ; ਬਾਲ ਉਹੋ ਜਿਹੇ ਵਿਅਕਤੀ ਦੇ ਗੁਣ ਹੀ ਗ੍ਰਹਿਣ ਕਰੇਗਾ।

### ਮੌਤ ਸੰਬੰਧੀ

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੰਜੇ ਉੱਤੇ ਪਏ ਮੁਰਦੇ ਦੀ ਗਤੀ ਨਹੀਂ ਹੁੰਦੀ। ਮੁਰਦੇ ਨੂੰ ਅਗਨੀਦਾਹ ਕਰਨ ਲੈ ਜਾਂਦੇ ਸਮੇਂ ਰਾਹ ਵਿੱਚ ਮਿੱਟੀ ਦਾ ਘੜਾ ਭੰਨਿਆ ਜਾਂਦਾ ਹੈ, ਭਾਵ ਮਨੁੱਖ ਦੀ ਜੀਵਨ ਰੂਪੀ ਲੀਲ੍ਹਾ ਘੜੇ ਦੇ ਟੁੱਟਣ ਵਾਂਗ ਖ਼ਤਮ ਹੋ ਗਈ ਸਮਝੀ ਜਾਂਦੀ ਹੈ। ਮੁਰਦੇ ਦੇ ਸਾਕ-ਸੰਬੰਧੀਆਂ ਵੱਲੋਂ ਉਸ ਦੇ ਸਸਾਕਾਰ ਸਮੇਂ ਤੀਲ੍ਹਾ ਤੋੜ ਦਿੱਤਾ ਜਾਂਦਾ ਹੈ, ਜਿਸ ਬਾਰੇ ਵਿਸ਼ਵਾਸ ਹੈ ਕਿ ਇੰਵ ਡੱਕਾ ਤੋੜ ਕੇ ਮ੍ਰਿਤਕ ਪ੍ਰਾਣੀ ਨਾਲੋਂ ਰਿਸ਼ਤਾ ਟੁੱਟ ਜਾਂਦਾ ਹੈ। ਕਫ਼ਨ (ਕੱਪੜੇ) ਦੀ ਵੀ ਸਿਲਾਈ ਨਹੀਂ ਕੀਤੀ ਜਾਂਦੀ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਉਂ ਮੁਰਦਾ ਰੂਹ ਨੂੰ ਹਰੇਕ ਬੰਧਨ ਤੋਂ ਮੁਕਤ ਕਰ ਦਿੱਤਾ ਜਾਂਦਾ ਹੈ।

### ਧਰਤੀ ਅਤੇ ਅਕਾਸ਼ ਸੰਬੰਧੀ

ਚੜ੍ਹਦੇ ਸੂਰਜ ਨੂੰ ਨਮਸਕਾਰ ਕਰਨ ਤੇ ਉਸ ਵਿਅਕਤੀ ਦਾ ਪ੍ਰਤਾਪ ਸੂਰਜ ਵਾਂਗੂ ਤੇਜ਼ ਹੋ ਜਾਂਦਾ ਹੈ। ਜੇਕਰ ਨਵੀਂ ਵਿਆਹੀ ਕੁੜੀ ਇੱਕ ਸਾਲ ਦੂਜ ਦਾ ਨਵਾਂ ਚੰਨ ਚੜ੍ਹਦਾ ਵੇਖੇ ਤਾਂ ਉਸ ਦੀ ਕੁੱਖੋਂ ਚੰਨ ਵਰਗਾ ਪੁੱਤਰ ਜਨਮ ਲੈਣ ਦਾ ਵਿਸ਼ਵਾਸ ਹੈ। ਸੂਰਜ ਜਾਂ ਚੰਦਰਮਾ ਨੂੰ ਗ੍ਰਹਿਣ ਲੱਗਣ ਸਮੇਂ ਗਰਭਵਤੀ ਦੇ ਪੈਰਾਂ ਵਿੱਚ ਕੱਚੇ ਧਾਗੇ ਦੀ ਅੱਟੀ ਪਾ ਕੇ ਬਿਠਾਇਆ ਜਾਂਦਾ ਹੈ, ਨਹੀਂ ਤਾਂ ਬੱਚੇ ਦੇ ਕਿਸੇ ਅੰਗ ਤੇ ਗ੍ਰਹਿਣ ਦਾ ਮਾੜਾ ਪ੍ਰਭਾਵ ਪੈਣ ਦਾ ਡਰ ਬਣਿਆ ਰਹਿੰਦਾ ਹੈ। ਤਾਰਿਆਂ ਸੰਬੰਧੀ ਇਹ ਵਿਸ਼ਵਾਸ ਪਾਇਆ ਜਾਂਦਾ ਹੈ ਕਿ ਜੇਕਰ ਤਾਰਾ ਟੁੱਟਣ ਸਮੇਂ ਕੋਈ ਵਿਅਕਤੀ ਆਪਣੇ ਮਨ ਵਿੱਚ ਇੱਛਾ ਧਾਰ ਕੇ ਕੱਪੜੇ ਦੀ ਗੰਢ ਮਾਰ ਲਵੇ ਤਾਂ ਉਸ ਦੀ ਇੱਛਾ ਪੂਰੀ ਹੋ ਜਾਂਦੀ ਹੈ।

### ਜੀਵਾਂ ਸੰਬੰਧੀ

ਜੀਵਾਂ ਸੰਬੰਧੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਘਰੋਂ ਕਿਸੇ ਕੰਮ ਤੇ ਜਾਣ ਸਮੇਂ ਬਿੱਲੀ ਰਸਤਾ ਕੱਟ ਜਾਵੇ ਤਾਂ ਕੰਮ ਸਿਰੇ ਨਹੀਂ ਚੜ੍ਹੇਗਾ। ਪਰ ਰਾਹ ਵਿੱਚ ਕੁੱਤਾ ਮਿਲੇ ਤਾਂ ਸ਼ੁਭ ਸਮਝਿਆ ਜਾਂਦਾ ਹੈ। ਸ਼ਾਇਦ ਇਸ ਲਈ ਕਿ ਕੁੱਤਾ ਮਨੁੱਖ ਪ੍ਰਤਿ ਵਫ਼ਾਦਾਰੀ ਨਿਭਾਉਂਦਾ ਹੈ। ਜਿਸ ਘਰ ਦੇ ਬਨੇਰੇ ਉੱਤੇ ਦਿਨੇ ਉੱਲੂ ਬੋਲਣ, ਉਹ ਘਰ ਵੱਸਦਾ ਨਹੀਂ ਕਿਉਂਕਿ ਉੱਲੂ ਉਜਾੜ ਮੰਗਦੇ ਹਨ। ਜੇਕਰ ਰਾਤ ਨੂੰ ਕੁੱਤੇ ਰੋਣ ਤਾਂ ਪਿੰਡ ਵਿੱਚ ਕਿਸੇ ਵਿਅਕਤੀ ਦੇ ਮਰਨ ਦੀ ਨਿਸ਼ਾਨੀ ਸਮਝੀ ਜਾਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਕੁੱਤੇ ਨੂੰ ਜਮਦੂਤ ਦਿਖਾਈ ਦਿੰਦੇ ਹਨ।

ਇਵੇਂ ਹੀ ਬਾਹਰ ਜਾਣ ਸਮੇਂ ਪੰਡਤ ਮੱਥੇ ਲੱਗੇ ਜਾਂ ਖ਼ਾਲੀ ਭਾਂਡਾ ਮਿਲੇ ਤਾਂ ਅਸ਼ੁਭ ਪਰ ਕਾਮਾ ਮਿਲੇ ਤਾਂ ਸ਼ੁਭ ਸਮਝਿਆ ਜਾਂਦਾ ਹੈ। ਬਨੇਰੇ ਕਾਂ ਬੋਲੇ ਤਾਂ ਪਰਾਹੁਣੇ ਦੇ ਆਉਣ ਦੀ ਸੂਚਨਾ ਸਮਝੀ ਜਾਂਦੀ ਹੈ। ਜੇਕਰ ਕੀੜੀਆਂ ਬਾਹਰੋਂ ਦਾਣੇ ਢੋ ਕੇ ਘਰ ਲਿਆਉਣ ਤਾਂ ਘਰ ਵਿੱਚ ਖ਼ੁਸ਼ਹਾਲੀ ਹੋਣ ਦੀ ਉਮੀਦ ਹੁੰਦੀ ਹੈ, ਪਰ ਦਾਣੇ ਘਰੋਂ ਬਾਹਰ ਲੈ ਕੇ ਜਾਣ ਤਾਂ ਕਾਰੋਬਾਰ ਵਿੱਚ ਘਾਟੇ ਦੀ ਨਿਸ਼ਾਨੀ ਸਮਝੀ ਜਾਂਦੀ ਹੈ।

### ਸਰੀਰਕ ਅੰਗਾਂ ਸੰਬੰਧੀ

ਸਰੀਰਕ ਅੰਗਾਂ ਸੰਬੰਧੀ ਵੀ ਲੋਕ ਵਿਸ਼ਵਾਸ ਪ੍ਰਚਲਿਤ ਹਨ। ਜੇਕਰ ਪੁਰਸ਼ ਦੀ ਸੱਜੀ ਅੱਖ ਫ਼ਰਕੇ ਤਾਂ ਸ਼ੁਭ ਪਰ ਇਸ ਦੇ ਉਲਟ ਇਸਤਰੀ ਦੀ ਸੱਜੀ ਅੱਖ ਫ਼ਰਕੇ ਤਾਂ ਅਸ਼ੁਭ ਸਮਝੀ ਜਾਂਦੀ ਹੈ। ਇਸੇ ਤਰ੍ਹਾਂ ਪੁਰਸ਼ ਦੀ ਸੱਜੀ ਹਥੇਲੀ ਉਪਰ ਖਾਰਸ਼ ਹੋਵੇ ਤਾਂ ਧਨ ਦੌਲਤ ਦੀ ਪ੍ਰਾਪਤੀ ਦੀ ਆਸ ਕੀਤੀ ਜਾਂਦੀ ਹੈ। ਜੇਕਰ ਖੱਬੀ ਹਥੇਲੀ `ਤੇ ਹੋਵੇ ਤਾਂ ਖ਼ਰਚ ਹੋਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਇਸ ਦੇ ਉਲਟ ਇਸਤਰੀ ਦੀ ਸੱਜੀ ਹਥੇਲੀ ਤੇ ਖਾਰਸ਼ ਹੋਵੇ ਤਾਂ ਖ਼ਰਚ ਹੋਣ ਦੀ ਸੰਭਾਵਨਾ ਮੰਨੀ ਜਾਂਦੀ ਹੈ। ਇਵੇਂ ਹੀ ਪੈਰਾਂ ਦੀਆਂ ਤਲੀਆਂ ਤੇ ਹੁੰਦੀ ਖਾਰਸ਼ ਨੂੰ ਸਫ਼ਰ ਦੀ ਨਿਸ਼ਾਨੀ ਸਮਝਿਆ ਜਾਂਦਾ ਹੈ।

### ਨਜ਼ਰ ਲੱਗਣ ਸੰਬੰਧੀ

ਧਾਰਨਾ ਹੈ ਕਿ ਸੋਹਣੀ ਜਾਂ ਚੰਗੀ ਚੀਜ਼ ਨੂੰ ਮਾੜੀ ਨਜ਼ਰ ਲੱਗਣ ਦਾ ਡਰ ਬਣਿਆ ਰਹਿੰਦਾ ਹੈ। ਇਸ ਲਈ ਸੋਹਣੇ ਬੱਚੇ ਨੂੰ ਮਾੜੀ ਨਜ਼ਰ ਤੋਂ ਬਚਾਉਣ ਲਈ ਮੱਥੇ `ਤੇ ਕਾਲਾ ਟਿੱਕਾ ਲਾਇਆ ਜਾਂਦਾ ਹੈ। ਨਵੇਂ ਘਰ ਦੇ ਅੱਗੇ ਕਾਲੀ ਤੌੜੀ ਟੰਗੀ ਜਾਂਦੀ ਹੈ। ਨਵੀਂ ਸੂਈ ਮੱਝ ਦੇ ਗਲ ਵਿੱਚ ਚਮੜੇ ਦਾ ਟੁੱਟਾ ਛਿੱਤਰ ਪਾਇਆ ਜਾਂਦਾ ਹੈ। ਜੇ ਕਿਸੇ ਬੱਚੇ ਜਾਂ ਪਸ਼ੂ ਨੂੰ ਬੁਰੀ ਨਜ਼ਰ ਲੱਗ ਜਾਵੇ ਤਾਂ ਉਸ ਦੇ ਸਿਰ ਉੱਤੋਂ ਸੱਤ ਲਾਲ

ਮਿਰਚਾਂ ਛੁਹਾ ਕੇ ਅੱਗ ਵਿੱਚ ਸੁੱਟੀਆਂ ਜਾਂਦੀਆਂ ਹਨ। ਜੇਕਰ ਮਿਰਚਾਂ ਦਾ ਧੂੰਆਂ ਕੌੜਾ ਨਾ ਲੱਗੇ ਤਾਂ ਭੈੜੀ ਨਜ਼ਰ ਲੱਗੀ ਸਮਝੀ ਜਾਂਦੀ ਹੈ। ਜਿਸ ਵਿਅਕਤੀ ਦੀ ਨਜ਼ਰ ਲੱਗੀ ਹੋਵੇ, ਉਸ ਦੇ ਪੈਰਾਂ ਦੀ ਮਿੱਟੀ ਚੁੱਕ ਕੇ ਜਾਂ ਚੌਰਾਹੇ ਵਿੱਚੋਂ ਮਿੱਟੀ ਚੁੱਕ ਕੇ ਅੱਗ ਵਿੱਚ ਸੁੱਟੀ ਜਾਂਦੀ ਹੈ, ਵਿਸ਼ਵਾਸ ਹੈ ਕਿ ਇਸ ਨਾਲ ਭੈੜੀ ਨਜ਼ਰ ਦਾ ਅਸਰ ਖ਼ਤਮ ਹੋ ਜਾਂਦਾ ਹੈ।

**ਅੰਕਾਂ ਸੰਬੰਧੀ**

ਪੰਜਾਬ ਵਿੱਚ 5, 7, 11 ਅੰਕਾਂ ਦੇ ਰਹੱਸਮਈ ਪ੍ਰਭਾਵ ਨੂੰ ਮੰਨਿਆ ਜਾਂਦਾ ਹੈ। ਜਿਵੇਂ ਪੰਜਾਂ ਵਿੱਚ ਪਰਮੇਸ਼ਰ ਮੰਨਿਆ ਜਾਂਦਾ ਹੈ। ਇਸੇ ਤਰ੍ਹਾਂ ਪੰਜ ਪੀਰ, ਪੰਜ ਵਕਤ ਨਮਾਜ਼ ਆਦਿ ਵਿੱਚ ਪੰਜ ਅੰਕ ਨੂੰ ਰਹੱਸਮਈ ਪ੍ਰਭਾਵ ਵਾਲਾ ਮੰਨਿਆ ਜਾਂਦਾ ਹੈ। ਜੇਕਰ ਕਿਸੇ ਔਰਤ ਨੂੰ ਅਠਰਾਹ ਦੀ ਬਿਮਾਰੀ ਹੋਵੇ, ਉਸ ਨੂੰ ਪੰਜ ਖੂਹਾਂ ਦਾ ਪਾਣੀ ਮੰਤਰ ਕੇ ਪੀਣ ਲਈ ਦਿੱਤਾ ਜਾਂਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨਾਲ ਅਠਰਾਹ ਦੀ ਬਿਮਾਰੀ ਦੂਰ ਹੋ ਜਾਂਦੀ ਹੈ। ਇਸੇ ਤਰ੍ਹਾਂ ਜੇ ਕੋਈ ਬਾਂਝ ਇਸਤਰੀ ਸੱਤ ਪ੍ਰਕਾਰ ਦੇ ਅਨਾਜ ਚਾਲੀ (40) ਦਿਨ ਆਪਣੀ ਚੁੰਨੀ ਨਾਲ ਬੰਨ੍ਹ ਕੇ ਰੱਖੇ ਤਾਂ ਉਸ ਦੇ ਘਰ ਔਲਾਦ ਹੋਣ ਦਾ ਵਿਸ਼ਵਾਸ ਕੀਤਾ ਜਾਂਦਾ ਹੈ। ਵਿਆਹ ਸਮੇਂ ਸੱਤ ਸੁਹਾਗਣਾਂ ਤੋਂ ਚੱਕੀ ਵਿੱਚ ਗਾਲਾ ਪੁਆਇਆ ਜਾਂਦਾ ਹੈ। ਕੁਝ ਅੰਕਾਂ ਨੂੰ ਮਾੜਾ ਵੀ ਗਿਣਿਆ ਜਾਂਦਾ ਹੈ ਜਿਵੇਂ ਤਿੰਨ ਅੰਕ ਬਾਰੇ ਕਿਹਾ ਜਾਂਦਾ ਹੈ ਕਿ ਤੀਜਾ ਰਲਿਆ, ਘਰ ਗਲਿਆ।

**ਨਿੱਛ ਸੰਬੰਧੀ**

ਵਿਸ਼ਵਾਸ ਹੈ ਕਿ ਜੇਕਰ ਕੋਈ ਵਿਅਕਤੀ ਕੋਈ ਕੰਮ ਕਰਨਾ ਸ਼ੁਰੂ ਕਰਨ ਲੱਗੇ ਜਾਂ ਕਿਸੇ ਦੂਜੀ ਥਾਂ ਤੇ ਜਾਣ ਲੱਗੇ ਤਾਂ ਉਸ ਵੇਲੇ ਕੋਈ ਵਿਅਕਤੀ ਨਿੱਛ ਮਾਰ ਦੇਵੇ ਤਾਂ ਇਹ ਮੰਨਿਆ ਜਾਂਦਾ ਹੈ ਕਿ ਉਹ ਕੰਮ ਸਿਰੇ ਨਹੀਂ ਚੜ੍ਹੇਗਾ। ਪਰ ਜੇਕਰ ਉਸੇ ਵੇਲੇ ਦੋ ਨਿੱਛਾਂ ਲਗਾਤਾਰ ਪੈ ਜਾਣ ਤਾਂ ਕੰਮ ਪੂਰਾ ਹੋਣ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਜੇਕਰ ਕਿਸੇ ਵਿਅਕਤੀ ਦੇ ਦੂਜੀ ਥਾਂ ਜਾਣ ਵੇਲੇ ਨਿੱਛ ਵੱਜਦੀ ਹੈ ਤਾਂ ਉਹ ਵਿਅਕਤੀ ਇੱਕ ਵਾਰ ਜੁੱਤੀ ਉਤਾਰ ਲਵੇ ਅਤੇ ਦੁਬਾਰਾ ਪਾ ਲਵੇ ਤਾਂ ਨਿੱਛ ਦਾ ਅਸਰ ਖ਼ਤਮ ਹੋ ਗਿਆ ਸਮਝਿਆ ਜਾਂਦਾ ਹੈ।

**ਦਿਨਾਂ ਸੰਬੰਧੀ**

'ਬੁੱਧ ਸ਼ਨਿਚਰ ਕੱਪੜਾ, ਗਹਿਣਾ ਐਤਵਾਰ' ਵਾਲੇ ਵਿਸ਼ਵਾਸ ਅਨੁਸਾਰ ਬੁੱਧਵਾਰ ਅਤੇ ਸ਼ਨਿਚਰਵਾਰ ਨੂੰ ਨਵਾਂ ਕੱਪੜਾ ਪਹਿਨਿਆ ਜਾਵੇ ਤਾਂ ਉਹ ਚੰਗਾ ਹੰਢਦਾ ਹੈ, ਇਸੇ ਤਰ੍ਹਾਂ ਨਵਾਂ ਗਹਿਣਾ ਪਹਿਲੀ ਵਾਰ ਐਤਵਾਰ ਨੂੰ ਪਾਉਣ ਬਾਰੇ ਵਿਸ਼ਵਾਸ ਹੈ। ਵੀਰਵਾਰ ਵਾਲੇ ਦਿਨ ਸੰਬੰਧੀ ਇਹ ਵਿਸ਼ਵਾਸ ਹੈ ਕਿ ਜਿਹੜੀ ਭੈਣ ਦੇ ਇੱਕ ਭਰਾ ਹੋਵੇ, ਉਸ ਨੂੰ ਵੀਰਵਾਰ ਵਾਲੇ ਦਿਨ ਸਿਰ ਨਹੀਂ ਨ੍ਹਾਉਣਾ ਚਾਹੀਦਾ, ਇਹ ਉਸ ਦੇ ਭਰਾ ਲਈ ਮਾੜਾ ਸਮਝਿਆ ਜਾਂਦਾ ਹੈ। ਵੀਰਵਾਰ ਵਾਲੇ ਦਿਨ ਲੜਕੀ ਨੂੰ ਆਪਣੇ ਪੇਕਿਆਂ ਤੋਂ ਘਰ ਤੋਂ ਸਹੁਰੇ ਨਹੀਂ ਜਾਣਾ ਚਾਹੀਦਾ, ਵਿਸ਼ਵਾਸ ਕੀਤਾ ਜਾਂਦਾ ਹੈ ਕਿ ਉਸ ਦੇ ਭਰਾ ਦੀ ਮੌਤ ਦਾ ਖ਼ਤਰਾ ਬਣਿਆ ਰਹਿੰਦਾ ਹੈ। ਸ਼ਨਿਚਰਵਾਰ ਵਾਲੇ ਦਿਨ ਸਿਰ ਨ੍ਹਾਉਣ ਵਾਲੀ ਕੁਆਰੀ ਕੁੜੀ ਸਾਰੀ ਉਮਰ ਆਪਣੇ ਮਾਪਿਆਂ ਦੇ ਬੂਹੇ (ਬਾਰ) ਤੇ ਬੈਠੀ ਰਹਿੰਦੀ ਹੈ ਭਾਵ ਉਸ ਦਾ ਵਿਆਹ ਨਹੀਂ ਹੁੰਦਾ। ਮੰਗਲਵਾਰ ਵਾਲੇ ਦਿਨ ਨ੍ਹਾਉਣ ਬਾਰੇ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੰਗਲਵਾਰ ਨੂੰ ਸਿਰ ਨ੍ਹਾਉਣ ਨਾਲ ਅੱਧਾ ਸਿਰ ਦਰਦ ਹੋਣਾ ਸ਼ੁਰੂ ਹੋ ਜਾਂਦਾ ਹੈ।

**ਗ੍ਰਹਿਆਂ ਸੰਬੰਧੀ**

ਮੰਗਲ ਗ੍ਰਹਿ ਵਿੱਚ ਜੰਮੇ ਬੱਚੇ ਨੂੰ ਮੰਗਲੀਕ ਕਿਹਾ ਜਾਂਦਾ ਹੈ। ਇਸ ਬਾਰੇ ਕਿਹਾ ਜਾਂਦਾ ਹੈ ਕਿ ਜੇਕਰ ਮੰਗਲੀਕ ਮੁੰਡੇ/ਕੁੜੀ ਦਾ ਵਿਆਹ ਮੰਗਲੀਕ ਕੁੜੀ/ਮੁੰਡੇ ਨਾਲ ਨਾ ਕੀਤਾ ਜਾਵੇ ਤਾਂ ਉਹਨਾਂ ਦੋਵਾਂ ਵਿੱਚੋਂ ਕਿਸੇ ਇੱਕ ਦੀ ਮੌਤ ਹੋ ਸਕਦੀ ਹੈ। ਸ਼ਨੀ ਗ੍ਰਹਿ ਹੇਠ ਆਏ ਬੱਚੇ ਦਾ ਗ੍ਰਹਿ ਦੂਰ ਕਰਨ ਲਈ ਸ਼ਨੀਵਾਰ ਨੂੰ ਤੇਲ ਦਾਨ ਕੀਤਾ ਜਾਂਦਾ ਹੈ। ਬੁੱਧ, ਬ੍ਰਿਹਸਪਤ ਅਤੇ ਸ਼ੁਕਰ ਗ੍ਰਹਿ ਚੰਗੀ ਭਾਵਨਾ ਵਾਲੇ ਮੰਨੇ ਜਾਂਦੇ ਹਨ।

**ਬਦਰੂਹਾਂ ਸੰਬੰਧੀ**

ਬੱਚੇ ਦੇ ਜਨਮ ਸਮੇਂ ਉਸ ਦੀ ਮਾਂ ਦੇ ਸਿਰਹਾਣੇ ਚਾਕੂ, ਦਾਤੀ ਜਾਂ ਲੋਹਾ, ਤਾਂਬਾ ਆਦਿ ਧਾਤਾਂ ਰੱਖੀਆਂ ਜਾਂਦੀਆਂ ਹਨ। ਵਿਸ਼ਵਾਸ ਹੈ ਕਿ ਇਹਨਾਂ ਧਾਤਾਂ ਤੋਂ ਹਥਿਆਰ ਬਣਦੇ ਹਨ। ਇਸ ਲਈ ਬਦਰੂਹਾਂ ਇਹਨਾਂ ਤੋਂ ਡਰਦੀਆਂ ਬੱਚੇ ਦੇ ਨੇੜੇ ਨਹੀਂ ਆਉਂਦੀਆਂ। ਵਿਸ਼ਵਾਸ ਪ੍ਰਚਲਿਤ ਹੈ ਕਿ ਜੇਕਰ ਕੋਈ ਮਾਂ ਆਪਣੇ ਛੋਟੇ ਬੱਚੇ ਨੂੰ ਲੈ ਕੇ ਕੁਝ ਸਮੇਂ ਲਈ ਘਰੋਂ ਬਾਹਰ ਜਾਂਦੀ ਹੈ ਤਾਂ ਵਾਪਸ ਘਰ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਰੁੱਕ ਕੇ ਉਹ ਰਸਤੇ ਵਿੱਚੋਂ ਕੁਝ ਮਿੱਟੀ ਚੁੱਕ ਕੇ ਸੱਤ ਵਾਰੀ ਬੱਚੇ ਦੇ ਸਿਰ ਉਪਰੋਂ ਵਾਰ ਕੇ ਪਿੱਛੇ ਨੂੰ ਸੁੱਟਦੀ ਹੈ, ਇਉਂ ਬਦਰੂਹਾਂ ਨੂੰ ਪਿੱਛੇ ਧੱਕਿਆ ਜਾਂਦਾ ਹੈ। ਨਵ-ਜੰਮਿਆ ਬੱਚਾ ਬਹੁਤ ਜ਼ਿਆਦਾ ਰੋਵੇ ਤਾਂ ਉਸ ਉੱਤੇ ਬਦਰੂਹਾਂ ਦਾ ਪਰਛਾਵਾਂ ਪਿਆ ਮੰਨਿਆ ਜਾਂਦਾ ਹੈ। ਇਸ ਦੇ ਉਪਾਅ ਲਈ ਘਰ ਦਾ ਕੋਈ ਵੀ ਵਿਅਕਤੀ ਕੁਝ ਚਾਵਲ ਜਾਂ ਕਣਕ ਦੇ ਦਾਣੇ ਲੈ ਕੇ ਬੱਚੇ ਦੇ ਸਿਰ ਉੱਤੋਂ ਦੀ ਪੰਜ ਜਾਂ ਸੱਤ ਵਾਰੀ ਵਾਰ ਕੇ ਖੂਹ ਵਿੱਚ ਪਾ ਦੇਵੇ ਤਾਂ ਇਸ ਨੂੰ ਖ਼ਵਾਜਾ ਪੀਰ ਦੀ 'ਹਾਜ਼ਰੀ ਦੇਣਾ' ਕਹਿੰਦੇ ਹਨ। ਹਾਜ਼ਰੀ ਪਾਉਣ ਵਾਲੇ ਵਿਅਕਤੀ ਲਈ ਜਾਂਦੇ ਅਤੇ ਆਉਂਦੇ ਸਮੇਂ ਰਸਤੇ ਵਿੱਚ ਕਿਸੇ ਨਾਲ ਬੋਲਣਾ ਮਨ੍ਹਾ ਹੁੰਦਾ ਹੈ। ਇਸ ਸੰਬੰਧੀ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਰਾਹ ਵਿੱਚ ਬੋਲਣ ਨਾਲ 'ਹਾਜ਼ਰੀ' ਦਾ ਅਸਰ ਖ਼ਤਮ ਹੋ ਜਾਂਦਾ ਹੈ।

ਬਦਰੂਹਾਂ ਦੇ ਰੂਪ ਸੰਬੰਧੀ ਵੀ ਕਈ ਵਿਸ਼ਵਾਸ ਪ੍ਰਚਲਿਤ ਹਨ, ਜੇਕਰ ਕੋਈ ਗਰਭਵਤੀ ਇਸਤਰੀ ਮਰ ਜਾਵੇ ਤਾਂ ਉਹ ਚੁੜੇਲ ਬਣਦੀ ਹੈ। ਕੁਆਰੇ ਮਰੇ ਹੋਏ ਲੜਕੇ ਦੀ ਰੂਹ ਨੂੰ 'ਛਲੇਡਾ' ਕਿਹਾ ਜਾਂਦਾ ਹੈ, ਜੋ ਰੂਪ ਬਦਲ ਕੇ ਲੋਕਾਂ ਨੂੰ ਦੁਖੀ ਕਰਦਾ ਹੈ। ਇਹ ਵੀ ਵਿਸ਼ਵਾਸ ਹੈ ਕਿ ਅਚਾਨਕ ਦੁਰਘਟਨਾ ਜਾਂ ਆਤਮ-ਹੱਤਿਆ ਕਰਨ ਵਾਲੇ ਵਿਅਕਤੀ ਭੂਤ ਬਣਦੇ ਹਨ।

ਭੂਚਾਲ ਸੰਬੰਧੀ ਇਹ ਵਿਸ਼ਵਾਸ ਹੈ ਕਿ ਧਰਤੀ ਨੂੰ ਬਲਦ ਸਿੰਗਾਂ ਉੱਤੇ ਚੁੱਕੀ ਖੜ੍ਹਾ ਹੈ। ਜਦੋਂ ਧਰਤੀ ਉੱਤੇ ਪਾਪਾਂ ਦਾ ਭਾਰ ਵੱਧ ਜਾਂਦਾ ਹੈ ਤਾਂ ਬਲਦ ਲਈ ਇਹ ਭਾਰ ਸਹਿਣਾ ਔਖਾ ਹੋ ਜਾਂਦਾ ਹੈ। ਬਲਦ ਜਦੋਂ ਦੂਜੇ ਸਿੰਗ ਉੱਤੇ ਭਾਰ ਬਦਲਦਾ ਹੈ ਤਾਂ ਧਰਤੀ `ਤੇ ਭੂਚਾਲ ਆਉਂਦੇ ਹਨ। ਉਪਰੋਕਤ ਵਿਸ਼ਵਾਸਾਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਵਿਸ਼ਵਾਸ ਪ੍ਰਚਲਿਤ ਹਨ।

**ਖੇਤੀ-ਬਾੜੀ ਨਾਲ ਸੰਬੰਧਿਤ**

ਖੇਤੀ ਨਾਲ ਸੰਬੰਧਿਤ ਲੋਕ-ਵਿਸ਼ਵਾਸ ਫ਼ਸਲੀ ਚੱਕਰ ਅਤੇ ਪ੍ਰਕਿਰਤਿਕ ਵਰਤਾਰਿਆਂ ਨਾਲ ਜੁੜੇ ਹੋਏ ਹਨ। ਜਿਸ ਤੋਂ ਖੇਤੀਕਾਰ ਆਪਣੀ ਫ਼ਸਲ ਦੇ ਭਵਿੱਖ ਬਾਰੇ ਕਿਆਸ-ਅਰਾਈਆਂ ਕਰਦਾ ਹੈ। ਜੇਕਰ ਚਿੜ੍ਹੀਆਂ ਰੇਤੇ ਵਿੱਚ ਨ੍ਹਾਉਣ ਲੱਗ ਜਾਣ ਜਾਂ ਪਪੀਹਾ ਬੋਲਣ ਲੱਗੇ ਤਾਂ ਮੰਨਿਆ ਜਾਂਦਾ ਹੈ ਕਿ ਬਰਸਾਤ ਹੋਣ ਵਾਲੀ ਹੈ। ਜੇਕਰ ਬਰਸਾਤ ਦਾ ਸਮਾਂ ਦੇਖਣਾ ਹੋਵੇ ਤਾਂ ਕੀੜੀਆਂ ਨੂੰ ਆਂਡੇ ਬਾਹਰ ਕੱਢਣ ਤੋਂ ਅੰਦਾਜ਼ਾ ਲਗਾਇਆ ਜਾਂਦਾ ਹੈ। ਜੇਕਰ ਕੀੜੀਆਂ ਆਪਣੇ ਭੌਣ `ਚੋਂ ਆਂਡੇ ਕੱਢ ਕੇ ਉੱਚੀ ਜਗ੍ਹਾ ਵੱਲ ਲੈ ਜਾਣ ਦੀ ਤਿਆਰੀ ਕਰਨ ਤਾਂ ਬਰਸਾਤ ਬਹੁਤ ਦੂਰ ਨਹੀਂ ਗਿਣੀ ਜਾਂਦੀ। ਟਟੀਹਰੀ ਆਲ੍ਹਣਾ ਨਹੀਂ ਬਣਾਉਂਦੀ। ਮਿੱਟੀ ਰੰਗ ਹੋਣ ਕਾਰਨ ਉਹ ਜ਼ਮੀਨ ਉਪਰ ਹੀ ਆਂਡੇ ਦੇ ਦਿੰਦੀ ਹੈ। ਜੇਕਰ ਟਟੀਹਰੀ ਦੇ ਆਂਡੇ ਨੀਵੀਂ ਥਾਂ ਦਿੱਤੇ ਹੋਣ ਤਾਂ ਖ਼ਿਆਲ ਕੀਤਾ ਜਾਂਦਾ ਹੈ ਕਿ ਬਰਸਾਤ ਘੱਟ ਹੋਵੇਗੀ। ਮੀਂਹ ਪੈਣ ਸਮੇਂ ਇਹ ਵੀ ਖ਼ਿਆਲ ਰੱਖਿਆ ਜਾਂਦਾ ਹੈ ਕਿ ਮਾਮਾ ਭਾਣਜਾ ਖੇਤ ਵਿੱਚ ਇਕੱਠੇ ਹੋਣ ਤਾਂ ਅਸਮਾਨੀ ਬਿਜਲੀ ਡਿੱਗਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਜੇਕਰ ਗੜੇ ਪੈਣ ਲੱਗ ਜਾਣ ਤਾਂ ਛੋਟੇ ਬੱਚੇ ਦੇ ਚਿੱਤੜ ਰੱਬ ਨੂੰ ਦਿਖਾਏ ਜਾਂਦੇ ਹਨ ਜਾਂ ਕਾਲਾ ਤਵਾ ਵੇਹੜੇ ਵਿੱਚ ਸੁੱਟਿਆ ਜਾਂਦਾ ਹੈ ਤਾਂ ਜੋ ਗੜੇ ਰੁਕ ਜਾਣ। ਕਈ ਵਾਰ ਇੱਕ ਗੜੇ ਨੂੰ ਚੁੱਕ ਕੇ ਜਾੜ੍ਹ ਹੇਠ ਭੰਨਿਆ ਜਾਂਦਾ ਹੈ। ਵਿਸ਼ਵਾਸ ਹੈ ਕਿ ਇਉਂ ਗੜੇ ਪੈਣੇ ਬੰਦ ਹੋ ਜਾਂਦੇ ਹਨ।

ਬਰਸਾਤ ਤੋਂ ਬਾਅਦ ਜ਼ਮੀਨ ਵਾਹ ਕੇ ਬੀਜਣ ਲਈ ਤਿਆਰ ਕੀਤੀ ਜਾਂਦੀ ਹੈ। ਬੀਜ ਬੀਜਣ ਸਮੇਂ ਜੇਕਰ ਬੀਜ ਡੁੱਲ੍ਹ ਜਾਵੇ ਤਾਂ ਇਸ ਨੂੰ ਸ਼ੁਭ ਸ਼ਗਨ ਮੰਨਿਆ ਜਾਂਦਾ ਹੈ। ਬੀਜ ਨੂੰ ਲਿਆ ਕੇ ਮੰਜੇ ਤੇ ਰੱਖਣ ਨੂੰ ਅਪਸ਼ਗਨ ਸਮਝਿਆ ਜਾਂਦਾ ਹੈ। ਉੱਗੀ ਹੋਈ ਫ਼ਸਲ ਨੂੰ ਬਾਂਝ ਜ਼ਨਾਨੀ ਦੇ ਪਰਛਾਵੇਂ ਤੋਂ ਬਚਾਇਆ ਜਾਂਦਾ ਹੈ। ਸਮਝਿਆ ਜਾਂਦਾ ਹੈ ਕਿ ਇਸ ਨਾਲ ਫ਼ਸਲ ਨੂੰ ਠੀਕ ਝਾੜ ਨਹੀਂ ਪਵੇਗਾ। ਜੇਕਰ ਕਿਸੇ ਤੀਵੀਂ ਦੇ ਨਿਆਣੇ ਨੂੰ ਸੋਕੜੇ ਦੀ ਬਿਮਾਰੀ ਹੋਵੇ ਅਤੇ ਉਹ ਫ਼ਸਲ ਵਿੱਚੋਂ ਲੰਘ ਜਾਵੇ ਤਾਂ ਮੰਨਿਆ ਜਾਂਦਾ ਹੈ ਕਿ ਉਸ ਸਥਾਨ ਤੋਂ ਫ਼ਸਲ ਸੁੱਕ ਜਾਵੇਗੀ। ਕੁਝ ਹੋਰ ਅਲਾਮਤਾਂ ਤੋਂ ਫ਼ਸਲ ਨੂੰ ਬਚਾਉਣ ਲਈ, ਖ਼ਾਸ ਕਰ ਕੱਦੂ, ਅੰਬ, ਪੇਠਾ ਅਤੇ ਨਰਮਾ/ਕਪਾਹ ਦੇ ਫੁੱਲ ਝੜਨ ਲੱਗਣ ਤਾਂ ਗੁੱਗਲ ਦੀ ਧੂਣੀ ਦਿੱਤੀ ਜਾਂਦੀ ਹੈ। ਕਿਹਾ ਜਾਂਦਾ ਹੈ ਕਿ ਗੁੱਗਲ ਦੀ ਧੂਣੀ ਨਾਲ ਫੁੱਲ ਝੜਨੇ ਅਤੇ ਚੂਏਂ ਸੁੱਕਣੇ ਬੰਦ ਹੋ ਜਾਂਦੇ ਹਨ। ਨਰਮੇ ਤੇ ਬੂਕੀ (ਬਿਮਾਰੀ) ਪੈਣ ਸਮੇਂ ਖੇਤ ਵਿੱਚ ਪੂੜੇ ਪਕਾਏ ਜਾਂਦੇ ਹਨ, ਜਿਸ ਅਨੁਸਾਰ ਇਸ ਦਾ ਫ਼ਸਲ `ਤੇ ਚੰਗਾ ਅਸਰ ਪੈਣ ਬਾਰੇ ਵਿਸ਼ਵਾਸ ਕੀਤਾ ਜਾਂਦਾ ਹੈ।

ਫ਼ਸਲ ਦੀ ਕਟਾਈ ਸਮੇਂ ਅੰਤ `ਤੇ ਬੋਦੀ ਛੱਡੀ ਜਾਂਦੀ ਹੈ, ਜਿਸ ਤੋਂ ਭਾਵ ਕਟਾਈ ਦਾ ਪੂਰੀ ਹੋਣਾ ਅਤੇ ਕੁਝ ਹਿੱਸਾ ਪੰਛੀਆਂ ਅਤੇ ਜਾਨਵਰਾਂ ਲਈ ਛੱਡਣਾ ਹੁੰਦਾ ਹੈ, ਕਿਉਂਕਿ ਕਿਰਸਾਣ ਬੀਜਾਈ ਸਮੇਂ ਵਾਅਦਾ ਕਰਦਾ ਹੈ ਕਿ ਬੀਜ ਵਿੱਚ ਪੰਛੀਆਂ ਅਤੇ ਜਾਨਵਰਾਂ ਦਾ ਵੀ ਹਿੱਸਾ ਹੈ। ਵਿਸ਼ਵਾਸ ਹੈ ਕਿ ਇਉਂ ਪੰਛੀ ਫ਼ਸਲ ਦਾ ਨੁਕਸਾਨ ਨਹੀਂ ਕਰਦੇ। ਕਣਕ ਦੀ ਗਹਾਈ ਜਾਂ ਕਣਕ ਤੂੜੀ ਵੱਖ ਕਰਨ ਸਮੇਂ ਕਿਰਸਾਣ ਦਾ ਸਾਰਾ ਪਰਿਵਾਰ ਉਸ ਮਿਹਨਤ ਵਿੱਚ ਸ਼ਾਮਲ ਹੁੰਦਾ ਹੈ। ਬੋਹਲ ਚੁੱਕਣ ਤੋਂ ਬਾਅਦ ਬੱਚਿਆਂ ਨੂੰ ਰੀੜ੍ਹੀ ਦਿੱਤੀ ਜਾਂਦੀ ਹੈ, ਜੋ ਦਾਣਿਆਂ ਦੇ ਰੂਪ ਵਿੱਚ ਹੁੰਦੀ ਹੈ, ਜਿਸ ਨਾਲ ਬੱਚੇ ਦੁਕਾਨ ਤੋਂ ਮਿਠਾਈ ਆਦਿ ਖਾ ਲੈਂਦੇ ਹਨ। ਵਿਸ਼ਵਾਸ ਹੈ ਕਿ ਇਉਂ ਫ਼ਸਲ ਸ਼ੁਭ ਕਾਰਜਾਂ ਵਿੱਚ ਕੰਮ ਆਵੇਗੀ।

ਕੁਦਰਤੀ ਆਫ਼ਤਾਂ ਜੋ ਖੇਤੀ ਅਤੇ ਪਸ਼ੂਆਂ ਦਾ ਨੁਕਸਾਨ ਕਰਦੀਆਂ ਹਨ, ਉਹਨਾਂ ਬਾਰੇ ਟੂਣਾ ਕੀਤਾ ਜਾਂਦਾ ਹੈ। ਜੇਕਰ ਪਿੰਡ ਵਿੱਚ ਮੀਂਹ ਨਾ ਪਵੇ ਤਾਂ ਕੁੜੀਆਂ ਗੁੱਡੀ ਫੂਕਦੀਆਂ ਹਨ, ਆਦਮੀ ਯੱਗ ਕਰਦੇ ਹਨ। ਜਿਸ ਵਿੱਚ ਮਿੱਠੇ ਚੌਲ ਬਣਾ ਕੇ ਸਾਰੇ ਪਿੰਡ ਵਿੱਚ ਵੰਡੇ ਜਾਂਦੇ ਹਨ। ਕਈ ਵਾਰ ਫ਼ਸਲ ਦੀ ਗੜ੍ਹੇਮਾਰ ਹੋ ਜਾਂਦੀ ਹੈ। ਆਉਣ ਵਾਲੇ ਸਾਲ ਵਿੱਚ ਗੜੇ ਨਾ ਪੈਣ ਇਸ ਲਈ ਕਿਸੇ ਸਾਧ ਨੂੰ ਲਿਆ ਕੇ ਗੜ੍ਹੇ ਬੰਨ੍ਹਵਾਏ ਜਾਂਦੇ ਹਨ। ਉਹ ਜਿਸ ਪਾਣੀ ਵਿੱਚ ਮੰਤਰ ਪੜ੍ਹਦਾ ਹੈ, ਪਿੰਡ ਦੇ ਚੋਣਵੇਂ ਬੰਦਿਆਂ ਨੂੰ ਲੈ ਕੇ ਉਹ ਪਾਣੀ ਘੜੇ ਵਿੱਚ ਪਾਇਆ ਜਾਂਦਾ ਹੈ। ਘੜੇ ਦੇ ਇੱਕ ਪਾਸੇ ਛੋਟੀ ਮੋਰੀ ਕਰ ਲਈ ਜਾਂਦੀ ਹੈ ਅਤੇ ਫਿਰ ਬਹੁਤ ਸਾਰੇ ਲੋਕ ਹੋਰ ਪਾਣੀ ਲੈ ਕੇ ਘੜੇ ਵਾਲੇ ਦੇ ਪਿੱਛੇ ਹੋ ਲੈਂਦੇ ਹਨ। ਉਹ ਪਾਣੀ ਵਗਾਉਂਦੇ ਹੋਏ ਪਿੰਡ ਦੀ ਭੋਂ ਉੱਤੋਂ ਗੇੜਾ ਦੇਣਾ ਹੁੰਦਾ ਹੈ, ਜੋ ਪੈਂਡਾ ਕਈ ਵਾਰ ਕਾਫ਼ੀ ਲੰਮਾ ਬਣ ਜਾਂਦਾ ਹੈ। ਪਰ ਲੋਕ-ਵਿਸ਼ਵਾਸ ਅਨੁਸਾਰ ਇਸ ਕਾਰਜ ਨੂੰ ਖ਼ੁਸ਼ੀ-ਖ਼ੁਸ਼ੀ ਸਿਰੇ ਚੜ੍ਹਾਇਆ ਜਾਂਦਾ ਹੈ। ਇਸੇ ਤਰ੍ਹਾਂ 'ਸਿਆਣੇ' ਟਿੱਡੀ ਦੱਲ ਨੂੰ ਵੀ ਬੰਨ੍ਹ ਲੈਂਦੇ ਹਨ।

ਖੇਤੀ ਬਾਰੇ ਬਹੁਤ ਸਾਰੇ ਲੋਕ-ਵਿਸ਼ਵਾਸ ਪਸ਼ੂਆਂ ਨਾਲ ਵੀ ਜੁੜੇ ਹੋਏ ਹਨ, ਕਿਉਂਕਿ ਪਸ਼ੂ ਖੇਤੀ ਦਾ ਅਨਿੱਖੜ ਅੰਗ ਹੁੰਦੇ ਹਨ। ਜੇਕਰ ਬਾਹਰ ਨਿਕਲਦਿਆਂ ਸਾਨ੍ਹ ਮੱਥੇ ਲੱਗੇ ਤਾਂ ਅਪਸ਼ਗਨ ਮੰਨਿਆ ਜਾਂਦਾ ਹੈ, ਕਿਉਂਕਿ ਸਾਨ੍ਹ ਨੂੰ ਜਮਦੂਤਾਂ ਦਾ ਵਾਹਨ ਮੰਨਿਆ ਜਾਂਦਾ ਹੈ। ਊਠ ਨੂੰ ਪ੍ਰੇਤ ਆਤਮਾ ਦਾ ਪ੍ਰਤੀਕ ਕਿਹਾ ਜਾਂਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜਦੋਂ ਊਠ ਆਦਮੀ ਤੇ ਹਮਲਾ ਕਰਦਾ ਹੈ ਤਾਂ ਉਸ ਵਿੱਚ ਪ੍ਰੇਤ ਦਾ ਵਾਸ ਹੋ ਜਾਂਦਾ ਹੈ। ਜੇਕਰ ਮੱਝ ਕਿੱਲਾ ਨੀਚੇ ਨੂੰ ਠੋਕਦੀ ਹੋਵੇ ਤਾਂ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਹ ਘਰ ਦੇ ਕਿੱਲੇ ਗੱਡ ਰਹੀ ਹੈ। ਇਹ ਪਸ਼ੂ ਧਨ ਅਤੇ ਫ਼ਸਲ ਵਿੱਚ ਬਹੁਲਤਾ ਦੀ ਨਿਸ਼ਾਨੀ ਮੰਨੀ ਜਾਂਦੀ ਹੈ। ਜੇਕਰ ਪਸ਼ੂ ਕਿੱਲਾ ਉਪਰ ਵੱਲ ਨੂੰ ਪੁੱਟਣ ਦੀ ਕੋਸ਼ਿਸ਼ ਕਰੇ ਤਾਂ ਅਪਸ਼ਗਨ ਸਮਝਿਆ ਜਾਂਦਾ ਹੈ। ਸੱਜਰ ਸੂਈ ਮੱਝ ਦੁੱਧ ਨਾ ਦੇਵੇ ਤਾਂ ਕਿਸੇ ਸਾਧ ਤੋਂ 'ਪਾਣੀ' ਕਰਵਾ ਲਿਆ ਜਾਂਦਾ ਹੈ। ਦੁਧਾਰੂ ਪਸ਼ੂਆਂ ਨੂੰ ਨਜ਼ਰ ਤੋਂ ਬਚਾਉਣ ਲਈ ਛੋਟੀ ਢੀਡੀ ਵਿੱਚ ਤਵੀਤ ਪਾ ਕੇ ਦੁਧਾਰੂ ਪਸ਼ੂ ਦੇ ਗਲੇ ਵਿੱਚ ਲਟਕਾ ਦਿੱਤਾ ਜਾਂਦਾ ਹੈ। ਮਾਲਵੇ (ਖ਼ਾਸ ਕਰ ਸੰਧੂਆਂ) ਵਿੱਚ ਮਾਨਤਾ ਹੈ ਕਿ ਮੱਝ ਸੂਣ ਤੋਂ ਸਵਾ ਮਹੀਨਾ ਬਾਅਦ ਤੱਕ ਜੇਕਰ ਬ੍ਰਾਹਮਣ ਉਸ ਦਾ ਦੁੱਧ ਪੀ ਜਾਵੇ ਤਾਂ ਅਪਸ਼ਗਨ ਸਮਝਿਆ ਜਾਂਦਾ ਹੈ। ਮੱਝ ਦਾ ਮੱਥਾ ਕਿਸੇ ਹੋਰ ਰੰਗ ਦਾ ਹੋਵੇ ਤਾਂ ਉਸ ਨੂੰ ਵੀ ਨਹਿਸ਼ ਸਮਝਿਆ ਜਾਂਦਾ ਹੈ। ਉਸ ਨੂੰ 'ਬੱਲ੍ਹੇ ਮੱਥੇ ਵਾਲੀ'

ਕਿਹਾ ਜਾਂਦਾ ਹੈ। ਇਸ ਪ੍ਰਕਾਰ ਖੇਤੀ ਨਾਲ ਸੰਬੰਧਿਤ ਹਰ ਵਰਤਾਰੇ ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕੋਈ ਨਾ ਕੋਈ ਵਿਸ਼ਵਾਸ ਜੁੜਿਆ ਹੋਇਆ ਹੈ, ਜਿਸ ਦੀ ਪੀੜ੍ਹੀ ਦਰ ਪੀੜ੍ਹੀ ਪਾਲਣਾ ਕੀਤੀ ਜਾਂਦੀ ਹੈ।

## ਜਾਦੂ-ਟੂਣਾ

ਜਾਦੂ ਟੂਣੇ ਦੀ ਸਿਰਜਣਾ ਪ੍ਰਕਿਰਤੀ ਦੇ ਵਿਰੋਧ ਵਿੱਚ ਹੋਈ ਹੈ, ਇਹ ਅਨੁਮਾਨਿਆ ਗਿਆ ਕਿ ਇਸ ਸੰਸਾਰ ਨੂੰ ਕੋਈ ਅਦ੍ਰਿਸ਼ ਸ਼ਕਤੀ ਚਲਾ ਰਹੀ ਹੈ। ਇਸ ਨੂੰ ਵੱਸ ਵਿੱਚ ਕਰਨ ਲਈ ਮਨੁਖ ਨੇ ਜਾਦੂ-ਟੂਣੇ ਦਾ ਸਹਾਰਾ ਲੈਣਾ ਅਰੰਭ ਕਰ ਦਿਤਾ। ਇਸ ਤਰਾਂ ਜਾਦੂ-ਟੂਣਾ ਪ੍ਰਕਿਰਤੀ ਤੋਂ ਸੰਸਕ੍ਰਿਤੀ ਵਲ ਦੀ ਯਾਤਰਾ ਵਿੱਚ ਅਹਿਮ ਹਿੱਸਾ ਪਾਉਂਦਾ ਹੈ।

ਜਾਦੂ-ਟੂਣੇ ਦਾ ਆਰੰਭ ਪ੍ਰਕਿਰਤੀ ਨੂੰ ਆਪਣੇ ਵੱਸ ਵਿੱਚ ਕਰਨ ਦੀ ਇੱਛਾ ਨਾਲ ਹੋਇਆ ਹੈ। ਸ਼ੁਰੂਆਤੀ ਦੌਰ ਵਿੱਚ ਪ੍ਰਕਿਰਤੀ ਹੀ ਮਨੁਖ ਨੂੰ ਜਿਉਂਦੇ ਰਹਿਣ ਲਈ ਖਾਦ ਸਮਗਰੀ ਉਤਪਨ ਕਰਵਾਉਂਦੀ ਸੀ ਅਤੇ ਪ੍ਰਕਿਰਤੀ ਹੀ ਕਈ ਵਾਰ ਉਸਦੀ ਜਾਨ ਦੀ ਦੁਸ਼ਮਨ ਬਣ ਜਾਂਦੀ ਸੀ। ਇਸ ਲਈ ਮਨੁੱਖ ਇਸ ਨੂੰ ਵੱਸ ਵਿੱਚ ਕਰਨ ਲਈ ਯਤਨ ਕਰਨ ਲਗਿਆ, ਵਿਕਾਸ ਦੇ ਅਗਲੇਰੇ ਪੜਾਅ 'ਤੇ ਮਨੁੱਖ ਨੇ ਉਸਦੀ ਪੂਜਾ ਕਰਨੀ ਸ਼ੁਰੂ ਕਰ ਦਿਤੀ। ਮਨੁੱਖ ਵਿਚ ਇਹ ਵਿਸ਼ਵਾਸ਼ ਬਣ ਗਿਆ ਕਿ ਉਸ ਨੂੰ ਖੁਸ਼ ਕਰ ਕੇ ਆਪਣੀ ਮਨਇੱਛਤ ਚੀਜ਼ ਜਾਂ ਵਸਤ ਪ੍ਰਾਪਤ ਕਰ ਸਕਦਾ ਸੀ।

**ਡਾ. ਵਣਜਾਰਾ ਬੇਦੀ ਅਨੁਸਾਰ,** ਜਾਦੂ-ਟੂਣਾ ਪ੍ਰਕਿਰਤਿਕ ਦ੍ਰਿਸ਼ਟਮਾਨ ਅਤੇ ਪ੍ਰਾਣੀ ਜਗਤ ਦੇ ਵਿਹਾਰ ਉੱਤੇ ਰਹਸਮਈ ਵਿਧੀ ਨਾਲ ਵਸੀਕਾਰ ਪ੍ਰਾਪਤ ਕਰਨ ਦੀ ਕਲਾ ਹੈ। ਪ੍ਰਕਿਰਤੀ ਨੂੰ ਕੁਦਰਤੀ ਜਾਂ ਪਰਗਟ ਤੌਰ ਤਰੀਕੇ ਨਾਲ ਸੰਸਕਿਰਤੀ ਵਿੱਚ ਬਦਲਣਾ ਤਾਂ ਵਿਗਿਆਨ ਹੈ ਪਰ ਪ੍ਰਕਿਰਤੀ ਨੂੰ ਰਹਸਮਈ ਢੰਗ ਨਾਲ ਸੰਸਕਿਰਤੀ ਵਿੱਚ ਬਦਲਣ ਦੀ ਕਿਰਿਆ ਜਾਦੂ ਟੂਣਾ ਹੈ।

**ਦੇਵੀ ਪ੍ਰਸਾਦ ਚਟੋਪਧਾਏ ਅਨੁਸਾਰ,** ਟੂਣਾ ਇਕ ਭੁਲਾਂਦਰਾਮਈ ਵਿਧੀ ਹੈ, ਜਿਸ ਨਾਲ ਮਨੁੱਖ ਆਪਣੀ ਮਰਜੀ ਮੁਤਾਬਿਕ ਪ੍ਰਕਿਰਤੀ ਉੱਤੇ ਕਾਬੂ ਪਉਣ ਦੀ ਕੋਸ਼ਿਸ਼ ਕਰਦਾ ਹੈ

**ਡਾ. ਭੁਪਿੰਦਰ ਖਹਿਰਾ ਅਨੁਸਾਰ**, ਪੰਜਾਬੀ ਲੋਕ ਪਹਿਲਾਂ ਤੋਂ ਕੁਦਰਤ ਦੀ ਪੂਜਾ ਕਰਦੇ ਸਨ। ਧਰਤੀ ਸੂਰਜ਼, ਤਾਰੇ, ਦਰਿਆ, ਦਰਖਤ, ਪਸ਼ੂ, ਗ੍ਰਹਿਣ ਆਦਿ ਸਾਰੀਆਂ ਵਸਤਾਂ ਪੂਜੀਆਂ ਜਾਦੀਆਂ ਹਨ। ਇਹ ਪੂਜਣ ਯੋਗ ਵਸਤਾਂ ਮਨੁੱਖੀ ਮਨ ਦੀ ਪਰੰਪਰਾ ਦਾ ਭਾਗ ਬਣਕੇ ਲੋਕਾਂ ਦੇ ਵਿਸ਼ਵਾਸ਼ ਵਿੱਚ ਬਦਲ ਗਈਆਂ ਹਨ। ਲੋਕਾਂ ਨੇ ਸਮਾਨ ਪ੍ਰਕਿਰਿਆਵਾਂ ਨੂੰ ਰਲਗਡ ਕਰ ਕੇ ਇੱਕ ਇਕਹਿਰੇ ਦਰਸ਼ਨ ਦੀ ਸਿਰਜ਼ਣਾ ਦਾ ਅਮਲ ਸੁਰੂ ਕੀਤਾ।

## ਪ੍ਰਕਿਰਤੀ

ਮੰਤਰ ਸਿਧਾਂਤ ਦਾ ਆਧਾਰ ਇਹ ਮੰਨਿਆ ਜਾਂਦਾ ਹੈ ਕਿ ਪ੍ਰਕਿਰਤੀ ਦੇ ਹਰੇਕ ਵਸਤੂ ਦੀ ਆਪਣੀ ਇੱਕ ਧੁਨੀ ਹੁੰਦੀ ਹੈ। ਵਸਤੂ ਅਤੇ ਧੁਨੀ ਵਿਚਕਾਰ ਇੱਕ ਰਹੱਸਾਤਮਕ ਸੰਬੰਧ ਹੁੰਦਾ ਹੈ। ਜਦੋਂ ਅਸੀਂ ਇਸ ਪ੍ਰਕਿਰਤਕ ਨਾਮ ਨੂੰ ਦੁਹਰਾਉਂਦੇ ਹਾਂ ਤਾਂ ਵਸਤੂ ਪ੍ਰਭਾਵਿਤ ਹੁੰਦੀ ਹੈ। ਟੂਣਾ ਪ੍ਰਕਿਰਤੀ ਦੇ ਸਨਮੁਖ ਆਦਿਮ ਮਨੁੱਖ ਦੀ ਦੁਰਬਲਤਾ ਦਾ ਪ੍ਰਗਟਾਅ ਹੈ, ਪਰ ਇਸ ਦੀ ਪ੍ਰੇਰਿਕ ਭਾਵਨਾ ਪ੍ਰਕਿਰਤੀ ਵਿਰੁੱਧ ਸੰਘਰਸ਼ ਦੀ ਮਨੁੱਖੀ ਦ੍ਰਿੜਤਾ ਹੈ।

ਧਰਮ ਦੀ ਉਤਪਤੀ ਬੇਸ਼ਕ ਜਾਦੂ-ਟੂਣੇ, ਪਖੰਡ, ਵਹਿਮ-ਭਰਮ ਦੇ ਵਿਰੋਧ ਵਿੱਚ ਹੋਈ ਪਰ ਧਰਮ ਦੇ ਨਿਰਮਾਣ ਵਿੱਚ ਵੀ ਜਾਦੂ ਟੂਣੇ ਦੀ ਹੋਂਦ ਵੇਖੀ ਜਾ ਸਕਦੀ ਹੈ। ਜਾਦੂ-ਟੂਣੇ ਧਰਮ ਦਾ ਹੀ ਇੱਕ ਅੰਗ ਹਨ। ਜਾਦੂ ਦਾ ਪ੍ਰਯੋਗ ਕਿਸੇ ਸਮੱਸਿਆ ਨੂੰ ਹੱਲ ਕਰਨ ਲਈ ਕੀਤਾ ਜਾਂਦਾ ਹੈ ਜਾਂ ਕਿਸੇ ਦੁਸ਼ਮਨ ਤੋਂ ਛੁਟਕਾਰਾ ਪ੍ਰਾਪਤ ਕਰਨ ਲਈ ਕੀਤਾ ਜਾਂਦਾ ਹੈ। ਧਰਮ ਅਤੇ ਜਾਦੂ ਟੂਣੇ ਦੋਹਾਂ ਵਿੱਚ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ। ਜਾਦੂ ਅਤੇ ਧਰਮ ਮਨੁੱਖੀ ਮਨ ਨੂੰ ਵਿਸ਼ਵਾਸ ਦਾ ਹੋਣਾ ਬਹੁਤ ਜ਼ਰੂਰੀ ਹੈ। ਜਾਦੂ ਅਤੇ ਧਰਮ ਮਨੁੱਖੀ ਮਨ ਨੂੰ ਵਿਸ਼ਵਾਸ ਦੁਆਉਣ ਵਿੱਚ ਯੋਗਦਾਨ ਪ੍ਰਦਾਨ ਕਰਦੇ ਹਨ। ਜਾਦੂ ਅਤੇ ਧਰਮ ਦੋਵਾਂ ਦੀ ਇਹ ਧਾਰਨਾ ਹੈ ਕਿ ਕੁਦਰਤ ਦੇ ਨਿਯਮ ਬਦਲੇ ਜਾ ਸਕਦੇ ਹਨ। ਜਦੋਂ ਕੋਈ ਵਿਅਕਤੀ ਆਪਣੇ ਇਸ਼ਟ ਨੂੰ ਖੁਸ਼ ਕਰ ਕੇ ਕੋਈ ਵਸਤ ਪ੍ਰਾਪਤ ਕਰਦਾ ਹੈ ਤਾਂ ਇਹ ਧਾਰਮਿਕ ਭਾਵਨਾ ਹੁੰਦੀ ਹੈ।

ਜਦੋਂ ਮਨੁੱਖ ਕਿਸੇ ਨਿਸ਼ਚਿਤ ਰੀਤ, ਕਰਮ-ਕਾਂਡ ਨਾਲ ਜਾਂ ਕਿਸੇ ਦੈਵੀ ਸ਼ਕਤੀ ਦੇ ਸਹਿਯੋਗ ਨਾਲ ਕੋਈ ਵਸਤ ਪ੍ਰਾਪਤ ਕਰਦਾ ਹੈ ਤਾਂ ਇਹ ਜਾਦੂ ਟੂਣਾ ਹੈ।

ਪੰਜਾਬੀ ਸਭਿਆਚਾਰ ਵਿੱਚ ਵੀ ਜਾਦੂ ਟੂਣੇ ਨੂੰ ਅਹਿਮ ਸਥਾਨ ਪ੍ਰਾਪਤ ਹੈ। ਇਹ ਜਾਦੂ-ਟੂਣੇ, ਪੀੜੀ-ਦਰ-ਪੀੜੀ, ਲੋਕ ਸਮੂਹ ਤੋਂ ਸਵੀਕ੍ਰਿਤੀ ਪ੍ਰਾਪਤ ਕਰਦੇ ਹੋਏ ਇੱਕ ਨਿਰੰਤਰ ਧਾਰਾ ਵਾਂਗ ਸਾਡੇ ਸਭਿਆਚਾਰ ਵਿੱਚ ਚਲ ਰਹੇ ਹਨ। ਸ਼ੁਭ ਫਲ ਲਈ ਵੀ ਟੂਣੇ ਦੀ ਵਰਤੋਂ ਕੀਤੀ ਜਾਂਦੀ ਹੈ। ਜਿਵੇਂ ਮੰਤਰਾਂ ਦੇ ਜਾਪ ਨਾਲ ਅਲੌਕਿਕ ਸ਼ਕਤੀਆਂ ਨੂੰ ਵਸ ਕਰ ਲੈਣਾ।

ਧਰਮ ਤੋਂ ਬਾਅਦ ਦੂਜਾ ਪੜਾਅ ਜਾਦੂ ਟੂਣੇ ਦਾ ਆਉਂਦਾ ਹੈ। ਜਦੋਂ ਧਾਰਮਿਕ ਸੰਸਕਾਰਾਂ ਰਾਹੀਂ ਮਨੁੱਖ ਨੂੰ ਆਪਣੇ ਮਨੋ -ਇੱਛਤ ਫਲ ਦੀ ਪ੍ਰਾਪਤੀ ਨਾ ਹੋਈ ਤਾਂ ਉਸਨੇ ਜਾਦੂ-ਟੂਣੇ ਦਾ ਸਹਾਰਾ ਲੈਣਾ ਸ਼ੁਰੂ ਕਰ ਦਿੱਤਾ। ਮੰਤਰਾਂ ਅਤੇ ਅਨੁਸ਼ਠਾਨਾ ਦੁਆਰਾ ਨਿਯਮਿਤ ਕੁਦਰਤੀ ਨੇਮ ਪ੍ਰਬੰਧ ਵਿੱਚ ਦਖ਼ਲ ਅੰਦਾਜ਼ੀ ਕਰਕੇ ਘਟਨਾਵਾਂ ਨੂੰ ਮਨ -ਇੱਛਤ ਰੁਖ ਦੇਣ ਦੀ ਕਲਾ ਨੂੰ ਜਾਦੂ ਕਿਹਾ ਜਾਂਦਾ ਹੈ।

ਧਰਮ ਅਤੇ ਜਾਦੂ ਇਸ ਪੱਖੋਂ ਵੀ ਸਬੰਧਿਤ ਹਨ ਕਿ ਸੰਤਾਂ, ਪੀਰਾਂ, ਫਕੀਰਾਂ ਤੇ ਮਹਾਂ ਪੁਰਖਾਂ ਦਾ ਪ੍ਰਕਿਰਤਕ ਸ਼ਕਤੀ ਉੱਤੇ ਵਸ ਹੁੰਦਾ ਹੈ। ਇਹਨਾਂ ਦੁਆਰਾ ਕੀਤੇ ਗਏ ਇਲਾਜਾਂ ਨੂੰ ਕਰਾਮਾਤ ਕਿਹਾ ਗਿਆ ਹੁੰਦਾ ਹੈ। ਹਰ ਪ੍ਰਸਿੱਧ ਸੰਤ, ਭਗਤ, ਪੀਰ, ਫਕੀਰ, ਜੋਗੀ, ਗੁਰੂ ਦੇ ਨਾਲ ਇਹੋ ਜਿਹੇ ਕਿੱਸੇ ਜੁੜੇ ਹੁੰਦੇ ਹਨ। ਇੱਥੋਂ ਤੱਕ ਕਿ ਸਿੱਖ ਗੁਰੂ ਸਹਿਬਾਨਾਂ ਜਿਨਾਂ ਨੇ ਅਜਿਹੀਆਂ ਗੁਪਤ ਸ਼ਕਤੀਆਂ ਨੂੰ ਨਿੰਦਿਆ ਸੀ।

ਉਹਨਾਂ ਨਾਲ ਸੰਬੰਧਿਤ ਸਾਖੀਆਂ ਵਿੱਚ ਵੀ ਕਰਾਮਾਤਾਂ ਦਾ ਵਰਨਣ ਹੁੰਦਾ ਹੈ। ਜਾਦੂ ਟੂਣੇ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ ਕਾਲਾ ਜਾਦੂ ਅਤੇ ਚਿੱਟਾ ਜਾਦੂ।

**ਕਾਲਾ ਜਾਦੂ**

ਕਾਲਾ ਜਾਦੂ ਉਹ ਹੁੰਦਾ ਹੈ ਜਦੋਂ ਕੋਈ ਵਿਅਕਤੀ ਆਪਣੇ ਨਿੱਜੀ ਫਾਇਦੇ ਲਈ ਕਿਸੇ ਹੋਰ ਦਾ ਜਾਦੂਈ ਵਿਧੀ ਰਾਹੀਂ ਨੁਕਸਾਨ ਕਰ ਦੇਵੇ ਜਾਂ ਕਰਵਾ ਦੇਵੇ। ਇਸ ਵਿੱਚ ਜਿਸ ਵਿਅਕਤੀ ਉੱਪਰ ਜਾਦੂ ਕੀਤਾ ਜਾਂਦਾ ਹੈ ਉਸ ਦੇ ਸਰੀਰ ਦਾ ਕੋਈ ਅੰਗ ਜਿਵੇਂ ਵਾਲ, ਨਹੁੰ ਜਾਂ ਕਪੜੇ ਦੀ ਕੋਈ ਟਾਕੀ ਲੈ ਲਈ ਜਾਂਦੀ ਹੈ। ਇਸ ਵਿੱਚ ਪਹਿਲਾ ਵਿਅਕਤੀਠੀਕ ਹੋ ਜਾਂਦਾ ਹੈ ਤੇ ਦੂਸਰਾ ਜਿਸ ਉੱਪਰ ਟੂਣਾ ਕੀਤਾ ਗਿਆ ਹੋਵੇ ਉਸ ਵਿਅਕਤੀ ਦਾ ਨੁਕਸਾਨ ਹੋ ਜਾਂਦਾ ਹੈ।

**ਚਿੱਟਾ ਜਾਦੂ**

ਚਿੱਟੇ ਜਾਦੂ ਦੀ ਵਰਤੋਂ ਸਮੂਹ ਦੀ ਭਲਾਈ ਲਈ ਕੀਤੀ ਜਾਂਦੀ ਹੈ। ਇਸ ਵਿੱਚ ਪੂਰਾ ਪਿੰਡ ਕਿਸੇ ਪੀਰ, ਫਕੀਰ ਨੂੰ ਬੁਲਵਾ ਕੇ ਯੱਗ ਕਰਵਾਉਂਦਾ ਹੈ ਜਾਂ ਕੋਈ ਹੋਰ ਰੀਤ। ਜਿਵੇਂ ਬੇਮੌਸਮੀ ਬਾਰਿਸ਼ ਨੂੰ ਰੁਕਵਾਉਣ ਜਾਂ ਖੁਲਵਾਉਣ ਲਈ। ਕਿਸੇ ਬਿਮਾਰੀ ਤੋਂ ਪਿੰਡ ਨੂੰ ਬਚਾਉਣ ਲਈ ਪਿੰਡ ਨੂੰ ਠਾਕਿਆ ਜਾਂ ਬੰਨਿਆ ਜਾਂਦਾ ਹੈ। ਇਹ ਜਾਦੂ ਟੂਣਾ ਕਿਸੇ ਦਾ ਨੁਕਸਾਨ ਨਹੀਂ ਕਰਦਾ। ਇਸ ਤੋਂ ਇਲਾਵਾ ਜਾਦੂ ਟੂਣੇ ਦੀਆਂ ਹੋਰ ਵੀ ਵੰਨਗੀਆਂ ਹਨ ਜਿਵੇ:

**ਨਹਾਉਣਾ**

ਜਿਸ ਔਰਤ ਨੂੰ ਬੱਚਾ ਨਾ ਹੁੰਦਾ ਹੋਵੇ ਉਸਨੂੰ ਕਿਸੇ ਸਿਆਣੇ ਦੇ ਨਿਰਦੇਸ਼ ਹੇਠਾਂ ਫਲਦਾਰ ਰੁੱਖ ਹੇਠਾਂ ਨੁਹਾਇਆ ਜਾਂਦਾ ਹੈ। ਔਰਤ ਘੜੇ ਨਾਲ ਰਾਤ ਨੂੰ ਖਾਸ ਕਰ ਮੱਸਿਆ ਨੂੰ ਇਹ ਇਸ਼ਨਾਨ ਕਰਦੀ ਹੈ। ਆਪਣੇ ਸਾਰੇ ਕੱਪੜੇ ਉਤਾਰ ਕਿ ਦਰੱਖਤ ਹੇਠ ਸੁੱਟ ਦਿੰਦੀ ਹੈ, ਅਤੇ ਨਵੇਂ ਕੱਪੜੇ ਪਾ ਕੇ ਘਰ ਆਉਂਦੀ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕੇ ਇਸ ਤਰ੍ਹਾਂ ਕਰਨ ਨਾਲ ਰੁੱਖ ਸੁੱਕ ਜਾਂਦਾ ਹੈ ਅਤੇ ਔਰਤ ਦੀ ਕੁੱਖ ਹਰੀ ਹੋ ਜਾਂਦੀ ਹੈ।

**ਹਥੌਲਾ**

ਕਿਸੇ ਬਿਮਾਰੀ ਨੂੰ ਦੂਰ ਕਰਨ ਲਈ ਸਿਆਣਾ ਹਥੌਲਾ ਕਰਦਾ ਹੈ। ਚਿਮਟਾ, ਦਾਤਰ ਜਾਂ ਮੋਰ ਦੇ ਖੰਭ ਮਰੀਜ਼ ਦੇ ਸਿਰ ਤੋਂ ਛੂਹਾ ਕੇ ਧਰਤੀ ਤੇ ਮਾਰੇ ਜਾਂਦੇ ਹਨ। ਨਾਲ-ਨਾਲ ਮੂੰਹ ਵਿੱਚ ਕੋਈ ਮੰਤਰ ਉਚਾਰਿਆ ਜਾਂਦਾ ਹੈ। ਇਹ ਮੰਤਰ ਸਿੱਧ ਕੀਤੇ ਛੋਟੇ ਟੋਟੇ ਹੁੰਦੇ ਹਨ। ਇਹਨਾਂ ਦੀ ਵੰਨਗੀ ਬਿਮਾਰੀ ਦੇ ਨਾਲ ਬਦਲਦੀ ਹੈ। ਜਦੋਂ ਕਿਸੇ ਦੇ ਫੋੜੇ ਨਿਲਕਦੇ ਹੋਣ ਤਾਂ ਸੁਆਹ ਦੀਆਂ ਚੁਟਕੀਆਂ ਭਰ ਕਿ ਫੋੜੇ ਤੇ ਸੁੱਟੀਆਂ ਜਾਂਦੀਆਂ ਹਨ। ਇਸ ਨੂੰ ਫੋੜੇ ਝਾੜਨਾ ਕਹਿੰਦੇ ਹਨ ।

**ਤਵੀਜ ਅਤੇ ਯੰਤਰ**

ਬਿਮਾਰੀ ਨੂੰ ਦੂਰ ਕਰਨ ਲਈ ਧਾਗੇ ਜਾਂ ਤਵੀਜ਼ ਦੀ ਵਰਤੋਂ ਕੀਤੀ ਜਾਂਦੀ ਹੈ। ਤਵੀਜ ਵਿੱਚ ਜੰਤਰ ਮੜ੍ਹਿਆ ਹੁੰਦਾ ਹੈ। ਗਿਆਰਾਂ ਸ਼ੁੱਭ ਅੰਕ ਹੈ। ਇਹ ਯੰਤਰ ਕਿਸੇ ਡਾਕਣੀ ਦੀ ਨਜ਼ਰ ਕਾਰਨ ਲੱਗੀ ਬਿਮਾਰੀ ਨੂੰ ਦੂਰ ਕਰਦਾ ਹੈ। ਇਹ ਯੰਤਰ ਤਵੀਜ ਵਿੱਚ ਮੜ੍ਹਾ ਕੇ ਬਿਮਾਰ ਦੇ ਗਲ ਵਿੱਚ ਪਾਇਆ ਜਾਂਦਾ ਹੈ। ਅਜਿਹਾ ਕਰਨ ਨਾਲ ਬਿਮਾਰ ਦਾ ਰੋਗ ਚਲਿਆ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਤਵੀਜ ਹਨ। ਜਿਵੇਂ ਕੇ ਦੁਸ਼ਮਣ ਦਾ ਨਾਸ਼ ਕਰਨ ਲਈ, ਇਸਤਰੀ ਵਸ਼ ਕਰਨ ਲਈ ਪਿਆਰੇ ਨੂੰ ਮਿਲਣ ਲਈ ਤਾਵੀਜ਼ ਪ੍ਰਚੱਲਿਤ ਹਨ। ਇਹ ਸਾਰੇ ਸ਼ੁੱਭ ਅੰਕ ਰੱਖਦੇ ਹਨ ਜਿਹੜਾ ਕਿਸੇ ਵਰਤਾਰੇ ਨੂੰ ਵਿਅਕਤ ਕਰ ਰਿਹਾ ਹੁੰਦਾ ਹੈ। ਦੁਸ਼ਮਣ ਦਾ ਨਾਸ਼ ਕਰਨ ਲਈ ਸ਼ੁੱਭ ਅੰਕ 76 ਹੈ। ਅਸ਼ੁੱਭ ਅਤੇ ਬਿਮਾਰੀ ਦਾ ਪ੍ਰਤੀਕ ਅੰਕ 13 ਹੈ।

**ਟੂਣਾ**

ਬਿਮਾਰੀ ਨੂੰ ਦੂਰ ਕਰਨ ਲਈ ਵਿਧੀ ਟੂਣੇ ਦੀ ਵੀ ਅਪਣਾਈ ਜਾਂਦੀ ਹੈ। ਕਿਸੇ ਟੁੱਟੇ ਠੀਕਰੇ ਵਿੱਚ ਸੁਆਹ ਦੇ ਸੱਤ ਲੱਡੂ ਬਣਾ ਕੇ ਵਿੱਚ ਸੂਲਾਂ ਗੱਡ ਦਿੱਤੀਆਂ ਜਾਂਦੀਆਂ ਹਨ। ਉਸੇ ਠੀਕਰੇ ਵਿੱਚ ਸੱਤ ਮਿਰਚਾਂ ਸਤਨਾਜਾ, ਇੱਕ ਲੋਹੇ ਦੀ ਕਿੱਲ, ਛੋਟਾ ਜਿਹਾ ਕਾਲਾ ਕੱਪੜੇ, ਬਿਮਾਰ ਦੇ ਸਿਰ ਤੋਂ ਸੱਤ ਵਾਰੀ ਛੂਆ ਕਿ, ਚੁਰਸਤੇ ਵਿੱਚ ਰੱਖ ਦਿੱਤਾ ਜਾਂਦਾ ਹੈ। ਇਸ ਤਰ੍ਹਾਂ ਕਰਨ ਨਾਲ ਕਿਹਾ ਜਾਂਦਾ ਹੈ ਕਿ ਬਿਮਾਰ ਦੀ ਬਿਮਾਰੀ ਦੂਰ ਹੋ ਜਾਵੇਗੀ। ਇਸ ਟੂਣੇ ਵਿੱਚ ਮਿੱਠੇ ਦੀ ਵਰਤੋਂ ਨਹੀਂ ਕੀਤੀ ਜਾਂਦੀ।

**ਉਤਾਰਾ**

ਉਤਾਰਾ ਚੁਰਸਤੇ ਵਿੱਚ ਕੀਤਾ ਜਾਂਦਾ ਹੈ। ਇਹ ਚੋਮੁੱਖਾ ਦੀਵਾ ਬਾਲ ਕਿ ਕਿਸੇ ਟੋਭੇ ਜਾਂ ਦਰਿਆ ਦੇ ਕਿਨਾਰੇ ਰੱਖ ਦਿੱਤਾ ਜਾਂਦਾ ਹੈ। ਉਥੇ ਮਰੀਜ਼ ਦੇ ਕੱਪੜੇ, ਸਤਨਾਜਾ ਆਦਿ ਵੀ ਸੁੱਟ ਦਿੱਤਾ ਜਾਂਦਾ ਹੈ। ਅਜਿਹਾ ਕਰਨ ਨਾਲ ਵਿਸ਼ਵਾਸ ਕੀਤਾ ਜਾਂਦਾ ਕਿ ਬਿਮਾਰ ਦੀ ਬਿਮਾਰੀ ਨਵਿਰਤ ਹੋ ਜਾਵੇਗੀ।

ਕੱਤਕ ਦੇ ਮਹੀਨੇ ਕੁਆਰੀਆਂ ਕੁੜੀਆਂ ਇਸ਼ਨਾਨ ਕਰਕੇ ਛੱਪੜ ਵਿੱਚ ਤੁਲਾ ਤਾਰਦੀਆਂ ਹਨ। ਇਸ ਨਾਲ ਬਿਮਾਰੀ ਦਾ ਨਾਸ਼ ਅਤੇ ਭਰਪੂਰ ਫ਼ਸਲ ਦਾ ਕਿਆਸ ਕੀਤਾ ਜਾਂਦਾ ਹੈ।

**ਝਾੜਾ**

ਝਾੜਾ ਭੂਤ ਜਾਂ ਪ੍ਰੇਤ ਦਾ ਛਾਇਆ ਦੂਰ ਕਰਨ ਲਈ ਕੀਤਾ ਜਾਂਦਾ ਹੈ। ਜੇ ਕੋਈ ਔਰਤ ਜਣੇਪੇ ਦੇ ਸਮੇਂ ਦੌਰਾਨ ਮਰ ਜਾਵੇ ਤਾਂ ਉਹ ਚੁੜੇਲ ਬਣਦੀ ਹੈ। ਜੇਕਰ ਕੋਈ ਮਰਦ ਬਿਨਾਂ ਔਲਾਦ ਮਰ ਜਾਵੇ ਤਾਂ ਉਹ ਪ੍ਰੇਤ ਬਣਦਾ ਹੈ। ਜੇ ਕੋਈ ਬੰਦਾ ਇੱਛਾ ਲੈ ਕਿ ਮਰੂ ਤਾਂ ਪ੍ਰੇਤ ਬਣ ਜਾਂਦਾ ਹੈ। ਝਾੜਾ ਭੂਤ ਪ੍ਰੇਤ ਦਾ ਛਾਇਆ ਦੂਰ ਕਰਨ ਲਈ ਕੀਤਾ ਜਾਂਦਾ ਹੈ। ਛਾਇਆ ਪ੍ਰੇਤ ਦਾ ਹੋਵੇ ਤਾਂ ਇੱਕ ਬੋਤਲ ਸ਼ਰਾਬ, ਇੱਕ ਕਾਲਾ ਕੁੱਕੜ, ਸੱਤ ਲੱਡੂ, ਇੱਕ ਆਂਡਾ, ਸਤਨਾਜਾ ਅਤੇ ਬਸਤਰ ਆਦਿ ਚੁਰਸਤੇ ਵਿੱਚ ਨਹਾਉਣ ਉਪਰੰਤ ਉਥੇ ਰੱਖ ਦਿੱਤਾ ਜਾਂਦਾ ਹੈ। ਇਸਨੂੰ ਪ੍ਰੇਤ ਦਾ ਝਾੜਾ ਕਹਿੰਦੇ ਹਨ।

ਜੇਕਰ ਛਾਇਆ ਚੁੜੇਲ ਦਾ ਹੋਵੇ, ਤਾਂ ਔਰਤ ਨੂੰ ਚੁਰਸਤੇ ਵਿੱਚ ਨੁਹਾਇਆ ਜਾਂਦਾ ਹੈ। ਕੱਪੜੇ ਉਥੇ ਰੱਖ ਦਿਤੇ ਜਾਂਦੇ ਹਨ ਲਾ ਉਥੇ ਇੱਕ ਠੀਕਰੇ ਵਿੱਚ ਕੋਈ ਫਲ, ਲੱਡੂ, ਨਵੀਂ ਡੋਰੀ ਕੰਘੀ, ਸ਼ੀਸ਼ਾ ਸੁਰਮੇਦਾਨ ਆਦਿ ਰੱਖ ਦਿੱਤਾ ਜਾਂਦਾ ਹੈ। ਇਸ ਤੋਂ ਚੁੜੇਲ ਖੁਸ਼ ਹੋ ਕੇ ਮਰੀਜ਼ ਦਾ ਖਹਿੜਾ ਛੱਡ ਦਿੰਦੀ ਹੈ। ਜਿਆਦਾਤਰ ਝਾੜੇ ਮੱਸਿਆ ਦੀ ਰਾਤ ਨੂੰ ਕੀਤੇ ਜਾਂਦੇ ਹਨ।

### ਠਾਕਾ

ਠਾਕਾ ਉਹ ਹੁੰਦਾ ਹੈ ਜਿਹੜਾ ਟੂਣਾ ਪਿੰਡ ਤੋਂ ਆਫ਼ਤ ਟਾਲਣ ਲਈ ਕੀਤਾ ਜਾਂਦਾ ਹੈ। ਜਦੋਂ ਪਿੰਡ ਵਿੱਚ ਡੰਗਰਾਂ ਨੂੰ 'ਮੂੰਹ ਖੁਰ 'ਦੀ ਬਿਮਾਰੀ ਪੈ ਜਾਂਦੀ ਹੈ ਤਾਂ ਲੋਕ ਠਾਕਾ ਕਰਦੇ ਹਨ। ਇਸਨੂੰ ਟੂਣਾ ਵੀ ਕਹਿੰਦੇ ਹਨ। ਇਸ ਦਿਨ ਪਿੰਡ ਵਿੱਚ ਅੱਗ ਨਹੀਂ ਬਾਲ਼ੀ ਜਾਂਦੀ ਉਲੰਘਣਾ ਕਰਨ ਨਾਲ ਠਾਕਾ ਟੁੱਟ ਜਾਂਦਾ ਹੈ। ਸਾਰੇ ਪਿੰਡ ਦੇ ਪਸ਼ੂ ਪਿੰਡ ਦੇ ਦਰਵਾਜੇ ਰਾਹੀਂ ਲੰਘਾਏ ਜਾਂਦੇ ਹਨ। ਉੱਥੇ ਪਸ਼ੂ ਉਤੇ ਮੰਤਰੇ ਹੋਏ ਦੁਧੀਆ ਪਾਣੀ ਦਾ ਛਿੱਟਾ ਲਾਇਆ ਜਾਂਦਾ ਹੈ। ਫਿਰ ਪਸ਼ੂ ਇੱਕ ਤਵੀਜ਼ ਹੇਠਾਂ ਦੀ ਲੰਘਾਏ ਜਾਂਦੇ ਹਨ। ਸ਼ਾਮ ਨੂੰ ਧੂਪ ਕੀਤੀ ਜਾਂਦੀ ਹੈ ਧੂਪ ਵਾਲੇ ਨੇ ਬੋਲਣਾ ਨਹੀਂ ਹੁੰਦਾ। ਸ਼ਾਮ ਨੂੰ ਇੱਕ ਕੱਟਾ ਸੰਧੂਰ ਨਾਲ ਰੰਗ ਕਿ ਪਿੰਡ ਦੇ ਦੁਆਲੇ ਘੁੰਮਾਇਆ ਜਾਂਦਾ ਹੈ। ਕੱਟੇ ਅੱਗੇ ਇੱਕ ਜਲਧਾਰਾ ਤੇ ਲਕੀਰ ਖਿੱਚੀ ਜਾਂਦੀ ਹੈ। ਅਜਿਹਾ ਕਰਨ ਨਾਲ ਇਹ ਸਮਝਿਆ ਜਾਂਦਾ ਹੈ ਕਿ ਪਿੰਡ ਠਾਕਿਆ ਗਿਆ। ਵਿਸ਼ਵਾਸ ਕੀਤਾ ਜਾਂਦਾ ਹੈ ਕੇ ਫਿਰ ਪਿੰਡ ਵਿੱਚ ਬਿਮਾਰੀ ਨਹੀਂ ਦਾਖ਼ਲ ਹੋ ਸਕਦੀ। ਠਾਕੇ ਵਾਲੇ ਦਿਨ ਹਨੂੰਮਾਨ ਦੀ ਮੂਰਤੀ ਦਰਵਾਜੇ ਵਿੱਚ ਗੱਡ ਕੇ ਉਪਰ ਤੇਲ ਚੋਇਆ ਜਾਂਦਾ ਹੈ, ਵਿਸ਼ਵਾਸ ਕੀਤਾ ਜਾਂਦਾ ਹੈ ਕੇ ਦਰਵਾਜੇ ਰਾਹੀਂ ਹਨੂੰਮਾਨ ਆਫਤ ਨੂੰ ਦਾਖ਼ਲ ਨਹੀਂ ਹੋਣ ਦੇਵੇਗਾ। ਜਾਦੂ ਚਿਕਿਤਸਾ ਵਿੱਚ ਮੰਤਰ ਤਾਵੀਜ਼ ਅਤੇ ਜੰਤਰ ਦੀ ਵਿਧੀ ਬਹੁਤ ਲੋਕਪ੍ਰਿਯ ਹੈ। ਤਵੀਜ਼ ਜਾਂ ਜੰਤਰ ਨੂੰ ਸਥਾਪਿਤ ਕਰਨ ਸਮੇਂ ਮੰਤਰ ਦੀ ਵਰਤੋਂ ਕੀਤੀ ਜਾਂਦੀ ਹੈ।

ਮੰਤਰਾਂ ਦੇ ਸੰਬੰਧ ਦੇ ਵਿੱਚ ਇਹ ਗੱਲ ਕਹੀ ਜਾਂਦੀ ਹੈ ਕੇ ਇੰਨ੍ਹਾਂ ਨਾਲ ਸਿਰ ਦਰਦ ਤੋਂ ਲੈ ਕੇ ਸੱਪ ਦੇ ਕੱਟਣ ਤੱਕ ਦਾ ਇਲਾਜ ਹੋ ਸਕਦਾ ਹੈ। ਦੂਜੇ ਪਾਸੇ ਪਦਾਰਥਕ ਮੰਤਰ ਸਧਾਰਨ ਕਰਮ ਕਾਂਡ ਤੋਂ ਲੈ ਕੇ ਮੁਕਤੀ ਦਿਵਾਉਣ ਤੱਕ ਦੀ ਸ਼ਕਤੀ ਰੱਖਦੇ ਹਨ। ਗਾਇਤਰੀ ਮੰਤਰ ਇੱਕ ਅਜਿਹਾ ਹੀ ਮੰਤਰ ਹੈ ਜਿਸ ਦਾ ਜਾਪ ਕਰਨ ਵਾਲਾ ਜਨਮ ਮਰਨ ਤੋਂ ਮੁਕਤ ਹੋ ਜਾਂਦਾ ਹੈ। ਲੋਕਧਾਰਾ ਵਿਗਿਆਨੀ ਇਸਨੂੰ ਦੋ ਵਰਗਾਂ ਵਿੱਚ ਰੱਖ ਕੇ ਦੇਖਦੇ ਹਨ:-

### ਪਰਮਾਰਥ ਮੰਤਰ

ਵਿਆਹ ਸ਼ਾਦੀ ਹਵਨ ਆਦਿ ਸਮੇਂ ਵਰਤੇ ਜਾਣ ਵਾਲੇ ਮੰਤਰ ਪਰਮਾਰਥਕ ਮੰਤਰ ਹੁੰਦੇ ਹਨ। ਵੱਖ ਵੱਖ ਮੱਤਾਂ ਦੇ ਆਗੂ ਆਪਣੇ ਪੈਰੋਕਾਰਾਂ ਨੂੰ ਜਦੋਂ 'ਸ਼ਬਦ' ਜਾਪ ਦੱਸਦੇ ਹਨ ਤਾਂ ਉਹ ਵੀ ਪਰਮਾਰਥਕ ਮੰਤਰ ਹੁੰਦਾ ਹੈ।

### ਲੋਕ ਮੰਤਰ

ਇਸ ਮੰਤਰ ਦਾ ਪ੍ਰਯੋਗ ਰੋਜ਼ਾਨਾ ਜੀਵਨ ਦੀਆਂ ਲੋੜਾਂ ਦੀ ਪੂਰਤੀ ਤੋਂ ਲੈ ਕੇ ਭੂਤਾਂ ਪ੍ਰੇਤਾਂ ਦਾ ਸਾਇਆ ਉਤਾਰਨ, ਕਿਸੇ ਨੂੰ ਵੱਸ਼ ਕਰਨ, ਕਿਸੇ ਨੂੰ ਹਾਨੀ ਪੁਚਾਉਣ ਲਈ ਹੁੰਦਾ ਹੈ। ਮੰਤਰ ਦਾ ਇਹ ਰੂਪ ਹੀ ਜਾਦੂ ਟੂਣੇ ਦੇ ਖੇਤਰ ਵਿੱਚ ਸ਼ਾਮਿਲ ਹੈ।

**ਡਾ. ਸੋਹਿੰਦਰ ਸਿੰਘ ਬੇਦੀ** ਨੇ ਜਾਦੂ ਦੇ ਹੇਠ ਲਿਖੇ ਰੂਪ ਪ੍ਰਵਾਨ ਕੀਤੇ ਹਨ:-

### ਭੁਲਾਵਾਂ ਜਾਦੂ

ਇਹ ਅਨੁਕਰਣ ਦੀ ਵਿਧੀ ਤੇ ਅਧਾਰਿਤ ਹੈ। ਮੀਂਹ ਪਵਾਉਣ ਲਈ ਮੀਂਹ ਦਾ ਸੁਆਂਗ ਭਰਨ, ਬਾਂਝ ਔਰਤ ਦੇ ਬੱਚੇ ਖਿਡਾਉਣ ਦੇ ਸੁਆਂਗ ਨਾਲ ਉਸ ਦੇ ਮੰਤਵ ਦੀ ਸਿੱਧੀ ਹੋ ਜਾਂਦੀ ਹੈ।

### ਲਾਗਵਾਂ ਜਾਦੂ

ਇਸ ਤਰ੍ਹਾਂ ਦਾ ਟੂਣਾ ਕਿਸੇ ਮੂਲ ਨਾਲੋਂ ਟੁੱਟੀ ਵਸਤੂ ਦੁਆਰਾ ਕੀਤਾ ਜਾਂਦਾ ਹੈ। ਵਿਸ਼ਵਾਸ ਕੀਤਾ ਜਾਂਦਾ ਹੈ ਕੇ ਮੂਲ ਨਾਲੋਂ ਨਿੱਖੜੀ ਵਸਤ ਦਾ ਸੰਬੰਧ ਆਪਣੇ ਮੂਲ ਨਾਲ ਰਹਿੰਦਾ ਹੈ, ਨਹੁੰ, ਵਾਲਾਂ ਦੀਆਂ ਲਿਟਾਂ ਅਤੇ ਕੱਪੜੇ ਦੇ ਟੁਕੜੇ ਇਸ ਮੰਤਵ ਲਈ ਵਰਤੇ ਜਾਂਦੇ ਹਨ।

### ਅਭਾਵਾਤਮਕ ਜਾਦੂ

ਕਿਸੇ ਦੇ ਪ੍ਰਭਾਵ ਨੂੰ ਖੰਡਿਤ ਕਰਨ ਲਈ ਵਰਤਿਆ ਜਾਂਦਾ ਹੈ। ਇਸ ਮੰਤਵ ਲਈ ਜੰਤਰ ਜਾਂ ਤਵੀਤ ਦੀ ਵਰਤੋਂ ਹੁੰਦੀ ਹੈ।

### ਭਾਵਾਤਮਕ ਜਾਦੂ

ਜਾਦੂ ਦੀ ਇਹ ਵੰਨਗੀ ਕਿਸੇ ਨੂੰ ਵੱਸ ਵਿੱਚ ਕਰਨ ਲਈ ਕੀਤੀ ਜਾਂਦੀ ਹੈ। ਇਸ ਦੀ ਪੂਰਤੀ ਕਿਸੇ ਦੇ ਸਿਰ ਵਿੱਚ ਕੁਝ ਪਾ ਕੇ ਜਾਂ ਕਿਸੇ ਚੀਜ਼ ਵਿੱਚ ਮੰਤਰ ਨੂੰ ਖਵਾ ਕੇ ਕੀਤੀ ਜਾਂਦੀ ਹੈ।

**ਬਾਰਬਰੇ ਰੋਜ਼ਨ ਦੇ ਅਨੁਸਾਰ** "ਜਾਦੂ ਮਨੁੱਖੀ ਹੋਣੀ ਨੂੰ ਪ੍ਰਭਾਵਿਤ ਕਰਨ ਦੀ ਕਲਾ ਹੈ, ਜੋ ਨਾ ਧਰਮ ਦੇ ਖੇਤਰ ਵਿੱਚ ਆਉਂਦੀ ਹੈ ਤੇ ਨਾ ਹੀ ਵਿਆਖਿਆ ਕੀਤੇ ਜਾਣ ਯੋਗ ਹੈ।

### ਜਾਦੂ-ਟੂਣਾ ਸਮੱਗਰੀ

ਜਾਦੂ ਟੂਣੇ ਦੇ ਇਸਤੇਮਾਲ ਲਈ ਜੋ ਵਸਤੂਆਂ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ। ਉਹਨਾਂ ਵਿਚ ਹੇਠਾਂ ਲਿਖੀ ਸਮੱਗਰੀ ਸ਼ਾਮਿਲ ਹੈ:-

- ਜਾਦੂ ਦਾ ਸੁਰਮਾ
- ਜਾਦੂ ਦਾ ਡੰਡਾ ਤੇ ਰੱਸਾ
- ਜਾਦੂ ਦਾ ਪੁਤਲਾ
- ਜਾਦੂ ਦੀ ਕੜਾਈ
- ਜਾਦੂ ਦੀਆਂ ਖੜ੍ਹਾਵਾਂ
- ਜਾਦੂ ਦਾ ਧਾਗਾ ਆਦਿ ਹਨ।

## ਲੋਕ-ਧਰਮ

ਲੋਕ-ਧਰਮ ਵਿਸ਼ਿਸ਼ਟ ਧਰਮ ਦਾ ਹੀ ਮੁਢਲਾ ਰੂਪ ਹੈ। ਫ਼ਰਕ ਕੇਵਲ ਏਨਾ ਹੈ ਕਿ ਵਿਸ਼ਿਸ਼ਟ ਧਰਮ ਦਾ ਮੂਲ ਕਿਸੇ ਮਹਾਂਪੁਰਸ਼ ਦੀ ਆਮਦ ਜਾਂ ਰਚਿਤ ਗ੍ਰੰਥ ਤੋਂ ਬੱਝਦਾ ਹੈ ਅਤੇ ਉਸ ਦੇ ਸਰੂਪ ਵਿੱਚ ਅਹਿਮ ਤਬਦੀਲੀਆਂ ਵਾਪਰਨ ਦੀ ਗੁੰਜਾਇਸ਼ ਨਹੀਂ ਹੁੰਦੀ, ਪਰ ਲੋਕ-ਧਰਮ (ਜੋ ਸਮੂਹਿਕ ਲੋਕ-ਮਨ ਦੀ ਬਿਰਤੀ ਅਤੇ ਪ੍ਰਵਾਨਗੀ ਵਿੱਚੋਂ ਉਪਜਿਆ ਹੁੰਦਾ ਹੈ) ਵਿੱਚ ਸਮੇਂ-ਸਮੇਂ ਨਵੀਆਂ ਰੂੜ੍ਹੀਆਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ ਅਤੇ ਲੋਕ-ਧਰਮ ਵਿੱਚ ਇੱਕਸਾਰਤਾ ਨਾਲੋਂ ਵਧੇਰੇ ਭਿੰਨਤਾ ਹੁੰਦੀ ਹੈ। ਵਿਸ਼ਿਸ਼ਟ ਧਰਮ ਦਾ ਆਧਾਰ ਕੋਈ ਨਾ ਕੋਈ ਲਿਖਤੀ ਗ੍ਰੰਥ ਹੁੰਦਾ ਹੈ; ਪਰ ਲੋਕ-ਧਰਮ ਦਾ ਸਮੁੱਚਾ ਵਰਤਾਰਾ ਹੀ ਮੌਖਿਕ ਹੁੰਦਾ ਹੈ। ਵਿਸ਼ਿਸ਼ਟ ਧਰਮ ਅਧੀਨ ਕੀਤੀ ਪੂਜਾ ਅਰਚਨਾ, ਅਗਲੇਰੇ ਜੀਵਨ ਵਿੱਚ ਸੁੱਖ-ਸ਼ਾਂਤੀ ਅਤੇ ਮੁਕਤੀ ਦੀ ਇੱਛਾ ਨਾਲ ਕੀਤੀ ਜਾਂਦੀ ਹੈ, ਜਦ ਕਿ ਲੋਕ-ਧਰਮ ਦੀਆਂ ਵਧੇਰੇ ਮਨੌਤਾਂ ਮੌਜੂਦਾ ਜੀਵਨ ਦੇ ਸੁੱਖ ਸਾਧਨਾਂ ਦੀ ਇੱਛਾ ਅਧੀਨ ਕੀਤੀਆਂ ਜਾਂਦੀਆਂ ਹਨ। ਪਹਿਲ ਸ੍ਵੈ-ਰੱਖਿਆ ਨੂੰ ਦਿੱਤੀ ਜਾਂਦੀ ਹੈ। ਵਿਸ਼ਿਸ਼ਟ ਧਰਮ 'ਦਰਸ਼ਨ' ਨੂੰ ਸਮਝਣ 'ਤੇ ਜ਼ੋਰ ਦਿੰਦਾ ਹੈ, ਜਦ ਕਿ ਲੋਕ-ਧਰਮ ਭੌਤਿਕ ਵਸਤੂਆਂ `ਤੇ ਕੇਂਦਰਿਤ ਰਹਿੰਦਾ ਹੈ। ਡਾ. ਕਿਰਪਾਲ ਕਜ਼ਾਕ ਨੇ ਬਾਲ ਵਿਸ਼ਵਕੋਸ਼ ਵਿਚ ਪੰਜਾਬ ਦੇ ਲੋਕ ਧਰਮ ਬਾਰੇ ਵਿਸਥਾਰ ਵਿਚ ਚਰਚਾ ਕੀਤੀ ਹੈ।

ਪ੍ਰਸਿੱਧ ਵਿਦਵਾਨ, **ਆਰ. ਆਰ. ਮੈਰਟ** ਅਨੁਸਾਰ ਹਰ ਵਸਤੂ ਦਾ ਅਰੰਭ ਤਲਾਸ਼ ਕੀਤਾ ਜਾ ਸਕਦਾ ਹੈ ਪਰੰਤੂ ਲੋਕ-ਧਰਮ ਕਿਉਂਕਿ ਮਨੁੱਖੀ ਹੋਂਦ ਜਿੰਨਾ ਹੀ ਪ੍ਰਾਚੀਨ ਹੈ, ਇਸ ਲਈ ਇਸ ਦੇ ਮੁੱਢ ਸੰਬੰਧੀ ਸਾਰੇ ਸਿਧਾਂਤ ਕੇਵਲ ਕਿਆਸ ਅਰਾਈਆਂ ਤੱਕ ਹੀ ਸੀਮਤ ਹਨ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਪੂਰਵ ਇਤਿਹਾਸਿਕ ਮਨੁੱਖ ਦੇ ਧਾਰਮਿਕ ਅਕੀਦੇ ਕਿਸ ਕਿਸਮ ਦੇ ਸਨ, ਇਹਨਾਂ ਬਾਰੇ ਕੇਵਲ ਅਨੁਮਾਨ ਹੀ ਲਾਏ ਜਾ ਸਕਦੇ ਹਨ, ਕਿਉਂਕਿ ਮਾਨਵ ਸਮਾਜ ਵਾਂਗ ਲੋਕ-ਧਰਮ ਵੀ ਕਈ ਪੜਾਵਾਂ ਵਿੱਚੋਂ ਲੰਘਿਆ ਹੈ।

ਲੋਕ-ਧਰਮ ਦਾ ਮੁਢਲਾ ਪੜਾਅ ਆਤਮਸ਼ੀਲ ਚਿੰਤਨ ਮੰਨਿਆ ਜਾਂਦਾ ਹੈ। ਜਿਸ ਵਿੱਚ ਇਹ ਧਾਰਨਾ ਪ੍ਰਚਲਿਤ ਹੋਈ ਕਿ ਵਸਤੂ ਭਾਵੇਂ ਜੜ ਹੋਵੇ ਜਾਂ ਚੇਤਨ ਉਸ ਵਿੱਚ ਆਤਮ ਤੱਤ ਦੀ ਹੋਂਦ ਹੁੰਦੀ ਹੈ। ਸਮਾਂ ਪਾ ਕੇ ਇਸੇ ਧਾਰਨਾ ਨੇ ਹੀ ਸਰਗੁਣ ਦਾ ਰੂਪ ਅਖ਼ਤਿਆਰ ਕੀਤਾ। ਇਸੇ ਲਈ ਮੋਏ ਪ੍ਰਾਣੀਆਂ ਦੀ ਪਿੱਤਰ ਪੂਜਾ ਕਰਦਾ ਲੋਕ-ਧਰਮ ਚਿੰਤਨ, ਬ੍ਰਹਿਮੰਡ ਵਿੱਚ ਕਿਸੇ ਰਹੱਸਮਈ ਸ਼ਕਤੀ ਨੂੰ ਪਛਾਣਦਾ ਹੋਇਆ, ਕਿਸੇ ਰੱਬੀ ਸ਼ਕਤੀ ਵਿੱਚ ਵਿਸ਼ਵਾਸ ਰੱਖਣ ਲੱਗਾ।

ਇੱਕ ਹੋਰ ਧਾਰਨਾ ਅਨੁਸਾਰ ਲੋਕ-ਧਰਮ ਆਪੇ ਦੀ ਪਛਾਣ ਵਿੱਚੋਂ ਪੈਦਾ ਹੋਇਆ, ਕਿਉਂਕਿ ਮਨੁੱਖ ਨੇ ਆਪਣੇ ਅੰਦਰ ਇੱਕ ਅਥਾਹ ਸ਼ਕਤੀ ਮਹਿਸੂਸ ਕੀਤੀ, ਜਿਹੋ ਜਿਹੀ ਸ਼ਕਤੀ ਉਹਨੂੰ ਸਮੁੱਚੀ ਪ੍ਰਕਿਰਤੀ ਵਿੱਚ ਵੀ ਦਿਖਾਈ ਦਿੱਤੀ; ਅੰਦਰੂਨੀ ਅਤੇ ਬਾਹਰੀ ਸ਼ਕਤੀ ਦੀ ਇੱਕਸੁਰਤਾ ਵਿਚਲੇ ਯਤਨਾਂ ਨੇ ਹੀ ਲੋਕ-ਧਰਮ ਨੂੰ ਜਨਮ ਦਿੱਤਾ।

ਇਸ ਤਰ੍ਹਾਂ ਬ੍ਰਹਿਮੰਡ ਦੇ ਰਹੱਸਾਂ ਅਤੇ ਮਨੁੱਖ ਨਾਲ ਪ੍ਰਕਿਰਤੀ ਦੇ ਸਥਾਪਿਤ ਹੋਏ ਸੰਬੰਧਾਂ ਨੂੰ ਨਿਸ਼ਚਿਤ ਕਰਨ ਲਈ ਮਿੱਥ-ਕਥਾਵਾਂ ਨੇ ਜਨਮ ਲਿਆ। ਮਿੱਥ-ਕਥਾ ਦਾ ਆਧਾਰ ਭਾਵੇਂ ਕਲਪਨਾ ਹੈ, ਪਰ ਇਸ ਦੀ ਸਿਰਜਣਾ ਵਿੱਚ ਚੇਤਨਤਾ ਨਾਲੋਂ ਅਵਚੇਤਨ, ਵਿਅਕਤੀਗਤ ਨਾਲੋਂ ਸਮੂਹਿਕਤਾ ਦਾ ਜਲੌਅ ਵਧੇਰੇ ਹੁੰਦਾ ਹੈ। ਅਸਲ ਵਿੱਚ ਇਹ ਸਮੂਹਿਕ ਪ੍ਰਵਾਨਗੀ ਹੀ ਲੋਕ-ਧਰਮ ਦਾ ਮੂਲ ਹੈ।

ਬਹੁਤ ਸਾਰੇ ਵਿਦਵਾਨ ਇਸ ਕਥਨ ਨਾਲ ਸਹਿਮਤ ਹਨ ਕਿ ਮਿੱਥ-ਕਥਾ ਦਾ ਮੁੱਢ ਓਦੋਂ ਬੱਝਿਆ ਜਦੋਂ ਮਨੁੱਖ ਆਪਣੇ-ਆਪ ਨੂੰ ਪ੍ਰਕਿਰਤੀ ਦਾ ਅਨਿੱਖੜਵਾਂ ਅੰਗ ਸਮਝਦਾ ਸੀ ਅਤੇ ਜੀਵਨ ਵਿੱਚ ਵਾਪਰਨ ਵਾਲੀਆਂ ਘਟਨਾਵਾਂ ਨੂੰ ਪ੍ਰਕਿਰਤੀ ਦੇ ਮਾਧਿਅਮ ਦੁਆਰਾ ਸਮਝਣ ਦਾ ਯਤਨ ਕਰ ਰਿਹਾ ਸੀ। ਅਜਿਹੇ ਯਤਨਾਂ ਵਿੱਚੋਂ ਹੀ ਮਨੁੱਖ ਦੀ ਇਹ ਧਾਰਨਾ ਬਣੀ ਕਿ ਜੇਕਰ ਪ੍ਰਕਿਰਤੀ ਨਹੀਂ ਮਰਦੀ ਤਾਂ ਮਨੁੱਖ ਦੀ ਆਤਮਾ ਵੀ ਅਮਰ ਹੈ। ਇਸੇ ਧਾਰਨਾ ਦੇ ਸਿੱਟੇ ਵਜੋਂ ਹੀ ਮਨੁੱਖ ਨੇ ਪ੍ਰਕਿਰਤੀ ਦਾ ਮਾਨਵੀਕਰਨ ਕਰ ਕੇ ਦੇਵਤਿਆਂ ਦੀ ਹੋਂਦ ਨੂੰ ਸਿਰਜਿਆ ਅਤੇ ਉਹਨਾਂ ਦੀ ਪੂਜਾ ਕਰਨੀ ਸ਼ੁਰੂ ਕੀਤੀ। ਇੱਥੇ ਲੋਕ-ਧਰਮ ਅਤੇ ਵਿਸ਼ਿਸ਼ਟ ਧਰਮ ਦੀਆਂ ਮਨੌਤਾਂ ਵਿੱਚ ਇਹ ਅੰਤਰ ਪਿਆ

ਕਿ ਲੋਕ-ਧਰਮ ਨੇ ਅਜਿਹੇ ਦੇਵੀ- ਦੇਵਤਿਆਂ ਦੀ ਪੂਜਾ ਅਰਚਨਾ ਨੂੰ ਪਹਿਲ ਦੇਣੀ ਅਰੰਭ ਕੀਤੀ, ਜਿਹੜੇ ਦੇਵੀ-ਦੇਵਤੇ, ਦੁਨਿਆਵੀ ਸੁੱਖ-ਸਾਧਨਾਂ ਦੀ ਪ੍ਰਾਪਤੀ ਲਈ ਕਰਾਮਾਤੀ ਸ਼ਕਤੀਆਂ ਦੇ ਸੁਆਮੀ ਸਨ।

ਇਸ ਦੇ ਬਾਵਜੂਦ ਮਨੁੱਖ ਨੇ ਪ੍ਰਕਿਰਤੀ ਦੇ ਰਹੱਸਮਈ ਵਿਸ਼ਾਲ ਪਸਾਰੇ ਵਿੱਚ ਆਪਣੇ-ਆਪ ਨੂੰ ਤੁੱਛ ਅਤੇ ਸ਼ਕਤੀਹੀਣ ਸਮਝਿਆ, ਜਿਸ ਕਰ ਕੇ ਉਹ ਹਮੇਸ਼ਾਂ ਭੈਅ ਵਿੱਚ ਘਿਰਿਆ ਰਿਹਾ। ਕੁਝ ਪ੍ਰਾਪਤ ਕਰਨ ਅਤੇ ਪ੍ਰਾਪਤ ਕੀਤਾ ਹੋਇਆ ਗੁਆਚ ਜਾਣ ਦੇ ਡਰ ਵਜੋਂ ਹੀ ਮਨੁੱਖ ਨੇ ਰੱਬੀ ਸ਼ਕਤੀਆਂ ਦੀ ਪੂਜਾ ਸ਼ੁਰੂ ਕੀਤੀ, ਜੋ ਸਮਾਂ ਪਾ ਕੇ ਲੋਕ-ਧਰਮ ਦਾ ਅੰਗ ਬਣ ਗਈ।

ਏਸੇ ਪੜਾਅ ਤੇ ਹੀ ਲੋਕ-ਧਰਮ ਵਿੱਚ ਪੂਜਾ ਅਤੇ ਅਨੁਸ਼ਠਾਨਿਕ ਕਰਮ ਕਾਂਡਾਂ ਦੀ ਸ਼ੁਰੂਆਤ ਹੋਈ। ਲੋਕ-ਧਰਮ ਵਿੱਚ ਜਾਦੂ-ਟੂਣੇ ਦਾ ਪ੍ਰਵੇਸ਼ ਹੋਇਆ। ਜਿਸ ਦੇ ਸਿੱਟੇ ਵਜੋਂ ਟੂਣਾ ਚਿੰਤਨ ਦੀ ਇਹ ਧਾਰਨਾ ਬਣੀ ਕਿ ਪ੍ਰਕਿਰਤੀ ਦੀ ਤਹਿ ਵਿੱਚ ਕੰਮ ਕਰਦੀ ਸ਼ਕਤੀ ਅਚੇਤ ਅਤੇ ਦੇਹ ਰਹਿਤ ਹੈ। ਇਸ ਪ੍ਰਕਿਰਤਿਕ ਸ਼ਕਤੀ ਉੱਤੇ ਗੁਪਤ ਸਾਧਨਾਂ ਅਤੇ ਮੰਤਰ (ਟੂਣਾ) ਵਿਧੀ ਨਾਲ ਪ੍ਰਭਾਵ ਪਾ ਕੇ ਆਪਣੇ ਮੰਤਵ ਦੀ ਸਿੱਧੀ ਕੀਤੀ ਜਾ ਸਕਦੀ ਹੈ।

ਵਿਸ਼ਿਸ਼ਟ ਧਰਮ ਦੀਆਂ ਪੂਜਾ ਵਿਧੀਆਂ ਅਤੇ ਪ੍ਰਾਰਥਨਾਵਾਂ ਵਿੱਚ ਆਪਣੇ ਇਸ਼ਟ ਨੂੰ ਸਿਮਰ ਕੇ ਰਿਝਾਇਆ ਜਾਂਦਾ ਹੈ। ਇਹ ਵੱਖਰੀ ਗੱਲ ਹੈ ਕਿ ਇੱਛਤ ਕਾਮਨਾ ਦੀ ਪੂਰਤੀ ਇਸ਼ਟ ਦੀ ਮਿਹਰ ਬਖ਼ਸ਼ਿਸ਼ `ਤੇ ਨਿਰਭਰ ਕਰਦੀ ਹੈ, ਪਰ ਜਾਦੂ-ਟੂਣੇ ਵਿੱਚ ਮੰਤਰ-ਸਿੱਧੀ ਲਈ ਕਿਸੇ ਦੇਵੀ ਦੇਵਤੇ ਅੱਗੇ ਝੁਕਿਆ ਨਹੀਂ ਜਾਂਦਾ। ਸਗੋਂ ਮੰਤਰ-ਵਿਧੀ ਦੀ ਸ਼ਕਤੀ ਦੁਆਰਾ ਹੁਕਮ ਦਿੱਤਾ ਜਾਂਦਾ ਹੈ।

ਧਰਮ ਅਤੇ ਜਾਦੂ-ਟੂਣੇ ਅਨੁਸਾਰ, ਇੱਕ ਸਰਬ ਧਾਰਨਾ ਪ੍ਰਚਲਿਤ ਹੈ ਕਿ ਕੁਦਰਤ ਦੇ ਨੇਮ ਬਦਲੇ ਜਾ ਸਕਦੇ ਹਨ। ਵਿਸ਼ਿਸ਼ਟ ਧਰਮ, ਅਰਾਧਨਾ ਨਾਲ ਬਦਲਣਾ ਚਾਹੁੰਦਾ ਹੈ, ਜਦ ਕਿ ਜਾਦੂ-ਟੂਣਾ, ਬਲ ਅਤੇ ਰਹੱਸਮਈ ਸਾਧਨਾਂ ਨਾਲ ਬਦਲਣ ਵਿੱਚ ਯਕੀਨ ਰੱਖਦਾ ਹੈ।

**ਲੋਕ-ਧਰਮ ਅਤੇ ਵਿਸ਼ਿਸ਼ਟ ਧਰਮ** ਵਿੱਚ ਮੂਲ ਰੂਪ ਵਿੱਚ ਅੰਤਰ ਹੀ ਇਹ ਹੈ ਕਿ ਲੋਕ-ਧਰਮ ਸਭ ਵਸਤੂਆਂ ਨੂੰ ਲੋਕਿਕ ਅਤੇ ਅਲੌਕਿਕ ਕੋਟੀਆਂ ਵਿੱਚ ਵੰਡ ਲੈਂਦਾ ਹੈ। ਲੋਕ-ਧਰਮ ਅਨੁਸਾਰ ਲੌਕਿਕ ਵਸਤੂਆਂ ਜੀਵਨ ਵਰਤਾਰੇ ਲਈ ਹਨ ਅਤੇ ਅਲੌਕਿਕ ਰਹੱਸਮਈ ਹਨ। ਕਈ ਹਾਲਾਤਾਂ ਵਿੱਚ ਲੌਕਿਕ ਨੂੰ ਅਲੌਕਿਕ ਰੂਪ ਦੇ ਲਿਆ ਜਾਂਦਾ ਹੈ ਅਤੇ ਜੜ੍ਹ ਵਸਤੂਆਂ ਵਿੱਚ ਵੀ ਪ੍ਰਾਣਧਾਰੀ ਸ਼ਕਤੀ ਮੰਨ ਲਈ ਜਾਂਦੀ ਹੈ, ਕਿਉਂਕਿ ਲੋਕ-ਉਪਾਸਨਾ ਨਾਲ ਜੁੜੇ ਲੋਕਾਂ ਦੀ ਮਾਨਸਿਕਤਾ ਲੋਕ-ਧਾਰਾਈ ਹੁੰਦੀ ਹੈ। ਉਹ ਹਰ ਦੁੱਖ, ਕਸ਼ਟ, ਤਕਲੀਫ਼ ਅਤੇ ਸੰਤਾਪ ਦਾ ਕਾਰਨ ਰਹੱਸਮਈ ਸ਼ਕਤੀਆਂ ਦੀ ਕਰੋਪੀ ਨੂੰ ਮੰਨਦੇ ਹਨ। ਉਹਨਾਂ ਦੀ ਇਹ ਵੀ ਧਾਰਨਾ ਹੈ ਕਿ ਦੁੱਖ ਦੇਣ ਵਾਲੀਆਂ ਸ਼ਕਤੀਆਂ ਨੂੰ ਜਾਦੂ-ਟੂਣੇ ਪ੍ਰਾਰਥਨਾ ਜਾਂ ਚੜ੍ਹਾਵੇ ਦੇ ਬਲ ਨਾਲ ਵੱਸ ਕਰ ਕੇ ਮਨ-ਇੱਛਤ ਵਸਤੂ ਦੀ ਪ੍ਰਾਪਤੀ ਕੀਤੀ ਜਾ ਸਕਦੀ ਹੈ।

ਲੋਕ-ਧਰਮ ਦੀ ਇੱਕ ਸਰਬ ਪ੍ਰਵਾਨਿਤ ਪੂਜਾ ਵਿਧੀ ਪ੍ਰਾਰਥਨਾ ਨੂੰ ਮੰਨਿਆ ਗਿਆ ਹੈ, ਪਰ ਲੋਕ-ਧਰਮ ਵਿੱਚ ਪ੍ਰਾਰਥਨਾ ਦਾ ਕੋਈ ਇੱਕ ਬੱਝਵਾਂ ਰੂਪ ਪ੍ਰਚਲਿਤ ਨਹੀਂ ਹੈ, ਕਿਉਂਕਿ ਲੋਕ-ਧਰਮ ਦਾ ਅਨੁਯਾਈ ਵਿਅਕਤੀ ਕਿਸੇ ਇੱਕ ਨਿਸ਼ਚਿਤ ਦੇਵੀ-ਦੇਵਤੇ ਦਾ ਪੁਜਾਰੀ ਨਹੀਂ ਹੁੰਦਾ, ਸਗੋਂ ਉਹ ਹਰ ਉਸ ਲੌਕਿਕ-ਅਲੌਕਿਕ ਵਸਤੂ ਪ੍ਰਤਿ ਸ਼ਰਧਾਵਾਨ ਹੁੰਦਾ ਹੈ, ਜਿਸ ਤੋਂ ਉਸ ਨੂੰ ਦੁਨਿਆਵੀ ਲਾਭ ਪ੍ਰਾਪਤ ਹੋਣ ਦੀ ਆਸ ਹੋਵੇ। ਇਸੇ ਲਈ ਪਿੰਡ ਦੇ ਸਾਰੇ ਦਿਉਤੇ, ਕਬਰਾਂ, ਸਤੀਆਂ, ਖ਼ਾਨਗਾਹਾਂ, ਸਮਾਧਾਂ, ਰੁੱਖ ਆਦਿ ਉਸ ਦੇ ਇਸ਼ਟ ਹੁੰਦੇ ਹਨ। ਸ਼ਾਇਦ ਇਹੋ ਕਾਰਨ ਹੈ ਕਿ ਲੋਕ-ਧਰਮ ਦੀਆਂ ਮਨੌਤਾਂ ਕਈ ਪ੍ਰਕਾਰ ਦੀਆਂ ਹਨ, ਜਿਵੇਂ ਚੜ੍ਹਾਵਾ ਦੇਣਾ, ਸੰਭਵ ਹੈ ਆਦਿ ਮਾਨਵ ਜਾਤੀਆਂ ਵਿੱਚ ਪਹਿਲੇ-ਪਹਿਲ ਕਬੀਲੇ ਦੇ ਕਿਸੇ ਸਰਦਾਰ ਨਮਿਤ, ਕਿਸੇ ਇੱਛਾ ਪ੍ਰਾਪਤੀ ਲਈ ਚੜ੍ਹਾਵਾ ਚੜ੍ਹਾਇਆ ਜਾਂਦਾ ਹੋਵੇ, ਜੋ ਬਾਅਦ ਵਿੱਚ ਅਦਿੱਖ ਸ਼ਕਤੀਆਂ ਤੋਂ ਇੱਛਾ ਪ੍ਰਾਪਤੀ ਲਈ ਇਹ ਮਨੌਤ ਦੇ ਰੂਪ ਵਿੱਚ ਪ੍ਰਚਲਿਤ ਹੋ ਗਿਆ ਹੋਵੇ। ਅਜੋਕੇ ਸਮੇਂ ਵੀ ਸਤੀਆਂ, ਜਠੇਰੇ, (ਪਿੱਤਰ) ਸਮਾਧਾਂ, ਗੁੱਗਾ, ਸੀਤਲਾ, ਖੁਆਜਾ, ਭੈਰੋਂ, ਸ਼ਨੀ ਆਦਿ ਦੀ ਪੂਜਾ ਚੜ੍ਹਾਵੇ ਦੇ ਰੂਪ ਵਿੱਚ ਕੀਤੀ ਜਾਂਦੀ ਹੈ। ਇਹ ਚੜ੍ਹਾਵਾ ਪਹਿਲਾਂ ਸੁੱਖਣਾ ਦੇ ਰੂਪ ਵਿੱਚ ਸੁੱਖਿਆ ਜਾਂਦਾ ਹੈ, ਇੱਛਾ ਪੂਰਤੀ ਉਪਰੰਤ ਇਸ਼ਟ ਦੇਵ ਨਮਿੱਤ ਮਨ ਵਿੱਚ ਧਾਰੀ ਵਸਤੂ ਜਾਂ ਰੁਪਏ ਪੈਸੇ ਨੂੰ ਦਾਨ ਦੇ ਰੂਪ ਵਿੱਚ ਭੇਟਾ ਕੀਤਾ ਜਾਂਦਾ ਹੈ।

ਪ੍ਰਕਿਰਤੀ ਪੂਜਾ ਲੋਕ-ਧਰਮ ਦੀ ਇੱਕ ਹੋਰ ਬਹੁ-ਪ੍ਰਵਾਨਿਤ ਪੂਜਾ ਵਿਧੀ ਹੈ। ਇੱਕ ਧਾਰਨਾ ਅਨੁਸਾਰ, ਆਦਿ ਮਾਨਵ ਨੇ ਮਹਿਸੂਸ ਕੀਤਾ ਕਿ ਪ੍ਰਕਿਰਤੀ ਵੀ ਮਨੁੱਖ ਵਾਂਗ ਪ੍ਰਾਣਧਾਰੀ ਹੋਣ ਦੇ ਨਾਲ-ਨਾਲ ਗਤੀਸ਼ੀਲ ਅਤੇ ਪਰਿਵਰਤਨਸ਼ੀਲ ਹੈ। ਮਨੁੱਖ ਨੇ ਪ੍ਰਕਿਰਤੀ ਨੂੰ ਆਪਣਾ ਹੀ ਪ੍ਰਤਿਰੂਪ ਸਮਝਿਆ, ਪਰ ਛੇਤੀ ਹੀ ਮਨੁੱਖ ਪ੍ਰਕਿਰਤੀ ਨੂੰ ਆਪੇ ਤੋਂ ਬਲਵਾਨ ਸਮਝਣ ਲੱਗਿਆ, ਜਿਸ ਦੇ ਸਿੱਟੇ ਵਜੋਂ ਪ੍ਰਕਿਰਤੀ ਦਾ ਮਾਨਵੀਕਰਨ ਤੋਂ ਦੇਵੀਕਰਨ ਹੋ ਗਿਆ ਅਤੇ ਚੰਨ, ਸੂਰਜ, ਰੁੱਖ, ਜਲ, ਧਰਤੀ, ਰੁੱਤਾਂ ਆਦਿ ਪੂਜ-ਵਸਤੂਆਂ ਬਣ ਗਏ।

ਲੋਕ-ਧਰਮ ਵਿੱਚ ਮਨੁੱਖ ਆਦਿਮ ਅਵਸਥਾ ਵਿੱਚ ਹੀ ਪਿੱਤਰਾਂ ਦੀ ਪੂਜਾ ਕਰਨ ਵੱਲ ਰੁਚਿਤ ਸੀ। ਹਰਬਰਟ ਸਪੈਂਸਰ ਪਿਤਰ-ਪੂਜਾ ਨੂੰ ਲੋਕ-ਧਰਮ ਦਾ ਮੂਲ ਆਧਾਰ ਮੰਨਦਾ ਹੈ। ਪਿਤਰ-ਪੂਜਾ ਦਾ ਅੰਤਰੀਵ ਮੰਤਵ ਮਰ ਗਏ ਪਿਤਰਾਂ ਦੀ ਰੂਹ ਤੋਂ ਭੈਅ ਹੈ। ਇਸ ਭੈਅ ਨੂੰ ਦੂਰ ਕਰਨ ਲਈ ਪਿਤਰ-ਪੂਜਾ ਅਧੀਨ ਸ਼ਰਾਧ, ਜਠੇਰਿਆਂ ਦੀ ਪੂਜਾ ਅਤੇ ਪੁੰਨਦਾਨ ਦੀਆਂ ਰਸਮਾਂ ਕੀਤੀਆਂ ਜਾਂਦੀਆਂ ਹਨ।

ਮ੍ਰਿਤਕ ਪ੍ਰਾਣੀ ਦੀ ਪੂਜਾ ਅਰਚਨਾ ਦਾ ਇੱਕ ਹੋਰ ਸੰਕਲਪ ਬਦਰੂਹਾਂ ਦੀ ਪੂਜਾ ਹੈ। ਇੱਕ ਧਾਰਨਾ ਹੈ ਕਿ ਸਧਾਰਨ ਹਾਲਤ ਵਿੱਚ ਮੋਇਆ ਪ੍ਰਾਣੀ ਪਿੱਛੇ ਰਹਿ ਗਏ ਅੰਗਾਂ ਸਾਕਾਂ ਨੂੰ ਏਨਾ ਤੰਗ ਨਹੀਂ ਕਰਦਾ। ਪਰ ਅਨਿਆਈ ਮੌਤ ਮਰਿਆ ਪ੍ਰਾਣੀ ਪਿੱਛੇ ਰਹਿ ਗਏ ਜੀਵੰਤ ਨਜ਼ਦੀਕੀਆਂ ਨੂੰ ਨੁਕਸਾਨ ਪਹੁੰਚਾ ਸਕਦਾ ਹੈ। ਖ਼ਾਸ ਕਰ ਕੇ ਅਣਵਿਆਹੁਤਾ ਮਰਦ ਇਸਤਰੀ ਜਾਂ ਵਿਅੰਮ (ਸੂਤਕ) ਵਿੱਚ ਮਰੀ ਤੀਵੀਂ। ਕਿਹਾ ਜਾਂਦਾ ਹੈ ਕਿ ਜਿਨ੍ਹਾਂ ਵਿਅਕਤੀਆਂ ਦੀਆਂ ਖਾਹਸ਼ਾਂ ਅਤੇ ਤ੍ਰਿਸ਼ਨਾਵਾਂ ਅਧੂਰੀਆਂ ਰਹਿ ਜਾਂਦੀਆਂ ਹਨ, ਉਹਨਾਂ ਦੀ ਰੂਹ ਮਾਤ ਲੋਕ

ਵਿੱਚ ਹੀ ਭਟਕਦੀ ਰਹਿੰਦੀ ਹੈ ਅਤੇ ਉਹ ਕਿਸੇ ਵੀ ਮੋਹ ਪਿਆਰ ਵਾਲੇ ਵਿਅਕਤੀ `ਤੇ ਕਰੋਪ ਹੋ ਸਕਦੀਆਂ ਹਨ। ਇਸ ਲਈ ਲੋਕ-ਧਰਮ ਅਧੀਨ ਅਜਿਹੀਆਂ ਰੂਹਾਂ ਨੂੰ ਵੀ ਪਤਿਆਏ ਜਾਣ ਦਾ ਚਲਨ ਹੈ।

ਲੋਕ-ਧਰਮ ਦੀ ਪੂਜਾ ਅਰਚਨਾ ਅਧੀਨ ਕੁਝ ਗਰਾਮ ਦੇਵਤੇ ਵੀ ਆਉਂਦੇ ਹਨ : ਜਿਨ੍ਹਾਂ ਵਿੱਚ ਭੂਮੀਆ, ਖੇੜਾ ਅਤੇ ਖੇਤਰਪਾਲ ਆਦਿ ਹਨ। ਭੂਮੀਆ ਪਿੰਡ ਦੀ ਭੂਮੀ ਦਾ ਹੀ ਮਾਨਵੀ ਕਰਨ ਅਥਵਾ ਦੈਵੀਕਰਨ ਹੈ। ਭੂਮੀਏ ਦਾ ਸੰਕਲਪ ਧਰਤੀ ਮਾਤਾ ਦੀ ਪੂਜਾ ਤੋਂ ਹੀ ਉਪਜਿਆ ਹੈ। ਖੇਤਰਪਾਲ ਨੂੰ ਖੇਤਾਂ ਦੀ ਰਾਖੀ ਦਾ ਦੇਵਤਾ ਸਮਝਿਆ ਜਾਂਦਾ ਹੈ। ਜਦ ਕਿ ਖੇੜੇ ਨੂੰ ਪਿੰਡ ਦੀ ਰਖਵਾਲੀ ਕਰਨ ਵਾਲਾ ਦੇਵਤਾ ਸਮਝਿਆ ਜਾਂਦਾ ਹੈ।

## ਟੋਟਮ

ਕੋਈ ਪਸ਼ੂ, ਪੌਦਾ, ਕੁਦਰਤੀ ਵਸਤੂ ਜਾਂ ਲਕੜੀ ਦਾ ਖੰਭਾ, ਜਿਸ ਵਿੱਚੋਂ ਕੋਈ ਸਿਬ (sib) (ਗੋਤ ਤੋਂ ਛੋਟਾ ਇੱਕ ਸਮਾਜਿਕ ਸਮੂਹ) ਆਪਣਾ ਨਾਮ ਧਾਰਨ ਕਰਦਾ ਹੈ, ਜਿਸ ਨਾਲ ਸਿਬ ਦੇ ਮੈਂਬਰਾਂ ਦੇ ਵਿਸ਼ੇਸ਼ ਸੰਬੰਧ ਹੁੰਦੇ ਹਨ ਅਤੇ ਜਿਸ ਲਈ ਉਹ ਬੜੀ ਸਤਿਕਾਰ ਭਾਵਨਾ ਰੱਖਦੇ ਹਨ। ਟੋਟਮ ਪੋਲ (totem pole) ਲਕੜੀ ਦਾ ਬਹੁਤ ਉੱਚਾ ਖੰਭਾ, ਕਿਸੇ ਲੰਮੇ ਰੁੱਖ ਦਾ ਤਨਾ, ਜਿਸ ਉੱਤੇ ਮਨੁੱਖੀ, ਪਸ਼ੂਆਂ, ਪੰਛੀਆਂ ਆਦਿ ਦੇ ਚਿੰਨ੍ਹ ਤਰਾਛੇ ਹੋਏ ਹੁੰਦੇ ਹਨ, ਜੋ ਸੰਬੰਧਿਤ ਸਮੂਹ ਦੀਆਂ ਮਿਥਿਆਵਾਂ ਦਾ ਚਿੰਨ੍ਹਾਤਮਿਕ ਪ੍ਰਦਰਸ਼ਨ ਕਰਦੇ ਹਨ। ਅੰਗਰੇਜ਼ਾਂ ਦੇ ਕੈਨੇਡਾ ਜਾਣ ਤੋਂ ਪਹਿਲਾਂ ਏਥੇ ਮੰਗੋਲ ਨਸਲ ਨਾਲ ਸੰਬੰਧਿਤ ਸੈਂਕੜੇ ਕਬੀਲੇ ਰਹਿੰਦੇ ਸਨ, ਜੋ ਕਈ ਉਪ ਸਮੂਹਾਂ ਵਿੱਚ ਵੰਡੇ ਹੋਏ ਸਨ। ਟੋਟਮ ਪੋਲ ਇਹਨਾਂ ਸਮੂਹਾਂ ਦੇ ਇਸ਼ਟ ਸਨ। ਅੰਗਰੇਜ਼ਾਂ ਨੇ ਏਥੇ ਆ ਕੇ ਟੋਟਮ ਪੋਲਾਂ ਉੱਤੇ ਪਾਬੰਦੀ ਲਾ ਦਿੱਤੀ, ਜੋ ਸ਼ਾਇਦ ਬਾਅਦ ਵਿੱਚ ਹਟਾਅ ਲਈ ਗਈ ਕਿਉਂਕਿ ਅਜੇ ਵੀ ਏਥੇ ਹਜ਼ਾਰਾਂ ਟੋਟਮ ਪੋਲ ਵੇਖੇ ਜਾ ਸਕਦੇ ਹਨ। ਟੋਟਮਵਾਦ (totemism) ਸਮਾਜਿਕ ਪ੍ਰਬੰਧ ਅਤੇ ਧਾਰਮਿਕ ਵਿਸ਼ਵਾਸ, ਜੋ ਸਿੱਬਾਂ (sibs) ਅਤੇ ਉਹਨਾਂ ਦੇ ਟੋਟਮ ਵਿੱਚ ਡੂੰਘੇ ਸੰਬੰਧਾਂ ਦੇ ਸੂਚਕ ਹਨ। ਇਹਨਾਂ ਟੋਟਮਾਂ ਨੂੰ ਪਿੱਤਰ ਸਮਝਿਆ ਜਾਂਦਾ ਹੈ ਅਤੇ ਇਹਨਾਂ ਦਾ ਸਤਿਕਾਰ ਕੀਤਾ ਜਾਂਦਾ ਹੈ, ਸਿੱਬਾਂ ਦੇ ਨਾਮ ਟੋਟਮ ਨਾਲ ਮੇਲ ਖਾਂਦੇ ਹਨ ਅਤੇ ਟੋਟਮ ਨੂੰ ਖਾਧਾ ਨਹੀਂ ਜਾ ਸਕਦਾ।

ਪਵਿੱਤਰ ਸਮਝੀ ਜਾਂਦੀ ਵਸਤੂ, ਟੋਟਮ, ਦੁਆਲੇ ਪ੍ਰਬੰਧਿਤ ਸਮਾਜ। ਆਪਣੇ ਟੋਟਮ ਵਿੱਚ ਵਿਆਹ ਨਹੀਂ ਕਰਵਾਇਆ ਜਾ ਸਕਦਾ, ਲੋਕ ਆਪਣੇ ਟੋਟਮ ਦੇ ਚਿੰਨ੍ਹ ਨਿਸ਼ਾਨ ਵਜੋਂ ਪਹਿਨਦੇ ਹਨ, ਟੋਟਮ ਨੂੰ ਪਿੱਤਰ ਦੀ ਰੂਹ ਮੰਨਿਆ ਜਾਂਦਾ ਹੈ; ਵੱਖ-ਵੱਖ ਸਮੂਹਾਂ ਵਿੱਚ ਵਖੇਵੇਂ ਦਾ ਚਿੰਨ੍ਹ, ਮਨੁੱਖ ਅਤੇ ਪ੍ਰਕਿਰਤੀ ਦੇ ਵਰਗੀਕਰਨ ਦੀ ਵਿਧੀ ਮਨੁੱਖੀ ਮਨ ਦੀ ਬਣਤਰ ਦਾ ਚਿੰਨ੍ਹ।

**ਡਾ. ਜਸਵਿੰਦਰ ਸਿੰਘ ਅਨੁਸਾਰ,** ਕਿਸੇ ਕਬੀਲਾ ਸਮਾਜ ਸਭਿਆਚਾਰ ਵਿੱਚ ਲੋਕ ਧਰਮ ਵਿੱਚ ਦੇਵੀ-ਦੇਵਤਿਆਂ ਦੀ ਪੂਜਾ ਤੋਂ ਇਲਾਵਾ ਟੋਟਮ ਵੀ ਇੱਕ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਟੋਟਮ ਕਿਸੇ ਮਨੁੱਖੀ ਕਬੀਲੇ ਦਾ ਇੱਕ ਸਾਂਝਾ ਚਿੰਨ੍ਹ ਹੁੰਦਾ ਹੈ ਜਿਸ ਨੂੰ ਸਮੂਹਿਕ ਤੌਰ ਉੱਤੇ ਪ੍ਰਵਾਨ ਕੀਤਾ ਜਾਂਦਾ ਹੈ। ਇਹ ਕਿਸੇ ਕਬੀਲੇ ਦੁਆਰਾ ਚੁਣਿਆ ਗਿਆ ਕੋਈ ਰੁੱਖ, ਜਾਨਵਰ ਜਾਂ ਪੰਛੀ ਹੁੰਦਾ ਹੈ। ਟੋਟਮ ਵਿੱਚ ਜਾਨਵਰ ਜਾਂ ਪੰਛੀ ਨੂੰ ਮਰਿਆ ਨਹੀਂ ਜਾਂਦਾ ਭਾਵੇਂ ਕਿ ਉਹ ਜ਼ਹਿਰੀਲਾ ਹੀ ਕਿਓਂ ਨਾ ਹੋਵੇ। ਟੋਟਮ ਪ੍ਰਤੀ ਕੋਈ ਕਬੀਲੇ ਦਾ ਵਿਅਕਤੀ ਨਾਂਹ ਪੱਖੀ ਵਤੀਰਾ ਵੀ ਨਹੀਂ ਅਪਣਾ ਸਕਦਾ। ਜੇਕਰ ਕੋਈ ਇੰਜ ਕਰੇ ਤਾਂ ਉਸ ਵਿਅਕਤੀ ਨੂੰ ਕਬੀਲੇ ਵਿੱਚੋਂ ਬੇਦਖ਼ਲ ਜਾਂ ਵਿਛੁੰਨ ਦਿੱਤਾ ਜਾਂਦਾ ਹੈ। ਮਾਨਵ ਵਿਗਿਆਨੀਆਂ ਨੇ ਟੋਟਮ ਦੇ ਸਾਰੇ ਢਾਂਚੇ ਦੇ ਨਾਲ ਜੁੜੇ ਪ੍ਰਸੰਗਾਂ ਦੇ ਅਧਿਐਨ ਨੂੰ ਟੋਟਮਵਾਦ ਆਖਿਆ ਹੈ।

ਆਦਿ ਕਲੀਨ ਮਨੁੱਖ ਆਪਣੇ ਕਬੀਲੇ ਦੀ ਵੱਖਰਤਾ ਲਈ ਢੁੱਕਵਾਂ ਪ੍ਰਤੀਕ ਚੁਣਦਾ ਹੈ। ਜੋ ਉਹਨਾਂ ਲੋਕਾਂ ਦੇ ਸਮੂਹਿਕ ਤਜ਼ਰਬੇ ਦੀ ਪ੍ਰਤੀਨਿਧਤਾ ਕਰਦਾ ਹੈ। ਜਿਸ ਨਾਲ ਉਹ ਨੇੜਿਓਂ ਜੁੜੇ ਹੁੰਦੇ ਹਨ। ਜਿਸ ਨਾਲ ਹਰ ਰੋਜ ਵਾਹ-ਵਾਸਤਾ ਪੈਂਦਾ ਹੈ। ਉਸ ਨਾਲ ਹੀ ਭਾਵੁਕ ਲਗਾਉ ਜੁੜ ਜਾਂਦਾ ਹੈ। ਉਸ ਸਮੂਹ ਨੂੰ ਉਹ ਖੁਸ਼ਕਿਸਮਤੀ ਦਾ ਚਿੰਨ੍ਹ ਲੱਗਣ ਲੱਗ ਜਾਂਦਾ ਹੈ। ਅਜਿਹੀ ਵਸਤੂ ਪ੍ਰਤੀ ਉਹ ਖ਼ਾਸ ਨਜ਼ਰੀਆ ਅਪਣਾਉਂਦੇ ਹਨ। ਇਹ ਖ਼ਾਸ ਨਜ਼ਰੀਆ ਹੀ ਉਸ ਵਸਤੂ ਨੂੰ ਪਵਿੱਤਰ ਅਤੇ ਸੰਸਕਾਰਕ ਦਰਜ਼ਾ ਦਿਵਾਉਂਦਾ ਹੈ ਤੇ ਇਹੀ ਇੱਕ ਪ੍ਰਤੀਨਿੱਧ ਪ੍ਰਤੀਕ ਵਜੋਂ ਉਸ ਸਮੂਹ ਦਾ ਟੋਟਮ ਅਖਵਾਉਂਦਾ ਹੈ।

**ਇਨਸਾਈਕਲੋਪੀਡੀਆ ਆਫ ਬ੍ਰਿਟੈਨਿਕਾ ਅਨੁਸਾਰ,** ਮਨੁੱਖੀ ਜਨ-ਸਮੂਹ ਪ੍ਰਕਿਰਤੀ ਦੇ ਬਹੁਤ ਨੇੜੇ ਰਿਹਾ ਹੈ ਇਸ ਲਈ ਪ੍ਰਕਿਰਤੀ ਦੇ ਵਿਭਿੰਨ ਪਾਸਾਰਾਂ ਵਿੱਚੋਂ ਰੁੱਖ ਅਤੇ ਜਾਨਵਰਾਂ ਨਾਲ਼ ਵੀ ਇਸਦਾ ਰਿਸ਼ਤਾ ਬਹੁਤ ਹੀ ਨੇੜੇ ਦਾ ਰਿਹਾ ਹੈ। ਉਹ ਇਹਨਾਂ ਨੂੰ ਟੋਟਮ ਦੇ ਰੂਪ ਵਿੱਚ ਸ਼ਰਧਾਪੂਰਵਕ ਪੂਜਣ ਲੱਗ ਪਿਆ। ਟੋਟਮ ਦੇ ਪ੍ਰਚਲਿਤ ਹੋਣ ਪਿੱਛੇ ਇਹ ਵਿਸ਼ਵਾਸ ਵੀ ਕਾਰਜਸ਼ੀਲ ਹੈ ਕਿ ਮਨੁੱਖਾਂ ਅਤੇ ਪਸ਼ੂਆਂ ਦੀਆਂ ਰੂਹਾਂ ਮੌਤ ਪਿੱਛੋਂ ਇੱਕ ਦੂਸਰੇ ਦੇ ਸਰੀਰਾਂ ਵਿੱਚ ਅਦਲਾ-ਬਦਲੀ ਕਰਕੇ ਪ੍ਰਵੇਸ਼ ਕਰ ਜਾਂਦੀਆਂ ਹਨ।

**ਡਾ. ਗੁਰਮੀਤ ਸਿੰਘ ਅਨੁਸਾਰ,** ਟੋਟਮ ਸ਼ਬਦ ਦਾ ਮੁੱਢਲਾ ਅਰਥ 'ਕੁਟੰਬ ਚਿੰਨ੍ਹ' ਮੰਨਿਆਂ ਜਾਂਦਾ ਹੈ ਪਰ ਕੁਝ ਵਿਸਤ੍ਰਿਤ ਅਰਥਾਂ ਵਿੱਚ ਟੋਟਮ ਤੋਂ ਭਾਵ ਕਿਸੇ ਅਜਿਹੀ ਵਸਤੂ, ਪੌਦੇ ਜਾਂ ਜਾਨਵਰ ਤੋਂ ਲਿਆ ਜਾਂਦਾ ਹੈ ਜਿਸ ਨਾਲ ਕਬੀਲਾ ਆਪਣੇ ਆਪ ਨੂੰ ਪਵਿੱਤਰ ਸੰਬੰਧਾਂ ਵਿੱਚ ਬੱਝਿਆ ਮਹਿਸੂਸ ਕਰਦਾ ਹੈ। ਕਬੀਲੇ ਦਾ ਇਹ ਵੀ ਵਿਸ਼ਵਾਸ ਹੁੰਦਾ ਹੈ ਕਿ ਟੋਟਮ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਸੁਰੱਖਿਆ ਪ੍ਰਦਾਨ ਕਰਨ ਵਾਲਾ ਪੂਰਨ ਸੁਖਦਾਤਾ ਹੈ, ਇਸ ਲਈ ਟੋਟਮ ਜੀਵ ਜਾਂ ਪੌਦੇ ਨੂੰ ਮਾਰਨਾ ਜਾਂ ਕੱਟਣਾ ਟੈਬੂ ਸਮਝਿਆ ਜਾਂਦਾ ਹੈ। ਟੋਟਮ ਕੁਟੰਬ-ਚਿੰਨ੍ਹ ਹੈ ਤੇ ਇਹ ਕੁਟੰਬ-ਚਿੰਨ੍ਹ ਹਰੇਕ ਕਬੀਲੇ ਦਾ ਆਪਣਾ ਵੱਖਰਾ ਹੁੰਦਾ ਹੈ। ਇਹ ਭਿੰਨਤਾ ਟੋਟਮ ਕਬੀਲੇ ਦੇ ਅੰਦਰੂਨੀ ਸੰਗਠਨ ਅਤੇ ਭਾਈਚਾਰੇ ਨੂੰ ਮਜ਼ਬੂਤ ਤੇ ਸੁਨਿਯਮਤ ਵੀ ਕਰਦੀ ਹੈ ਤੇ ਉਸਨੂੰ ਇੱਕ ਵੱਖਰੀ ਪਛਾਣ ਵੀ ਦੇਂਦੀ ਹੈ। ਇਸ ਤਰ੍ਹਾਂ ਟੋਟਮ ਕਿਸੇ ਕਬੀਲੇ ਦਾ ਪਛਾਣ ਚਿੰਨ੍ਹ ਵੀ ਹੈ। ਇਹ ਪਛਾਣ ਉਨ੍ਹਾਂ ਦੀ ਅੱਡਰੀ ਹਸਤੀ ਨੂੰ ਚਿੰਨ੍ਹਤ ਕਰਦੀ ਹੈ।

ਪੰਜਾਬੀ ਸੱਭਿਆਚਾਰ ਵਿੱਚ ਵੀ ਬਹੁਤ ਸਾਰੇ ਵਿਸ਼ਵਾਸ ਅਤੇ ਰੀਤਾਂ ਅਜਿਹੀਆਂ ਹਨ ਜਿਨ੍ਹਾਂ ਨੂੰ ਟੋਟਮਿਕ ਵਰਤਾਰੇ ਦੇ ਪ੍ਰਸੰਗ ਵਿੱਚ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ। ਨਾਮਕਰਣ, ਜਾਤਾਂ, ਗੋਤਾਂ, ਜਾਨਵਰਾਂ, ਦਰੱਖਤਾਂ ਤੇ ਵਸਤਾਂ ਦੀ ਪੂਜਾ ਦਾ ਆਧਾਰ ਟੋਟਮ ਹੀ ਹੈ। ਪੰਜਾਬੀ ਵਿੱਚ ਨਾਗਪਾਲ, ਕਸ਼ਿਪ, ਮੱਕੜ ਆਦਿ ਜਾਤਾਂ ਵਿਭਿੰਨ ਟੋਟਮਾਂ ਵੱਲ ਹੀ ਸੰਕੇਤ ਕਰਦੀਆਂ ਹਨ। ਫ਼ਲਾਂ ਬੂਟਿਆਂ ਦੇ ਨਾਮ ਤੇ ਆਮ ਨਾਮ ਰੱਖੇ ਜਾਂਦੇ ਹਨ। ਰਾਜੀਵ ਰਜਨੀ, ਕੁਸਮ, ਕੰਵਲ ਆਦਿ। ਪੰਜਾਬੀ ਵਿੱਚ ਕਿੱਕਰ ਸਿੰਘ, ਪਿੱਪਲ ਸਿੰਘ ਆਦਿ ਨਾਮ ਵੀ ਪ੍ਰਚਲਿਤ ਰਹੇ ਹਨ। ਕੁਝ ਜਾਤਾਂ ਵਿੱਚ ਕੁਝ ਖ਼ਾਸ ਤਰ੍ਹਾਂ ਦੇ ਦਰਖਤਾਂ ਨੂੰ ਪੂਜਣ ਦਾ ਰਿਵਾਜ ਹੈ। ਬੇਰੀ, ਪਿੱਪਲ, ਜੰਡ ਆਦਿ ਦਰਖਤਾਂ ਨੂੰ ਵਿਸ਼ੇਸ਼ ਸਮਿਆਂ 'ਤੇ ਪੂਜਿਆ ਜਾਂਦਾ ਹੈ। ਇਹ ਸਾਰੇ ਪੰਜਾਬੀਆਂ ਵੱਲੋਂ ਸਾਂਝੇ ਰੂਪ ਵਿੱਚ ਨਹੀਂ ਪੂਜੇ ਜਾਂਦੇ ਸਗੋਂ ਲੋਕਾਂ ਦੇ ਜਾਤੀਗਤ ਟੋਟਮ ਹੁੰਦੇ ਹਨ। ਇਸੇ ਤਰ੍ਹਾਂ ਜਾਨਵਰਾਂ ਦੀ ਪੂਜਾ ਵੀ ਟੋਟਮਿਕ ਵਿਸ਼ਵਾਸਾਂ ਦਾ ਹੀ ਅਵਸ਼ੇਸ਼ ਹੈ। ਗਊ ਪੂਜਾ, ਨਾਗ ਪੂਜਾ, ਮੋਰ, ਬਾਜ਼ ਦੀ ਪਵਿੱਤਰਤਾ ਦੇ ਵਿਸ਼ਵਾਸਾਂ ਦਾ ਆਧਾਰ ਟੋਟਮ ਹੀ ਹੈ। ਪੰਜਾਬੀ ਵਿੱਚ 'ਬੱਕਰੇ ਬੁਲਾਉਣਾ' ਬੁਲਬੁਲੀ ਮਾਰਨਾ ਵੀ ਟੋਟਮ ਰੀਤ ਦਾ ਹੀ ਅਵਸ਼ੇਸ਼ ਹੈ।

## ਟੈਬੂ

ਟੈਬੂ ਸ਼ਬਦ ਸਾਧਾਰਨ ਅਰਥਾਂ ਵਿੱਚ ਵਿਸ਼ੇਸ਼ ਪ੍ਰਕਾਰ ਦੀ ਮਨਾਹੀ ਲਈ ਵਰਤਿਆ ਜਾਂਦਾ ਹੈ। ਇਹ ਵਿਸ਼ੇਸ਼ ਪ੍ਰਕਾਰ ਦੀ ਮਨਾਹੀ ਦੇ ਪਿਛੋਕੜ ਵਿਚ ਕੋਈ ਨਾ ਕੋਈ ਲੋਕ ਵਿਸ਼ਵਾਸ ਹੁੰਦਾ ਹੈ ਜੋ ਉਸ ਕਾਰਜ ਨੂੰ ਕਰਨ ਤੋਂ ਉਤਪੰਨ ਹੋਣ ਵਾਲੇ ਮਾੜੇ ਨਤੀਜਿਆਂ 'ਤੇ ਵਿਸ਼ਵਾਸ ਰੱਖਣ ਕਰਕੇ ਆਪਣੇ ਲੋਕਾਂ ਨੂੰ ਖਾਸ ਸਖ਼ਤ ਮਨਾਹੀਆਂ ਕਰਦਾ ਹੈ। ਹਰੇਕ ਪ੍ਰਕਾਰ ਦੀ ਮਨਾਹੀ ਟੈਬੂ ਨਹੀਂ ਹੁੰਦੀ। ਟੈਬੂ ਮਨਾਹੀ ਜ਼ਰੂਰ ਹੈ। ਟੈਬੂ ਦਾ ਭਾਵ ਹੈ ਕੁਝ ਵਿਸ਼ੇਸ਼ ਕਰਨ ਤੋਂ ਸਖ਼ਤ ਰੋਕ।

**ਫਰੇਜ਼ਰ** ਟੈਬੂ ਨੂੰ ਜਾਦੂ ਦਾ ਹਿੱਸਾ ਮੰਨਦਾ ਹੈ ਤੇ ਇਸਨੂੰ negative Magic ਆਖਦਾ ਹੈ। ਆਦਿਕਾਲੀਨ ਸਭਿਆਚਾਰਾਂ ਵਿਚ ਲੋਕਾਂ ਨੇ ਆਪਣੇ ਸਾਂਝੇ ਅਨੁਭਵਾਂ ਅਤੇ ਵਿਸ਼ੇਸ਼ ਪਰਿਕਲਪਨਾਵਾਂ ਦੁਆਰਾ ਕੁਝ ਅਜਿਹੀਆਂ ਮਨਾਹੀਆਂ ਨੂੰ ਮੰਨਿਆ ਤੇ ਲਾਗੂ ਕੀਤਾ ਜੋ ਉਸ ਸਭਿਆਚਾਰ ਵਿਚ ਪੀੜੀ-ਦਰ-ਪੀੜੀ ਤੁਰੀਆਂ ਆਉਂਦੀਆਂ ਹਨ। ਭਾਵੇਂ ਮੁਢਲੇ ਟੈਬੂ ਵਿਸ਼ੇਸ਼ ਫੈਸਲਾਕੁੰਨ, ਸੰਕਟਕਾਲੀਨ ਸਥਿਤੀ ਬਾਰੇ ਉਤਪੰਨ ਪ੍ਰਤਿਕਿਰਿਆ ਹੀ ਸਨ, ਪਰ ਹੌਲੀ ਹੌਲੀ ਇਸਨੇ ਜਾਦੂ ਤੇ ਲੋਕ ਧਰਮ ਵਿਚ ਪ੍ਰਵਾਨਗੀ ਪਾ ਲਈ। ਬਹੁਤੀ ਵਾਰ ਕਿਸੇ ਟੈਬੂ ਦਾ ਮੂਲ ਆਧਾਰ ਤਰਕ ਨਹੀਂ ਹੁੰਦਾ, ਸਗੋਂ ਲੋਕ ਵਿਸ਼ਵਾਸ ਹੁੰਦਾ ਹੈ। ਜਿਸਨੂੰ ਅੱਜਕੱਲ੍ਹ ਦੇ ਜ਼ਮਾਨੇ `ਚ ਭਰਮ ਜਾਂ ਵਹਿਮ ਵੀ ਆਖ ਦਿੱਤਾ ਜਾਂਦਾ ਹੈ।

### ਸ਼ਬਦ-ਨਿਰੁਕਤੀ

**ਡਾ. ਗੁਰਬਖਸ਼ ਸਿੰਘ ਫਰੈਂਕ ਅਨੁਸਾਰ**, ਅੰਗਰੇਜੀ ਦਾ ਸ਼ਬਦ ਟੈਬੂ ਪੋਲੀਨੀਸ਼ੀਅਨ ਸ਼ਬਦ 'ਟਾਪੂ' ਜਾਂ ਫ਼ਿਜੀਆਈ ਟਾਬੂ ਤੋਂ ਲਿਆ ਗਿਆ ਹੈ। ਪੋਲੀਨੀਸ਼ੀਅਨ ਭਾਸ਼ਾਵਾਂ ਵਿੱਚ ਇਸ ਸ਼ਬਦ ਦੇ ਅਰਥ ਹਨ, ਮਨਾਹੀ ਕਰਨਾ, ਵਰਜਣਾ। ਟੈਬੂ ਸ਼ਬਦ ਸਧਾਰਨ ਅਰਥਾਂ ਵਿੱਚ ਵਿਸ਼ੇਸ਼ ਪ੍ਰਕਾਰ ਦੀ ਮਨਾਹੀ ਲਈ ਵਰਤਿਆ ਜਾਂਦਾ ਹੈ। ਟੈਬੂ ਦੀ ਇਹ ਸਭਿਆਚਾਰਕ ਘਾੜ੍ਹਤ ਸ਼ੁਰੂ ਭਾਵੇ਼ ਲੋਕ ਵਿਹਾਰ ਤੇ ਸਮਾਜਿਕ ਵਿਵਸਥਾ ਦੀ ਵਿਉਂਤਬੰਦੀ ਤੋਂ ਹੋਈ ਹੋਵੇ, ਪਰ ਆਦਿ ਕਾਲੀਨ ਮਨੁੱਖ ਦੇ ਜਾਦੂ ਤੇ ਗੈਬੀ ਸ਼ਕਤੀਆਂ ਵਿੱਚ ਵਿਸ਼ਵਾਸ ਨੇ ਇਸਨੂੰ ਸੰਸਕਾਰਕ ਅਰਥ ਦੇ ਦਿੱਤੇ। ਅੰਗਰੇਜ਼ੀ ਵਿੱਚ ਇਹ ਸ਼ਬਦ ਪਹਿਲੀ ਵਾਰ 1777 ਵਿੱਚ ਜੇਮਜ ਕੁੱਕ ਨੇ ਵਰਤਿਆ ਸੀ।

### ਉਤਪਤੀ ਤੇ ਵਿਕਾਸ

ਕਬੀਲਾ ਸਮਾਜ ਵਿੱਚ ਟੈਬੂ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਟੈਬੂ ਕਿਸੇ ਕਬੀਲੇ ਵਿੱਚ ਵਿਸ਼ੇਸ਼ ਮਨਾਹੀ ਵਾਲੇ ਕਾਰਜ ਹੁੰਦੇ ਹਨ, ਜਿਨ੍ਹਾਂ ਦੀ ਉਸ ਜਨ ਸਮੂਹ ਦੁਆਰਾ ਹਰ ਹਾਲਤ ਵਿੱਚ ਪਾਲਣਾ ਕਰਨੀ ਜ਼ਰੂਰੀ ਸਮਝੀ ਜਾਂਦੀ ਹੈ। ਟੈਬੂ ਮੂਲ ਰੂਪ ਵਿੱਚ ਪੋਲੀਨੀਸ਼ੀਅਨ ਸ਼ਬਦ ਹੈ, ਜਿਸ ਬਾਰੇ ਕਪਤਾਨ ਕੁੱਕ ਨੇ 1771 ਈ. ਵਿੱਚ ਸ਼ਾਂਤ ਸਾਗਰ ਦੇ ਇਲਾਕੇ 'ਟਾਗਾ' ਤੋਂ ਪ੍ਰਾਪਤ ਕੀਤਾ। ਟੈਬੂ ਰੱਬੀ ਜਾਂ ਮਾਨਵੀ ਹੁਕਮ ਨਾਲੋਂ ਵੱਧ ਹੈ। ਦੁਰਖੀਮ ਅਨੁਸਾਰ, ਇਸ ਨੂੰ ਪਵਿੱਤਰ ਅਤੇ ਅਪਵਿੱਤਰ ਦੇ ਵਿਚਕਾਰ ਅੰਤਰ ਬਣਾਏ ਰੱਖਣ ਦੇ ਲਈ ਤੇ ਸਮਾਜਿਕ ਇੱਕਜੁੱਟਤਾ ਨੂੰ ਬਣਾਈ ਰੱਖਣ ਦੇ ਸੰਬੰਧ ਵਿੱਚ ਵੇਖਦਾ ਅਤੇ ਸਮਝਦਾ ਹੈ।

ਟੈਬੂ ਹਰ ਸਮਾਜ ਵਿੱਚ ਸਾਂਝੇ ਵੀ ਮੰਨੇ ਗਏ ਹਨ। ਮੂਲ ਰੂਪ ਵਿੱਚ ਪਤੀ-ਪਤਨੀ ਤੋਂ ਬਿਨਾਂ ਜਿਨਸੀ ਸੰਬੰਧ ਰੱਖਣਾ, ਮਨੁੱਖ ਵੱਲੋਂ ਮਨੁੱਖੀ ਮਾਸ ਖਾਧਾ ਜਾਣਾ। ਭੈਣ ਅਤੇ ਮਾਂ ਨਾਲ ਸੈਕਸ ਕਰਨਾ। ਵੱਖ-ਵੱਖ ਸਮਾਜਾਂ ਦੇ ਵੱਖ-ਵੱਖ ਤਾਬੂ ਵੀ ਹੋ ਸਕਦੇ ਹਨ ਜਿਵੇਂ, ਹਿੰਦੂ ਸਮਾਜ ਵਿੱਚ ਗਊ ਹੱਤਿਆ, ਮੁਸਲਿਮ ਸਮਾਜ ਵਿੱਚ ਸੂਰ ਦੀ ਹੱਤਿਆ।

ਟੈਬੂ ਸਮਾਜ ਵਿਚੋਂ ਜੋ ਮਨਾਹੀ ਹੈ, ਉਸ ਨੂੰ ਕਿਹਾ ਜਾਂਦਾ ਹੈ। 'ਟੈਬੂ' ਪੋਲੀਨੀਸ਼ੀਅਨ ਸ਼ਬਦ 'ਤਾਬੂ' ਤੋਂ ਬਣਿਆ ਹੈ, ਜਿਸ ਦੇ ਅਰਥ ਹਨ, ਮਨਾਹੀ, ਰੋਕ, ਵਿਸ਼ੇਸ਼ ਮਨਾਹੀ ਭਰਪੂਰ ਨਿਯਮ, ਜਿਸ ਦੀ ਹਰ ਸਮਾਜ ਉਲੰਘਣਾ, ਪਰਾਹਨ ਕਰਨ ਤੋਂ ਗੁਰੇਜ਼ ਕਰਦਾ ਤੇ ਇਨ੍ਹਾਂ ਨੂੰ ਨਾ ਕਰਨ ਬਾਰੇ ਸੋਚਦਾ ਹੈ। ਭਾਵ ਅਜਿਹੀ ਹਰਕਤ ਅਜਿਹਾ ਕੰਮ ਜਿਸ ਨੂੰ ਸਮਾਜ ਵਿੱਚ ਕਰਨ ਦੀ ਸਖ਼ਤ ਮਨਾਹੀ ਹੋਵੇ, ਉਹ ਟੈਬੂ ਹੈ। ਗਾਲ੍ਹਾਂ ਨੂੰ ਸਮਾਜਿਕ ਪ੍ਰਵਾਨਗੀ ਨਹੀਂ ਹੁੰਦੀ। ਸਭਿਅਕ ਸਮਾਜ ਵਿੱਚ ਗਾਲ੍ਹਾਂ ਦੀ ਮਨਾਹੀ ਹੈ, ਇਸੇ ਲਈ ਗਾਲ੍ਹਾਂ ਟੈਬੂ ਹਨ ਜਾਂ ਇਹ ਕਿਹਾ ਜਾ ਸਕਦਾ ਹੈ ਕਿ ਕੱਢਣਾ ਟੈਬੂ ਹੈ। ਟੈਬੂ ਸਮਾਜਿਕ ਮਨਾਹੀ ਹੋਣ ਦੇ ਨਾਲ ਨਾਲ ਕੁਦਰਤੀ ਤੌਰ ਤੇ ਮੰਨੀ ਜਾਣ ਵਾਲੀ ਇੱਕ ਧਾਰਮਿਕ ਮਨਾਹੀ ਹੈ। ਧਰਮ ਅਨੁਸਾਰ ਕੋਈ ਗੁਨਾਹ ਕਰਨਾ ਪਾਪ ਹੈ। ਕਾਨੂੰਨ ਅਨੁਸਾਰ ਅਪਰਾਧ ਕਹਾਉਂਦਾ ਹੈ, ਉਹ ਟੈਬੂ ਹੈ। ਟੈਬੂ ਅਜਿਹੇ ਸੁਰੱਖਿਅਤ ਨਿਯਮ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਮਨੁੱਖ ਪਾਪੀ, ਅਪਰਾਧੀ ਹੋਣ ਤੋਂ ਬਚਦਾ ਹੈ।

ਟੈਬੂ ਪਵਿੱਤਰ ਵੀ ਹਨ ਅਤੇ ਖ਼ਤਰਨਾਕ ਵੀ। ਜਦੋਂ ਟੈਬੂਆਂ ਦੀ ਪਾਲਣਾ ਕੀਤੀ ਜਾਂਦੀ ਹੈ ਤਾਂ ਇਹ ਵਿਅਕਤੀ ਨੂੰ ਪਾਪ ਕਰਨ ਤੋਂ ਵਰਜ ਕੇ ਰੱਖਦੇ ਹਨ ਤੇ ਪਵਿੱਤਰ ਬਣਾਉਂਦੇ ਹਨ। ਪਰ ਜਦੋਂ ਇਨ੍ਹਾਂ ਦੀ ਉਲੰਘਣਾ ਕਰੀ ਜਾਂਦੀ ਹੈ, ਤਾਂ ਇਹ ਜੋ ਅਪਸ਼ਬਦ ਜਾਂ ਗਾਲ੍ਹ ਦੇ

ਰੂਪ ਵਿੱਚ ਵਰਤੇ ਜਾਂਦੇ ਹਨ, ਜਿਵੇਂ; ਭੈਣ ਦਾ ਖ਼ਸਮ, ਧੀ ਦਾ ਯਾਰ, ਧੀ ਦਾ ਖ਼ਸਮ, ਸਹੁਰੇ ਦੀ ਰੰਨ, ਕੁੱਤਿਆਂ ਦੀ ਰੰਨ ਆਦਿ। ਇਹ ਗਾਲ੍ਹਾਂ ਤਾਂ ਬਣਦੀਆਂ ਹਨ ਕਿਉਂਕਿ ਸਮਾਜ ਵਿੱਚ ਰਹਿੰਦੇ ਹਰ ਵਿਅਕਤੀ ਲਈ ਇਹ ਟੈਬੂ ਸ਼ਬਦ ਹਨ।

ਟੈਬੂ ਜਿਸ ਵਿਸ਼ੇਸ਼ ਕਰਮ ਜਾਂ ਵਿਹਾਰ ਤੋਂ ਆਪਣੇ ਲੋਕਾਂ ਨੂੰ ਰੋਕਦਾ ਹੈ, ਉਸ ਪਿੱਛੇ ਇਹ ਧਾਰਨਾ ਕੰਮ ਕਰਦੀ ਹੈ ਕਿ ਇਹ ਮਨਾਹੀ ਤੋੜਨ ਜਾਂ ਉਲੰਘਣ ਕਰਨਾ ਬੱਜਰ ਪਾਪ ਹੋਵੇਗੀ। ਇਸਦਾ ਪਰਿਣਾਮ ਉਸ ਵਿਅਕਤੀ ਦੇ ਵੱਡੇ ਨੁਕਸਾਨ, ਬਿਮਾਰੀ ਜਾਂ ਮੌਤ ਵਿਚ ਨਿਕਲੇਗਾ। ਟੈਬੂ ਬਾਰੇ ਲੋਕ ਧਰਮ ਵਿਚ ਪੱਕੀ ਧਾਰਨਾ ਹੁੰਦੀ ਹੈ। ਟੈਬੂ ਦੀ ਇਹ ਸਭਿਆਚਾਰਕ ਘਾੜਤ ਸ਼ੁਰੂ ਭਾਵੇਂ ਲੋਕ ਵਿਹਾਰ ਅਤੇ ਸਾਮਾਜਿਕ ਵਿਵਸਥਾ ਦੀ ਵਿਉਂਤਬੰਦੀ ਤੋਂ ਹੋਈ ਹੋਵੇ, ਪਰ ਆਦਿਕਾਲੀਨ ਮਨੁੱਖ ਦੇ ਜਾਦੂ ਅਤੇ ਗੈਬੀ ਸ਼ਕਤੀਆਂ ਵਿਚ ਵਿਸ਼ਵਾਸ ਨੇ ਇਸ ਨੂੰ ਸੰਸਕਾਰਕ ਅਰਥ ਦੇ ਦਿੱਤੇ। ਟੈਬੂ ਨੂੰ ਪੱਕੀ ਤਰ੍ਹਾਂ ਲਾਗੂ ਕਰਨ ਲਈ ਡਰ ਅਤੇ ਭੈਅ ਉਪਜਾਉਣ ਲਈ ਪਰਾਲੌਕਿਕ ਜਾਦੂਮਈ ਸ਼ਕਤੀਆਂ ਦਾ ਖਤਰਨਾਕ ਬਦਲਾਲਊ ਬਿੰਬ ਉਸਾਰਿਆ ਗਿਆ।

ਟੈਬੂ ਦੀ ਪ੍ਰਕਿਰਤੀ ਵਿਚ ਸਾਮਾਜਿਕ ਕੀਮਤਾਂ ਅਤੇ ਸੰਸਕਾਰਕ ਕੀਮਤਾਂ ਹਾਜ਼ਰ ਹੁੰਦੀਆਂ ਹਨ। ਸਾਮਾਜਿਕ ਕੀਮਤਾਂ ਦਾ ਸਬੰਧ ਲੋਕ ਸਮੂਹ ਦੀ ਸਾਂਝੀ ਜੀਵਨ ਸ਼ੈਲੀ ਦੇ ਪੈਟਰਨ ਤੇ ਪ੍ਰਤਿਮਾਨ ਨਿਸ਼ਚਿਤ ਕਰਨਾ ਹੁੰਦਾ ਹੈ। ਜੀਵਨ ਦੇ ਵੱਡੇ ਸੰਕਟਸ਼ੀਲ ਮੌਕਿਆਂ ਖਾਸ ਕਰਕੇ ਜਨਮ, ਵਿਆਹ ਅਤੇ ਮੌਤ ਬਾਰੇ ਜ਼ਿਆਦਾ ਟੈਬੂ ਪ੍ਰਚਲਿਤ ਹਨ। ਪ੍ਰਸੂਤ, ਨਵਜਨਮ ਬਾਲ ਤੇ ਇਸ ਨਾਲ ਸਬੰਧਤ ਕਿਰਿਆਵਾਂ ਬਾਰੇ ਟੈਬੂ, ਵਿਆਹੰਦੜ ਮੁੰਡੇ-ਕੁੜੀ ਬਾਰੇ ਟੈਬੂ, ਮ੍ਰਿਤਕ ਸਰੀਰ ਬਾਰੇ ਟੈਬੂ ਸਾਡੇ ਸਭਿਆਚਾਰ ਦਾ ਹਿੱਸਾ ਹਨ।

ਟੈਬੂ ਦਾ ਦੂਸਰਾ ਪਾਸਾਰ ਉਹ ਸੰਸਕਾਰਕ ਕੀਮਤ ਹੈ, ਜੋ ਉਹ ਲੋਕ ਉਸਨੂੰ ਦਿੰਦੇ ਹਨ। ਟੈਬੂ ਮੰਨਣ ਵਾਲੇ ਲੋਕ ਹਰ ਟੈਬੂ ਦੀ ਆਪਣੀ ਤਰ੍ਹਾਂ ਵਿਆਖਿਆ ਕਰਦੇ ਹਨ। ਅੱਜ ਦੇ ਵਿਗਿਆਨਕ ਯੁਗ ਵਿਚ ਅਜਿਹੇ ਟੈਬੂ ਨੂੰ ਸਹੀ ਮੰਨਣਾ ਭਾਵੇਂ ਬਹੁਤਾ ਸੰਭਵ ਨਹੀਂ। ਪਰ ਇਹ ਟੈਬੂ ਲੋਕ ਮਨ ਨੂੰ ਸਮਝਣ ਲਈ ਬਹੁਤ ਮਹੱਤਵਸ਼ੀਲ ਹਨ। ਇਹਨਾਂ ਟੈਬੂਆਂ ਪਿੱਛੇ ਲੁਪਤ ਮਨੋਰਥ ਦਿਲਚਸਪ ਹੁੰਦੇ ਹਨ। ਟੈਬੂ ਨਾਲ ਸਬੰਧਤ ਸੰਸਕਾਰਕ ਕਾਰਜ ਤਕਨੀਕੀ ਕਾਰਜ ਤੋਂ ਮੂਲੋਂ ਭਿੰਨ ਹੁੰਦੇ ਹਨ। ਅਸਲ ਵਿਚ ਇਹ ਪ੍ਰਤੀਕਮਈ ਕਾਰਜ ਹੁੰਦੇ ਹਨ। ਕਈ ਵਿਅਕਤੀ ਮੰਗਲਵਾਰ ਮੀਟ ਅਤੇ ਸ਼ਰਾਬ ਦਾ ਸੇਵਨ ਨਹੀਂ ਕਰਦੇ, ਇਸਨੂੰ ਟੈਬੂ ਮੰਨਦੇ ਹਨ। ਕੁਝ ਲੋਕ ਸ਼ਨਿੱਚਰਵਾਰ ਲੋਹਾ ਖਰੀਦਣ ਨੂੰ ਟੈਬੂ ਮੰਨਦੇ ਹਨ। ਕੁਝ ਖਾਸ ਸਭਿਆਚਾਰ ਕੁਝ ਖਾਸ ਅੰਕਾਂ ਨੂੰ ਟੈਬੂ ਮੰਨਦੇ ਹਨ।ਕੁਝ ਖਾਸ ਸਭਿਆਚਾਰ ਕੁਝ ਖਾਸ ਅੰਕਾਂ ਨੂੰ ਟੈਬੂ ਮੰਨਦੇ ਹਨ।

## ਪੰਜਾਬੀ ਸਭਿਆਚਾਰ ਵਿਚਲੇ ਟੈਬੂ

**ਡਾ. ਜਸਵਿੰਦਰ ਸਿੰਘ ਅਨੁਸਾਰ**, ਟੈਬੂ ਦੀ ਪ੍ਰਕਿਰਤੀ ਵਿੱਚ ਸਮਾਜਿਕ ਕੀਮਤਾਂ ਤੇ ਸੰਸਕਾਰਕ ਕੀਮਤਾਂ ਹਾਜਰ ਹੁੰਦੀਆਂ ਹਨ। ਸਮਾਜਿਕ ਕੀਮਤਾਂ ਦਾ ਸੰਬੰਧ ਲੋਕ ਸਮੂਹ ਦੀ ਸਾਂਝੀ ਜੀਵਨ ਸ਼ੈਲੀ ਦੇ ਪੈਟਰਨ ਤੇ ਪ੍ਰਤਿਮਾਨ ਨਿਸਚਿਤ ਕਰਨਾ ਹੁੰਦਾ ਹੈ। ਜੀਵਨ ਦੇ ਵੱਡੇ ਸੰਕਟਸ਼ੀਲ ਮੌਕਿਆਂ ਖਾਸ ਕਰ ਕੇ ਜਨਮ, ਵਿਆਹ ਤੇ ਮੌਤ ਬਾਰੇ ਜਿਆਦਾ ਟੈਬੂ ਪ੍ਰਚਲਿਤ ਹਨ। ਪ੍ਰਸਤੂ, ਨਵ, ਜਨਮ ਬਾਲ ਤੇ ਇਸ ਨਾਲ ਸੰਬੰਧਿਤ ਕਿਰਿਆਵਾਂ ਬਾਰੇ ਟੈਬੂ, ਵਿਆਹੰਦੜ ਮੁੰਡੇ-ਕੁੜੀ ਬਾਰੇ ਟੈਬੂ ਮ੍ਰਿਤਕ ਸਰੀਰ ਬਾਰੇ ਟੈਬੂ ਸਾਡੇ ਸੱਭਿਆਚਾਰ ਦਾ ਹਿੱਸਾ ਹਨ।

**ਡਾ. ਮਜੂਮਦਾਰ ਅਨੁਸਾਰ**, ਅਕਸਰ ਅਸੀਂ ਵੇਖਦੇ ਹਾਂ ਕਿ ਉਹ ਵਸਤੂ ਜਿਸਤੇ ਮਨਾਹੀ ਲਾਗੂ ਹੁੰਦੀ ਹੈ, ਬੜੀ ਹੀ ਇਛਿੱਤ ਵੀ ਹੁੰਦੀ ਹੈ ਅਤੇ ਇਸ ਦੀ ਉਲੰਘਣਾਂ ਕਰਨ ਦੀ ਮਨੁੱਖ ਵਿੱਚ ਇੱਕ ਸੁਭਾਵਿਕ ਰੁਚੀ ਹੁੰਦੀ ਹੈ। ਉਦਾਹਰਨ ਵਜੋਂ ਭੈਣ-ਭਰਾ ਵਿੱਚ ਸਮਾਜਿਕ ਤੇ ਲਿੰਗੀ ਸੰਬੰਧਾਂ ਤੇ ਰੋਕ ਲਾਉਣ ਵਾਲੇ ਟੈਬੂ। ਲੰਕਾ ਦੇ ਵੀਧਾ ਭੈਣ-ਭਰਾ ਨੂੰ ਇਕੋ ਛੱਤ ਹੇਠ ਰਹਿਣ ਦੀ ਆਗਿਆ ਨਹੀਂ ਦੇਂਦੇ। ਦੋਵਾ ਦੇ ਬੜੇ ਨਜਦੀਕੀ ਸੰਪ੍ਰਕ ਹੁੰਦੇ ਹਨ। ਭਾਵੇਂ ਦੋਵਾਂ ਵਿਚਕਾਰ ਥਾਂ ਦੀ ਕੋਈ ਵਿੱਥ ਨਹੀਂ ਹੁੰਦੀ ਤੇ ਸਾਕਾਦਾਰੀ ਦੇ ਨਿਯਮਾਂ ਅਨੁਸਾਰ ਇਹ ਇੱਕ ਦੂਜੇ ਦੇ ਬਹੁਤ ਨਜ਼ਦੀਕ ਹੁੰਦੇ ਹਨ। ਪਰੰਤੂ ਜਿੱਥੋਂ ਤੱਕ ਇਹਨਾਂ ਦੀ ਸਖ਼ਸੀਅਤ ਦਾ ਸੰਬੰਧ ਹੈ, ਦੋਵੇਂ ਇੱਕ ਦੂਜੇ ਤੋਂ ਬੜੇ ਰਹੱਸਮਈ ਢੰਗ ਨਾਲ ਦੂਰ ਰਹਿੰਦੇ ਹਨ। ਜਵਾਈ ਆਪਣੀ ਸੱਸ ਤੋਂ ਦੂਰ ਰਹਿੰਦਾ ਹੈ, ਉਹ ਆਪਣੇ ਹਰ ਪ੍ਰਕਾਰ ਦੇ ਸੰਬੰਧਾਂ ਵਿੱਚ ਅਵਿਅਕਤਕ ਰਵੱਈਆ ਧਾਰਨ ਕਰ ਲੈਂਦਾ ਹੈ। ਫਰਾਇਡ ਨੇ ਸੱਸ ਤੇ ਜਵਾਈ ਦੇ ਇਸ ਪਰਿਵਰਜਨ ਦਾ ਕਾਰਨ ਵਿਸੰਯੁਜਤਾ ਹੀ ਦੱਸਿਆ ਹੈ, ਜੋ ਪਿਆਰ ਤੇ ਨਫਰਤ ਦਾ ਮਿਸ਼ਰਣ ਹੈ। ਛੋਟੇ ਭਰਾ ਦੀ ਵਹੁਟੀ ਲਈ ਵੱਡਾ ਭਰਾ(ਜੇਠ) ਵਰਜਿਤ ਹੈ। ਵੱਡਾ ਭਰਾ ਕਿਸੇ ਵੀ ਹਾਲਤ ਵਿੱਚ ਛੋਟੇ ਭਰਾ ਦੀ ਪਤਨੀ ਤੱਕ ਰਸਾਈ ਨਹੀਂ ਕਰ ਸਕਦਾ ਤੇ ਆਪਣੀ ਭਾਬੀ ਨਾਲ ਉਸ ਦੀ ਬੋਲ-ਚਾਲ ਵੀ ਜਿਆਦਾ ਨਹੀਂ ਹੁੰਦੀ। ਭਾਵੇਂ ਇਹ ਰਿਸ਼ਤੇਦਾਰ ਇੱਕ ਦੂਜੇ ਤੋਂ ਦੂਰ ਰਹਿੰਦੇ ਹਨ, ਪਰੰਤੂ ਹਮੇਸ਼ਾ ਇਹਨਾਂ ਵਿੱਚ ਵਰਜਿਤ ਰਿਸ਼ਤੇਦਾਰਾਂ ਦਾ ਇੱਕ-ਦੂਜੇ ਪ੍ਰਤਿ ਪ੍ਰਸਪਰ ਸਤਿਕਾਰ ਵਾਲਾ ਰਵੱਈਆ ਹੁੰਦਾ ਹੈ। ਭਾਬੀ ਨਾਲ ਵਿਆਹ ਦਾ ਰਿਵਾਜ, ਜਿਸ ਅਨੁਸਾਰ ਪਤੀ ਦਾ ਭਰਾ ਵੱਡਾ ਜਾਂ ਛੋਟਾ, ਸੁਰਗਵਾਸੀ ਭਰਾ ਦੀ ਪਤਨੀ ਨਾਲ ਵਿਆਹ ਕਰਾਉਣ ਦਾ ਹੱਕਦਾਰ ਬਣਦਾ ਹੈ, ਇਹਨਾਂ ਵਿਚਕਾਰ ਅਵਿਅਕਤਕ ਕਾਰਨ ਆਖਿਆ ਜਾਂਦਾ ਹੈ। ਪਰੰਤੂ ਇੱਕ ਨੌਜਵਾਨ ਪਤਨੀ ਦੇ ਆਪਣੇ ਦਿਉਰ ਨਾਲ ਸੰਬੰਧ ਸਦਾ ਹੀ ਸੁਨੇਹ ਪੂਰਣ ਹੁੰਦੇ ਹਨ। ਬਹੁਤ ਸਾਰੇ ਸਮਾਜ ਸਹੁਰੇ ਤੇ ਜੇਠ ਵੱਲ ਵਰਤਾਓ ਸੰਬੰਧੀ ਅਜਿਹਾ ਜਾਬਤਾ ਨਿਯਤ ਕਰਦੇ ਹਨ। ਸਮਾਜ ਵਿੱਚ ਵਿਆਹ ਸੰਬੰਧੀ ਰੀਤੀ ਰਿਵਾਜਾਂ ਦਾ ਵਿਸ਼ਲੇਸ਼ਣ ਲਿੰਗੀ ਮਨਾਹੀਆਂ ਦੇ ਪ੍ਰਭਾਵ ਨੂੰ ਪੇਸ਼ ਕਰਦਾ ਹੈ। ਵਿਆਹ ਦੀ ਰਸਮ ਪੂਰੀ ਹੋਣ ਤੋਂ ਪਹਿਲਾਂ ਲਿੰਗੀ ਸੰਬੰਧਾਂ ਦੀ ਮਨਾਹੀ ਲਾਈ ਹੁੰਦੀ ਹੈ।

**ਡਾ. ਜਸਵਿੰਦਰ ਸਿੰਘ ਅਨੁਸਾਰ**, ਟੈਬੂ ਦਾ ਦੂਸਰਾ ਪਾਸਾਰ ਉਹ ਸੰਸਕਾਰਕ ਕੀਮਤ ਹੈ, ਜੋ ਉਹ ਲੋਕ ਉਸਨੂੰ ਦਿੰਦੇ ਹਨ। ਟੈਬੂ ਮੰਨਣ ਵਾਲੇ ਲੋਕ ਹਰ ਟੈਬੂ ਦੀ ਆਪਣੀ ਤਰ੍ਹਾਂ ਵਿਆਖਿਆ ਕਰਦੇ ਹਨ। ਅੱਜ ਦੇ ਵਿਗਿਆਨਕ ਯੁੱਗ ਵਿੱਚ ਅਜਿਹੇ ਟੈਬੂ ਨੂੰ ਸਹੀ ਸਮਝਣ ਲਈ ਬਹੁਤ ਮਹੱਤਵਸ਼ੀਲ ਹਨ। ਇਹਨਾਂ ਟੈਬੂਆਂ ਪਿਛੇ ਲੁਪਤ ਮਨੋਰਥ ਦਿਲਚਸਪ ਹੁੰਦੇ ਹਨ। ਟੈਬੂ ਨਾਲ ਸੰਬੰਧਿਤ ਸੰਸਕਾਰਕ ਕਾਰਜ ਤਕਨੀਕੀ ਕਾਰਜ ਤੋਂ ਮੂਲੋਂ ਭਿੰਨ ਹੁੰਦੇ ਹਨ। ਅਸਲ ਵਿੱਚ ਇਹ ਪ੍ਰਤੀਕਮਈ ਕਾਰਜ ਹੁੰਦੇ ਹਨ। ਕਈ ਵਿਅਕਤੀ ਮੰਗਲਵਾਰ ਮੀਟ ਤੇ

ਸ਼ਰਾਬ ਦਾ ਸੇਵਨ ਨਹੀਂ ਕਰਦੇ, ਇਸਨੂੰ ਟੈਬੂ ਮੰਨਦੇ ਹਨ। ਕੁਝ ਲੋਕ ਸਨਿੱਚਰਵਾਰ ਲੋਹਾ ਖਰੀਦਣ ਨੂੰ ਟੈਬੂ ਮੰਨਦੇ ਹਨ। ਕੁਝ ਖਾਸ ਸੱਭਿਆਚਾਰ ਕੁਝ ਖਾਸ ਅੰਕਾਂ ਨੂੰ ਟੈਬੂ ਮੰਨਦੇ ਹਨ।

ਹਰ ਸੱਭਿਆਚਾਰ ਵਿੱਚ ਵੱਖ ਵੱਖ ਟੈਬੂ ਮੰਨੇ ਜਾਂਦੇ ਹਨ। ਕਿਸੇ ਸਮਾਜ ਵਿੱਚ ਜੋ ਆਮ ਗੱਲ ਹੈ ਉਹੀ ਗੱਲ ਦੂਜੇ ਸਮਾਜ ਵਿੱਚ ਟੈਬੂ ਮੰਨੀ ਜਾਂਦੀ ਹੈ। ਪੰਜਾਬੀ ਸੱਭਿਆਚਾਰ ਵਿੱਚ ਮੰਨੇ ਜਾਣ ਵਾਲ਼ੇ ਟੈਬੂਜ਼ ਦਾ ਜ਼ਿਕਰ ਹੇਠ ਲਿਖਤ ਹੈ:

1. ਗਰਭਪਾਤ (Abortion): ਗਰਭ ਅਵਸਥਾ ਨੂੰ ਖ਼ਤਮ ਕਰਨਾ।
2. ਗੈਰ ਕਾਨੂੰਨੀ ਨਸ਼ੀਲੇ ਪਦਾਰਥ (Illegal drugs): ਗੈਰ ਕਾਨੂੰਨੀ ਨਸ਼ਿਆਂ ਦੀ ਵਰਤੋਂ ਜਾਂ ਦੁਰਵਰਤੋਂ।
3. ਹਰਾਮਕਾਰੀ (Fornication): ਬਿਨਾਂ ਵਿਆਹ ਤੋਂ ਨਾਜਾਇਜ਼ ਸਬੰਧ ਬਣਾਉਣਾ।
4. ਪ੍ਰਾਭਨਤਾ ਜਾਂ ਜ਼ੋਈਫਿਲਿਆ (Bestiality or Zoophilia): ਕਿਸੇ ਮਨੁੱਖ ਅਤੇ ਜਾਨਵਰ ਵਿਚਕਾਰ ਜਿਨਸੀ ਸੰਬੰਧ ਦਾ ਹੋਣਾ।
5. ਕੈਨੀਬਲੀਜ਼ਿਮ (Cannibalism): ਇੱਕ ਮਨੁੱਖ ਵੱਲੋਂ ਦੂਜੇ ਮਨੁੱਖ ਦਾ ਮਾਸ ਖਾਣਾ।
6. ਸਮਲਿੰਗਤਾ (Homosexuality): ਇੱਕੋ ਲਿੰਗ ਦੇ ਲੋਕਾਂ ਵੱਲ ਝੁਕਾਅ ਹੋਣਾ ਜਾਂ ਸਬੰਧ ਰੱਖਣਾ।
7. ਰਿਸ਼ਤਿਆਂ ਦਾ ਦਾਇਰਾ (Incest): ਕੁੱੱਝ ਰਿਸ਼ਤਿਆਂ ਵਿਚਕਾਰ ਇੱਕ ਵਿੱਥ ਕਾਇਮ ਰੱਖਣੀ।
8. ਹੱਥਰਸੀ (Masturbation): ਆਪਣੀ ਖ਼ੁਦ ਦੀ ਜੈਨੇਲੀਆ ਦੀ ਹੇਰਾ ਫੇਰੀ ਕਰਨੀ।
9. ਕਤਲ (Murder): ਸਵੈ-ਰੱਖਿਆ ਤੋਂ ਬਗੈਰ ਕੀਤਾ ਕਤਲ ਟੈਬੂ ਮੰਨਿਆ ਜਾਂਦਾ ਹੈ।
10. ਨਿਕਰੋਫਿਲੀਆ (Necrophilia): ਇੱਕ ਲਾਸ਼ ਨਾਲ ਜਿਨਸੀ ਖਿੱਚ ਜਾਂ ਸੰਬੰਧ।
11. ਬਹੁ-ਵਿਆਹ (Polygamy): ਇੱਕ ਹੀ ਸਮੇਂ ਇੱਕ ਤੋਂ ਵੱਧ ਪਤੀ ਜਾਂ ਪਤਨੀ ਦਾ ਹੋਣਾ।
12. ਅਸ਼ਲੀਲਤਾ (Pornography): ਜਿਨਸੀ ਉਤਸ਼ਾਹ ਲਈ ਸਰੀਰ ਦੇ ਹਿੱਸੇ ਦਿਖਾਉਣਾ ਜਾਂ ਦੇਖਣਾ।
13. ਗਰਭਵਤੀ ਲਾੜੀ (Pregnant bride): ਵਿਆਹ ਵੇਲੇ ਕੁੜੀ ਦਾ ਗਰਭਵਤੀ ਹੋਣਾ।
14. ਆਤਮ ਹੱਤਿਆ (Suicide): ਆਪਣੀ ਜਾਨ ਲੈ ਲੈਣਾ।
15. ਮਹਾਵਾਰੀ (Menstruation): ਇੱਕ ਔਰਤ ਆਪਣੇ ਮਾਸਿਕ ਚੱਕਰ ਨੂੰ ਗੁਪਤ ਰੱਖਦੀ ਹੈ।
16. ਧਾਰਮਿਕ ਸ਼ਾਕਾਹਾਰੀ: ਮੁਸਲਮਾਨੀ ਨਿਯਮਾਂ ਅਨੁਸਾਰ ਹਲਾਲ ਕੀਤਾ ਮਾਸ ਹੀ ਖਾਧਾ ਜਾਂਦਾ ਹੈ, ਜਦਕਿ ਸਿੱਖ ਧਰਮ ਵਿੱਚ ਇਸ ਦੀ ਮਨਾਹੀ ਹੈ।
17. ਜ਼ਾਤ-ਪਾਤ (Castism): ਅਲੱਗ ਅਲੱਗ ਜਾਤਾਂ ਨੂੰ ਉੱਚਾ ਜਾਂ ਨੀਵਾਂ ਸਮਝਣਾ।

## ਸਾਰਾਂਸ਼

ਲੋਕਧਾਰਾ ਕਿਸੇ ਭੁਗੋਲਿਕ ਖਿੱਤੇ ਵਿਚ ਵਸਦੇ ਲੋਕ ਦੀ ਮਾਨਿਸਕਤਾ ਦਾ ਮਹੱਤਵਪੂਰਨ ਸੱਭਿਆਚਾਰਕ ਵਿਰਸਾ ਹੁੰਦੀ ਹੈ। ਲੋਕਧਾਰਾ ਕਿਸੇ ਸਮਾਜ ਵਿਚ ਵਸਦੇ ਲੋਕ ਦੀ ਮਾਨਿਸਕਤਾ ਨਾਲ ਗਹਿਣ ਰੂਪ ਜੁੜੀ ਹੰਦੀ ਹੈ। ਲੋਕਵਿਸ਼ਵਾਸ ਜਿੱਥੇ ਲੋਕ ਮਾਨਿਸਕਤਾ ਦੀ ਅਭਿਵਅਕਤੀ - ਕਰਦੇ ਹਨ, ਉੱਥੇ ਹੀ ਇਹ ਵਿਸ਼ੇਸ਼ ਖਿੱਤੇ ਉਸਦੀ ਬਣਤਰ ਅਤੇ ਵਿਧਾਨ ਨੂੰ ਸਮਝਣ ਜਾਣਨ ਵਿਚ ਸਹਾਈ ਹੁੰਦੇ ਹਨ। ਵਿਸਵਾਸ਼ ਕਰਨਾ ਮਨੁੱਖ ਦਾ ਸਹਿਜ ਸੁਭਾਵਿਕ ਵਰਤਾਰਾ ਹੈ, ਵਿਸਵਾਸ ਤੋਂ ਭਾਵ ਦਿਸਦੇ ਜ ਅਦਿਦਸਦੇ ਵਸਤ ਤੇ ਵਰਤਾਰੇ ਵਿਚ ਯਕੀਨ ਕਰਨਾ ਹੈ। ਪ੍ਰਕਿਰਤੀ ਅਤੇ ਵਿਸ਼ਵਾਸਾ ਦਾ ਆਪਸ ਵਿਚ ਗਹਿਰਾ ਸਬੰਧ ਹੈ ਕਿਸੇ ਘਟਨਾ ਦਾ ਸਬੰਧ ਜਦੋਂ ਸੁਭਾਵਿਕ ਰੂਪ ਵਿਚ ਕਿਸੇ ਹੋਰ ਘਟਨਾ ਨਾਲ ਜੁੜ ਜਾਂਦਾ ਹੈ ਤਾਂ ਅਜਿਹੇ ਸਬੰਧਾ ਅਤੇ ਮਨੁੱਖੀ ਮਨ ਦੇ ਅਚੇਤ ਸੁਚੇਤ ਸੁਭਾਵਿਕ ਤੇ ਕਾਲਪਨਿਕ ਕਿਸਮ ਦੇ ਅਨੁਮਾਨਾਂ ਨੇ ਕਈ ਵਿਸ਼ਵਾਸ ਉਤਪੰਨ, ਕੀਤੇ ਜੋ ਸਮਾਂ ਬੀਤਣ ਦੇ ਨਾਲ ਨਾਲ ਲੋਕ ਵਿਸ਼ਵਾਸਾ ਦਾ ਰੂਪ ਧਾਰਨ ਕਰ ਗਏ। ਆਦਿ ਕਾਲ ਤ ਮਨੁੱਖ ਪ੍ਰਕਿਰਤੀ ਨੂੰ ਅਪਣੇ ਹਿੱਤਾ ਅਨੁਕੂਲ ਵਰਤਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਤੇ ਉਹ ਪ੍ਰਕਿਰਤੀ ਵਿਚ ਵਾਪਰੀਆਂ ਘਟਨਾਵਾਂ ਦੇ ਕਾਰਨਾਂ ਅਤੇ ਕਾਰਜੀ ਸਬੰਧ ਨੂੰ ਤਾਰਿਕਕ ਅਧਾਰ ਉਪਰ ਸਮਝਣ ਦੀ ਬਜਾਏ ਕਈ ਕਿਸਮ ਦੇ ਭਰਮ ਤਰਕ ਉਸਾਰ ਲੈਂਦਾ ਹੈ। ਇਨ੍ਹਾਂ ਭਰਮਾਂ ਤੋਂ ਹੀ ਕਈ ਕਿਸਮ ਦੇ ਲੋਕ ਵਿਸ਼ਵਾਸ ਉਤਪੰਨ ਹੁੰਦੇ ਹਨ।

ਲੋਕ ਵਿਸ਼ਵਾਸ ਸਮੇਂ ਅਨੁਸਾਰ ਬਣਦੇ ਅਤੇ ਬਿਨਸਦੇ ਰਹਿੰਦੇ ਹਨ ਕਿਉਂਕਿ ਇਹ ਸਮਾਜ ਨਿਰੰਤਰ ਪ੍ਰਵਾਹ ਨਾਲ ਜੁੜਿਆ ਵਰਤਾਰਾ ਹੈ। ਜੋ ਚੀਜ਼ ਮਨੁੱਖ ਲਈ ਸਾਰਥਕਤਾ ਗੁਆ ਲੈਂਦੀ ਹੈ ਉਹ ਉਸਦੀ ਜ਼ਿੰਦਗੀ ਵਿਚ ਮਨਫ਼ੀ ਹੁੰਦੀ ਜਾਂਦੀ ਹੈ ਅਤੇ ਜੋ ਸਾਰਥਕ ਬਣ ਜਾਂਦੀ ਹੈ ਉਸਦੀ ਮਹੱਤਤਾ ਵਧ ਜਾਂਦੀ ਹੈ। ਇਸ ਲਈ ਵਿਸ਼ਵਾਸ ਸਮੇਂ ਮੁਤਾਬਿਕ ਬਦਲਦੇ ਰਹਿੰਦੇ ਹਨ ਇਹ ਨਿੱਜੀ ਸਮੂਹਿਕ ਵਿਸ਼ੇਸ਼ ਖਿੱਤੇ ਤੇ ਖਾਸ ਘਟਨਾਵਾਂ ਨਾਲ ਜੁੜ ਕੇ ਸਾਹਮਣੇ ਆਉਦੇ ਹਨ। ਵਿਸ਼ਵਾਸ ਕਰਨਾ ਮਨੁੱਖ ਦੀ ਸਰਵੋਤਮ ਰੁੱਚੀ ਹੈ ਇਸਦੇ ਤਹਿਤ ਹੀ ਮਨੁੱਖ ਨੇ ਅਪਣੇ ਗਿਆਨ ਵਿਗਆਨ ਦੇ ਭੰਡਾਰ ਵਿਚ ਹੈਰਾਨੀਜਨਕ ਤਰੱਕੀ ਕੀਤੀ ਹੈ ਮਨੁੱਖ ਦਾ ਸਮਾਜਿਕ ਧਾਰਿਮਕ ਅਤੇ ਸੱਭਿਆਚਾਰਕ ਵਿਕਾਸ ਵਿਭੰਨ ਪੱਧਰਾ ਤੇ ਵਿਸ਼ਵਾਸਾਂ ਨਾਲ ਜੁੜਿਆ ਹੋਇਆ ਵਿਸ਼ਵਾਸ ਦਾ ਸਬੰਧ ਮਨੁੱਖ ਦੇ ਕਿਰਆਤਮਕ ਜ ਅਭਿਆਸਕ ਜੀਵਨ ਨਾਲ ਹੈ।

ਸਮਾਜਕ, ਸਭਿਆਚਾਰ ਦੇ ਖੇਤਰ ਵਿੱਚ ਲੋਕ ਵਿਸ਼ਵਾਸਾਂ ਦੇ ਅਹਿਮ ਭੂਮਿਕਾ ਨਿਭਾਉਂਦੀਆਂ ਹੋਇਆ ਲੋਕਾਂ ਦੀ ਜੀਵਨ ਜਾਂਚ ਨੂੰ ਪ੍ਰਭਾਵਤ ਹੀ ਨਹੀਂ ਕੀਤਾ ਸਗੋਂ ਦਿਸ਼ਾ ਨਿਰਦੇਸ਼ ਵੀ ਕੀਤਾ ਹੈ। ਲੋਕ ਵਿਸ਼ਵਾਸ ਅਤੀਤ ਦੀ ਚੀਜ ਨਹੀਂ ਬਲਕਿ ਵਰਤਮਾਨ ਜੀਵਨ

ਵਿੱਚ ਜਿਉਂਦੇ ਜਾਗਦੇ ਅਤੇ ਭਵਿੱਖ ਵਿੱਚ ਪ੍ਰਚਲਿਤ ਰਹਿਣ ਵਾਲੀ ਸ਼ਕਤੀ ਵਜੋਂ ਮਨੁੱਖੀ ਜੀਵਨ ਜਾਂਚ ਵਿੱਚ ਸਾਰਥਕ ਰੂਪ ਵਿੱਚ ਵਿਚਰਦੇ ਹਨ। ਜਿਹਨਾਂ ਵਸਤਾਂ, ਘਟਨਾਵਾਂ ਆਦਿ ਨੂੰ ਸਮਝਣ ਦੀ ਸਮਰੱਥਾ ਮਨੁੱਖ ਕੋਲ ਨਹੀਂ ਸੀ ਜਾਂ ਜਿਹਨਾਂ ਨੂੰ ਉਹ ਸਮਝ ਨਹੀਂ ਸਕਿਆਂ ਉਹਨਾਂ ਵਸਤੂਆ ਘਟਨਾਵਾਂ ਦੇ ਪ੍ਰਤੀ ਉਸ ਨੇ ਆਪਣੀ ਸੂਝ ਦੁਆਰਾ ਉਹਨਾਂ ਦੇ ਹੱਕ ਪ੍ਰਤੀ ਵਿਸ਼ਵਾਸ ਘੜੇ ਇਸ ਤਰ੍ਹਾਂ ਲੋਕ ਵਿਸ਼ਵਾਸ ਹੋਂਦ ਵਿੱਚ ਆਵੇ ਜਿਵੇਂ ਕਿਸੇ ਔਰਤ ਨੂੰ ਕਹਿ ਦਿੱਤਾ ਜਾਵੇਂ ਕਿ ਤੂੰ ਰਾਤ ਨੂੰ ਫਲ ਵਾਲੇ ਦਰੱਖ਼ਤ ਹੇਠ ਨਹਾਉਣਾ ਨਾਲ ਤੁਹਾਡੀ ਕੁੱਖ ਹਰੀ ਹੋ ਜਾਵੇਗੀ ਤੇ ਉਹ ਇਸ `ਤੇ ਵਿਸ਼ਵਾਸ ਕਰਦੀ ਹੈ ਪ੍ਰਾਚੀਨ ਕਾਲ ਵਿੱਚ ਲੋਕ ਵਿਸ਼ਵਾਸਾ ਦੀ ਮਹੱਤਤਾ ਬਹੁਤ ਰਹੀ ਹੈ ਪਰ ਆਧੁਨਿਕ ਯੁੱਗ ਵਿੱਚ ਇਨ੍ਹਾਂ ਦੀ ਮਹੱਤਤਾ ਘੱਟ ਗਈ ਹੈ ਕਿਉਂਕਿ ਸਿੱਖਿਆ ਤੇ ਵਿਗਿਆਨ ਦੇ ਪ੍ਰਸਾਰ ਕਾਰਨ ਇਹ ਲੋਕ ਵਿਸ਼ਵਾਸ ਘੱਟ ਗਏ ਹਨ। ਪੜ੍ਹੇ ਲਿਖੇ ਲੋਕ ਘੱਟ ਵਿਸ਼ਵਾਸ ਕਰਦੇ ਹਨ ਜਦਕਿ ਅਨਪੜ੍ਹ ਇਹਨਾਂ ਵਿੱਚ ਅਜੇ ਵੀ ਵਿਸ਼ਵਾਸ ਕਰਦੇ ਹਨ।

## ਕੇਂਦਰੀ ਸ਼ਬਦ

- **ਲੋਕ ਮਨ** ਉਸ ਸਭਿਆਚਾਰ ਦੇ ਖੇਤਰ ਨੂੰ ਕਹਿੰਦੇ ਹਨ ਜਿਥੇ ਰਲਦੇ ਮਿਲਦੇ ਸਭਿਆਚਾਰ ਜਾਂ ਉਪ ਸਭਿਆਚਾਰ ਵਿਚਰ ਰਹੇ ਹੋਣ।
- **ਲੋਕ ਵਿਸ਼ਵਾਸ** ਸਦੀਆਂ ਦੇ ਸਮੂਹਿਕ ਅਨੁਭਵ ਦੇ ਫ਼ਲ ਹੰਦੇ ਹਨ ਇਨ੍ਹਾਂ ਨੂੰ ਪਰੰਪਰਾਵਾਂ ਤੋਂ ਸ਼ਕਤੀ ਮਿਲਦੀ ਹੈ ਲੋਕੀ ਇਸ ਨਾਲ ਮਾਨਿਸਕ ਤੌਰ ਤੇ ਬੱਝ ਜਾਂਦੇ ਹਨ ਕਈ ਵਿਸ਼ਵਾਸ ਪੀੜੀ ਦਰ ਪੀੜੀ ਤੁਰਦੇ ਜਾਤੀ ਦੇ ਸੰਸਕਾਰ ਬਣ ਜਾਂਦੇ ਹਨ
- **ਹਥੌਲਾ** ਕਿਸੇ ਬਿਮਾਰੀ ਨੂੰ ਦੂਰ ਕਰਨ ਲਈ ਸਿਆਣਾ ਹਥੌਲਾ ਕਰਦਾ ਹੈ। ਚਿਮਟਾ, ਦਾਤਰ ਜਾਂ ਮੋਰ ਦੇ ਖੰਭ ਮਰੀਜ਼ ਦੇ ਸਿਰ ਤੋਂ ਛੁਹਾ ਕੇ ਧਰਤੀ ਤੇ ਮਾਰੇ ਜਾਂਦੇ ਹਨ। ਨਾਲ-ਨਾਲ ਮੂੰਹ ਵਿੱਚ ਕੋਈ ਮੰਤਰ ਉਚਾਰਿਆ ਜਾਂਦਾ ਹੈ।
- **ਜਾਦੂ** ਮੰਤਰਾਂ ਅਤੇ ਅਨੁਸ਼ਠਾਨਾ ਦੁਆਰਾ ਨਿਯਮਿਤ ਕੁਦਰਤੀ ਨੇਮ ਪ੍ਰਬੰਧ ਵਿੱਚ ਦਖ਼ਲ ਅੰਦਾਜ਼ੀ ਕਰਕੇ ਘਟਨਾਵਾਂ ਨੂੰ ਮਨ-ਇੱਛਤ ਰੁਖ ਦੇਣ ਦੀ ਕਲਾ ਨੂੰ ਕਿਹਾ ਜਾਂਦਾ ਹੈ।
- **ਟੋਟਮ** ਕਿਸੇ ਮਨੁੱਖੀ ਕਬੀਲੇ ਦਾ ਇੱਕ ਸਾਂਝਾ ਚਿੰਨ੍ਹ ਹੁੰਦਾ ਹੈ ਜਿਸ ਨੂੰ ਸਮੂਹਿਕ ਤੌਰ ਉੱਤੇ ਪ੍ਰਵਾਨ ਕੀਤਾ ਜਾਂਦਾ ਹੈ।
- **ਟੈਬੂ** ਕਿਸੇ ਕਬੀਲੇ ਵਿੱਚ ਵਿਸ਼ੇਸ਼ ਮਨਾਹੀ ਵਾਲੇ ਕਾਰਜ ਹੁੰਦੇ ਹਨ,

## ਸਵੈ-ਮੁਲਾਂਕਣ

**ਪ੍ਰਸ਼ਨ 1. ਲੋਕ ਵਿਸ਼ਵਾਸ਼ ਸੰਬੰਧੀ ਸਹੀ ਨਹੀਂ ਹੈ?**

ੳ) ਧੁੰਦਲੇ ਅਨੁਭਵ

ਅ) ਚੇਤਨਾ ਦੀ ਅਣਹੋਂਦ

ੲ) ਤਰਕ ਅਤੇ ਖੋਜ

ਸ) ਅਨੁਭਵ ਤੇ ਵਿਸ਼ਵਾਸ

**ਪ੍ਰਸ਼ਨ 2 ਲੋਕ ਵਿਸ਼ਵਾਸ਼ਾਂ ਦਾ ਅਧਾਰ ਹੈ:**

ੳ) ਵਿਗਿਆਨਕ ਸੂਝ

ਅ) ਆਧੁਨਿਕ ਸੂਝ

ੲ) ਅਵਿਗਿਆਨਕ ਸੂਝ

ਸ) ਆਂਤਰਿਕ ਸੂਝ

**ਪ੍ਰਸ਼ਨ 3 ਲੋਕ ਵਿਸ਼ਵਾਸ਼ ਤੋਂ ਕੀ ਭਾਵ ਹੈ?**

ੳ) ਕਿਸੇ ਦਿਸਦੀ ਜਾਂ ਅਣਦਿਸਦੀ ਵਸਤੂ ਨੂੰ ਲੋਕ ਸਮੂਹ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰਨਾ।

ਅ) ਕਿਸੇ ਅਣਦਿਸਦੀ ਵਸਤੂ ਨੂੰ ਲੋਕ ਸਮੂਹ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰਨਾ।

ੲ) ਕਿਸੇ ਗੈਬੀ/ਰੱਬੀ ਵਸਤੂ ਨੂੰ ਲੋਕ ਸਮੂਹ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰਨਾ।

ਸ) ਕਿਸੇ ਵੀ ਘਟਨਾ ਨੂੰ ਲੋਕ ਸਮੂਹ ਵੱਲੋਂ ਸੱਚ ਰੂਪ ਵਿੱਚ ਪ੍ਰਵਾਨ ਕਰਨਾ।

**ਪ੍ਰਸ਼ਨ 4 ਕਿਸ ਵਿਦਵਾਨ ਦੀ ਧਾਰਾਨਾ ਹੈ ਕਿ ਲੋਕ ਵਿਸ਼ਵਾਸ ਕਿਸੇ ਲੋਕਧਾਰਕ ਤਰਕ ਉੱਤੇ ਅਧਾਰਿਤ ਹੁੰਦਾ ਹੈ?**

ੳ) ਭੁਪਿੰਦਰ ਖਹਿਰਾ

ਅ) ਨਾਹਰ ਸਿੰਘ

ੲ) ਜੀਤ ਸਿੰਘ ਜੋਸ਼ੀ

ਸ) ਸੋਹਿੰਦਰ ਸਿੰਘ ਬੇਦੀ

**ਪ੍ਰਸ਼ਨ 5 ਅੰਮ੍ਰਿਤ ਵੇਲੇ ਪੈਦਾ ਹੋਇਆ ਬੱਚਾ................ਮੰਨਿਆ ਜਾਂਦਾ ਹੈ।**

ੳ) ਸ਼ੁੱਭ

ਅ) ਅਸ਼ੁਭ

ੲ) ਸੋਹਣਾ

ਸ) ਮਾੜਾ

**ਪ੍ਰਸ਼ਨ 6. ਪੰਜਾਬੀ ਸਭਿਆਚਾਰ ਵਿਚ ਜਨਮ, ਵਿਆਹ ਅਤੇ ਮੌਤ ਨਾਲ ਸੰਬੰਧਤ ਹੀ ਲੋਕ ਵਿਸ਼ਵਾਸ਼ ਮਿਲਦੇ ਹਨ?**

ੳ) ਸਹੀ ਹੈ

ਅ) ਗਲਤ ਹੈ

ੲ) ਅਸ਼ਿੰਕ ਸਹੀ ਹੈ

ਸ) ਅਸ਼ਿੰਕ ਗਲਤ ਹੈ

**ਪ੍ਰਸ਼ਨ 7. ਪੁਰਾਤਨ ਸਮੇਂ ਵਿਚ ਛਿੱਲ੍ਹੇ ਵਿਚ ਮਰੀ ਔਰਤ ਦੇ ਸੰਸਕਾਰ ਸਮੇਂ ਕੀ ਕੀਤਾ ਜਾਂਦਾ ਸੀ?**

ੳ) ਸ਼ਿੰਗਾਰ ਕੀਤਾ ਜਾਂਦਾ ਸੀ।

ਅ) ਕਫੱਣ ਨਹੀਂ ਪਾਇਆ ਜਾਂਦਾ ਸੀ।

ੲ) ਅੱਖਾਂ ਵਿਚ ਮਿਰਚਾ ਪਾਈਆਂ ਜਾਂਦੀਆਂ ਸਨ।

ਸ) ਔਰਤ ਨੂੰ ਦਬਾਇਆ ਜਾਂਦਾ ਸੀ।

**ਪ੍ਰਸ਼ਨ 8. ਕੱਪੜੇ ਦਾ ਗੁੱਡਾ ਬਣਾ ਕੇ ਖਿਡਾਉਣ ਪਿੱਛੇ ਕਿਹੜਾ ਲੋਕ ਵਿਸ਼ਵਾਸ਼ ਕੰਮ ਕਰਦਾ ਹੈ?**

ੳ) ਬੱਚੇ ਦੇ ਤੰਦਰੁਸਤ ਪੈਦਾ ਹੋਣ ਦਾ

ਅ) ਸੁੰਦਰ ਬੱਚੇ ਦੇ ਪੈਦਾ ਹੋਣ ਦਾ

ੲ) ਬੱਚੇ ਦੇ ਪੈਦਾ ਹੋਣ ਦਾ

ਸ) ਮੁੰਡੇ ਦੇ ਪੈਦਾ ਹੋਣ ਦਾ

**ਪ੍ਰਸ਼ਨ 9. ਪੰਜਾਬੀ ਸਭਿਆਚਾਰ ਵਿਚ ਕਿਸ ਅੰਕ ਨੂੰ ਚੰਗਾ ਨਹੀਂ ਸਮਝਿਆ ਜਾਂਦਾ?**

ੳ) ਇਕ

ਅ) ਤਿੰਨ

ੲ) ਪੰਜ

ਸ) ਸੱਤ

**ਪ੍ਰਸ਼ਨ 10. ਕਿਸ ਨਾਲ ਸੰਬਧਤ ਪੰਜਾਬੀ ਲੋਕ ਵਿਸ਼ਵਾਸ਼ ਨਹੀਂ ਹੈ?**

ੳ) ਚੰਦ

ਅ) ਸੂਰਜ

ੲ) ਗ੍ਰਹਿ

ਸ) ਅਕਾਸ਼ ਗੰਗਾ

**ਪ੍ਰਸ਼ਨ 11. ਅਜੋਕੇ ਸਮੇਂ ਵਿਚ ਲੋਕ ਵਿਸ਼ਵਾਸ਼ਾਂ ਦੀ ਕੀ ਸਾਰਥਿਕਤਾ ਹੈ?**

ੳ) ਜੀਵਨ ਵਿਚ ਖੁਸ਼ੀ ਭਰਨ ਦੀ

ਅ) ਜੀਵਨ ਵਿਚ ਵਿਗਿਆਨਕ ਸਮਝ ਭਰਨ ਲਈ

ੲ) ਜੀਵਨ ਵਿਚ ਮਨੋਰੰਜਨ ਲਈ

ਸ) ਪੁਰਾਤਨ ਸਮਾਜ ਨੂੰ ਸਮਝਣ ਵਾਸਤੇ

**ਪ੍ਰਸ਼ਨ 12. ਲੱਕੜਾਂ ਦਾ ਮਿਲਣਾ ਕਿਸ ਲੋਕ ਵਿਸ਼ਵਾਸ਼ ਨਾਲ ਸੰਬੰਧਤ ਹੈ?**

ੳ) ਜਨਮ ਨਾਲ

ਅ) ਸੁਪਨਿਆਂ ਨਾਲ

ੲ) ਸਫਰ ਨਾਲ

ਸ) ਦਿਸ਼ਾ ਨਾਲ

**ਪ੍ਰਸ਼ਨ 13 ਲੋਕ ਕਿੱਤੇ ਤੋਂ ਭਾਵ ਹੈ:**

ੳ) ਲੋਕਾਂ ਦੇ ਕਿੱਤੇ

ਅ) ਸਮੂਹ ਦੇ ਧੰਦੇ

ਈ) ਪਰੰਪਰਾਗਤ ਧੰਦੇ

ਸ) ਲੋਕਾਂ ਦੇ ਵਿਸ਼ੇਸ਼ ਧੰਦੇ

**ਪ੍ਰਸ਼ਨ 14. ਪਿਤਾ ਪੁਰਖੀ ਕਿੱਤਾ ਨਹੀਂ ਹੈ:**

ੳ) ਘਰਾਂ ਵਿਚ ਪਾਣੀ ਪਹੁਚਾਉਣਾ

ਅ) ਗੰਢਾਂ ਭੇਜਣੀਆਂ

ੲ) ਸੁਹਾਗ ਗਾਉਣਾ

ਸ) ਵਾਰਾਂ ਗਾਉਣੀਆਂ

**ਪ੍ਰਸ਼ਨ 15 ਠਠਿਆਰ ਤੋਂ ਭਾਵ ਹੈ:**

ੳ) ਮਿੱਟੀ ਦੇ ਭਾਂਡੇ ਬਣਾਉਣ ਵਾਲਾ

ਅ) ਸੋਨੇ ਦੇ ਗਹਿਣੇ ਤਿਆਰ ਕਰਨ ਵਾਲਾ

ੲ) ਪਿੱਤਲ ਦੇ ਭਾਂਡੇ ਬਣਾਉਣ ਵਾਲਾ

ਸ) ਉਪਰੋਕਤ ਸਾਰੇ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ਸ** | **3.ੳ** | **4. ਅ** | **5. ੳ** |
| **6. ਸ** | **7. ੲ** | **8. ਸ** | **9. ਅ** | **10. ਸ** |
| **11. ਸ** | **12. ੲ** | **13. ੲ** | **14. ੲ** | **15. ੲ** |

## ਅਭਿਆਸ ਪ੍ਰਸ਼ਨ

1. ਲੋਕਮਨ ਤੋਂ ਕੀ ਭਾਵ ਹੈ? ਲੋਕਮਨ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਪੰਜਾਬ ਦੇ ਲੋਕ ਵਿਸ਼ਵਾਸ਼ਾਂ ਬਾਰੇ ਚਰਚਾ ਕਰੋ।
3. ਲੋਕ ਧਰਮ ਦੇ ਬਾਰੇ ਨੋਟ ਲਿਖੋ।
4. ਟੋਟਮ ਦੇ ਸੰਕਲਪ ਨੂੰ ਸਪਸ਼ੱਟ ਕਰੋ।
5. ਟੈਬੂ ਦੇ ਸੰਕਲਪ ਨੂੰ ਸਪਸ਼ਟ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,

1985.

- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.

## ਵੈਬ ਲਿੰਕ

- https://pa.wikipedia.org/wiki/%E0%A8%B2%E0%A9%8B%E0%A8%95_%E0%A8%AE%E0%A9%B1%E0%A8%A4
- https://pa.wikipedia.org/wiki/%E0%A8%B2%E0%A9%8B%E0%A8%95_%E0%A8%B5%E0%A8%BF%E0%A8%B8%E0%A8%BC%E0%A8%B5%E0%A8%BE%E0%A8%B8/%E0%A8%B2%E0%A9%8B%E0%A8%95_%E0%A8%AE%E0%A9%B1%E0%A8%A4
- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%9F%E0%A9%88%E0%A8%AC%E0%A9%82_%E0%A8%AA%E0%A9%8D%E0%A8%B0%E0%A8%AC%E0%A9%B0%E0%A8%A7
- https://pa.wikipedia.org/wiki/%E0%A8%9F%E0%A9%8B%E0%A8%9F%E0%A8%AE

Satwant Singh, Lovely Professional University

# ਅਧਿਆਇ-11 : ਪੰਜਾਬੀ ਲੋਕ ਸਾਹਿਤ

**ਵਿਸ਼ਾ ਵਸਤੂ (Content)**


1. ਉਦੇਸ਼
2. ਭੂਮਿਕਾ
3. ਪੰਜਾਬੀ ਲੋਕ ਸਾਹਿਤ: ਪਰਿਭਾਸ਼ਾ ਤੇ ਵੰਨਗੀਆਂ
4. ਲੋਕ ਗੀਤ
5. ਲੋਕ ਕਹਾਣੀਆਂ
6. ਬੁਝਾਰਤਾਂ, ਅਖਾਣ ਤੇ ਮੁਹਾਵਰੇ
7. ਲੋਕ ਵਾਰਾਂ
8. ਸਾਰਾਂਸ਼
9. ਕੇਂਦਰੀ ਸ਼ਬਦ
10. ਸਵੈ-ਮੁਲਾਂਕਣ
11. ਸਵੈ-ਮੁਲਾਂਕਣ ਲਈ ਉੱਤਰ
12. ਅਭਿਆਸ ਪ੍ਰਸ਼ਨ
13. ਸੰਦਰਭ ਪੁਸਤਕਾਂ


## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਲੋਕ ਸਾਹਿਤ ਦੇ ਬਾਰੇ ਸਿਧਾਂਤਕ ਸਮਝ ਹਾਸਿਲ ਕਰਨਗੇ
- ਪੰਜਾਬੀ ਲੋਕ ਕਹਾਣੀਆਂ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬੀ ਲੋਕ ਗੀਤਾਂ ਦੇ ਸਰੂਪ ਨੂੰ ਸਮਝਣਗੇ
- ਪੰਜਾਬੀ ਬੁਝਾਰਤਾਂ, ਅਖਾਣ-ਮਹਾਵਰੇ ਤੇ ਲੋਕ ਵਾਰਾਂ ਦੀ ਸਮਝ ਹਾਸਿਲ ਕਰਨਗੇ

## ਭੂਮਿਕਾ

ਲੋਕ ਸਾਹਿਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ ਲੋਕ ਮਾਨਸ ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੋਵੇ। ਇਸ ਰਚਨਾ ਨਾਲ ਕਿਸੇ ਵੀ ਲੇਖਕ ਦਾ ਨਾਂ ਜੁੜਿਆ ਹੋਇਆ ਨਹੀਂ ਹੁੰਦਾ ਤੇ ਇੱਕ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-ਪੀੜ੍ਹੀ ਅੱਗੇ ਚੱਲਦੀ ਹੈ। ਹਰ ਕੌਮ ਦੇ ਸਮਕਾਲੀ ਸਾਹਿਤ ਜਾਂ ਭਾਸ਼ਾ ਦਾ ਨਿਰਣਾ ਉਸ ਦੀਆਂ ਇਤਿਹਾਸਕ ਪਰਸਥਿਤੀਆਂ ਅਧੀਨ ਆਉਂਦੇ ਸਮਾਜਿਕ ਤਾਣੇ-ਬਾਣੇ ਨੇ ਤਹਿ ਕਰਨਾ ਹੁੰਦਾ ਹੈ। ਸਮਕਾਲੀਨ ਸਾਹਿਤ ਦੇ ਸਮੇਂ ਅਤੇ ਸਥਾਨ ਦੀ ਸਥਿਤੀ ਮੁਤਾਬਿਕ ਲੋਕ ਸਾਹਿਤ ਵੀ ਆਪ ਹੁਦਰਾ ਰੂਪ ਵਟਾਉਂਦਾ ਰਿਹਾ ਹੈ। ਭਾਵੇਂ ਕਿ ਲੋਕ ਸਾਹਿਤ ਦਾ ਨਵਾਂ ਰੂਪ ਹੋਂਦ ਵਿਚ ਆ ਜਾਵੇ, ਪਰ ਇਤਿਹਾਸਕ ਸਮੇਂ ਵਿਚ ਇਸਦੀ ਆਪਣੀ ਸਥਿਤੀ ਅਤੇ ਲੋੜ ਮੁਤਾਬਿਕ ਸਾਰਥਕਤਾ ਹੁੰਦੀ ਹੈ। ਏਸੇ ਲਈ ਇਹ ਅਤੀ ਪੁਰਾਣਾ ਹੁੰਦਾ ਹੋਇਆਂ ਵੀ ਨਿਤ-ਨਵਾਂ ਬਣਿਆ ਰਹਿੰਦਾ ਹੈ।

## ਲੋਕ ਸਾਹਿਤ

ਲੋਕ ਸਾਹਿਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ ਲੋਕ ਮਾਨਸ ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਹੈ, ਜਿਸ ਦਾ ਸੰਚਾਰ ਲੋਕ

ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੋਵੇ। ਇਸ ਰਚਨਾ ਨਾਲ ਕਿਸੇ ਵੀ ਲੇਖਕ ਦਾ ਨਾਮ ਜੁੜਿਆ ਹੋਇਆ ਨਹੀਂ ਹੁੰਦਾ ਤੇ ਇੱਕ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-ਪੀੜ੍ਹੀ ਅੱਗੇ ਚੱਲਦੀ ਹੈ।

## ਪਰਿਭਾਸ਼ਾਵਾਂ

**ਡਾ. ਜਸਵਿੰਦਰ ਸਿੰਘ**, ਲੋਕ ਸਾਹਿਤ ਸਮੂਹਿਕ ਰੂਪ ਵਿੱਚ ਸਿਰਜਿਤ, ਪ੍ਰਵਾਹਿਤ ਅਤੇ ਪ੍ਰਚਲਿਤ ਲੋਕ ਅਨੁਭਵ ਉਹ ਤੱਥ ਹੈ, ਜਿਹੜਾ ਮੂਲ ਮਾਨਵੀ ਸੰਕਟਾ ਤੇ ਸਥਿਤੀਆਂ ਪ੍ਰਤੀ ਮਨੁੱਖ ਦਾ ਮਨ ਸਹਿਜ ਤੱਟ ਫੱਟ ਅਤੇ ਕਲਾਤਮਿਕ ਹੰਗਾਰਾ ਹੈ।

**ਡਾ. ਭੁਪਿੰਦਰ ਸਿੰਘ ਖਹਿਰਾ** "ਲੋਕ ਸਾਹਿਤ ਲੋਕਧਾਰਾ ਦੀ ਮੌਖਿਕ ਪਰੰਪਰਾ ਦੀ ਅਭਿਵਿਅਕਤੀ ਹੋਣ ਸਦਕਾ ਲੋਕਧਾਰਾ ਦਾ ਅੰਗ ਬਣਿਆ ਰਹਿੰਦਾ ਹੈ।"

**ਡਾ. ਸੋਹਿੰਦਰ ਸਿੰਘ ਬੇਦੀ,** "ਲੋਕ ਸਾਹਿਤ ਵਿੱਚ ਸਮੁੱਚੀ ਜਾਤੀ ਦੇ ਉਗਰ, ਭਾਵਨਾਵਾਂ, ਜੀਵਨ ਆਦਰਸ਼, ਮਨੌਤਾਂ, ਵਿਸ਼ਵਾਸ, ਵਿਚਾਰ ਤੇ ਕਲਾ ਰੁਚੀਆਂ ਖੁਰ ਕੇ ਸਮਾਈਆਂ ਹੁੰਦੀਆਂ ਹਨ।"

**ਦੇਵਿੰਦਰ ਸਤਿਆਰਥੀ,** "ਲੋਕ ਸਾਹਿਤ ਮਨੁੱਖ ਦੇ ਹਮੇਸ਼ਾਂ ਜਿਉਂਦੇ ਰਹਿਣ ਦੀ ਚੇਤਨਤਾ ਦਾ ਜੀਉਂਦਾ ਜਾਗਦਾ ਸਬੂਤ ਹੈ।

## ਵਿਸ਼ੇਸ਼ਤਾਵਾਂ

- ਲੋਕ ਸਾਹਿਤ ਭਾਸ਼ਾਈ ਪ੍ਰਗਟਾ ਮਾਧਿਅਮ ਹੈ।
- ਲੋਕ ਸਾਹਿਤ ਕਲਾਤਮਕ ਪ੍ਰਗਟਾਅ ਮਾਧਿਅਮ ਹੈ।
- ਲੋਕ ਸਾਹਿਤ ਦਾ ਰਚੈਤਾ ਅਗਿਅਤ ਹੁੰਦਾ ਹੈ। ਕਿਸੇ ਸਮੇਂ ਵਿਅਕਤੀ ਵਿਸ਼ੇਸ਼ ਨੇ ਇਸ ਦੀ ਸਿਰਜਨਾ ਕੀਤੀ ਹੁੰਦੀ ਹੈ ਪਰੰਤੂ ਸਮਾਂ ਪੈ ਕੇ ਉਸ ਦੀ ਰਚਨਾ ਤਾਂ ਲੋਕਾਂ ਵਿੱਚ ਪ੍ਰਚੱਲਿਤ ਹੋ ਜਾਂਦੀ ਹੈ ਪਰੰਤੂ ਉਸ ਰਚਇਤਾ ਦਾ ਨਾਮ ਅਲੋਪ ਹੋ ਜਾਂਦਾ ਹੈ ਕਿਉਂਕਿ ਉਹ ਲੋਕਧਾਰਾ ਦਾ ਹਿੱਸਾ ਬਣ ਜਾਂਦੀ ਹੈ।
- ਲੋਕ ਸਾਹਿਤ ਵਿੱਚ ਪਰੰਪਰਾ ਦੇ ਅੰਸ਼ ਮੌਜੂਦ ਰਹਿੰਦਾ ਹੈ ਕਿਉਂਕਿ ਲੋਕ ਸਾਹਿਤ ਵਿਚਲੀ ਰਚਨਾ ਪੀੜ੍ਹੀ ਦਰ ਪੀੜ੍ਹੀ ਚੱਲਦੀ ਰਹਿੰਦੀ ਹੈ। ਇਹ ਮੌਖਿਕ ਰੂਪ ਵਿੱਚ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੀ ਹੈ। ਸਮੇਂ ਦੇ ਨਾਲ-ਨਾਲ ਇਹ ਆਪਣੇ ਵਿੱਚ ਸਮਕਾਲੀ ਸਮੇਂ ਦਾ ਪ੍ਰਚੱਲਿਤ ਸਾਹਿਤ ਨੂੰ ਆਪਣੇ ਵਿੱਚ ਸ਼ਾਮਿਲ ਕਰ ਲੈਂਦੀ ਹੈ।
- ਲੋਕ ਸਾਹਿਤ ਅੰਦਰ ਰਚਨਾਕਾਰ ਨਾਲੋਂ ਰਚਨਾ ਦਾ ਮਹੱਤਵ ਵਧੇਰੇ ਮੰਨਿਆ ਜਾਂਦਾ ਹੈ ਕਿਉਂਕਿ ਜਦੋਂ ਕੋਈ ਵੀ ਰਚਨਾਕਾਰ ਰਚਨਾ ਕਰਦਾ ਹੈ ਤਾਂ ਉਸ ਦੀ ਰਚਨਾ ਪੀੜ੍ਹੀ ਦਰ ਪੀੜ੍ਹੀ ਅੱਗੇ ਵੱਧਦੀ ਰਹਿੰਦੀ ਹੈ ਤਾਂ ਫਿਰ ਅਜਿਹੀ ਰਚਨਾ ਨੂੰ ਲੋਕ ਸਾਹਿਤ ਕਿਹਾ ਜਾਂਦਾ ਹੈ। ਫਿਰ ਉਸ ਦੀ ਰਚਨਾ ਨੂੰ ਪੜ੍ਹਦੇ ਸਮੇਂ ਲੋਕ ਆਪਣੇ ਵਿਚਾਰ, ਭਾਵਨਾ ਸ਼ਾਮਿਲ ਕਰ ਲੈਂਦੇ ਹਨ ਤੇ ਉਸ ਰਚਨਹਾਰੇ ਦੇ ਨਾਂ ਲਾਂਭੇ ਹੋ ਜਾਂਦਾ ਹੈ।
- ਲੋਕ ਸਾਹਿਤ ਵਿਚਲੀਆਂ ਰਚਨਾਵਾਂ ਦਾ ਸਮਾਂ ਵੀ ਨਿਸ਼ਚਿਤ ਕਰਨਾ ਸੌਖਾ ਨਹੀਂ ਹੈ ਜਿਵੇਂ ਅਖਾਣ, ਥਾਲ ਵਰਗੇ ਲੋਕ ਕਾਵਿ ਕਿਸ ਕਵੀ ਨੇ ਕਿਸ ਸਾਲ ਜਾਂ ਕਿਸ ਮਹੀਨੇ ਕਿੱਥੇ ਰਚੇ ਹਨ। ਇਹ ਗੱਲਾਂ ਬਾਰੇ ਵੀ ਨਿਸ਼ਚਿਤ ਨਹੀਂ ਕਿਹਾ ਜਾ ਸਕਦਾ ਹੈ ਕਿਉਂਕਿ ਮੌਖਿਕ ਰੂਪ ਵਿੱਚ ਹੋਣ ਕਰ ਕੇ ਇਹਨਾਂ ਦੇ ਰੂਪ ਦੇ ਪਾਠ ਬਦਲਦੇ ਰਹਿੰਦੇ ਹਨ।
- ਲੋਕ ਸਾਹਿਤ ਦੀ ਰਚਨਾਵਾਂ ਨੂੰ ਲੋਕਾਂ ਵੱਲੋਂ ਪ੍ਰਵਾਨਗੀ ਪ੍ਰਾਪਤ ਹੁੰਦੀ ਹੈ। ਇਹਨਾਂ ਰਚਨਾਵਾ ਅੰਦਰਲੀਆਂ ਘਟਨਾਵਾਂ ਦੇ ਪਾਤਰ ਲੋਕ ਚੇਤਨਾ ਦਾ ਅੰਗ ਬਣ ਚੁੱਕੇ ਹੁੰਦੇ ਹਨ ਜਿਵੇਂ ਦੁੱਲਾ ਭੱਟੀ, ਜਿਊਣਾ ਮੌੜ ਆਦਿ।
- ਲੋਕ ਸਾਹਿਤ ਅੰਦਰ ਕਿਸੇ ਸਮਾਜ ਅੰਦਰ ਕਾਰਜ਼ਸ਼ੀਲ ਰਵਾਇਤੀ ਵਰਤਾਰਿਆਂ ਦੀ ਪੇਸ਼ਕਾਰੀ ਵਧੇਰੇ ਮਾਤਰਾ ਵਿੱਚ ਹੋਈ ਮਿਲਦੀ ਹੈ। ਇਸ ਵਿੱਚ ਲੋਕ ਵਿਸ਼ਵਾਸ਼ ਮਨੋਤਾਂ, ਵਰਜਨਾਵਾਂ, ਵਹਿਮ ਭਰਮ ਆਦਿ ਵਧੇਰੇ ਮਾਤਰਾਂ ਵਿੱਚ ਪੇਸ਼ ਹੋਏ ਹੁੰਦੇ ਹਨ।

## ਲੋਕ-ਕਾਵਿ / ਲੋਕ-ਗੀਤ

ਲੋਕ-ਸਾਹਿਤ ਦਾ ਸਭ ਤੋਂ ਪ੍ਰਾਚੀਨ ਰੂਪ ਲੋਕ-ਕਾਵਿ ਹੈ। ਪੰਜਾਬੀ ਵਿੱਚ ਇਸ ਵਾਸਤੇ ਲੋਕ-ਗੀਤ ਸ਼ਬਦ ਪ੍ਰਚਲਿਤ ਹੈ। ਲੋਕ-ਗੀਤ, ਲੋਕਾਂ ਦੇ ਗੀਤ ਹੁੰਦੇ ਹਨ। ਇਸ ਕਰ ਕੇ ਲੋਕ-ਗੀਤਾਂ ਨੂੰ ਕਿਸੇ ਖ਼ਾਸ ਵਿਅਕਤੀ ਦੀ ਰਚਨਾ ਨਹੀਂ ਕਿਹਾ ਜਾਂਦਾ ਸਗੋਂ ਇਹ ਤਾਂ ਇੱਕ ਖ਼ਾਸ ਸਮੂਹ ਦੇ ਲੋਕਾਂ ਦੀ ਰਚਨਾ ਮੰਨੇ ਜਾਂਦੇ ਹਨ।

ਲੋਕ-ਕਾਵਿ ਵਿੱਚ ਜਾਤੀ ਟਕਰਾਅ, ਵਰਗ-ਟਕਰਾਅ, ਖੇਤਰੀ ਟਕਰਾਅ ਕਿਸੇ ਨਾ ਕਿਸੇ ਰੂਪ ਵਿੱਚ ਹਾਜ਼ਰ ਰਹਿੰਦੇ ਹਨ। ਜੰਮਣ ਤੋਂ ਮੌਤ ਤਕ ਪੰਜਾਬ ਦੇ ਜੀਵਨ ਦਾ ਕੋਈ ਵੀ ਪੱਖ ਅਜੇਹਾ ਨਹੀਂ ਹੈ, ਜਿਸ ਸੰਬੰਧੀ ਲੋਕ ਗੀਤ ਉਪਲੱਬਧ ਨਾ ਹੋਵੇ। ਇਨ੍ਹਾਂ ਲੋਕ ਗੀਤਾ ਦੀ ਵਿਸ਼ਾਲ ਭਾਵਨਾ ਨੂੰ ਮੁੱਖ ਰੱਖਕੇ ਇਹ ਧਾਰਨਾ ਆਮ ਪ੍ਰਚਲਿਤ ਹੈ ਕਿ ਪੰਜਾਬੀ ਗੀਤਾਂ ਵਿੱਚ ਜੰਮਦਾ ਹੈ: ਲੋਰੀਆਂ, ਥਾਲਾਂ, ਧਮਾਲਾਂ ਵਿੱਚ ਇਸ ਦਾ ਪਾਲਣ ਪੋਸ਼ਣ ਹੁੰਦਾ ਹੈ: ਘੋੜੀਆਂ, ਸੁਹਾਗਾਂ, ਸਿੱਠਣੀਆਂ ਛੰਦਾਂ ਅਤੇ ਗਿੱਧਿਆਂ ਵਿੱਚ ਵਿਆਹਿਆ ਜਾਂਦਾ ਹੈ: ਅਤੇ ਇਸ ਦਾ ਅੰਤਿਮ ਸੰਸਕਾਰ ਵੀ ਆਲਹੁਣੀਆਂ ਤੇ ਕੀਰਨਿਆ ਦੇ ਰੂਪ ਵਿੱਚ ਗੀਤਾਂ ਰਾਹੀਂ ਹੀ ਹੁੰਦਾ ਹੈ। ਬਹੁਤ ਸਾਰੇ ਗੀਤ ਅਜਿਹੇ ਵੀ ਹਨ, ਜਿਹੜੇ ਨਿੱਤ ਪ੍ਰਤੀ ਦੇ ਕਾਰ-ਵਿਹਾਰ, ਦਿਨ-ਦਿਹਾਰ, ਹਾਰ ਸ਼ਿੰਗਾਰ, ਮਿਲਾਮ, ਵਿਛੋੜਾ, ਦੁੱਖ-ਸੁੱਖ, ਆਨੰਦ ਨਾਲ ਸੰਬੰਧਿਤ ਹਨ। ਰੁੱਤਾਂ,

ਮੇਲਿਆ, ਪਸ਼ੂ-ਪੰਛੀਆਂ ਅਤੇ ਰੁੱਖਾਂ ਆਦਿ ਬਾਰੇ ਵੀ ਲੋਕ-ਗੀਤ ਮਿਲੇ ਹਨ। ਪ੍ਰੀਤ ਕਹਾਣੀਆਂ ਅਤੇ ਸੂਰਮਗਤੀ ਦੇ ਪ੍ਰਸੰਗ ਵਿੱਚ ਗੀਤ ਮਿਲਦੇ ਹਨ।

## ਲੋਕ ਕਾਵਿ ਰੂਪਾਂ ਦਾ ਵਰਗੀਕਰਨ

**ਡਾ. ਨਾਹਰ ਸਿੰਘ** ਨੇ ਮਲਵਈ ਲੋਕ ਕਾਵਿ ਰੂਪਾਂ ਦਾ ਵਰਗੀਕਰਨ ਰੂਪ ਦੀ ਦ੍ਰਿਸ਼ਟੀ ਤੋਂ ਕੀਤਾ ਹੈ। ਇਸ ਵਰਗੀਕਰਨ ਨੂੰ ਉਹ ਦੋ ਮੁੱਖ ਰੂਪਾਂ ਵਿਚ ਵੰਡਦੇ ਹਨ-

1. ਖੁੱਲ੍ਹੇ ਰੂਪਾਂ ਵਾਲੇ ਕਾਵਿ ਰੂਪ
2. ਬੰਦ ਰੂਪਾਂ ਵਾਲੇ ਕਾਵਿ ਰੂਪ

### ਖੁੱਲ੍ਹੇ ਰੂਪਾਂ ਵਾਲੇ ਕਾਵਿ ਰੂਪ

ਖੁੱਲ੍ਹੇ ਕਾਵਿ ਰੂਪਾਂ ਤੋਂ ਭਾਵ ਉਨ੍ਹਾਂ ਲੋਕ ਕਾਵਿ ਰੂਪਾਂ ਤੋਂ ਹੈ ਜੋ ਵਧੇਰੇ ਲਚਕੀਲੇ ਹੁੰਦੇ ਹਨ। ਲਚਕੀਲੇਪਨ ਕਰਕੇ ਰਚਨਾਤਮਕਤਾ ਦਾ ਗੁਣ ਭਾਰੂ ਹੁੰਦਾ ਹੈ ਭਾਵ ਕਿ ਪੁਨਰ ਸਿਰਜਣਾ ਦੀ ਸੰਭਾਵਨਾ ਵਧੇਰੇ ਹੁੰਦੀ ਹੈ।

**ਡਾ. ਨਾਹਰ ਸਿੰਘ ਅਨੁਸਾਰ** ਹੇਠ ਲਿਖੇ ਲੋਕ ਕਾਵਿ ਰੂਪ ਖੁੱਲ੍ਹੇ ਰੂਪਾਂ ਵਾਲੇ ਕਾਵਿ ਰੂਪ ਹਨ ਜਿੰਨਾਂ ਨੂੰ ਲਚਕੀਲੇਪਨ ਦੇ ਆਧਾਰ ਉਤੇ ਤਰਤੀਬਵਾਰ ਦਰਸਾਇਆ ਗਿਆ ਹੈ-

- ਕੀਰਨਾ (ਸਭ ਤੋਂ ਵੱਧ ਲਚਕੀਲਾ ਕਾਵਿ ਰੂਪ)
- ਟੱਪਾ
- ਨਿੱਕੀ ਬੋਲੀ
- ਲੰਮੀ ਬੋਲੀ
- ਅਲਾਹੁਣੀ
- ਸਿੱਠਣੀ
- ਹੇਅਰਾ
- ਛੰਦ-ਪਰਾਗਾ
- ਖੇਡ ਗੀਤ ਤੇ ਨਾਚ ਗੀਤ

### ਬੰਦ ਰੂਪਾਂ ਵਾਲੇ ਕਾਵਿ ਰੂਪ

ਬੰਦ ਕਾਵਿ ਰੂਪ ਉਹਨਾਂ ਕਾਵਿ ਰੂਪਾਂ ਨੂੰ ਕਿਹਾ ਜਾਂਦਾ ਹੈ ਜਿੰਨਾਂ ਦਾ ਰਚਨਾ ਵਿਧਾਨ ਸਖ਼ਤ ਨੇਮਾਂ ਦਾ ਪਾਬੰਦ ਹੁੰਦਾ ਹੈ ਜਿਸ ਕਰਕੇ ਪੁਨਰ ਸਿਰਜਣ ਪ੍ਰਕਿਰਿਆ ਮੱਧਮ ਹੁੰਦੀ ਹੈ। ਇਹਨਾਂ ਕਾਵਿ ਰੂਪਾਂ ਵਿਚ ਪੁਨਰ ਸਿਰਜਣਾ ਬੱਝਵੇਂ ਨਿਯਮਾਂ ਵਿਚ ਬੱਝ ਕੇ ਹੀ ਕੀਤੀ ਜਾਂਦੀ ਹੈ। ਇਸ ਦੇ ਅੰਤਰਗਤ ਹੇਠ ਲਿਖੇ ਕਾਵਿ ਰੂਪ ਆਉਂਦੇ ਹਨ।

- ਬੁਝਾਰਤ (ਘੱਟ ਲਚਕੀਲਾ)
- ਮੁਹਾਵਰਾ, ਅਖਾਣ ਤੇ ਸਿਆਣਪ ਦਾ ਟੋਟਾ
- ਦੋਹੜਾ
- ਲੰਮੇ ਮਲਵਈ ਗੀਤ

ਪੰਜਾਬੀ ਲੋਕ–ਗੀਤਾਂ ਵਿਚੋਂ ਘੋੜੀਆਂ, ਸੁਹਾਗ, ਕਾਮਣ, ਸਿੱਠਣੀਆਂ, ਥਾਲ, ਟੱਪੇ ਆਦਿ ਸਭ ਔਰਤਾਂ ਦੁਆਰਾ ਗਾਈਆਂ ਜਾਣ ਵਾਲੀਆਂ ਵੱਖਰੀਆਂ ਕਿਸਮਾਂ ਹਨ। ਔਰਤਾਂ ਦੇ ਵੈਣ, ਅਲਾਹੁਣੀਆਂ ਆਦਿ ਵੀ ਲੋਕ–ਗੀਤਾਂ ਦਾ ਹਿੱਸਾ ਹਨ।ਪੰਜਾਬੀ ਮਰਦ ਢੋਲੇ, ਮਾਹੀਏ, ਜਿੰਦੂਏ, ਬੋਲੀਆਂ ਆਦਿ ਬੜੇ ਸ਼ੋਕ ਨਾਲ ਗਾਉਂਦੇ ਹਨ। ਪੰਜਾਬੀ ਲੋਕ–ਗੀਤ ਕਈ ਰੂਪਾਂ ਵਿਚ ਮਿਲਦੇ ਹਨ।

### ਬੋਲੀ

ਬੋਲੀ ਅਸਲ ਵਿੱਚ ਇੱਕ ਨਾਚ-ਗੀਤ ਹੈ। ਪੱਛਮੀ ਪੰਜਾਬ ਵਿੱਚ ਇੱਕ-ਤੁਕੀ ਬੋਲੀ ਦਾ ਪ੍ਰਚਲਨ ਵਧੇਰੇ ਰਿਹਾ ਹੈ। ਡਾ. ਨਾਹਰ ਸਿੰਘ ਨੇ ਦੋ ਤੁਕੀਆਂ ਬੋਲੀਆਂ ਅਤੇ ਲੰਮੀ ਬੋਲੀ ਨੂੰ ਬੋਲੀ ਦੇ ਅਧੀਨ ਰੱਖਿਆ ਹੈ। ਇੱਕ ਤੁਕੀ ਬੋਲੀ ਨੂੰ ਉਸ ਨੇ ਟੱਪਿਆਂ ਦੇ ਸਿਰਲੇਖ ਹੇਠ ਵਿਚਾਰਿਆ ਹੈ। ਇੱਕ ਤੁਕੀ ਬੋਲੀ ਆਪਣੇ-ਆਪ ਵਿੱਚ ਸੰਪੂਰਨ ਇਕਾਈ ਹੈ। ਇਸ ਵਿਚਲੀ ਭਾਵ-ਵਸਤੂ ਵੀ ਆਪਣੇ ਆਪ ਵਿੱਚ ਸੰਪੂਰਨ ਹੁੰਦੀ ਹੈ। ਜਿਵੇਂ:

ਤੈਨੂੰ ਦੇਖ ਕੇ ਦਹੀਂ ਸ਼ਰਮਾਵੇ, ਨੀ ਧੁੱਪ ਵਾਂਗੂੰ ਲਿਸ਼ਕਦੀਏ।

### ਇਕ ਤੁਕੀ ਬੋਲੀ

ਇਹ ਇੱਕ-ਤੁਕੀ ਬੋਲੀ ਆਪਣੇ-ਆਪ ਵਿੱਚ ਸੰਪੂਰਨ ਇਕਾਈ ਹੈ ਜਿਸ ਵਿੱਚ ਇੱਕ ਮੁਟਿਆਰ ਦੀ ਸੁੰਦਰਤਾ ਨੂੰ ਅਤੇ ਉਸ ਦੇ ਗੋਰੇ ਰੰਗ ਨੂੰ ਚਿੱਟੇ ਦਹੀਂ ਅਤੇ ਧੁੱਪ ਨਾਲ ਉਪਮਾ ਦਿੱਤੀ ਗਈ ਹੈ। ਇਹ ਉਪਮਾਵਾਂ ਇਸ ਇੱਕ ਤੁਕੀ ਬੋਲੀ ਦੇ ਸੁਹਜ ਨੂੰ ਵਧਾਉਣ ਦਾ ਕਾਰਨ ਬਣਦੀਆਂ ਹਨ।

ਜੱਟਾ ਤੇਰੀ ਜੂਨ ਬੁਰੀ,

ਹਲ਼ ਛੱਡ ਕੇ ਚਰ੍ਹੀ ਨੂੰ ਜਾਣਾ
ਇਕ ਵੀਰ ਦੇਈਂ ਵੇ ਰੱਬਾ,
ਸਹੁੰ ਖਾਣ ਨੂੰ ਬੜਾ ਈ ਚਿੱਤ ਕਰਦਾ

**ਦੋ ਤੁਕੀ ਬੋਲੀ**

ਛੋਟੀ ਦੋ ਸਤਰਾਂ ਦੀ ਬੋਲੀ ਦੀ ਪਹਿਲੀ ਤੁਕ ਵਿੱਚ ਪੂਰਵ-ਨਿਰਧਾਰਿਤ ਤੁਕ ਨੂੰ ਹੀ ਵਰਤ ਲਿਆ ਜਾਂਦਾ ਹੈ। ਦੂਜੀ ਤੁਕ ਵਿੱਚ ਤੋੜਾ ਆਉਂਦਾ ਹੈ। ਇਹਨਾਂ ਦੋਨਾਂ ਸਤਰਾਂ ਦੀ ਥੀਮਕ ਇਕਾਗਰਤਾ ਕਾਰਨ ਇਸ ਵਿੱਚ ਭਾਵ ਦੀ ਇਕਾਗਰਤਾ ਬਣੀ ਰਹਿੰਦੀ ਹੈ। ਪਰੰਤੂ ਜੇ ਪਹਿਲੀ ਤੁਕ ਸੁਤੰਤਰ ਹੋਵੇ ਤਾਂ ਇਹ ਇਕਾਗਰਤਾ ਭੰਗ ਹੋ ਜਾਂਦੀ ਹੈ।

**ਲੰਮੀ ਬੋਲੀ**

ਲੰਮੀਆਂ ਬੋਲੀਆਂ ਸਮੂਹਕ ਰੂਪ ਵਿੱਚ ਗਾਇਆ ਜਾਣ ਵਾਲ਼ਾ ਲੋਕ-ਕਾਵਿ ਹੈ। ਇਸ ਵਿੱਚ ਪਹਿਲੀਆਂ ਤੁਕਾਂ ਦਾ ਤੋਲ ਅਤੇ ਤੁਕਾਂਤ ਲਗ-ਪਗ ਬਰਾਬਰ ਹੁੰਦਾ ਹੈ। ਆਖਰੀ ਤੁਕ ਜਿਸ ਨੂੰ ਤੋੜਾ ਕਿਹਾ ਜਾਂਦਾ ਹੈ ਲਗ-ਪਗ ਅੱਧੀ ਹੁੰਦੀ ਹੈ। ਲੰਮੀ ਬੋਲੀ ਗਾਉਣ ਸਮੇਂ ਪਹਿਲਾਂ ਇੱਕ ਜਣਾ ਬੋਲੀ ਸ਼ੁਰੂ ਕਰਦਾ ਹੈ। ਗਾਉਣ ਸਮੇਂ ਟੋਲੀ ਦੇ ਬਾਕੀ ਮੈਂਬਰ ਨਾਲ਼ੋ-ਨਾਲ਼ ਹੁੰਗਾਰਾ ਭਰਦੇ ਹਨ ਜੋ ਕਈ ਵਾਰੀ ਪ੍ਰਸ਼ਨ ਰੂਪ ਵਿੱਚ ਹੁੰਦਾ ਹੈ। ਜਿਵੇਂ ਜਦੋਂ ਬੋਲੀ ਗਾਉਣ ਵਾਲਾ ਗਾਉਂਦਾ ਹੈ- 'ਬਾਰ੍ਹੀਂ ਬਰਸੀਂ ਖੱਟਣ ਗਿਆ', ਬਾਕੀ ਟੋਲੀ ਪੁੱਛਦੀ ਹੈ, 'ਕੀ ਖੱਟ ਕੇ ਲਿਆਂਦਾ?' ਜਾਂ ਫਿਰ ਉਹ 'ਬੱਲੇ ਬੱਲੇ' 'ਵਾਹ ਬਈ ਵਾਹ' ਆਦਿ ਬੋਲ ਕੇ ਇਸ ਗਾਇਨ ਨੂੰ ਸਮੂਹਿਕ ਬਣਾਉਂਦੇ ਹਨ। ਜਦੋਂ ਬੋਲੀ ਮੁਕੰਮਲ ਹੋਣ 'ਤੇ ਆਉਂਦੀ ਹੈ ਤਾਂ ਤੋੜੇ ਦੀ ਤੁਕ ਨੂੰ ਭੰਗੜੇ ਜਾਂ ਗਿੱਧੇ ਦੀ ਤਿੱਖੀ ਲੈਅ ਵਿੱਚ ਸਾਰੇ ਰਲ਼ ਕੇ ਗਾਉਂਦੇ ਹਨ। ਇਸ ਨੂੰ ਬੋਲੀ ਗਾਉਣ ਦੀ ਸਿਖਰ ਕਿਹਾ ਜਾਂਦਾ ਹੈ।ਬੋਲੀਆਂ ਵਿੱਚ ਸਮੁੱਚਾ ਪੰਜਾਬੀ ਸੱਭਿਆਚਾਰ ਸੁਹਜਾਤਮਿਕ ਪੱਧਰ ਤੇ ਨਾਚ ਦੀ ਲੈਅ ਅਨੁਕੂਲ ਪ੍ਰਸਤੁਤ ਹੁੰਦਾ ਹੈ। ਲੰਮੀਆਂ ਬੋਲੀਆਂ ਵਿਸ਼ੇਸ਼ ਤੌਰ ਤੇ ਮਰਦਾਂ ਦੁਆਰਾ ਸਿਰਜੀਆਂ ਜਾਂਦੀਆਂ ਹਨ।

**ਲੰਮੀ ਬੋਲੀ**

ਜੰਗਲ ਦੀ ਮੈਂ ਜੰਮੀ ਜਾਈ,
ਪਿੰਡ ਵਿਚ ਆਣ ਵਿਆਹੀ।
ਬਾਹੀਂ ਚੂੜਾ ਹੱਥੀਂ ਖੁਰਪਾ,
ਮੱਕੀ ਗੁੱਡਣ ਲਾਈ।
ਘਰ ਆਈ ਸੱਸ ਗਾਲ੍ਹਾਂ ਦੇਵੇ,
ਘਾਹ ਦੀ ਪੰਡ ਨਾ ਲਿਆਈ।
ਪੰਜੇ ਤੇਰੇ ਪੁੱਤ ਮਰ ਜਾਵਣ,
ਛੇਵਾਂ ਮਰੇ ਜਵਾਈ।
ਸੱਤਵੇਂ ਦਾ ਮੈਂ ਨਾ ਨਹੀਂ ਲੈਂਦੀ,
ਜਿਹਦੇ ਲੜ ਮੈਂ ਲਾਈ।
ਅੱਠਵਾਂ ਤੇਰਾ ਬੁੱਢੜਾ ਮਰ ਜਾਏ,
ਤੇਰੀ ਵੀ ਅਲਖ ਮੁਕਾਈ।
ਨੀ ਗਾਲ੍ਹ ਭਰਾਵਾਂ ਦੀ,
ਕੱਢਣੀ ਕੀਹਨੇ ਸਿਖਾਈ।

**ਹਰਿਆ**

ਹਰਿਆ ਦੇ ਲੋਕ ਗੀਤ ਬੱਚੇ ਦੇ ਜਨਮ ਦੀ ਖੁਸ਼ੀ ਵਿਚ ਗਾਏ ਜਾਂਦੇ ਸਨ। ਹਰਿਆ ਸ਼ਬਦ ਦੇ ਕਈ ਅਰਥ ਹਨ-ਸਮੇਂ ਦੇ ਫੇਰ ਬਦਲ ਨਾਲ ਇਸ ਸ਼ਬਦ ਦੇ ਅਰਥਾਂ ਵਿਚ ਵੀ ਪਰਿਵਰਤਨ ਹੁੰਦਾ ਆਇਆ ਹੈ। ਹਰਿਆ ਤੋਂ ਹਰਾ, ਹਰਿਆਲੀ-ਯੁਕਤ, ਹਲ ਵਾਹੁਣ ਵਾਲਾ, ਉਪਾਸ਼ਕ, ਭਗਤ ਆਦਿ ਅਰਥ ਕੱਢੇ ਜਾਂਦੇ ਰਹੇ ਹਨ। ਹਰੇ ਜਾਂ ਹਰਿਆ ਸ਼ਬਦ ਦੇ ਅਰਥਾਂ ਦਾ ਸਬੰਧ ਮੌਲਣ, ਵਿਗਾਸਣ, ਵਿਕਾਸ, ਕਰਨ, ਵੱਧਣ-ਫੁੱਲਣ ਆਦਿ ਨਾਲ ਵੀ ਜੁੜਦਾ ਹੈ। ਬੱਚੇ ਦੇ ਜਨਮ ਨਾਲ ਘਰ ਵਿਚ ਹਰਿਦਾ ਪ੍ਰਵੇਸ਼ ਹੋਣ ਬਾਰੇ ਲੋਕ ਵਿਸ਼ਵਾਸ ਪਾਇਆ ਜਾਂਦਾ ਹੈ। ਸੋ ਘਰ ਵਿਚ ਹਰਿ ਦੀ ਸ਼ੁਭ ਆਮਦ ਦੇ ਮੌਕੇ ਤੇ ਗਾਏ ਜਾਣ ਵਾਲੇ ਗੀਤਾਂ ਨੂੰ ਹਰਿਆ ਕਿਹਾ ਜਾਣ ਲੱਗ ਪਿਆ। ਬਾਲ-ਮੁੰਡੇ ਦੇ ਜਨਮ ਸਮੇਂ ਹਰਿਆ ਲੋਕ ਗੀਤ ਗਾਇਆ ਜਾਂਦਾ ਸੀ। ਹੌਲੀ-ਹੌਲੀ ਕਈ ਥਾਈਂ ਨਵੇਂ ਜਨਮੇ ਬੱਚੇ ਨੂੰ ਹਰਿਆ ਕਿਹਾ ਜਾਣ ਲੱਗ ਪਿਆ ਤੇ ਅਜਿਹਾ ਕਹਿਣ ਵਿਚ ਮਾਣ ਵੀ ਮਹਿਸੂਸ ਕੀਤਾ ਜਾਂਦਾ ਸੀ ਤੇ ਖੁਸ਼ੀ ਵੀ। ਬੱਚੇ ਦੇ ਜਨਮ ਨਾਲ ਸਬੰਧਤ ਗਾਏ ਜਾਣ ਵਾਲੇ ਗੀਤਾਂ ਨੂੰ ਹੀ ਲੋਕ ਹਰਿਆ ਕਹਿਣ ਲੱਗ ਪਏ ਸਨ। ਹਰਿਆ ਦੀਆਂ ਤੁਕਾਂ ਹਨ:-

ਹਰਿਆ ਨੀ ਮਾਏ, ਹਰਿਆ ਨੀ ਭੈਣੇ, ਹਰਿਆ ਤੇ ਭਾਗੀਂ ਭਰਿਆ।
ਜਿੱਤ ਦਿਹਾੜੇ ਮੇਰਾ ਹਰਿਆ ਨੀ ਜੰਮਿਆ, ਸੋਈਓ ਦਿਹਾੜਾ ਭਾਗੀਂ ਭਰਿਆ।

**ਫੁਨਹੇ**

ਇਸ ਵਿਚ ਕੋਈ ਸ਼ਦ ਘੜੀ ਮੁੜੀ ਵਰਤਿਆ ਜਾਣ ਕਰਕੇ ਇਸ ਨੂੰ ਫੁਨਹੇ ਕਿਹਾ ਜਾਂਦਾ ਹੈ। ਫੁਨਹੇ ਦਾ ਲਫ਼ਜੀ ਅਰਥ ਫਿਰ ਜਾਂ ਮੁੜ ਮੁੜ ਹੈ। ਪੰਜਾਬੀ ਲੋਕ–ਗੀਤਾਂ ਵਿਚ ਜਿੰਨੇ 'ਛੰਦ' ਹਨ ਉਨ੍ਹਾਂ ਦਾ ਆਰੰਭ ਸਦਾ 'ਛੰਦ–ਪਰਾਗੇ ਆਈਏ ਜਾਈਏ, ਛੰਦ ਪਰਾਗੇ', ਨਾਲ ਹੁੰਦਾ ਹੈ ਤੇ ਇਹ ਸ਼ਬਦਾਵਲੀ ਹਰ ਨਵੇਂ 'ਛੰਦ' ਨਾਲ ਦੁਹਰਾਈ ਜਾਂਦੀ ਹੈ ਤੇ ਤੁੰਮਾਂ, ਖੀਰਾ, ਬੇਰੀ, ਬਰੂਟਾ, ਫੁੱਲ ਆਦਿ ਅਨੇਕ ਵਸਤਾਂ ਤੁਕਾਂਤ ਮੇਲਣ ਲਈ ਪ੍ਰਯੁਕਤ ਕੀਤੀਆਂ ਜਾਂਦੀਆਂ ਹਨ:

ਛੰਦ ਪਰਾਗੇ ਆਈਏ ਜਾਈਏ, ਛੰਦ ਪਰਾਗੇ ਬਰੂਟੀ।
ਸੁਹਰਾ ਫੁੱਲ ਗੁਲਾਬ ਦਾ, ਸੱਸ ਚੰਬੇ ਦੀ ਬੂਟੀ।

'ਨਿੱਕਾ ਮੋਟਾ ਬਾਜਰਾ' ਵਿਚ 'ਮਾਹੀ ਵੇ' ਤੇ 'ਵਗਦੀ ਸੀ ਰਾਵੀ' ਆਦਿਕ ਸ਼ਬਦਾਂ ਦਾ ਦੁਹਰਾਓ ਸੰਗੀਤ ਉਤਪੰਨ ਕਰਨ ਲਈ ਕੀਤਾ ਗਿਆ ਹੈ। ਇਸ ਗੀਤ ਵਿਚ ਵੀ ਵਸਤੂਆਂ ਦਾ ਪ੍ਰਯੋਗ ਤੁਕਾਂਤ ਮਿਲਾਉਣ ਖਾਤਰ ਹੀ ਕੀਤਾ ਗਿਆ ਹੈ, ਜਿਵੇਂ :

ਵਗਦੀ ਸੀ ਰਾਵੀ, ਮਾਹੀ ਵੇ, ਵਿਚ ਫੁੱਲ ਕਪਾਹੀ ਦਾ ਢੋਲਾ।
ਮੈਂ ਨ ਜੰਮਦੀ, ਮਾਹੀ ਵੇ ਤੂੰ ਕਿਥੋਂ ਵਿਆਹੀਦਾ ਢੋਲਾ।

'ਸੂਈ', 'ਧਾਗਾ','ਜੇ ਤੂੰ ਆਂਦੀ ਡੋਲੀ', 'ਸੁੰਦਰ ਮੁੰਦਰੀਏ' 'ਦੁਦਰੀਆਂ ਦੁਦਾਰਕਾਂ', 'ਹੁੱਲੇ ਹੁਲਾਰੇ', 'ਸਿੱਠੀ', 'ਸੁਖੀ ਲੱਧੜਿਆ', 'ਜੁਗਨੀ', 'ਛਈ', 'ਦੋਲਾ', 'ਮੁਬਾਰਕਾਂ', 'ਸੱਮੀ', 'ਹਮਦਿਲਾ ਅੱਛਰੀਏ', ਆਦਿਕ ਅਨੇਕ ਲੋਕ–ਗੀਤ ਮਿਲਦੇ ਹਨ।

### ਘੋੜੀਆਂ ਤੇ ਸੁਹਾਗ

ਮੁੰਡੇ ਦੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਘੋੜੀਆਂ ਆਖਦੇ ਹਨ। ਪਰ ਕੁੜੀ ਦੇ ਪੇਕੇ ਘਰ ਗਾਏ ਜਾਣ ਵਾਲੇ ਗੀਤਾਂ ਨੂੰ ਸੁਹਾਗ ਆਖਿਆ ਜਾਂਦਾ ਹੈ। ਘੋੜੀਆਂ ਵਿਚ, ਆਮ ਤੌਰ 'ਤੇ ਵਿਆਹੰਦੜ ਮੁੰਡੇ ਪ੍ਰਤਿ ਕੋਈ ਸ਼ੁਭ ਇੱਛਾ ਪ੍ਰਗਟ ਕੀਤੀ ਜਾਂਦੀ ਹੈ। ਹੇਠ ਲਿਖਿਆ ਗੀਤ ਘੋੜੀ ਦਾ ਭਾਗ ਹੈ :

ਨਿੱਕੀ ਨਿੱਕੀ ਬੂੰਦੀ ਨਿਕਿਆ ਮੀਂਹ ਵੇ ਵਰ੍ਹੇ।
ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

ਸੁਹਾਗ ਵਿਚ ਸਾਰੇ ਕਥਨ ਵਿਆਹੀ ਜਾਣ ਵਾਲੀ ਕੁੜੀ ਸੰਬੰਧੀ ਜਾਂ ਉਸ ਨੂੰ ਸੰਬੋਧਿਤ ਹੁੰਦੇ ਹਨ। ਚੰਨਣ ਦੇ ਉਹਲੇ ਖੜੋਤੀ ਕੁੜੀ ਤੇ ਉਸ ਦੇ ਬਾਬਲ ਦਾ ਸੰਵਾਦ ਅੰਤਾਂ ਦਾ ਮਨੋਰੰਜਕ ਹੈ :

ਬਾਬਲ ਜਿਉਂ ਤਾਰਿਆਂ ਵਿਚੋਂ ਚੰਨ,
ਚੰਨਾਂ ਵਿਚੋਂ ਕਾਹਨ, ਕਨ੍ਹਈਆ ਵਰ ਲੋੜੀਏ।

ਬਾਬਲ ਨੇ ਸਮਾਜਕ ਕਰਤੱਵ ਦਾ ਪਾਲਣ ਕੀਤਾ, ਅਰਥਾਤ ਚੰਨ ਵਰਗਾ ਵਰ ਲੱਭ ਦਿੱਤਾ। ਘੋੜੀਆਂ ਵਿਚ ਪਰਿਵਾਰ ਨੂੰ ਇਕ ਬਾਗ਼ ਦੇ ਤੌਰ 'ਤੇ ਗਾਂਵਿਆ ਗਿਆ ਹੈ ਅਤੇ ਪਰਿਵਾਰ ਦਾ ਹਰ ਜੀਵ ਇਸ ਬਾਗ਼ ਵਿਚ ਇਕ ਫੁੱਲ ਹੈ। ਸਿਹਰੇ ਬੰਨ੍ਹਣ ਦੇ ਮੌਕੇ ਉੱਤੇ ਮੁੰਡੇ ਨੂੰ 'ਹਰਿਆ' (ਬੂਟਾ) ਆਖਿਆ ਜਾਂਦਾ ਹੈ :

ਹਰਿਆ ਨੀ ਮਾਲਣ, ਹਰਿਆ ਨੀ ਭੈਣੇ! ਹਰਿਆ ਤੇ ਭਾਗੀਂ ਭਰਿਆ।

ਲੋਕ–ਗੀਤਾਂ ਨੇ ਮਾਂ ਦੇ ਸ਼ਗਨਾਂ ਵਿਚ ਭਾਰੀ ਰੁਝੇਵੇਂ ਨੂੰ, ਕਵਿਤਾ ਵਿਚ ਲੈਅ–ਬੱਧ ਕਰਨ ਲਈ ਆਖਿਆ ਹੈ :

ਨਿੱਕੀ ਨਿੱਕੀ ਬੂੰਦੀ, ਨਿੱਕਿਆ ਮੀਂਹ ਵੇ ਵਰ੍ਹੇ।
ਵੇ ਨਿੱਕਿਆ, ਮਾਂ ਵੇ ਸੁਹਾਗਣ ਤੇਰੇ ਸ਼ਗਨ ਕਰੇ।

'ਘੋੜੀ ਸੁਹੰਦੀ ਕਾਠੀਆਂ ਦੇ ਨਾਲ', 'ਵਿਚ ਵਿਚ ਬਾਗਾਂ ਤੁਸੀਂ ਆਓ','ਹਰਿਆ ਪਟ ਲਪੇਟਿਆ', 'ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ', 'ਜੇ ਤੂੰ ਵੱਢੀ ਜੰਡੀ', 'ਜੇ ਤੂੰ ਵੱਢੀ ਜੰਡੀ', ਆਦਿ ਘੋੜੀਆਂ ਦੀਆਂ ਹੋਰ ਤੁਕਾਂ ਹਨ।

### ਸਿਠਣੀਆਂ ਜਾਂ ਸਿੱਠਾਂ

ਵਿਆਹ ਦੇ ਅਵਸਰ ਉੱਤੇ ਗਾਈਆਂ ਜਾਣ ਵਾਲੀਆਂ ਅਸ਼ਲੀਲ ਗਾਲ੍ਹਾਂ ਨੂੰ ਸਿੱਠਣੀਆਂ ਜਾਂ ਸਿੱਠਾਂ ਆਖਦੇ ਹਨ :

ਸਾਡੇ ਤਾਂ ਵੇਹੜੇ ਮੁੱਖ ਮਕਈ ਦਾ
ਦਾਣੇ ਤਾਂ ਮੰਗਦਾ ਉੱਧਲ ਗਈ ਦਾ।

ਦੂਜੇ ਪਾਸੇ ਆਪਣੇ ਪਰਿਵਾਰ ਦੀਆਂ ਕੁੜੀਆਂ ਨੂੰ ਬਾਗ ਵਿਚ ਖਿੜੀਆਂ ਕਲੀਆਂ ਆਖਿਆ ਹੈ :

ਨੀ ਇੱਕ ਚੰਬੇ ਦਾ ਬੂਟਾ, ਕਲੀਆਂ ਬਹੁਤ ਹੋਈਆਂ।
ਨੀ ਆਹੋ ਕਲੀਆਂ ਬਹੁਤ ਹੋਈਆਂ।
ਅੰਦਰੋਂ ਕੁੜਮਣੀ ਨਿੱਕਲੀ; ਨੀ ਕਲੀਆਂ ਤੋੜ ਲਈਆਂ।

ਜਾਂ ਲਾੜੇ ਦੀ ਮਾਂ ਦੇ ਰੂਪ–ਸ਼ਿੰਗਾਰ ਨੂੰ ਵਡਿਆਇਆ ਹੈ ਪਰ ਭੰਡੀ–ਭਰੇ ਸ਼ਬਦਾਂ ਦੁਆਰਾ :

ਇਹਦਾ ਰੂਪ–ਸ਼ਿੰਗਾਰ ਵੇ, ਪਾ ਧਰਿਓ ਪਟਾਰੀ।
ਵੇ ਇਹਦਾ ਜੋਬਨ ਖਿੜਿਆ ਵੇ, ਜਿਉਂ ਖਰਬੂਜ਼ੇ ਫਾੜੀ।

ਹੇਅਰਾ ਵਿਆਹ ਨਾਲ ਸੰਬੰਧਿਤ ਵੱਖ-ਵੱਖ ਮੌਕਿਆਂ 'ਤੇ ਔਰਤਾਂ ਵੱਲੋਂ ਉਚਾਰਿਆ ਜਾਣ ਵਾਲਾ ਗੀਤ ਰੂਪ ਹੈ, ਜਿਸ ਨੂੰ 'ਦੋਹਾ' ਵੀ ਕਿਹਾ ਜਾਂਦਾ ਹੈ। ਇਹ ਗੀਤ ਬਾਕੀ ਰੀਤ-ਮੂਲਕ (ਰੀਤ ਨਾਲ ਜੁੜੇ) ਗੀਤਾਂ ਵਾਂਗ ਹੀ ਸੰਬੰਧਿਤ ਕਾਰਜ ਦੀ ਸੰਪੂਰਨਤਾ ਦੇ ਨਾਲ-ਨਾਲ ਉਚਾਰਿਆ ਜਾਂਦਾ ਹੈ। ਅਜਿਹੇ ਹੇਅਰੇ ਉਸ ਰੀਤ ਦਾ ਬੋਲਗਤ (ਬੋਲੀ ਵਿੱਚ) ਪ੍ਰਗਟਾਵਾ ਹੁੰਦੇ ਹਨ।

ਹੇਅਰਾ' ਦੋ ਸਤਰਾਂ ਵਾਲਾ ਸੰਬੋਧਨੀ ਕਾਵਿ-ਰੂਪ ਹੈ। ਇਸ ਵਿੱਚ ਚਾਰ ਵਾਰ ਸੰਬੋਧਨੀ ਹੇਕਾਂ, ਤਿੰਨ ਵਾਰ ਸੰਬੋਧਨ, ਉਚਾਰ ਨੂੰ ਲੈਅ, ਸਮਤੋਲ ਤੇ ਸੁਖਾਵਾਂ ਬਣਾਉਣ ਲਈ 'ਵੇ ਕੋਈ', 'ਨੀ ਕੋਈ' ਦੀ ਵਰਤੋਂ ਕੀਤੀ ਜਾਂਦੀ ਹੈ। ਸੰਬੋਧਨੀ ਹੇਕ ਨੂੰ ਜਿੰਨਾ ਹੋ ਸਕੇ, ਲਮਕਾਇਆ ਜਾਂਦਾ ਹੈ। ਪਹਿਲੇ ਦੋ ਸੰਬੋਧਨ, ਸੰਬੋਧਕ (ਬੋਲਣ ਵਾਲਾ) ਅਤੇ ਸੰਬੋਧਿਤ (ਜਿਸ ਲਈ ਹੇਅਰਾ ਲਾਇਆ ਜਾਂਦਾ ਹੈ) ਦੇ ਰਿਸ਼ਤੇ ਨੂੰ ਅਤੇ ਤੀਜਾ ਨਿੱਜੀ ਭਾਵ ਪ੍ਰਗਟਾਉਂਦਾ ਹੈ। ਹੇਅਰੇ ਵਿੱਚ ਸੰਬੋਧਕ ਆਪ ਸਿੱਧੇ ਤੌਰ ਤੇ ਸ਼ਾਮਲ ਹੋ ਕੇ ਸੰਬੋਧਿਤ ਧਿਰ ਨੂੰ ਮੁਖ਼ਾਤਬ ਹੁੰਦਾ ਹੈ। ਇਸ ਵਿੱਚ ਦੂਜੀ ਸਤਰ ਦੇ ਆਖ਼ਰੀ ਸ਼ਬਦ ਤੋਂ ਮੂਹਰਲੇ ਸ਼ਬਦ ਤੇ ਲੰਮੀ ਹੇਕ ਆਉਂਦੀ ਹੈ।

ਵਿਆਹ ਸੰਬੰਧੀ ਸਾਰੇ ਲੋਕ-ਗੀਤ ਰੂਪਾਂ ਵਿੱਚ ਅੰਤਲੇ ਸ਼ਬਦ ਤੇ ਹੇਕ ਲਮਕਾਈ ਜਾਂਦੀ ਹੈ ਪਰ ਹੇਅਰੇ ਵਿੱਚ ਅੰਤਲਾ ਬੋਲ ਇਕਦਮ ਉਚਾਰ ਦਿੱਤਾ ਜਾਂਦਾ ਹੈ। ਅੰਤਲੇ ਸ਼ਬਦ ਤੋਂ ਪਹਿਲੇ ਸ਼ਬਦ ਉੱਤੇ ਗਾਇਕ ਆਪਣੇ ਅਭਿਆਸ ਮੁਤਾਬਕ ਲੰਮੀ ਹੇਕ ਲਾਉਂਦੇ ਹਨ। ਵਿਸ਼ੇ ਪੱਖੋਂ ਹੇਅਰਿਆਂ ਵਿੱਚ ਭਾਵੇਂ ਕਾਫ਼ੀ ਵੰਨ-ਸਵੰਨਤਾ ਹੈ, ਪਰ ਇਹਨਾਂ ਦੀ ਗਾਇਨ ਸ਼ੈਲੀ (ਗਾਉਣ ਦਾ ਢੰਗ) ਸੀਮਤ, ਨਿਸ਼ਚਿਤ ਅਤੇ ਕਰੜੇ ਕਾਵਿ ਸੰਜਮ ਵਿੱਚ ਨਿਭਦੀ ਹੈ। ਵਿਦਵਾਨਾਂ ਨੇ 'ਹੇਅਰਾ' ਸ਼ਬਦ ਦੀ ਉਤਪਤੀ 'ਹੇਹ' ਧਾਤੂ (ਮੂਲ ਸ਼ਬਦ) ਤੋਂ ਮੰਨੀ ਹੈ, ਜਿਸ ਦੇ ਅਰਥ ਹਨ 'ਸੰਯੋਗ ਦੀ ਇੱਛਾ'। ਜਿਨ੍ਹਾਂ ਹੇਅਰਿਆਂ ਵਿੱਚ ਖ਼ੂਨ ਤੋਂ ਬਾਹਰੀ ਰਿਸ਼ਤਿਆਂ ਨੂੰ ਸੰਬੋਧਨ ਹੁੰਦਾ ਹੈ, ਉਹਨਾਂ ਵਿੱਚ ਅਕਸਰ ਕਾਮ ਵੇਗ ਪ੍ਰਸਤੁਤ ਹੋ ਜਾਂਦੇ ਹਨ।

ਜਿਨ੍ਹਾਂ ਹੇਅਰਿਆਂ ਵਿੱਚ ਭੈਣ ਵੱਲੋਂ ਵੀਰ ਨੂੰ ਜਾਂ ਭੈਣ ਨੂੰ ਸੰਬੋਧਨ ਹੁੰਦਾ ਹੈ, ਉਹਨਾਂ ਹੇਅਰਿਆਂ ਵਿੱਚ ਅੰਤਾਂ ਦਾ ਮੋਹ-ਪਿਆਰ ਨਜ਼ਰ ਆਉਂਦਾ ਹੈ। ਜਿਨ੍ਹਾਂ ਹੇਅਰਿਆਂ ਵਿੱਚ ਕੋਈ ਔਰਤ ਕਿਸੇ ਦੂਜੀ ਔਰਤ ਨੂੰ ਸੰਬੋਧਿਤ ਹੋਵੇ, ਜਿਸ ਨਾਲ ਉਸ ਦਾ ਖ਼ੂਨ ਦਾ ਰਿਸ਼ਤਾ ਨਾ ਹੋਵੇ ਤਾਂ ਉਹਨਾਂ ਹੇਅਰਿਆਂ ਵਿੱਚ ਕਿਤੇ ਪਿਆਰ, ਕਿਤੇ ਸਤਿਕਾਰ ਅਤੇ ਕਿਤੇ ਪ੍ਰਸ਼ੰਸਾ ਭਰੇ ਭਾਵ ਨਜ਼ਰ ਆਉਂਦੇ ਹਨ। ਹੇਅਰਾ ਵਿਆਹ ਦੇ ਮੌਕੇ ਨੂੰ ਹੋਰ ਖ਼ੁਸ਼ੀ ਭਰਪੂਰ ਬਣਾਉਂਦਾ ਹੈ। ਇਹ ਕਦੇ ਵਿਛੋੜੇ ਦੇ ਦਰਦ ਨੂੰ ਵਧਾਉਣ, ਕਦੇ ਘਟਾਉਣ, ਕਦੇ ਅਗਲੇ ਘਰ ਦੇ ਸੁਫਨੇ ਵੇਖਣ, ਕਦੇ ਰਿਸ਼ਤਿਆਂ ਦੀ ਅਹਿਮੀਅਤ ਸਮਝਣ, ਕਦੇ ਬਰਾਤੀਆਂ ਦੀ ਅਣਮੇਲ ਸਥਿਤੀ ਦਾ ਮੌਜੂ ਉਡਾਉਣ ਅਤੇ ਕਦੇ ਦੋ ਪਰਿਵਾਰਾਂ ਦੇ ਸੁਭਾਗੇ ਮੇਲ ਦੀ ਕਲਪਨਾ ਨਾਲ ਜੁੜਿਆ ਗੀਤ-ਰੂਪ ਬਣ ਕੇ ਸਾਮ੍ਹਣੇ ਆਉਂਦਾ ਹੈ। ਕਈ ਹੇਅਰੇ ਰੀਤਾਂ ਨਾਲ ਸੰਬੰਧਿਤ ਹੋਣ ਕਰ ਕੇ ਪਵਿੱਤਰ ਬੋਲਾਂ ਦਾ ਸਥਾਨ ਵੀ ਰੱਖਦੇ ਹਨ।

**ਅਲਾਹੁਣੀਆਂ**

ਪਹਿਲਾਂ ਵਿਚਾਰੇ ਗਏ ਗੀਤਾਂ ਵਿਚ ਹਾਸ–ਰਸ, ਟਿਕਚਰ, ਸ਼ਿਕਵਾ, ਆਦਿ ਡੁਲ੍ਹ ਡੁਲ੍ਹ ਪੈਂਦਾ ਹੈ, ਪਰ ਜੀਵਨ ਨਿਰਾ ਹਾਸਾ–ਠੱਠਾ ਕਦੇ ਵੀ ਨਾ ਹੋਇਆ ਤੇ ਨਾ ਹੋਣਾ ਹੈ। ਕੁਝ ਘੜੀਆਂ ਅਜਿਹੀਆਂ ਵੀ ਹੁੰਦੀਆਂ ਹਨ ਜਦ ਕਿ ਮਨੁੱਖ ਸੰਸਾਰ ਨੂੰ ਅਸਥਿਰ ਸਮਝਣ ਲੱਗ ਪੈਂਦਾਹੈ। ਮਰਾਸਣ ਜਾਂ ਨਾਇਣ ਸਿਆਪਿਆਂ ਦੀ ਅਗਵਾਈ ਕਰਦੀ ਹੈ। ਅਗਵਾਈ ਕਰਨ ਵਾਲੇ ਬੋਲਾਂ ਨੂੰ ਅਲਾਹਣੀ ਆਖਿਆ ਜਾਂਦਾਹੈ, ਬਾਕੀਦੀਆਂ ਇਸ ਅਲਾਹੁਣੀ ਨੂੰ ਚੁੱਕਦੀਆਂ ਹਨ, ਉੱਚੀ ਆਵਾਜ਼ ਵਿਚ ਉਚਾਰਦੀਆਂ ਹਨ। ਮੌਤ, ਮਰੇ ਹੋਏ ਦੇ ਸ਼ੁਭ ਗੁਣ, ਦ੍ਰਿਸ਼ਟ ਜਗ ਦੀ ਨਾਸ਼ਮਾਨਤਾ ਆਦਿ ਸਭ ਕੁਝ ਅਲਾਹਣੀ ਵਿਚ ਆ ਜਾਂਦਾ ਹੈ:

| ਮਰਾਸਣ | ਜ਼ਨਾਨੀਆਂ |
|---|---|
| ਹਾਂ, ਜੀ ਨਾਲੇ ਬੱਕੀ ਦੇ ਅਸਵਾਰ। | ਮੇਰੇ ਰਾਜਿਆਂ ਤੂੰ ਅਮੀਰ। |
| ਹਾਂ, ਜੀ ਤੈਨੂੰ ਜਾ ਉਤਾਰਿਆ ਰੰਗ ਸਰ। | ਮੇਰੇ ਰਾਜਿਆਂ ਤੂੰ ਅਮੀਰ। |
| ਹਾਂ, ਜੀ ਮੈਨੂੰ ਮੋਤੀ ਦਾਨ ਕਰਦਾ ਸੈਂ। | ਮੇਰੇ ਰਾਜਿਆਂ ਤੂੰ ਅਮੀਰ। |

**ਜਾਂ**

| | |
|---|---|
| ਹਾਇਆ ਤੈਨੂੰ ਕੀ ਹੋਇਆ, ਬੀਬੀ ਮਰਨੀਏ ? | ਹਾਇਆ ਧੀਏ ਮੋਰਨੀਏ |
| ਹਾਇਆ ਟੁੱਟ ਗਈ ਵਿਚੋਂ ਕੱਚੀ ਕਲੀ | ਹਾਇਆ ਕੱਚੀ ਕਲੀ |

## ਟੱਪਾ

ਟੱਪਾ ਉਹ ਇਕਹਿਰੀ ਤੁਕ ਵਾਲਾ ਲੋਕ-ਗੀਤ ਹੈ ਜਿਸ ਨੂੰ ਢੋਲਕੀ ਨਾਲ ਸੁਰ ਕਰਕੇ ਗਿੱਧੇ ਜਾਂ ਨਾਚ ਨਾਲ ਗਾਇਆ ਜਾ ਸਕਦਾ ਹੈ, ਜਿਵੇਂ :

ਜਦੋਂ ਰੰਗ ਸੀ ਸਰ੍ਹੋਂ ਦੇ ਫੁੱਲ ਵਰਗਾ, ਉਦੋਂ ਕਿਉਂ ਨਾ ਆਇਆ ਮਿੱਤਰਾ ?

ਇਸ ਟੱਪੇ ਵਿਚ ਤੁਕ ਇਕੋ ਹੈ, ਢੋਲਕੀ ਨਾਲ ਗਾਈ ਜਾ ਸਕਦੀ ਹੈ ਤੇ ਨਾਚ ਅਥਵਾ ਗਿੱਧੇ ਨਾਲ ਸੁਰ ਬੈਠ ਸਕਦੀ ਹੈ। ਟੱਪਿਆਂ ਵਿਚ ਅਲੰਕਾਰ ਮਿਲਦੇ ਹਨ, ਪਰ ਤੁਕਾਂਤ ਮੇਲ ਨਹੀਂ। ਉਦਾਹਰਣਾਂ ਇਹ ਹਨ "ਰਾਂਝਾ ਕੀਲ ਕੇ ਪਟਾਰੀ ਵਿਚ ਰੱਖਿਆ, ਹੀਰ ਬੰਗਾਲਣ ਨੇ", ਜਦੋਂ ਮੈਂ ਮੁਕਲਾਵੇ ਤੁਰ ਗਈ, ਗਲੀਆਂ ਦੇ ਕੱਖ ਰੋਣਗੇ", "ਰਾਂਝਾ ਮੱਝੀਆਂ ਨੂੰ ਹੂਕਰ ਮਾਰੇ, ਮੇਰੇ ਭਾਣੇ ਮੋਰ ਬੋਲਦੇ" ਆਦਿਕ।

**ਡਾ. ਨਾਹਰ ਸਿੰਘ** ਨੇ ਟੱਪੇ ਨੂੰ ਨਾਚ ਗੀਤ ਮੰਨ ਕੇ ਇਸ ਦੀ ਚਰਚਾ ਕੀਤੀ ਹੈ। ਡਾ. ਗੁਰਮੀਤ ਸਿੰਘ ਅਨੁਸਾਰ, ਅਸਲ ਵਿੱਚ ਜਿਸ ਨੂੰ ਉਹ ਟੱਪਾ ਕਹਿੰਦਾ ਹੈ, ਉਹ ਇੱਕ ਤੁਕੀ ਬੋਲੀ ਹੀ ਹੈ, ਇਹ ਮੰਨਦਿਆਂ ਹੀ ਉਸ ਨੇ ਇਸ ਨੂੰ ਮੁਕਤ ਨਿਭਾਉ ਸੰਦਰਭ ਨਾਲ ਜੋੜਿਆ ਹੈ। ਇਸ ਨੂੰ

ਨਾਟਕੀ ਹੋਂਦ ਵਿਧੀ ਵਾਲਾ ਕਾਵਿ-ਰੂਪ ਮੰਨਿਆ ਹੈ। ਇਸ ਵਿੱਚ ਇਕਾਗਰ ਸਮੂਰਤ ਬਿੰਬ ਵੀ ਹੈ ਤੇ ਇਹ ਭਾਵ ਦੀ ਸੰਪੂਰਨ ਇਕਾਈ ਵੀ ਹੈ।

**ਡਾ. ਵਣਜਾਰਾ ਬੇਦੀ** ਨੇ ਟੱਪੇ ਨੂੰ ਕੇਵਲ ਧਨੀ-ਪੋਠੋਹਾਰ ਦਾ ਕਾਵਿ-ਰੂਪ ਮੰਨਿਆ ਹੈ, ਲੰਮੀ ਬੋਲੀ ਮਾਲਵੇ ਵਿੱਚ ਵਧੇਰੇ ਪ੍ਰਚਲਿਤ ਹੈ ਤੇ ਇਸੇ ਤਰ੍ਹਾਂ ਇੱਕ ਤੁਕੀ ਬੋਲੀ/ਟੱਪਾ ਪੱਛਮੀ ਪੰਜਾਬ ਵਿੱਚ ਵਧੇਰੇ ਮਹੱਤਵ ਦੀ ਧਾਰਨੀ ਹੈ। ਇਸ ਨੂੰ ਟੱਪਾ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਇਸ ਦੇ ਗਾਉਣ ਨਾਲ ਨੱਚਿਆ ਜਾਂ ਟੱਪਿਆ ਜਾ ਸਕਦਾ ਹੈ। ਕਈ ਵਾਰੀ ਟੱਪੇ ਦੀ ਪਹਿਲੀ ਪੰਕਤੀ ਰਿਦਮ ਨੂੰ ਪੂਰਾ ਕਰਨ ਲਈ ਹੀ ਭਰਤੀ ਕੀਤੀ ਗਈ ਹੁੰਦੀ ਹੈ। ਇਸ ਦਾ ਦੂਜੀ ਪੰਕਤੀ ਦੇ ਭਾਵ ਨਾਲ ਕੋਈ ਤਰਕ ਸੰਗਤ ਮੇਲ ਨਹੀਂ ਹੁੰਦਾ। ਦੂਜੀ ਪੰਕਤੀ ਆਪਣੇ-ਆਪ ਵਿੱਚ ਮਹੱਤਵਪੂਰਨ ਅਤੇ ਸੰਪੂਰਨ ਹੋਂਦ ਦੀ ਧਾਰਨੀ ਹੁੰਦੀ ਹੈ। ਸਾਹਿਤ ਕੋਸ਼ ਵਿਚ ਟੱਪੇ ਨੂੰ ਡੇਢ ਮਿਸਰੇ/ਤੁਕ ਦਾ ਇਕ ਸੰਪੂਰਣ ਬੰਦ ਕਿਹਾ ਗਿਆ ਹੈ ਜੋ ਆਪਣੇ ਵਿਸ਼ੇ ਅਨੁਸਾਰ ਬਾਲੋ, ਮਾਹੀਆ, ਢੋਲਾ, ਦੋਹੜਾ ਸੱਦ ਜਾਂ ਬੋਲੀ ਆਦਿ ਵੀ ਅਖਵਾਉਂਦਾ ਹੈ।

**ਮਾਹੀਏ**

ਮਾਹੀਏ ਨਾਲ ਬਾਲੋ ਨਾਉਂ ਜੁੜਿਆ ਵੇਖਦੇ ਆਏ ਹਾਂ। ਇਹ ਔਰਤਾਂ ਦਾ ਗੀਤ ਹੈ ਜੋ ਆਪਣੇ ਮਾਹੀ ਦੇ ਵਿਛੋੜੇ ਉਚਾਰਿਆ ਜਾਂਦਾ ਹੈ' ਗੀਤਾਂ ਦੀ ਇਹ ਪ੍ਰਸ਼ਨੋਤਰੀ ਹੁੰਦੀ ਹੈ, ਅਰਥਾਤ ਇਕ ਵਾਰ ਮਾਹੀਆ ਬੋਲਦਾ ਹੈ ਤੇ ਦੂਰੀ ਵਾਰ ਬਾਲੋ। 'ਦੋ ਪੱਤਰ ਅਨਾਰਾਂ ਦੇ', 'ਬਾਗੇ ਵਿਚ ਕਾਂ ਬੋਲੇ', ਚਿੜੀਆਂ ਬਾਰ ਦੀਆਂ', ਕਿੱਕਰੀ' ਤੇ ਬੂਰ ਹੋਸੀ', ਆਦਿ ਤੁਕਾਂ ਮਾਹੀਏ ਵਿਚ ਕੇਵਲ ਤੁਕਾਂਤ ਮੇਲਦ ਲਈ ਆਈਆਂ ਹੁੰਦੀਆਂ ਹਨ।

ਬਾਲੋ ਮਾਹੀਏ ਦੀ ਦੀ ਭਾਵ ਵਸਤੂ ਬਿਰਹਾ ਦਾ ਚਿਤਰਨ ਕਰਨਾ ਹੈ। ਇਸ ਦਾ ਇਹ ਭਾਵ ਵੀ ਨਹੀਂ ਕਿ ਇਸ ਵਿੱਚ ਕਿਸੇ ਹੋਰ ਤਰ੍ਹਾਂ ਦੀ ਵਸਤੂ ਲਈ ਕੋਈ ਥਾਂ ਨਹੀਂ ਹੈ, ਕਿਉਂਕਿ ਇਸ ਵਿੱਚ ਸਿੱਧਾ ਸੰਬੋਧਨ ਮਾਹੀਏ ਲਈ ਹੋਇਆ ਹੈ, ਇਸੇ ਲਈ ਇਸ ਨੂੰ ਮਾਹੀਏ ਦਾ ਨਾਂ ਦਿੱਤਾ ਗਿਆ ਹੈ। ਬਾਲੋ ਮਾਹੀਆ ਵਿਚ ਦੋ ਟੱਪਿਆਂ ਦੀ ਇੱਕ ਇਕਾਈ ਬਣਦੀ ਹੈ। ਇੱਕ ਟੱਪੇ ਵਿੱਚ ਔਰਤ ਆਪਣੀਆਂ ਭਾਵਨਾਵਾਂ ਦਾ ਇਜ਼ਹਾਰ ਕਰਦੀ ਹੈ ਤਾਂ ਦੂਸਰੇ ਵਿੱਚ ਮਰਦ ਆਪਣੇ ਭਾਵਾਂ ਦਾ ਪ੍ਰਗਟਾਵਾ ਦਿੰਦਾ ਹੈ। ਕਈ ਵਾਰ ਇਹ ਸਵਾਲ-ਜਵਾਬ ਦਾ ਰੂਪ ਧਾਰਨ ਕਰ ਲੈਂਦੇ ਹਨ।

ਡੱਬੀ ਭਰੀ ਹੋਈ ਲੁੱਕ ਦੀ ਏ,
ਸੋਹਣੇ ਮਾਹੀਂ ਬਾਝੋਂ,
ਰਾਤ ਗ਼ਮਾਂ ਵਿੱਚ ਮੁੱਕਦੀ ਏ।

ਰਾਵੀ ਹੌਲੀ ਵਹਿੰਦੀ ਏ,
ਆਸ਼ਕਾਂ ਦੀ ਜਾਨ ਲੈਣ ਲਈ,
ਲਾਈ ਹੱਥਾਂ ਉੱਤੇ ਮਹਿੰਦੀ ਏ।

**ਢੋਲੇ**

ਇਹ ਪੱਛਮੀ ਪੰਜਾਬ ਦਾ ਬਹੁਤ ਹਰਮਨ ਪਿਆਰਾ ਲੋਕ-ਗੀਤ ਹੈ। ਪੰਜਾਬ ਦੇ ਕਿਸੇ ਮੇਲੇ ਵਿਚ ਜਿਥੇ ਕਬੱਡੀ ਖੇਡਣ ਵਾਲੇ, ਝੂੰਮਰ ਪਾਉਣ ਵਾਲੇ ਜਾਂ ਤੂੰਬੇ ਵਾਲੇ ਆਪਣੇ ਪਿੜ ਬੰਨ੍ਹਦੇ ਹਨ ਉਥੇ ਢੋਲੇ ਗਾਉਣ ਵਾਲਿਆਂ ਦੀਆਂ ਟੋਲੀਆਂ ਵੀ ਜ਼ਰੂਰ ਹੁੰਦੀਆਂ ਹਨ ।

ਢੋਲਾ ਖ਼ਾਸ ਕਰ ਕੇ ਬਾਰ ਦੇ ਲੋਕਾਂ ਵਿਚ ਬਹੁਤ ਪ੍ਰਚੱਲਿਤ ਹੈ। ਢੋਲੇ ਦੀ ਬਣਤਰ ਬਹੁਤ ਸਾਦੀ ਹੁੰਦੀ ਹੈ। ਇਸ ਵਿਚ ਕਿਸੇ ਪ੍ਰਮਾਣਕ ਛੰਦ ਦੀ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਨਾ ਹੀ ਕਿਸੀ ਨਜ਼ਮ ਦੇ ਬਹਿਰ ਅਰੂਜ਼ ਤੇ ਅਧਾਰਿਤ ਹੁੰਦੀ ਹੈ ਸਗੋਂ ਇਹ ਪੰਜਾਬ ਦੀ ਪ੍ਰਾਚੀਨ ਆਜ਼ਾਦ ਕਵਿਤਾ ਹੈ ਜਿਸ ਵਿਚ ਵਜ਼ਨ (ਤੋਲ) ਨਾਲੋਂ ਰਿਦਮ ਅਤੇ ਸੰਗੀਤ ਦਾ ਵਧੇਰੇ ਧਿਆਨ ਰੱਖਿਆ ਜਾਂਦਾ ਹੈ। ਇਸ ਕਰ ਕੇ ਹੀ ਢੋਲੇ ਦੇ ਚਰਣਾਂ ਵਿਚ ਭਾਵੇਂ ਮਾਤ੍ਰਿਕ ਸਮਾਨਤਾ ਨਾ ਹੋਵੇ ਪਰ ਗਾਉਣ ਤੇ ਇਕੋ ਜਿੰਨਾ ਸਮਾਂ ਖ਼ਰਚ ਹੁੰਦਾ ਹੈ। ਜੇ ਚਰਣ ਛੋਟਾ ਹੋਵੇ ਤਾਂ ਗਾਉਣ ਵਾਲਾ 'ਓ', 'ਆ', ਜਾਂ 'ਈ', ਆਦਿ ਦੀ ਸੁਰ ਨੂੰ ਲੰਮਾ ਕਰ ਲੈਂਦਾ ਹੈ ਅਤੇ ਇਸ ਤਰ੍ਹਾਂ ਚਰਣਾਂ ਵਿਚ ਸਮਤੁਲਤਾ ਪੈਦਾ ਕਰ ਲੈਂਦਾ ਹੈ।

ਢੋਲਾ ਗਾਉਣ ਵੇਲੇ ਗਾਇਕ ਆਪਣਾ ਸੱਜਾ ਹੱਥ ਕੰਨ ਤੇ ਰੱਖ ਕੇ ਗਾਉਣਾ ਸ਼ੁਰੂ ਕਰਦਾ ਹੈ। ਆਮ ਤੌਰ ਤੇ ਗਾਇਕ ਇਕ ਸਤਰ ਵਿਚ ਪੂਰਾ ਵਾਕ ਕਹਿ ਜਾਂਦਾ ਹੈ। ਇਸ ਤਰ੍ਹਾਂ ਢੋਲਾ ਕਈ ਵਾਰ ਵਾਰਤਕ ਗੀਤ ਲਗਦਾ ਹੈ। ਗਾਇਕ ਦੀ ਆਵਾਜ਼ ਇਕ ਸੁਰ ਨਹੀਂ ਚਲਦੀ, ਜਜ਼ਬੇ ਅਧੀਨ ਉਹ ਹਟਕੋਰੇ ਭਰਦਾ ਹੈ ਅਤੇ ਉਸ ਦੇ ਦਿਲ ਦੀ ਧੜਕਣ ਉੱਚੀ ਨੀਵੀਂ ਰਹਿੰਦੀ ਹੈ। ਇਸ ਕਰਕੇ ਹੀ ਹਲਕੇ ਫੁਲਕੇ ਗੀਤ ਸੁਣਨ ਵਾਲਿਆਂ ਨੂੰ ਪਹਿਲੀ ਵਾਰ ਢੋਲੇ ਦੇ ਗੀਤ ਦਾ ਰਸ ਨਹੀਂ ਆਉਂਦਾ। ਢੋਲੇ ਵਿਚ ਬਾਰ ਦੇ ਲੋਕਾਂ ਦੇ ਦਿਲਾਂ ਦੀਆਂ ਦਰਦ ਭਰੀਆਂ ਘਨਘੋਰਾਂ ਹੁੰਦੀਆਂ ਹਨ। ਬਾਰ ਦੇ ਜੀਵਨ ਨਾਲ ਜਾਣ ਪਛਾਣ ਰਖਣ ਵਾਲੇ ਇਸ ਦਾ ਰਸ ਵਧੇਰੇ ਮਾਣ ਸਕਦੇ ਹਨ।

ਗੀਤ ਵਿਚ ਵਧੇਰੇ ਦਰਦ ਵਾਲੀ ਸਤਰ ਆਮ ਤੌਰ ਤੇ ਲੰਮੇਰੀ ਹੁੰਦੀ ਹੈ ਤੇ ਅੰਤਿਮ ਸੁਰ ਟੋਕੀ ਹੁੰਦੀ ਹੈ ਪਰ ਪ੍ਰਭਾਵ ਦੀ ਏਕਤਾ ਬਣਾਈ ਰੱਖਣ ਲਈ ਗਾਇਕ ਸਾਰੀਆਂ ਤੁੱਕਾਂ ਇਕੋ ਸਾਹੇ ਬੋਲ ਜਾਂਦਾ ਹੈ। ਢੋਲੇ ਬਾਰ ਦੇ ਸਮੁੱਚੇ ਜੀਵਨ ਨੂੰ ਪੇਸ਼ ਕਰਦੇ ਹਨ। ਪਿਆਰ, ਬਾਰ, ਮੱਝਾਂ, ਊਠ, ਨੂੰਹ, ਸੱਸ, ਸੱਸੀ ਪੁੰਨੂੰ, ਡਾਕੂ, ਦੋ ਧੜਿਆਂ ਦੀਆਂ ਲੜਾਈਆਂ ਆਦਿ ਸਭ ਵਿਸ਼ਿਆਂ ਤੇ ਢੋਲੇ ਲਿਖੇ ਮਿਲਦੇ ਹਨ।

ਇਸ਼ਕ ਆਂਹਦਾ, ਖਾਲੀ ਜੋਬਨਾ ਝਟ ਪਲਕ ਪਰਾਹੁਣਾ ਏ ਜਿਵੇਂ ਤੱਤਾ ਦੇਹ ਦੁਪਾਹਰੀ।

ਜਾਂ

ਅਸਾਡੇ ਸੱਜਣਾ ਕੇਡੀ ਬੋਲੀ ਮਿੱਠੀਓ, ਜਿਵੇਂ ਕੱਲਰ ਕੂੰਜ ਕੁਰਲਾਵੇ।

**ਸੱਦ**

ਸੱਦ ਜਿਵੇਂ ਕਿ ਇਸ ਦੇ ਨਾਉਂ ਤੋਂ ਪ੍ਰਤੱਖ ਹੈ ਆਪਣੇ ਪ੍ਰਿਯ ਦਾ ਨਾਉਂ ਲੈ ਕੇ ਸੰਬੋਧਨ ਕਰਦੀ ਲੋਕ–ਧੁਨੀ ਹੈ। ਪੰਜਾਬੀ ਲੋਕ–ਗੀਤਾਂ ਵਿਚ ਇਹ ਸੱਦ 'ਸਿਪਾਹੀਆਂ', 'ਚੀਰੇ ਵਾਲਿਆਂ', 'ਕੰਠੇ ਵਾਲਿਆਂ', 'ਹਾਕਮਾਂ', 'ਰਾਂਝਣਾ', 'ਬੀਬਾ', ਆਦਿ ਨਾਂਵਾਂ ਨੂੰ ਸੰਬੋਧਨ ਵਜੋਂ ਵਰਤਦੀ ਹੈ। ਹੇਠ ਲਿਖੀ ਸੱਦ ਵਿਚ 'ਰਾਝਣ', 'ਹਾਕਮ' ਅਤੇ 'ਮਾਹੀ', ਤਿੰਨੇ ਆਏ ਹਨ :

ਮੇਰਿਆ ਮਾਹੀਆ ਵੇ!
ਵਣ ਵਣ ਦੇ ਹੇਠ ਨਾ ਲੇਟ ਮੇਰਿਆ ਹਾਕਮਾਂ।
ਜੇ ਮੈਂ ਹੋਵਾਂ ਨਾਗਣੀ, ਵੇ ਰਾਂਝਣਾ।
ਕੁੰਡਲੀ ਤਾਂ ਪਾਵਾਂ ਤੇਰੀ ਸੇਜ ਨੂੰ।

ਇਸੇ ਤਰ੍ਹਾਂ 'ਚੀਰੇ ਵਾਲਾ' ਸੰਬੋਧਨ ਵੇਖਿਆ ਜਾ ਸਕਦਾ:

ਉਚੱੜਾ ਬੁਰਜ ਲਾਹੌਰ ਦਾ, ਵੇ ਚੀਰੇ ਵਾਲਿਆ!
ਹੇਠ ਵਗੇ ਦਰਿਆ, ਵੇ ਸੱਜਣ ਮੇਰਿਆ।

**ਬਾਰਾਮਾਹਾ**

ਇਹ ਪੰਜਾਬੀ ਦਾ ਇਕ ਪ੍ਰਸਿੱਧ ਲੋਕ ਕਾਵਿ-ਰੂਪ ਹੈ ਜਿਸ ਵਿਚ ਦੇਸੀ ਮਹੀਨਿਆਂ ਅਨੁਸਾਰ ਬਦਲ ਰਹੇ ਮੌਸਮ ਪਿਠਭੂਮੀ ਵਿਚ ਰੱਖ ਕੇ ਪ੍ਰੀਤਮ ਤੋਂ ਵਿਛੜੀ ਬਿਰਹਣੀ ਦੇ ਵਿਯੋਗ ਦਾ ਜ਼ਿਕਰ ਹੁੰਦਾ ਹੈ ਅਤੇ ਆਖ਼ਰੀ ਮਹੀਨੇ ਵਿਚ ਮਿਲਾਪ ਵਿਖਾਇਆ ਜਾਂਦਾ ਹੈ। ਬਾਰਾਮਾਹ ਵਿਚ ਵਿਯੋਗ ਦੀ ਸਥਿਤੀ ਪੈਦਾ ਕਰਨ ਲਈ ਨਾਇਕ ਨੂੰ ਕਿਸੇ ਕਾਰਨ ਪਰਦੇਸ ਭੇਜਿਆ ਜਾਂਦਾ ਹੈ ਤੇ ਉਸ ਦੀ ਨਾਇਕਾ ਨੂੰ ਵਿਯੋਗ ਦੀ ਅੱਗ ਵਿਚ ਸੜਦੀ ਵਿਆਖਿਆ ਜਾਂਦਾ ਹੈ। ਬਾਰਾਮਾਹ ਲੋਕ ਗੀਤਾਂ ਦੀ ਉਹ ਕਿਸਮ ਹੈ ਜਿਸ ਵਿਚ ਕਿਸੇ ਬਿਰਹਣੀ ਦੇ ਸਾਲ ਦੇ ਹਰ ਮਹੀਨੇ ਵਿਚ ਅਨੁਭਵ ਕੀਤੇ ਦੁੱਖਾਂ ਤੇ ਅੰਦਰਲੀ ਵੇਦਨਾ ਨੂੰ ਪ੍ਰਗਟਾਇਆ ਜਾਂਦਾ ਹੈ।

ਲੋਕ ਸਾਹਿਤ ਵਿਚ ਪ੍ਰਚਲਿਤ ਬਾਰਾਮਾਹ ਹਾੜ੍ਹ ਮਹੀਨੇ ਤੋਂ ਆਰੰਭ ਹੁੰਦੇ ਹਨ ਪਰ ਕਈ ਬਾਰਾਮਾਹ ਵਰ੍ਹੇ ਦੇ ਪਹਿਲੇ ਮਹੀਨੇ ਚੇਤ ਤੋਂ ਵੀ ਆਰੰਭ ਹੁੰਦੇ ਹਨ। ਇਨ੍ਹਾਂ ਵਿਚ ਬਿਰਹਣੀ ਦੇ ਦੁੱਖਾਂ-ਕਲੇਸ਼ਾਂ ਦਾ ਵਰਣਨ ਮਹੀਨੇ ਕ੍ਰਮ ਨਾਲ ਕੀਤਾ ਜਾਂਦਾ ਹੈ। ਕਈ ਵਾਰ 13 ਵੇਂ ਮਹੀਨੇ ਦਾ ਵੀ ਜ਼ਿਕਰ ਹੈ।

ਬਾਰਾਮਾਹਿਆਂ ਵਿਚ ਮੁੱਖ ਰੂਪ ਵਿਚ ਵਿਯੋਗ ਸ਼ਿੰਗਾਰ ਰਸ ਪ੍ਰਧਾਨ ਹੈ। ਛੰਦ ਵਿਸ਼ੇਸ਼ ਦਾ ਵਿਧਾਨ ਨਹੀਂ ਹੈ। ਇਹ ਕਿਸੇ ਵੀ ਛੰਦ ਵਿਚ ਲਿਖਿਆ ਜਾ ਸਕਦਾ ਹੈ। ਇਨ੍ਹਾਂ ਵਿਚ ਪ੍ਰਕਿਰਤੀ ਚਿਤਰਣ ਤੇ ਭਾਵਾਂ ਦੀ ਅਭਿਵਿਅਕਤੀ ਉੱਤੇ ਵਧੇਰੇ ਬਲ ਦਿੱਤਾ ਜਾਂਦਾ ਹੈ।

ਚੇਤ ਨਾ ਜਮਦੀਓਂ ਨੀ ਮਾਂ, ਮੈਨੂੰ ਕਿਉਂ ਦੁੱਖ ਹੁੰਦੇ।
ਵਸਾਖ ਪੱਕੀ ਦਾਖ ਨੀ ਮਾਂ, ਫੁੱਲਾਂ ਤੇ ਲਾਲੀ ਆਈ।

**ਬੁਝਾਰਤਾਂ**

ਡਾ. ਵਣਜਾਰਾ ਬੇਦੀ ਬੁੱਝਣ ਵਾਲੀਆਂ ਬਾਤਾਂ ਨੂੰ ਬੁਝਾਰਤਾਂ ਆਖਦੇ ਹਨ। ਪਹੇਲੀਆਂ ਵਿਚ "ਕਿਸੇ ਵਸਤੂ ਦੀ ਅਸਪਸ਼ਟ ਤੇ ਧੁੰਦਲੀ ਜਿਹੀ ਰੂਪ–ਰੇਖਾ ਖਿੱਚੀ ਹੁੰਦੀ ਹੈ ਜਾਂ ਕਈ ਪਾਰ ਸੰਕੇਤਾਂ ਜਾਂ ਚਿੰਨ੍ਹਾਂ ਦਾ ਅਜਿਹਾ ਛਿਲਕਾ ਚੜ੍ਹਿਆ ਹੁੰਦਾ ਹੈ ਕਿ ਭੰਨੇ ਬਗ਼ੈਰ ਵਿਚਲੀ ਗਿਰੀ ਨਹੀਂ ਕੱਢੀ ਜਾ ਸਕਦੀ।" ਉਦਾਹਰਣ ਵਜੋਂ ਕੁਝ ਬੁਝਾਰਤਾਂ ਪੇਸ਼ ਹਨ।

ਤਖ਼ਤ ਹਜ਼ਾਰਾ ਹਿਲਿਆ, ਬਾਗੋਂ ਹਿੱਲੀ ਚੀਲ।
ਸਾਰਾ ਪਰਬਤ ਹਿੱਲਿਆ, ਹਿੱਲ ਗਿਆ ਕਸ਼ਮੀਰ। (ਭੂਚਾਲ)

ਸਈਓ ਨੀ ਇੱਕ ਡਿੱਠੈ ਮੋਤੀ।
ਵਿੰਨ੍ਹਦਿਆਂ ਵਿੰਨ੍ਹਦਿਆਂ ਝੜ ਗਏ,
ਮੈਂ ਰਹੀ ਖੜੋਤੀ। (ਤਰੇਲ)

**ਲੋਰੀ ਦਾ ਅਰਥ**

ਪੰਜਾਬੀ ਸ਼ਬਦ ਲੋਰੀ ਨੂੰ ਲੋਰ ਦੇ ਅਰਥਾਂ ਵਿੱਚ ਵੀ ਸਮਝਿਆ ਜਾ ਸਕਦਾ ਹੈ। ਲੋਰ ਤੋਂ ਭਾਵ ਸਰੂਰ ਹੈ। ਲੋਰੀ ਬੱਚੇ ਨੂੰ ਉਸ ਦੀਆਂ ਸੁਚੇਤ ਸਰਗਰਮੀਆਂ ਤੋਂ ਹਟਾ ਕੇ ਉਸ ਨੂੰ ਸਰੂਰ ਵਿੱਚ ਲੈ ਜਾਂਦੀ ਹੈ ਅਤੇ ਮਾਨਸਿਕ ਤੌਰ ਤੇ ਬੱਚਾ ਸਸਤਾਉਣ ਲੱਗ ਜਾਂਦਾ ਹੈ। ਲੋਰੀਆ ਪੰਜਾਬ ਦੇ ਅਜਿਹਾ ਲੋਕ ਗੀਤ ਹਨ, ਜਿਹੜੇ ਮਾਂ ਜਾ ਭੈਣ ਦੁਆਰਾ ਰੋਂਦੇ ਬੱਚੇ ਚੁੱਪ ਕਰਾਉਣ, ਪ੍ਰਚਾਉਣ ਅਤੇ ਸਲਾਉਣ ਲਈ ਗਾਈਆਂ ਜਾਦੀਆਂ ਹਨ। ਛੋਟੇ ਬੱਚਿਆਂ ਦਾ ਮਨ ਪ੍ਰਚਾਉਣ ਰੋਂਦਿਆਂ ਨੂੰ ਵਰਾਉਣ ਲਈ ਜਾਂ ਉਨ੍ਹਾਂ ਨੂੰ ਸੁਆਉਣ ਲਈ ਮਾਵਾਂ, ਭੈਣਾਂ, ਤਾਈਆਂ, ਚਾਚੀਆਂ, ਮਾਸੀਆਂ ਗੋਦ ਵਿੱਚ ਬਿਠਾ ਕੇ ਹਿਲਾਉਂਦੀਆਂ ਹੋਈਆਂ ਨਾਲੋ ਨਾਲ ਲੋਰੀਆਂ ਦਿੰਦੀਆਂ ਹਨ। ਇਨ੍ਹਾਂ ਲੋਰੀਆਂ ਵਿੱਚ ਉਨ੍ਹਾਂ ਦੀਆਂ ਸੱਧਰਾਂ ਤੇ ਰੀਝਾਂ ਉਲੀਕੀਆਂ ਹੁੰਦੀਆਂ ਹਨ।

**ਪ੍ਰਕਿਰਿਆ ਅਤੇ ਪ੍ਰਕਾਰਜ**

ਇਨ੍ਹਾਂ ਲੋਰੀਆਂ ਦਾ ਢੰਗ ਸੰਬੋਧਨੀ ਹੁੰਦਾ ਹੈ। ਇਨ੍ਹਾਂ ਦੀਆਂ ਤੁਕਾਂ ਵੀ ਨਿੱਕੀਆਂ ਨਿੱਕੀਆਂ ਹੁੰਦੀਆਂ ਹਨ। ਹਰ ਤੁਕ ਪਿੱਛੇ ਕੁੱਝ ਅਜਿਹੇ ਸਵਰ ਮੂੰਹੋਂ ਕੱਢੇ ਜਾਂਦੇ ਹਨ, ਜਿਨ੍ਹਾਂ ਦੇ ਕੋਈ ਅਰਥ ਨਹੀਂ ਹੁੰਦੇ ਪਰ ਇਨ੍ਹਾਂ ਵਿੱਚੋਂ ਸੰਗੀਤ ਜ਼ਰੂਰ ਝਾਕਦਾ ਹੈ।"

"ਕਾਕੜਿਆ ਬਾਲਕੜਿਆ, ਟਾਹਲੀ ਤੇਰੇ ਬੱਚੇ ਊਂ, ਊਂ, ਊਂ।
ਨਾਨਾ ਤੇਰਾ ਢੋਲ ਵਜਾਵੇ, ਨਾਨੀ ਤੇਰੀ ਨੱਚੇ, ਊਂ, ਊਂ, ਊਂ।"

## ਲੋਕ-ਕਹਾਣੀ / ਲੋਕ ਕਥਾ

ਲੋਕ ਕਹਾਣੀ ਤੋਂ ਭਾਵ ਅਜਿਹਾ ਪਰੰਪਰਾਗਤ ਬਿਰਤਾਂਤ ਹੈ ਜਿਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਿਆ ਹੋਵੇ। ਪੰਜਾਬੀ ਲੋਕ ਕਹਾਣੀ ਵਧੇਰੇ ਕਰਕੇ ਵਾਰਤਕ ਵਿੱਚ ਮਿਲਦੀਆਂ ਹਨ।

ਇਹਨਾਂ ਕਹਾਣੀਆਂ ਦੇ ਪਾਤਰ ਭਾਵੇਂ ਕਿਸੇ ਵੀ ਰੂਪ `ਚ ਹੋਣ, ਕਹਾਣੀ ਦਾ ਮੁੱਖ ਕਾਰਜ ਮਨੁੱਖੀ ਹਾਵ-ਭਾਵ ਨੂੰ ਪ੍ਰਗਟਾਉਣਾ ਹੁੰਦਾ ਹੈ। ਲੋਕ-ਕਹਾਣੀ ਦੇ ਪਾਤਰ ਮਨੁੱਖ, ਪੰਛੀ, ਜਾਨਵਰ ਤੇ ਜੀਵ ਆਦਿ ਹੋ ਸਕਦੇ ਹਨ। ਇਹ ਕਹਾਣੀਆਂ ਨਿਰਾ ਮਨੋਰੰਜਨ ਹੀ ਨਹੀਂ ਕਰਦੀਆਂ ਸਗੋਂ ਇਹ ਕੋਈ ਨਾ ਕੋਈ ਸਿੱਖਿਆ ਵੀ ਦੇਂਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਨੈਤਿਕ ਕਦਰਾਂ-ਕੀਮਤਾਂ ਤੇ ਸੱਭਿਆਚਾਰ ਦੀ ਝਲਕ ਵਿਦਮਾਨ ਹੁੰਦੀ ਹੈ।

ਰੂਪ ਤੇ ਵਿਸ਼ੇ ਦੇ ਪੱਖ ਤੋਂ ਲੋਕ-ਕਹਾਣੀਆਂ ਵਿੱਚ ਵੰਨ-ਸਵੰਨਤਾ ਹੈ। ਇਹਨਾਂ ਦਾ ਕਥਾ ਸੰਸਾਰ ਅਤੇ ਬੁਨਿਆਦੀ ਸੁਭਾਅ ਇੱਕ ਦੂਜੇ ਤੋਂ ਵੱਖਰਾ ਹੈ। ਲੋਕ ਕਹਾਣੀ ਵਿੱਚ ਬਿਰਤਾਂਤ ਕਹਾਣੀ ਦਾ ਮੂਲ ਤੱਤ ਹੈ। ਇਸ ਬਿਨਾਂ ਕਹਾਣੀ ਦਾ ਕੋਈ ਵਜੂਦ ਨਹੀਂ। ਇਹਨਾਂ ਕਹਾਣੀਆਂ ਵਿੱਚ ਲੋਕ-ਜੀਵਨ ਦੇ ਲਗਪਗ ਸਾਰੇ ਪੱਖ, ਘਟਨਾਵਾਂ ਕਹਾਣੀ ਨੂੰ ਸਿਰਜਦੀਆਂ ਹਨ। ਇਹਨਾਂ `ਚ ਹਰ ਅਸੰਭਵ ਘਟਨਾ ਵਾਪਰ ਸਕਦੀ ਹੈ। ਲੋਕ-ਕਹਾਣੀਆਂ ਅਨੇਕ ਰੂਪਾਂ ਤੇ ਸ਼ੈਲੀਆਂ ਵਿੱਚ ਮਿਲਦੀਆਂ ਹਨ। ਇਸ ਦੀਆਂ ਪ੍ਰਮੁਖ ਵੰਨਗੀਆਂ ਇਸ ਪ੍ਰਕਾਰ ਹਨ :

### ਮਿੱਥ-ਕਥਾਵਾਂ

ਲੋਕ-ਕਹਾਣੀ ਦਾ ਸਭ ਤੋਂ ਪ੍ਰਾਚੀਨ ਰੂਪ ਮਿੱਥ-ਕਥਾਵਾਂ ਹਨ। ਇਹ ਲੋਕ-ਸੰਸਕ੍ਰਿਤੀ ਦਾ ਇੱਕ ਵਿਸ਼ੇਸ਼ ਅੰਗ ਹਨ। ਇਹਨਾਂ ਅੰਦਰ ਪ੍ਰਕਿਰਤਿਕ ਸ਼ਕਤੀਆਂ ਬਾਰੇ ਆਦਿਮ ਅਨੁਭਵ ਹਨ। ਅੱਗ, ਹਵਾ, ਸੂਰਜ, ਚੰਦ, ਪਾਣੀ ਆਦਿ ਸ਼ਕਤੀਆਂ ਬਾਰੇ ਕਥਾਵਾਂ ਹਨ। ਇਹਨਾਂ ਸ਼ਕਤੀਆਂ ਨੂੰ ਦੇਵਤਾ ਦੇ ਰੂਪ ਵਿੱਚ ਪੂਜਿਆ ਜਾਂਦਾ ਸੀ। ਅਜੇ ਵੀ ਇਹ ਕਥਾਵਾਂ ਲੋਕਾਂ ਦੇ ਦਿਲ-ਦਿਮਾਗ਼ `ਤੇ ਬੈਠੀਆਂ ਹੋਈਆਂ ਹਨ ਜਿਵੇਂ ਧਰਤੀ ਦਾ ਬਲਦ ਦੇ ਸਿੰਗਾਂ `ਤੇ ਚੁੱਕੇ ਹੋਣਾ, ਸੰਜੀਵਨੀ ਬੂਟੀ ਨਾਲ ਮਰੇ ਹੋਏ ਵਿਅਕਤੀ ਨੂੰ ਜਿਉਂਦਾ ਕਰਨਾ ਆਦਿ। ਇਹਨਾਂ ਨਾਲ ਧਰਮ ਦੀ ਤੀਬਰ ਭਾਵਨਾ ਜੁੜੀ ਹੋਈ ਸੀ। ਸਾਡੇ ਧਾਰਮਿਕ ਗ੍ਰੰਥਾਂ ਵਿੱਚ ਵੀ ਇਹਨਾਂ ਦਾ ਜ਼ਿਕਰ ਆਉਂਦਾ ਹੈ। ਇਹਨਾਂ ਦੀ ਰਚਨਾ ਓਦੋਂ ਹੋਈ ਜਦੋਂ ਮਨੁੱਖ ਜੰਗਲੀ ਜੀਵਨ ਦੇ ਯੁੱਗ ਵਿੱਚ ਜੀਅ ਰਿਹਾ ਸੀ।

### ਦੰਤ-ਕਥਾਵਾਂ

ਲੋਕ-ਕਹਾਣੀਆਂ ਦਾ ਸਭ ਤੋਂ ਖ਼ੂਬਸੂਰਤ ਤੇ ਅਦਭੁੱਤ ਰੂਪ ਦੰਤ-ਕਥਾਵਾਂ ਹਨ। ਅੰਗਰੇਜ਼ੀ ਵਿੱਚ ਲੀਜਿੰਡ (legend) ਸ਼ਬਦ ਵਰਤਿਆ ਜਾਂਦਾ ਹੈ। ਸੁਣੀ ਸੁਣਾਈ ਗੱਲ ਨੂੰ ਦੰਤ-ਕਥਾ ਕਿਹਾ ਜਾਂਦਾ ਹੈ। ਇਹਨਾਂ `ਚ ਇਤਿਹਾਸ ਤੇ ਮਿਥਿਹਾਸ ਦਾ ਸੁਮੇਲ ਹੁੰਦਾ ਹੈ। ਇਹਨਾਂ ਦੀਆਂ ਕਈ ਕਿਸਮਾਂ ਹਨ :

- **ਜੋਗ ਮਤ** ਨਾਲ ਸੰਬੰਧਿਤ ਗੋਰਖ, ਮਛੰਦਰ, ਪੂਰਨ ਭਗਤ, ਭਰਥਰੀ-ਹਰੀ, ਨਾਥਾਂ ਤੇ ਜੋਗੀਆਂ ਬਾਰੇ। ਇਹਨਾਂ ਕਥਾਵਾਂ `ਚ ਮੋਹ, ਮਾਇਆ ਤੇ ਇਸਤਰੀ ਦੇ ਤਿਆਗ ਦੀ ਭਾਵਨਾ ਵਧੇਰੇ ਪ੍ਰਬਲ ਹੁੰਦੀ ਹੈ।
- **ਪੀਰ-ਫ਼ਕੀਰਾਂ** ਨਾਲ ਸੰਬੰਧਿਤ ਜਿਵੇਂ ਗੁੱਗਾ ਪੀਰ, ਨੌਂ-ਗਜੇ ਆਦਿ ਦੀਆਂ ਦੰਤ-ਕਥਾਵਾਂ। ਇਹਨਾਂ ਦਾ ਅਰੰਭ ਪੰਜਾਬ ਵਿੱਚ ਸੂਫ਼ੀ ਫ਼ਕੀਰਾਂ ਦੇ ਆਉਣ ਨਾਲ ਹੋਇਆ। ਫ਼ਕੀਰਾਂ ਦੇ ਮਜ਼ਾਰ ਤੇ ਕਬਰਾਂ ਸਥਾਪਿਤ ਹੋਈਆਂ ਤੇ ਸ਼ਰਧਾਲੂਆਂ ਦੀ ਅਥਾਹ ਸ਼ਰਧਾ ਕਾਰਨ ਇਹ ਕਥਾਵਾਂ ਪੀਰਾਂ-ਫ਼ਕੀਰਾਂ ਨੂੰ ਅਲੌਕਿਕ ਤੇ ਕਰਾਮਾਤੀ ਨਾਇਕ ਬਣਾਉਂਦੀਆਂ ਹਨ।
- **ਗੁਰੂਆਂ ਤੇ ਭਗਤਾਂ** ਨਾਲ ਸੰਬੰਧਿਤ ਜਿਵੇਂ ਭਗਤ ਕਬੀਰ, ਰਵਿਦਾਸ, ਗੁਰੂ ਨਾਨਕ, ਸ਼ਹੀਦਾਂ ਆਦਿ ਬਾਰੇ। ਇਹਨਾਂ `ਚ ਜੀਵਨ ਰਹੱਸ ਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸਮਝਣ ਤੇ ਗ੍ਰਹਿਣ ਕਰਨ ਉੱਤੇ ਜ਼ੋਰ ਹੁੰਦਾ ਹੈ।
- **ਪ੍ਰੀਤ-ਕਥਾਵਾਂ** ਜਿਹੜੀਆਂ ਪੰਜਾਬ ਦੇ ਖ਼ੂਨ ਤੇ ਪਿਆਰ ਵਿੱਚ ਰੰਗੀਆਂ ਹੋਈਆਂ ਹਨ ਜਿਵੇਂ ਹੀਰ-ਰਾਂਝਾ, ਸੱਸੀ ਪੁੰਨੂੰ, ਮਿਰਜ਼ਾ-ਸਾਹਿਬਾਂ ਤੇ ਸੋਹਣੀ-ਮਹੀਂਵਾਲ ਆਦਿ। ਇਨ੍ਹਾਂ `ਚ ਪੌਰਾਣਿਕ ਵਿਰਸੇ ਦੀ ਪਛਾਣ ਤੇ ਇਤਿਹਾਸਿਕ ਯਥਾਰਥ ਰੂਪਮਾਨ ਹੁੰਦਾ ਹੈ।
- **ਸਾਹਸ** ਦੰਤ-ਕਥਾਵਾਂ ਜਿਹੜੀਆਂ ਪ੍ਰਾਚੀਨ ਯੱਗ ਵਿੱਚ ਬਹਾਦਰੀ ਦੇ ਕਾਰਨਾਮਿਆਂ ਦੇ ਪਾਤਰਾਂ ਨਾਲ ਸੰਬੰਧਿਤ ਹਨ ਜਿਵੇਂ ਸਲਵਾਨ, ਰਾਜਾ ਰਸਾਲੂ ਤੇ ਦੁੱਲਾ ਭੱਟੀ ਆਦਿ। ਮੁਗ਼ਲ ਰਾਜ ਦੇ ਅੰਤ ਸਮੇਂ ਸਿੱਖ ਜੋਧਿਆਂ ਦੀਆਂ ਸ਼ਹੀਦੀਆਂ ਬਾਰੇ, ਜਿਨ੍ਹਾਂ ਜ਼ੁਲਮ ਦਾ ਮੁਕਾਬਲਾ ਕੀਤਾ ਜਿਵੇਂ ਸ਼ਹੀਦ ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਆਦਿ। ਦੰਤ-ਕਥਾ ਅਨੁਸਾਰ ਬਾਬਾ ਦੀਪ ਸਿੰਘ ਤਲੀ `ਤੇ ਸੀਸ ਰੱਖ ਕੇ ਧੜ ਨਾਲ ਹੀ ਵੈਰੀਆਂ ਨੂੰ ਮਾਰ ਕੇ ਅੰਮ੍ਰਿਤਸਰ ਪੁੱਜਾ। ਇਹਨਾਂ ਕਹਾਣੀਆਂ ਦੀ ਗਿਣਤੀ ਬਹੁਤ ਹੈ। ਇਹਨਾਂ `ਚ ਉਪਦੇਸ਼, ਪ੍ਰਭਾਵ ਦੀ ਏਕਤਾ, ਘਟਨਾਵਾਂ ਦੀ ਲੜੀ ਤੇ ਵਿਸ਼ੇ ਆਦਰਸ਼ਈ ਹਨ। ਅੰਗਰੇਜ਼ ਵਿਦਵਾਨ ਰਿਚਰਡ ਟੈਂਪਲ ਨੇ ਇਹਨਾਂ ਦੰਤ-ਕਥਾਵਾਂ ਨੂੰ Legends of the Punjab ਤਿੰਨ ਜਿਲਦਾਂ ਵਿੱਚ ਸੰਗ੍ਰਹਿ ਕੀਤਾ ਹੈ।

### ਪਰੀ ਕਹਾਣੀਆਂ

ਇਹ ਕਹਾਣੀਆਂ ਬੜੀਆਂ ਮਨੋਰੰਜਕ ਤੇ ਰੌਚਕ ਹਨ। ਇਹ ਪਾਠਕ ਨੂੰ ਪਾਰਲੌਕਿਕ-ਸੰਸਾਰ ਦੀ ਸੈਰ ਕਰਾਉਂਦੀਆਂ ਹਨ। ਇਹਨਾਂ `ਚ ਹਰ ਗੱਲ ਸੰਭਵ ਹੈ। ਪਰੀ ਸ਼ਬਦ ਫ਼ਾਰਸੀ ਦਾ ਹੈ ਜਿਸ ਦੇ ਅਰਥ ਉੱਡਣ ਦੇ ਹਨ ਭਾਵ ਅਲੌਕਿਕ-ਸੁੰਦਰਤਾ ਵਾਲੀ ਉਹ ਯੁਵਤੀ ਜੋ ਆਪਣੇ ਪਰਾਂ (ਖੰਭਾਂ) ਦੁਆਰਾ ਅਕਾਸ਼ ਵਿੱਚ ਉੱਡ ਸਕਦੀ ਹੈ। ਇਹਨਾਂ `ਚ ਜਾਦੂ-ਟੂਣਾ ਅਤੇ ਪਰਾ-ਸਰੀਰਕ ਅੰਸ਼ ਵਧੇਰੇ ਹੁੰਦੇ ਹਨ। ਕਲਪਨਾ ਭਾਰੂ ਹੁੰਦੀ ਹੈ। ਨਾਇਕ ਅਨੇਕ ਔਕੜਾਂ ਤੇ ਮੁਸੀਬਤਾਂ ਝੱਲਦੇ ਆਪਣੇ ਉਦੇਸ਼ ਵਿੱਚ ਸਫਲ ਹੁੰਦੇ ਹਨ। ਪੰਜਾਬ ਦੀਆਂ ਪਰੀ ਕਹਾਣੀਆਂ ਸਾਮੀ, ਭਾਰਤੀ ਅਤੇ ਲੌਕਿਕ ਪਰੰਪਰਾ ਵਿੱਚੋਂ ਆਈਆਂ ਜਿਵੇਂ ਲਾਲ ਪਰੀ, ਸਬਜ਼ ਪਰੀ, ਅਨਾਰਾਂ ਸ਼ਹਿਜ਼ਾਦੀ, ਬਿੱਲੀ ਪਰੀ, ਹੰਸ ਪਰੀ, ਮੋਰਨੀ ਪਰੀ ਆਦਿ। ਇਹ ਕਹਾਣੀਆਂ ਮਨੋਰੰਜਨ ਦੇ ਨਾਲ-ਨਾਲ ਸਾਹਸ, ਕਲਪਨਾ ਅਤੇ ਉਤਸ਼ਾਹ ਵਧਾਉਂਦੀਆਂ ਹਨ।

### ਪ੍ਰੇਤ-ਕਥਾਵਾਂ

ਲੌਕਿਕ ਜਗਤ ਨਾਲੋਂ ਪਾਰਲੌਕਿਕ ਜਗਤ ਨਾਲ ਸੰਬੰਧਿਤ ਕਹਾਣੀਆਂ ਪ੍ਰੇਤ-ਕਥਾਵਾਂ ਅਖਵਾਉਂਦੀਆਂ ਹਨ ਜਿਨ੍ਹਾਂ `ਚ ਰਹੱਸਮਈ ਜਗਤ ਦੀਆਂ ਚਮਤਕਾਰੀ ਘਟਨਾਵਾਂ ਅਮਾਨਵੀ-ਪਾਤਰ ਭੂਤ, ਜਿੰਨ, ਪ੍ਰੇਤ, ਡੈਣ, ਚੁੜੇਲ ਤੇ ਛਲੇਡੇ ਪਾਤਰਾਂ ਦੁਆਰਾ ਵਾਪਰਦੀਆਂ ਹਨ। ਵਿਗਿਆਨਿਕ ਸੋਚ ਇਹਨਾਂ ਨੂੰ ਨਹੀਂ ਮੰਨਦੀ। ਦੈਵੀ ਰੂਪ ਬਦਲਦੀਆਂ ਸ਼ਕਤੀਆਂ ਜਿਵੇਂ ਛਲੇਡਾ ਅਨੇਕਾਂ ਰੂਪ ਧਾਰਨ ਕਰ ਕੇ ਮਨੁੱਖ ਨੂੰ ਮੂਰਖ ਬਣਾਉਂਦਾ ਹੈ। ਹਵਾ ਵਿੱਚ ਉੱਡਣਾ, ਪਾਣੀ ਉੱਪਰ ਤੁਰਨਾ, ਬਿਜਲੀ ਦੀ ਤਲਵਾਰ ਨਾਲ ਜਿੰਨਾਂ ਦਾ ਨਾਸ਼ ਕਰਨਾ, ਗੁੰਝਲਦਾਰ ਪ੍ਰਸ਼ਨਾਂ ਦੇ ਉੱਤਰ ਦੇਣੇ ਆਦਿ ਘਟਨਾਵਾਂ ਦਾ ਜ਼ਿਕਰ ਹੁੰਦਾ ਹੈ। ਲੋਕ-ਮਤ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਕਾਮਨਾਵਾਂ ਪੂਰੀਆਂ ਨਹੀਂ ਹੁੰਦੀਆਂ ਉਹ ਆਤਮਾਵਾਂ ਭੂਤ, ਪ੍ਰੇਤ, ਚੜੇਲਾਂ ਆਦਿ ਦਾ ਰੂਪ ਧਾਰਨ ਕਰ ਲੈਂਦੇ ਹਨ ਇਸੇ ਕਰ ਕੇ ਇਹਨਾਂ ਕਹਾਣੀਆਂ `ਚ ਡਰਾਉਣੇ, ਭੈ-ਭੀਤ ਕਰਨ ਵਾਲੇ ਤੇ ਅਚੰਭਿਤ ਕਰਨ ਵਾਲੇ ਦ੍ਰਿਸ਼ ਪ੍ਰਗਟਾਏ ਹੁੰਦੇ ਹਨ।

### ਪਸ਼ੂ ਕਹਾਣੀਆਂ

ਲੋਕ-ਕਹਾਣੀਆਂ ਦਾ ਸਭ ਤੋਂ ਪ੍ਰਾਚੀਨ ਰੂਪ ਵੀ ਪਸ਼ੂ ਕਹਾਣੀਆਂ ਹਨ। ਇਹ ਸੰਸਾਰ ਦੇ ਸਾਰੇ ਦੇਸਾਂ ਵਿੱਚ ਉਪਲਬਧ ਹਨ। ਇਹਨਾਂ `ਚ ਮੁੱਖ ਪਾਤਰ ਪਸ਼ੂ ਹੁੰਦਾ ਹੈ ਜੋ ਬੰਦਿਆਂ ਵਾਂਗ ਬੋਲਦਾ, ਸੋਚਦਾ ਤੇ ਗੱਲਾਂ ਕਰਦਾ ਹੈ। ਇਹਨਾਂ `ਚ ਮੁੱਖ ਉਦੇਸ਼ ਮਨੋਰੰਜਨ ਤੇ ਉਪਦੇਸ਼ ਹੁੰਦਾ ਹੈ। ਇਹਨਾਂ ਦੀਆਂ ਕਈ ਕਿਸਮਾਂ ਹਨ।

(ੳ) ਉਪਦੇਸ਼ ਦੇਣ ਵਾਲੀਆਂ ਨੀਤੀ ਕਥਾਵਾਂ ਜਿਵੇਂ ਸ਼ਕਤੀ ਨਾਲੋਂ ਅਕਲ ਨਾਲ ਕੰਮ ਸਿਰੇ ਚੜ੍ਹ ਸਕਦਾ ਹੈ।

(ਅ) ਕਾਰਨ ਲੱਭਣ ਵਾਲੀਆਂ ਜਿਵੇਂ ਕੋਇਲ ਕਾਲੀ ਕਿਉਂ ਹੈ? ਮੋਰ ਆਪਣੇ ਪੈਰ ਵੇਖ ਕੇ ਕਿਉਂ ਝੂਰਦਾ ਹੈ।

(ੲ) ਪਸ਼ੂ-ਪੰਛੀ ਨਾਇਕ ਵਾਲੀਆਂ ਜਿਵੇਂ ਮਗਰਮੱਛ ਰਾਜਾ, ਕੁੱਤਾ ਰਾਜਾ, ਬਾਂਦਰ, ਤੋਤਾ ਆਦਿ।

(ਸ) ਗੌਣ ਪਾਤਰ ਵਾਲੀਆਂ ਜਿਵੇਂ ਕੋਈ ਪਸ਼ੂ ਜਾਂ ਪੰਛੀ ਸਾਰੀ ਵਿੱਥਿਆ ਦੱਸਦਾ ਹੈ ਜਿਵੇਂ ‘ਸੋਨੇ ਦੇ ਵਾਲਾਂ ਵਾਲੀ ਸੁੰਦਰੀ` ਕਥਾ ਵਿੱਚ ਚੂਹਾ ਤੇ ਬਿੱਲੀ ਨਾਇਕ ਦੀ ਗੁੰਮ ਹੋਈ ਸੁੰਦਰੀ ਨੂੰ ਲੱਭਦਾ ਹੈ।

### ਨੀਤੀ-ਕਥਾਵਾਂ

ਨੀਤੀ ਸ਼ਬਦ ਤੋਂ ਭਾਵ ਕੁਝ ਵਿਸ਼ੇਸ਼ ਗੁਣਾਂ, ਚਾਲਾਂ ਅਤੇ ਜੁਗਤਾਂ ਤੋਂ ਹੈ। ਅੰਗਰੇਜ਼ੀ ਵਿੱਚ ਫੇਬਲ (Fable) ਸ਼ਬਦ ਇਸ ਦੇ ਸਮਾਨਾਰਥਕ ਹੈ। ਨੀਤੀ ਕਥਾ ਪਸ਼ੂ ਕਹਾਣੀ ਦਾ ਅਜਿਹਾ ਰੂਪ ਹੈ ਜਿਸ ਵਿੱਚ ਪਸ਼ੂਆਂ ਨੂੰ ਮਨੁੱਖਾਂ ਦੇ ਗੁਣ ਪ੍ਰਦਾਨ ਕਰ ਕੇ ਮਨੁੱਖ ਨੂੰ ਵਿਅੰਗਮਈ ਢੰਗ ਨਾਲ ਸਿੱਖਿਆ ਦਿੱਤੀ ਜਾਂਦੀ ਹੈ। ਨੀਤੀ-ਕਥਾਵਾਂ ਦੀ ਸਿਰਜਨਾ ਸੂਝਵਾਨ ਪੁਰਸ਼ਾਂ ਨੇ ਕੀਤੀ ਹੁੰਦੀ ਹੈ। ਨੀਤੀ-ਸ਼ਾਸਤਰਾਂ ਵਿੱਚ ਸਮਾਜ ਅਤੇ ਰਾਜ ਨੂੰ ਚੰਗੇ ਢੰਗ ਨਾਲ ਚਲਾਉਣ ਲਈ ਅਜਿਹੀਆਂ ਕਥਾਵਾਂ ਦਾ ਜ਼ਿਕਰ ਮਿਲਦਾ ਹੈ। ਕਿਸੇ ਸੰਕਟ ਜਾਂ ਸਮੱਸਿਆ ਨੂੰ ਕਿਵੇਂ ਹੱਲ ਕੀਤਾ ਜਾ ਸਕਦਾ ਹੈ। ਇਹਨਾਂ ਜੁਗਤਾਂ ਦਾ ਬਿਰਤਾਂਤਕ ਪਸਾਰਾ, ਨੀਤੀ-ਕਥਾਵਾਂ ਦਾ ਹੀ ਰੂਪ ਹੈ। ਕਹਾਣੀ ਦੇ ਪਹਿਲੇ ਭਾਗ ਵਿੱਚ ਉਦੇਸ਼ ਲਈ ਉਦਾਹਰਨਾਂ ਹੁੰਦੀਆਂ ਤੇ ਦੂਜੇ ਭਾਗ ਵਿੱਚ ਉਪਦੇਸ਼ ਅਖਾਣਾਂ ਦੇ ਰੂਪ ਵਿੱਚ ਦਿੱਤਾ ਜਾਂਦਾ ਹੈ। ਸਿੱਖਿਆ ਪਸ਼ੂ-ਪੰਛੀ ਦੁਆਰਾ ਦਿੱਤੀ ਹੁੰਦੀ ਹੈ। ਭਾਰਤ ਵਿੱਚ ਨੀਤੀ-ਕਥਾਵਾਂ ਦੇ ਦੋ ਪ੍ਰਸਿੱਧ ਸੰਗ੍ਰਹਿ ਪੰਚਤੰਤਰ ਅਤੇ ਹਿੱਤੋਪਦੇਸ਼ ਹਨ। ਨੀਤੀ-ਕਥਾਵਾਂ ਦਾ ਸੰਸਾਰ ਵਿੱਚ ਸਭ ਤੋਂ ਪੁਰਾਣਾ ਸੰਗ੍ਰਹਿ ‘ਈਨਮ ਫੇਬਲਜ਼` ਮੰਨਿਆ ਗਿਆ ਹੈ ਜੋ ਪੰਜ ਸਦੀਆਂ ਪਹਿਲਾਂ ਰਚਿਆ ਗਿਆ। ਪੰਜਾਬ ਵੀ ਨੀਤੀ-ਕਥਾਵਾਂ ਦਾ ਭੰਡਾਰ ਰਿਹਾ ਹੈ। ਅੱਜ ਵੀ ਅਨੇਕ ਕਥਾਵਾਂ ਮੂਲ-ਰੂਪ ਵਿੱਚ ਪ੍ਰਚਲਿਤ ਹਨ। ਇਹ ਕਥਾਵਾਂ ਉਹਨਾਂ ਸਮਿਆਂ ਦੇ ਲੋਕਾਂ ਦੀ ਸੰਸਕ੍ਰਿਤੀ ਅਤੇ ਜੀਵਨ-ਵਿਹਾਰ ਦੀ ਲੜੀ ਦਾ ਪ੍ਰਾਚੀਨ ਰੂਪ ਹਨ।

### ਵਿਸ਼ੇਸ਼ ਨੁਕਤੇ ਵਾਲੀਆਂ ਕਹਾਣੀਆਂ

ਇਹ ਲੋਕ-ਪ੍ਰਿਆ ਵੰਨਗੀ ਵਾਲੀਆਂ ਹਨ ਜਿਵੇਂ ਪੰਜਾਬ ਵਿੱਚ ਸ਼ੇਖ-ਚਿੱਲੀ ਅਤੇ ਅਕਬਰ-ਬੀਰਬਲ ਦੇ ਵਾਰਤਾਲਾਪ ਨਾਲ ਜੁੜੀਆਂ ਅਨੇਕ ਕਹਾਣੀਆਂ ਮਿਲਦੀਆਂ ਹਨ ਜਿਨ੍ਹਾਂ `ਚ ਕਿਸੇ ਨੁਕਤੇ ਨੂੰ ਅਦਭੁੱਤ, ਰੌਚਕ ਤੇ ਸਿੱਖਿਆਦਾਇਕ ਢੰਗ ਨਾਲ ਸੁਲਝਾਇਆ ਜਾਂਦਾ ਹੈ। ਇਹ ਮਨੋਰੰਜਨ ਦੇ ਨਾਲ-ਨਾਲ ਜੀਵਨ ਦੇ ਯਥਾਰਥਿਕ ਪੱਖ ਦਾ ਉਲੇਖ ਵੀ ਕਰਦੀਆਂ ਹਨ। ਜੀਵਨ ਦੀਆਂ ਅਸਲੀਅਤਾਂ ਨੂੰ ਗਲਪ ਰੂਪ ਵਿੱਚ ਪੇਸ਼ ਕੀਤਾ ਜਾਂਦਾ ਹੈ।

### ਬੁਝਾਰਤਾਂ ਵਾਲੀਆਂ ਕਹਾਣੀਆਂ

ਇਹਨਾਂ ਕਹਾਣੀਆਂ ਵਿੱਚ ਬੁਝਾਰਤਾਂ, ਅੜਾਉਣੀਆਂ ਜਾਂ ਪ੍ਰਸ਼ਨਾਂ ਦੁਆਰਾ ਸਮੱਸਿਆ ਦੱਸੀ ਹੁੰਦੀ ਹੈ। ਗੁੰਝਲ ਸੁਲਝਾਈ ਜਾਂਦੀ ਹੈ। ਸਮੱਸਿਆ ਦਾ ਹੱਲ ਬੜਾ ਰੌਚਕ ਹੁੰਦਾ ਹੈ। ਇਹਨਾਂ ਦੀ ਪਰੰਪਰਾ ਵੀ ਪੁਰਾਣੀ ਹੈ। ਇਹਨਾਂ ਦਾ ਉਦੇਸ਼ ਬੁੱਧੀ ਦੀ ਪਰੀਖਿਆ ਲੈਣੀ ਤੇ ਦਿਮਾਗ਼ੀ ਕਸਰਤ ਕਰਨਾ ਹੈ। ਅਲਫ਼ ਲੈਲਾ, ਸਿੰਘਾਸਨ ਬਤੀਸੀ ਅਤੇ ਇੱਕ ਹਜ਼ਾਰ ਰਾਤਾਂ ਇਸੇ ਪ੍ਰਕਾਰ ਦੀਆਂ ਕਥਾਵਾਂ ਦੇ ਸੰਗ੍ਰਹਿ ਹਨ।

ਉਕਤ ਪ੍ਰਮੁੱਖ-ਵੰਨਗੀਆਂ ਤੋਂ ਬਿਨਾਂ ਸਾਖੀ, ਬਚਨ, ਪ੍ਰਮਾਣ, ਚੁਟਕਲਾ, ਕਹਾਵਤ, ਹਸਾਉਣੀ, ਚਲਿੱਤਰ ਆਦਿ ਫੁਟਕਲ ਲੋਕ-ਕਹਾਣੀਆਂ ਦੇ ਰੂਪ ਪੜ੍ਹਨ ਨੂੰ ਵੀ ਮਿਲਦੇ ਹਨ। ਬਾਲ-ਸਾਹਿਤ ਵਿੱਚ ਲੋਕ-ਕਹਾਣੀਆਂ ਦੀ ਵਿਸ਼ੇਸ਼ ਭੂਮਿਕਾ ਹੈ।

## ਬੁਝਾਰਤਾਂ

ਪੰਜਾਬੀ ਲੋਕ-ਸਾਹਿਤ ਵਿੱਚ ਪੰਜਾਬੀ ਬੁਝਾਰਤਾਂ ਇੱਕ ਵਿਸ਼ੇਸ਼ ਖ਼ਜ਼ਾਨਾ ਹਨ। ਪ੍ਰਾਚੀਨ ਕਾਲ ਤੋਂ ਇਹ ਸਾਡੇ ਜੀਵਨ ਨਾਲ ਤੁਰੀਆਂ ਆ ਰਹੀਆਂ ਹਨ। ਇਹ ਕਾਵਿ-ਰੂਪ ਵਿੱਚ ਹੋਣ ਕਾਰਨ ਛੰਦਾ-ਬੰਦੀ ਦਾ ਅਨੂਠਾ ਨਮੂਨਾ ਹਨ। ਭਾਰਤ ਦੇ ਸਾਰੇ ਰਾਜਾਂ ਵਿੱਚ ਆਪਣੀ-ਆਪਣੀ ਭਾਸ਼ਾ ਵਿੱਚ ਬੁਝਾਰਤਾਂ ਮਿਲਦੀਆਂ ਹਨ। ਮਨੁੱਖ ਦੇ ਜਨਮ ਨਾਲ ਹੀ ਬੁਝਾਰਤਾਂ ਦਾ ਜਨਮ ਹੋਇਆ ਲੱਗਦਾ ਹੈ। ਮੁੱਢ ਵਿੱਚ ਇਹ ਮੌਖਿਕ-ਸਾਹਿਤ ਵਾਂਗ ਹੀ ਹੋਂਦ ਵਿੱਚ, ਪੀੜ੍ਹੀ-ਦਰ-ਪੀੜ੍ਹੀ ਪ੍ਰਾਪਤ ਹੁੰਦੀਆਂ ਰਹੀਆਂ। ਲਿਖਤੀ ਰੂਪ ਵਿੱਚ ਬੁਝਾਰਤ ਪਾਉਣ ਦੀ ਪਰੰਪਰਾ ਵੈਦਿਕ-ਸਾਹਿਤ ਵਿੱਚ ਹੀ ਸਭ ਤੋਂ ਪਹਿਲਾਂ ਵਿਖਾਈ ਦਿੰਦੀ ਹੈ। ਬੁਝਾਰਤਾਂ ਦਾ ਜਨਮ ਬ੍ਰਹਿਮੰਡ ਦੇ ਰਹੱਸਾਂ (ਭੇਤਾਂ) ਨੂੰ ਸਮਝਣ ਤੇ ਖੋਜਣ ਦੀ ਜਿਗਿਆਸਾ ਵਿੱਚੋਂ ਹੋਇਆ ਮੰਨਿਆ ਜਾਂਦਾ ਹੈ। ਪੰਜਾਬੀ ਜੀਵਨ ਵਿੱਚ ਵੀ ਬੁਝਾਰਤ ਪਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਹਨਾਂ ਨੂੰ ਬੁਝਣ ਵਾਲੀਆਂ ਬਾਤਾਂ ਵੀ ਕਿਹਾ ਜਾਂਦਾ ਹੈ। ਅੜਾਉਣੀ ਭਾਵ ਕੋਈ ਗੁੰਝਲਦਾਰ ਗੱਲ ਦਾ ਉੱਤਰ ਦੇਣਾ। ਸੂਫ਼ੀ ਕਵੀ ਅਮੀਰ ਖ਼ੁਸਰੋ ਫ਼ਾਰਸੀ ਦੇ ਵੱਡੇ ਵਿਦਵਾਨ ਨੇ ਪਹਿਲੀ ਵਾਰ ਪੰਜਾਬੀ ਬੁਝਾਰਤਾਂ ਦਾ ਦਿਹਲਵੀ ਭਾਸ਼ਾ ਵਿੱਚ ਉੱਲਥਾ ਕੀਤਾ। ਇੱਕ ਨਮੂਨਾ ਵੇਖੋ-ਏਕ ਰਾਜਾ ਕੀ ਅਨੋਖੀ ਰਾਨੀ, ਨੀਚੇ ਸੇ ਬਹ ਪੀਵੈ ਪਾਨੀ। (ਦੀਵੇ ਦੀ ਬੱਤੀ)। ਪੰਜਾਬੀ ਵਿੱਚ ਸਭ ਤੋਂ ਪਹਿਲਾਂ ਬਾਬਾ ਗੰਗਾ ਸਿੰਘ ਬੇਦੀ ਨੇ ਲਗਪਗ 150 ਬੁਝਾਰਤਾਂ ਨੂੰ ਸੰਗ੍ਰਹਿ ਦਾ ਰੂਪ ਦਿੱਤਾ।

**ਡਾ. ਗੁਰਦੇਵ ਸਿੰਘ ਅਨੁਸਾਰ**, 'ਬੁਝਾਰਤ' ਦੇ ਕੋਸ਼ਗਤ ਅਰਥ ਹਨ ਗਿਆਨ ਕਰਾਉਣ ਲਈ ਦਿੱਤਾ ਗਿਆ ਸੰਕੇਤ ਜਾਂ ਇਸ਼ਾਰਾ। 'ਬੁਝਾਰਤ' ਸ਼ਬਦ ਸਮਝੌਤੀ ਜਾਂ ਸਿੱਖਿਆ ਦੇ ਅਰਥਾਂ ਵਿਚ ਵੀ ਆਇਆ ਹੈ, 'ਦੇਇ ਬੁਝਾਰਤ ਸਾਰਤਾ' (ਗਾਉੜੀ ਮ. ੫)। 'ਸੁਖਮਨੀ', ਦੀ ਟੂਕ 'ਕਹਾ ਬੁਝਾਰਤਿ ਬੂਝੈ ਡੋਰਾ' ਵਿਚ ਸ਼ਬਦ ਬੁਝਾਰਤ ਇਨ੍ਹਾਂ ਦੀ ਅਰਥਾਂ ਵਿਚ ਆਇਆ ਹੈ।

ਇਸ ਦੇ ਹੋਰ ਅਰਥ ਪਹੇਲੀ, ਅੜਾਉਣੀ, ਬਾਤ ਆਦਿ ਵੀ ਹਨ। ਇਹ ਇਸ ਸ਼ਬਦ ਦੇ ਵਧੇਰੇ ਪ੍ਰਚੱਲਿਤ ਅਰਥ ਹਨ। ਕਾਵਿਮਈ ਢੰਗ ਨਾਲ ਕੁਝ ਵਾਕੰਸ਼ ਬੋਲੇ ਜਾਂਦੇ ਹਨ ਜੋ ਬੁਝਾਰਤ ਹੁੰਦੇ ਹਨ ਤੇ ਸੁਣਨ ਵਾਲਿਆਂ ਤੋਂ ਇਸ ਦਾ ਉੱਤਰ ਬੁਝਾਇਆ ਜਾਂਦਾ ਹੈ। ਇਸ ਨੂੰ ਬਾਤ ਜਾਂ ਬੁਝਾਰਤ ਦਾ ਬੁਝਣਾ ਆਖਦੇ ਹਨ। ਮਿਸਾਲ ਦੇ ਤੌਰ ਤੇ ਬਾਤ ਪਾਉਣ ਵਾਲਾ ਆਖਦਾ ਹੈ : "ਥੜ੍ਹੇ ਤੇ ਥੜ੍ਹਾ, ਲਾਲ ਕਬੂਤਰ ਖੜ੍ਹਾ।" ਸੁਣਨ ਵਾਲਿਆਂ ਨੂੰ ਜੇ ਉੱਤਰ ਨਾ ਆਵੇ ਜਾਂ ਜੇ ਉਹ ਬਾਤ ਬੁਝ ਨਾ ਸਕਣ ਤਾਂ ਬਾਤ ਪਾਉਣ ਵਾਲਾ ਇਸ ਦਾ ਉੱਤਰ 'ਦੀਵਾ' ਆਪੇ ਆਖ ਦਿੰਦਾ ਹੈ। ਲੋਕ–ਕਾਵਿ ਵਿਚ ਇਨ੍ਹਾਂ ਬੁਝਾਰਤਾਂ ਦੀ ਖ਼ਾਸ ਮਹੱਤਾ ਹੈ ਤੇ ਇਹ ਲੋਕ–ਕਾਵਿ ਦਾ ਅਨਿੱਖੜ ਅੰਗ ਸਮਝੀਆਂ ਜਾਂਦੀਆਂ ਹਨ।

ਕਾਵਿ–ਸ਼ਾਸਤਰ ਵਿਚ ਬੁਝਾਰਤ (ਪ੍ਰਹੇਲਿਕਾ––ਪਹੇਲੀ ਜਾਂ ਬੁਝਾਰਤ) ਨਾਂ ਦਾ ਇਕ ਅਲੰਕਾਰ ਵੀ ਹੈ। ਇਸ ਨੂੰ ਉਭਯਾਲੰਕਾਰ ਦਾ ਨਾਂ ਦਿੱਤਾ ਜਾਂਦਾ ਹੈ। ਅਰਥ–ਪ੍ਰਹੇਲਿਕਾ ਜਾਂ ਅਰਥ–ਪਹੇਲੀ ਜਾਂ ਅਰਥ–ਬੁਝਾਰਤ ਅਰਥ–ਅਲੰਕਾਰ (ਚਿਤ੍ਰ) ਦਾ ਤੀਜਾ ਰੂਪ ਹੈ। ਇਹ ਇਕ ਅਜਿਹੀ ਬੁਝਾਰਤ ਹੁੰਦੀ ਹੈ ਜਿਸ ਦੇ ਅਰਥ–ਵਿਚਾਰ ਤੋਂ ਵਸਤੂ ਦਾ ਗਿਆਨ ਹੋ ਜਾਂਦਾ, ਪਰ ਬੁਝਾਰਤ ਵਿਚ ਸਪਸ਼ਟ ਨਾਂ ਨਹੀਂ ਦੱਸਿਆ ਜਾਂਦਾ।

ਆਮ ਤੌਰ ਤੇ ਰਾਤ ਨੂੰ ਰੋਟੀ-ਟੁੱਕਰ ਖਾਣ ਪਿੱਛੋਂ ਪਰਿਵਾਰ ਬਾਤਾਂ ਪਾਉਣ ਲਈ ਜੁੜ ਜਾਂਦਾ। ਬੁਝਾਰਤਾਂ (ਬਾਤਾਂ) ਪਾਈਆਂ ਜਾਂਦੀਆਂ ਤੇ ਮਨੋਰੰਜਨ ਕੀਤਾ ਜਾਂਦਾ। ਇੱਕ ਬਾਤ ਪਾਉਂਦਾ ਤੇ ਬਾਕੀ ਦੇ ਬੁੱਝਦੇ। ਇਹਨਾਂ 'ਚ ਬੱਚੇ ਵੱਧ ਚੜ੍ਹਕੇ ਹਿੱਸਾ ਲੈਂਦੇ। ਪਰਿਵਾਰਿਕ ਸਾਂਝ ਲਈ ਬੁਝਾਰਤਾਂ ਇੱਕ ਮਾਧਿਅਮ ਦੀ ਭੂਮਿਕਾ ਨਿਭਾਉਂਦੀਆਂ। ਗੁਰਬਾਣੀ 'ਚ ਆਉਂਦਾ ਹੈ :

- ਨਾਨਕ ਜਿਸ ਬੁਝਾਏ ਸੁ ਬੁਝਸੀ।
  ਹਰਿ ਪਾਇਆ ਗੁਰਮੁਖਿ ਘਾਲਿ॥ (ਸੋਰਠਿ ਵਾਰ, ਗੁਰੂ ਅਮਰਦਾਸ)
- ਕਹਾ ਬੁਝਾਰਤਿ ਬੂਝੈ ਡੋਰਾ
  ਨਿਸਿ ਕਹੀਐ ਤਉ ਸਮਝੈ ਭੋਰਾ। (ਸੁਖਮਨੀ, ਗੁਰੂ ਅਰਜਨ ਦੇਵ)

ਬੁਝਾਰਤਾਂ ਦੀ ਕਵਿਤਾ ਦੀ ਦ੍ਰਿਸ਼ਟੀ ਤੋਂ ਬਹੁਤ ਮਹੱਤਤਾ ਹੈ। ਨਿੱਕੀ ਕਵਿਤਾ ਵਾਂਗ ਇਸ ਦਾ ਮੁੱਖ ਉਦੇਸ਼ ਹੁੰਦਾ ਹੈ। ਇਸ ਗੱਲ ਦੀ ਪ੍ਰੋੜ੍ਹਤਾ **ਡਬਲਿਊ.ਜੀ. ਆਰਚਰ** ਇਸ ਤਰ੍ਹਾਂ ਕਰਦਾ ਹੈ :

ਮਾਨਵ-ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਸੇ ਬੁਝਾਰਤ ਦੀ ਮਹੱਤਤਾ ਪ੍ਰਤੱਖ ਹੈ। ਬੁਝਾਰਤ ਝਟਪਟ ਰੁਚੀਆਂ ਦੇ ਥਹੁ- ਪਤੇ ਦਾ ਪ੍ਰਗਟਾਉ ਹੁੰਦੀ ਹੈ। ਕਿਸੇ ਕਬੀਲੇ ਦੀਆਂ ਬੁਝਾਰਤਾਂ ਕੇਵਲ ਬਾਲਾਂ ਦੇ ਖਿਡੌਣੇ ਹੀ ਨਹੀਂ ਹੁੰਦੀਆਂ। ਇਹਨਾਂ ਤੋਂ ਉਸ ਵਿਉਂਤ ਦੀ ਸੂਹ ਲੱਗਦੀ ਹੈ ਜਿਹੜੀ ਇੱਕ ਕਬੀਲੇ ਨੂੰ ਹੋਰਨਾਂ ਕਬੀਲਿਆਂ ਤੋਂ ਵੱਖਰਾ ਕਰਦੀ ਹੈ।

**ਡਾ. ਨਾਹਰ ਸਿੰਘ** ਦੇ ਵਿਚਾਰ ਅਨੁਸਾਰ-ਬੁਝਾਰਤਾਂ ਮੱਧ- ਕਾਲ ਤੱਕ ਸਮੂਹਿਕ ਗਿਆਨ ਦੇ ਆਦਾਨ-ਪ੍ਰਦਾਨ ਦਾ ਇੱਕ ਵੱਡਾ ਸਾਧਨ ਰਹੀਆਂ ਹਨ। ਬੁਝਾਰਤ ਦੀ ਰੂਪ ਰਚਨਾ ਲੋਕਧਾਰਿਕ ਸੰਰਚਨਾ ਦੀ ਧਾਰਨੀ ਹੁੰਦੀ ਹੈ।

**ਮਨਮੋਹਨ ਸਿੰਘ ਦਾਊਂ** ਨੇ ਵਿਸਥਾਰ ਵਿਚ ਬੁਝਾਰਤਾਂ ਦੇ ਸਰੂਪ ਬਾਰੇ ਝਾਤ ਪਾਈ ਹੈ।

ਬੁਝਾਰਤ ਵਿੱਚ ਕਿਸੇ ਪ੍ਰਸ਼ਨ ਦਾ ਹੱਲ ਪੁੱਛਿਆ ਜਾਂਦਾ ਹੈ ਜਿਸ ਵਿੱਚ ਕੋਈ ਨਿੱਕੀ ਜਿਹੀ ਘੁੰਡੀ ਰੱਖ ਲਈ ਜਾਂਦੀ ਹੈ ਜਿਸ ਦਾ ਉੱਤਰ ਦੇਣ ਲਈ ਦਿਮਾਗ਼ ਲੜਾਇਆ ਜਾਂਦਾ ਹੈ। ਪੁਰਾਣੇ ਸਮਿਆਂ ਵਿੱਚ ਵਿਆਹ ਮੌਕੇ ਲਾੜੇ ਦੀ ਬੁੱਧੀ ਤੇ ਹਾਜ਼ਰ ਜੁਆਬੀ ਲਈ ਵੀ ਬੁਝਾਰਤਾਂ ਪੁੱਛਣ ਦਾ ਰਿਵਾਜ ਹੁੰਦਾ ਸੀ। ਬੁਝਾਰਤਾਂ ਵਿੱਚ ਸਾਡੀ ਕਲਪਨਾ ਨੂੰ ਟੁੰਬਣ ਦੀ ਸ਼ਕਤੀ ਹੁੰਦੀ ਹੈ। ਬਣਤਰ ਦੇ ਪੱਖ ਤੋਂ ਬੁਝਾਰਤਾਂ ਦਾ ਆਕਾਰ ਬਹੁਤ ਛੋਟਾ ਅਤੇ ਵੱਡੀ ਕਾਵਿ- ਟੁਕੜੀ ਜਿੱਡਾ ਹੋ ਸਕਦਾ ਹੈ। ਇਹ ਸੰਬੋਧਨੀ ਕਿਸਮ ਦੀਆਂ ਵੀ ਹਨ। ਨਾ ਬੁੱਝੀਆਂ ਜਾਣ ਤੇ ਇਹ ਮਜ਼ਾਕ ਉਡਾਣ ਵਾਲੀਆਂ ਵੀ ਹਨ। ਇਹ ਕਾਵਿ-ਸ਼ਿਲਪ ਦਾ ਸੁੰਦਰ ਨਮੂਨਾ ਹਨ।

ਬੱਚੇ ਦੇ ਬੌਧਿਕ ਵਿਕਾਸ ਲਈ, ਬੁਝਾਰਤਾਂ ਦੀ ਭੂਮਿਕਾ ਬੜੀ ਹੀ ਲਾਭਕਾਰੀ ਹੈ। ਬੁਝਾਰਤਾਂ ਰਾਹੀਂ ਬੱਚੇ ਨੂੰ ਆਲੇ-ਦੁਆਲੇ ਬਾਰੇ ਭਰਪੂਰ ਜਾਣਕਾਰੀ ਦਿੱਤੀ ਜਾ ਸਕਦੀ ਹੈ। ਛੰਦ-ਬੱਧ ਰੂਪ ਹੋਣ ਕਾਰਨ, ਬੱਚੇ ਇਹਨਾਂ ਦਾ ਨਰਸਰੀ-ਗੀਤਾਂ ਵਰਗਾ ਅਨੰਦ ਮਾਣਦੇ ਹਨ। ਇਹਨਾਂ ਦੀ ਰਚਨਾ ਹੌਲੀ ਫੁੱਲ ਹੁੰਦੀ ਹੈ। ਕਲਪਨਾ ਤੇ ਜਿਗਿਆਸਾ ਰੁਚੀ ਨੂੰ ਟੁੰਬਦੀ ਹੈ। ਬੱਚੇ ਦੀ ਸੋਚਣ ਸ਼ਕਤੀ ਨੂੰ ਉਭਾਰਦੀ ਹੈ ਤੇ ਹੋਰ-ਹੋਰ ਜਾਣਨ ਲਈ ਦਿਲਚਸਪੀ ਪੈਦਾ ਕਰਦੀ ਹੈ। ਬੱਚੇ ਨੂੰ ਦੂਜੇ ਦੀ ਗੱਲ ਧਿਆਨ ਤੇ ਤਰਕ ਨਾਲ ਸੁਣਨ ਦੀ ਆਦਤ ਪ੍ਰਫੁਲਿਤ ਹੁੰਦੀ ਹੈ। ਬੱਚਿਆਂ 'ਚ ਆਪਸੀ ਸੰਵਾਦ ਰਚਾਉਣ ਲਈ ਬੁਝਾਰਤਾਂ ਇੱਕ ਉਸਾਰੂ ਰੋਲ ਅਦਾ ਕਰਦੀਆਂ ਹਨ।

ਵਿਸ਼ੇ ਦੇ ਪੱਖੋਂ ਵੀ ਬੁਝਾਰਤਾਂ ਗਿਆਨ-ਵਿਗਿਆਨ ਦਾ ਭੰਡਾਰ ਹਨ। ਇਹਨਾਂ ਵਿੱਚ ਸਿੱਖਿਆ, ਇਤਿਹਾਸ, ਭੂਗੋਲ, ਵਿਗਿਆਨ, ਸੱਭਿਆਚਾਰ ਅਤੇ ਕਿਸੇ ਸਮੇਂ ਦਾ ਆਰਥਿਕ ਤੇ ਸਮਾਜਿਕ ਜੀਵਨ ਕਿਸੇ ਨਾ ਕਿਸੇ ਰੂਪ ਵਿੱਚ ਆ ਹੀ ਜਾਂਦਾ ਹੈ। ਲੋਕ-ਸਾਹਿਤ ਦਾ ਵਿਸ਼ੇਸ਼ ਅੰਗ ਹੋਣ ਕਾਰਨ, ਬੁਝਾਰਤਾਂ ਨੇ ਮਨੁੱਖ ਅੰਦਰ ਕਲਾਤਮਿਕ- ਪ੍ਰਤਿਭਾ ਬਖ਼ਸ਼ਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਬੁਝਾਰਤਾਂ ਦਾ ਰੂਪਕ ਪੱਖ ਬਲਵਾਨ ਹੁੰਦਾ ਹੈ। ਇਸ ਤਰ੍ਹਾਂ ਇਹ ਇੱਕ ਪ੍ਰੋੜ੍ਹ-ਕਾਵਿ ਦਾ ਨਮੂਨਾ ਬਣ ਜਾਂਦੀਆਂ ਹਨ। ਅਖਾਣਾਂ ਵਾਂਗ ਇਹ ਲੋਕ-ਪ੍ਰਿਆ ਹੋਣ ਦਾ ਗੁਣ ਰੱਖਦੀਆਂ ਹਨ। ਸਮੇਂ-ਸਮੇਂ ਇਹਨਾਂ ਵਿੱਚ ਵਾਧਾ ਹੁੰਦਾ ਰਹਿੰਦਾ ਹੈ। ਇਹ ਸਮਾਜ ਦਾ ਦਰਪਣ ਬਣ ਕੇ ਵਿਗਸਦੀਆਂ ਰਹਿੰਦੀਆਂ ਹਨ।
ਬੁਝਾਰਤ ਦੀ ਪਰਿਭਾਸ਼ਾ ਦਿੰਦਿਆਂ **ਡਾ. ਵਣਜਾਰਾ ਬੇਦੀ** ਲਿਖਦੇ ਹਨ :

ਬੁਝਾਰਤ ਕਿਸੇ ਵਸਤੂ ਦੀ ਅਸਪਸ਼ਟ ਤੇ ਧੁੰਦਲੀ ਜਿਹੀ ਰੂਪ-ਰੇਖਾ ਖਿੱਚੀ ਹੁੰਦੀ ਹੈ ਜਾਂ ਕਈ ਵਾਰ ਸੰਕੇਤਾਂ ਤੇ ਚਿੰਨ੍ਹਾਂ ਦਾ ਅਜਿਹਾ ਛਿਲਕਾ ਚਾੜ੍ਹਿਆ ਹੁੰਦਾ ਹੈ ਕਿ ਭੰਨੇ ਬਗ਼ੈਰ ਵਿਚਲੀ ਗਿਰੀ ਨਹੀਂ ਕੱਢੀ ਜਾ ਸਕਦੀ।

ਵਿਗਿਆਨ ਦੀਆਂ ਨਵੀਆਂ ਕਾਢਾਂ ਨੇ ਮਨੋਰੰਜਨ ਦੇ ਸਾਧਨ ਵਧਾ ਦਿੱਤੇ ਹਨ। ਸਾਡੀ ਜੀਵਨ-ਸ਼ੈਲੀ ਵਿੱਚ ਅਥਾਹ ਪਰਿਵਰਤਨ ਆ ਰਿਹਾ ਹੈ ਜਿਸ ਕਾਰਨ ਬੁਝਾਰਤਾਂ ਦਾ ਸੁਣਨਾ ਤੇ ਸੁਣਾਉਣਾ ਘੱਟਦਾ ਜਾ ਰਿਹਾ ਹੈ। ਮਾਨਵ- ਵਿਗਿਆਨ, ਕਵਿਤਾ, ਭਾਸ਼ਾ-ਵਿਗਿਆਨ ਅਤੇ ਸੱਭਿਆਚਾਰਿਕ ਵਿਰਸੇ ਦੇ ਪੱਖੋਂ ਪੰਜਾਬੀ ਬੁਝਾਰਤਾਂ ਦੀ ਵਿਸ਼ੇਸ਼ ਮਹੱਤਤਾ ਹੈ। ਇਹਨਾਂ 'ਚ ਵੰਨ-ਸਵੰਨਤਾ ਏਨੀ ਹੈ ਕਿ ਹੈਰਾਨੀ ਹੁੰਦੀ ਹੈ। ਜੀਵਨ ਦੀ ਕੋਈ ਅਜਿਹੀ ਵਸਤੂ ਨਹੀਂ ਹੋਵੇਗੀ ਜਿਸ ਬਾਰੇ ਬੁਝਾਰਤ ਨਾ ਹੋਵੇ। ਵੱਖ-ਵੱਖ ਵਿਸ਼ਿਆਂ ਬਾਰੇ ਕੁਝ ਨਮੂਨੇ ਹੇਠਾਂ ਦਿੱਤੇ ਅਨੁਸਾਰ ਹਨ :

### ਮਨੁੱਖ ਦੇ ਵੱਖ-ਵੱਖ ਅੰਗਾਂ, ਹਾਰ ਸ਼ਿੰਗਾਰ, ਮਨ- ਪ੍ਰਚਾਵਾ ਤੇ ਘਰੇਲੂ ਵਸਤਾਂ ਬਾਰੇ

- ਔਹ ਗਈ, ਔਹ ਗਈ (ਅੱਖਾਂ ਦੀ ਨਿਗਾਹ),
- ਸੋਲਾਂ ਧੀਆਂ ਚਾਰ ਜੁਆਈ (ਉਂਗਲਾਂ ਤੇ ਅੰਗੂਠਾ),
- ਆਲਾ ਭਰਿਆ ਕੌਡੀਆਂ, ਵਿੱਚ ਤੋਤਕ ਨੱਚੇ (ਦੰਦ ਤੇ ਜੀਭ),
- ਪੇਟ ਮੇਂ ਉਂਗਲੀ, ਸਿਰ 'ਤੇ ਪੱਥਰ, ਛੇਤੀ ਬੁੱਝੋ ਮੇਰਾ ਉੱਤਰ (ਮੁੰਦਰੀ),
- ਚਾਂਦੀ ਦੀ ਖੁੱਡੀ, ਸੋਨੇ ਦਾ ਬੰਦ, ਬੁੱਝਣੀ ਏ ਬੁੱਝ, ਨਹੀਂ ਰੁਪਈਏ ਧਰਦੇ ਪੰਜ (ਕੋਕਾ),
- ਬਾਤ ਪਾਵਾਂ, ਬਤੌਲੀ ਪਾਵਾਂ ਬਾਤ ਨੂੰ ਲਾਵਾਂ ਕੁੰਡੇ, ਸਦਾ ਕੁੜੀ ਨੂੰ ਵਿਆਹੁਣ ਚੱਲੇ, ਸਾਰੇ ਪਿੰਡ ਦੇ ਮੁੰਡੇ (ਖੁੱਦੋ-ਖੂੰਡੀ),
- ਕਾਠ ਦੀ ਸੰਦੂਕੜੀ, ਵਿੱਚ ਤੋਤਾ ਬੋਲੇ (ਰੇਡੀਓ),
- ਲੱਤਾਂ ਰੰਨ ਨੂੰ ਮਾਰਦਾ, ਪਰ ਲੋਕਾਂ ਦਾ ਕੰਮ ਸੁਆਰਦਾ (ਉਖਲੀ ਮੋਹਲਾ),
- ਤਲੀ ਉੱਤੇ ਕਬੂਤਰ ਨੱਚੇ (ਆਟੇ ਦਾ ਪੇੜਾ),
- ਇਨਾ 'ਕ ਤਿਲੀਅਰ ਤਰਦਾ ਜਾਏ, ਗਿਣ-ਗਿਣ ਆਂਡੇ ਧਰਦਾ ਜਾਏ (ਸੂਈ ਧਾਗਾ),
- ਇੱਕ ਨਾਰ ਕਰਤਾਰੋ, ਉਹ ਰਾਹੇ-ਰਾਹੇ ਜਾਵੇ, ਸਿੱਧਿਆਂ ਨਾਲ ਸਿੱਧੀ ਚੱਲੇ, ਪੁੱਠਿਆਂ ਨੂੰ ਸਮਝਾਵੇ (ਕੰਘੀ),
- ਪਾਰੋ ਆਈਆਂ ਦੋ ਮੁਟਿਆਰਾਂ, ਘੱਟਾ ਫੱਕਣ ਬਾਰੋ ਬਾਰੀ (ਜੁੱਤੀਆਂ ਦਾ ਜੋੜਾ),
- ਲੋਹੇ ਦੀਆਂ ਪੌੜੀਆਂ, ਕੱਚ ਦਾ ਦਰਵਾਜ਼ਾ, ਵਿੱਚੇ ਨੱਚੇ ਵਣਜਾਰਾ (ਲਾਲਟੈਣ),
- ਚਾਰ ਸਿਪਾਹੀ ਚਾਰ ਗੰਨੇ, ਚੌਹਾਂ ਦੇ ਮੂੰਹ 'ਚ ਦੋ ਦੋ ਥੁੰਨੇ (ਮੰਜਾ)।

### ਪ੍ਰਕਿਰਤੀ ਬਾਰੇ

- ਐਨੀ ਕੁ ਰਾਈ, ਸਾਰੇ ਪਿੰਡ 'ਚ ਖਿੰਡਾਈ (ਅੱਗ),
- ਗਹਿਰਾ ਫੁੱਲ ਗੁਲਾਬ ਦਾ, ਝੁਕ-ਝੁਕ ਝੋਲੇ ਖਾਏ, ਨਾ ਰਾਜੇ ਦੇ ਬਾਗ਼ ਵਿੱਚ, ਨਾ ਰਾਣੀ ਦਾ ਹੱਥ ਜਾਏ (ਸੂਰਜ),
- ਉਹ ਕਿਹੜੀ ਚੀਜ਼, ਜਿਹੜੀ ਹਰ ਵੇਲੇ ਚਲਦੀ (ਹਵਾ),

- ਚਾਰ ਖੰਡ ਚਾਰ ਚੁਬਾਰੇ, ਉੱਤੇ ਖੇਲ੍ਹਣ ਦੋ ਵਣਜਾਰੇ (ਚੰਦ-ਸੂਰਜ),
- ਨੀਲੀ-ਟਾਕੀ-ਚਾਵਲ ਬੱਧੇ, ਦਿਨੇ ਗੁਆਚੇ ਰਾਤੀਂ ਲੱਭੇ (ਤਾਰੇ),
- ਏਡੀ ਮੈਂਡੀ ਲੱਕੜੀ, ਅਸਮਾਨ ਜਾ ਕੇ ਟੱਕਰੀ (ਧੂੰਆਂ),
- ਕਾਲੇ-ਕਾਲੇ ਡੱਬੇ, ਨਾਚ ਕਰਦੇ ਜਾਂਦੇ ਨੇ, ਰਾਜਾ ਪੁੱਛੇ ਰਾਣੀ ਨੂੰ, ਕੀ ਜਨੌਰ ਜਾਂਦੇ ਨੇ (ਬੱਦਲ)।

**ਬਨਸਪਤੀ ਬਾਰੇ**

- ਪਹਾੜੋਂ ਆਏ ਰੋੜੇ, ਆਉਂਦਿਆਂ ਦੇ ਸਿਰ ਤੋੜੇ (ਅਖਰੋਟ),
- ਅੰਬ ਅੰਬਾਲੇ ਦੇ, ਫੁੱਲ ਪਟਿਆਲੇ ਦੇ, ਰੂੰ ਜਗਰਾਵਾਂ ਦੀ, ਜੜ੍ਹ ਇੱਕੋ (ਅੱਕ),
- ਅਸਮਾਨੋਂ ਡਿੱਗਾ ਬੱਕਰਾ, ਮੂੰਹ 'ਚ ਨਿਕਲੀ ਲਾਲ, ਢਿੱਡ ਪਾੜ ਕੇ ਦੇਖਿਆ, ਉਹ ਦੀ ਛਾਤੀ ਉੱਤੇ ਵਾਲ (ਅੰਬ),
- ਅੰਬਰਸਰ ਕਲਕੱਤੇ, ਨਾ ਉਹਦੀ ਜੜ੍ਹ, ਨਾ ਉਹਦੇ ਪੱਤੇ (ਅਮਰਵੇਲ),
- ਐਨੀ 'ਕ ਕੁੜੀ, ਉਹ ਦੇ ਢਿੱਡ 'ਚ ਲਕੀਰ (ਕਣਕ ਦਾ ਦਾਣਾ),
- ਇੱਕ ਜਾਦੂਗਰ ਕਰੇ ਕਮਾਲ, ਖਾਵੇ ਸਾਵਾ ਕੱਢੇ ਲਾਲ (ਪਾਨ ਦਾ ਪੱਤਾ),
- ਬਾਹਰੋਂ ਆਏ ਚਾਰ ਮਲੰਗ, ਸਾਵੀਆਂ ਟੋਪੀਆਂ ਕਾਲੇ ਰੰਗ (ਬਤਾਊਂ)।

**ਜੀਵ-ਜੰਤੂਆਂ ਬਾਰੇ**

- ਇੱਕ ਕਟੋਰਾ, ਉਹ ਦੇ ਵਿੱਚ, ਦੋ ਰੰਗਾ ਪਾਣੀ (ਅੰਡਾ),
- ਬਾਰਾਂ ਬੈਂਗਣ ਠਾਰਾਂ ਠੈਗਣ, ਚਾਰ ਚੱਕ ਦੋ ਤੋਰੀਆਂ (ਸੂਰੀ, ਕੁੱਤੀ, ਮੱਝ, ਬਕਰੀ ਦੇ ਥਣ),
- ਵਾਹ ਵੇ ਰੱਬਾ ਤੇਰੇ ਕੰਮ, ਬਾਹਰ ਹੱਡੀਆਂ ਅੰਦਰ ਚੰਮ (ਕੱਛੂ ਕੁੰਮਾ),
- ਚਾਰ ਘੜੇ ਅੰਮ੍ਰਿਤ ਭਰੇ, ਮੂਧੇ ਕਰੀਏ ਪਰ ਡੁਲ੍ਹਦੇ ਨਹੀਂ (ਗਊ ਦੇ ਥਣ),
- ਅਜਬ ਡਿੱਠੀ ਇੱਕ ਕੁੜੀ, ਰਾਜੇ ਪੱਗ ਲੁਹਾਈ (ਜੂੰ), ਰੜੇ ਮੈਦਾਨ ਵਿੱਚ, ਲਹੂ ਦਾ ਤੁਬਕਾ (ਵੀਰ ਵਹੁਟੀ)।

**ਵਿਗਿਆਨ ਦੀਆਂ ਕਾਢਾਂ ਬਾਰੇ:**

- ਬਾਤ ਪਾਵਾਂ ਬਤੋਲੀ ਪਾਵਾਂ, ਬਾਤ ਨੂੰ ਲਾਵਾਂ ਪਰਾਂਦਾ, ਇੱਕ ਪੁਰਸ਼ ਮੈਂ ਐਸਾ ਡਿੱਠਾ, ਫਿਟ ਫਿਟ ਕਰਦਾ ਜਾਂਦਾ (ਮੋਟਰ ਸਾਈਕਲ),
- ਨਿੱਕੀ ਜਿਹੀ ਕੌਲੀ, ਅੰਬਾਲੇ ਜਾ ਕੇ ਬੋਲੀ (ਟੈਲੀਫ਼ੋਨ),
- ਮੈਂ ਲਿਆਂਦਾ ਬੋਕ, ਨੱਪੀ ਪੂਛ ਮਾਰੇ ਮੋਕ (ਨਲਕਾ),
- ਨਿੱਕਾ ਜਿਹਾ ਕਾਕਾ, ਘਰ ਵਿੱਚ ਰੋਸ਼ਨੀ ਕਰਦਾ (ਬਲਬ),
- ਕਾਲੀ ਕੁੱਕੜੀ ਤਿੰਨ ਸੌ ਅੰਡਾ, ਮਾਰੇ ਚੀਕਾਂ ਦਿਖਾਵੇ ਝੰਡਾ (ਰੇਲ ਗੱਡੀ)।

ਹੋਰ ਫੁਟਕਲ ਬੁਝਾਰਤਾਂ ਵੀ ਮਿਲਦੀਆਂ ਹਨ ਜਿਹੜੀਆਂ ਵੱਖ-ਵੱਖ ਵਸਤਾਂ ਬਾਰੇ ਹਨ। ਅੰਗ-ਸਾਕ ਤੇ ਰਿਸ਼ਤੇ ਦਾ ਸੰਬੰਧ ਦੱਸਣ ਬਾਰੇ ਵੀ ਬੁਝਾਰਤਾਂ ਮਿਲਦੀਆਂ ਹਨ-

ਅਸੀਂ ਮਾਂਵਾਂ ਧੀਆਂ, ਤੁਸੀਂ ਮਾਂਵਾਂ ਧੀਆਂ, ਚਲੋ ਬਾਗ਼ ਵਿੱਚ ਜਾਈਏ, ਤਿੰਨ ਅੰਬ ਤੋੜ ਕੇ ਪੂਰਾ-ਪੂਰਾ ਖਾਈਏ (ਮਾਂ, ਧੀ, ਨਾਨੀ)।

ਕਹਾਣੀ ਦੀ ਵਿਆਖਿਆ ਕਰਨ ਵਾਲੀਆਂ ਬੁਝਾਰਤਾਂ ਵੀ ਬੜੀਆਂ ਰੋਚਕ ਹਨ:

ਹਰਾ ਦੁਪੱਟਾ ਲਾਲ ਕਿਨਾਰੀ, ਟੁੱਟ ਜਾਣੇ ਨੇ ਇੱਟ ਮੇਰੇ ਮਾਰੀ, ਭੀੜੀਆਂ ਨਾਸਾਂ ਭੀੜਾ ਮੂੰਹ, ਮੈਂ ਕੀ ਜਾਣਾਂ ਬੈਠੀ ਤੂੰ (ਰੁਖ 'ਤੇ ਬੈਠਾ ਤੋਤਾ ਅੰਬ ਟੁੱਕ ਕੇ ਥੱਲੇ ਕਾਟੋ ਦੇ ਮਾਰਦਾ ਹੈ-ਦੋਵਾਂ ਦੀ ਵਾਰਤਾ)।

ਕੁਝ ਬੁਝਾਰਤਾਂ ਪ੍ਰਸ਼ਨ- ਉੱਤਰ ਦੇ ਰੂਪ ਵਾਲੀਆਂ ਵੀ ਹਨ। ਨਾਟਕੀ ਵਾਰਤਾਲਾਪ ਵਾਲੀਆਂ ਬੁਝਾਰਤਾਂ ਵੀ ਮਿਲਦੀਆਂ ਹਨ :

ਨੀ ਸੁੱਖ ਸੁੱਤੀਏ, ਹਾਂ, ਫਾਹੇ ਟੰਗਿਆ (ਤਰ ਤੇ ਬਤਾਊਂ)

**ਅਖਾਣ**

ਕਿਸੇ ਅਜਿਹੀ ਆਖੀ ਹੋਈ ਗੱਲ ਨੂੰ ਅਖਾਣ ਕਹਿੰਦੇ ਹਨ ਜਿਸ ਦੇ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਜੀਵਨ ਦਾ ਤੱਤ ਨਿਚੋੜ ਸਮੋਇਆ ਹੋਵੇ। ਅਖਾਣਾਂ ਦੇ ਸ਼ਬਦਾਂ ਵਿੱਚ ਸਦੀਵੀ ਸੱਚ ਹੁੰਦਾ ਹੈ ਜਿਸ ਨੂੰ ਥੋੜ੍ਹੀ ਕੀਤੇ ਝੁਠਲਾਇਆ ਨਹੀਂ ਜਾ ਸਕਦਾ। ਇਸ ਲਈ ਅਖਾਣ ਸਰਬ ਪ੍ਰਵਾਨਿਤ ਹੁੰਦੇ ਹਨ।

**ਡਾ. ਵਣਜਾਰਾ ਬੇਦੀ ਅਨੁਸਾਰ** ਸੰਜਮ ਤੇ ਲੈਅ ਭਰਪੂਰ ਚੁਸਤ ਵਾਕ, ਜਿਨ੍ਹਾਂ ਵਿਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਣਾ ਪ੍ਰਭਾਵਸ਼ਾਲੀ ਵਿਧੀ ਨਾਲ ਸਮੋਇਆ ਹੋਵੇ, 'ਅਖਾਣ' ਹਨ।

**ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ** ਲੋਕਾਂ ਦੀ ਉਕਤਿ (ਕਹਾਵਤ), ਇੱਕ ਅਰਥਾਲੰਕਾਰ, ਲੋਕਾਂ ਦੇ ਮੂੰਹ ਚੜ੍ਹੀ ਅਖਾਉਤ ਨੂੰ ਕਿਸੇ ਮੁਨਾਸਿਬ ਮੌਕੇ ਪੁਰ ਕਹਿਣਾ ਅਖਾਣ ਜਾਂ ਲੋਕੋਕਤੀ(ਲੋਕਉਕਤੀ) ਹੈ।

**ਅਖਾਣਾਂ ਦੇ ਮੁੱਖ ਲੱਛਣ**

- ਅਖਾਣ ਰੂਪਕ ਪੱਖ ਤੋਂ (ਆਕਾਰ ਵਿੱਚ) ਛੋਟੇ, ਭਾਵ ਵਿੱਚ ਤਿੱਖੇ ਅਤੇ ਸ਼ੈਲੀ ਪੱਖੋਂ ਗੁੰਦਵੀਂ ਵਿਧੀ ਵਾਲੇ ਹੁੰਦੇ ਹਨ।

- ਇਹਨਾਂ ਦੀ ਘਾੜਤ ਬੜੀ ਜੋਖਵੀਂ (ਸੰਤੁਲਿਤ) ਅਤੇ ਚਾਲ ਲੈਅ ਭਰਪੂਰ ਹੁੰਦੀ ਹੈ।
- ਇਹਨਾਂ ਦਾ ਰੂਪ ਕਾਵਿਕ ਹੁੰਦਾ ਹੈ ਅਤੇ ਵਾਰਤਕ ਵਿਚ ਵੀ।
- ਅਖਾਣਾਂ ਦਾ ਸੁਭਾਅ ਵਿਅੰਗ ਦੀ ਵਿਧੀ ਰਾਹੀਂ ਸਹੀ ਪੱਖ ਦਾ ਬੋਧ ਕਰਵਾਉਣਾ ਹੁੰਦਾ ਹੈ।
- ਅਖਾਣ ਬਹੁਤ ਸਰਲ, ਕਾਵਿਕ ਅਤੇ ਛੋਟਾ ਹੁੰਦਾ ਹੈ ਜਿਸ ਕਾਰਨ ਛੇਤੀ ਹੀ ਯਾਦ ਹੋ ਜਾਂਦਾ ਹੈ।
- ਮਨੁੱਖੀ ਜੀਵਨ ਅਨੁਭਵ ਦਾ ਤਿੱਖਾ ਸੂਤਰ ਅਖਾਣਾਂ ਵਿਚ ਸਮਾਇਆ ਹੁੰਦਾ ਹੈ।
- ਅਖਾਣ ਸੰਖੇਪ, ਸਰਲ ਅਤੇ ਢੁੱਕਵੀਂ ਸ਼ੈਲੀ ਵਿਚ ਹੁੰਦਾ ਹੈ।
- ਅਖਾਣ ਸਰਬ ਪ੍ਰਵਾਨਤ ਹੁੰਦਾ ਹੈ।

**ਡਾ. ਵਣਜਾਰਾ ਬੇਦੀ** ਨੇ ਪੰਜਾਬੀ ਅਖਾਣਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਹੈ।

**ਪ੍ਰਤੱਖਵਾਚੀ ਅਖਾਣ-** ਪ੍ਰਤੱਖਵਾਚੀ ਅਖਾਣਾਂ ਦਾ ਅੰਤਰੀਵ ਭਾਵ ਕੋਈ ਨਹੀਂ ਹੁੰਦਾ, ਸਗੋਂ ਇਸ ਵਿਚਲੇ ਸ਼ਬਦ ਆਪਣੇ ਆਪ ਵਿੱਚ ਸਪਸ਼ਟ ਹੁੰਦੇ ਹਨ। ਜਿਵੇਂ:

ਸੌਂਕਣ ਕੋਈ ਸਹੇਲੀ ਨਹੀਂ, ਦੁਸ਼ਮਣ ਕੋਈ ਬੇਲੀ ਨਹੀਂ।

ਆਉਣ ਪਰਾਈਆਂ ਜਾਈਆਂ, ਨਿਖੇੜਨ ਸਕਿਆਂ ਭਾਈਆਂ।

**ਪ੍ਰਮਾਣਵਾਚੀ ਅਖਾਣ-** ਪ੍ਰਮਾਣਵਾਚੀ ਅਖਾਣਾਂ ਵਿੱਚ ਭਾਵਾਂ ਨੂੰ ਸਾਹਮਣੇ ਰੱਖਿਆ ਜਾਂਦਾ ਹੈ। ਜਿਵੇਂ:

ਜ਼ਾਤ ਦੀ ਕਿਰਲੀ, ਸ਼ਤੀਰਾਂ ਨੂੰ ਜੱਫੇ।

ਛਾਣਨੀ ਕੀ ਆਖਸੀ ਛੱਜੇ ਆਂ, ਜਿਸ ਦੇ ਨੌ ਸੌ ਵੇਧ।

ਦਾਖੇ ਹੱਥ ਨਾ ਅਪੜੇ ਆਖੇ ਥੂਹ ਕੋੜੀ।

**ਪ੍ਰਤੱਖ ਪ੍ਰਮਾਣਵਾਚੀ ਅਖਾਣ-** ਇਸ ਵਿੱਚ ਉਪਰ ਵਾਲੀਆਂ ਦੋਨੋਂ ਕਿਸਮਾਂ ਦੇ ਗੁਣ ਮਿਲਦੇ ਹਨ। ਜਿਵੇ:

ਜਿਨਾਂ ਗੁੜ ਪਾਈਏ ਉਨ੍ਹਾਂ ਹੀ ਮਿੱਠਾ ਹੁੰਦਾ ਹੈ।

ਭਿੜਨ ਸਾਨ੍ਹ, ਪਟੀਜਣ ਬੂਟੇ।

## ਮੁਹਾਵਰਾ

ਮੁਹਾਵਰੇ ਕਿਸੇ ਭਾਸ਼ਾ ਦੇ ਬੜੇ ਬਲਵਾਨ ਅੰਗ ਹੁੰਦੇ ਹਨ। ਇਹ ਲੋਕ ਭਾਸ਼ਾ ਤੋਂ ਸਾਹਿੱਤ ਵੱਲ ਯਾਤ੍ਰਾ ਕਰਦੇ ਹਨ ਅਤੇ ਲੋਕ ਜੀਵਨ ਦੀ ਪਰੰਪਰਾਗਤ ਸੰਪਤੀ ਹਨ। ਸਮਾਜ ਦਾ ਸੰਮਿਲਿਤ ਅਨੁਭਵ ਸੰਕੇਤਿਕ ਅਰਥਾਂ ਵਿਚ ਰੂੜ੍ਹ ਹੋ ਕੇ ਮੁਹਾਵਰਿਆਂ ਦੇ ਰੂਪ ਵਿਚ ਅਭਿਵਿਅਕਤੀ ਦਾ ਪ੍ਰਮੁੱਖ ਸਾਧਨ ਬਣ ਜਾਂਦਾ ਹੈ। ਮੁਹਾਵਰੇ ਵਿਚ ਨਾ ਤਾਂ ਸ਼ਬਦਾਂ ਦਾ ਕੋਸ਼ਗਤ ਅਰਥ ਹੁੰਦਾ ਹੈ ਅਤੇ ਨਾ ਹੀ ਮੁਹਾਵਰੇ ਵਿਚ ਵਰਤੇ ਗਏ ਸ਼ਬਦਾਂ ਦੇ ਸਥਾਨ ਤੇ ਉਨ੍ਹਾਂ ਦੇ ਸਮਾਨਾਰਥਕ ਸ਼ਬਦ ਰੱਖੇ ਜਾ ਸਕਦੇ ਹਨ, ਜਿਵੇਂ ਇਹ ਕੰਮ 'ਬੜੀ ਟੇਡੀ ਖੀਰ' ਹੈ ਤੋਂ ਭਾਵ ਕਠਿਨ ਕੰਮ ਹੈ ਨਾ ਕਿ ਦੁੱਧ ਚਾਵਲ ਤੇ ਚੀਨੀ ਤੋਂ ਪਕਾਇਆ ਗਿਆ ਭੋਜਨ। ਇਸੇ ਤਰ੍ਹਾਂ ਉਹ ਸ਼ਰਮ ਨਾਲ 'ਪਾਣੀ ਪਾਣੀ ਹੋ ਗਿਆ' ਦੀ ਥਾਂ ਤੇ 'ਜਲ ਜਲ ਹੋ ਗਿਆ' ਨਹੀਂ ਵਰਤਿਆ ਜਾ ਸਕਦਾ। ਮੁਹਾਵਰਿਆਂ ਵਿਚ ਕੋਸ਼ਗਤ ਅਰਥਾਂ ਦੀ ਅਵਹੇਲਨਾ ਕਾਰਣ ਹੀ ਅੰਗ੍ਰੇਜ਼ੀ ਵਿਚ ਇਹ ਗੱਲ ਪ੍ਰਸਿੱਧ ਹੈ ਕਿ ਮਹਾ ਮੂਰਖਾਂ ਦੇ ਗ਼ਲਤ ਵਚਨ ਹੀ ਮੁਹਾਵਰੇ ਬਣ ਜਾਂਦੇ ਹਨ।

**ਡਾ. ਕਿਰਪਾਲ ਸਿੰਘ ਕਜ਼ਾਕ** ਅਨੁਸਾਰ, ਮੁਹਾਵਰਾ ਤੋਂ ਭਾਵ ਹੈ ਕਿਰਿਆ ਸਹਿਤ ਅਜਿਹਾ ਵਾਕ ਜਿਸ ਦਾ ਕੋਈ ਵਿਸ਼ੇਸ਼ ਅਰਥ ਨਿਕਲਦਾ ਹੋਵੇ।

**ਡਾ. ਜੋਗਾ ਸਿੰਘ ਅਨੁਸਾਰ**, ਉਹ ਵਾਕਾਂਸ਼ ਜਿਸ ਦਾ ਅਰਥ ਮੁਢਲੇ ਕੋਸ਼ਗਤ ਅਰਥ ਤੋਂ ਅਲੱਗ ਹੁੰਦਾ ਹੈ, ਮੁਹਾਵਰਾ ਅਖਵਾਉਂਦਾ ਹੈ।

**ਡਾ. ਰਤਨ ਸਿੰਘ ਜੱਗੀ,** ਸਹਿਤ ਕੋਸ਼ ਪਰਿਭਾਸ਼ਕ ਸ਼ਬਦਾਵਲੀ ਵਿਚ ਵਿਸਥਾਰ ਵਿਚ ਪੰਜਾਬੀ ਮੁਹਾਵਰਿਆਂ ਦੇ ਸਰੂਪ ਬਾਰੇ ਚਰਚਾ ਕੀਤੀ ਹੈ। ਮੁਹਾਵਰਿਆਂ ਦੀ ਪੰਜਾਬੀ ਭਾਸ਼ਾ ਬਹੁਤ ਅਮੀਰ ਹੈ। ਇਸ ਦਾ ਕਾਰਣ ਇਹ ਹੈ ਕਿ ਪੰਜਾਬੀ ਲੋਕ ਗੱਲ ਜ਼ਰਾ ਠੁਕ ਨਾਲ ਕਰਦੇ ਹਨ। ਠੁਕ ਸ਼ਬਦ ਦੇ ਸੁੰਦਰ ਸੁਮੇਲ ਅਤੇ ਰੂੜ੍ਹ ਪ੍ਰਯੋਗ ਨਾਲ ਬੱਝਦਾ ਹੈ। ਠੁਕਦਾਰ ਸ਼ਬਦ-ਪ੍ਰਯੋਗ ਵਿਚੋਂ ਵੀ ਕੁਝ ਵਿਸ਼ੇਸ਼ ਉਕਤੀਆਂ ਮੁਹਾਵਰਿਆਂ ਦਾ ਰੂਪ ਧਾਰਣ ਕਰ ਲੈਂਦੀਆਂ ਹਨ। ਸ਼ਬਦ ਸਦਾ ਜਨਤਾ ਦੀ ਮੌਖਿਕ ਟਕਸਾਲ ਵਿਚ ਘੜੇ ਜਾਂਦੇ ਹਨ, ਉੱਥੋਂ ਹੀ ਇਨ੍ਹਾਂ ਨੂੰ ਵਿਸ਼ੇਸ਼ ਅਰਥ ਮਿਲਦੇ ਹਨ, ਸਹਿਜੇ ਸਹਿਜੇ ਅਰਥਾਂ ਵਿਚ ਵਿਸਤਾਰ ਹੁੰਦਾ ਹੈ, ਉਨ੍ਹਾਂ ਤੋਂ ਕਈ ਪ੍ਰਕਾਰ ਦੇ ਭਾਵ ਕੱਢੇ ਜਾਣ ਲੱਗਦੇ ਹਨ, ਭਾਵ ਕੱਢਣ ਦੀ ਇਸ ਪ੍ਰਕ੍ਰਿਆ ਵਿਚ ਕਈ ਵਾਰ ਮੂਲ ਅਰਕ ਵੀ ਬਦਲ ਜਾਂਦੇ ਹਨ। ਅਭਿਧਾ ਅਰਥ ਸ਼ਕਤੀ ਤੋਂ ਹਟ ਕੇ ਲਕਸ਼ਣਾ ਅਤੇ ਵਿਅੰਜਨਾ ਸ਼ਕਤੀਆਂ ਦੇ ਯੋਗ ਨਾਲ ਹੀ ਸ਼ਬਦ ਮੁਹਾਵਰਿਆਂ ਦਾ ਰੂਪ ਧਾਰਣ ਕਰਦੇ ਹਨ। ਉਨ੍ਹਾਂ ਦੇ ਅਰਥ ਕੋਸ਼ਾਂ ਵਿਚ ਦਿੱਤੇ ਅਰਥਾਂ ਤੋਂ ਭਿੰਨ ਹੋ ਜਾਂਦੇ ਹਨ। ਇਹ ਗੁੱਝੇ ਜਾਂ ਸੰਕੇਤਕ ਅਰਥ ਸਾਧਾਰਣ ਤੋਂ ਹਟਵੇਂ ਹੁੰਦੇ ਹਨ। ਉਦਾਹਰਣ ਵਜੋਂ ਅੱਖ ਸ਼ਬਦ ਦੀ ਲਵੋ, ਇਸ ਨਾਲ ਸੰਬੰਧਿਤ ਦਰਜਨਾਂ ਮੁਹਾਵਰੇ ਪੰਜਾਬੀ ਵਿਚ ਮੌਜੂਦ ਹਨ। 'ਅੱਖਾ 'ਤੇ ਬਿਠਾਉਣਾ' ਮੁਹਾਵਰਾ ਹੈ। ਇਸ ਦਾ ਕੋਸ਼ਗਤ ਅਰਥ ਅੱਖ ਉੱਤੇ ਕਿਸੇ ਚੀਜ਼ ਨੂੰ ਬਿਠਾਉਣਾ ਹੈ, ਪਰ ਪ੍ਰਯੋਗ ਵਿਚ ਇਸ ਦਾ ਅਰਥ ਹੈ ਕਿਸੇ ਪ੍ਰਤਿ ਸਨਮਾਨ ਦਾ ਭਾਵ ਪ੍ਰਗਟ ਕਰਨਾ। 'ਅੱਖਾਂ ਕੱਢਣੀਆਂ' ਦਾ ਅਰਥ ਅੱਖਾਂ ਨੂੰ ਬਾਹਰ ਕੱਢਣਾ ਦੀ ਥਾਂ ਤੇ ਗੁੱਸੇ ਹੋਣਾ ਹੈ। ਇਹ ਸੰਕੇਤਕ ਅਰਥ ਹੈ। ਇਸੇ ਤਰ੍ਹਾਂ 'ਅੱਖ ਆਉਣਾ' ਤੋਂ ਭਾਵ ਅੱਖ ਦਾ ਦੁਖਣਾ, 'ਅੱਖਾਂ ਨੀਵੀਆਂ ਕਰਨੀਆਂ' ਤੋਂ ਭਾਵ ਲਜਿਤ ਜਾਂ ਸ਼ਰਮਸਾਰ ਹੋਣਾ, 'ਅੱਖ ਚੁਰਾਉਣਾ' ਤੋਂ ਭਾਵ ਕਤਰਾਉਣਾ, ਬੇਰੁਖੀ ਪ੍ਰਗਟ ਕਰਨ, 'ਅੱਖ ਬਣਾਉਣਾ' ਤੋਂ ਭਾਵ ਅੱਖ ਨੂੰ ਆਪਰੇਸ਼ਨ ਰਾਹੀਂ ਠੀਕ ਕਰਾਉਣਾ, 'ਅੱਖ ਬਦਲ ਜਾਣਾ' ਤੋਂ ਭਾਵ ਸਲੂਕ ਜਾਂ ਵਿਵਹਾਰ ਵਿਚ ਫ਼ਰਕ ਪੈ ਜਾਣਾ

ਹੈ। ਇਨ੍ਹਾਂ ਹੀ ਲੀਹਾਂ ਤੇ ਹੋਰ ਅਨੇਕਾਂ ਸ਼ਬਦਾਂ ਤੋਂ ਮੁਹਾਵਰੇ ਬਣਦੇ ਹਨ। ਕੋਸ਼ ਵਾਲੇ ਅਰਥ ਤੋਂ ਹਟ ਕੇ ਸੰਕੇਤਕ ਅਰਥ ਨਿਸ਼ਚਿਤ ਹੋਣ ਪਿੱਛੇ ਪੂਰਾ ਇਤਿਹਾਸ ਹੈ। ਇਸ ਦਾ ਆਰੰਭ ਇਸ ਕੀਤਾ ਇਸ ਬਾਰੇ ਕਿਤੋਂ ਕੋਈ ਗਵਾਹੀ ਨਹੀਂ ਮਿਲਦੀ।

ਜਨ-ਜੀਵਨ ਜਾਂ ਲੋਕ-ਜੀਵਨ ਨਾਲ ਸੰਬੰਧਿਤ ਹੋਣ ਕਾਰਣ ਕਿਸੇ ਭਾਸ਼ਾ ਦੇ ਮੁਹਾਵਰੇ ਦੀ ਤਹਿ ਤਕ ਉਹੀ ਪਹੁੰਚ ਸਕਦਾ ਹੈ ਜਿਸ ਦੀ ਉਹ ਬੋਲੀ ਮਾਤ ਭਾਸ਼ਾ ਹੋਵੇ। ਗ਼ੈਰ-ਭਾਸ਼ੀ ਵਿਅਕਤੀ ਮੁਹਾਵਰਿਆਂ ਦੀ ਤਹਿ ਤਕ ਨਹੀਂ ਪਹੁੰਚ ਸਕਦਾ। ਪੰਜਾਬੀ ਵਿਚ 'ਚੜ੍ਹਾਈ ਕਰ ਜਾਣ' ਮੁਹਾਵਰਾ ਕਿਸੇ ਦੇ ਦੇਹਾਂਤ ਹੋਣ ਤੇ ਵਰਤਿਆ ਜਾਂਦਾ ਹੈ। ਪਰ ਇਕ ਵਾਰ ਇਕ ਪੰਜਾਬੀ ਪੁਸਤਕ ਦਾ ਹਿੰਦੀ ਵਿਚ ਅਨੁਵਾਦ ਕਰਦਿਆਂ ਇਕ ਹਿੰਦੀ-ਭਾਸ਼ੀ ਅਨੁਵਾਦਕ ਨੇ ਇਸ ਨੂੰ 'ਆਕ੍ਰਮਣ ਕਰਨਾ' ਲਿਖ ਦਿੱਤਾ। ਅਜਿਹਾ ਕਰਨ ਵਿਚ ਉਸ ਦੀ ਪੰਜਾਬੀ ਭਾਸ਼ਾ ਅਤੇ ਮੁਹਾਵਰੇ ਦੀ ਡੂੰਘੀ ਪਛਾਣ ਨਾ ਹੋਣਾ ਹੈ।

ਮੁਹਾਵਰਿਆਂ ਦੀ ਵਰਤੋਂ ਕਿਸੇ ਭਾਸ਼ਾਂ ਨੂੰ ਜਿੱਥੇ ਸ਼ਕਤੀ ਪ੍ਰਦਾਨ ਕਰਨੀ ਹੈ, ਉੱਥੇ ਉਸ ਵਿਚ ਸੰਕੋਚ ਵੀ ਪੈਦਾ ਕਰਦੀ ਹੈ। ਮੁਹਾਵਰੇ ਗਾਗਰ ਵਿਚ ਸਾਗਰ ਭਰ ਦਿੰਦੇ ਹਨ, ਭਾਸ਼ਾ ਵਿਚ ਇਕ ਖ਼ਾਸ ਤਰ੍ਹਾਂ ਦਾ ਰਸ ਜਾਂ ਸੁਆਦ ਭਰ ਦਿੰਦੇ ਹਨ, ਇਕ ਖਿੱਚ ਜਿਹੀ ਪੈਦਾ ਕਰ ਦਿੰਦੇ ਹਨ। ਮੁਹਾਵਰਿਆਂ ਦਾ ਮੂਲ ਆਧਾਰ ਲੋਕ-ਜੀਵਨ ਵਿਚ ਹੈ। ਲੋਕ-ਜੀਵਨ ਵਿਚ ਪੇਂਡੂ ਇਸਤ੍ਰੀਆਂ ਮੁਹਾਵਰੇ ਘੜਨ ਵਿਚ ਜ਼ਿਆਦਾ ਹਿੱਸਾ ਪਾਉਂਦੀਆਂ ਹਨ। ਠੁਕ ਨਾਲ ਗੱਲ ਕਰਨ ਵਾਲੀ ਇਸਤ੍ਰੀ ਜਿਉਂ ਜਿਉਂ ਬਿਰਧ ਹੁੰਦੀ ਜਾਏਗੀ, ਉਸ ਦੀ ਮੁਹਾਵਰਾ-ਸਿਰਜਣ-ਸ਼ਕਤੀ ਵੱਧਦੀ ਜਾਏਗੀ ਅਤੇ ਉਸ ਪਾਸ ਹੋਰ ਮੁਹਾਵਰਿਆਂ ਦਾ ਭੰਡਾਰ ਵੀ ਵੱਧਦਾ ਜਾਏਗਾ। ਕਈ ਵਾਰ ਸ਼ੁਭਤਾ ਸੂਚਕ ਸ਼ਬਦ ਪ੍ਰਯੋਗ ਵੀ ਮੂਲ ਅਰਥ ਤੋਂ ਹਟ ਕੇ ਮੁਹਾਵਰਾ ਬਣ ਜਾਂਦਾ ਹੈ। ਜਦੋਂ ਕੋਈ ਸ਼ਬਦ ਆਪਣੇ ਪ੍ਰਯੋਗ ਵਿਚ ਕਿਸੇ ਪ੍ਰਕਾਰ ਦੀ ਕੋਈ ਮਾੜੀ ਸੂਚਨਾ ਜਾਂ ਮਾੜਾ ਪ੍ਰਭਾਵ ਪਾਉਂਦਾ ਹੋਵੇ, ਤਾਂ ਉਸ ਮਾੜੇ ਪ੍ਰਭਾਵ ਨੂੰ ਖ਼ਤਮ ਕਰਨ ਲਈ ਕਿਸੇ ਸ਼ੁਭ ਜਾਂ ਸੁਖਾਵੇਂ ਸ਼ਬਦ ਦਾ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ ਕਿਸੇ ਦੇ ਦੇਹਾਂਤ ਨੂੰ 'ਸੁਅਰਗਵਾਸ ਹੋਣਾ', ਦੁਕਾਨ ਨੂੰ ਬੰਦ ਕਰਨ ਨੂੰ 'ਦੁਕਾਨ ਵਧਾਉਣਾ' ਕਿਹਾ ਜਾਂਦਾ ਹੈ। ਮਿੱਥਿਆ ਅਨੁਰੂਪਤਾ ਰਾਹੀਂ ਵੀ ਮੁਹਾਵਰੇ ਜਨਮ ਲੈਂਦੇ ਹਨ ਜਿਵੇਂ 'ਕਾਨ੍ਹ ਬਣੀ ਫਿਰਨਾ' ਜਾਂ 'ਅਫ਼ਲਾਤੂਨ ਹੋਣਾ' ਪਿੱਛੇ ਕਾਨ੍ਹ ਅਤੇ ਅਫ਼ਲਾਤੂਨ ਦੀਆਂ ਚਾਰਿਤ੍ਰਿਕ ਜਾਂ ਬੌਧਿਕ ਵਿਸ਼ੇਸ਼ਤਾਵਾਂ ਨੂੰ ਕਿਸੇ ਵਿਅਕਤੀ ਉਪਰ ਮਿੱਥਿਆ ਰੂਪ ਵਿਚ ਆਰੋਪਿਤ ਕਰਨਾ ਹੈ। ਇਸੇ ਤਰ੍ਹਾਂ ਅਤਿਕਥਨੀ ਰਾਹੀਂ ਵੀ ਮੁਹਾਵਰੇ ਜਨਮ ਲੈਂਦੇ ਹਨ ਜਿਵੇਂ ਕਿਸੇ ਚੀਜ਼ ਦੀ ਅਧਿਕ ਉਤਪੱਤੀ ਲਈ 'ਹੜ ਆਉਣਾ', ਅਧਿਕ ਸ਼ੋਰ ਸ਼ਰਾਬੇ ਲਈ 'ਤੂਫਾਨ ਖੜਾ ਕਰਨਾ' ਕਿਸੇ ਦੀ ਉਸਤਤਿ ਕਰਨ ਲਈ 'ਤਾਰੀਫ਼ ਦੇ ਪੁਲ ਬੰਨ੍ਹਣਾ' ਕਿਹਾ ਜਾਂਦਾ ਹੈ। ਕਈ ਵਾਰ ਪਜ ਪਾਉਣ ਲਈ ਵੀ ਸ਼ਬਦਾਂ ਦਾ ਆਮ ਨਾਲੋਂ ਵੱਖਰਾ ਪ੍ਰਯੋਗ ਮੁਹਾਵਰੇ ਦਾ ਰੂਪ ਧਾਰਣ ਕਰ ਲੈਂਦਾ ਹੈ ਜਿਵੇਂ ਕਿਸੇ ਨੂੰ ਘਰ ਅੰਦਰ ਪ੍ਰਵੇਸ਼ ਕਰਨ ਲਈ 'ਚਰਨ ਪਾਉਣਾ', ਬੈਠਣ ਲਈ 'ਤਸ਼ਰੀਫ਼ ਰੱਖਣਾ' ਕਿਹਾ ਜਾਂਦਾ ਹੈ। ਇਸੇ ਤਰ੍ਹਾਂ ਅਰਥ ਸੰਕੋਚ, ਅਰਥ ਵਿਸਤਾਰ, ਅਰਥ ਉਤਕਰਸ਼, ਅਰਥ ਅਪਕਰਸ਼ ਨਾਲ ਵੀਂ ਮੁਹਾਵਰੇ ਹੋਂਦ ਵਿਚ ਆਉਂਦੇ ਰਹਿੰਦੇ ਹਨ। ਕਿਸੇ ਵੀ ਸਾਧਨ ਰਾਹੀਂ ਕਿਸੇ ਸ਼ਬਦ ਦੇ ਅਭਿਧਾ-ਮੂਲਕ ਅਰਥ ਦੀ ਥਾਂ ਕਿਸੇ ਹੋਰ ਅਰਥ ਨੂੰ ਭਰਨਾ ਹੀ ਮੁਹਾਵਰੇ ਦੀ ਬਣਨ-ਪ੍ਰਕ੍ਰਿਆ ਹੈ।

ਮੁਹਾਵਰਿਆਂ ਦੀ ਬਣਨ-ਪ੍ਰਕ੍ਰਿਆ ਦੇ ਵੀ ਕਈ ਰੂਪ ਹਨ। ਇਨ੍ਹਾਂ ਵਿਚ ਪ੍ਰਮੁੱਖ ਵਿਧੀ ਹੈ ਨਾਂਵ ਤੇ ਕ੍ਰਿਆ ਦੇ ਸੰਯੋਗ ਨਾਲ, ਜਿਵੇਂ ਕਿਸੇ ਦੇ ਘਰ ਸੰਤਾਨ ਪੈਦਾ ਹੋਣ ਲਈ 'ਬੂਟਾ ਲਗਣਾ' ਮੁਹਾਵਰਾ ਬਣਦਾ ਹੈ, ਜ਼ਿੰਮੇਵਾਰੀ ਤੋਂ ਸੁਰਖ਼ਰੂ ਹੋਣ ਲਈ 'ਗੰਗਾ ਨਾਹੁਣਾ', ਬੇਸ਼ਰਮ ਸਿੱਧ ਕਰਨ ਲਈ 'ਲੋਈ ਲਾਹੁਣਾ' ਆਦਿ ਮੁਹਾਵਰਿਆਂ ਵਿਚ ਸ਼ਬਦ-ਕ੍ਰਿਆ ਸੰਯੋਗ ਵਿਧੀ ਵਰਤੀ ਗਈ ਹੈ। ਇਸੇ ਤਰ੍ਹਾਂ ਨਾਂਵਾਂ-ਨਾਂਵਾਂ ਦੇ ਸੰਯੋਗ, ਵਿਸ਼ੇਸ਼ਣਾਂ ਅਤੇ ਨਾਂਵਾਂ ਦੇ ਸੰਯੋਗ ਨਾਲ ਹੀ ਮੁਹਾਵਰੇ ਹੋਂਦ ਵਿਚ ਆਉਂਦੇ ਹਨ।

ਮੁਹਾਵਰਿਆਂ ਦਾ ਸੰਬੰਧ ਵੀ ਵੱਖ ਵੱਖ ਖੇਤਰਾਂ ਨਾਲ ਹੈ। ਕੁਝ ਮੁਹਾਵਰੇ ਕੇਵਲ ਮਨੁੱਖੀ ਸ਼ਰੀਰ ਨਾਲ ਸੰਬੰਧਿਤ ਹਨ, ਜਿਵੇਂ ਅੱਖ ਨਾਲ ਸੰਬੰਧਿਤ ਕੁਝ ਮੁਹਾਵਰਿਆਂ ਵੱਲ ਪਹਿਲਾਂ ਸੰਕੇਤ ਕੀਤਾ ਜਾ ਚੁੱਕਿਆ ਹੈ। ਇਸੇ ਤਰ੍ਹਾਂ ਨਕ ਨਾਲ ਸੰਬੰਧਿਤ ਕੁਝ ਮੁਹਾਵਰੇ ਹਨ ਜਿਵੇਂ 'ਨਕ ਉੱਤੇ ਮੱਖੀ ਨਾ ਬਹਿਣ ਦੇਣਾ', 'ਨਕ ਹੇਠ ਨਾ ਲਿਆਉਣਾ', 'ਨਕ ਚਾੜ੍ਹਨਾ', 'ਨਕ ਦਮ ਕਰਨਾ', 'ਨਕ ਨਕੇਲ ਪਾਉਣਾ', 'ਨਕ ਨਾਲ ਲਕੀਰਾਂ ਕਢਾਉਣਾ', 'ਨਕ ਵੱਡ ਦੇਣਾ' ਆਦਿ। ਦਿਲ ਨਾਲ ਸੰਬੰਧਿਤ ਵੀ ਕਈ ਮੁਹਾਵਰੇ ਪੰਜਾਬੀ ਵਿਚ ਵਰਤੇ ਜਾਂਦੇ ਹਨ, ਜਿਵੇਂ 'ਦਿਲ ਦੇਣਾ', 'ਦਿਲ ਲਗਣਾ', 'ਦਿਲ ਹੌਲਾ ਕਰਨਾ', 'ਦਿਲ ਕਾਇਮ ਰੱਖਣਾ', 'ਦਿਲ ਖੱਟਾ ਹੋਣਾ', 'ਦਿਲ ਵਿਚੋਂ ਕੱਢਣਾ', 'ਦਿਲ ਡੋਲਣਾ', 'ਦਿਲ ਤੋੜਨਾ' ਆਦਿ। ਇਸ ਤਰ੍ਹਾਂ ਦਿਮਾਗ਼, ਢਿਡ, ਪੈਰ, ਗਿਟੇ, ਬਗਲਾਂ, ਸਿਰ, ਵਾਲ ਆਦਿ ਨਾਲ ਅਨੇਕਾਂ ਮੁਹਾਵਰੇ ਜੁੜੇ ਹੋਏ ਹਨ, ਜਿਵੇਂ 'ਵਾਲ ਦੀ ਖਲ੍ਹ ਲਾਹੁਣਾ', 'ਗਿਟੇ ਭੰਨਣੇ', 'ਪੈਰ ਪਸਾਰਨਾ', 'ਸਿਰ ਖਾਉਣਾ', 'ਬਗਲਾਂ ਵਜਾਉਣਾ', 'ਦਿਮਾਗ਼ ਚਟਣਾ', 'ਢਿਡ ਵਿਚ ਚੂਹੇ ਨਚਣਾ'।

ਪੰਜਾਬ ਦੇ ਕਈ ਕਿੱਤਿਆਂ ਨਾਲ ਵੀ ਅਨੇਕ ਮੁਹਾਵਰੇ ਸੰਬੰਧਿਤ ਹਨ। ਦੁਕਾਨਦਾਰ ਦੁਆਰਾ ਘੱਟ ਤੋਲਣ ਦੀ ਕ੍ਰਿਆ ਲਈ 'ਠੂਗਾ ਮਾਰਨਾ', ਤਿਰਖਾਣ ਦੁਆਰਾ ਕਿਸੇ ਚੀਜ਼ ਨੂੰ ਵੇਖਣ ਲਈ 'ਠੋਕ ਵਜਾ ਕੇ ਵੇਖਣਾ', ਲੋਹਾਰ ਦੁਆਰਾ ਕਿਸੇ ਚੀਜ਼ ਨੂੰ ਸਿੱਧਾ ਕਰਨ ਲਈ 'ਤਕਲੇ ਵਾਂਗ ਸਿੱਧਾ ਕਰਨਾ' ਕਿਹਾ ਜਾਂਦਾ ਹੈ। ਇਤਿਹਾਸ ਮਿਥਿਹਾਸ ਨਾਲ ਹੀ ਸੰਬੰਧ ਰੱਖਦੇ ਕਈ ਮੁਹਾਵਰੇ ਪੰਜਾਬੀ ਵਿਚ ਪ੍ਰਚੱਲਿਤ ਹਨ, ਜਿਵੇਂ 'ਦਰੋਪਦੀ ਵਾਂਗ ਲਾਜ ਰੱਖਣਾ', 'ਮਹਾਭਾਰਤ ਛੋਹਣਾ'। ਇਸੇ ਤਰ੍ਹਾਂ ਰੀਤਾਂ ਰਿਵਾਜਾਂ, ਤਿਓਹਾਰਾਂ ਨਾਲ ਸੰਬੰਧਿਤ ਵੀ ਬਹੁਤ ਸਾਰੇ ਮੁਹਾਵਰੇ ਮਿਲ ਜਾਂਦੇ ਹਨ, ਜਿਵੇਂ 'ਈਦ ਦਾ ਚੰਨ ਹੋਣਾ', 'ਦਾਜ ਖਿਲਾਰਨਾ'। ਨਿਤ ਦੇ ਜੀਵਨ ਨਾਲ ਵੀ ਸੰਬੰਧਿਤ ਕਈ ਮੁਹਾਵਰੇ ਮਿਲਦੇ ਹਨ, ਜਿਵੇਂ 'ਅਗਾ ਸੁਆਰਨਾ', 'ਅਨ੍ਹੇਰ ਮਚਣਾ', 'ਇੱਟ ਨਾਲ ਇੱਟ ਖੜਕਾਉਣੀ', 'ਹੱਡ ਹਰਾਮ ਹੋਣਾ'। ਕਈ ਮੁਹਾਵਰੇ ਪਸ਼ੂਆਂ, ਪੰਛੀਆਂ ਨਾਲ ਵੀ ਸੰਬੰਧਿਤ ਹਨ ਜਿਵੇਂ 'ਭੇਡ ਚਾਲ', 'ਨਿਰੀ ਗਊ', 'ਤਿਤਰ ਹੋ ਜਾਣਾ', 'ਹਰਨ ਹੋ ਜਾਣਾ'। ਇਸੇ ਤਰ੍ਹਾਂ ਫੁੱਲਾਂ-ਫਲਾਂ, ਬਸਤ੍ਰਾਂ-ਸ਼ਸਤ੍ਰਾਂ, ਨਾਲ ਵੀ ਸੰਬੰਧਿਤ ਅਨੇਕ ਮੁਹਾਵਰੇ ਮਿਲਦੇ ਹਨ। ਸਮੁੱਚੇ ਤੌਰ ਤੇ ਪੰਜਾਬੀ ਮੁਹਾਵਰੇ ਪੰਜਾਬੀ ਜਨ-ਜੀਵਨ ਦੇ ਅਨੁਭਵ ਨੂੰ ਆਪਣੇ ਵਿਚ ਸਮੋਏ ਹੋਏ ਹਨ।

## ਲੋਕ ਵਾਰਾਂ

ਲੋਕ ਕਾਵਿ ਵਿਚੋਂ ਵਿਸ਼ਸ਼ਿਟ ਵਿੱਚ ਰੂਪਾਂਤਰਿਤ ਹੋਇਆ ਪਹਿਲਾ ਕਾਵਿ ਰੂਪ ਵਾਰ ਹੈ। ਪੰਜਾਬੀ ਸਾਹਿਤ ਵਿੱਚ ਵਾਰਾਂ ਦੀ ਪਰੰਪਰਾ ਨਾ ਕੇਵਲ ਬਹੁਤ ਪੁਰਾਣੀ ਹੈ ਸਗੋਂ ਇਹਨਾਂ ਦੀ ਰਚਨਾ ਅੱਜ ਵੀ ਹੋ ਰਹੀ ਹੈ। ਪੰਜਾਬ ਦੀ ਭੂਗੋਲਿਕ ਰਾਜਨੀਤਿਕ ਅਤੇ ਇਤਿਹਾਸਿਕ ਸਥਿਤੀ ਇਹਨਾਂ ਦੇ ਉਪਜਣ ਲਈ ਬਹੁਤ ਅਨੁਕੂਲ ਰਹੀ ਹੈ। ਇਥੋਂ ਦੇ ਵਸਨੀਕਾ ਨੂੰ ਆਦਿ ਕਾਲ ਤੋਂ ਹੀ ਬਾਹਰਲੇ ਹਮਲਾਵਰਾਂ ਨਾਲ ਲੋਹਾ ਲੈਣਾ ਪੈਂਦਾ ਰਿਹਾ ਹੈ, ਜਿਸ ਕਰਕੇ ਪੰਜਾਬ ਜੰਗ ਦਾ ਮੈਦਾਨ ਬਣਿਆ ਰਿਹਾ ਹੈ ਵੀਰ ਪੁਰਸ਼ ਜੰਗਾਂ ਦੇ ਨਾਇਕ ਹੁੰਦੇ ਹਨ, ਇਸ ਲਈ ਵਾਰ ਕਿਸੇ ਯੁੱਧ ਕਥਾਨਕ ਅਤੇ ਉਤਸ਼ਾਹੀ ਕਾਰਨਾਮੇ ਨੂੰ ਕੇਂਦਰ ਵਿੱਚ ਰੱਖ ਕੇ ਉਸਦਾ ਜੱਸ ਗਾਇਨ ਕਰਦੀ ਹੈ। ਵਾਰਾ ਰਚਣ ਅਤੇ ਗਾਉਣ ਦਾ ਕੰਮ ਡੂੰਮ, ਮਿਰਾਸੀ, ਭੰਡ ਜਾਂ ਢਾਡੀ ਕਰਿਆ ਕਰਦੇ ਸਨ ਜਿਸ ਦੇ ਇਵਜ਼ ਵਿੱਚ ਉਹਨਾਂ ਨੂੰ ਸਾਮੰਤ, ਜਗੀਰ ਦਾਰ ਅਤੇ ਰਜਵਾੜ੍ਹਿਆ ਵੱਲੋਂ ਨਕਦ ਇਨਾਮ ਤੋਹਫਿਆਂ ਅਤੇ ਹੋਰ ਕਈਆਂ ਰੂਪਾਂ ਵਿੱਚ ਆਰਥਿਕ ਸਹਾਇਤਾ ਪ੍ਰਾਪਤ ਹੁੰਦੀ ਸੀ। ਵਾਰਾ ਦਾ ਰੂਪ ਜ਼ਿਆਦਾਤਰ ਪੰਜਾਬ ਅਤੇ ਰਾਜਸਥਾਨ ਵਿੱਚ ਹੋਈਆ ਸੀ।

ਪੰਜਾਬੀ ਵਾਰ ਕਾਵਿ ਦੀ ਇੱਕ ਵਿਧਾ ਹੈ। ਵਾਰ ਸ਼ਬਦ ਦੀ ਉਤਪਤੀ ਬਾਰੇ ਵੱਖ-ਵੱਖ ਵਿਦਵਾਨਾ ਦੇ ਆਪਣੇ-ਆਪਣੇ ਮਤ ਹਨ। ਵਾਰ ਦੇ ਕਾਵਿ ਸ਼ਾਸਤਰ ਨੂੰ ਵਿਚਾਰਨ ਲੱਗਿਆ ਸਭ ਤੋਂ ਪਹਿਲਾ ਇਸ ਦੇ ਸ਼ਬਦ ਦੀ ਉਤਪਤੀ ਤੋਂ ਸ਼ੁਰੂ ਹੁੰਦੀ ਹੈ। ਜਿਵੇਂ ਭਾਈ ਕਾਨ੍ਹ ਸਿੰਘ ਨਾਭਾ ਦੇ ਮਹਾਨ ਕੋਸ਼ ਵਿੱਚ ਇਸ ਬਾਰੇ ਲਿਖਿਆ ਹੈ- ਯੁੱਧ ਸੰਬੰਧੀ ਕਾਵਯ ਉਹ ਰਚਨਾ ਜਿਸ ਵਿੱਚ ਸੁਰ-ਵੀਰਤਾ ਦਾ ਵਰਣਨ ਹੋਵੇ। ਵਾਰ ਸ਼ਬਦ ਦਾ ਅਰਥ ਪਉੜ੍ਹੀ ਛੰਦ ਭੀ ਹੋਇਆ ਹੈ, ਕਿਉਂ ਕਿ ਯੋਧਿਆਂ ਦੀ ਸੂਰਵੀਰਤਾ ਦਾ ਜੱਸ ਪੰਜਾਬੀ ਕਵੀਆ ਨੇ ਬਹੁਤ ਕਰਕੇ ਇਸੇ ਛੰਦ ਵਿੱਚ ਲਿਖਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕਰਤਾਰ ਦੀ ਮਹਿਮਾ ਭਰੀ ਬਾਣੀ ਜੋ ਪਾਉੜ੍ਹੀ ਛੰਦਾ ਨਾਲ ਸਲੋਕ ਮਿਲਾ ਕੇ ਲਿਖੀ ਗਈ ਹੈ, ਵਾਰ ਨਾਮ ਤੋਂ ਪ੍ਰਸਿੱਧ ਹੈ।

**ਡਾ. ਰਤਨ ਸਿੰਘ ਜੱਗੀ** ਨੇ ਸਾਹਿਤ ਕੋਸ਼ ਵਿੱਚ ਵਾਰ ਬਾਰੇ ਲਿਖਿਆਂ ਹੈ- ਵਾਰ ਸ਼ਬਦ ਸੰਸਕ੍ਰਿਤ ਦੇ ਵਾਰਣ ਸ਼ਬਦ ਤੋਂ ਵਿਉਤਪਤ ਪ੍ਰਤੀਤ ਹੁੰਦਾ ਹੈ ਕਿਉਂਕਿ ਇਸ ਵਿੱਚ ਵਰਣਿਤ ਵਿਸ਼ੈ ਦਾ ਉਚਿਤ ਪ੍ਰਭਵ ਪਾਉਣ ਲਈ ਘਟਨਾਵਾਂ ਦਾ ਵਾਰ-2 ਉਲੇਖ ਹੁੰਦਾ ਹੈ ਕਈ ਵਿਦਵਾਨਾ ਦਾ ਮਤ ਹੈ ਕਿ ਢਾਡੀ ਆਪਣੇ ਆਸਰਾ ਦਾਤਿਆ ਦੇ ਬਾਰਾ (ਦਰਵਾਜ਼ਿਆਂ) `ਤੇ ਜਾ ਕੇ ਉਹਨਾਂ ਦੀ ਅਤੇ ਉਹਨਾਂ ਦੀ ਕੁੱਲ ਪਰੰਪਰਾ ਦੀ ਸਿਫ਼ਤ ਕਰਦੇ ਨੂੰ ਸਮੋਏ ਅਤੇ ਸਿਫ਼ਤ ਨਾਇਕ ਦੇ ਵੀਰ ਪੱਖ ਨਾਲ ਸਬੰਧ ਰੱਖਦੀ ਹੋਵੇ ਵਾਰ ਆਖਿਆ ਜਾਣ ਲੱਗਾ।

ਵਾਰ ਸ਼ਬਦ ਦੀ ਉੱਤਪਤੀ ਸੰਸਕ੍ਰਿਤ ਦੀ (ਬਿ) ਧਾਤੂ ਤੋਂ ਮੰਨੀ ਜਾਂਦੀ ਹੈ ਜਿਸ ਦਾ ਪ੍ਰਮੁੱਖ ਅਰਥ ਵਾਰ ਕਰਨ ਜਾਂ ਵਾਰ ਰੋਕਣਾ। ਰਾਜਸਥਾਨੀ ਭਾਸ਼ਾ ਵਿੱਚ ਇਸ ਦਾ ਅਰਥ ਸਹਾਇਤਾ ਲਈ ਪੁਕਾਰਨਾ ਵੀ ਹੈ। ਇਸ ਕਾਵਿ ਰੂਪ ਵਿੱਚ ਜੋਸ਼ ਨਿਰਡਤਾ ਨੂੰ ਉਜਾਗਰ ਕਰਨ ਦੀ ਸਮੱਰਥਾ ਹੰੁਦੀ ਹੈ। ਇਸ ਸ਼ਬਦ ਦੀ ਵਿਓੁਤ ਨੂੰ ਜ਼ਿਆਦਾਤਰੂ ਵਾਰ ਦੀ ਧਾਤੂ ਤੋਂ ਹੀ ਮੰਨੀ ਜਾਂਦੀ ਹੈ।

ਵਾਰ ਵਿੱਚ ਪਾਉੜ੍ਹੀ ਛੰਦ ਦੀ ਵਰਤੋਂ ਕੀਤੀ ਗਈ ਹੈ ਪਾਉੜ੍ਹੀ ਦੇ ਦੋ ਭੇਦ ਹਨ ਸਿਰਖੀਡੀ ਅਤੇ ਨਿਸ਼ਾਨੀ। ਵਾਰ ਡੂੰਮਾ ਮਰਾਸੀਆਂ ਰਾਹੀਂ ਲੋਕਾਂ ਦੇਦ ਸਮੂਹ ਨੂੰ ਸੰਬੋਧਨ ਕਰਕੇ ਸੁਣਾਈ ਜਾਂਦੀ ਸੀ। ਇਸ ਲਈ ਵਾਰ ਵਿੱਚ ਸੰਬੋਧਨੀ ਪ੍ਰਕਿਰਿਆਂ ਵੀ ਪਾਈ ਜਾਂਦੀ ਸੀ। ਇਸ ਕਰਕੇ ਵਾਰ ਦਾ ਰੂਪ ਬਹੁਤ ਲੋਕਿਕ ਹੁੰਦਾ ਸੀ। ਵਾਰ ਪੰਜਾਬੀਆਂ ਦੇ ਸਾਹਿਤ ਅਤੇ ਸਭਿਆਚਾਰ ਨਾਲ ਡੂੰਘੀ ਤਰ੍ਹਾਂ ਜੁੜ੍ਹਿਆ ਹੋਇਆ ਹੈ। ਪੂਰਵ ਨਾਨਕ ਕਾਲ ਦੀਆਂ ਵਾਰਾਂ ਜਿਨ੍ਹਾਂ ਨੂੰ ਲੋਕ ਵਾਰਾ ਦਾ ਨਾਮ ਦਿੱਤਾ ਗਿਆ ਉਹ ਕਿਉਂਕਿ ਇਹਨਾਂ ਵਾਰਾ ਦੀ ਪ੍ਰਾਪਤੀ ਸਾਨੂੰ ਮੌਖਿਕ ਅਤੇ ਮਰਾਸੀਆਂ ਢਾਡੀਆਂ ਦੇ ਮੂੰਹੋਂ ਸੁਣ ਕੇ ਇਹਨਾਂ ਦੀ ਮੌਜੂਦਗੀ ਦਾ ਪਤਾ ਚਲਦਾ ਹੈ। ਇਹਨਾਂ ਲੋਕ ਵਾਰਾਂ ਨੇ ਪੰਜਾਬੀ ਵਾਰ ਦੀ ਨੀਂਹ ਪਕੇਰੀ ਕੀਤੀ। ਇਹ ਨਾਂ ਵਾਰਾ ਦਾ ਸਬੰਧ ਲੋਕ-ਧਾਰਾ ਨਾਲ ਸਬੰਧ ਹੋਣ ਕਰਕੇ ਲੋਕਵਾਰਾ ਦਾ ਸਰੂਪ ਲੋਕ ਕਾਵਿ ਵਾਲਾ ਬਣਿਆ। ਠੇਠ ਪੰਜਾਬੀ ਵਿੱਚ ਪਰ ਮੌਖਿਕ ਰੂਪ ਵਿੱਚ ਭੱਟਾਂ ਰਾਹੀ ਸਾਡੇ ਤੱਕ ਪਹੁੰਚੀਆਂ ਇਹਨਾਂ ਵਾਰਾਂ ਦੇ ਸੰਖੇਪ `ਤੇ ਅਧੂਰੇ ਕਥਾਨਕ ਵੇਰਵੇ ਹੀ ਲੱਭਦੇ ਹਨ। ਅਗਿਆਤ ਕਵੀਆਂ ਵੱਲੋਂ ਰਚੀਆਂ ਗਈਆਂ ਇਹਨਾਂ ਲੋਕ ਵਾਰਾਂ ਦੀ ਪਹਿਚਾਣ ਸਭ ਤੋਂ ਪਹਿਲਾਂ ਨਿਰਮਲਾ ਪੰਥੀ ਪੰਡਿਤ ਤਾਰਾ ਸਿੰਘ ਨਰੋਤਮ ਨੇ 'ਗੁਰਮਤਿ ਨਿਰਵੈ ਸਾਰਗ` (1819 ਈ.) ਨਾਮ ਦੀ ਆਪਣੀ ਪੁਸਤਕ ਵਿੱਚ ਕਰਵਾਈ। ਪੰਡਿਤ ਨਰੋਤਮ ਨੇ ਉਹ ਇਤਿਹਾਸਕ ਘਟਨਾਵਾਂ ਵੀ ਬਿਆਨ ਕੀਤੀਆ ਜਿਨ੍ਹਾਂ ਦੇ ਆਧਾਰ ਉੱਤੇ ਧੁਨੀਆਂ ਵਾਲੀਆਂ ਵਾਰਾ ਲਿਖੀਆ ਗਈਆਂ। ਇਹ ਵਾਰਾ ਰਾਜਸਥਾਨਨ ਦੇ ਰਾਜਪੂਤ ਦੀ ਆਪਸੀ ਨਿੱਕੀਆਂ ਵੱਡੀਆਂ ਭੇੜਾਂ ਬਾਰੇ ਹਨ ਜਿਨ੍ਹਾਂ ਵਿਚੋਂ ਕੁਝ ਮੁਸਲਮਾਨ ਬਣ ਚੁੱਕੇ ਸਨ। ਆਦਿ ਗ੍ਰੰਥ ਵਿੱਚ ਜਿਨ੍ਹਾਂ ਨੇਂ ਵਾਰਾ ਦੀਆਂ ਲੋਕ ਧੁਨੀਆਂ ਦਾ ਪਾਲਣ ਕਰਨ ਦੀ ਸਲਾਹ ਦਿੱਤੀ ਗਈ ਹੈ ਉਹ ਹੇਠ ਲਿਖੇ ਅਨੁਸਾਰ ਹੈ।

## ਸਾਰਾਂਸ਼

ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕ-ਸਾਹਿਤ ਪੰਜਾਬੀ ਸਾਹਿਤ ਦਾ ਮਹੱਤਵਪੂਰਨ ਅਤੇ ਨਿੱਗਰ ਭਾਗ ਹੈ। ਪੰਜਾਬੀ ਲੋਕ-ਸਾਹਿਤ ਦੀ ਅਸਲ ਅਤੇ ਵਡੇਰੀ ਪਰੰਪਰਾ ਮੌਖਿਕ ਹੈ। ਪਿਛਲੇ ਕੁਝ ਵਰਿਆ ਵਿੱਚ ਅੰਸ਼ਿਕ ਰੂਪ ਵਿੱਚ ਇਸ ਨੂੰ ਲਿਪੀ-ਬੱਧ ਕਰਨ ਦੇ ਉਦਮ ਹੋਏ ਹਨ। ਪੰਜਾਬੀ ਲੋਕ-ਸਾਹਿਤ ਵਿੱਚ ਲੋਕ-ਗੀਤ (ਸੁਹਾਗ , ਘੋੜੀਆਂ, ਸਿਠਣੀਆਂ, ਢੋਲੇ, ਟੱਪੇ,ਬੋਲਿਆਂ, ਮਾਹੀਏ, ਅਲਾਹੁਣੀਆਂ, ਆਦਿ) ਲੋਕ ਵਾਰਤਕ ਬਿਰਤਾਂਤ (ਬਾਤਾਂ, ਸਾਖੀਆਂ, ਮਿੱਥ-ਕਥਾਵਾਂ, ਦੰਤ-ਕਥਾਵਾਂ, ਪਰੀ-ਕਥਾਵਾਂ, ਪ੍ਰੀਤ-ਕਥਾਵਾਂ ਆਦਿ) ਅਤੇ ਬੁਝਾਰਤਾਂ, ਅਖਾਣ ਆਦਿ ਸ਼ਾਮਿਲ ਹਨ।

ਲੋਕ-ਸਾਹਿਤ ਹਮੇਸ਼ਾਂ ਵਿਸ਼ਿਸ਼ਟ ਸਾਹਿਤ* ਨੂੰ ਪ੍ਰੇਰਨਾ ਤੇ ਸ਼ਕਤੀ ਪ੍ਰਦਾਨ ਕਰਦਾ ਰਿਆ ਹੈ। ਪਰ ਲੋਕ ਸਹਿਤ ਦੀ ਵਡਿਆਈ ਇਸ ਵਿੱਚ ਝਲਕਦੇ ਸੱਭਿਆਚਾਰਿਕ ਰੰਗ ਕਾਰਨ ਹੁੰਦੀ ਹੈ।ਲੋਕ-ਸਾਹਿਤ ਲੋਕਾਂ ਦੀਆਂ ਰੀਝਾਂ, ਉਮੰਗਾਂ ਅਤੇ ਦੁੱਖਾਂ-ਗ਼ਮਾਂ ਸਮੇਤ ਵਿਸ਼ਵਾਸਾਂ, ਧਾਰਨਾਵਾਂ, ਰਹੁ-ਰੀਤੀਆਂ, ਰੂੜੀਆਂ ਆਦਿ ਨਾਲ ਓਤਪੋਤ ਹੁੰਦਾ ਹੈ।

ਲੋਕ-ਸਾਹਿਤ ਦੀ ਕਿਸੇ ਵੀ ਰਚਨਾ ਦਾ ਮੂਲ-ਰੂਪ ਵਿੱਚ ਕੋਈ ਨਾ ਕੋਈ ਗੁਮਨਾਮ ਰਚਨਾਕਾਰ ਹੁੰਦਾ ਹੈ।ਉਹ ਰਚਨਾ ਲੋਕ-ਮਨ ਨੂੰ ਟੁੰਬਦੀ ਹੈ।ਫਿਰ ਜਿਉਂ-ਜਿਉਂ ਮੌਖਿਕ ਰੂਪ ਵਿੱਚ ਅੱਗੇ ਚਲਦੀ ਹੈ,ਇਸ ਵਿੱਚ ਘਾਟੇ-ਵਾਧੇ ਵੀ ਹੋਈ ਜਾਂਦੇ ਹਨ ਅਤੇ ਲੋਕ ਮਨ ਅਨੁਸਾਰ ਇਸ ਦਾ ਤਰਾਸ਼ਿਆ ਤੇ ਸੰਵਰਿਆ ਰੂਪ ਵੀ ਬਣਦਾ ਰਹਿੰਦਾ ਹੈ।

ਅਜੋਕੇ ਸਮੇਂ ਵਿੱਚ ਲੋਕ-ਸਾਹਿਤ ਲਿਪੀ-ਬੱਧ ਕੀਤਾ ਜਾਣਾ ਸ਼ੁਰੂ ਹੋਇਆ ਹੈ, ਪਰ ਇਹ ਗੋੜ੍ਹੇ ਵਿੱਚੋਂ ਇੱਕ ਪੂਣੀ ਕੱਤਣ ਜਿਹੀ ਹੀ ਗੱਲ ਹੈ। ਬਹੁਤ ਸਾਰਾ ਲੋਕ-ਸਾਹਿਤ ਅਜੇ ਸਾਂਭਣ ਵਾਲਾ ਹੈ।ਇਹ ਸਾਡੀ ਭਾਂਸ਼ਾ ਅਤੇ ਸੱਭਿਆਚਾਰ ਦਾ ਅਮੀਰ ਖ਼ਜਾਨਾ ਹੈ।

## ਕੇਂਦਰੀ ਸ਼ਬਦ

- **ਲੋਕ ਸਾਹਿਤ** ਲੋਕ ਸੰਸਕ੍ਰਿਤੀ ਦੇ ਅੰਸ਼ਾਂ ਨਾਲ ਭਰੀ ਹੋਈ ਲੋਕ ਮਾਨਸ ਦੀ ਸਹਿਜ-ਸੁਭਾਵਿਕ ਅਭਿਵਿਅਕਤੀ ਹੈ, ਜਿਸ ਦਾ ਸੰਚਾਰ ਲੋਕ ਬੋਲੀ ਦੁਆਰਾ ਮੌਖਿਕ ਰੂਪ ਵਿੱਚ ਹੋਇਆ ਹੋਵੇ। ਇਸ ਰਚਨਾ ਨਾਲ਼ ਕਿਸੇ ਵੀ ਲੇਖਕ ਦਾ ਨਾਮ ਜੁੜਿਆ ਹੋਇਆ ਨਹੀਂ ਹੁੰਦਾ ਤੇ ਇੱਕ ਲੋਕ-ਸਮੂਹ ਦੀ ਪ੍ਰਵਾਨਗੀ ਲੈ ਕੇ ਪੀੜ੍ਹੀਓ-ਪੀੜ੍ਹੀ ਅੱਗੇ ਚੱਲਦੀ ਹੈ।
- **ਲੋਕ-ਗੀਤ,** ਲੋਕਾਂ ਦੇ ਗੀਤ ਹੁੰਦੇ ਹਨ। ਇਸ ਕਰ ਕੇ ਲੋਕ-ਗੀਤਾਂ ਨੂੰ ਕਿਸੇ ਖ਼ਾਸ ਵਿਅਕਤੀ ਦੀ ਰਚਨਾ ਨਹੀਂ ਕਿਹਾ ਜਾਂਦਾ ਸਗੋਂ ਇਹ ਤਾਂ ਇੱਕ ਖ਼ਾਸ ਸਮੂਹ ਦੇ ਲੋਕਾਂ ਦੀ ਰਚਨਾ ਮੰਨੇ ਜਾਂਦੇ ਹਨ।
- **ਲੋਕ ਕਹਾਣੀ** ਤੋਂ ਭਾਵ ਅਜਿਹਾ ਪਰੰਪਰਾਗਤ ਬਿਰਤਾਂਤ ਹੈ ਜਿਸ ਵਿੱਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਲੋਕ ਸਮੂਹ ਨੇ ਜਿਸ ਨੂੰ ਪ੍ਰਵਾਨਗੀ ਦੇ ਕੇ ਪੀੜ੍ਹੀ ਦਰ ਪੀੜ੍ਹੀ ਅੱਗੇ ਤੋਰਿਆ ਹੋਵੇ।
- **ਅਖਾਣ** ਕਿਸੇ ਅਜਿਹੀ ਆਖੀ ਹੋਈ ਗੱਲ ਨੂੰ ਕਹਿੰਦੇ ਹਨ ਜਿਸ ਦੇ ਥੋੜ੍ਹੇ ਜਿਹੇ ਸ਼ਬਦਾਂ ਵਿੱਚ ਜੀਵਨ ਦਾ ਤੱਤ ਨਿਚੋੜ ਸਮੋਇਆ ਹੋਵੇ।
- **ਬੁਝਾਰਤ** ਕਾਵਿਮਈ ਢੰਗ ਨਾਲ ਕੁਝ ਵਾਕੰਸ਼ ਬੋਲੇ ਜਾਂਦੇ ਹਨ ਤੇ ਸੁਣਨ ਵਾਲਿਆਂ ਤੋਂ ਇਸ ਦਾ ਉੱਤਰ ਬੁਝਾਇਆ ਜਾਂਦਾ ਹੈ।
- **ਮੁਹਾਵਰਾ** ਤੋਂ ਭਾਵ ਹੈ ਕਿਰਿਆ ਸਹਿਤ ਅਜਿਹਾ ਵਾਕ ਜਿਸ ਦਾ ਕੋਈ ਵਿਸ਼ੇਸ਼ ਅਰਥ ਨਿਕਲਦਾ ਹੋਵੇ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪ੍ਰਸ਼ਨ ਤੇ ਉੱਤਰ ਦਾ ਸਬੰਧ ਕਿਸ ਲੋਕ ਗੀਤ ਦੀ ਵਿਸ਼ੇਸ਼ਤਾ ਹੈ।**

ੳ) ਟੱਪਾ

ਅ) ਸਿੱਠਣੀ

ੲ) ਬੁਝਾਰਤ

ਸ) ਅਖਾਣ

**ਪ੍ਰਸ਼ਨ 2. ਨਿੱਕੀ ਬੋਲੀ ਦੀ ਵਿਸ਼ਸ਼ਤਾ ਨਹੀ ਹੈ?**

ੳ) ਦੋ ਤੁਕੀ ਬੋਲੀ

ਅ) ਤੋੜਾ

ੲ) ਸਮੂਹਕ ਗਾਨ

ਸ) ਰਾਗ

**ਪ੍ਰਸ਼ਨ 3. ਲੰਮੀ ਬੋਲੀ ਦੀ......ਵਿਸ਼ੇਸ਼ਤਾ ਹੈ।**

ੳ) ਦੋ ਤੁਕੀ ਬੋਲੀ

ਅ) ਵਿਅਕਤੀਗਤ ਗਾਨ

ੲ) ਇਕਹਿਰਾ ਥੀਮ

ਸ) ਇਕ ਤੁਕੀ ਬੋਲੀ

**ਪ੍ਰਸ਼ਨ 4. ਲੋਕ ਬੋਲੀ ਵਿਚ ਤੋੜਾ ਤੋਂ ਕੀ ਭਾਵ ਹੈ?**

ੳ) ਪਹਿਲੀ ਤੁਕ

ਅ) ਵਿਚਕਾਰਲੀ ਤੁਕ

ੲ) ਅੰਤਮ ਤੁਕ

ਸ) ਉਪਰੋਕਤ ਸਾਰੇ

**ਪ੍ਰਸ਼ਨ 5. ਲੋਕ ਗੀਤ ਦਾ ਅੰਗ ਨਹੀਂ ਹੈ।**

ੳ) ਸਾਜ਼

ਅ) ਨਾਚ

ੲ) ਤਾਲ

ਸ) ਕਥਾ

**ਪ੍ਰਸ਼ਨ 6. ਅਖਾਣਾਂ ਦਾ ਮੁੱਖ ਲੱਛਣ ਕਿਹੜਾ ਹੈ?**

ੳ) ਵਿਅੰਗ

ਅ) ਨਸੀਹਤ

ੲ) ਤਰਕ

ਸ) ਉਪਰੋਕਤ ਸਾਰੇ

**ਪ੍ਰਸ਼ਨ 7. ਅਖਾਣ ਤੋਂ ਭਾਵ ਹੈ?**

ੳ) ਜੀਵਨ ਬਾਰੇ ਕੋਈ ਤੱਥ ਜਾਂ ਨਿਰਣਾ

ਅ) ਜੀਵਨ ਬਾਰੇ ਕੋਈ ਲੋਕ ਵਿਸ਼ਵਾਸ਼

ੲ) ਜੀਵਨ ਬਾਰੇ ਕੋਈ ਧਾਰਮਿਕ ਵਿਸ਼ਵਾਸ਼

ਸ) ਜੀਵਨ ਬਾਰੇ ਕੋਈ ਲੋਕਾਚਾਰ

**ਪ੍ਰਸ਼ਨ 8. ਲੋਕ ਉਕਤਿ ਤੋਂ ਕੀ ਭਾਵ ਹੈ?**

ੳ) ਲੋਕ ਵਿਸ਼ਵਾਸ਼

ਅ) ਲੋਕ ਧਰਮ

ੲ) ਲੋਕ ਰਸਮ

ਸ) ਲੋਕ ਕਥਨ

**ਪ੍ਰਸ਼ਨ 9. ਲੋਕ ਅਖਾਣ ਕਿਸ ਦਾ ਭਾਗ ਹਨ?**

ੳ) ਲੋਕ ਵਿਸ਼ਵਾਸ਼ਾਂ ਦਾ

ਅ) ਲੋਕ ਸਾਹਿਤ ਦਾ

ੲ) ਲੋਕ ਰਸਮਾਂ ਦਾ

ਸ) ਲੋਕ ਧਰਮ ਦਾ

**ਪ੍ਰਸ਼ਨ 10. ਪੰਜਾਬੀ ਲੋਕ ਅਖਾਣ ਕਿਹੜੇ ਦੋ ਰੂਪਾਂ ਵਿਚ ਮਿਲਦੇ ਹਨ?**

ੳ) ਕਾਵਿਕ ਅਤੇ ਵਾਰਤਕ

ਅ) ਰਾਗ ਅਤੇ ਸੰਗੀਤ

ੲ) ਛੰਦ ਅਤੇ ਮਾਤਰਾ

ਸ) ਗਣ ਅਤੇ ਵਰਣ

**ਪ੍ਰਸ਼ਨ 11. ਸਿੱਠਣੀ ਲੋਕ ਗੀਤ ਰੂਪ ਦਾ ਮੁੱਖ ਮਨੋਰਥ ਕੀ ਹੈ?**

ੳ) ਉਸਤਤ ਕਰਨਾ

ਅ) ਸ਼ਗਨ ਮਨਾਉਣਾ

ੲ) ਵਿਅੰਗ ਕਰਨਾ

ਸ) ਸ਼ੋਕ ਮਨਾਉਣਾ

**ਪ੍ਰਸ਼ਨ 12. ਲੋਕ ਕਹਾਣੀ ਦੀ ਕੀ ਵਿਸ਼ੇਸ਼ਤਾ ਨਹੀਂ ਹੈ?**

ੳ) ਲੋਕਮਨ ਦੀ ਅਭਿਅਕਤੀ

ਅ) ਲੋਕ ਪ੍ਰਵਾਨਗੀ

ੲ) ਮੌਖਿਕਤਾ

ਸ) ਲਿਖਤੀ

**ਪ੍ਰਸ਼ਨ 13. ਹੇਅਰਾ................ਦੇ ਸੰਸਕਾਰਾਂ ਨਾਲ ਸਬੰਧਿਤ ਲੋਕ ਗੀਤ ਹੈ?**

ੳ) ਵਿਆਹ

ਅ) ਜਨਮ

ੲ) ਮੌਤ

ਸ) ਮੁੰਡੇ ਦੇ ਜਨਮ

**ਪ੍ਰਸ਼ਨ 14. ਲੋਰੀ ਕਿਸ ਨੂੰ ਸੰਬੋਧਿਤ ਹੁੰਦੀ ਹੈ?**

ੳ) ਬੱਚਿਆਂ ਨੂੰ

ਅ) ਬਜੁਰਗਾਂ ਨੂੰ

ੲ) ਔਰਤਾਂ ਨੂੰ

ਸ) ਨੌਜਵਾਨਾਂ ਨੂੰ

**ਪ੍ਰਸ਼ਨ 15. ਢੋਲਾ ਪੰਜਾਬ ਦੇ ਕਿਸ ਇਲਾਕੇ ਨਾਲ ਸਬੰਧਿਤ ਲੋਕ ਗੀਤ ਹੈ?**

ੳ) ਮਾਲਵੇ ਨਾਲ

ਅ) ਲਹਿੰਦੇ ਪੰਜਾਬ ਨਾਲ

ੲ) ਮਾਝੇ ਨਾਲ

ਸ) ਦੁਆਬੇ ਨਾਲ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1 ੲ** | **2 ਸ** | **3. ੲ** | **4. ੲ** | **5. ਸ** |
| **6. ਸ** | **7. ਸ** | **8. ਸ** | **9. ਅ** | **10. ੳ** |
| **11. ੲ** | **12. ਸ** | **13. ੳ** | **14. ੳ** | **15. ਅ** |

## ਅਭਿਆਸ ਪ੍ਰਸ਼ਨ

ਪ੍ਰਸ਼ਨ 1. ਲੋਕ ਗੀਤ ਤੋਂ ਕੀ ਭਾਵ ਹੈ? ਸਭਿਆਚਾਰ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।

ਪ੍ਰਸ਼ਨ 2. ਵਿਆਹ ਨਾਲ ਸਬੰਧਿਤ ਲੋਕ ਗੀਤਾਂ ਬਾਰੇ ਚਰਚਾ ਕਰੋ।

ਪ੍ਰਸ਼ਨ 3. ਅਖਾਣ ਤੇ ਮੁਹਾਵਰੇ ਦਾ ਸੰਕਲਪ ਸਪੱਸ਼ਟ ਕਰੋ। ਇਨ੍ਹਾਂ ਵਿਚਲੇ ਅੰਤਰ ਨੂੰ ਵੀ ਸਪਸ਼ਟ ਕਰੋ।

ਪ੍ਰਸ਼ਨ 4. ਬੁਝਾਰਤ ਲੋਕ ਕਾਵਿ ਦੀਆਂ ਵਿਸ਼ੇਸ਼ਤਾਵਾਂ ਉਲੀਕੋ।

ਪ੍ਰਸ਼ਨ 5. ਲੋਕ ਕਹਾਣੀ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਪੰਜਾਬੀ ਲੋਕ ਕਹਾਣੀਆਂ ਤੇ ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.

## ਵੈਬ ਲਿੰਕ

- https://pa.wikipedia.org/wiki/%E0%A8%B2%E0%A9%8B%E0%A8%95-%E0%A8%95%E0%A8%B9%E0%A8%BE%E0%A8%A3%E0%A9%80
- https://punjabipedia.org/topic.aspx?txt=%E0%A8%85%E0%A8%96%E0%A8%BE%E0%A8%A3
- https://punjabipedia.org/topic.aspx?txt=%E0%A8%B2%E0%A9%8B%E0%A8%95+%E0%A8%97%E0%A9%80%E0%A8%A4&k=4

*Satwant Singh, Lovely Professional University*

# ਅਧਿਆਇ-12 : ਪੰਜਾਬੀ ਲੋਕ ਨਾਚ, ਲੋਕ ਕਲਾਵਾਂ ਤੇ ਲੋਕ ਖੇਡਾਂ

**ਵਿਸ਼ਾ ਵਸਤੂ** **(Content)**

1. ਉਦੇਸ਼
2. ਭੂਮਿਕਾ
3. ਪੰਜਾਬੀ ਲੋਕ ਨਾਚ
4. ਲੋਕ ਕਲਾਵਾਂ
5. ਲੋਕ ਖੇਡਾਂ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਲੋਕ ਨਾਚਾਂ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬੀ ਲੋਕ ਕਲਾਵਾਂ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬੀ ਲੋਕ ਖੇਡਾਂ ਦੀ ਵੰਨਗੀਆਂ ਤੇ ਮਹੱਤਵ ਬਾਰੇ ਸਮਝਣਗੇ
- ਪੰਜਾਬੀ ਲੋਕਧਾਰਾ ਦੀਆਂ ਵਿਭਿੰਨ ਬਾਰੇ ਸਮਝ ਹਾਸਿਲ ਕਰਨਗੇ

## ਭੂਮਿਕਾ:

ਲੋਕ ਕਲਾ ਕਿਸੇ ਖਿੱਤੇ ਵਿੱਚ ਵੱਸਦੇ ਜਨ-ਸਮੂਹ ਦਾ ਉਹ ਸਾਂਝਾ ਹੁਨਰ ਹੁੰਦਾ ਹੈ ਜਿਸਨੂੰ ਸਮੇਂ ਦੇ ਵਿਕਾਸ ਨਾਲ ਲੋਕ ਮਾਨਸਿਕਤਾ ਦੀ ਪ੍ਰਵਾਨਗੀ ਪ੍ਰਾਪਤ ਹੋ ਗਈ ਹੋਵੇ। ਲੋਕ ਕਿੱਤੇ ਦਾ ਅਰਥ ਲੋਕਾਂ ਦੁਆਰਾ ਆਪਣੀ ਉਪਜੀਵਕਾ ਕਮਾਉਣ ਲਈ ਅਪਣਾਏ ਜਾਣ ਵਾਲੇ ਸ਼ਿਲਪ ਤੇ ਕਲਾ ਦੇ ਸੁਮੇਲਕ ਕਾਰਜਾਂ ਤੋਂ ਲਿਆ ਜਾਂਦਾ ਹੈ ਜੋ ਲੋਕਾਂ ਦੀ ਆਰਥਿਕਤਾ ਨਾਲ ਸਬੰਧਤ ਹੁੰਦੇ ਹਨ । ਇਹ ਵਿਸ਼ੇਸ਼ ਤੌਰ 'ਤੇ ਪੇਸ਼ੇਵਰ ਜਾਤੀਆਂ ਦੁਆਰਾ ਕੀਤੇ ਜਾਂਦੇ ਹਨ। ਕਿਸੇ ਇੱਕ ਵਿਅਕਤੀ ਦੁਆਰਾ ਕੀਤੇ ਜਾਣ 'ਤੇ ਵੀ ਇਹ ਸਮੂਹਿਕ ਸਿਰਜਣਾ ਦੀ ਭਾਵਨਾ ਰੱਖਦੇ ਹਨ। ਲੋਕ ਕਲਾ ਤੇ ਲੋਕ ਕਿੱਤੇ ਭਾਵੇਂ 'ਉਪਯੋਗਤਾ' ਤੇ 'ਮਾਨਸਿਕ ਸੰਤੁਸ਼ਟੀ' ਪੱਖੋਂ ਸਮਾਨ-ਅਰਥੀ ਲੱਗਦੇ ਪਰ ਇਨ੍ਹਾਂ ਵਿੱਚ ਵਿਸ਼ੇਸ਼ ਗੂੜ੍ਹੀ ਸਾਂਝ ਹੋਣ ਦੇ ਨਾਲ-ਨਾਲ ਵਖਰੇਵੇਂ ਦੇ ਅੰਸ਼ ਵੀ ਮੌਜੂਦ ਹਨ। ਇਸ ਪਾਠ ਦਾ ਮੰਤਵ ਵਿਦਿਆਰਥੀਆਂ ਨੂੰ ਲੋਕ ਨਾਚਾਂ, ਲੋਕ ਖਲਾਵਾਂ ਤੇ ਲੋਕ ਖੇਡਾਂ ਬਾਰੇ ਵਿਸਤ੍ਰਿਤ ਜਾਣਕਾਰੀ ਦੇਣਾ ਹੈ।

## ਲੋਕ-ਨਾਚ

ਨਾਚ ਦਾ ਮਨੁੱਖੀ ਜੀਵਨ ਨਾਲ ਅਨਿੱਖੜ ਸੰਬੰਧ ਹੈ। ਮਨੁੱਖ ਮਾਤਰ ਦਾ ਮੁੱਢਲਾ ਸੰਸਾਰ ਮਾਧਿਅਮ ਨਾਚ ਸੀ |ਇਸ ਦੀ ਪ੍ਰੰਪਰਾ ਮਨੁੱਖੀ ਜੀਵਨ ਦੇ ਇਤਿਹਾਸ ਜਿੰਨੀ ਪ੍ਰਾਚੀਨ ਹੈ। ਪ੍ਰਾਰੰਭਕ ਮਨੁੱਖ ਆਪਣੇ ਭਾਵਾਂ ਅਤੇ ਜਜ਼ਬਿਆਂ ਦਾ ਪ੍ਰਗਟਾਵਾ ਸਰੀਰਿਕ ਮੁਦਰਾਵਾਂ ਜਿਹੀ ਸੰਚਾਰ ਵਿਧੀ ਰਾਹੀਂ ਕਰਦਾ ਸੀ। ਇਸ ਤਰਾਂ ਇਹ ਮਨੁੱਖ ਦੀ ਮੁੱਢਲੀ ਪ੍ਰਦਰਸ਼ਨੀ ਹੋ ਨਿਬੱੜੀ। 'ਨਾਚ' ਸ਼ਬਦ ਨੂੰ ਵਿਆਕਰਣਕ ਸ਼ਬਦ

ਸ਼੍ਰੇਣੀ ਦੇ ਅੰਤਰਗਤ ਨਾਂਵ ਸ਼੍ਰੇਣੀ ਵਿੱਚ ਰੱਖਿਆ ਜਾਂਦਾ ਹੈ। 'ਨਾਚਕ' ਇਸ ਦਾ ਕਿਰਿਆਵੀ ਰੂਪ ਹੈ, ਜਿਸ ਦਾ ਅਰਥ 'ਲੈਅ' ਤਾਲ ਨਾਲ ਸਰੀਰ ਦੇ ਅੰਗਾਂ ਦੀ ਹਰਕਤ ਕਰਨੀ ਹੈ।

ਲੋਕ ਨਾਚ ਜਨ-ਜੀਵਨ ਦਾ ਮਹੱਤਪੂਰਨ ਅੰਗ ਹਨ। ਲੋਕ ਜੀਵਨ ਦੇ ਚਾਵਾਂ, ਉਮੰਗਾਂ, ਵਲਵਲਿਆ ਅਤੇ ਉਲਾਸ-ਭਾਵਾਂ ਨੂੰ ਪ੍ਰਗਟ ਕਰਨ ਵਾਲਾ ਹਰਮਨ-ਪਿਆਰਾ ਲੋਕ-ਨਾਚ ਹੀ ਹੈ। ਲੋਕ-ਨਾਚ ਲੋਕ-ਸਮੂਹ ਦੀ ਸਿਰਜਨ-ਕਲਾ ਦੀ ਇੱਕ ਮਹੱਤਵਪੂਰਨ ਵੰਨਗੀ ਹੈ, ਜੋ ਲੋਕ-ਮਾਨਸ ਦੇ ਸਮੁਚੇ ਹਾਵਾਂ-ਭਾਵਾਂ ਨੂੰ ਸਰੀਰਕ ਮੁੰਦਰਾਵਾਂ ਦੇ ਪ੍ਰਗਟਾਉ-ਸੰਦਰਵ ਰਾਹੀਂ ਪੇਸ਼ ਕਰਦੀ ਹੈ। ਵਿਚਾਰਾਂ, ਵਿਸ਼ਵਾਸਾ, ਮਿੱਥਾਂ, ਰਹੁ-ਰੀਤਾਂ ਸਰੀਰਕ ਬਣਤਰ ਅਤੇ ਕਾਰਜ ਸਮਰੱਥਾਂ ਦੀ ਕੁਸ਼ਲਤਾ ਨਾਲ ਲੋਕ-ਨਾਚਾਂ ਦੀ ਪ੍ਰਕਿਰਤੀ ਨਿਰਧਾਰਿਤ ਕਰਦੀ ਹੈ। ਲੋਕ-ਨਾਚ ਸਧਾਰਨ ਲੋਕ-ਸਾਜ਼, ਸਧਾਰਨ ਪਹਿਰਾਵੇ ਅਤੇ ਜੀਵਨ ਦੇ ਸਰਵਪੱਖੀ ਵਿਸ਼ਲੇਸ਼ਣ ਨੂੰ ਪ੍ਰਸਤੁਤ ਕਰਨ ਵਾਲੇ ਲੋਕ-ਗੀਤਾਂ ਰਾਹੀਂ, ਬਿਨਾਂ ਕਿਸੇ ਕਰੜੀ ਨਿਯਮਾਵਲੀ ਨੂੰ ਅਪਣਾਇਆ, ਕਿਸੇ ਸਰਬ-ਸਾਂਝੀ ਥਾਂ ਤੇ ਪ੍ਰਸਤੁਤ ਕੀਤੇ ਜਾਂਦੇ ਹਨ। ਲੋਕ ਨਾਚ ਦੀ ਪ੍ਰੰਪਰਾ ਪ੍ਰਾਚੀਨ ਹੈ। ਲੋਕ ਨਾਚ ਸਭਿਆਚਾਰ ਦੇ ਜੀਵਨ ਦਾ ਮਹੱਤਵਪੂਨ ਅੰਗ ਬਣ ਚੁੱਕੇ ਹਨ। ਲੋਕ ਨਾਚ ਵਿੱਚ ਸਹਿਜ ਭਾਵ ਨਾਲ ਸੰਬੋਧਨ ਵੀ ਕੀਤਾ ਜਾਂਦਾ ਹੈ। ਲੋਕ-ਨਾਚ ਨੂੰ ਗੀਤਾ ਰਹੀ ਗਤੀ ਪ੍ਰਧਾਨ ਕੀਤੀ ਜਾਂਦੀ ਹੈ। ਕੁਝ ਲੋਕ ਨਾਚ ਰਾਗ ਅਤੇ ਤਾਲ ਪੱਖੋਂ ਵੀ ਸੁਤੰਤਰ ਹੁੰਦੇ ਹਨ ਅਤੇ ਕਿਸੇ ਸਾਜ਼ ਦੇ ਮੁਥਾਜ਼ ਵੀ ਨਹੀਂ ਹੁੰਦੇ ਅਤੇ ਉਨ੍ਹਾਂ ਦਾ ਪ੍ਰਗਟਾ ਕਰਨ ਲਈ ਹੱਥਾਂ ਦੀਆਂ ਤਾੜੀਆਂ ਦਾ ਸਹਾਰਾ ਵੀ ਲਿਆ ਜਾਂਦਾ ਹੈ। ਲੋਕ ਨਾਚ ਮਨੋਰੰਜਨ ਦਾ ਸਾਧਨ ਹੀ ਨਹੀਂ ਸਗੋਂ ਸਮਾਜਿਕ ਪਰਤਾਂ ਦਾ ਸਰੀਰਕ ਮੁੰਦਰਾਵਾਂ ਦੇ ਮਾਧਿਅਮ ਰਾਹੀਂ ਅੰਦਰੂਨੀ ਭਾਵਨਾਵਾਂ ਦਾਬਾਹਰੀ ਪ੍ਰਗਟਾਵਾ ਵੀ ਹੈ। ਇਹ ਪੁਸ਼ਤ-ਦਰ-ਪੁਸ਼ਤ ਹੋਰ ਲੋਕ-ਕਲਾਵਾਂ ਵਾਂਗ ਪ੍ਰਵਾਹਮਾਨ ਹੁੰਦਾ ਰਹਿੰਦਾ ਹੈ। ਸਮੇਂ ਸਥਾਨ ਅਤੇ ਨਚਾਰਾਂ ਦੀ ਗਿਣਤੀ ਸੰਬੰਧੀ ਇਸ ਵਿੱਚ ਕੋਈ ਪਾਬੰਧੀ ਨਹੀਂ ਹੁੰਦੀ। ਲੋਕ-ਨਾਚ ਨਾਲ ਸੰਬੰਧਿਤ ਸਾਜ਼-ਸੰਗੀਤ ਤੇ ਵੇਸ਼-ਭੂਸ਼ਾ ਜਨ-ਸਧਾਰਨ ਦੀ ਪਹੁੰਚ ਅਤੇ ਪੱਧਰ ਅਨੁਸਾਰ ਹੁੰਦੀ ਹੈ। ਲੋਕ ਨਾਚ ਦੀ ਉਮਰ ਪੰਜ ਹਜਾਰ ਪੂਰਵ ਈਸਵੀ ਹੋਣ ਦੇ ਪ੍ਰਮਾਣ ਮਿਲਦੇ ਹਨ। ਲੋਕ-ਨਾਚਾਂ ਨੇ ਇਥੋਂ ਦੇ ਜਨ ਜੀਵਨ ਵਿੱਚ ਇੱਕ ਵਿਸ਼ੇਸ਼ ਕਿਸਮ ਦੀ ਧੜਕਨ ਕਾਇਮ ਰੱਖੀ ਹੈ। ਪੰਜਾਬ ਦੇ ਸਮੁੱਚੇ ਲੋਕ-ਨਾਚ ਲੋਕਿਕ ਪ੍ਰਕਿਰਤੀ ਦੇ ਧਾਰਨੀ ਹਨ। ਖੁਸ਼ੀ ਦੇ ਹੁਲਾਰੇ ਵਿੱਚ ਮਸਤ ਹੋਏ ਗੱਭਰੂਆਂ ਅਤੇ ਮੁਟਿਆਰਾਂ ਦੇ ਪੈਰਾਂ ਦੀ ਥਾਪ ਲੋਕ-ਗੀਤ ਰੂਪਾਂ ਦੀ ਸੁਰ-ਤਾਲ ਵਿੱਚ ਢੋਲ ਜਾਂ ਹੋਰ ਲੋਕ-ਪ੍ਰਿਯ ਲੋਕ-ਸਾਜ ਦੀ ਤਾਲ ਤੇ ਪੰਜਾਬ ਦੇ ਸਮੁੱਚ ਨੂੰ ਉਜਾਗਰ ਕਰਦੀ ਹੈ।

**ਇਨਸਾਈਕਲੋਪੀਡੀਆ ਬ੍ਰਿਟੇਨਿਕਾ** ਵਿੱਚ ਅੰਕਿਤ ਇੰਦਰਾਜ ਅਨੁਸਾਰਾਚ ਕਲਾ ਸਰੀਰ ਨੂੰ ਤਾਲਮਈ ਤਰੀਕੇ ਨਾਲ ਹਰਕਤ ਵਿੱਚਲਿਆਉਣ ਦੀ ਕਲਾ ਹੈ। ਜੋ ਵਧੇਰੇ ਕਰਕੇ ਸੰਗੀਤ,ਸਹਿਤ ਕਿਸੇ ਜਜ਼ਬੇ, ਵਿਚਾਰ ਜਾਂ ਕਿਸੇ ਕਥਾ ਨੂੰ ਦਰਸਾਉਣ ਵਾਲੀ ਕਿਸੇ ਮੁਦਰਾ ਰਾਹੀਂ ਮਨੁੱਖ ਦੁਆਰਾ ਪ੍ਰਸੰਨਤਾ ਪ੍ਰਾਪਤ ਕਰਨ ਵਾਸਤੇ ਪ੍ਰਸਤੁਤ ਕੀਤੀ ਜਾਂਦੀ ਹੈ।

ਨਾਚ ਵੰਨਗੀਆਂ ਨਾਚ ਸਧਾਰਨ ਪੱਧਰ ਦੀ ਕਲਾ ਤੋਂ ਸ਼ੁਰੂ ਹੋਕੇ ਅਜੋਕੇ ਸਮੇਂ ਤੱਕ ਜਟਿਲ ਅਤੇ ਹੁਨਰੀ ਕਲਾਵਾਂ ਵਾਲੇ ਗੁਣਾਂ ਦੇ ਧਾਰਨੀ ਹੋਣ ਤੱਕ ਦਾ ਸਫ਼ਰ ਤੈਅ ਕਰ ਚੁੱਕਾ ਹੈ। ਸੰਸਾਰ ਦੇ ਵਿਭਿੰਨ ਦੇਸ਼ਾਂ, ਕੌਮਾਂ ਜਾਂ ਖਿੱਤਿਆਂ ਦੀ ਆਪੋ ਆਪਣੀ ਵਿਲੱਖਣ ਨਾਚ ਪਰੰਪਰਾ ਹੈ। ਇਸ ਨਾਚ ਪਰੰਪਰਾ ਦੇ ਅੰਤਰਗਤ ਨਾਚ ਦੀਆਂ ਅਨੇਕਾਂ ਵੰਨਗੀਆਂ ਹੋਂਦ ਵਿੱਚ ਆ ਚੁੱਕੀਆਂ ਹਨ। ਨਾਚ ਦੀ ਵਰਗਵੰਡ ਇਸ ਪ੍ਰਕਾਰ ਹੈ:

1. ਆਰੰਭਕ ਨਾਚ
2. ਕਬੀਲਾ ਨਾਚ
3. ਲੋਕ ਨਾਚ
4. ਸ਼ਾਸਤਰੀ ਨਾਚ
5. ਆਧੁਨਿਕ ਰਲਗੱਡ ਨਾਚ

ਨਾਚ ਦਾ ਇਹ ਵਰਗੀਕਰਨ ਨਾਚ ਕਲਾ ਦੀ ਪ੍ਰੰਪਰਾ ਵਿੱਚ ਜਿੱਥੇ ਹੁਣ ਤੱਕ ਦੀ ਖੋਜ ਅਨੁਸਾਰ ਵਿਗਿਆਨਕ ਦ੍ਰਿਸ਼ਟੀ ਦਾ ਧਾਰਨੀ ਆਖਿਆ ਜਾ ਸਕਦਾ ਹੈ, ਉੱਥੇ ਇਹ ਸਭਿਆਚਰਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਵੀ ਨਾਚ ਕਲਾ ਦੇ ਅਧਿਐਨ ਵਾਸਤੇ ਉਪਯੋਗੀ ਹੈ। ਲੋਕ ਨਾਚ ਦਾ ਪ੍ਰਾਚੀਨ ਕਾਲ ਤੋਂ ਮਨੁੱਖ ਦਾ ਨਾਚ ਨਾਲ ਸਬੰਧ ਰਿਹਾ ਹੈ। ਮਨੁੱਖੀ ਦੇ ਮਨ ਦੇ ਚਾਉ ਤੇ ਭਾਵਾਂ ਦਾ ਸਰੀਰਕ ਅੰਗਾਂ ਦੀਆਂ ਹਰਕਤਾਂ ਦੁਆਰਾ ਕੀਤਾ ਪ੍ਰਗਟਾਵਾ ਲੋਕ ਨਾਚ ਦਾ ਰੂਪ ਹੈ।

**ਸਟੈਂਡਰਡ ਡਿਕਸ਼ਨਰੀ ਆਫ ਫੋਕਲੋਰ ਅਨੁਸਾਰ,** ਲੋਕ ਨਾਚ ਜੀਵਨ ਦੀ ਸੰਕਟੀ ਅਵਸਰਾਂ ਤੇ ਹਰਕਤਾਂ ਦੇ ਰੂਪ ਵਿੱਚ ਸਮੂਹਿਕ ਪ੍ਰਤੀਕਰਮ ਹੈ, ਜਿਨ੍ਹਾਂ ਵਿੱਚ ਸਮੂਹ ਸ਼ਾਮਲ ਹੋ ਕੇ ਜਾਤੀ ਦੀਆਂ ਭਾਵਨਾਵਾਂ ਅਤੇ ਵਿਸ਼ਵਾਸਾਂ ਦੀ ਤਰਜਮਾਨੀ ਹੈ।

**ਡਾ. ਵਣਜਾਰਾ ਬੇਦੀ ਦੇ ਅਨੁਸਾਰ**, "ਲੋਕ ਨਾਚ ਜਾਤੀ ਦੇ ਚਰਿਤ੍ਰ ਤੇ ਸਾਮੂਹਿਕ ਜਜ਼ਬਿਆਂ ਦਾ ਅੰਗਾਂ ਦੇ ਤਾਲ ਬੱਧ ਲਹਿਰਾਉ ਤੇ ਹਾਵਾਂ ਭਾਵਾਂ ਰਾਹੀਂ ਪ੍ਰਗਟਾਉ ਹੈਅਸੀਂ ਕਹਿ ਸਕਦੇ ਹਾਂ ਕਿ ਪ੍ਰੰਪਰਾ ਨੂੰ ਲੈ ਕੇ ਅਜੋਕੇ ਨਾਚ ਜੋ ਪੀੜ੍ਹੀ ਦਰ ਪੀੜ੍ਹੀ ਲੋਕ ਸਮੁੱਚ ਦੁਆਰਾਪ੍ਰਵਾਨਗੀ ਦੇ ਕੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਦਿੱਤੇ ਜਾਂਦੇ ਹਨ ਜਾਂ ਗ੍ਰਹਿਣ ਕਰਦੇ ਹਨ, ਜਿਸ ਵਿੱਚ ਲੋਕ ਮਨ ਦਾ ਪ੍ਰਗਟਾਵਾ ਹੁੰਦਾ ਹੈ, ਜਿਨ੍ਹਾਂ ਦੇ

ਨੱਚਣ ਨਾਲ ਲੋਕ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ, ਜਿਸ ਵਿੱਚ ਮੁੰਡੇ, ਕੁੜੀਆਂ ਹਰ ਉਮਰ ਦੇ ਵਿਅਕਤੀ ਸ਼ਾਮਿਲ ਹੋ ਕੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ, ਨੂੰ ਲੋਕ ਨਾਚ ਦਾ ਨਾਮ ਦਿੱਤਾ ਜਾਂਦਾ ਹੈ।

## ਲੋਕ ਨਾਚ ਦੇ ਲੱਛਣ

### ਲੋਕ-ਨਾਚ ਸਹਿਜ-ਸੁਭਾ ਹੁੰਦਾ ਹੈ

ਲੋਕ-ਨਾਚ ਨੂੰ ਨੱਚਣ ਲਈ ਕਿਸੇ ਵਿਸ਼ੇਸ਼ ਕਿਸਮ ਦੇ ਸਨਾਤਨੀ ਨਿਯਮਾਂ ਦੀ ਟਰੇਨਿੰਗ ਨਹੀਂ ਲੈਂਣੀ ਪੈਂਦੀ। ਇਸ ਵਿਚ ਹਰ ਅਦਾ ਅਤੇ ਐਕਸ਼ਨ ਸਵੀਕਾਰ ਕੀਤਾ ਜਾ ਸਕਦਾ ਹੈ, ਪਰ ਇਸ ਵਿਚ ਕੁਦਰਤੀ ਤਾਲ ਦਾ ਹੋਣਾ ਜ਼ਰੂਰੀ ਹੈ। ਲੋਕ-ਨਾਚ ਆਪ ਮੁਹਾਰੇ ਫੁੱਟਿਆ ਖੁਸ਼ੀ ਦਾ ਚਸ਼ਮਾ ਹੈ। ਇਹ ਖੁਸ਼ੀ ਨਾਲ ਭਰੇ ਮਨੁੱਖ ਦਾ ਬੇਰੋਕ ਪ੍ਰਗਟਾ ਹੈ:

"ਬੋਲ ਅਗੰਮੀ ਨਿਕਲਣ ਅੰਦਰੋਂ, ਕੁਝ ਵੀ ਵਸ ਨਹੀਂ ਮੇਰੇ।

ਨੱਚ ਲੈ ਸ਼ਾਮ ਕੁਰੇ, ਦੇ ਕੇ ਸ਼ੌਂਕ ਦੇ ਗੇੜੇ..........."

ਨਾਚ ਦੇ ਬੋਲ ਸਹਿਜ ਸੁਭਾ ਅਤੇ ਅਗੰਮੀ ਹੁੰਦੇ ਹਨ ਅਤੇ ਗੇੜੇ ਸ਼ੌਂਕ ਦੇ ਹੁੰਦੇ ਹਨ। ਇਹ ਕਿਸੇ ਬੰਧਨ ਦਾ ਪਾਲਨ ਨਹੀਂ ਹੁੰਦਾ, ਸਗੋਂ ਸ਼ੌਂਕ ਦਾ ਪ੍ਰਦਰਸ਼ਨ ਹੁੰਦਾ ਹੈ। ਲੋਕ-ਨਾਚ ਖੁਸ਼ੀ ਦਾ ਅਭਿਵਿਅਕਤ ਰੂਪ ਹੈ। ਜੋ ਖੁਸ਼ੀ ਮਨੁੱਖ ਦੇ ਅੰਦਰ ਹੈ ਉਸਦਾ ਸਰੀਰਕ ਪ੍ਰਦਰਸ਼ਨ ਹੀ ਲੋਕ-ਨਾਚ ਹੈ।

### ਲੋਕ-ਨਾਚ ਵਿਚ ਸੁਮਾਪਤਾ ਹੁੰਦੀ ਹੈ

ਲੋਕ-ਨਾਚ ਸਹਿਜ ਸੁਭਾ ਹੁੰਦਾ ਹੋਇਆ ਵੀ ਬੇਤਰਤੀਬਾ ਨਹੀਂ ਹੁੰਦਾ। ਨੱਚਣ ਵਾਲਿਆਂ ਦੀ ਚਾਲ ਅਤੇ ਹਰਕਤਾਂ ਮਾਪੀਆਂ ਤੋਲੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਵਿਚ ਇਕਸਾਰਤਾ ਹੁੰਦੀ ਹੈ। ਇਥੋਂ ਤੱਕ ਹੀ ਨਹੀਂ ਇਹ ਸੁਮਾਪਤਾ ਪੈਰਾਂ ਅਤੇ ਹੱਥਾਂ ਦੀਆਂ ਹਰਕਤਾਂ ਵਿਚ ਵੀ ਪਾਈ ਜਾਂਦੀ ਹੈ। ਜਿਸ ਤਰ੍ਹਾਂ ਗਿੱਧੇ ਵਿਚ ਤਾਲੀ ਸਾਰੇ ਸਮਾਨ ਰੂਪ ਵਿਚ ਮਾਰਦੇ ਹਨ। ਇਕੋ ਸਮੇਂ, ਇਹ ਤਾਲੀ ਮਾਰਨ ਦੀ ਹਰਕਤ ਜਿਥੇ ਸਹਿਜ ਸੁਭਾ ਹੁੰਦੀ ਹੈ, ਉਥੇ ਐਕਸ਼ਨ ਵਿਚ ਸੁਮਾਪਤਾ ਆ ਜਾਂਦੀ ਹੈ। ਸੁਮਾਪਤਾ ਲੋਕ-ਨਾਚ ਦਾ ਵਿਸ਼ੇਸ਼ ਲੱਛਣ ਹੈ। ਇਸ ਤੋਂ ਬਿਨ੍ਹਾਂ ਕੋਈ ਵੀ ਲੋਕ ਨਾਚ ਆਪਣੀ ਪਰਿਭਾਸ਼ਾ ਗ੍ਰਹਿਣ ਨਹੀਂ ਕਰ ਸਕਦਾ।

### ਲੋਕ-ਨਾਚ ਦੀਆਂ ਅਦਾਵਾਂ ਸਾਧਾਰਨ ਜ਼ਿੰਦਗੀ ਵਿਚੋਂ ਹੁੰਦੀਆਂ ਹਨ

ਇਕ ਸ਼ਿਕਾਰੀ, ਸ਼ਿਕਾਰ ਮਾਰਨ ਦੀ ਵਿਧੀ ਨੂੰ ਸੁਮਾਪ ਵਿਚ ਢਾਲਕੇ ਨਾਚ ਵਿਚ ਪੇਸ਼ ਕਰ ਸਕਦਾ ਹੈ। ਇਸੇ ਤਰ੍ਹਾਂ ਹੋਰ ਕਿੱਤਿਆਂ ਨਾਲ ਸਬੰਧਿਤ ਅਦਾਵਾਂ ਲੋਕ-ਨਾਚ  ਵਿਚ ਆਮ ਪ੍ਰਚਲਿਤ ਕੀਤੀਆਂ ਜਾਂਦੀਆਂ ਹਨ।

### ਲੋਕ-ਨਾਚ ਨੂੰ ਕਿਸੇ ਵਿਸ਼ੇਸ਼ ਸਟੇਜ ਜਾਂ ਸਜਾਵਟ ਦੀ ਲੋੜ ਨਹੀਂ ਹੁੰਦੀ ਹੈ

ਇਹ ਜੀਵਨ ਦੀ ਖੁਸ਼ੀ ਵਿਚੋਂ ਫੁੱਟਦਾ ਹੈ, ਇਸ ਲਈ ਹਰ ਪਹਿਰਾਵਾ, ਹਰ ਸਟੇਜ, ਹਰ ਅਦਾ ਢੁੱਕਵੀਂ ਹੈ। ਪਰ ਉਹ ਪ੍ਰਸੰਗ ਨਹੀਂ ਟੁੱਟਣਾ ਚਾਹੀਦਾ ਜਿਸ ਵਿਚੋਂ ਇਹ ਪੈਦਾ ਹੁੰਦਾ ਹੈ। "ਲੋਕ-ਨਾਚ ਨੱਚਣ ਲਈ ਹੁੰਦਾ ਹੈ ਦਿਖਾਉਣ ਲਈ ਨਹੀਂ। ਇਸ ਲਈ ਜਿਹੜੇ ਅੱਜ-ਕੱਲ੍ਹ ਅਸੀਂ ਗਿੱਧੇ-ਭੰਗੜੇ ਸਟੇਜਾਂ 'ਤੇ ਦੇਖਦੇ ਹਾਂ ਇਹ ਲੋਕ ਨਾਚ ਦੀ ਪਰਿਭਾਸ਼ਾ ਦੇ ਅੰਤਰਗਤ ਨਹੀਂ ਆ ਸਕਦੇ। ਬੇਸ਼ਕ ਇਨ੍ਹਾਂ ਵਿਚ ਲੋਕ-ਨਾਚ ਦੀਆਂ ਅਦਾਵਾਂ ਨਕਲ ਕਰਕੇ ਪ੍ਰਦਰਸ਼ਤ ਕੀਤੀਆਂ ਗਈਆਂ ਹੁੰਦੀਆਂ ਹਨ।" ਪਰ ਪ੍ਰਸੰਗ ਤੇ ਸੰਦਰਭ ਲੋਕ-ਨਾਚ ਲਈ ਜ਼ਰੂਰੀ ਹੈ, ਇਹ ਪ੍ਰਸੰਗ ਅਤੇ ਸੰਦਰਭ ਸਟੇਜੀ ਨਾਚਾਂ ਵਿਚ ਨਹੀਂ ਹੁੰਦਾ।

### ਲੋਕ-ਨਾਚ ਸੁਰ ਤਾਲ ਵਿਚ ਪੂਰਾ ਹੁੰਦਾ ਹੈ

ਬੇਸ਼ਕ ਲੋਕ-ਨਾਚ ਵਿਚ ਅਦਾਵਾਂ ਦੀ ਪ੍ਰਦਰਸ਼ਨੀ ਲਈ ਖੁੱਲ੍ਹ ਹੈ, ਸਟੇਜ ਅਤੇ ਪੁਸ਼ਾਕ ਦੀ ਵੀ ਖੁੱਲ੍ਹ ਹੈ ਪਰ ਇਸ ਦੇ ਬਾਵਜੂਦ ਵੀ ਲੋਕ-ਨਾਚ ਸੁਰ ਅਤੇ ਤਾਲ ਵਿਚ ਪੂਰਾ ਹੁੰਦਾ ਹੈ। ਇਹ ਸੁਰ ਤਾਲ ਸਾਜ਼ਾਂ ਦੀ ਮਦਦ ਨਾਲ ਮੁਹੱਈਆ ਕੀਤੀ ਗਈ ਹੋਵੇ ਤਾਂ ਬਹੁਤ ਚੰਗਾ ਹੈ ਨਹੀਂ ਤਾਂ ਇਹ ਸੁਰ ਤਾਲ ਲੋਕ ਆਪਣੇ ਹੱਥਾਂ ਅਤੇ ਪੈਰਾਂ ਦੀਆਂ ਹਰਕਤਾਂ ਵਿਚੋਂ ਹੀ ਪੈਦਾ ਕਰ ਲੈਂਦੇ ਹਨ। ਜਿਸ ਤਰ੍ਹਾਂ ਪੈਰਾਂ ਨੂੰ ਘੁੰਗਰੂ ਬੰਨ ਲੈਣਾ, ਹੱਥਾਂ ਨਾਲ ਤਾੜੀ ਮਾਰਨੀ, ਮੂੰਹ ਦੁਆਰਾ ਸੀਟੀ ਮਾਰਨੀ ਆਦਿ। ਪੰਜਾਬੀ ਗਿੱਧੇ ਨੂੰ ਕਿਸੇ ਸਾਜ਼ ਦੀ ਜ਼ਰੂਰਤ ਨਹੀਂ ਸਿਰਫ ਹੱਥਾਂ ਦੀਆਂ ਤਾੜੀਆਂ ਮਾਰਕੇ ਹੀ ਤਾਲ ਪੈਦਾ ਕਰ ਲਿਆ ਜਾਂਦਾ ਹੈ।

### ਲੋਕ-ਨਾਚ ਦੀਆਂ ਮੁਦਰਾਵਾਂ (ਇਸ਼ਾਰੇ) ਸਿੱਧੇ ਸੰਕੇਤ ਹੁੰਦੇ ਹਨ

ਇਸ ਤੋਂ ਸਪੱਸ਼ਟ ਹੈ ਕਿ ਭਾਵ ਸਿੱਧੇ ਤੇ ਨਿਸੰਗ ਰੂਪ ਵਿਚ ਪ੍ਰਗਟਾਏ ਜਾਂਦੇ ਹਨ। ਜੇਕਰ ਕੋਈ ਮੁਦਰਾ ਕਾਮ ਪ੍ਰਵਿਰਤੀ ਨਾਲ ਸਬੰਧਿਤ ਹੈ, ਤਾਂ ਭਾਰਤ ਨਾਟਿਅਮ ਜਾਂ ਕਥਾਕਲੀ ਵਾਂਗ ਇਹ ਜਟਿਲ ਅਤੇ ਗੁੰਝਲਦਾਰ ਰੂਪ ਵਿਚ ਨਹੀਂ ਪ੍ਰਗਟਾਈ ਜਾਂਦੀ ਸਗੋਂ ਸਿੱਧਾ ਇਸ਼ਾਰਾ ਕੀਤਾ ਜਾਂਦਾ ਹੈ। ਕਲਾਸੀਕਲ ਨਾਚਾਂ ਦੀਆਂ ਮੁਦਰਾਵਾਂ ਨੂੰ ਤਾਂ ਕਈ ਵਾਰ ਵੱਡਾ ਵਿਦਵਾਨ ਵੀ ਨਹੀਂ ਸਮਝ ਸਕਦਾ। ਲੋਕ-ਨਾਚ ਦੀਆਂ ਮੁਦਰਾਵਾਂ

ਜਨ ਸਾਧਾਰਨ ਦੇ ਸਮਝ ਆ ਸਕਣ ਵਾਲੀਆਂ ਹੁੰਦੀਆਂ ਹਨ। ਇਸਦੇ ਬਾਵਜੂਦ ਵੀ ਇਹ ਅਦਾਵਾਂ ਅਸ਼ਲੀਲ ਨਹੀਂ ਹੁੰਦੀਆਂ, ਇਨ੍ਹਾਂ ਵਿਚ ਬਾਕਾਇਦਾ ਇਕ ਸੰਜਮ ਜਿਹਾ ਹੁੰਦਾ ਹੈ। ਇਨ੍ਹਾਂ ਲੱਛਣਾ 'ਤੇ ਆਧਾਰਤ ਲੋਕ-ਨਾਚਾਂ ਨੂੰ ਪਰਿਭਾਸ਼ਤ ਕਰ ਸਕਣਾ ਸੰਭਵ ਹੈ। ਲੋਕ-ਨਾਚ, ਲੋਕਾਂ ਦੀ ਖੁਸ਼ੀ ਦਾ ਸਹਿਜ-ਸੁਭਾ ਸੁਮਾਪਮਈ ਤੇ ਸੁਰ-ਤਾਲ ਭਰਪੂਰ ਪ੍ਰਦਰਸ਼ਤ ਪ੍ਰਗਟਾ ਹੈ।

## ਪੰਜਾਬ ਦੇ ਲੋਕ-ਨਾਚ

**ਡਾ. ਜੀਤ ਸਿੰਘ ਜੋਸ਼ੀ ਅਨੁਸਾਰ,** "ਲੋਕ-ਨਾਚ ਲੋਕ ਮਾਨਸਿਕਤਾ ਨਾਚ ਕਲਾ ਨੂੰ ਆਪਣੇ ਜੀਵਨ ਦਾ ਸੁਭਾਵਿਕ ਅਮਲ ਪ੍ਰਵਾਨ ਕਰਦੀ ਰਹੀ ਹੈ। 'ਨੱਚਣ ਵਾਲੇ ਦੀ ਅੱਡੀ ਨਾ ਰਹਿੰਦੀ, ਗਾਉਣ ਵਾਲੇ ਦਾ ਮੂੰਹ' ਇਸ ਸੁਭਾਵਕ ਅਮਲ ਦੀ ਪੁਸ਼ਟੀ ਕਰਦੀ ਕਾਵਿ ਸਤਰ ਹੈ । ਨਾਚ ਕਲਾ ਕਿਸੇ ਵੀ ਸੂਰਤ ਵਿੱਚ ਮੂਕ ਪੇਸ਼ਕਾਰੀ ਨਹੀਂ ਹੈ। ਖ਼ਾਸਕਰ ਪੰਜਾਬੀ ਲੋਕ ਨਾਚ ਗਿੱਧਾ ਭੰਗੜਾ ਤਾਂ ਗੀਤਾਂ ਦੇ ਬੋਲ ਜਾਂ ਬੋਲੀਆਂ ਤੋਂ ਬਿਨਾਂ ਪੇਸ਼ ਕਿਤੇ ਜਾਣਾ ਸੰਭਵ ਹੀ ਨਹੀਂ। ਲੋਕ-ਸਮੂਹ ਦੀ ਸਿਰਜਨ-ਕਲਾ ਦੀ ਇੱਕ ਮਹੱਤਵਪੂਰਨ ਵੰਨਗੀ ਹੈ, ਜੋ ਲੋਕ-ਮਾਨਸ ਦੇ ਸਮੁਚੇ ਹਾਵਾਂ-ਭਾਵਾਂ ਨੂੰ ਸਰੀਰਕ ਮੁਦਰਾਵਾਂ ਦੇ ਪ੍ਰਗਟਾਉ-ਸੰਦਰਭ ਰਾਹੀਂ ਪੇਸ਼ ਕਰਦੀ ਹੈ। ਲੋਕ ਨਾਚ ਵੀ ਇਸੇ ਪ੍ਰਕਾਰ ਦੀ ਇੱਕ ਲੋਕ-ਕਲਾ ਹੈ। ਲੋਕ-ਨਾਚ ਮੰਨੋਰੰਜਨ ਦਾ ਸਾਧਨ ਹੀ ਨਹੀਂ, ਇਹ ਕਿਸੇ ਖਿੱਤੇ ਦੇ ਜਨ-ਸਮੂਹ ਦੀ ਸਮਾਜਿਕ, ਸੱਭਿਆਚਾਰਕ, ਨੈਤਿਕ, ਧਾਰਮਿਕ, ਰਾਜਸੀ ਅਤੇ ਇਤਹਾਸਿਕ ਜੀਵਨ-ਤੋਰ ਦੀਆਂ ਵਿਭਿੰਨ ਪਰਤਾਂ ਦਾ ਸਰੀਰਕ ਮੁਦਰਾਵਾਂ ਦੇ ਮਾਧਿਅਮ ਰਾਹੀਂ ਆਪ-ਮੁਹਾਰਾ, ਸਧਾਰਨ, ਖੁਸ਼ੀਆਂ-ਖੇੜਿਆਂ ਭਰਪੂਰ ਅੰਦਰੂਨੀ ਭਾਵਨਾਵਾਂ ਦਾ ਬਾਹਰੀ ਪ੍ਰਗਟਾਵਾ ਵੀ ਹੈ। ਪੰਜਾਬ ਦੇ ਲੋਕ-ਨਾਚ ਪੰਜਾਬ ਪੰਜਾਬ ਦੇ ਜਨ-ਜੀਵਨ ਦਾ ਮਹੱਤਪੂਰਨ ਅੰਗ ਹਨ।" ਪੰਜਾਬ ਦੇ ਲੋਕ-ਨਾਚਾਂ ਦਾ ਵਰਗੀਕਰਨ ਦੋ ਪੱਧਰਾਂ ਤੇ ਕੀਤਾ ਜਾ ਸਕਦਾ ਹੈ:

(ੳ) ਇਸਤਰੀਆਂ ਦੇ ਲੋਕ-ਨਾਚ

(ਅ) ਮਰਦਾਂ ਦੇ ਲੋਕ-ਨਾਚ

ਪੰਜਾਬ ਵਿੱਚ ਇਸਤਰੀਆਂ ਤੇ ਮਰਦਾਂ ਦੁਆਰਾ ਸਾਂਝੇ ਰੂਪ ਵਿੱਚ ਲੋਕ-ਨਾਚ ਨੱਚਣ ਦੀ ਪ੍ਰੰਪਰਾ, ਪ੍ਰਾਚੀਨ ਕਾਲ ਤੋਂ ਹੀ ਰਹੀ ਹੈ। ਗਿੱਧਾ ਸਮੁੱਚੇ ਪੰਜਾਬ ਦੀਆਂ ਇਸਤਰੀਆਂ ਦੇ ਚਾਵਾਂ, ਉਮੰਗਾਂ, ਵਲਵਲਿਆਂ ਅਤੇ ਉਲਾਸ- ਭਾਵਾਂ ਨੂੰ ਪ੍ਰਗਟ ਕਰਨ ਵਾਲਾ ਹਰਮਨ-ਪਿਆਰਾ ਲੋਕ-ਨਾਚ ਹੈ। ਅਸਲ ਵਿੱਚ ਗਿੱਧਾ ਤਾਲੀ ਨਾਚ ਹੈ। ਨੱਚਣ ਵਾਲੀਆਂ ਅਤੇ ਘੇਰੇ ਵਿੱਚ ਖੜ੍ਹੀਆਂ ਹੋਰ ਮੁਟਿਆਰਾਂ ਤਾਲੀ ਮਾਰਦੀਆਂ ਹਨ। ਪੰਜਾਬਣਾ ਆਪਣੇ ਹਰ ਪ੍ਰਕਾਰ ਦੇ ਕਾਰ-ਵਿਹਾਰ ਵਿੱਚੋ ਗਿੱਧੇ ਵਾਸਤੇ ਮੌਕੇ ਸਿਰਜ ਲੈਂਦੀਆਂ ਹਨ। ਇਸ ਤਰ੍ਹਾਂ ਮੁਟਿਅਰਾਂ ਕੋਲ ਨਾ ਬੋਲੀਆਂ ਮੁੱਕਦੀਆਂ ਹਨ, ਨਾ ਥਕਾਣ ਹੁੰਦੀ ਹੈ। ਇਸੇ ਕਰਕੇ ਗਿੱਧੇ ਨੂੰ ਪੰਜਾਬ ਦਾ ਸਿਰਤਾਜ ਲੋਕ-ਨਾਚ ਮੰਨਿਆਂ ਗਿਆ ਹੈ। ਗਿੱਧਾ, ਸੰਮੀ ਅਤੇ ਕਿੱਕਲੀ ਜਿਹੇ ਪ੍ਰਸਿੱਧ ਲੋਕ-ਨਾਚਾਂ ਤੋਂ ਇਲਾਵਾ ਪੰਜਾਬ ਵਿੱਚ ਇਸਤਰੀਆਂ ਦੇ ਹੋਰ ਲੋਕ-ਨਾਚ ਪ੍ਰਚਲਿਤ ਰਹੇ ਹਨ।

ਭੰਗੜਾ ਪੰਜਾਬੀ ਗੱਭਰੂਆਂ ਦਾ ਪ੍ਰਮੁੱਖ ਲੋਕ-ਨਾਚ ਹੈ। ਇਸ ਵਿੱਚ ਤਕੜੇ ਤੇ ਗੱਠੇ ਹੋਏ ਸਰੀਰ ਦਾ ਪ੍ਰਦਰਸ਼ਨ, ਸਧਾਰਨ ਪਰ ਸੁੰਦਰ ਪੁਸ਼ਾਕ ਪਹਿਨ ਕੇ, ਅਲਬੇਲੇਪਨ ਵਿੱਚ, ਜ਼ੋਸ਼, ਵੀਰਤਾ ਅਤੇ ਹੌਸਲੇ ਭਰਪੂਰ ਨਾਚ ਮੁਦਰਾਵਾਂ ਰਾਹੀਂ ਕੀਤਾ ਜਾਂਦਾ ਹੈ। ਲੋਕ-ਨਾਚ ਭੰਗੜਾ, ਲੋਕ-ਦਿਲਾਂ ਦੀ ਧੜਕਣ ਦੇ ਪ੍ਰਮਾਣਿਕ ਲੋਕ-ਸਾਜ਼ ਢੋਲ ਦੀ ਸਰਲ ਤਾਲ ਤੇ ਨੱਚਿਆ ਜਾਂਦਾ ਹੈ। ਭੰਗੜੇ ਦੇ ਆਰੰਭ ਸਮੇਂ ਇਹ ਤਾਲ ਧੀਮੀ ਧੀਮੀ ਵੱਜਦੀ ਹੈ। ਨਚਾਰ ਭੰਗੜੇ ਦੇ ਤਾਲ ਦੇ ਅਨੁਕੂਲ ਪੈਰ ਅਤੇ ਸਰੀਰ ਦੇ ਹੋਰ ਅੰਗਾਂ ਨੂੰ ਹਲੂਣਦੇ ਹੋਏ, ਇੱਕ ਰੂਪ, ਕਈ ਪ੍ਰਕਾਰ ਦੀਆਂ ਮੁਦਰਾਵਾਂ ਦਾ ਪ੍ਰਗਟਾਵਾ ਕਰਦੇ ਹਨ। ਭੰਗੜੇ ਵਿੱਚ ਨਚਾਰਾਂ ਦੀ ਗਿਣਤੀ ਨਿਰਧਾਰਿਤ ਨਹੀਂ ਹੁੰਦੀ ਅਤੇ ਨਾਂ ਹੀ ਵਿਸ਼ੇਸ਼ ਸਾਜ਼ਾਂ ਦੀ ਵਧੇਰੇ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਵਿੱਚ ਲਗਾਤਾਰ ਬਦਲਦੀਆਂ ਪਰਿਸਥਿਤੀਆਂ ਨੇ ਇੱਥੋਂ ਦੇ ਲੋਕ-ਨਾਚਾਂ ਵਿੱਚ ਵੀ ਕਾਫ਼ੀ ਬਦਲਾਵ ਲਿਆਂਦਾ ਹੈ।

## ਪੰਜਾਬ ਦੇ ਲੋਕ ਨਾਚਾਂ ਦੀ ਵਿਲੱਖਣਤਾ

ਪੰਜਾਬ ਦੇ ਲੋਕ ਨਾਚਾਂ ਦੀ ਇਹ ਵਿਲੱਖਣਤਾ ਰਹੀ ਹੈ ਕਿ ਇਹ ਨਾਚ ਪੰਜਾਬੀਆਂ ਨੂੰ ਲੋਕ ਗੀਤਾਂ ਵਾਂਗ ਵਿਰਸੇ ਵਿੱਚੋਂ ਪ੍ਰਾਪਤ ਹੋਏ ਹਨ। ਇਸੇ ਲਈ ਕਿਹਾ ਜਾਂਦਾ ਹੈ ਕਿ ਇਹਨਾਂ ਦੇ ਲੋਕ ਗੀਤ ਅਤੇ ਲੋਕ ਨਾਚ ਵਿਚ ਅੰਤਰ ਨਿਖੇੜਾ ਕਰਨਾ ਮੁਸ਼ਕਿਲ ਹੈ। ਇਹ ਸਮਝਿਆ ਜਾਂਦਾ ਹੈ ਕਿ ਪੰਜਾਬੀਆਂ ਦੇ ਹਰ ਇਕ ਲੋਕ ਗੀਤ ਵਿਚ ਲੋਕ ਨਾਚ ਅਤੇ ਹਰ ਇਕ ਲੋਕ ਨਾਚ ਅੰਦਰ ਲੋਕ ਗੀਤ ਛੁਪਿਆ ਹੁੰਦਾ ਹੈ। ਪੰਜਾਬ ਦੇ ਲੋਕ ਨਾਚ ਪੰਜਾਬ ਦੇ ਪੇਂਡੂ ਗੱਭਰੂਆਂ ਤੇ ਮੁਟਿਆਰਾਂ ਦੇ ਮਾਣ-ਮੱਤੇ ਜਜ਼ਬਿਆਂ ਦੇ ਪ੍ਰਗਟਾਅ ਨਾਲ ਜੁੜੇ ਰਹੇ ਹਨ । ਪੇਂਡੂ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੁੰਦਾ ਹੈ। ਜਿਸ ਲਈ ਤਕੜੇ ਨਰੋਏ ਜੁੱਸੇ ਦੀ ਲੋੜ ਹੁੰਦੀ ਹੈ। ਜਦੋਂ ਕੰਨ ਉੱਤੇ ਹੱਥ ਧਰ ਕੇ ਪੰਜਾਬੀ ਗੱਭਰੂ ਗੀਤ ਨੁਮਾ ਬੋਲ ਕੱਢਦਾ ਹੈ ਤਾਂ ਚਾਰੇ ਪਾਸੇ ਸੰਨਾਟਾ ਛਾ ਜਾਂਦਾ ਹੈ। ਇਸ ਪੱਖ ਤੋਂ ਪੰਜਾਬੀ ਮੁਟਿਆਰਾਂ ਵੀ ਘੱਟ ਨਹੀਂ । ਫੱਗਣ-ਚੇਤ ਦੀਆਂ ਚਾਨਣੀਆਂ ਰਾਤਾਂ ਹੋਣ ਜਾਂ ਸਾਵਨ ਮਹੀਨੇ ਦੀਆਂ ਤਰਕਾਲਾਂ, ਵਿਆਹ ਸਮੇਂ ਬਰਾਤ ਚੜੀ ਹੋਵੇ ਜਾਂ ਡੋਲੀ ਵਿਦਾ ਹੋਈ ਹੋਵੇ, ਮੁਟਿਆਰਾਂ ਦੇ ਜਜ਼ਬਿਆਂ ਦਾ ਹੜ੍ਹ ਵਗ ਤੁਰਦਾ ਹੈ। ਪੰਜਾਬ ਦੇ ਲੋਕਧਾਰਾ ਸ਼ਾਸਤਰੀ ਡਾ. ਸੋਹਿੰਦਰ ਸਿੰਘ ਬੇਦੀ ਦਾ ਕਹਿਣਾ ਹੈ ਕਿ ਪੰਜਾਬ ਦੇ ਲੋਕ ਨਾਚ ਪੰਜਾਬੀ ਚਰਿੱਤਰ ਤੇ ਸੰਸਕ੍ਰਿਤੀ ਦਾ ਦਰਪਣ ਹਨ। ਪੰਜਾਬੀ ਲੋਕਾਂ ਦੇ ਸੁਭਾਵ ਜੋ ਕੁਝ ਖਾਸ ਗੁਣ ਲੱਛਣ ਜਿਵੇਂ ਇਕ ਵੀਰਤਾ, ਸਾਹਸ, ਅਣਖ ਤੇ ਉਨ੍ਹਾਂ ਦੀ ਨਿਡਤਾ ਦੀ ਝਲਕ ਇਨ੍ਹਾਂ ਵਿਚ ਸਾਫ ਝਲਕਦੀ ਹੈ।

## ਪੰਜਾਬੀ ਲੋਕ ਨਾਚ ਦੀਆਂ ਪ੍ਰਮੁੱਖ ਵੰਨਗੀਆਂ

## ਭੰਗੜਾ

ਭੰਗੜਾ ਪੰਜਾਬੀਆਂ ਦਾ ਕੌਮੀ ਨਾਚ ਹੋਣ ਦਾ ਮਾਣ ਰੱਖਦਾ ਹੈ। ਇਹ ਪੁਰਸ਼ਾਂ ਦਾ ਇਕੋ-ਇਕ ਅਜਿਹਾ ਨਾਚ ਹੈ ਜਿਸ ਨੂੰ ਰਾਸ਼ਟਰੀ ਅਤੇ ਅੰਤਰਾਸ਼ਟਰੀ ਪੱਧਰ ਦੇ ਮੰਚਾ ਉੱਤੇ ਪੰਜਾਬ ਦੇ ਪੁਰਸ਼ਾਂ ਦੇ ਨਾਚ ਵਜੋਂ ਪ੍ਰਵਾਨ ਕੀਤਾ ਗਿਆ। ਭੰਗੜੇ ਦੇ ਆਰੰਭ ਵਿੱਚ ਢੋਲੀ ਵਿਸ਼ੇਸ਼ ਕਿਸਮ ਦੀ ਤਾਲ ਨਾਲ ਭਾਂਗੜਿਆ ਨੂੰ ਸੱਦਦਾ ਹੈ। ਉਨ੍ਹਾਂ ਦੇ ਆਉਣ ਤੱਕ ਧਮਾਲ ਨਾਲ ਵੱਜਦੀ ਰਹਿੰਦੀ ਹੈ ਜਿਹੜੀ ਪਹਿਲਵਾਨਾਂ ਦੇ ਅਖਾੜੇ ਦੀ ਤਾਲ ਹੈ। ਪਿੜ ਵਿੱਚ ਪਹੁੰਚ ਕੇ ਪਹਿਲਾ ਹਰ ਨਚਾਰ ਪਿੰਡ ਦੀ ਮਿੱਟੀ ਤੇ ਢੋਲ ਨੂੰ ਅਦਾਬ ਪੇਸ਼ ਕਰਦਾ ਹੈ। ਨਾਚਿਆ ਦਾ ਇਕੱਠ ਹੋਣ ਤੇ ਇਕ ਗਭਰੂ ਢੋਲੇ ਦੀ ਸੱਦ ਲਾਉਂਦਾ ਹੈ। ਬੋਲ ਸ਼ੁਰੂ ਹੁੰਦੇ ਹਨ ਅਤੇ ਉਨ੍ਹਾਂ ਦੇ ਖਤਮ ਹੁੰਦੇ ਹੀ ਤੋੜ ਵਜਦਾ ਹੈ ਤੇ ਹਰ ਤੋੜੇ ਉੱਤੇ ਇੱਕ ਇੱਕ ਛਾਲ ਮਾਰਨ ਨਾਲ ਭੰਗੜਾ ਆਰੰਭ ਹੋ ਜਾਂਦਾ ਹੈ। ਇਸ ਲਈ ਭੰਗੜਾ ਪਹਿਲਵਾਨੀ ਦੇ ਵੀ ਵਧੇਰੇ ਨੇੜੇ ਰਿਹਾ ਹੈ।

ਇਹ ਮਰਦਾਂ ਦਾ ਨਾਚ ਹੈ, ਜਿਸ ਸੰਬੰਧੀ ਇੱਕ ਧਾਰਨਾ ਇਹ ਵੀ ਹੈ ਕਿ ਜਦ ਮੱਧ ਏਸ਼ੀਆ ਤੋਂ ਆਰੀਆ ਲੋਕਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਕੁਝ ਕਬੀਲੇ ਪੱਕੇ ਤੌਰ ਤੇ ਪੰਜਾਬ ਦੇ ਵਾਸੀ ਬਣ ਗਏ 'ਭੰਗੜਾ' ਲੋਕ ਨਾਚ ਉਨ੍ਹਾਂ ਦੀ ਦੇਣ ਹੈ। ਇਸ ਦੇ ਨਾਂ ਸਬੰਧੀ ਵੀ ਕਿਆਸ ਕੀਤਾ ਜਾਂਦਾ ਹੈ ਕਿ ਆਰੰਭ ਵਿੱਚ ਇਸ ਨਾਚ ਨੂੰ ਨੱਚਣ ਵਾਲੇ ਭੰਗ ਪੀਣ ਉਪਰੰਤ ਮਸਤ ਹੋਕੇ ਨੱਚਦੇ ਪਰ। ਇਸ ਤਰਾਂ ਭੰਗ ਤੋਂ ਭੰਗੜਾ ਨਾਮ ਪੈ ਗਿਆ।ਪਰ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਦਾ ਸਬੰਧ ਬਿਕਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ ਨੂੰ ਸਾਰੇ ਪੰਜਾਬ ਵਿੱਚ ਮਨਾਈ ਜਾਂਦੀ ਵਿਸਾਖੀ ਨਾਲ ਹੈ। ਬੋਲੀਆਂ ਬਿਨਾ ਭੰਗੜਾ ਅਧੂਰਾ ਸਮਝਿਆ ਜਾਂਦਾ ਹੈ। ਇਨ੍ਹਾਂ ਬੋਲੀਆਂ ਵਿੱਚ ਪੰਜਾਬ ਦੀ ਧਰਤੀ, ਪੰਜਾਬ ਦੇ ਗੱਭਰੂਆਂ ਦਾ ਜੋਸ਼ੀਲਾਪਣ, ਉਨ੍ਹਾਂ ਦੀ ਜਵਾਨੀ ਤੇ ਜਿੰਦਗੀ ਦੀਆਂ ਤਲਖ ਹਕੀਕਤਾਂ ਦਾ ਵਰਣਨ ਮਿਲਦਾ ਹੈ, ਇਸ ਵਿਚ ਤਕੜੇ ਅਤੇ ਗੱਠੇ ਹੋਏ ਸਰੀਰ ਦਾ ਪ੍ਰਦਰਸ਼ਨ, ਸਧਾਰਨ ਪਰ ਸੁੰਦਰ ਪੁਸ਼ਾਕ ਪਹਿਨ ਕੇ, ਜੋਸ਼, ਵੀਰਤਾ ਤੇ ਹੌਸਲੇ ਭਰਪੂਰ ਨਾਚ ਮੁਦਰਾਵਾ ਰਾਹੀਂ ਕੀਤਾ ਜਾਂਦਾ ਹੈ।

## ਗਿੱਧਾ

ਜਦੋਂ ਪੰਜਾਬ ਦੇ ਲੋਕ ਨਾਚ ਦੀ ਗੱਲ ਚੱਲਦੀ ਹੈ ਤਾਂ ਭੰਗੜੇ ਦੇ ਨਾਲ ਜੋ ਨਾਂ ਹੋਠਾਂ ਤੇ ਆਉਂਦਾ ਹੈ, ਉਹ ਗਿੱਧਾ ਹੈ । ਗਿੱਧਾ ਸਮੁੱਚੇ ਪੰਜਾਬ ਦਾ ਮੁੱਖ ਲੋਕ ਨਾਚ ਹੈ, ਲੋਕ ਮਾਨਸ ਨੇ ਇਸ ਦੇ ਨਾ ਸਬੰਧੀ ਇੱਕ ਦੰਤ ਕਥਾ ਜੋੜੀ ਹੋਈ ਹੈ "ਪੰਜਾਬ ਦੇ ਕਿਸੇ ਪਿੰਡ ਦੇ ਛੱਪੜ ਦੇ ਕੰਢੇ ਹਰ ਪੂਰਨਮਾਸੀ ਦੀ ਰਾਤ ਨੂੰ ਪਰੀਆਂ ਅਸਮਾਨ ਤੋਂ ਉੱਤਰ ਕੇ ਨਾਚ ਕਰਦੀਆਂ, ਗਿੱਧੋ ਤੇ ਸੰਮੀ ਨਾਂ ਦੀਆਂ ਦੋ ਕੁੜੀਆਂ ਨੂੰ ਇਸ ਦੀ ਤਿਣਕ ਪੈ ਗਈ, ਉਨ੍ਹਾਂ ਨੇ ਗਿੱਧਾ ਪਾਉਂਦੀਆਂ ਪਰੀਆਂ ਦੇ ਕਿਨਾਰੇ ਤੇ ਰੱਖੇ ਕੱਪੜੇ ਚੁਰਾ ਲਏ ਅਤੇ ਇਸ ਸ਼ਰਤ ਤੇ ਵਾਪਿਸ ਕੀਤੇ ਕਿ ਪਰੀਆਂ ਉਨ੍ਹਾਂ ਨੂੰ ਨਾਚ ਸਿਖਾ ਦੇਣ, ਇਨ੍ਹਾਂ ਕੁੜੀਆਂ ਦੇ ਨਾਵਾਂ ਤੇ ਗਿੱਧਾ ਤੇ ਸੰਮੀ ਨਾਂ ਦੇ ਨਾਚ ਪ੍ਰਚਲਿੱਤ ਹੋ ਗਏ।" ਪਰ ਅਸਲ ਵਿੱਚ ਗਿੱਧੇ ਤੋਂ ਭਾਵ ਹੱਥ ਨਾਲ ਵੱਜਣ ਵਾਲੀ ਤਾਲੀ ਹੈ, ਕਿਉਂਕਿ ਹੱਥਾਂ ਨਾਲ ਤਾਲੀਆਂ ਵਜਾ ਕੇ ਤਾਲ ਕਾਇਮ ਕੀਤਾ ਜਾਂਦਾ ਹੈ, ਇਸ ਲਈ ਲੋਕ ਨਾਚ ਨੂੰ ਗਿੱਧਾ ਕਿਹਾ ਜਾਂਦਾ, ਗਿੱਧਾ ਮੂਲ ਰੂਪ ਵਿੱਚ ਮੁਟਿਆਰਾਂ ਜਾਂ ਔਰਤਾਂ ਦਾ ਨਾਚ ਹੈ, ਪਰ ਮਾਲਵੇ ਵਿੱਚ ਮਰਦਾ ਦਾ ਗਿੱਧਾ ਵੀ ਪ੍ਰਚਲਿਤ ਰਿਹਾ ਹੈ। ਇਸ ਲੋਕ ਨਾਚ ਦੀ ਤਕਨੀਕ ਬਹੁਤ ਹੀ ਸਾਦੀ ਹੈ। ਕੁੱਝ ਕੁੜੀਆਂ ਇੱਕ ਦਾਇਰੇ ਵਿੱਚ ਖਲੋ ਕੇ ਹੱਥਾਂ ਨਾਲ ਗਿੱਧਾ ਪਾਉਂਦੀਆਂ ਹਨ, ਕੋਈ ਕੁੜੀ ਘੜਾ ਜਾਂ ਢੋਲਕੀ ਲੈ ਕੇ ਘੇਰੇ ਵਿੱਚ ਬੈਠ ਜਾਂਦੀ ਹੈ। ਇੱਕ ਜਾਂ ਦੋ ਕੁੜੀਆਂ ਬੋਲੀ ਪਾਉਂਦੀਆਂ ਹਨ, ਜਦ ਕਿ ਬਾਕੀ ਹੁੰਗਾਰਾ ਭਰਦੀਆਂ ਹਨ। ਗਿੱਧੇ ਦੇ ਵਿੱਚ ਬੋਲੀਆਂ ਆਮ ਤੌਰ ਤੇ ਘਰੇਲੂ ਮਸਲਿਆਂ, ਘੁੱਟੀਆਂ, ਨੂੰਹ ਸੱਸ ਦੀ ਟੱਕਰ, ਦਿਓਰ ਭਰਜਾਈ ਦਾ ਰੁਮਾਂਸ, ਚੰਗੇ ਵਰ ਦੀ ਚੋਣ, ਅੰਮੜੀ ਦਾ ਵਿਹੜਾ ਆਦਿ ਨਾਲ ਜੁੜੇ ਹੁੰਦੇ ਹਨ। ਮੁਟਿਆਰਾਂ ਦੇ ਗਿੱਧੇ ਨੂੰ ਇਸਤਰਿਆਂ ਦਾ ਪਰੰਪਰਾਗਤ ਗਿੱਧਾ ਕਿਹਾ ਜਾਂਦਾ ਹੈ ਜਿਸ ਦਾ ਕਾਰਨ ਇਹ ਹੈ ਕਿ ਵਰਤਮਾਨ ਸਮੇਂ ਅੰਦਰ ਲੋਕ ਨਾਚਾਂ ਦੀ ਸਟੇਜ ਅਤੇ ਹੋਰ ਜਨਤਕ ਥਾਵਾਂ 'ਤੇ ਪੇਸ਼ਕਾਰੀ ਦੇ ਰੁਝਾਨ ਨੇ ਇਸ ਨਾਚ ਦੇ ਬੁਨਿਆਦੀ ਸੁਭਾਅ ਵਿਚ ਤਬਦੀਲੀ ਲਿਆਂਦੀ ਹੈ। ਇਸ ਲਈ ਸ਼ੁੱਧ ਰੂਪ ਵਿੱਚ ਗਿੱਧਾ ਲੋਕ ਨਾਚ ਇਸਤਰੀਆਂ ਦਾ ਪਰੰਪਰਾਗਤ ਗਿੱਧਾ ਹੀ ਮੰਨਿਆ ਜਾ ਸਕਦਾ ਹੈ। ਭਾਵੇਂ ਵਿਆਹ ਸ਼ਾਦੀ ਹੋਵੇ, ਮੁੰਡਾ ਜੰਮਣ ਦੀ ਖੁਸ਼ੀ ਹੋਵੇ ਜਾਂ ਨਾਮ ਸੰਸਕਾਰ ਤੇ ਸਾਵਣ ਦੀਆਂ ਝੜੀਆਂ ਆਦਿ ਵੇਲੇ ਪਰੰਪਰਾਗਤ ਗਿੱਧੇ ਦਾ ਜਲਵਾ ਦੇਖਣ ਵਾਲਾ ਧੰਨ ਧੰਨ ਕਰ ਉੱਠਦਾ ਹੈ।

#### 'ਦਿਲ ਦੀਆਂ ਸਾਂਝਾ ਦਾ ਪਿੜ'

ਗਿੱਧੇ ਦਾ ਜਨਮ ਸਾਂਝੇ ਵਲਵਲਿਆਂ ਨੂੰ ਇੱਕ ਲੜੀ ਵਿੱਚ ਪ੍ਰੋਣ ਲਈ ਹੋਇਆ। ਨੱਚਣ ਕੁੱਦਣ ਦੇ ਜਿਓਂਦੇ ਹੁਲਾਰੇ ਪਿਤਾ ਪੁਰਖੀ ਭਾਈਵਾਲ ਦੀਆਂ ਪ੍ਰੀਤ ਰੱਜੀਆਂ ਸੁਰਾਂ ਨਾਲ ਮੌਜ ਮੇਲਿਆਂ ਦੀ ਇੱਕ ਮਿੱਠੀ ਦੁਨੀਆ ਵਸਾ ਵਸਾ ਦੇਂਦੇ ਹਨ। ਗਿੱਧਾ ਕੀ ਹੈ, ਦਿਲਾਂ ਦਾ ਸਾਂਝਾ ਪਿੜ ਹੈ। ਇੱਥੇ ਆਕੇ ਦਿਲਾਂ ਦੇ ਵਿਚਕਾਰ ਬਹੁਤੀਆਂ ਵਿੱਥਾਂ ਨਹੀਂ ਰਹਿੰਦੀਆਂ। ਮਜ਼ਹਬਾਂ ਦਾ ਫ਼ਰਕ ਇੱਥੇ ਕਿਸੇ ਤਰ੍ਹਾਂ ਦੀ ਫਿੱਕ ਨਹਾਈ ਪਾ ਸਕਦਾ। ਖੁਦਾ ਦੇ ਨਿਰਮਲੇ ਬੰਦਿਆਂ ਦਾ ਨਿਰੋਲ ਸੱਭਿਆਚਾਰ ਮਨੁੱਖਤਾ ਤੇ ਸਰਬ ਸਾਂਝ ਦੀ ਪ੍ਰੇਰਣਾ ਨਾਲ ਇਕ-ਮਿੱਕ ਹੋ ਜਾਂਦਾ ਹੈ, ਰਾਮ ਤੇ ਰਹੀਮ ਵਿੱਚ ਕੁੱਝ ਫ਼ਰਕ ਪੈ ਜਾਂਦਾ ਹੈ। ਗਿੱਧੇ ਦੇ ਮੰਗਲਾਚਰਨ ਵਿੱਚ ਦੇਵੀ ਮਾਤਾ ਅੱਲਾ ਤੇ ਗੁਰੂ ਟੇ ਪੀਰ ਦੀ ਅਰਾਧਨਾ ਇਕੋ ਵਲਵਲੇ ਹੇਠ ਕੀਤੀ ਜਾਂਦੀ ਹੈ। ਦੇਵੀ ਮਾਤਾ ਗੌਣ ਬਖਸ਼ਦੀ ਨਾਮ ਲਏ ਜੱਗ ਤਰਦਾ। ਬੋਲੀਆਂ ਪੌਣ ਦੀ ਹੋ ਗਈ ਮਨਸ਼ਾ ਆ ਕੇ ਗਿੱਧੇ ਵਿੱਚ ਵੜਦਾ, ਗਿੱਧੇ ਦੇ ਸਾਂਝੇ ਪਿੜ ਵਿੱਚ ਦਿਲਾਂ ਦਾ ਮੇਲ ਜੋਲ ਹੁੰਦਾ ਹੈ ਤਾਂ ਜੀਵਨ ਵਿੱਚ ਆਪਾ ਪ੍ਰਗਟ ਕਰਨ ਦੀ ਰੀਝ ਜਾਗ ਉੱਠਦੀ ਹੈ। ਗਿੱਧਾ ਪਾਉਣ ਵਾਲੇ ਕਿਸੇ ਅਜਿਹੀ ਵਿਸਮਾਦੀ ਅਵਸਥਾ ਵਿੱਚ ਪੁਹੰਚਣਾ ਨਹੀਂ ਲੋਚਦੇ ਜਿੱਥੇ ਉਹ ਆਪਣੀ ਧਰਤੀ ਦੇ ਨਜ਼ਾਰਿਆਂ ਨੂੰ ਹੀ ਭੁੱਲ ਜਾਣ। ਨੱਚਦੇ ਨੱਚਦੇ ਗਲਵੱਕੜੀਆਂ ਪਾਉਂਦੇ ਰਹਿੰਦੇ ਹਨ ਤੇ ਆਪਣੇ ਗੀਤਾਂ ਵਿੱਚ ਇਹਨਾਂ ਦੇ ਸ਼ਬਦ ਚਿਤ੍ਰ ਖਿੱਚ ਵਖਾਉਂਦੇ ਹਨ।

## ਮਲਵਈ ਗਿੱਧਾ

ਪੰਜਾਬ ਦੇ ਮਾਲਵੇ ਖੇਤਰ ਅੰਦਰ ਮਰਦਾਂ ਦੇ ਗਿੱਧੇ ਦੀ ਇੱਕ ਗੌਰਵਮਈ ਵਿਲੱਖਣ ਪਰੰਪਰਾ ਰਹੀ ਹੈ। ਪੰਜਾਬ ਦੇ ਮਾਲਵੇ ਖੇਤਰ ਵਿੱਚ ਪ੍ਰਚੱਲਿਤ ਹੋਣ ਕਾਰਨ ਇਸ ਨੂੰ ਮਲਵਈ ਗਿੱਧਾ, ਇਸ ਦੇ ਬਚੇ-ਖੁਚੇ ਅੰਸ਼ਾਂ ਨੂੰ ਪੁਰਾਣੀ ਪੀੜ੍ਹੀ ਦੇ ਲੋਕਾਂ ਵੱਲੋਂ ਪੇਸ਼ ਕੀਤੇ ਜਾਣ ਕਾਰਨ ਬਾਬਿਆਂ ਦਾ ਗਿੱਧਾ ਵੀ ਕਿਹਾ ਜਾਂਦਾ ਹੈ। ਕੁੱਝ ਵਿਦਵਾਨ ਪੁਰਸ਼ਾਂ ਦੇ ਗਿੱਧੇ ਨੇ ਔਰਤ ਮਰਦਾਂ ਵਿਚਕਾਰ ਕਾਵਿਕ ਸੰਵਾਦ ਦੇ ਰੂਪ ਵਿੱਚ ਦੇਖਦੇ ਹਨ। ਮਲਵਈ ਗਿੱਧੇ ਦਾ ਆਰੰਭ ਉਸ ਸਮਾਜਿਕ ਲੋੜ ਵਿੱਚ ਹੋਇਆ ਸੀ ਜਦੋਂ ਮੁੰਡੇ ਦੇ ਵਿਆਹ ਸਮੇਂ ਜੰਞ ਚੜ ਜਾਂਦੀ ਸੀ। ਉਹ ਧੀ ਵਾਲੇ ਘਰ ਦੇ ਤਿੰਨ ਦਿਨ ਰਹਿੰਦੀ ਸੀ। ਵਿਆਹ ਵੇਲੇ ਸੱਖਣੇ ਘਰ ਚੋਰਾਂ, ਡਾਕੂਆਂ ਦਾ ਡਰ ਬਣਿਆ ਰਹਿੰਦਾ ਸੀ। ਇਸ ਲਈ ਮੁੰਡੇ ਦੀ ਬਰਾਤ ਜਾਣ ਮਗਰੋਂ ਪਰਿਵਾਰ ਕਿਸੇ ਨਾ ਕਿਸੇ ਤਰ੍ਹਾਂ ਜਗਰਾਤਾ ਕੱਟਦਾ ਸੀ। ਕਈ ਵਾਰ ਵਿਆਹ ਦੇ ਚਾਅ ਵਿੱਚ ਨਾਨਕੇ ਮੇਲ ਵਿੱਚ ਆਈਆਂ ਮਸਤੀਆਂ ਹੋਈਆਂ ਮਲਵੈਣਾ ਮਰਦਾਂ ਨੂੰ ਗਿੱਧੇ ਵਿੱਚ ਬੋਲੀ ਪਾਉਣ ਦੀ ਚੁਣੌਤੀ ਦੇ ਦਿੰਦੀਆਂ ਸਨ ਜਾਂ ਕਈ ਵਾਰ ਗਿੱਧਾ ਪਾ ਰਹੀਆਂ ਸੁਟਿਆਰਾਂ ਵਿੱਚ ਚੋਬਰ ਖੁਨ ਸ਼ਾਮਲ ਹੋ ਜਾਂਦੇ ਸਨ। ਪੁਰਸ਼ਾਂ ਦੇ ਗਿੱਧੇ ਵਿੱਚ ਪ੍ਰਸ਼ੋਨੋਤਰੀ ਜਾਂ ਸੰਪਾਦਕੀ ਲਹਿਜੇ ਦੀਆ ਬੋਲੀਆਂ ਪਾਈਆਂ ਜਾਂਦੀਆਂ ਸਨ। ਬੋਲੀਕਾਰ ਕਿਸੇ ਰਿਸ਼ਤੇ ਵਿਸ਼ੇਸ਼ ਨੂੰ ਨਹੀਂ ਸਗੋਂ ਮੇਲਣ ਨੂੰ ਮਖਾਤਿਬ ਹੁੰਦਾ ਸੀ ਜਿਵੇਂ:- ਸੁਣ ਨੀ ਮੇਲਣ ਨੱਚਣ, ਆਈਏ, ਮੈਂ ਤੇਰੇ ਜਸ ਗਾਵਾਂ, ਮੰਦਾ ਬੋਲ ਨਾ ਬੋਲਾ ਗਿੱਧੇ, ਵਿੱਚ ਵਧ ਕੇ ਬੋਲੀ ਪਾਵਾਂ, ਪਾਲਾ ਸਿੰਘ ਮੇਰਾ ਨਾਂ ਸੋਹਣੀਏ, ਮੈਂ ਪਿੰਡ ਚਰ ਖਾੜੇ ਲਾਵਾਂ ਪਿੰਡ ਤਾਂ ਸਾਡਾ ਖਾਸ ਚੋਡੀਕੇ ਸਭ ਗੱਲ ਖੋਲ ਸੁਣਾਵਾਂ, ਬਾਰਾ ਚ ਫੁੱਲ ਖਿੜਿਆ ਕਹੇ ਤਾਂ ਤੋੜ ਲਿਆਵਾਂ...

ਦੂਜੇ ਪਾਸੇ ਮਲਵੈਣਾਂ ਵੀ ਘੱਟ ਹੁੰਦੀਆਂ। ਉਹ ਮੋੜੀ ਰੂਪ ਵਿੱਚ ਬੋਲੀ ਪਾ ਕੇ ਅਖਾੜਾ ਮਘਾ ਦਿੰਦੀਆਂ ਸੀ ਤੇ ਟੇਢੇ ਢੰਗ ਨਾਲ ਬੋਲੀਕਾਰ ਨੂੰ ਘੇਰਨ ਦਾ ਯਤਨ ਕਰਦੀਆਂ ਹਨ:- ਦਾੜੀ ਆਲਿਆ ਪਾਊਨੇ ਬੋਲੀਆਂ, ਆਹ ਤੇਰਾ ਕੰਮ ਮਾੜਾ, ਤੇਰੇ ਵਰਗੇ ਪੜਨ ਪੋਥੀਆਂ ਤੜਕੇ ਫੇਰਦੇ ਮਾਲਾ, ਮੇਰੀ ਬੋਲੀ ਦਾ ਮੋੜ ਕਰੀ ਸਰਦਾਰਾ। ਹਾੜ-ਸਾਉਣ ਦੇ ਮਹੀਨੇ ਮੀਂਹ ਪੈਣ ਤੇ ਕਿਸਾਨ ਪਾਉਣੀ ਦੀਆਂ ਫਸਲਾਂ ਬੀਜ ਕੇ ਵਿਹਲੇ ਹੋ ਜਾਂਦੇ ਹਨ। ਮੀਂਹ ਪੈਣ ਕਾਰਨ ਗਰਮੀ ਦੀ ਤਾਪਸ ਘਟ ਜਾਂਦੀ ਹੈ। ਰਾਤ ਨੂੰ ਰੋਟੀ ਟੁੱਕ ਖਾ ਕੇ ਗਿੱਧੇ ਦੀ ਢਾਣੀ ਦੇ ਪੱਕੇ ਮੈਂਬਰ ਆਪਣੇ ਲੋਕ ਸਾਜ ਲੈ ਕੇ ਪਿੰਡ ਦੇ ਬਾਹਰ ਖੱਲ੍ਹੀ ਥਾਂ ਤੇ ਇੱਕਠੇ ਹੁੰਦੇ ਹਨ। ਢੋਲਕੀ ਦੀ ਤਾਲ ਨਾਲ ਤਾਲ ਮਿਲਾ ਕੇ ਗਿੱਧਾ ਪਾਉਣਾ ਸ਼ੁਰੂ ਕਰਦੇ ਹਨ। ਗਿੱਧੇ ਦੇ ਸਾਜਾਂ ਲੈ ਦੀ ਆਵਾਜ ਸੁਣ ਕੇ ਗਿੱਧੇ ਦੇ ਸ਼ੋਕੀਨ ਆਪੋ-ਆਪਣੇ ਸਾਜ਼ ਲੈ ਕੇ ਗਿੱਧੇ ਦੇ ਪਿੜ ਵਿੱਚ ਪਹੁੰਚਣਾ ਸ਼ੁਰੂ ਕਰ ਦਿੰਦੇ ਹਨ। ਭਾਂਦੋ ਦੀ ਚਾਨਣੀ ਨੂੰ ਲੱਗਣ ਵਾਲੇ ਛਪਾਰ ਦੇ ਮੇਲੇ ਤੋਂ ਲੈ ਕੇ ਅੱਗੇ ਚੇਤ ਮਹੀਨੇ ਮਾਤਾ ਰਾਣੀ ਦੇ ਮੇਲਿਆਂ ਤੱਕ ਗਿੱਧੇ ਦਾ ਇਹ ਸਿਲਸਿਲਾ ਚਲਦਾ ਰਹਿੰਦਾ ਹੈ।

ਮਰਦਾਂ ਦਾ ਗਿੱਧਾ ਮਾਲਵੇ ਦੇ ਮੇਲਿਆਂ ਮਹੱਤਵਪੂਰਨ ਵੰਨਗੀ ਹੈ। ਇਨ੍ਹਾਂ ਵਿੱਚ ਕੁੱਝ ਮੇਲੇ ਤਿਉਹਾਰਾਂ ਨਾਲ ਸੰਬੰਧਤ ਹਨ ਜਿਵੇ:- ਵਿਸਾਖੀ, ਦੁਸਹਿਰਾ ਹੋਲੀ ਮਰਦਾਂ ਦੇ ਗਿੱਧੇ ਵਿੱਚ ਪੰਜਾਬ ਦੇ ਸਾਰੇ ਲੋਕ ਸਾਜ ਵਜਾਏ ਜਾ ਸਕਦੇ ਹਨ। ਇਸ ਵਿੱਚ ਪ੍ਰਧਾਨ ਥਾਂ ਢੋਲਕੀ ਦੀ ਹੁੰਦੀ ਹੈ। ਬਾਕੀ ਸਾਜ ਉਸਦੀ ਤਾਲ ਨੂੰ ਰੰਗਣ ਦਿੰਦੇ ਹਨ। ਆਮ ਕਰਕੇ ਗਿੱਧੇ ਦੀ ਇੱਕ ਘੜੇ ਵਾਲਾ ਦੋ ਤਿੰਨ ਬੁਘਦੂਆਂ (ਤੂੰਬਿਆ) ਵਾਲੇ ਦੋ ਚਿੰਮਟਿਆਂ ਵਾਲੇ ਸੱਤ ਅੱਠ ਸੱਪਾਂ ਵਾਲੇ ਇੱਕ-ਦੋ ਬੋਲੀਆਂ ਪਾਉਣ ਵਾਲੇ ਹੁੰਦੇ ਹਨ। ਇਹਨਾਂ ਵਿੱਚੋਂ ਬਹੁਤੇ ਛੜੇ-ਛੜਾਂਗ ਹੁੰਦੇ ਹਨ ਅਤੇ ਗਿੱਧੇ ਦੇ ਪੱਕੇ ਮੈਂਬਰ ਹੁੰਦੇ ਹਨ। ਇਸ ਤੋਂ ਬਿਨਾਂ ....., ਇੱਕ ਤਾਰਾ ਅਤੇ ਸਾਰੰਗੀ ਵੀ ਕਈ ਵਾਰੀ ਗਿੱਧੇ ਵਿੱਚ ਸ਼ਾਮਲ ਕਰ ਲਏ ਜਾਂਦੇ ਹਨ। ਕਲਾਕਾਰਾਂ ਦੇ ਲੋਕ ਜਾਂ ਪੱਟਾਂ ਨੂੰ ਮੋਟੇ-ਮੋਟੇ ਘੁੰਗਰੂਆਂ ਵਾਲੀਆਂ ..... ਵੀ ਬੰਨਿਆਂ ਹੁੰਦੀਆਂ ਹਨ। ਮਰਦਾਂ ਦੇ ਗਿੱਧੇ ਵਿੱਚ ਆਮ ਕਰਕੇ ਇੱਕ ਗੰਭਰੂ ਬੋਲੀ ਪਾਉਂਦਾ ਹੈ ਬਾਕੀ ਸਾਰੇ .... ਤੇ ਸਾਜਿੰਦੇ ਚੁੱਪ ਖਲੋਤੇ ਰਹਿੰਦੇ ਹਨ। ਬੋਲੀ ਦੀਆਂ ਅੰਤਿਮ ਸਤਰਾਂ ਦੇ ਅੱਧ ਤੱਕ ਪਹੁੰਚਦੇ ਹੀ ਇੱਕ ਪਲ ਲਈ ਰੁਕ ਕੇ ਇੱਕ ਜਣਾ ਸੀਟੀ ਮਾਰਦਾ ਹੈ ਤੇ ਨਾਲ ਹੀ ਸਾਰੇ ਸਾਜ ਵੱਜਣ ਲੱਗ ਪੈਂਦੇ ਹਨ। ਬੋਲੀ ਦੀਆਂ ਅੰਤਿਮ ਸਤਰਾਂ ਸਾਰੇ ਨ੍ਰਿਤਕ ਰਲ ਕੇ ਦੁਹਾਰਾਉਂਦੇ ਹਨ। ਦੋ ਗੱਭਰੂ ਅੱਗੇ ਆ ਕੇ ਤਾੜੀਆ ਨਾਲ ਘੁੰਗਰੂਆਂ ਲੈ ਕੇ ਜਾ ਝੁਕ ਕੇ ਅਤੇ ਕਿਸੇ ਸਮੇਂ ਥਾਏ .... ਕੇ ਵੀ ਨੱਚ ਦੇ ਹਨ। ਇਸ ਤਰ੍ਹਾਂ ਬੋਲੀ ਚੁੱਕ ਲਈ ਜਾਂਦੀ ਹੈ। ਫਿਰ ਗੱਭਰੂਆਂ ਦਾ ਦੂਜਾ ਜੋੜਾ ਆਕੇ ਇੰਝ ਕਰਦਾ ਹੈ ਕਿ ਫਿਰ ਤੀਜਾ ਜੋੜਾ। ਬੋਲੀ ਖਤਰਾ ਕਰ ਕੇ ਸਾਰੇ ਗੱਭਰੂ ਤਿੰਨ ਵਾਰ ਆਪਣੇ ਖਾਲੀ ਹੱਥ ਉਤਾਂਹ ਨੂੰ ਚੁੱਕ ਕੇ ਛਾਲਾਂ ਮਾਰਦੇ ਹਨ। ਇਸ ਤਰ੍ਹਾਂ ਇੱਕ ਪਿੱਛੋ ਦੂਜੀ ਤੇ ਫਿਰ ਤੀਜੀ ਬੋਲੀ ਪਾਈ ਜਾਂਦੀ ਹੈ। ਆਮ ਤੌਰ ਤੇ ਟੋਲੀਆਂ ਵਿੱਚ ਗੱਭਰੂ ਗਿੱਧੇ ਦੀ ਤਾਲ ਨੂੰ ਚੁੱਕਦੇ ਹਨ। ਇਸ ਵਿੱਚ ਗੱਭਰੂ ਵਧੇਰੇ ਕਰਕੇ ਸਫੈਦ ਕੱਪੜੇ ਪਾਉਂਦੇ ਹਨ। ਮੇਲਿਆਂ ਵਿੱਚ ਲੜੀ ਦੀਆਂ ਬੋਲੀਆਂ ਅਤੇ ਟੋਟੇ ਪਾਏ ਜਾਂਦੇ ਹਨ। ਆਮ ਕਰਕੇ ਜਦੋਂ ਦੋ ਬੋਲੀਕਾਰ ਜਿਦ ਕੇ ਬੋਲੀਆਂ ਪਾਉਂਦੇ ਹਨ ਤਾਂ ਇੱਕ ਦੂਜੇ ਦੀ ਬੋਲੀ ਦਾ ਜਨਾਬ ਦੇਣ ਲਈ ਤੁਰੰਤ ਟੋਟਾ ਰਚ ਲੈਂਦੇ ਹਨ। ਇਨ੍ਹਾਂ ਬੋਲੀਆਂ ਦ ਵਿਸ਼ੇ ਘਰੇਲੂ, ਅਤੇ ਸਮਾਜਿਕ ਮਸਲੇ, ਸਮਕਾਲੀਨ ਲਹਿਰਾਂ, ਛੜਿਆਂ ਦੇ ਦੁਖੜੇ ਦਿਉਰ-ਭਾਬੀ ਦੇ ਮਸਲੇ, ਆਸ਼ਕ-ਮਾਸ਼ੂਕਾਂ ਦੇ ਤਾਹਨੇ ਆਦਿ ਹੁੰਦੇ ਹਨ। ਇਸ ਤੋਂ ਬਿਨਾਂ ਬੋਗੋ-ਨਾਰ, ਪੂਰਨ-ਭਗਤ, ਹੀਰ-ਰਾਂਝਾ, ਮਿਰਜਾ-ਸਹਿਬਾਂ ਆਦਿ ਕਿੱਸਿਆ ਦੀਆਂ ਬੋਲੀਆ ਵੀ ਪਾਈਆਂ ਜਾਂਦੀਆਂ ਹਨ। ਬੋਲੀਆਂ ਰੱਬ ਦਾ ਨਾਂ ਐ ਕੇ ਸ਼ੁਰੂ ਕੀਤੀਆਂ ਜਾਂਦੀਆਂ ਹਨ। ਪਰ ਛੇਤੀ ਹੀ ਸਾਹਿਤਕ ਭਾਸ਼ਾ ਵਿੱਚ ਅਸ਼ਲੀਲ ਕਹੀਆ ਜਾਣ ਵਾਲੀਆਂ ਬੋਲੀਆਂ ਦਾ ਦੌਰ ਸ਼ੁਰੂ ਹੋ ਜਾਂਦਾ ਹੈ। ਇਸ ਤਰ੍ਹਾਂ ਲੋਕੀ ਆਪਣੇ ਮਨ ਦੇ ਗੁੱਭ-ਗੁਭਾਰ ਕੱਦ ਲੈਂਦੇ ਹਨ। ਫਿਰ ਮੇਲੇ ਵਿੱਚ ਹੋਰ ਢਾਣੀਆਂ ਤੋਂ ਥੋੜਾ ਫਰਕ ਰੱਖ ਕੇ ਹਰੇਕ ਢਾਣੀ ਆਪਣਾ ਅਖਾੜਾ ਰਚਾ ਲੈਂਦੀ ਹੈ। ਸਾਰਾ ਦਿਨ ਅਤੇ ਸਾਰੀ ਰਾਤ ਗਿੱਧਾ ਪੈਂਦਾ ਰਹਿੰਦਾ ਹੈ। ਹਵਾਲੇ 'ਦਿਲ ਦੀਆਂ ਸਾਂਝਾ ਦਾ ਪਿੜ ਗਿੱਧੇ ਦਾ ਜਨਮ ਸਾਂਝੇ ਵਲਵਲਿਆਂ ਨੂੰ ਇੱਕ ਲੜੀ ਵਿੱਚ ਪ੍ਰੋਣ ਲਈ ਹੋਇਆ। ਨੱਚਣ ਕੁੱਦਣ ਦੇ ਜਿਉਂਦੇ ਹੁਲਾਰੇ ਪਿਤਾ ਪੁਰਖੀ ਭਾਈਵਾਲ ਦੀਆਂ ਪ੍ਰੀਤ ਰੱਜੀਆਂ ਸੁਰਾਂ ਨਾਲ ਮੌਜ ਮੇਲਿਆਂ ਦੀ ਇੱਕ ਮਿੱਠੀ ਦੁਨੀਆ ਵਸਾ ਵਸਾ ਦੇਂਦੇ ਹਨ। ਗਿੱਧਾ ਕੀ ਹੈ, ਦਿਲਾਂ ਦਾ ਸਾਂਝਾ ਪਿੜ ਹੈ। ਇੱਥੇ ਆਕੇ ਦਿਲਾਂ ਦੇ ਵਿਚਕਾਰ ਬਹੁਤੀਆਂ ਵਿੱਥਾਂ ਨਹੀਂ ਰਹਿੰਦੀਆਂ। ਮਜ਼ਹਬਾਂ ਦਾ ਫ਼ਰਕ ਇੱਥੇ ਕਿਸੇ ਤਰ੍ਹਾਂ ਦੀ ਫਿੱਕ ਨਹਾਈ ਪਾ ਸਕਦਾ। ਖੁਦਾ ਦੇ ਨਿਰਮਲੇ ਬੰਦਿਆਂ ਦਾ ਨਿਰੋਲ ਸੱਭਿਆਚਾਰ ਮਨੁੱਖਤਾ ਤੇ ਸਰਬ ਸਾਂਝ ਦੀ ਪ੍ਰੇਰਣਾ ਨਾਲ ਇਕ5 ਮਿੱਕ ਹੋ ਜਾਂਦਾ ਹੈ, ਰਾਮ ਤੇ ਰਹੀਮ ਵਿੱਚ ਕੁੱਝ ਫ਼ਰਕ ਪੈ ਜਾਂਦਾ ਹੈ। ਗਿੱਧੇ ਦੇ ਮੰਗਲਾਚਰਨ ਵਿੱਚ ਦੇਵੀ ਮਾਤਾ ਅੱਲਾ ਤੇ ਗੁਰੂ ਤੇ ਪੀਰ ਦੀ ਅਰਾਧਨਾ ਇਕੋ ਵਲਵਲੇ ਹੇਠ ਕੀਤੀ ਜਾਂਦੀ ਹੈ।

**ਦੇਵੀ ਮਾਤਾ ਗੌਣ ਬਖਸ਼ਦੀ ਨਾਮ ਲਏ ਜੱਗ ਤਰਦਾ।**

ਬੋਲੀਆਂ ਪੌਣ ਦੀ ਹੋ ਗਈ ਮਨਸ਼ਾ ਆ ਕੇ ਗਿੱਧੇ ਵਿੱਚ ਵੜਦਾ, ਗਿੱਧੇ ਦੇ ਸਾਂਝੇ ਪਿੜ ਵਿੱਚ ਦਿਲਾਂ ਦਾ ਮੇਲ ਜੋਲ ਹੁੰਦਾ ਹੈ ਤਾਂ ਜੀਵਨ ਵਿੱਚ ਆਪਾ ਪ੍ਰਗਟ ਕਰਨ ਦੀ ਰੀਝ ਜਾਗ ਉੱਠਦੀ ਹੈ। ਗਿੱਧਾ ਪਾਉਣ ਵਾਲੇ ਕਿਸੇ ਅਜਿਹੀ ਵਿਸਮਾਦੀ ਅਵਸਥਾ ਵਿੱਚ ਪੁਹੰਚਣਾ ਨਹੀਂ ਲੋਚਦੇ ਜਿੱਥੇ ਉਹ ਆਪਣੀ ਧਰਤੀ ਦੇ ਨਜ਼ਾਰਿਆਂ ਨੂੰ ਹੀ ਭੁੱਲ ਜਾਣ। ਨੱਚਦੇ ਨੱਚਦੇ ਗਲਵੱਕੜੀਆਂ ਪਾਉਂਦੇ ਰਹਿੰਦੇ ਹਨ ਤੇ ਆਪਣੇ ਗੀਤਾਂ ਵਿੱਚ ਇਹਨਾਂ ਦੇ ਸ਼ਬਦ ਚਿਤ੍ਰ ਖਿੱਚ ਵਖਾਉਂਦੇ ਹਨ।

## ਕਿੱਕਲੀ

ਪੰਜਾਬ ਦੇ ਲੋਕ ਨਾਚਾਂ ਦੀ ਲੜੀ ਵਿੱਚ ਪੰਜਾਬੀ ਸਮਾਜ ਦੀਆਂ ਨਿੱਕੀਆਂਨਿੱਕੀਆਂ ਬਾਲੜੀਆਂ ਦਾ ਇਕ ਅਨੋਖਾ ਲੋਕ ਨਾਚ ਕਿੱਕਲੀ - ਮੰਨਿਆਜਾਂਦਾ ਹੈ । ਕਿਕਲੀ ਛੋਟੀ ਉਮਰ ਦੀਆਂ ਕੁੜੀਆਂ ਦਾ ਅਜਿਹਾ ਲੋਕ ਨਾਚ ਹੈ ਜੋ ਬੱਚੀਆਂ ਦੀਆਂ ਖੇਡਾਂ ਨਾਲ ਜੁੜਿਆ ਹੋਇਆ ਹੈ। ਇਸ ਨਾਚ ਲਈ ਕੋਈ ਸਮਾਂ ਜਾਂ ਥਾਂ ਨਿਸ਼ਚਿਤ ਨਹੀਂ, ਘਰ ਵਿਹੜੇ ਵਿੱਚ ਜਾਂ ਨੇੜੇ ਤੇੜੇ ਕਿਸੇ ਵੀ ਖੁੱਲੀ ਥਾਂ ਤੇ ਜਦ ਕੁੜੀਆਂ ਖੇਨੂੰ ਗੀਟੇ ਜਾਂ ਹੋਰ ਖੇਡਾਂ ਖੇਡਦੀਆਂ ਅੱਕ ਜਾਂਦੀਆਂ ਹਨ ਤਾਂ ਸਹਿਵਣ ਦੀ ਕਿਕਲੀ ਪਾਉਣੀ ਸ਼ੁਰੂ ਕਰ ਦਿੰਦੀਆਂ ਹਨ। ਬੱਚੀਆਂ ਦੇ ਇਸ ਖੇਡ ਨਾਚ ਦੇ ਨਾ ਬਾਰੇ ਆਮ ਧਾਰਨਾ ਇਹ ਹੈ ਕਿ ਕਿਉ ਜੋ ਇਸ ਨੂੰ ਨੱਚਣ ਵਾਲੀਆਂ ਕੁੜੀਆਂ ਆਪੋ ਵਿੱਚ ਹੱਥਾਂ ਦੀ ਕਰਿੰਗਲੀ ਜਾਂ ਕੁੜਿੰਗੜੀ ਪਾ ਕੇ ਨੱਚਦੀਆਂ ਹਨ। ਇਸ ਲਈ ਇਸ ਨਾਚ ਦਾ ਨਾਮ ਕਿਕਲੀ ਪੈ ਗਿਆ। ਇਹ ਨਾਚ ਕੁੜੀਆਂ ਵੱਲੋਂ ਦੋਦੋ ਜੋਟਿਆ ਵਿਚ ਨੱਚਿਆ ਜਾਂਦਾ- ਹੈ। ਇਸ ਨਾਚ ਅਨੁਸਾਰ ਕੁੜੀਆਂ ਆਹਮੋ ਸਾਹਮਣੇ ਖਲੋ ਕੇ ਇਕ ਦੂਜੇ ਦਾ ਹੱਥ ਇੰਜ ਪਕੜਦੀਆਂ ਹਨ-ਕਿ ਬਾਹਵਾਂ ਦੀ ਸੰਗਲੀ ਜਿਹੀ ਬਣ ਜਾਵੇ। ਪੈਰਾਂ ਦੀਆਂ ਅਗਲੀਆਂ ਤਲੀਆਂ ਉੱਤੇ ਭਾਰ ਪਾ ਕੇ ਜ਼ੋਰ ਨਾਲ ਭੰਬੀਰੀ ਵਾਂਗ ਘੁੰਮਦਿਆਂ ਗਾਉਂਦੀਆਂ ਹਨ : -

ਕਿੱਕਲੀ ਕਲੀਰ ਦੀ
ਪੱਗ ਮੇਰੇ ਵੀਰ ਦੀ
ਦੁਪੱਟਾ ਭਰਜਾਈ ਦਾ
ਫਿਟੇ ਮੂੰਹ ਜਵਾਈ ਦਾ।

## ਝੂੰਮਰ

ਝੂੰਮਰ ਬੁਨਿਆਦੀ ਤੌਰ ਤੇ ਮਰਦਾਂ ਦਾ ਲੋਕ ਨਾਚ ਹੈ। ਪਰ ਕੁਝ ਥਾਵਾਂ ਉੱਪਰ ਔਰਤਾਂ ਵੀ ਝੂੰਮਰ ਪਾਉਂਦੀਆਂ ਹਨ।ਪਾਕਿਸਤਾਨ ਦੀ ਮੁਸਲੀ ਜਾਤ ਵਿੱਚ ਝੂੰਮਰ ਔਰਤਾਂ ਅਤੇ ਮਰਦ ਰਲ ਕੇ ਪਾਉਂਦੇ ਹਨ। ਝੂੰਮਰ ਨੂੰ ਬਲੋਚਾਂ ਦੇ ਨਾਚ ਕਰਕੇ ਵੀ ਜਾਣਿਆ ਜਾਂਦਾ ਹੈ। ਝੂੰਮਰ ਪਾਉਣ ਵਾਲੇ ਝੂੰਮਰੀ ਨੱਚਣ ਸਮੇਂ ਝੂੰਮਦੇ ਹਨ ਇਸੇ ਕਰਕੇ ਇਸ ਨੂੰ ਝੂੰਮਰ ਕਿਹਾ ਜਾਂਦਾ ਹੈ। ਦਾਇਰੇ ਵਿੱਚ ਘੁੰਮਣ ਕਾਰਨ ਕਈ ਲੋਕ ਇਸ ਨੂੰ ਘੂੰਮਰ ਵੀ ਕਹਿੰਦੇ ਹਨ। ਘੁੰਮਣਾ ਇਸ ਦੀ ਖ਼ੂਬਸੂਰਤੀ ਵਿੱਚ ਵਾਧਾ ਕਰਦਾ ਹੈ। ਝੂੰਮਰ ਦਾ ਪ੍ਰਤੀਨਿਧ ਖੇਤਰ ਸਾਂਦਲਬਾਰ ਦਾ ਇਲਾਕਾ ਹੈ। ਇਸ ਖੇਤਰ ਵਿੱਚ ਮੰਟਗੁਮਰੀ, ਸ਼ੇਖ਼ੂਪੁਰਾ, ਫੈਸਲਾਬਾਦ, ਟੋਭਾਟੇਕ ਸਿੰਘ, ਗੁਜਰਾਂਵਾਲਾ, ਝੰਗ ਅਤੇ ਸਰਗੋਧਾ ਆਦਿ ਜ਼ਿਲ੍ਹੇ ਸ਼ਾਮਿਲ ਹਨ। ਇਸ ਖੇਤਰ ਦੇ ਲੋਕਾਂ ਨੂੰ ਜੰਗਲੀ/ਜਾਂਗਲੀ ਕਿਹਾ ਜਾਂਦਾ ਸੀ। ਇਹ ਲੋਕ ਆਪ ਵੀ ਨੱਚਦੇ ਸਨ ਅਤੇ ਆਪਣੇ ਊਠਾਂ ਨੂੰ ਵੀ ਨਚਾਉਂਦੇ ਸਨ। ਜੋਗਿੰਦਰ ਸਿੰਘ ਅਨੁਸਾਰ ਰਾਜਸਥਾਨ ਅਤੇ ਮੱਧ ਪ੍ਰਦੇਸ਼ ਵਿੱਚ ਵੀ ਝੂੰਮਰ ਨਾਮ ਦੇ ਲੋਕ ਨਾਚ ਮਿਲਦੇ ਹਨ ਪਰ ਉਹਨਾਂ ਦੀ ਤਕਨੀਕ ਪੰਜਾਬ ਦੇ ਝੂੰਮਰ ਤੋਂ ਵੱਖਰੀ ਹੈ। ਝੂੰਮਰ ਲਈ ਵਿਸ਼ੇਸ਼ ਸਾਜ ਢੋਲ ਹੈ। ਪੇਸ਼ੇਵਰ ਟੋਲੀਆਂ ਢੋਲ ਦੇ ਨਾਲ ਨਾਲ ਚਮਟੇ, ਖੜਤਾਲਾਂ, ਤੂਤੀਆਂ, ਡਾਂਡੀਆਂ ਅਤੇ ਸ਼ਹਿਨਾਈਆਂ ਦੀ ਵਰਤੋਂ ਵੀ ਕਰਦੀਆਂ ਹਨ। ਝੂੰਮਰ ਪਾਉਣ ਵਾਲਿਆਂ ਦੀ ਕੋਈ ਨਿਸ਼ਚਿਤ ਗਿਣਤੀ ਨਹੀਂ। ਝੂੰਮਰੀ ਢੋਲ ਦੇ ਦੁਆਲੇ ਦਾਇਰੇ ਵਿੱਚ ਖਲੋ ਜਾਂਦੇ ਹਨ। ਇੱਕ ਕਦਮ ਦਾਇਰੇ ਵੱਲ ਵਧਾ ਕੇ ਖੱਬਿਓਂ ਸੱਜੇ ਸੱਜਿਓਂ ਖੱਬੇ ਪਿਛਾਂਹ ਵੱਲ ਘੁੰਮਾਉਂਦੇ ਹਨ। ਉਪਰੰਤ ਪੂਰਾ ਘੁੰਮ ਜਾਂਦੇ ਹਨ। ਨਾਲ-ਨਾਲ ਛੂਹ ਛਾਹ ਦੀਆਂ ਆਵਾਜ਼ਾਂ ਕੱਢਦੇ ਹਨ ਅਤੇ ਐਕਟਿੰਗ ਵੀ ਕਰਦੇ ਹਨ। ਹੱਥਾਂ ਦੀਆਂ ਦੋਨੋਂ ਮੁੱਠੀਆਂ ਮੀਟ ਕੇ ਛਾਤੀ ਅੱਗੇ ਰੱਖ ਕੇ ਝਟਕਾ ਮਾਰਦੇ ਹਨ ਨਾਲ-ਨਾਲ ਗੀਤ ਵੀ ਗਾਉਂਦੇ ਹਨ। ਢੋਲਚੀ ਦੇ ਬਦਲਦੇ ਤਾਲਾਂ ਨਾਲ ਝੂੰਮਰੀਆਂ ਦੇ ਨਾਚ ਦੀ ਗਤੀ ਵੀ ਬਦਲਦੀ ਰਹਿੰਦੀ ਹੈ। ਇਹ ਤਾਲ ਸ਼ੁਰੂ ਵਿੱਚ ਧੀਮਾ ਫਿਰ ਤੇਜ਼ ਤੇ ਅਖੀਰ ਵਿੱਚ ਬਹੁਤ ਤੇਜ਼ ਹੋ ਜਾਂਦਾ ਹੈ। ਝੂੰਮਰ ਪਾਉਂਦਿਆਂ ਗਾਏ ਜਾਣ ਵਾਲੇ ਢੋਲਿਆਂ/ਗੀਤਾਂ ਦੇ ਮੁੱਢਲੇ ਬੋਲ ਇਸ ਪ੍ਰਕਾਰ ਹਨ:-

- ਇੱਕ ਫੁੱਲ ਮੋਤੀਏ ਦਾ, ਮਾਰ ਕੇ ਜਗਾ ਸੋਹਣੀਏ।
- ਭਾਂਵੇ ਜਾਣੇ, ਭਾਂਵੇ ਨਾ ਜਾਣੇ, ਤੇ ਮੇਰਾ ਢੋਲ ਜਵਾਨੀਆਂ ਮਾਣੇ।
- ਵੇ ਮੈਂ ਪਾਣੀ ਭਰੇਨੀਆਂ ਚਿੱਕ ਦਾ, ਮੇਰਾ ਢੋਲ ਪਰਦੇਸੀ ਨਿੱਤ ਦਾ।

'ਝੂੰਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਮਰਦਾਂ ਦਾ ਲੋਕ ਨਾਚ ਹੈ। ਇਸ ਵਿੱਚ ਸ਼ੇਖ਼ੂਪੁਰਾ, ਲਾਇਲਪੁਰ, ਮਿੰਟਗੁਮਰੀ ਅਤੇ ਝੰਗ ਦੇ ਇਲਾਕੇ ਸ਼ਾਮਿਲ ਹਨ। ਇਸ ਇਲਾਕੇ ਦੇ ਜਾਂਗਲੀ ਲੋਕ ਅਜੀਬ ਤਰ੍ਹਾਂ ਦਾ ਜੀਵਨ ਗੁਜ਼ਾਰਦੇ ਹਨ। ਇਹਨਾਂ ਲੋਕਾਂ ਦੇ ਖ਼ੁਸ਼ੀ ਤੇ ਮਲ੍ਹਾਰ ਦੇ ਆਪ ਮੁਹਾਰੇ ਐਕਸ਼ਨ ਹੀ ਝੂੰਮਰ ਨਾਚ ਦਾ ਮੁਹਾਂਦਰਾ ਸਾਕਾਰ ਕਰਦੇ ਹਨ। ਇਸ ਨਾਚ ਦੀਆਂ ਹਰਕਤਾਂ ਭੰਗੜੇ ਵਾਲੀਆਂ ਨਹੀਂ ਪਰ ਭੰਗੜੇ ਵਾਂਗ ਢੋਲ ਇਸ ਦਾ ਲਾਜ਼ਮੀ ਸਾਜ਼ ਹੁੰਦਾ ਹੈ। ਇਸ ਦੇ ਗੀਤ ਲੰਮੇ ਹੁੰਦੇ ਹਨ:- ਲੰਘ ਆ ਜਾ ਪੱਤਣ ਝਨਾਅ ਦਾ ਓ ਯਾਰ ਸਿਰ ਸਦਕਾ ਤੇਰੇ ਨਾਂ ਦਾ ਓ ਯਾਰ। 'ਪ੍ਰਸਿੱਧ ਲੋਕ ਨਾਚ ਝੂੰਮਰ ਪੱਛਮੀ ਪੰਜਾਬ ਦੇ ਸਾਂਦਲਬਾਰ ਦੇ ਚਾਵਾਂ ਤੇ ਮਲ੍ਹਾਰਾਂ ਨੂੰ ਪ੍ਰਗਟ ਕਰਦਾ ਹੈ। ਝੂੰਮ-ਝੂੰਮ ਕੇ ਨੱਚਣ ਸਦਕਾ ਇਸ ਦਾ ਨਾਮ ਝੂੰਮਰ ਪੈ ਗਿਆ। ਇਹ ਨਾਚ ਤਿੰਨ ਪੜਾਵਾਂ ਤਹਿਤ ਨੱਚਿਆ ਜਾਂਦਾ ਹੈ ਜਿਸ ਨੂੰ ਤਿੰਨ ਤਾਲਾ

ਮੱਠੀ ਤਾਲ, ਤੇਜ਼ ਤਾਲ, ਬਹੁਤ ਹੀ ਤੇਜ਼ ਤਾਲ ਦਾ ਨਾਮ ਵੀ ਦਿੱਤਾ ਜਾਂਦਾ ਹੈ। ਕਈ ਵਿਦਵਾਨਾਂ ਨੇ ਇਸਨੂੰ ਕ੍ਰਮਵਾਰ ਝੂੰਮਰ ਦੀ ਤਾਲ, ਚੀਣਾ ਛੜਨਾ ਅਤੇ ਧਮਾਲ ਵੀ ਆਖਿਆ ਹੈ। ਇਸ ਨਾਚ ਦੇ ਅੰਤਿਮ ਪੜਾਅ ਤੱਕ ਸਮੂਹ ਵਿੱਚੋਂ ਕੇਵਲ ਕੁਝ ਕੁ ਨਚਾਰ ਹੀ ਨੱਚਦੇ ਰਹਿ ਜਾਂਦੇ ਹਨ ਬਾਕੀ ਹਫ਼ ਕੇ ਖਲੋ ਜਾਂਦੇ ਹਨ। 'ਢੋਲੀ ਦਾ ਢੋਲ ਵਜਾਉਣ ਦਾ ਤਰੀਕਾ ਇਓਂ ਹੈ ਕਿ ਢੋਲੀ ਸੱਜੇ ਹੱਥ ਦੀ ਮੋਟੀ ਛੜੀ ਨਾਲ ਪਹਿਲਾਂ ਦੋ ਡਗੇ ਮਾਰਦਾ ਹੈ ਤੇ ਦੂਜੇ ਹੱਥ ਦੀ ਜਾਈਕੇ ਖੱਬੇ ਹੱਥ ਦੀ ਪਤਲੀ ਛੜੀ ਨੂੰ ਤਿੰਨ ਵਾਰ ਬੜਕਾਉਂਦਾ ਹੈ। ਝੂੰਮਰ ਦੀ ਤਾਲ ਤਨਕ-ਦਿਨ-ਤਾ--ਤਨਕ-ਦਿਨ-ਤਾ, ਤਨਕ-ਦਿਨ-ਤਾ -- ਦਨਕ-ਦਿਨ-ਦਿਨ ਹੈ। 'ਝੂੰਮਰ ਦੀ ਸੱਦ ਵਾਲੀ ਇੱਕ ਵਿਸ਼ੇਸ਼ ਨੀਯਤ ਤਾਲ ਹੈ ਜਿਸ ਨੂੰ ਸੁਣ ਕੇ ਦੂਰੋਂ ਨੇੜਿਓਂ ਜਾਂਗਲੀ ਆ ਕੇ ਝੂੰਮਰ ਦੇ ਪਿੜ ਵਿੱਚ ਇਕੱਠੇ ਹੁੰਦੇ ਹਨ। ਢੋਲੀ ਝੂੰਮਰ ਦੀ ਵਿਸ਼ੇਸ਼ ਤਾਲ ਆਰੰਭਦਾ ਹੈ। ਇਹ ਤਾਲ ਹੈ ਸੱਜੇ ਹੱਥ ਦੇ ਦੋ ਡਗੇ ਲਗਾਤਾਰ ਮਾਰ ਕੇ ਖੱਬੇ ਹੱਥ ਦੀ ਤੀਲ੍ਹੀ ਦੇ ਛੇ ਮਾਤਰੇ ਪੀਸ ਧੀਮੇ ਵਕਫੇ ਨਾਲ ਵਜਾਏ ਜਾਂਦੇ ਹਨ। ਦੋ ਡਗਿਆਂ ਵਿਚਕਾਰ ਅਤੇ ਛੇ ਤੀਲ੍ਹੀਆਂ ਵਿਚਕਾਰ ਨਿਸ਼ਚਿਤ ਵਕਫ਼ਾ ਏਨਾ ਹੁੰਦਾ ਹੈ ਕਿ ਇਸ ਵਿੱਚ ਬਾਹਵਾਂ-ਲੱਤਾਂ ਇੱਕ ਖਾਸ ਤਰ੍ਹਾਂ ਦਾ ਹੁਲਾਰਾ ਮਾਰ ਸਕਣ। ਕਈ ਵਾਰ ਢੋਲੀ ਨਾਚ ਨੂੰ ਹੋਰ ਮਟਕਦਾਰ ਬਣਾਉਣ ਲਈ ਸੱਜੇ ਹੱਥ ਦੀ ਖੂੰਡੀ ਨੂੰ ਉਂਗਲਾਂ ਵਿੱਚ ਟੁੰਂਗ ਕੇ ਇੱਕ ਪਾਸੇ ਦਾ ਤਾਲ ਕੇਵਲ ਹਥੇਲੀ ਨਾਲ ਦੇਂਦਾ ਹੈ।

## ਸੰਮੀ

ਸੰਮੀ ਨਾਚ ਸਮਤਾ ਵਿਚ ਨੱਚਿਆ ਜਾਣ ਵਾਲਾ ਨਾਚ ਹੈ । ਗੀਤ ਦੇ ਬੋਲ, ਤਾੜੀ ਅਤੇ ਚੁਟਕੀ ਨਾਚ ਦੀ ਸਮਤਾ ਨੂੰ ਬਣਾਉਣ ਵਿੱਚ ਸਹਾਈ ਹੁੰਦੇ ਹਨ। ਲਹਿੰਦੇ ਪੰਜਾਬ ਵਿੱਚ ਸੰਮੀ ਦਾ ਸੰਬੰਧ ਹੈ ਸਾਂਦਲਬਾਰ ਦੇ ਇਲਾਕੇ ਨਾਲ ਹੈ। ਡਾ ਵਣਜਾਰਾ ਬੇਦੀ ਨੇ ਸੰਮੀ ਨੂੰ ਅਤਿ ਪੁਰਾਣਾ ਨਾਚ ਮੰਨਿਆ ਹੈ ਜਿਸ ਨੂੰ ਔਰਤਾਂ ਅੱਗ ਦੁਆਲੇ ਨੱਚਦੀਆਂ ਸਨ।ਭਾਂਵੇ ਇਸ ਬਾਰੇ ਕੋਈ ਦੋ ਰਾਵਾਂ ਨਹੀਂ ਹਨ ਕਿ ਇਸ ਨਾਚ ਦਾ ਨਾਮ ਸੰਮੀ ਨਾਮ ਦੀ ਮੁਟਿਆਰ ਦੇ ਇਸੇ ਨਾਮ ਤੋਂ ਪਿਆ ਹੈ ਪਰ ਇਹ ਨਾਂ ਕਿਵੇਂ ਪਿਆ ਇਸ ਬਾਰੇ ਕੁਝ ਦੰਤ ਕਥਾਵਾਂ ਪ੍ਰਚੱਲਿਤ ਹਨ। ਇਸ ਨਾਂ ਬਾਰੇ ਇੱਕ ਧਾਰਨਾ ਇਹ ਵੀ ਹੈ ਕਿ ਜਦ ਸੰਮੀ ਨਾਂ ਦੀ ਮੁਟਿਆਰ ਦਾ ਪ੍ਰਮੀ ਉਸ ਨੂੰ ਛੱਡ ਕੇ ਚਲਾ ਗਿਆ ਤਾਂ ਬਿਰਹਨ ਦੇ ਰੂਪ ਵਿੱਚ ਸੰਮੀ ਨੱਚਦੀ ਤੇ ਗਾਉਂਦੀ ਸੀ। ਇਸ ਦੇ ਪ੍ਰੇਮੀ ਦੇ ਨਾਂ ਢੋਲ ਜਾਂ ਢੋਲਾ ਸੀ। ਇੱਕ ਹੋਰ ਦੰਤ ਕਥਾ ਅਨੁਸਾਰ ਸੰਮੀ ਤੇ ਢੋਲਾ ਦੋਨੋਂ ਨੇੜੇ ਵਸਦੇ ਰਈਸਾਂ ਜਾਂ ਜਾਗੀਰਦਾਰਾਂ ਦੇ ਧੀ-ਪੁੱਤਰ ਸਨ। ਢੋਲਾ ਸ਼ਿਕਾਰ ਖੇਡਦਾ ਸੰਮੀ ਦੇ ਬਾਗ਼ ਵਿੱਚ ਪੁੱਜਦਾ ਹੈ। ਪਹਿਲੀ ਨਜ਼ਰੇ ਦੋਨੋਂ ਇੱਕ ਦੂਜੇ ਦੇ ਦੀਵਾਨੇ ਹੋ ਜਾਂਦੇ ਹਨ। ਇਸ ਕਹਾਣੀ ਵਿੱਚ ਵੀ ਜਦ ਢੋਲਾ ਸੰਮੀ ਨੂੰ ਛੱਡ ਕੇ ਚਲਾ ਜਾਂਦਾ ਹੈ ਤਾਂ ਉਹ ਉਸਦੇ ਵਿਛੋੜੇ ਵਿੱਚ ਨੱਚਦੀ-ਗਾਉਂਦੀ ਹੈ।

ਅਜੋਕੇ ਸਮੇਂ ਵਿੱਚ ਇਸ ਨਾਚ ਵਿੱਚ ਵੀ ਗਿੱਧੇ ਵਾਂਗ ਕੁੜੀਆਂ/ਔਰਤਾਂ ਘੇਰੇ ਵਿੱਚ ਖਲੋ ਜਾਂਦੀਆਂ ਹਨ। ਇੱਕ ਦੂਜੇ ਦੇ ਬਾਹਾਂ ਵਿੱਚ ਬਾਹਾਂ ਪਾ ਕੇ ਨੱਚਣਾ ਆਰੰਭ ਕਰ ਦਿੰਦੀਆਂ ਹਨ। ਹੱਥਾਂ ਨਾਲ ਤਾਲੀਆਂ ਅਤੇ ਉਂਗਲਾਂ ਨਾਲ ਚੁਟਕੀਆਂ ਵਜਾਉਂਦੀਆਂ ਹਨ। ਪੈਰਾਂ ਦੀ ਧਮਕ ਨਾਲ ਤਾਲ ਪੈਦਾ ਕਰਦੀਆਂ ਹਨ ਅਤੇ ਨਾਲ ਹੀ ਸੰਮੀ ਬਾਰੇ ਪ੍ਰਚੱਲਿਤ ਗੀਤ ਉਚਾਰਦੀਆਂ ਹਨ। ਗਿੱਧੇ ਨਾਲ ਮਿਲਦੀ ਸੰਮੀ ਤੋਂ ਬਿਨਾਂ ਦੂਜੀ ਸੰਮੀ ਦੀ ਵੰਨਗੀ 'ਸਲਾਮ ਸੰਮੀ` ਵਜੋਂ ਜਾਣੀ ਜਾਂਦੀ ਹੈ। ਇਸ ਸੰਮੀ ਵਿੱਚ ਨੱਚਣ ਵਾਲੀਆਂ ਔਰਤਾਂ ਵੱਲੋਂ ਸੱਜਾ ਹੱਥ ਲੱਕ ਉੱਤੇ ਅਤੇ ਖੱਬਾ ਹੱਥ ਮੱਥੇ ਉੱਤੇ ਰੱਖ ਕੇ ਸਲਾਮ ਕਰਨ ਦੀ ਐਕਟਿੰਗ ਕੀਤੀ ਜਾਂਦੀ ਹੈ। ਫਿਰ ਦੋਹਾਂ ਹੱਥਾਂ ਨੂੰ ਮੱਥੇ ਉੱਤੇ ਰੱਖ ਕੇ ਲੱਕ ਨੂੰ ਅਗਲੇ ਪਾਸੇ ਝੁਕਾਅ ਕੇ ਸਲਾਮ ਕੀਤੀ ਜਾਂਦੀ ਹੈ। ਅਫ਼ਜ਼ਲ ਪਰਵੇਜ਼ ਨੇ 'ਬਨ ਫੁਲਵਾੜੀ` ਨਾਂ ਦੀ ਆਪਣੀ ਪੁਸਤਕ ਵਿੱਚ ਸੰਮੀ ਨੂੰ ਪੋਠੋਹਾਰ ਦਾ ਬਹੁਤ ਹੀ ਹਰਮਨ ਪਿਆਰਾ ਮਰਦਾਂ ਦਾ ਨਾਚ ਲਿਖਿਆ ਹੈ। ਪਰ ਇਹ ਵਧੇਰੇ ਕਰਕੇ ਭੰਗੜੇ ਨਾਲ ਮੇਲ ਖਾਂਦਾ ਹੈ।'ਸੰਮੀ ਮੁਟਿਆਰਾਂ ਦਾ ਨਾਚ ਹੈ ਅਤੇ ਇਹ ਸਾਂਦਲਬਾਰ ਦੀ ਧਰਤੀ ਤੇ ਨੱਚਿਆ ਜਾਂਦਾ ਹੈ। ਇਸ ਨਾਚ ਦਾ ਨਾਮ ਕੁੜੀ ਸੰਮੀ ਦੇ ਨਾਮ ਉੱਪਰ ਪਿਆ ਦੱਸਿਆ ਜਾਂਦਾ ਹੈ। ਜਦੋਂ ਉਸ ਦਾ ਮਾਹੀ ਉਸ ਨੂੰ ਛੱਡ ਕੇ ਦੂਰ ਚਲਿਆ ਗਿਆ ਤਾਂ ਉਹ ਉਸਦੀ ਯਾਦ ਵਿੱਚ ਨੱਚਿਆ ਗਾਇਆ ਕਰਦੀ ਸੀ। ਬਾਅਦ ਵਿੱਚ ਇਹ ਲੋਕ ਕਲਾ ਦੇ ਖੇਤਰ ਵਿੱਚ ਸ਼ਾਮਿਲ ਹੋ ਗਿਆ। ਇਹ ਅਸਲ ਵਿੱਚ ਮੁਟਿਆਰਾਂ ਦੇ ਜਜ਼ਬਿਆਂ ਦਾ ਗੀਤ ਹੈ। ਇਸ ਨਾਚ ਵਿੱਚ

ਗਾਏ ਜਾਣ ਗੀਤ ਦੇ ਬੋਲ ਹੁੰਦੇ ਹਨ:- ਸੰਮੀ ਮੇਰੀ ਬਣ, ਉਠ ਲੱਦੇ ਕਚੂਰ ਦੇ ਸੰਮੀਏ ਸੰਮੀ ਮੇਰੀ ਬਣ, ਗਿਣ-ਗਿਣ ਲਾਹਵਾਂ ਰੋਟੀਆਂ ਨੀ ਸੰਮੀਏ ਬਣ ਸੰਮੀਆਂ, ਸੰਮੀ ਮੇਰੀ ਬਣ ਖਾਵਣ ਵਾਲੇ ਦੂਰ ਬਣ ਸੰਮੀਏ। ਸੰਮੀ ਨਾਚ ਬਾਰੇ ਇਹ ਵੀ ਕਿਹਾ ਜਾਂਦਾ ਹੈ ਕੀ ਇਹ ਨਾਚ ਭਾਵੇਂ ਮੁਹੱਬਤ ਦੇ ਗੀਤਾਂ 'ਤੇ ਚਲਦਾ ਹੈ ਪਰ ਕਿਤੇ-ਕਿਤੇ ਇਸ ਨਾਚ ਨਾਲ ਜੁੜੇ ਬੋਲ ਪੀਰਾਂ ਫ਼ਕੀਰਾਂ ਦੀ ਸ਼ਰਧਾ ਰੱਖਣ ਵਾਲੇ ਵੀ ਸੰਕੇਤ ਕਰਦੇ ਹਨ । ਇਸ ਸਦਕਾ ਨਾਚ ਅੰਦਰ ਵੀ ਸ਼ਰਧਾਮਈ ਭਾਵਾਂ ਵਾਲੀਆਂ ਅਦਾਵਾਂ ਸ਼ਾਮਿਲ ਰਹੀਆਂ ਹਨ । ਇੰਜ ਲੱਗਦਾ ਹੈ ਜਿਵੇਂ ਜੰਗਲੀ ਔਰਤ ਕਿਸੇ ਇਸ਼ਟ ਦੀ ਆਰਾਧਨਾ ਕਰ ਰਹੀਆਂ ਹੋਣ :

ਮੇਰੇ ਪੀਰ ਪਵਾਏ ਕੋਠੇ
ਵਿੱਚ ਬੋਲਣ ਤੋਤੇ
ਉਹ ਗੱਡੀ ਬੰਨ੍ਹ ਖਲੋਤੇ
ਮੈਂ ਕੁਰਬਾਨ ਜਾਨੀਂ ਆ ।
ਆਇਆ ਕੁਤਬ ਦਾ ਫ਼ਰੀਦ
ਮੈਂ ਫ਼ਰਸ਼ਾਨ ਜਾਨੀ ਆਂ।

ਇਸ ਲੋਕ ਨਾਚ ਦੀਆਂ ਰੂੜੀਆਂ ਇਸ ਨੂੰ ਪ੍ਰਾਚੀਨ ਸਮੇਂ ਤਕ ਲੈ ਜਾਂਦੀਆਂ ਹਨ। ਪਰੰਤੂ ਇਹ ਗੱਲ ਤਾਂ ਨਿਰਵਿਵਾਦ ਹੈ ਕਿ ਸੰਮੀ ਨਾਚ ਪੂਰਨ ਰੂਪ ਵਿਚ ਮੁਹੱਬਤ ਦਾ ਨਾਚ ਹੈ। ਬਿਰਹੋਂ ਕੁੱਠੀ ਮੁਟਿਆਰ ਦੀਆਂ ਸੋਖ ਅਦਾਵਾਂ ਦੀ ਖੂਬਸੂਰਤ ਪੇਸ਼ਕਾਰੀ ਹੈ।

## ਲੁੱਡੀ

'ਲੁੱਡੀ ਪਾਉਣਾ ਪੰਜਾਬ ਵਿੱਚ ਪ੍ਰਚਲਿਤ ਮੁਹਾਵਰਾ ਹੈ। ਜਿਸ ਦਾ ਭਾਵ ਹੈ ਖੁਸ਼ੀ ਨੂੰ ਪ੍ਰਗਟ ਕਰਨਾ ਜਾਂ ਕਿਸੇ ਢੰਗ ਨਾਲ ਖੁਸ਼ੀ ਮਨਾਉਣੀ। ਪਾਕਿਸਤਾਨ ਵਿੱਚ ਪੰਜਾਬ ਦੇ ਲੋਕ ਨਾਚਾਂ ਦੇ ਮਾਹਿਰ ਤੇ ਨਚਾਰ ਸਾਗਾ ਦਾ ਵਿਚਾਰ ਹੈ ਕਿ ਲੁੱਡੀ ਲਫ਼ਜ਼ ਪੰਜਾਬੀ ਵਿੱਚ ਯੂਨਾਨੀ ਜ਼ੁਬਾਨ ਰਾਹੀਂ ਆਇਆ ਹੈ। ਜਿਸ ਦੇ ਅਰਥ ਹਨ ਖੇਡ-ਕੁੱਦ। ਪਿੱਛੋਂ ਇਹ ਸ਼ਬਦ ਨਾਚ ਨਾਲ ਜੁੜ ਗਿਆਜਦ ਫੌਜ ਜੰਗ ਜਿੱਤ ਕੇ ਪਰਤਦੀ ਤਾਂ ਲੁੱਡੀ ਪਾ ਕੇ ਜਵਾਨਾਂ ਦਾ ਸਵਾਗਤ ਕੀਤਾ ਜਾਂਦਾ ਸੀ। ਹੌਲੀ-ਹੌਲੀ ਖੇਡਾਂ ਵਿੱਚ ਜਿੱਤੀ ਟੀਮ ਦੀ ਖੁਸ਼ੀ ਜਾਂ ਮੁਕੱਦਮਾ ਜਿੱਤਣ ਦੀ ਖੁਸ਼ੀ ਸਾਂਝੀ ਕਰਨ ਲਈ ਲੁੱਡੀ ਨਾਚ ਨੱਚਿਆ ਜਾਣ ਲੱਗਾ। ਜਿਵੇਂ ਮਾਲਵੇ ਵਿੱਚ ਔਰਤਾਂ ਦੇ ਗਿੱਧੇ ਪਿੱਛੋਂ ਮਰਦਾਂ ਦੇ ਗਿੱਧੇ ਦਾ ਰਿਵਾਜ਼ ਪੈ ਗਿਆ ਸੀ ਇਸੇ ਤਰ੍ਹਾਂ ਵਿਆਹ ਦੀਆਂ ਰਸਮਾਂ ਜਿਵੇਂ ਖਾਰੇ ਚੜ੍ਹਨਾ, ਘੋੜੀ ਚੜ੍ਹਨਾ ਅਤੇ ਡੋਲੀ ਆਦਿ ਦੀ ਵਿਦਾਇਗੀ ਮੌਕੇ ਔਰਤਾਂ ਨੇ ਵੀ ਲੁੱਡੀ ਪਾਉਣੀ ਸ਼ੁਰੂ ਕਰ ਦਿੱਤੀ। ਪਰ ਇਹ ਵਧੇਰੇ ਕਰਕੇ ਪਾਕਿਸਤਾਨੀ ਪੰਜਾਬ ਤੱਕ ਹੀ ਸੀਮਿਤ ਰਿਹਾ। ਅਫ਼ਜ਼ਲ ਪਰਵੇਜ਼ ਦੀ ਧਾਰਨਾ ਹੈ ਕਿ ਸੰਮੀ ਅਤੇ ਲੁੱਡੀ ਵਿੱਚ ਕੇਵਲ ਇਹ ਫ਼ਰਕ ਹੈ ਕਿ ਸੰਮੀ ਨਾਚ ਦੇ ਨਾਲ-ਨਾਲ ਗੀਤ ਵੀ ਗਾਏ ਜਾਂਦੇ ਹਨ ਜਦਕਿ ਲੁੱਡੀ ਦੇ ਨੱਚਣ ਸਮੇਂ ਅਜਿਹੀ ਕੋਈ ਵਿਵਸਥਾ ਨਹੀਂ। ਜਦ ਢੋਲੀ ਢੋਲ ਉੱਪਰ ਡੱਗਾ ਮਾਰਦਾ ਹੈ ਤਾਂ ਉਸ ਦੇ ਤਾਲ ਨਾਲ ਨੱਚਣ ਵਾਲੇ ਛਾਤੀ ਅੱਗੇ ਤਾਲੀ ਮਾਰਦੇ ਹਨ, ਮੋਢੇ ਹਿਲਾਉਂਦੇ ਹਨ ਅਤੇ ਅੱਖਾਂ ਮਚਕਾਉਂਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਢੋਲ ਦੀ ਲੈਅ ਅਨੁਸਾਰ ਲੁੱਡੀ ਦੇ ਨਚਾਰ ਝੂੰਮਣੀਆਂ ਪਾਉਂਦੇ ਹਨ। ਇਸ ਨਾਚ ਵਿੱਚ ਨੱਚਣ ਵਾਲਿਆਂ ਦੀ ਗਿਣਤੀ ਨਿਸ਼ਚਿਤ ਨਹੀਂ। ਢੋਲੀ ਦੇ ਨਾਲ-ਨਾਲ ਉਹ ਅੱਗੇ ਵਧੀ ਜਾਂਦੇ ਹਨ ਅਤੇ ਐਕਸ਼ਨਾਂ ਰਾਹੀਂ ਖੁਸ਼ੀ ਦਾ ਪ੍ਰਗਟਾਵਾ ਕਰਦੇ ਹਨ। ਕੋਈ ਗੱਭਰੂ ਡੰਡਿਆਂ ਨਾਲ ਘੁੰਗਰੂ ਬੰਨ ਕੇ ਹਿਲਾਉਂਦਾ ਹੈ ਅਤੇ ਯਾ-ਅਲ੍ਹੀ ਦੀ ਆਵਾਜ਼ ਕੱਢਦਾ ਹੈ। 'ਲੁੱਡੀ ਪੰਜਾਬ ਦਾ ਇੱਕ ਖੁਸ਼ੀ ਭਰਿਆ ਨਾਚ ਹੈ। ਜਦੋਂ ਕਿਸੇ ਵਿਅਕਤੀ ਨੂੰ ਜਿੱਤ ਪ੍ਰਾਪਤ ਹੁੰਦੀ ਹੈ ਤਾਂ ਉਹ ਖੁਸ਼ੀ ਵਿੱਚ ਲੁੱਡੀ ਪਾਉਂਦਾ ਹੈ। ਲੁੱਡੀ ਪਾਉਣ ਲਈ ਵੀ ਢੋਲੀ ਨੂੰ ਸੱਦਿਆ ਜਾਂਦਾ ਹੈ। ਉਹ ਲੁੱਡੀ ਤਾਲ ਵਜਾਉਂਦਾ ਹੈ, ਫਿਰ ਉਸੇ ਤਾਲ ਵਿੱਚ ਲੋਕੀ ਖੁਸ਼ੀ ਵਿੱਚ ਲੁੱਡੀ ਪਾਉਣ ਲੱਗਦੇ ਹਨ। ਉਹ ਤਾੜੀਆਂ ਮਾਰਦੇ, ਅੱਖਾਂ ਮਟਕਾਉਂਦੇ, ਮੋਢੇ ਹਿਲਾਉਂਦੇ ਅਤੇ ਲੱਕ ਲਚਕਾਉਂਦੇ ਹਨ।ਫਿਰ ਢੋਲੀ ਦੇ ਇਸ਼ਾਰੇ ਤੇ ਨਾਚ ਬਦਲਦਾ ਹੈ। ਫਿਰ ਉਹ ਬੋਲਦੇ ਹਨ ਓਇ-ਓਇ, ਏਲੀ-ਏਲੀ ਆਦਿ। ਇਸੇ ਤਰ੍ਹਾਂ ਉਹ ਆਪਣੀ ਜਿੱਤ ਦੀ ਖੁਸ਼ੀ ਮਨਾਉਂਦੇ ਹਨ। ਲੁੱਡੀ ਤੀਵੀਆਂ ਦਾ ਨਾਚ ਵੀ ਹੈ ਪਰ ਉਸਦਾ ਮਰਦਾਂ ਦੇ ਨਾਚ ਨਾਲ ਕੋਈ ਸੰਬੰਧ ਨਹੀਂ। 'ਲੁੱਡੀ ਨਾਚ ਦੀ ਇੱਕੋ ਤਾਲ ਹੈ, ਤੋੜਾ ਮਾਰ ਕੇ ਕਦੇ ਤੇਜ਼, ਕਦੇ ਹੌਲੀ। ਇਸ ਵਿੱਚ ਢੋਲ ਮੱਧਮ ਸੁਰ ਵਿੱਚ ਤੇਜ਼ ਗਤੀ ਨਾਲ ਇੱਕ ਸਾਰ ਵੱਜਦਾ ਹੈ। ਢੋਲੀਆਂ ਅਨੁਸਾਰ ਲੁੱਡੀ ਨਾਚ ਉੱਤੇ ਚਾਰ ਮਾਤਰੇ ਦੀ ਕਹਿਰਵਾ ਤਾਲ ਵੱਜਦੀ ਹੈ। ਇਹ ਹੈ ਦਾਗੇ-ਨਾ-ਦਨਕ-ਦਿਨ। ਪਰ ਅਜੋਕੇ ਭੰਗੜੇ ਵਿੱਚ ਅੱਠ ਮਾਤਰੇ ਦੀ ਕਹਿਰਵਾ ਤਾਲ ਵੱਜਦੀ ਹੈ। ਇਸ ਤਾਲ ਉੱਤੇ ਬਹੁਤੀਆਂ ਅਦਾਵਾਂ ਭੰਗੜਾ ਨਾਚ ਦੀਆਂ ਨਿਭਾਈਆਂ ਜਾਂਦੀਆਂ ਹਨ।

## ਧਮਾਲ

ਪੰਜਾਬ ਦੇ ਲਹਿੰਦੇ ਖੇਤਰ ਵਿੱਚ ਬਹੁਤ ਲੋਕਪ੍ਰਿਯ ਰਹੇ ਲੋਕ ਨਾਚ ਦਾ ਨਾਮ ਧਮਾਲ ਹੈ। ਮੁਸਲਮਾਨ ਫ਼ਕੀਰਾਂ ਵਿੱਚ ਇਹ ਨਾਚ ਬੇਹੱਦ ਲੋਕਪ੍ਰਿਯ ਰਿਹਾ ਹੈ । ਉਹ ਇਸ ਨਾਚ ਨੂੰ ਬੜੇ ਚਾਅ ਨਾਲ ਨੱਚਿਆ ਕਰਦੇ ਸਨ। ਇਹ ਨਾਚ ਦੋਵੇਂ ਬਾਹਵਾਂ ਉੱਪਰ ਵੱਲ ਫੈਲਾ ਕੇ ਨੱਚਿਆ ਜਾਂਦਾ ਹੈ। ਉਂਝ ਇਸ ਨਾਚ ਦੀ ਕੋਈ ਬੱਝਵੀਂ ਸ਼ੈਲੀ ਨਹੀਂ ਹੈ। ਇਸ ਨਾਚ ਰਾਹੀਂ ਅੰਦਰ ਦੀ ਖ਼ੁਸ਼ੀ ਨੂੰ ਨੱਚ-ਕੁੱਦ ਕੇ ਪ੍ਰਗਟ ਕੀਤਾ ਜਾਂਦਾ ਹੈ। ਧਾਰਮਿਕ ਖੇਤਰ ਨਾਲ ਜੁੜੇ ਹੋਣ ਕਾਰਨ ਧਮਾਲ ਨਾਚ ਲੋਕ ਜੀਵਨ ਵਿੱਚ ਪ੍ਰਚਲਿਤ ਨਹੀਂ ਹੋ ਸਕਿਆ। ਉਂਜ ਕਿਤੇ-ਕਿਤੇ ਨਮਾਜ਼ ਸ਼ਬਦ ਨਾਚ ਦੇ ਅਰਥਾਂ ਵਿੱਚ ਪ੍ਰਯੋਗ ਹੋਇਆ ਮਿਲਦਾ ਹੈ : -

ਗਿੱਧੇ ਵਿੱਚ ਜਾ ਕੇ ਨੀ
ਮੈਂ ਪਾਵਾਂ ਨੱਚ ਧਮਾਲਾਂ।

ਇਸ ਲਈ ਪਾਰਖੂਆਂਆਂ ਨੇ ਧਮਾਲ ਨੂੰ ਪੰਜਾਬ ਦੇ ਲੋਕ ਨਾਚਾਂ ਦੀ ਸ਼੍ਰੇਣੀ ਵਿੱਚ ਸ਼ਾਮਿਲ ਕੀਤਾ ਹੈਇਹ ਰ ਮੂਲ ਰੂਪ ਵਿੱਚ ਇਹ ਧਾਰਮਿਕ ਭਾਵਨਾ ਵਾਲਾ ਨਾਚ, ਹੈ। ਇਸਨੂੰ ਮੁਸਲਮਾਨ ਸ਼ਰਧਾਲੂ ਮਰਦ ਅਤੇ ਔਰਤਾਂ, ਪਹੁੰਚੇ ਹੋਏ ਫ਼ਕੀਰਾਂ ਦੇ ਮਜ਼ਾਰਾਂ ਉਪਰ ਲੱਗਣ ਵਾਲੇ ਮੇਲਿਆਂ ਜਾਂ ਉਰਸਾਂ ਦੇ ਮੌਕੇ ਅਕੀਦਤ ਜਾਂ ਰਧਾ ਭੇਟ ਕਰਨ ਲਈ ਨੱਚਦੇ ਹਨ । ਇਨ੍ਹਾਂ ਧਾਰਮਿਕ ਖੀਅਤਾਂ ਵਿੱਚ ਹਜਰਤ ਦਾਤਾ ਗੰਜ ਬਖ, ਬਾਬਾ ਫਰੀਦ ਕਰਗੰਜ, ਹਜਰਤ ਮੀਆ ਧੀਰ, ਮਾਧੋ ਲਾਲ ਹੁਸੈਨ, ਸਾਈ ਬੁੱਲੇ ਸ਼ਾਹ ਅਤੇ ਸੱਯਦ ਵਾਰਿਸਾਹ ਆਦਿ ਸ਼ਾਮਿਲ ਹਨ।" ਧਮਾਲ ਨੂੰ ਮੁਸਲਮਾਨ ਮਲੰਗਾਂ, ਮਸਤਾਨਿਆਂ ਅਤੇ ਕਲੰਦਰਾਂ ਦਾ ਧਾਰਮਿਕ ਨਾਚ ਕਿਹਾ ਜਾ ਸਕਦਾ ਹੈ ਇਹ ਦੀਵਾਨੇ ਢੋਲ ਜਾਂ ਨਗਾਰੇ ਦੀ ਤਾਲ ਉਪਰ ਮਸਤ ਹੋ ਪੈਰਾਂ ਦੀ ਧਮਕ ਦੀ ਆਵਾਜ ਕੱਢਦੇ ਹਨ, ਇਸੇ ਕਾਰਨ ਇਸ ਨੂੰ ਧਮਾਲ ਦਾ ਨਾ ਦਿੱਤਾ ਗਿਆ ਹੈ।

## ਧੀਰਸ

ਝੂੰਮਰ ਨਾਲ ਮਿਲਦਾ ਜੁਲਦਾ ਸਾਂਦਲ ਬਾਰ ਦਾ ਇੱਕ ਹੋਰ ਲੋਕ ਨਾਚ ਧੀਰਸ ਹੈ। ਇਹ ਨਾਚ ਵਧੇਰੇ ਕਰਕੇ ਝੰਗ ਦੇ ਇਲਾਕੇ ਤੱਕ ਹੀ ਸੀਮਤ ਹੈ, ਸਾਂਗਾ ਦੇ ਵਿਚਾਰ ਅਨੁਸਾਰ "ਕਿਉ ਜੋ ਇਸ ਨਾਚ ਨੂੰ ਨੱਚਣ ਵਾਲੇ ਬੜੇ ਧੀਰਜ ਨਾਲ ਸਹਿਜੇ ਸਹਿਜੇ ਪੈਰ ਧਰਦੇ ਹਨ, ਇਸ ਲਈ ਧੀਰਜ ਤੋਂ ਇਸਦਾ ਨਾਮ ਧੀਰਸ ਪੈ ਗਿਆ।" ਨਾਚ ਦੇ ਨਾਲ ਗੀਤ ਗਾਉਣ ਸਮੇਤ ਸ਼ੀ ਸ਼ੀ ਦੀ ਆਵਾਜ ਵੀ ਕੱਢਦੇ ਹਨ । ਸਾਜਾਂ ਵਿਚ ਢੋਲ ਦੇ ਨਾਲ ਤੂਤੀ ਆਦਿ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਆਮ ਤੌਰ ਤੇ ਇਸ ਨੂੰ ਮੇਲਿਆਂ ਤੇ ਸਮਾਗਮਾਂ ਵੇਲੇ ਨੱਚਿਆ ਜਾਂਦਾ ਹੈ। ਇਸ ਨਾਚ ਨਾਲ ਗਾਏ ਜਾਣ ਵਾਲੇ ਗੀਤ ਦੂਜੇ ਨਾਚਾਂ ਵਿੱਚ ਵੀ ਗਾਏ ਜਾਂਦੇ ਹਨ: ਚੰਨਾ ਕਿੱਥੇ ਗੁਜਾਰੀ ਆਈ ਰਾਤ ਵੇ, ਮੇਰਾ ਜੀਅ ਦਲੀਲਾਂ ਦੇ ਵਾਸ ਵੇ"।

ਪ੍ਰੰਤੂ ਵਰਤਮਾਨ ਸਮੇਂ ਵਿੱਚ ਪੰਜਾਬੀ ਲੋਕ ਨਾਚਾਂ ਨੂੰ ਮਨੁੱਖ ਆਪਣੇ ਮਨ ਚੋਂਵ ਵਿਸਾਰ ਰਿਹਾ ਹੈ। ਲੋਕ ਨਾਚ ਕੇਵਲ ਇੱਕ ਲੋਕਧਾਰਾ ਦਾ ਹੀ ਅੰਗ ਬਣ ਕਿ ਰਹਿ ਗਏ ਹਨ, ਅਸਲ ਜੀਵਨ ਵਿੱਚ ਉਹਨਾਂ ਦੀ ਸਾਰਥਕਤਾ ਦੀ ਅਣਹੋਣ ਵੱਧ ਰਹੀ ਹੈ। ਜਿਸ ਦੇ ਕਈ ਕਾਰਨ ਹਨ ਸਭ ਤੋਂ ਵੱਡਾ ਕਾਰਨ ਤਾਂ ਪੱਛਮੀਕਰਨ ਦਾ ਪ੍ਰਭਾਵ ਹੈ, ਪੱਛਮੀਕਰਨ ਅਤੇ ਵਿਵੀਕਰਨ ਵਰਗੀਆਂ ਧਾਰਾਵਾਂ ਨੇ ਕੇਵਲ ਪੰਜਾਬ ਦੀ ਹੀ ਨਹੀਂ ਸਗੋਂ ਪੂਰੇ ਭਾਰਤ ਦੀ ਸੱਭਿਆਰਚਾਰਕ ਲੋਕਧਾਰਾਈ ਨੂੰ ਆਪਣੇ ਚਪੇਟ ਵਿੱਚ ਲੈ ਲਿਆ ਹੈ। ਮਨੁੱਖ ਆਪਣੇ ਵਿਰਸੇ ਤੋਂ ਹੱਟ ਕੇ ਅੱਜ ਕੱਲ੍ਹ ਆਧੁਨਿਕੀਕਰਨ ਦੀ ਹੋੜ੍ਹ ਵਿੱਚ ਪੱਛਮੀ ਕਲਚਰ ਨੂੰ ਅਪਣਾ ਰਿਹਾ ਹੈ। ਜਿਸ ਦੇ ਨਾਲ ਸਾਡਾ ਪਹਿਰਾਵਾ, ਖਾਣ-ਪੀਣ, ਮਨੋਰੰਜਨ ਆਦਿ ਦੇ ਸਾਧਨਾਂ ਵਿੱਚ ਬਹੁਤ ਵੱਡਾ ਬਦਲਾਵ ਆ ਰਿਹਾ ਹੈ। ਪੈਸੇ ਦੀ ਹੋੜ ਨੇ ਲੋਕ ਨਾਚਾਂ ਦੇ ਅਸਲੀ ਸਰੂਪ ਨੂੰ ਵਿਗਾੜ ਦੇ ਰੱਖ ਦਿੱਤਾ ਹੈ। ਮੀਡੀਆ ਵੀ ਪੰਜਾਬੀ ਲੋਕ ਨਾਚ ਦੇ ਬਦਲਦੇ ਰੋਲ ਨਿਭਾ ਰਿਹਾ ਹੈ। ਖੇਤਰੀ ਚੈਨਲਾਂ ਦੇ ਉਪੱਰ ਬਹੁਤ ਹੀ ਘੱਟ ਅਜਿਹੇ ਪ੍ਰੋਗਰਾਮ ਪ੍ਰਕਾਸ਼ਿਤ ਹੁੰਦੇ ਹਨ ਜਿਨ੍ਹਾਂ ਨੂੰ ਦੇਖ ਕੇ ਅੱਜ ਕੱਲ ਦੀ ਨੌਜਵਾਨ ਪੀੜ੍ਹੀ ਆਪਣੇ ਪੰਜਾਬੀ ਲੋਕ ਨਾਚਾਂ ਨੂੰ ਦੇਖ ਕੇ ਸਿਖ ਸਕੇ। ਵਰਤਮਾਨ ਸਮੇਤ ਲੋਕ ਨਾਚਾਂ ਦਾ ਪ੍ਰਦਰਨ ਤਾਂ ਸਾਨੂੰ ਸਿਰਫ ਯੁਵਕ ਮੇਲਿਆਂ ਦੇ ਵਿੱਚ ਹੀ ਦੇਖਣ ਨੂੰ ਮਿਲਦਾ ਹੈ। ਪੰਜਾਬ ਵਿੱਚ ਹਰ ਸਾਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਯੁਵਕ ਮੇਲਿਆਂ ਦਾ ਆਯੋਜਨ ਕਰਦੀਆਂ ਹਨ ਤੇ ਅੰਤਰ ਖੇਤਰੀ ਤੇ ਅੰਤਰ ਯੂਨੀਵਰਸਿਟੀ ਮੁਕਾਬਲੇ ਕਰਵਾਕੇ ਲੋਕ ਨਾਚਾਂ ਨੂੰ ਜਿਉਂਦਾ ਰੱਖ ਰਹੀਆਂ ਹਨ। ਇਸ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਵੀ ਯੋਗਦਾਨ ਹੈ ਕਿ ਉਹ ਹਰ ਸਾਲ ਯੁਵਕ ਮੇਲੇ ਦੀ ਤਰਜੀਹ ਤੇ ਹੀ 'ਲੋਕ ਮੇਲਾ' ਆਯੋਜਿਤ ਕਰਦੀ ਹੈ ਜਿਸ ਵਿੱਚ ਪੰਜਾਬੀ ਲੋਕ ਨਾਚ ਭੰਗੜਾ, ਸੰਮੀ, ਗਿੱਧਾ, ਝੂੰਮਰ ਨੂੰ ਪ੍ਰਦਰਸ਼ੀਤ ਕੀਤਾ ਜਾਂਦਾ ਹੈ ਤੇ ਨਾਲ ਹੀ ਨਾਲ ਲੋਕ-ਕਲਾਵਾਂ, ਲੋਕ-ਖੇਡਾਂ, ਲੋਕ ਗੀਤ ਤੇ ਲੋਕ ਨਾਟ ਵੀ ਸੰਭਾਲ ਲਏ ਹਨ। ਇਸੇ ਤਰਾਂ ਹੀ ਪੰਜਾਬੀ ਅਕਾਦਮੀ, ਦਿੱਲੀ (ਕਲਾ, ਸਭਿਆਚਾਰ ਤੇ ਭਾਸ਼ਾ ਵਿਭਾਗ, ਦਿੱਲੀ ਸਰਕਾਰ) ਪੰਜਾਬੀ ਲੋਕ ਨਾਚ (ਭੰਗੜਾ, ਗਿੱਧਾ) ਦੀ ਸਿਖਲਾਈ ਲਈ ਹਰ ਸਾਲ ਵਰਕਾਪ ਆਯੋਜਿਤ ਕਰਦੀ ਹੈ।

## ਪੰਜਾਬ ਦੀਆਂ ਲੋਕ-ਕਲਾਵਾਂ

ਲੋਕ ਕਲਾ ਮਨੁੱਖ ਵਿਚਾਰ ਪ੍ਰਕਿਰਤੀ ਦੇ ਵਰਤਾਰਿਆਂ ਦੀ ਮਨੁੱਖੀ ਵਿਹਾਰ ਦੀ ਨਕਲ ਹੈ ਆਦਿ ਕਾਲ ਤੋਂ ਮਨੁੱਖ ਪ੍ਰਕਿਰਤੀਕ ਵਰਤਾਰਿਆਂ ਤੋਂ ਭੈ-ਭੀਤ ਹੁੰਦਾ ਆਇਆ ਹੈ। ਇਨ੍ਹਾਂ ਵਰਤਾਰਿਆ ਨੂੰ ਉਸ ਨੂੰ ਦੈਵੀ ਸ਼ਕਤੀ ਦੇ ਰੂਪ ਵਿੱਚ ਲਿਆ ਹੈ ਅਤੇ ਉਹਨਾਂ ਦੀ ਉਪਾਸਨਾ ਆਰੰਭ ਕੀਤੀ। ਇਸ ਉਪਾਸਨਾ ਵਿੱਚ ਉਹਨਾਂ ਦੀ ਪੂਜਾ ਤੇ ਨਕਲਾ ਦੇ ਰੂਪ ਸ਼ੁਰੂ ਹੋਏ। ਜਿਹਨਾਂ ਨੂੰ ਉਸਨੇ ਆਪਣੀ ਕਲਾ ਰਾਹੀ ਸਾਰਥਿਕ ਅਤੇ ਪਰਤੱਖ ਰੂਪ ਦੇਣ ਦੀ ਕੋਸ਼ਿਸ਼ ਕੀਤੀ। ਲੋਕ ਕਲਾਂ ਜੀਵਨ ਦੀਆਂ ਲੋੜਾਂ ਵਿਚੋਂ ਉਪਜੀ ਹੋਣ ਕਰਕੇ ਜਨ ਜੀਵਨ ਅਤੇ ਸੱਭਿਆਚਾਰ ਨਾਲ ਇਕਸਾਰ ਹੁੰਦੀ ਹੈ। ਇਸ ਦਾ ਸੁਹਜ ਫ਼ਸਲ ਜਾਤੀ ਦੀਆਂ ਕਲਾ ਰੁਚੀਆਂ ਦਾ ਬੋਧਿਕ ਹੈ। ਲੋਕ ਕਲਾ ਪਿੰਡਾਂ ਦੇ ਅੱਲੜ ਲੋਕਾਂ ਦੀਆਂ ਅੰਤਰੀਵ ਖਾਹਿਸ਼ਾਂ, ਭਾਵਨਾਵਾਂ ਤੇ ਤਜਰਬਿਆਂ ਦਾ ਸੁਭਾਵਿਕ ਪ੍ਰਗਟਾਵਾ ਹੈ ਅਤੇ ਇਹ ਸਦੀਆਂ ਤੋਂ ਚੱਲੀਆਂ ਆ ਰਹੀਆਂ ਕਲਾ ਰੁਚੀਆਂ ਸਹਿਜ ਭਾਵ ਵਿੱਚ ਹੀ ਪ੍ਰਫੁਲਤ ਹੁੰਦੀਆਂ ਰਹੀਆਂ ਹਨ। ਪੀੜ੍ਹੀ ਦਾ ਅਨੁਭਵ ਖੁਰ-ਖੁਰ ਕੇ ਇਸ ਕਲਾ ਨੂੰ ਸੰਵਾਰਦਾ ਰਿਹਾ ਹੈ ਭਾਵੇਂ ਲੋਕ ਕਲਾ ਵੇਖਣ ਵਿੱਚ ਸਾਦੀ ਜਹੀ ਲੱਗਦੀ ਹੈ। ਪਰ ਇਸ ਵਿੱਚ ਕਲਾ ਦਾ ਇੱਕ ਪ੍ਰਬਲ ਕਵੀ ਹੁੰਦਾ ਹੈ। ਜੋ ਇਸ ਦੀ ਛਵੀ ਨੂੰ ਮਨਮੋਹਣਾ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਇਸ ਲਈ ਲੋਕ ਕਲਾ ਸਰੀਰਕ ਲੋੜਾਂ, ਮਨੁੱਖ ਦੀਆਂ ਕੁਝ ਮਾਨਸਿਕ ਲੋੜਾਂ ਵੀ ਹਨ, ਜਿਨ੍ਹਾਂ ਦੀ ਤ੍ਰਿਪਤੀ ਸੁਹਜ ਰਸ ਨਾਲ ਹੁੰਦੀ ਹੈ।

ਸੁਹਜ ਨੂੰ ਮਾਨਣ ਦੀ ਇੱਛਾ ਨੇ ਕਲਾ ਨੂੰ ਜਨਮ ਦਿੱਤਾ। ਉਹ ਕਲਾ, ਜਿਸ ਨੂੰ ਆਦਿ ਕਾਲ ਤੋਂ ਅਨੇਕਾਂ ਕਿਰਤੀਆਂ ਨੇ ਆਪਣੇ ਅਨੁਭਵ ਨਾਲ ਸਿੰਜ ਕੇ ਰਸਾਇਆ, ਪਕਾਇਆ ਤੇ ਨਿਖਾਰਿਆ ਅਤੇ ਜੋ ਪਰੰਪਰਾਂ ਦੀ ਧਾਰਾ ਦਾ ਅੰਗ ਬਣ ਕੇ ਵਿਗਸੀ, ਲੋਕ ਕਲਾ ਅਖਵਾਈ। ਲੋਕ ਕਲਾ ਨੂੰ ਕਿਸੇ ਵਿਸ਼ੇਸ਼ ਸਿਖਲਾਈ ਦੁਆਰਾ ਨਹੀਂ ਸਿੱਖਿਆ ਜਾਂਦਾ ਸਗੋਂ ਇਸ ਨਾਲ ਅਸੀਂ ਪਰੰਪਰਾਂ ਤੋਂ ਆਤਮਸਾਤ ਕਰਦੇ

ਹਾਂ। ਲੋਕ ਕਲਾ ਦਾ ਮੁਲਾਂਕਣ ਨਹੀਂ ਹੁੰਦਾ ਇਸ ਕਰਕੇ ਇਸ ਵਿੱਚ ਕੋਈ ਦਰਜੇਬੰਦੀ ਨਹੀਂ ਹੁੰਦੀ। ਲੋਕ ਕਲਾ ਪਰੰਪਰਾਂ ਤੋਂ ਚਲੇ ਆ ਰਹੇ ਮੋਟਿਫਾ ਦੀ ਪੇਸ਼ਕਾਰੀ ਕਰਦੀ ਹੈ।

**ਅਰਨਿਸਟ ਫਿਸ਼ਰ** ਲੋਕ ਕਲਾ ਬਾਰੇ ਲਿਖਦੇ ਹਨ-ਸਭਿਅਤਾ ਦੇ ਮੁੱਢਲੇ ਪੜਾਵਾ ਉੱਤੇ ਕਲਾ ਦਾ ਸੁਹਜ ਨਾਲ ਕੋਈ ਲਾਗਾ ਦੇਗਾ ਨਹੀਂ ਸੀ। ਇਸ ਲਈ ਕਿਹਾ ਜਾ ਸਕਦਾ ਕਿ ਲੋਕ ਕਲਾਵਾਂ ਦੀ ਖੂਬਸੂਰਤੀ ਉਸਦੀ ਰੂੜ੍ਹੀਆਂ ਵਿੱਚ ਨਾ ਕਿ ਬਣਾਵਟ ਵਿਚ। ਲੋਕ ਕਲਾਂ ਜਨਮ ਜੀਵਨ ਦੀਆਂ ਮੁਢਲੀਆਂ ਪਦਾਰਥਕ, ਆਰਥਿਕ ਲੋੜਾ ਦੀ ਪੂਰਤੀ ਹਿੱਤ ਹੋਇਆ। ਆਦਿਮ ਕਲਾਂ ਮਨੁੱਖ ਦੀ ਉਤਪਾਦਿਕ ਜਾ ਆਰਥਿਕ ਕਾਰਗੁਜ਼ਾਰੀ ਦਾ ਅਨਿੱਖੜ ਅੰਗ ਸੀ।

ਕਲਾ, ਆਦਿ-ਕਾਲ ਤੋ ਹੀ ਮਨੁੱਖ ਦੀ ਮਾਨਸਿਕ ਤ੍ਰਿਪਤੀ ਦਤ ਇੱਕ ਅਹਿਮ ਸਾਧਨ ਰਹੀ ਹੈ। ਆਦਿ-ਮਾਨਵ ਸੁਹਜ ਤੇ ਆਨੰਦ ਦੀ ਪ੍ਰਾਪਤੀ 'ਕਲਾ' ਤੋਂ ਕਰਦਾ ਰਿਹਾ ਹੈ। ਇਹ ਕਲਾ ਪਰੰਪਰਾ, ਆਦਿ ਮਾਨਵ ਦੀਆਂ ਪੂਰਵ ਇਤਿਹਾਸਿਕ ਮਨੋਸਥਿਤੀਆਂ ਤੇ ਪ੍ਰਵਿਰਤੀਆਂ ਨਾਲ ਸੰਬੰਧਿਤ ਹੋਣ ਕਾਰਨ ਇੱਕ ਪ੍ਰਾਚੀਨ ਪਰੰਪਰਾ ਹੈ। ਇਹ ਪਰੰਪਰਾ ਭਾਵੇਂ ਕਲਾ ਦੀ ਵਿਚਾਰਯੋਗ ਪਰੰਪਰਾ ਨਹੀ ਬਣੀ। ਪਰ ਫਿਰ ਵੀ ਇਸ ਦੇ ਕੁਝ ਤੱਤ ਅਜੋਕੀਆਂ ਲੋਕ-ਕਲਾਵਾ ਵਿੱਚ ਸ਼ਾਮਲ ਹਨ।

ਆਦਿ-ਮਾਨਵ ਨੇ ਕਲਾ ਦੇ ਆਪਣੇ ਜਾਦੂਈ ਮਨੋਰਥ ਦੀ ਸਿੱਧੀ ਲਈ ਵਰਤਿਆ। ਇਸ ਕਿਸਮ ਦੀ ਕਲਾ ਨੂੰ ਅਸੀ ਆਦਮ-ਕਲਾ ਦਾ ਨਾਂ ਦਿੰਦੇ ਹਾਂ। ਜਦੋਂ ਜਾਦੂਈ-ਚਿੰਤਨ ਉੱਤੇ ਆਧਾਰਿਤ ਇਹ ਕਲਾ ਧਰਮ ਆਧਾਰਿਤ ਹੁੰਦੀ ਹੈ ਤਾਂ ਆਦਮ ਕਲਾ ਵਿੱਚ ਰੂਪਾਂਤਰਣ ਹੋ ਜਾਂਦਾ ਹੈ।

ਲੋਕ-ਕਲਾ ਦੀ ਹੋਂਦ ਦੇ ਪ੍ਰਮਾਣ ਆਦਿ-ਕਾਲੀਨ ਕਲਾ-ਅਵਸ਼ੇਸਾ ਵਿੱਚ ਕਾਫੀ ਮਿਲੇ ਹਨ। ਉਦਾਜਰਨ ਵਜੋਂ ਸਿੰਧ ਘਾਟੀ ਦੀ ਖੁਦਾਈ ਵਿੱਚੋ ਠੀਕਰੀਆਂ, ਮੋਹਰਾ, ਬਰਤਨ ਤੇ ਹੋਰ ਵਸਤਾਂ ਪ੍ਰਾਪਤ ਹੋਈਆਂ ਹਨ, ਉਹਨਾਂ ਦਾ ਸੰਬੰਧ ਪੰਜਾਬ ਦੇ ਕਲਾਤਮਿਕ ਵਿਰਸੇ ਨਾਲ ਜੋੜਿਆ ਜਾ ਸਕਦਾ ਹੈ। ਇਹਨਾਂ ਵਿੱਚ ਮਿੱਥਾਂ ਨਾਲ ਸੰਬੰਧਿਤ ਮੂਰਤੀਆਂ, ਚਿੱਤਰਕਾਰੀ ਦੇ ਨਮੂਨੇ ਤੇ ਕਈ ਧਾਰਮਿਕ ਚਿੰਨ੍ਹ ਮਿਲੇ ਹਨ। ਇਹ ਸਭ ਮੂਰਤੀਆਂ, ਮੋਹਰਾਂ ਤੇ ਹੋਰ ਪ੍ਰਾਪਤ ਪ੍ਰਤੀਕ ਸਮੱਗਰੀ ਆਦਿ-ਕਾਲੀਨ ਸੰਸਕ੍ਰਿਤੀ ਵਿੱਚ ਲੋਕ-ਕਲਾ ਦੀ ਹੋਂਦ ਦਾ ਪ੍ਰਮਾਣ ਪੇਸ਼ ਕਰਦੀ ਹੈ।

'ਲੋਕ-ਕਲਾ' ਸ਼ਬਦ ਦਾ ਜਦੋਂ ਅਸੀ ਅੰਗ ਨਿਖੇੜ ਕਰਦੇ ਹਾਂ ਤਾਂ ਇਹ ਅੰਗਰੇਜ਼ੀ ਦੇ ਸ਼ਬਦ Folk Art ਦੇ ਪਰਿਆਇ ਵਜੋਂ ਸਾਡੇ ਸਾਹਮਣੇ ਆਉਂਦਾ ਹੈ। ਅੰਗਰੇਜ਼ੀ ਵਿੱਚ Folk ਦੇ ਅਰਥ ਲੋਕ, ਰਾਸ਼ਟਰ, ਜਨ-ਸਮੂਹ ਜਾਂ ਵਰਗ ਵਿਸ਼ੇਸ ਤੋਂ ਲਏ ਜਾਂਦੇ ਹਨ। ਅੰਗਰੇਜ਼ੀ ਪਰ Art ਦਾ ਪੰਜਾਬੀ ਰੂਪ ਹੈ; ਕਲਾ (Art) ਸ਼ਬਦ ਲਾਤੀਨੀ ਦੇ ARS ਤੋਂ ਬਣਿਆ ਹੈ, ਜਿਸ ਦਾ ਅਰਥ ਹੈ; ਮੁਹਾਰਤ ਜਾਂ ਸੁਚੱਜ । ਕਈ ਜਗ੍ਹਾ ਕਲਾ ਦੇ ਅਰਥ ਅਸੀ ਕੌਸ਼ਲ ਤੋਂ ਵੀ ਲੈਂਦੇ ਹਾਂ। ਭਾਰਤੀ ਕਲਾ ਨੂੰ ਸਾਧਨਾ ਮੰਨਦੇ ਆਏ ਹਨ।

ਲੋਕ-ਕਲਾ ਕਿਸੇ ਸਕੂਲ ਜਾਂ ਵਿਦਿਆਲੇ ਵਿੱਚ ਨਹੀ ਸਿਖਾਈ ਜਾਂਦੀ ਬਲਕਿ ਆਪਣੇ ਸਰੂਪ ਕਾਰਨ ਇਹ ਇੱਕ ਪੀੜੀ ਦੋਂ ਦੂਜੀ ਪੀੜ੍ਹੀ ਦੁਆਰਾ ਸਿੱਖ ਲਈ ਜਾਂਦੀ ਹੈ। ਜਨ ਸਧਾਰਨ ਨੇ ਪਰੰਪਰਾਗਤ ਰੀਤੀ ਨਾਲ,ਸਥਾਨਕ ਸਮੱਗਰੀ ਦੁਆਰਾ ਦੇਸੀ ਐਜਾਰਾਂ ਦੀ ਸਹਾਇਤਾ ਨਾਲ ਆਪਣੇ ਹੱਥਾਂ ਨਾਲ ਜੋ ਸੋਦਰਯਪੂਰਣ ਵਸਤਾਂ ਲੋਕ ਉਪਯੋਗ ਲਈ ਬਣਾਈਆ,ਉਹ ਸਭ ਲੋਕ ਕਲਾਵਾਂ ਵਿੱਚ ਆਉਦੀਆਂ ਹਨ। ਲੋਕ-ਕਲਾ ਦਾ ਨਿਰਮਾਣ ਲੋਕ ਉਪਯੋਗ ਲਈ ਹੁੰਦਾ ਹੈ, ਇਸ ਲਈ ਸਰਲਤਾ,ਸਾਦਗੀ ਇਸ ਦੇ ਪ੍ਰਾਣ ਹਨ।

ਸੋ ਇਹ ਕਲਾ, ਜੋ ਕਿਸੇ ਸਮਾਨ ਪਰੰਪਰਾ ਵਾਲੇ ਮਾਨਵੀ ਸਮੂਹ ਦੀਆਂ ਮਾਨਸਿਕ ਅਵਸਥਾਵਾਂ ਨੂੰ ਪ੍ਰਗਟਾਉਂਦੀ, ਪਰੰਪਰਾ ਦੇ ਪ੍ਰਵਾਹ ਵਿੱਚੋ ਲੰਘਦੀ ਅਤੇ ਵਿਰਸੇ ਵਿੱਚ ਪ੍ਰਾਪਤ ਹੁੰਦੀ ਹੈ, ਲੋਕ ਕਲਾ ਹੈ।

ਲੋਕ-ਕਲਾ ਦਾ ਇਹ ਵਿਰਸਾ ਪਰੰਪਰਾ ਤੋਂ ਪ੍ਰਾਪਤ ਹੁੰਦਾ ਰਿਹਾ ਹੈ। ਇਸ ਵਿੱਚ ਮਨੁੱਖ ਨੇ ਇਤਿਹਾਸ ਕਾਲ ਵਿੱਚ ਭਾਸ਼ਾਈ ਰੂਪ (ਸਾਹਿਤਿਕ ਰੂਪ) ਮੋਖਿਕ ਰੂਪ ਵਿੱਚ ਗ੍ਰਹਿਣ ਕੀਤੇ ਅਤੇ ਗ਼ੈਰ-ਭਾਸ਼ਾਈ ਰੂਪ (ਪ੍ਰਦਰਸ਼ਨ ਕਲਾਵਾਂ, ਕਾਰਜ ਕਲਾਵਾਂ, ਵਸਤੂ ਕਲਾਵਾਂ) ਆਪਣੇ ਵਡਿੱਕਿਆਂ ਤੋ ਦੇਖਾ-ਦੇਖੀ ਅਚੇਤ-ਸੁਚੇਤ ਪੱਧਰ ਤੇ ਗ੍ਰਹਿਣ ਕਰ ਲਏ।

ਲੋਕ-ਕਲਾਵਾਂ, ਲੋਕ-ਸੰਸਕ੍ਰਿਤੀ ਨਾਲ ਏਨੀਆ ਰਲਗੱਡ ਹੁੰਦੀਆਂ ਹਨ ਕਿ ਇਹਨਾਂ ਨੂੰ ਵੱਖਰਿਆਂ ਕਰਨਾ ਔਖਾ ਹੈ। ਕੰਧਾ ਉੱਪਰ ਬਣੇ ਚਿੱਤਰ, ਦਰੀਆਂ, ਖੇਸ, ਫੁਲਕਾਰੀਆਂ, ਗਲੀਚਿਆਂ ਵਿਚਲੇ ਪੈਟਰਨ/ਕਲਾ ਮੋਟਿਫ, ਘਰੇਲੂ ਉਪਯੋਗ ਲਈ ਬਣੀਆਂ ਵਸਤਾਂ, ਅਣਗਿਣਤ ਪੈਟਰਨਾਂ ਦੇ ਗਹਿਣੇ ਲੋਕ-ਜੀਵਣ ਨੂੰ ਸੋਦਰਯਮਈ ਢੰਗ ਨਾਲ ਜੀਉਣ ਲਈ ਹੁਲਾਸ ਭਰਦੇ ਹਨ।

ਪੰਜਾਬ ਦੀ ਲੋਕ-ਚਿੱਤਰ-ਕਲਾ ਨਿਰੰਤਰ ਪ੍ਰਗਤੀਸ਼ੀਲ ਤੇ ਪਰਿਵਣਤਨਸ਼ੀਲ ਰਹੀ ਹੈ। ਇਹ ਡੂੰਘੇ ਮਾਨਵੀ ਮੁੱਲਾਂ ਨਾਲ ਪਰਿਪੂਰਣ, ਅਤਿ ਸੰਵੇਦਨਸ਼ੀਲ, ਜੀਵਨ ਦੇ ਉੱਥਾਨ ਲਈ ਆਨੰਦਮਈ, ਸੂਖਮ ਅਤੇ ਅਸਰਦਾਰ ਖੂਬੀਆਂ ਨਾਲ ਓਤਪੋਤ ਰਹੀ ਹੈ। ਇਹ ਹਮੇਸ਼ਾ ਭਾਵਨਾਵਾਂ ਅਤੇ ਯਥਾਰਥ ਦੇ ਲੱਛਣਾਂ ਨਾਲ ਯੁਕਤ ਰਹੀ ਹੈ।

ਪੰਜਾਬ ਦੀ ਲੋਕ-ਚਿੱਤਰ ਕਲਾ ਕਿਸੇ ਖ਼ਾਸ ਵਰਗ, ਧਰਮ ਜਾਂ ਸੰਪਰਦਾਇ ਦੀ ਕਲਾ ਨਹੀ। ਇਸ ਵਿੱਚ ਪਿੰਡਾਂ ਤੇ ਸ਼ਹਿਰਾਂ ਵਿੱਚ ਵੱਸਣ ਵਾਲੇ ਲੋਕਾਂ ਦੇ ਸਮੂਹਿਕ ਜੀਵਣ-ਦ੍ਰਿਸਾਂ ਦੀ ਲੋਕ-ਪ੍ਰਵਾਨਿਤ ਅਭਿਵਿਅਕਤੀ ਸ਼ਾਮਲ ਹੈ। ਲੋਕ-ਚਿੱਤਰਕਾਰੀ ਨੂੰ ਚਾਰ ਕਿਸਮਾਂ ਵਿੱਚ ਵੰਡਿਆ ਗਿਆ ਹੈ:

1. ਕੱਚੇ ਘਰਾਂ ਦੀਆਂ ਕੰਧਾਂ ਤੇ ਕੀਤੀ ਚਿੱਤਰਕਾਰੀ (Mud wall painting)
2. ਮਿਊਰਲ-ਚਿੱਤਰਕਾਰੀ ( Mural Paintings)
3. ਕਲਮੀ-ਚਿੱਤਰ/ਨਿੱਕ-ਚਿੱਤਰ (Miniature Paintings)
4. ਮੁਹਰਕਾਸ਼ੀ/ਫਰੈਸੱਕੋ-ਚਿੱਤਰ(Fresco Paintings)

**ਕੱਚੇ ਘਰਾਂ ਦੀਆਂ ਕੰਧਾਂ ਉੱਤੇ ਕੀਤੀ ਚਿੱਤਰਕਾਰੀ** (Mud wall painting)

ਇਹ ਚਿੱਤਰਕਾਰੀ ਸਰਲ, ਸਧਾਰਨ ਕਿਸਮ ਦੇ ਕੱਚੇ ਘਰਾਂ ਦੀਆਂ ਕੰਧਾਂ ਉੱਤੇ ਕੀਤੀ ਚਿੱਤਰਕਾਰੀ ਲੋਕ-ਵਿਸ਼ਵਾਸ਼ਾਂ ਤਹਿਤ ਕਿਸੇ ਨਾ ਕਿਸੇ ਹਿਤ ਦੀ ਪੂਰਤੀ ਲਈ ਕੀਤੀ ਜਾਂਦੀ ਹੈ। ਇਸ ਲਈ ਗੋਹੇ, ਮਿੱਟੀ, ਕਲੀ ਗੈਰੂਏ ਆਦਿ ਦੀ ਵਰਤੋ ਕੀਤੀ ਜਾਂਦੀ ਹੈ। ਇਸ ਲਈ ਗੋਹੇ, ਮਿੱਟੀ, ਕਲੀ, ਗੈਰੂਏ ਆਦਿ ਦੀ ਵਰਤੋ ਕੀਤੀ ਜਾਂਦੀ ਹੈ। ਸੁਆਣੀ ਘਰ ਦੇ ਮੁੱਖ ਦਰਵਾਜ਼ੇ ਆਸੇ-ਪਾਸੇ, ਵਿਹੜੇ ਦੀਆਂ ਕੰਧਾ, ਚੁੱਲੇ-ਚੌਕੇ, ਹਾਰੇ ਦਾਣਿਆਂ ਵਾਲੀ ਕੋਠੀ, ਭੜੋਲਿਆਂ, ਗਹੀਰਿਆਂ ਆਦਿ ਉੱਪਰ ਲੋਕ-ਚਿੱਤਰ ਬਣਾਉਦੀ ਹੈ। ਇਹ ਲੋਕ-ਚਿੱਤਰਕਾਰੀ ਆਮ ਤੋਰ ਤੇ ਮੇਲਿਆਂ ਤਿਉਹਾਰਾਂ ਦੀ ਆਮਦ ਵੇਲੇ, ਫਸਲਾਂ ਦੀ ਕਟਾਈ ਵੇਲੇ ਅਤੇ ਵਿਆਹ-ਸ਼ਾਦੀ ਦੇ ਮੰਗਲ ਕਾਰਜਾਂ ਵੇਲੇ ਕੀਤੀ ਜ਼ਾਦੀ ਹੈ।

### ਮਿਊਰਲ-ਚਿੱਤਰਕਾਰੀ ( Mural Paintings)

ਸਿੱਧ ਪੱਧਰੀ ਕੰਧ ਉੱਪਰ ਸਫੈਦੀ ਕਰਕੇ, ਉਸ ਉੱਤੇ ਡਰਾਇੰਗ ਕਰਨ ਉਪਰੰਤ ਰੰਗ ਭਰ ਲਏ ਜਾਦੇ ਹਨ,ਜੋ ਮਿਊਰਲ ਚਿੱਤਰ ਅਖਵਾਉਦੇ ਹਨ। ਪੰਜਾਬ ਵਿੱਚ ਮਿਊਰਲ ਚਿੱਤਰਕਾਰੀ ਦਾ ਨਿਭਾਅ ਮਾਹਿਰ ਚਿੱਤਰਕਾਰਾਂ ਦੁਆਰਾ ਖਾਸ ਥਾਵਾਂ ਤੇ ਹੋਇਆ ਹੈ। ਜਿੰਨ੍ਹਾਂ ਵਿੱਚ ਮੰਦਰ, ਕਿਲੇ, ਗੁਰਦਆਰੇ, ਮਹੱਲ,ਸਮਾਧਾਂ, ਡੇਰੇ, ਵੈਸ਼ਨਵ ਮੱਠ ਆਦਿ ਸ਼ਾਮਲ ਹਨ। ਮਿਊਰਲ ਚਿੱਤਰਕਾਰੀ ਦੇ ਵਿਸ਼ੇ ਜਨਮ-ਸਾਖੀਆਂ, ਰਮਾਇਣ, ਮਹਾਭਾਰਤ ਵਿੱਚੋ ਅਹਿਮ ਘਟਨਾਵਾਂ ਅਤੇ ਡੇਰਿਆਂ ਦੇ ਮੁਖੀਆਂ/ਸੰਚਾਲਕਾਂ ਦੇ ਵਿਅਕਤੀ-ਚਿੱਤਰ ਆਦਿ ਰਹੇ ਹਨ। ਸੁਹਜ-ਸਜਾਵਟ ਤੋ ਇਲਾਵਾ ਮਿਊਰਲ ਚਿੱਤਰਕਾਰੀ ਦਾ ਪ੍ਰਯੋਜਨ ਕਿਸੇ ਇੱਕ ਖਾਸ ਨਾਇਕ ਪ੍ਰਤੀ ਜਨ-ਸਧਾਰਨ ਵਿੱਚ ਸ਼ਰਧਾ ਵਧਾਉਣਾ ਰਿਹਾ ਹੈ।

**ਕਲਮੀ-ਚਿੱਤਰ ਜਾਂ ਨਿੱਕੇ ਚਿੱਤਰ** (Miniature Paintings)

ਕਾਗਜ ਉੱਪਰ ਛੋਟੇ ਆਕਾਰ ਵਿੱਚ ਬਣੇ ਚਿੱਤਰ, ਕਲਮੀ-ਚਿੱਤਰ ਜਾਂ ਨਿੱਕੇ ਚਿੱਤਰ ਅਖਵਾਉਦੇ ਹਨ। ਇਸ ਕਿਸਮ ਦੇ ਚਿੱਤਰ ਪੁਰਾਤਨ ਹੱਥ-ਲਿਖਤ ਜਨਮ ਸਾਖੀਆਂ ਤੇ ਹੋਰਨਾਂ ਕਰੜਿਆਂ ਵਿੱਚ ਮਿਲੇ ਹਨ।

### ਫਰੈਸਕੋ ਚਿੱਤਰਾਂ (Fresco Paintings)

ਫਰੈਸਕੋ ਚਿੱਤਰਾਂ ਵਿੱਚ ਗਿੱਲੇ ਪਲੱਸਤਰ ਨੂੰ ਛਿੱਲ-ਛਿੱਲ ਕੇ ਬਾਅਦ ਉਪਯੁਕਤ ਰੰਗ ਭਰ ਲਏ ਜਾਦੇ ਹਨ। ਫਰੈਸੱਕੋ-ਚਿੱਤਰ ਜ਼ਿਆਦਾਤਰ ਕੁਦਰਤੀ ਵਿਸ਼ਿਆਂ ਨਾਲ ਹੀ ਸੰਬੰਧਿਤ ਹੁੰਦੇ ਹਨ।

ਪੰਜਾਬ ਦੀ ਲੋਕ-ਚਿੱਤਰ-ਕਲਾ ਮਾਨਵੀ ਜੀਵਨ ਦੀਆ ਮੂਲ ਪ੍ਰਵਿਰਤੀਆਂ ਨਾਲ ਭਰੀ ਹੋਈ ਤੇ ਲੋਕ ਮੰਗਲ ਦੀ ਕਾਮਨਾ ਕਰਨ ਵਾਲੀ ਹੈ। ਇਸ ਵਿੱਚ ਲੋਕ-ਜੀਵਣ ਦੇ ਸੁਖਾਂਤ ਪੱਖ ਦਾ ਵੀ ਚਿੱਤਰਨ ਹੋਇਆ ਹੈ।ਇਹ ਆਡੰਬਰ-ਮੁਕਤ, ਪ੍ਰੇਮ-ਭਾਵਨਾ ਪ੍ਰਧਾਨ ਘਰ ਅਸ਼ਲੀਲਤਾ ਰਹਿਤ ਹੈ। ਇਹ ਮੋਟਿਫਾ/ਪ੍ਰਤੀਕਾਂ ਦੇ ਅਲੰਕਰਣ ਨਾਲ ਲੋਕ-ਸਮੂਹ ਦੀ ਸਿਰਜਣਾ ਦਾ ਫਲ ਹੈ।ਇਹ 'ਸੁਭ' ਤੋ ਆਰੰਭ ਹੋ ਕੇ 'ਸੁੱਖ' ਦੀ ਕਾਮਨਾ ਲਈ ਕਾਰਜਸ਼ੀਲ ਹੈ।

ਲੋਕ-ਮੂਰਤੀਕਾਰੀ ਤਹਿਤ ਲੋਕ-ਦੇਵੀਆਂ ਦੀਆਂ ਕੰਧਾਂ ਉੱਪਰ ਮੂਰਤੀਆਂ ਬਣਾ ਕੇ ਉਹਨਾਂ ਦੀ ਪੂਜਾ ਦਾ ਕਾਫੀ ਪ੍ਰਚਾਲਣ ਰਿਹਾ ਹੈ। ਪੰਜਾਬ ਵਿੱਚ ਇਹਨਾਂ ਦੇਵੀਆਂ ਦੀ ਪੂਜਾ ਪੂਰਵ ਇਤਿਹਾਸਿਕ ਕਾਲ ਤੋ ਹੁੰਦੀ ਆ ਰਹੀ ਹੈ। ਇਸ ਦਾ ਪ੍ਰਮਾਣ ਹੜੱਪਾ ਦੇ ਮਹਿੰਜੋਦਾਰੋ ਦੇ

ਥੇਹਾਂ ਦੀ ਖੁਦਾਈ ਦੋਰਾਣ ਮਿਲੀਆਂ ਅਨੇਕਾ ਕਲਾਂ ਕਿਰਤਾਂ ਹਨ। ਇਹ ਦੇਵੀ ਮਾਤਾ ਦੇ ਕਈ ਰੂਪਾਂ ਵਿੱਚ ਭਰਭੂਰ ਉਪਾਸ਼ਨਾ ਦੀ ਗਵਾਹੀ ਦਿੰਦੀਆ ਹਨ।

ਪੰਜਾਬ ਵਿੱਚ ਲੋਕ-ਦੇਵੀਆਂ ਵਿੱਚੋ ਸਭ ਤੋ ਜਿਆਦਾ ਸਾਂਝੀ ਦੇਵੀ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਇਸ ਲੋਕ ਦੇਵੀ ਦਾ ਸਬੰਧ ਲੋਕ-ਮਾਨਸ, ਲੋਕ-ਵਿਸ਼ਵਾਸ ਅਤੇ ਧਰਮ ਨਾਲ ਹੈ। 'ਸਾਂਝੀ' ਨੂੰ ਪੋਰਾਣਿਕ ਦੇਵੀ ਮੰਨ ਕੇ ਇਸ ਦਿ ਏਕੀਕਰਣ ਬ੍ਰਹਮਾ ਦੀ ਪੁੱਤਰੀ ਸੰਧਿਆਂ ਨਾਲ ਕੀਤਾ ਗਿਆ ਹੈ। ਕਈ ਇਸ ਨੂੰ ਦੁਰਗਾ ਮਈ ਦਾ ਹੀ ਕਲਿਆਣੀ ਰੂਪ ਮੰਨਦੇ ਹਨ।

ਨਵਰਾਤਿਆਂ ਦੋਰਾਣ ਕੁੜੀਆਂ ਕੰਧ ਉੱਪਰ 'ਸਾਂਝੀ' ਦੀ ਮੂਰਤਿ ਬਣਾਉਦੀਆ ਹਨ। ਪਹਿਲੇ ਨਵਰਾਤੇ ਮੂਰਤੀ ਹੇਠਾਂ ਕੋਰੇ ਕੁੱਜੇ ਵਿੱਚ ਜੌ ਦੀ ਖੇਤਰੀ ਬੀਜੀ ਜਾਂਦੀ ਹੈ।ਕੁੜੀਆ ਹਰ ਰੋਜ਼ ਸਵੇਰੇ ਪਾਣੀ ਪਾ ਕੇ ਗੋਰਜਾਂ ਦੇ ਇਸ ਬਾਗ ਨੂੰ ਮੱਥਾ ਟੇਕਦੀਆ ਹਨ। ਹਰ ਸ਼ਾਮ ਕੁੜੀਆਂ ਮੂਰਤੀ ਅੱਗੇ ਦੀਵੇ ਜਗਾਉਦੀਆਂ ਤੇ ਗੀਤ ਗਾਉਦੀਆ ਹਨ। ਦੇਵੀ ਦੀ ਆਰਤੀ ਉਤਾਰਣ ਉਪਰੰਤ ਦੇਵੀ ਨੂੰ ਭੇਟ ਕੀਤਾ ਮਿੱਠੇ ਚੌਲਾਂ ਦਾ ਪ੍ਰਸ਼ਾਦ ਸਾਰਿਆ ਵਿੱਚ ਵੰਡਿਆ ਜਾਂਦਾ ਹੈ।

ਦਸਵੇ ਦਿਨ ਸੂਰਜ ਅਸਤ ਹੋਣ ਤੋ ਪਹਿਲਾਂ ਦੇਵੀ ਦੀ ਮੂਰਤੀ ਉਤਾਰ ਦੇਵੀ ਦੀ ਉਸਤਤ ਵਿੱਚ ਗੀਤ ਗਾਉਦੀਆਂ ਕੁੜੀਆਂ ਉਸ ਮੂਰਤੀ ਨੂੰ ਜੌਆਂ ਦੇ ਬਾਗ ਨੂੰ ਪਿੰਡ ਦੇ ਤਲਾਬ ਵਿੱਚ ਤੈਰਾਅ ਆਉਦੀਆਂ ਹਨ। ਲੋਕ ਵਿਸ਼ਵਾਸ ਹੈ ਕਿ ਗੋਰਜਾਂ ਦੇ ਇਹ ਬਾਗ ਚੰਗੇ ਭਰੇ ਤਲਾਬ ਵਿੱਚ ਤੈਰਾਇਆ ਜਾਵੇ ਤਾਂ ਸਾਰਾ ਸਾਲ ਮੀਂਹ ਦੀ ਕੋਈ ਘਾਟ ਨਹੀ ਰਹਿੰਦੀ ।ਇੱਕ ਹੋਰ ਵਿਸ਼ਵਾਸ ਅਨੁਸਾਰ ਸਾਂਝੀ ਦੀ ਪੂਜਾ ਨਾਲ ਸੁਸ਼ੀਲ ਤੇ ਦੀਰਘ ਆਯੂ ਵਾਲਾ ਪਤੀ ਮਿਲਦਾ ਹੈ। ਕੱਤਕ ਦੇ ਮਹੀਨੇ ਅਹੋਈ ਮਾਤਾ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਬੱਚਿਆ ਦੀਆਂ ਬਿਮਾਰੀਆਂ ਤੋਂ ਬਚਾਅ ਲਈ ਕੀਤੀ ਜਾਦੀ ਹੈ।

ਘਰ ਦੀ ਕਿਸੇ ਕੰਧ ਉੱਪਰ ਮਿੱਟੀ ਜਾਂ ਭਿੱਜੇ ਹੋਏ ਚੋਲਾ ਦੇ ਆਟੇ ਅਤੇ ਰੰਗ ਦੀ ਮਦਦ ਨਾਲ ਅਹੋਈ ਦੀ ਮੂਰਤ ਬਣਾਈ ਜਾਂਦੀ ਹੈ। ਗਹਿਣਿਆਂ ਨਾਲ ਸ਼ਿਗਾਰ ਕੇ ਇਸ ਮੂਰਤੀ ਨਾਲ ਬੱਚਿਆਂ ਦੀ ਮੂਰਤੀ ,ਫਲ,ਖਿਡੋਣੇ,ਸੂਰਜ ਚੰਦਰਮਾ ਵੀ ਬਣਾਏ ਜਾਦੇ ਹਨ। ਲਾਗੇ ਇੱਕ ਜੋੜਾ ਤਿਕੋਣਾਂ ਦਾ ਵੀ ਬਣਾਇਆ ਜਾਂਦਾ ਹੈ। ਮਿੱਟੀ ਦੇ ਭਾਂਡੇ ਵਿੱਚ ਪਾਣੀ ਭਰ ਕੇ,ਉੱਪਰ ਫਲ ਰੱਖ ਕੇ ,ਅਹੋਈ ਦੀ ਮੂਰਤੀ ਥੱਲੇ ਰੱਖਿਆ ਹੁੰਦਾ ਹੈ। ਪਾਣੀ ਦਾ ਬਰਿਆ ਇਹ ਭਾਂਡਾ ਔਰਤ ਦੀ ਪ੍ਰਜਣਨ ਸ਼ਕਤੀ ਦਾ ਪ੍ਰਤੀਕ ਹੈ। ਦੇਵੀ ਨੂੰ ਦੁੱਧ ਚਾਵਲ ਦਾ ਭੋਗ ਲਗਵਾ ਕੇ ਪ੍ਰੋਹਤਾਣੀ ਕੋਲੋ ਅਹੋਈ ਦੀ ਕਥਾ ਸੁਣੀ ਜਾਦੀ ਹੈ। ਮੂਰਤੀ ਨੂੰ ਕੱਤਕ ਦੀ ਚੇਚਕ ਨੂੰ ਜਲ-ਪ੍ਰਵਾਹ ਕੀਤਾ ਜਾਦਾ ਹੈ।

ਮਾਘ ਦੇ ਮਹੀਨੇ ਚੇਚਕ ਦੇ ਰੋਗ ਤੋ ਬਚਣ ਲਈ ਦੇਵੀ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਕੀਤੀ ਜਾਂਦੀ ਹੈ। ਮੂਰਤੀ ਵਿੱਚ ਦੇਵੀ ਦਾ ਰੰਗ ਸੁਨਿਹਰੀ ਅਤੇ ਵਸਤਰਾਂ ਦਾ ਰੰਗ ਲਾਲ ਕੀਤਾ ਹੁੰਦਾ ਹੈ। ਉਸ ਦੇ ਸੱਜੇ ਹੱਥ ਵਿੱਚ ਝਾੜੂ ਅਤੇ ਖੱਬੇ ਹੱਥ ਹੇਠ ਘੜਾ ਰਖਿਆ ਹੁੰਦਾ ਹੈ। ਪੂਜਾ ਦੇ ਨਾਲ ਕਈ ਇਸਤਰੀਆਂ ਸੀਤਲਾ ਨਮਿਤ ਵਰਤ ਵੀ ਰੱਖਦੀਆਂ ਹਨ।

ਜਣੇਪੇ ਸਮੇ ਚਲੀਹਾ ਸਮਾਪਤ ਹੋਣ ਤੇ ਚੋਕਾ ਚਾੜ੍ਹਣ ਵਾਲੇ ਦਿਨ ਇਸਤਰੀਆਂ ਇਸ ਸਥਾਨ ਉਤੇ ਮੱਥਾ ਟੇਕਦੀਆਂ ਹਨ। ਜੇ ਬੱਚਾ ਮੁੰਡਾ ਹੋਵੇ ਤਾਂ ਮਾਤਾ ਦੇ ਨਾਂ ਉੱਤੇ ਇੱਕ ਧਾਗਾਂ ਜਿਸ ਵਿੱਚ ਤਾਂਬੇ ਦੇ ਸਿੱਕੇ ਅਤੇ ਕੋਡੀਆਂ ਪਰੋਈਆਂ ਹੁੰਦੀਆਂ ਹਨ,ਬੱਚੇ ਦੇ ਗਲ ਵਿੱਚ ਪਾਇਆ ਜਾਦਾ ਹੈ।

ਇਹਨਾਂ ਦੇਵੀਆਂ ਤੋ ਇਲਾਵਾ ਖੱਸ਼ਟੀ ਦੇਵੀ ਦੀ ਮੂਰਤੀ ਬਣਾ ਕੇ ਉਸ ਦੀ ਪੂਜਾ ਬੱਚੇ ਦੇ ਜੰਮਣ ਦੇ ਛੇਵੇ ਦਿਨ ਕੀਤੀ ਜਾਂਦੀ ਹੈ। ਪੋਰਾਣਿਕ ਕਥਾਂਵਾ ਵਿੱਚ ਖੱਸ਼ਟੀ ਨੂੰ ਕਾਰਤਿਕੇਯ ਦੀ ਪਤਣੀ ਦੱਸਿਆ ਹੈ । ਜਿਸ ਕਮਰੇ ਵਿੱਚ ਬੱਚੇ ਨੇ ਜਨਮ ਲਿਆ ਹੁੰਦਾ ਹੈ ਉਸ ਕਮਰੇ ਦੀ ਕੰਧ ਉੱਤੋ ਇਸ ਦੀ ਮੂਰਤੀ ਬਣਾਈ ਜਾਂਦੀ ਹੈ। ਲੋਕ ਵਿਸ਼ਵਾਸ ਹੈ ਕਿ ਖੱਸਟੀ ਦੀ ਪੂਜਾ ਨਾਲ ਬੱਚੇ ਦੇ ਨੇੜੇ ਬਦਰੂਹਾਂ ਨਹੀ ਢੁੱਕਦੀਆਂ।

ਉਪਰੋਕਤ ਸਭ ਦੇਵੀਆਂ ਦੀ ਪੂਜਾ ਵੇਲੇ ਨਿਭਾਈਆਂ ਰੀਤਾਂ ਉਪਜਾਇਕਤਾ ਨਾਲ ਸੰਬੰਧਿਤ ਹਨ। ਇਹ ਰੀਤਾਂ ਸੰਤਾਨ-ਪ੍ਰਾਪਤੀ ਅਤੇ ਉਸਦੀ ਰੱਖਿਆ ਵਾਸਤੇ ਨਿਭਾਈਆਂ ਜਾਂਦੀਆ ਹਨ। ਇਹ ਦੇਵੀਆਂ ਮਨੁੱਖੀ ਜ਼ਿੰਦਗੀ ਦੀਰਹ ਪੱਧਰ ਦੀ ਉਤਪਤੀ ਨੂੰ ਹਰ ਰੂਪਮਾਨ ਕਰਦੀਆਂ ਹਨ।

ਪੰਜਾਬ ਵਿੱਚ ਮੇਲਿਆਂ, ਤਿਉਹਾਰਾਂ ਦੀ ਆਮਦ ਨਾਲ ਘਰਾਂ ਵਿੱਚ ਰੰਗੀਨੀ ਆਉਣੀ ਸ਼ੁਰੂ ਹੋ ਜ਼ਾਦੀ ਹੈ। ਘਰਾਂ ਨੂੰ ਸਫ਼ੈਦੀ ਜਾਂ ਪੋਚਾ ਫੇਰਨ ਉਪਰੰਤ ਚਿੱਤਰਕਾਰੀ ਕਰਨ ਦੇ ਨਾਲ-ਨਾਲ ਮਾਵਾਂ ਆਪਣੇ ਬੱਚਿਆ ਲਈ ਮਿੱਟੀ ਦੇ ਮੋਰ, ਤੋਤੇ, ਕਬੂਤਰ, ਚਿੱੜੀਆਂ, ਗੁੱਡੀਆਂ, ਗੁੱਡੇ ਆਦਿ ਬਣਾਉਦੀਆ ਹਨ। ਕਈ ਵਾਰ ਇਹ ਲੋਕ-ਖਿਡੋਣੇ ਘਰਾਂ ਵਿੱਚ ਨਾ ਬਣਾ ਕੇ ਮੇਲਿਆ ਤੋ ਖ਼ਰੀਦ ਕੇ ਘਰ ਵੀ ਸਜਾਏ ਜਾਂਦੇ ਹਨ। ਇਹਨਾਂ ਲੋਕ-ਖਿਡੋਣਿਆਂ ਦੇ ਆਕਾਰ ਆਮ ਕਰਕੇ ਅਰਧ ਮੂਰਤ ਅਮੂਰਤ ਅਤੇ ਪ੍ਰਭਾਵਵਾਦੀ ਹੁੰਦੇ ਹਨ।

ਪੁਰਾਤਨ ਸਮਿਆਂ ਵਿੱਚ ਘੁਮਿਆਰ ਪਿੰਡ ਦੇ ਕਿਸੇ ਘਰ ਜੰਮੇ ਬੱਚੇ ਲਈ ਕੋਈ ਪੰਛੀ ਜਾਂ ਮੂਰਤੀ ਤੋਹਫੇ ਦੇ ਰੂਪ ਵਿੱਚ ਦੇ ਜਾਂਦਾ ਸੀ । ਲੋਕ-ਕਲਾ ਦੇ ਇਹ ਰੂਪ ਜਿੱਥੇ ਇਕ ਪਾਸੇ ਬੱਚੇ ਦਾ ਮਨ ਪ੍ਰਚਾਵਾ ਕਰਦੇ ਹਨ ਤਾਂ ਦੂਜੇ ਪਾਸੇ ਇਹ ਬੱਚੇ ਲਈ ਰੂਪ ਗਿਆਨ ਦਾ ਸਾਧਨ ਬਣਦੇ ਹਨ। ਪਰ ਅੱਜ ਕਲ ਬਹੁਤੀਆਂ ਚੀਜ਼ਾਂ ਪਲਾਸਟਿਕ ਦੀਆਂ ਬਣਨ ਕਾਰਨ ਖਿਡੋਣੇ ਵੀ ਪਲਾਸਟਿਕ ਦੇ ਬਣਨ ਲੱਗ ਪਏ ਹਨ।

ਘੁਮਿਆਰ ਚੱਕ ਉੱਤੇ ਆਪਣੇ ਹੱਥਾਂ ਨਾਲ ਨਿੱਤ ਵਰਤੋ ਵਾਲੇ ਬਰਤਨਾਂ ਦੇ ਰੂਪ ਵਿੱਚ ਲੋਕ-ਕਲਾ ਦੇ ਉੱਤਮ ਨਮੂਨੇ ਤਿਆਰ ਕਰਦਾ ਹੈ। ਇਹਨਾਂ ਬਰਤਣਾਂ ਉੱਪਰ ਬਹੁਰੰਗੀ ਚਿੱਤਰਕਾਰੀ ਵੀ ਕੀਤੀ ਜ਼ਾਂਦੀ ਹੈ । ਘਰ ਵਿੱਚ ਕਰੀਨੇ ਨਾਲ ਟਿਕਾਏ ਇਹ ਬਰਤਣ ਸੁਆਣੀ ਦੀ ਸੋਦਰਯ-ਸੂਝ ਦਾ ਪ੍ਰਗਟਾਵਾ ਕਰਦੇ ਹਨ।

ਪਿੰਡਾਂ ਦੇ ਬਾਹਰ ਵੀਰਾਨ ਥਾਂਵਾ ਤੋਂ ਦੱਬ,ਸਰਕੜਾ, ਕੱਖ ਕਾਨਿਆਂ ਆਦਿ ਤੋਂ ਛਿੱਕੂ,ਬੋਹੀਏ ,ਟੋਕਰੀਆਂ ਆਦਿ ਤਿਆਰ ਕੀਤੀਆਂ ਜਾਂਦੀਆਂ ਹਨ। ਇਹਨਾਂ ਵਿੱਚ ਰੰਗਾਂ ਨਾਲ ਕਈ ਤਰ੍ਹਾਂ ਦੇ ਡਿਜ਼ਾਇਨ ਵੀ ਪਾਏ ਜ਼ਾਂਦੇ ਹਨ। ਖਜ਼ੂਰ ਦੇ ਪੱਤਿਆਂ ਨੂੰ ਸੁਕਾ ਕੇ ਉਹਨਾਂ ਤੋ ਪੱਖੀਆਂ ਬਣਾਈਆਂ ਜ਼ਾਂਦੀਆਂ ਹਨ। ਕਈ ਰੰਗਾਂ ਨਾਲ ਬਣੇ ਇਸ ਪੈਟਰਨ ਸੁਆਣੀ ਦਾ ਕਲਾਤਮਿਕ ਪ੍ਰਭਿਤਾ ਨੂੰ ਉਘਾੜਦੇ ਹਨ।

ਤਰਖਾਣਾਂ ਦੁਆਰਾ ਲੱਕੜ ਕੀਤਾ ਕੰਮ ਵੀ ਲੋਕ ਕਲਾ ਦੇ ਖੇਤਰ ਵਿੱਚ ਆਉਦਾ ਹੈ। ਘਰਾਂ ਦੇ ਮੁੱਖ ਦਰਵਾਜਿਆਂ, ਚੁਗਾਠਾਂ, ਮੰਜਿਆਂ, ਪੀੜ੍ਹਿਆਂ ਤੇ ਘਰ ਵਿੱਚ ਲੱਕੜ ਦੀਆਂ ਹੋਰ ਚੀਜ਼ਾਂ ਉੱਤੇ ਕਲਾਮਾਤਿਕ ਸ਼ਿਲਪਕਾਰੀ ਤਰਖਾਣ ਦੀ ਪ੍ਰਭਿਤਾ ਦਰਸਾਉਦੀ ਹੈ।

ਪੁਰਾਤਨ ਸਮਿਆਂ ਵਿੱਚ ਜੰਗ ਵਿੱਚ ਬਰਤਣ ਵਾਲੇ ਹਥਿਆਰਾਂ ਜਾਵੇ ਤਲਵਾਰ, ਚਾਕੂ, ਬੰਦੂਕ ਆਦਿ ਦੀਆ ਮੁੱਠਾ ਉੱਪਰ ਵੀ ਕਲਾਤਮਿਕ ਕੰਮ ਕੀਤਾ ਜ਼ਾਂਦਾ ਸੀ। ਇਹਨਾਂ ਤੋ ਇਲਾਵਾ ਸੁਨਿਆਰਾ ਵੀ ਤਰ੍ਹਾਂ-ਤਰ੍ਹਾਂ ਦੇ ਪੈਟੱਰਨਾ ਅਧੀਨ ਗਹਿਣੇ ਘੜਦਾ ਹੈ, ਜੋ ਹਸਤ ਕਲਾ ਦੀ ਉੱਤਮ ਉਦਾਹਰਨ ਹਨ।

ਇਹਨਾਂ ਲੋਕ-ਕਲਾ ਰੂਪਾਂ ਤੋ ਇਲਾਵਾ ਕਸੀਦਾਕਾਰੀ ਵੀ ਪੰਜਾਬੀ ਜਨ ਜੀਵਨ ਦਾ ਅਨਿੱਖੜਵਾ ਅੰਗ ਰਹੀ ਹੈ। ਸਿਰਹਾਣਿਆਂ, ਚਾਦਰਾਂ, ਰੁਮਾਲਾਂ, ਝੋਲਿਆਂ ,ਪਹਿਣਨ ਵਾਲੇ ਕੱਪੜਿਆਂ ਤੋ ਇਲਾਵਾ, ਫੱਲਕਾਰੀਆਂ ਕੱਢ ਕੇ ਧੀ ਦੇ ਦਾਜ ਵਿੱਚ ਦੇਣ ਦਾ ਪ੍ਰਚਲਣ ਚਲਿਆ ਆ ਰਿਹਾ ਹੈ। ਮਾਵਾਂ ਧੀਆਂ ਘਰ ਦੇ ਕੰਮਾਂ ਤੋ ਵਿਹਲਿਆਂ ਹੋ ਕੇ ਕਸੀਦਾ ਕੱਢਦੀਆਂ ਹਨ। ਕਈ ਵਾਰ ਇਹ ਕੰਮ ਤ੍ਰਿੰਵਣ ਲਾ ਕੇ ਵੀ ਕੀਤਾ ਜ਼ਾਂਦਾ ਹੈ।

ਫੁਲਕਾਰੀ ਵਿੱਚ ਖੱਦਰ ਨੂੰ ਲਾਲ ਰੰਗ ਕੀਤਾ ਜ਼ਾਂਦਾ ਹੈ ਤੇ ਫਿਰ ਇਹ ਪੱਟ (ਰੇਸ਼ਮ) ਨਾਲ ਕੱਪੜੇ ਦੇ ਪਿਛਲੇ ਪਾਸਿਓ ਸਾਰੇ ਮੋਟਿਫ ਕੱਢੇ ਜਾਦੇ ਹਨ। ਕਢਾਈ ਲਈ ਵਰਤੇ ਜ਼ਾਂਦੇ ਮੋਟਿਫਾਂ ਵਿੱਚ ਮੋਰ, ਤੋਤੇ ਕਬੂਤਰ, ਚਿੜੀਆ, ਸ਼ੇਰ, ਹਾਥੀ ਤੇ ਫੁੱਲ-ਬੂਟੇ ਆਦਿ ਹੁੰਦੇ ਹਨ। ਸਮੇਂ-ਸਮੇਂ ਭਾਵੇ ਕਢਾਈ ਦੀ ਸਮਗਰੀ ਵਿੱਚ ਪਰਿਵਰਤਣ ਆਉਦਾ ਰਿਹਾ ਹੈ। ਪਰ ਕੱਢਣ ਦੀ ਵਿਧੀ ਸਮੁੱਚੇ ਰੂਪ ਵਿੱਚ ਨਹੀ ਬਦਲੀ।

ਫੁਲਕਾਰੀ-ਕਲਾ ਕਈ ਰੂਪਾ ਤੇ ਸ਼ੈਲੀਆਂ ਵਿੱਚ ਨਿਖਰੀ ਹੈ, ਜਿੰਨ੍ਹਾ ਵਿੱਚ ਤਿੰਨ ਰੂਪ ਪ੍ਰਮੁਖ ਹਨ-ਬਾਗ, ਚੋਪ ਤੇ ਸੁੱਭਰ। ਫੁਲਕਾਰੀ ਕੱਢਣ ਵੇਲੇ ਕੱਪੜੇ ਦੀ ਧਰਾਤਲ ਉੱਤੇ ਕਈ ਜਗ੍ਹਾ ਛੱਡੇ ਬਗੈਰ ਕਢਾਈ ਕੀਤੀ ਹੋਵੇ ਤਾਂ ਇਹ ਬਾਗ ਹੈ ਇਸ ਵਿੱਚ ਜਿਆਦਾਤਰ ਫੁੱਲ-ਬੂਟਿਆਂ ਵਰਗੇ ਪ੍ਰਕਿਰਤਕ ਮੋਟਿਫ਼ ਹੀ ਕੱਢੇ ਜ਼ਾਂਦੇ ਹਨ। ਚੋਪ ਵਿੱਚ ਸਿਰਫ ਪੱਲੇ ਉੱਪਰ ਹੀ ਕਢਾਈ ਕੀਤੀ ਜਾਂਦੀ ਹੈ। ਸੁੱਭਰ ਵਿੱਚ ਵੀ ਜਗ੍ਹਾ ਛੱਡ ਕੇ ਕਲਾ ਮੋਟਿਫ ਕੱਢੇ ਜ਼ਾਂਦੇ ਹਨ। ਸ਼ਗਨਾਂ ਦੀਆਂ ਫੁਲਕਾਰੀਆਂ ਸੁੱਭਰ ਤੇ ਚੋਪ ਦੋਹਤੀ ਦੇ ਵਿਆਹ ਉੱਤੇ ਨਾਨਕਿਆਂ ਵੱਲੋ 'ਨਾਨਕੀ-ਛੱਕ' ਵਿੱਚ ਦਿੱਤੀਆ ਜਾਂਦੀਆਂ ਹਨ।

ਕਢਾਈ ਲਈ ਵਰਤੇ ਜ਼ਾਂਦੇ ਰੰਗਾਂ ਵਿੱਚ 'ਲਾਲ ,ਪੀਲਾ, ਅਸ਼ਮਾਨੀ,ਹਰਾ ਆਦਿ ਪ੍ਰਮੁੱਖ ਹਨ। ਕਢਾਈ ਸ਼ੁਰੂ ਕਰਨ ਲੱਗਿਆਂ ਸ਼ਗਨਾਂ ਦੇ ਗੀਤ ਵੀ ਗਾਏ ਜ਼ਾਂਦੇ ਹਨ। ਪੰਜਾਬੀ ਲੋਕ-ਗੀਤਾਂ ਵਿੱਚ ਵੀ ਕਈ ਜਗ੍ਹਾ ਫੁਲਕਾਰੀ ਦਾ ਜ਼ਿਕਰ ਆਉਦਾ ਹੈ। ਲੋਕ-ਕਲਾਵਾਂ ਦੇ ਇਹ ਉਤਕ੍ਰਿਸ਼ਟ ਨਮੂਨੇ ਜੀਵਨ ਵਿੱਚ ਖ਼ੁਸ਼ੀਆਂ-ਖੇੜੇ ਬਖਸ਼ਦੇ ਹਨ।

ਇੰਜ਼ ਪੰਜ਼ਾਬੀ ਲੋਕ-ਕਲਾਵਾਂ ਦਾ ਨਿਭਾਅ ਜ਼ਿਆਦਾਤਰ ਇਸਤਰੀ ਵਰਗ ਦੁਆਰਾ ਹੀ ਹੋਇਆ ਹੈ। ਇਹਨਾਂ ਲੋਕ ਕਲਾਵਾਂ ਵਿੱਚ ਸਮੁੱਚੇ ਪੰਜ਼ਾਬੀ ਲੋਕ-ਸਮੂਹ ਦੇ ਮਨੋਭਾਵਾਂ ਅਤੇ ਮਨੋਬਿਰਤੀਆਂ ਦੀ ਅਭਿਵਿਅੰਜਨਾ; ਸੋਦਰਯਬੋਧ, ਕਲਾਤਮਿਕ ਪ੍ਰਤਿਭਾ ਅਤੇ ਮਾਨਸਿਕਤਾ ਦੀ ਅੱਕਾਸ਼ੀ ਹੋਈ ਹੈ। ਲੋਕ-ਕਲਾਵਾਂ ਵਿੱਚ ਵਰਤੀ ਗਈ ਸਮੁੱਚੀ ਵਸਤੂਗਤ ਸਮਗਰੀ, ਰੰਗ, ਮੋਟਿਫ, ਪੈਟੱਰਨ ਪੰਜ਼ਾਬੀ ਸਮਾਜ ਸੱਭਿਆਚਾਰ ਦੇ ਸੰਦਰਭ ਵਿੱਚ ਕਿਸੇ ਨਾ ਕਿਸੇ ਖ਼ਾਸ ਪ੍ਰਸੰਗ ਨੂੰ ਨਿਰੂਪਣ ਕਰਦੇ ਹਨ। ਵਕਤ ਦੇ ਵੇਗ ਅਤੇ ਅਜੋਕੇ ਪੰਜ਼ਾਬੀ ਸਮਾਜ ਸੱਭਿਆਚਾਰ ਵਿੱਚ ਆਧੁਨਿਕਤਾ ਦੇ ਪ੍ਰਵੇਸ਼ ਨੇ ਇਹਨਾਂ ਲੋਕ-ਕਲਾਵਾਂ ਨੂੰ ਢਾਹ ਲਾਈ ਹੈ।

## ਲੋਕ ਖੇਡਾਂ

'ਲੋਕ ਖੇਡ' 'ਲੋਕ' ਅਤੇ 'ਖੇਡ' ਸ਼ਬਦਾਂ ਦੇ ਮੇਲ ਨਾਲ ਬਣਿਆ ਹੈ। ਇਸਦਾ ਅਰਥ ਹੈ। 'ਲੋਕ ਦੀ ਖੇਡ'। 'ਲੋਕ' ਸ਼ਬਦ ਵਾਸਤਵ ਵਿੱਚ ਅੰਗਰੇਜ਼ੀ ਦੇ ਫੋਕ ਦਾ ਪਰਿਯਾਇ ਹੈ। ਜੋ ਨਗਰ ਅਤੇ ਪਿੰਡ ਦੀ ਸਾਰੀ ਜਨਤਾ ਦਾ ਭਾਵ ਹੈ। ਇਸ ਤਰ੍ਹਾਂ 'ਖੇਡ' ਸ਼ਬਦ ਦਾ ਭਾਵ ਮਨ ਪਰਚਾਣਾ ਹੈ। ਲੋਕਖੇਡ ਦਾ ਮਨ ਪਰਚਾਵਾ ਹੋਣਾ ਬਹੁਤ ਜ਼ਰੂਰੀ ਹੈ। ਪਰ ਮਨ ਪਰਚਾਵੇ ਦੇ ਨਾਲ-ਨਾਲ ਇਹ ਮਨੁੱਖ ਨੂੰ ਸਰੀਰਿਕ ਤੇ ਮਾਨਸਿਕ ਸ਼ਕਤੀ ਵੀ ਦਿੰਦੀਆਂ ਹਨ। ਇਨ੍ਹਾਂ ਦਾ ਮਨੁੱਖ ਦੇ ਜੀਵਨ ਨਾਲ ਡੂੰਘਾ ਸੰਬੰਧ ਹੈ। ਲੋਕ-ਖੇਡਾਂ ਦੀ ਖ਼ਾਸੀਅਤ ਇਹ ਹੈ ਕਿ ਇਹ ਕਿਸੇ ਕਰੜੇ ਨਿਯਮਾਂ ਅਧੀਨ ਨਹੀਂ ਖੇਡੀਆਂ ਜਾਂਦੀਆਂ। ਕੋਈ ਸਮਾਂ-ਸਥਾਨ ਵੀ ਨਿਸ਼ਚਿਤ ਨਹੀਂ, ਗਰਮੀਆਂ ਨੂੰ ਦੁਪਿਹਰਾ ਸਮੇਂ, ਰਾਤ ਨੂੰ ਚਾਨਣੀਆਂ ਰਾਤਾਂ ਵਿਚ, ਖੁੱਲ੍ਹਿਆ ਵਿਹੜਿਆਂ, ਗਲੀਆਂ, ਜੂਹਾਂ, ਟਾਹਲੀਆਂ, ਬਰੋਟਿਆਂ ਦੀਆਂ ਛਾਂਵਾਂ ਅਤੇ ਕਿਸੇ ਵੀ ਮੋਕਲੀ ਥਾਂ 'ਤੇ ਇਹ ਖੇਡੀਆਂ ਜਾਂਦੀਆਂ ਹਨ। ਲੋਕ-ਖੇਡਾਂ ਖੇਡਣ ਲਈ ਸਮਾਨ ਖ਼ਰੀਦਣ ਦੀ ਵੀ ਲੋੜ ਨਹੀਂ, ਸਥਾਨਿਕ ਉਪਲਬਧ ਸਮਗਰੀ ਤੋਂ ਹੀ ਕੰਮ ਸਾਰ ਲਿਆ।

ਲੋਕ-ਖੇਡਾਂ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਕਿਸੇ ਕਰੜੇ ਨਿਯਮਾਂ ਅਧੀਨ ਨਹੀਂ ਖੇਡੀਆਂ ਜਾਂਦੀਆਂ। ਕੋਈ ਸਮਾਂ-ਸਥਾਨ ਵੀ ਨਿਸ਼ਚਿਤ ਨਹੀਂ, ਗਰਮੀਆਂ ਨੂੰ ਦੁਪਿਹਰਾ ਸਮੇਂ, ਰਾਤ ਨੂੰ ਚਾਨਣੀਆਂ ਰਾਤਾਂ ਵਿਚ, ਖੁੱਲ੍ਹਿਆ ਵਿਹੜਿਆਂ, ਗਲੀਆਂ, ਜੂਹਾਂ, ਟਾਹਲੀਆਂ, ਬਰੋਟਿਆਂ ਦੀਆਂ ਛਾਂਵਾਂ ਅਤੇ ਕਿਸੇ ਵੀ ਮੋਕਲੀ ਥਾਂ 'ਤੇ ਇਹ ਖੇਡੀਆਂ ਜਾਂਦੀਆਂ ਹਨ। ਲੋਕ-ਖੇਡਾਂ ਖੇਡਣ ਲਈ ਸਮਾਨ ਖ਼ਰੀਦਣ ਦੀ ਵੀ ਲੋੜ ਨਹੀਂ, ਸਥਾਨਿਕ ਉਪਲਬਧ ਸਮਗਰੀ ਤੋਂ ਹੀ ਕੰਮ ਸਾਰ ਲਿਆ ਜਾਂਦਾ ਹੈ। ਪੰਜਾਬ ਦੇ ਵਾਸੀਆਂ ਵਿੱਚ ਮਨੋਰੰਜਨ ਦੇ ਵੱਖ-ਵੱਖ ਤਰ੍ਹਾਂ ਦੇ ਸਾਧਨ

ਪ੍ਰਚਲਿੱਤ ਰਹੇ ਹਨ। ਇਹ ਵੱਖ-ਵੱਖ ਮਨੋਰੰਜਨ ਸਾਧਨਾਂ ਵਿੱਚ ਲੋਕ ਖੇਡਾਂ ਵਿਸ਼ੇਸ਼ ਮਹੱਤਾ ਦੀਆਂ ਧਾਰਣੀ ਹਨ। ਵੱਖ-ਵੱਖ ਖਿੱਤਿਆਂ ਦੀ ਤਰ੍ਹਾਂ ਪੰਜਾਬ ਅਤੇ ਜੰਮੂ ਕਸ਼ਮੀਰ ਦੀਆਂ ਵੀ ਕੁੱਝ ਸਥਾਨਕ ਖੇਡਾਂ ਹਨ। ਲੋਕ ਖੇਡਾਂ ਬੱਚਿਆਂ ਨਾਲ ਜੁੜੀਆ ਹੋਣ ਕਾਰਨ ਹੀ ਇਹ ਬੇਫ਼ਿਕਰੀ ਦਾ ਪ੍ਰਗਟਾਵਾ ਹਨ। ਲੋਕ ਖੇਡਾਂ ਦੇ ਸੰਬੰਧ ਵਿੱਚ ਇਹ ਕਥਨ ਵੀ ਕਾਫ਼ੀ ਸਾਰਥਕ ਦਿਖਾਈ ਦਿੰਦਾ ਹੈ ਕਿ ਮਨੁੱਖੀ ਖੇਡ ਰੁਚੀਆ ਦਾ ਆਧਾਰ ਵੀ ਉਹੋ ਹੈ ਜੋ ਜਾਨਵਰ ਖੇਡ ਰੁਚੀਆ ਦਾ ਹੈ। ਮਨੁੱਖ ਦੇ ਉਪਯੋਗੀ ਕਾਰਜਾਂ ਵਿਚੋਂ ਖੇਡ ਦਾ ਜਨਮ ਹੋਣਾ ਵੀ ਸਵੀਕਾਰਿਆ ਗਿਆ ਹੈ। ਇਸ ਕਥਨ ਨੂੰ ਵੀ ਪ੍ਰਵਾਨ ਕਰ ਲਿਆ ਗਿਆ ਹੈ ਕਿ ਤਕਨੀਕੀ ਹੁਨਰਾਂ ਦੀ ਪ੍ਰਾਪਤੀ ਦਾ ਮੁੱਢਲਾ ਰੂਪ, ਖੇਡ-ਖੇਡ ਵਿੱਚ ਹੀ ਪ੍ਰਾਪਤ ਹੁੰਦਾ ਰਿਹਾ ਹੈ। ਪੰਜਾਬ ਦੀਆਂ ਲੋਕ-ਖ਼ੇਡਾਂ ਦੇ ਖੇਤਰ ਵਿੱਚ ਸਮੇਂ, ਸਥਾਨ, ਲਿੰਗ ਅਤੇ ਉਮਰ ਦੇ ਅਧਾਰ ਉੱਤੇ ਵੰਡ ਕਰਨੀ ਕਠਿਨ ਹੈ। ਦਸ ਬਾਰਾਂ ਸਾਲ ਦੀ ਆਯੂ ਤੱਕ ਦੇ ਮੁੰਡੇ ਕੁੜੀਆਂ ਬਹੁਤ ਸਾਰੀਆਂ ਖੇਡਾਂ ਰਲ ਕੇ ਇੱਕਠੇ ਖੇਡ ਦੇ ਹਨ। 'ਖਿੱਦੋ ਖੂੰਡੀ', 'ਕੁਸ਼ਤੀ', 'ਕਬੱਡੀ' ਦੀਆਂ ਖੇਡਾਂ ਨਿੱਕੇ ਬੱਚੇ ਤੋਂ ਲੈ ਕੇ ਅੱਧਖੜ ਉਮਰ ਤੱਕ ਦੇ ਮਰਦਾਂ ਵੱਲੋਂ ਪੂਰੇ ਸ਼ੌਕ ਨਾਲ ਖੇਡੀਆਂ ਜਾਣ ਵਾਲੀਆਂ ਖੇਡਾਂ ਹਨ। ਪੰਜਾਬ ਦੀਆਂ ਕੁੜੀਆਂ ਦੇ ਖੇਡ-ਕਾਰਜ 'ਗੁੱਡੀਆਂ ਪਟੋਲੇ' ਤੋਂ ਛੁੱਟ ਸਾਰੀਆਂ ਖੇਡਾਂ ਘਰ ਤੋਂ ਬਾਹਰ ਖੁਲੀਆਂ ਥਾਂਵਾਂ ਤੇ ਖੇਡੀਆਂ ਜਾਂਦੀਆਂ ਹਨ। ਕੁੜੀਆਂ ਵੀ 'ਗੋਂਦ ਗੀਟੇ', ਅਤੇ ਖੇਹਨੂੰ (ਥਾਲ ਪਾਉਣੇ) ਗਲੀ ਵਿੱਚ ਬੈਠ ਕੇ ਖੇਡ ਲੈਂਦੀਆਂ ਹਨ। ਵੱਡੀ ਉਮਰ ਦੇ ਮਰਦਾਂ ਦੀਆਂ ਬੈਠ ਕੇ ਖੇਡਣ ਵਾਲੀਆਂ ਖੇਡਾਂ ਸ਼ਤਰੰਜ, ਚੋਪੜ, ਤਾਸ਼, ਬਾਰਾਂ ਟਹਿਣੇ ਅਤੇ ਘਰੋਂ ਬਾਹਰ ਸੱਥ ਵਿੱਚ ਜਾਂ ਰੁੱਖਾਂ-ਬਰਖਾਂ ਦੇ ਹੇਠਾਂ ਬੈਠ ਕੇ ਖੇਡੀਆਂ ਜਾਂਦੀਆਂ ਹਨ। ਪੰਜਾਬ ਦੀਆਂ ਖੇਡਾਂ ਦਾ ਵਰਗੀਕਰਨ ਖੇਡ ਵਿਚਲੇ ਕਾਰਜ਼ ਨੂੰ ਅਧਾਰ ਮੰਨ ਕੇ ਕਰਨਾ ਉੱਚਿਤ ਹੈ। ਜਿਸ ਦੇ ਅਧਾਰ ਉੱਤੇ ਖੇਡਾਂ ਨੂੰ ਦੋ ਪ੍ਰਮੁੱਖ ਰੂਪਾਂ ਮਾਨਸਿਕ ਖੇਡਾਂ ਅਤੇ ਸਰੀਰਕ ਖੇਡਾਂ ਵਿੱਚ ਵੰਡਿਆ ਜਾ ਸਕਦਾ ਹੈ। ਇਹ ਗੱਲ ਵੀ ਸਪੱਸ਼ਟ ਕਰਨੀ ਜਰੂਰੀ ਹੈ ਕਿ ਹਰੇਕ ਖੇਡ ਵਿੱਚ ਮਾਨਸਿਕ ਅਤੇ ਸਰੀਰਕ ਦੋਵੇਂ ਕਾਰਜ਼ ਦਾਅ ਪੇਚ ਅਤੇ ਬਲਵਾਨਤਾ ਦੇ ਰੂਪ ਵਿੱਚ ਸ਼ਾਮਿਲ ਹੁੰਦੇ ਹਨ। ਇਸ ਸਥਿੱਤੀ ਵਿੱਚ ਕਾਰਜ਼ ਵਿਸ਼ੇਸ਼ ਦੀ ਪ੍ਰਬਲਤਾ ਨੂੰ ਅਧਾਰ ਮੰਨ ਕੇ ਉਸ ਖੇਡ ਦੇ ਵਰਗ ਦਾ ਨਿਰਣਾ ਕੀਤਾ ਜਾ ਸਕਦਾ ਹੈ।

ਪੱਛਮੀ ਵਿਦਵਾਨਾਂ ਰਾਹੀਂ ਕੀਤੇ ਖੇਡਾਂ ਦੇ ਵਰਗੀਕਰਨ ਦੇ ਅਧਾਰ ਉੱਤੇ ਖੇਡਾਂ ਦਾ ਇੱਕ ਰੂਪ ਅਨੁਕਰਣਾਤਮਕ ਅਰਥਾਤ ਸਾਂਗ/ ਨਕਲ ਰੂਪ ਹੈ। ਜਿਵੇਂ ਪੱਛਮ ਵਿੱਚ ਪ੍ਰੱਚਲਿਤ ਲੋਕ-ਖੇਡ 'OLD WITCH' ਦੀ ਸਮਾਨ ਰੂਪ ਵਿੱਚ ਪੰਜਾਬ ਦੀ ਲੋਕ-ਖੇਡ 'ਬਿੱਲੀ ਮਾਸੀ' ਵਿੱਚ ਇੱਕ ਬੱਚਾ ਮਾਸੀ ਦੇ ਕਲਪਿਤ ਰੂਪ ਵਿੱਚ ਅਦਾਕਾਰੀ ਕਰਦਾ ਹੋਇਆ ਘੇਰੇ ਵਿਚਲੇ ਬੱਚਿਆਂ ਦੀਆਂ ਹਥੇਲੀਆਂ ਵਸਤਾਂ ਵੰਡਣ ਦਾ ਅਧਿਐਨ ਕਰਦਾ ਹੈ। ਬੱਚੇ ਦੇ ਲਿਆਤਮਕ ਬੋਲ ਹੱਥਾਂ ਉੱਤੇ ਕੀਤੇ ਛੋਹ ਕਾਰਜ ਦੇ ਨਾਲ ਚਲਦੇ ਹਨ ਜਿਵੇਂ

ਇੱਥੇ ਘਿਉ ਦੀ ਚੂਰੀ,
ਇੱਥੇ ਦਹੀਂ ਦੀ ਫੁੱਟੀ,
ਇੱਥੇ ਗੁੜ ਦੀ ਰੋੜੀ।

ਦੂਸਰਾ ਬੱਚਾ ਘੇਰੇ ਵਿੱਚ ਪ੍ਰਵੇਸ਼ ਕਰਕੇ ਬਿੱਲੀ ਦੀ ਅਦਾਕਾਰੀ ਕਰਦਾ ਹੋਇਆ ਚੀਜ਼ਾਂ ਚੁਰਾਉਣ ਦਾ ਅਭਿਨੈ ਕਰਦਾ ਹੈ। ਮਾਸੀ ਅਤੇ ਬਿੱਲੀ ਦੇ ਰੂਪ ਵਿੱਚ ਅਭਿਨੈ ਕਰਨ ਵਾਲੇ ਬੱਚੇ ਦੌੜ-ਭੱਜ ਵਿੱਚ ਆਪਣੇ ਦਾਅ-ਪੇਚ ਵਰਤਦੇ ਹੋਏ ਲੈਅਮਈ ਲੋਕ-ਖੇਡ, ਗੀਤ ਅਤੇ ਹੱਥਾਂ ਦੀਆਂ ਹਰਕਤਾਂ ਨਾਲ ਘੇਰਾ ਪਾੜ ਕੇ ਇੱਕ ਦੂਸਰੇ ਦੇ ਅੱਗੜ-ਪਿੱਛੜ ਦੌੜ ਕੇ ਖੁਸ਼ੀ ਉਤਪੰਨ ਕਰਦੇ ਹਨ। ਇਹ ਗੀਤ-ਬੋਲ ਨਿਰੰਤਰ ਦੁਹਰਾਏ ਜਾਂਦੇ ਹਨ:

ਬਿੱਲੀਏ, ਬਿੱਲੀਏ ਤੂੰ ਕੀ ਖਾਧਾ
ਮਾਸੀ, ਮਾਸੀ ਮੈਂ ਨੀ ਖਾਧਾ ।

ਵਾਸਤਵ ਵਿੱਚ ਇਹ ਖੇਡ ਸਰੀਰਕ ਕਾਰਜ਼ ਅਤੇ ਦਾਅ ਪੇਚ ਦੀ ਖੇਡ ਹੈ। ਇਸ ਤਰ੍ਹਾਂ ਪੰਜਾਬ ਦੀ ਲੋਕ-ਖੇਡ 'ਸ਼ੇਰ ਤੇ ਬੱਕਰੀ'ਦੇ ਪ੍ਰਮੁੱਖ ਲੱਛਣ, ਦੌੜ-ਭੱਜ ਅਤੇ ਪਿਛਾ ਕਰਨਾ ਹੈ। ਇਸ ਵਿੱਚ ਮਾਨਸਿਕ ਚੇਤੰਨਤਾ ਦੀ ਵੀ ਬਹੁਤ ਲੋੜ ਹੈ । ਘੇਰੇ ਦੇ ਬੱਚਿਆਂ ਦੀ ਉੱਚੀ ਕਰਿੰਗੜੀ ਬੱਕਰੀ ਦੇ ਬਚਾਅ ਵਿੱਚ ਸਹਾਈ ਹੁੰਦੀ ਹੈ। ਸ਼ੇਰ, ਬੱਚਾ , ਅਤੇ ਬੱਕਰੀ ਘੇਰੇ ਦੇ ਅੰਦਰ ਬਾਹਰ ਦੌੜਦੇ ਹਨ।

ਪੰਜਾਬ ਦੀਆਂ ਪ੍ਰਮੁੱਖ ਸਰੀਰਕ ਖੇਡਾਂ 'ਕਬੱਡੀ' 'ਕੁਸ਼ਤੀ' 'ਮੁੰਗਲੀਆ' ਫੇਰਨੀਆਂ' 'ਬੋਰੀ ਜਾਂ ਮੁਗਦਰ ਚੁੱਕਣੇ', ਅਤੇ ਛਾਲਾਂ ਹਨ। ਕੁੜੀਆਂ ਨੇ ਮਰਦਾਂ ਦੀ ਲੰਮੀ ਅਤੇ ਉੱਚੀ ਛਾਲ ਦੇ ਸਮਾਂਤਰ 'ਰੱਸੀ ਟੱਪਣ' ਅਤੇ 'ਅੱਡੀ ਛੜੱਪਾ' ਆਦਿ ਖੇਡਾਂ ਸਿਰਜੀਆਂ ਹਨ। 'ਅੱਡੀ ਛੜੱਪਾ' ਵਿੱਚ ਆਹਮੋ-ਸਾਹਮਣੀ ਬੈਠੀਆਂ ਦੋ ਕੁੜੀਆਂ (ਦਾਹੀਆਂ) ਦੀਆਂ ਲਟੇਵੇਂ ਦਾਅ ਨਿੱਸਲ ਲੱਤਾਂ ਦੁਆਰਾ ਬਣਾਏ ਅਕਾਰ (ਸਮੁੰਦਰ ਖੂਹੀ) ਨੂੰ ਟੱਪਣ ਨਾਲ ਕੁੜੀਆਂ ਨੂੰ ਲੰਮੀ ਛਾਲ ਦਾ ਅਭਿਆਸ ਹੁੰਦਾ ਹੈ। ਦੋਹਾਂ ਦਾਹੀਆਂ ਵੱਲੋਂ ਖੜੇ ਪੈਰਾਂ ਅਤੇ ਹੱਥ ਮੁੱਠਾਂ ਅਤੇ ਗਿੱਠਾਂ ਦੀਆਂ ਬਣਾਈਆਂ ਵੱਖ-ਵੱਖ ਉੱਚਾਈਆਂ (ਖੂਹ ਦਾ ਮਣ੍ਹਾਂ, ਕੰਧ, ਛੱਤ ਅਤੇ ਉੱਚਾ ਮੁਨਾਰਾ) ਨੂੰ ਟੱਪਿਆ ਜਾਂਦਾ ਹੈ । ਰੱਸੀ ਟੱਪਣ ਦੀ ਪੰਜਾਬੀ ਖੇਡ ਜੋ ਸੰਸਾਰ ਭਰ ਵਿੱਚ ਖੇਡੀ ਜਾਂਦੀ ਹੈ, ਉਚਾਈ ਸਮਾਨ ਰਹਿੰਦੀ ਹੈ ਪਰ ਟੱਪਣ ਦੀ ਗਤੀ ਮੱਧਮ ਤੋਂ ਤੇਜ ਹੁੰਦੀ ਜਾਂਦੀ ਹੈ । ਇਸ ਨਾਲ ਖੇਡ-ਗੀਤ ਗਾਇਆ ਜਾਂਦਾ ਹੈ ਜਿਸਦੀ ਤੁਕ ਕਾਹਲੀ-ਕਾਹਲੀ ਦੁਹਰਾਉਣ ਨਾਲ ਟੱਪਣ ਦੀ ਗਤੀ ਤੇਜ਼ ਹੁੰਦੀ ਹੈ। ਇਹ ਖੇਡ, 'Rope Skipping', ਦੇ ਨਾਂ ਨਾਲ ਹਰ ਥਾਂ ਪ੍ਰਚਲਿਤ ਹੈ:

ਕੁਰਸੀ ਤੇ ਕਿਤਾਬ, ਕੋਈ ਮੇਮ ਕੋਈ ਸਾਹਬ ।
ਮੇਮ ਜਾ ਵੜੀ ਕਲਕੱਤੇ, ਉਥੇ ਮੇਮ ਸਾਹਬ ਨੱਚੇ ।
ਬਾਬੂ ਸੀਟੀਆਂ ਵਜਾਵੇ, ਗੱਡੀ ਫੱਕ-ਫੱਕ ਆਵੇ ।

ਮੱਛੀ ਮੋਰ ਕੰਡਾ, ਮੱਛੀ ਮੋਰ ਕੰਡਾ........

'ਕਿਕਲੀ' ਲੋਕ-ਨਾਚ, ਲੋਕ-ਖੇਡ ਵੀ ਹੈ ਅਤੇ ਸਰੀਰਕ ਵਰਜਿਸ਼ ਕਾਰਨ ਲੋਕਪ੍ਰਿਯ ਹੈ । ਇਹ ਜੋਟਿਆਂ ਦੇ ਰੂਪ ਵਿੱਚ ਪਾਈ ਜਾਂਦੀ ਹੈ । ਸਰੀਰਕ ਤੇ ਮਾਨਸਿਕ ਸਮਤੋਲ ਦੀ ਸਥਾਪਤੀ ਦਾ ਇਹ ਇੱਕ ਵਧੀਆ ਢੰਗ ਹੈ । 'ਕਿਕਲੀ' ਗੀਤਾਂ ਦੀ ਲੈਅ ਦੇ ਸਮਵਿਧ, ਦੋਹਾਂ ਸਿਰਿਆਂ ਤੋਂ ਫੜੀ, ਘੁਮਾਈ ਜਾਂਦੀ ਰੱਸੀ, ਦੇ ਉਪਰੋਂ ਟੱਪਣ ਸਮੇਂ ਸਰੀਰਕ ਯੋਗਤਾ ਦੇ ਨਾਲ ਮਾਨਸਿਕ ਚੇਤੰਨਤਾ ਦੀ ਬਹੁਤ ਲੋੜ ਹੁੰਦੀ ਹੈ।

ਪੰਜਾਬ ਮਰਦਾਂ ਦੀ ਖੇਡ 'ਕੁਸ਼ਤੀ' ਅਥਵਾ 'ਘੋਲ' ਦਾ ਸ਼ੌਕ ਨਿੱਕਿਆਂ ਬੱਚਿਆਂ ਤੋਂ ਅੱਧਖੜ ਉਮਰ ਦੇ ਵਿਅਕਤੀਆਂ ਵਿੱਚ ਰਹਿੰਦਾ ਹੈ । ਕੁਸ਼ਤੀ ਹਰੇਕ ਮੇਲ ਦਾ ਲਾਜ਼ਮੀ ਅੰਗ ਹੁੰਦੀ ਹੈ । ਸਾਉਣ ਮਹੀਨੇ ਵਿੱਚ ਤੀਵੀਆਂ ਦੇ ਗਿੱਧੇ ਦੇ ਬਰਾਬਰ ਮਰਦਾਂ ਦੇ ਘੋਲਾਂ (ਕੁਸ਼ਤੀ) ਦੇ ਅਖਾੜੇ ਬੱਝਦੇ ਹਨ । ਪਿੰਡਾ ਵਿੱਚ ਛਿੰਞਾਂ ਪੈਦੀਆਂ ਹਨ। ਪੰਜਾਬ ਵਿੱਚ ਮੱਲਾਂ ਦੀ ਪਾਲਣਾਂ ਪਿੰਡ ਵੱਲੋਂ ਸਾਂਝੇ ਰੂਪ ਵਿੱਚ ਕਰਨ ਦੀ ਪਰੰਪਰਾ ਰਹੀ ਹੈ । 'ਰੱਸਾਕਸ਼ੀ' ਦੀ ਖੇਡ ਜੋ ਜ਼ੋਰ ਅਜਮਾਈ ਦੀ ਖੇਡ ਹੈ । ਆਮ ਖੇਡੀ ਜਾਂਦੀ ਹੈ । ਪੱਛਮ ਵਿੱਚ ਇਸਦੀ ਸਮਰੂਪੀ ਖੇਡ 'Tug of war' ਹੈ ਮਰਦਾਂ ਦੀ ਖੇਡ 'ਕਬੱਡੀ' ਇੱਕ ਮਹੱਤਵਪੂਰਨ ਖੇਡ ਹੈ। ਇਸ ਭੱਜ-ਦੌੜ, ਦਾਅ-ਪੇਚ, ਸਾਹ ਬਣਾਈ ਰੱਖਣ ਅਤੇ ਜ਼ੋਰ ਅਜਮਾਈ ਦੇ ਸਾਰੇ ਲੱਛਣ ਮੌਜੂਦ ਹਨ । ਭਾਰਤ ਦੇ ਹੋਰ ਪ੍ਰਾਂਤਾ ਦੇ ਟਾਕਰੇ ਤੇ ਪੰਜਾਬ ਦੀ ਖੇਡ 'ਕਬੱਡੀ' ਦਾ ਵਿਲੱਖਣ ਗੁਣ ਇਸਦੀ ਪਕੜ ਮੰਨਿਆਂ ਜਾਂਦਾ ਹੈ । 'ਸੌਂਚੀ' ਖੇਡ ਜੋ ਕਬੱਡੀ ਦਾ ਹੀ ਇੱਕ ਰੂਪ ਹੈ, ਜੋਰ ਅਜਮਾਈ ਤੇ ਦਾਅ ਪੇਚ ਵਾਲੀ ਖੇਡ ਹੈ।

ਕੁਝ ਸਰੀਰਕ ਖੇਡਾਂ ਜਿਵੇਂ ਗੁੱਲੀ ਡੰਡਾ' ਖਿੱਦੋ ਖੂੰਡੀ', 'ਖੁੱਤੀਆਂ' (ਨੂਣ ਤੇਲ ਲਲੇ) 'ਪਿੱਠੂ', 'ਗੋਲੀਆਂ', 'ਕੌਡੀਆਂ', 'ਬੰਟਿਆਂ' ਆਦਿ ਵਿੱਚ ਸਰੀਰਕ ਕਾਰਜ ਤੋਂ ਛੁੱਟੀ ਨਿਸ਼ਾਨਾ ਬੰਨਣ ਦਾ ਤਿੱਖਾ ਅਭਿਆਸ ਹੁੰਦਾ ਹੈ । ਕੁੜੀਆਂ ਦੀ ਇੱਕ ਖੇਡ 'ਅੱਡੀ ਟੱਪਾ", ਸ਼ਟਾਪੂ' , ਟਾਪੂ, 'ਸਮੁੰਦਰ ਪੱਟੜਾ' , 'ਪੀਚੋ ਬੱਕਰੀ', ਅਤੇ 'ਸਮੁੰਦਰ ਕਿਹਾ ਜਾਂਦਾ ਹੈ ਇਸ ਰੂਪ ਦੀ ਖੇਡ ਹੈ । ਪੰਜਾਬ ਦੀਆਂ ਸਰੀਰਕ ਖੇਡਾਂ ਦੇ ਅੰਤਰਗਤ 'ਬਾਂਦਰ ਕਿੱਲਾ' ਸ਼ਾਮਿਲ ਹੈ ਜਿਸ ਵਿੱਚ ਦਾਅ-ਪੇਚ ਵੀ ਹੁੰਦਾ ਹੈ । ਬਾਂਦਰ ਰੂਪ ਵਿੱਚ ਬੱਚਾ ਕਿੱਲੇ ਕੋਲ ਪਈਆਂ ਜੁੱਤੀਆਂ ਦੀ ਰਾਖੀ ਕਿੱਲੇ ਨਾਲ ਬੰਨ੍ਹੀ ਰੱਸੀ ਨੂੰ ਪਕੜ ਕੇ ਟੱਪਦਾ ਹੋਇਆ ਕਰਦਾ ਹੈ । ਦੂਸਰੇ ਜੁੱਤੀਆਂ ਚੁੱਕਣ ਦੀਆਂ ਝਕਾਨੀਆਂ ਦਿੰਦੇ ਹਨ । ਇਸੇ ਤਰ੍ਹਾਂ 'ਜੰਡ ਬ੍ਰਹਾਮਣ' /ਜੱਟ ਬ੍ਰਾਹਮਣ', ਜਿਸ ਨੂੰ ਇਲਾਕਾਈ ਭੇਦ ਦੇ ਅਧੀਨ 'ਡੰਡਾ ਡੁੱਕ', ਡੰਡ ਪੜਾਂਗੜ,' ਪੀਲ ਪਲੀਘਣ'ਅਤੇ ਕੀੜ ਕੜਾਂਗਾਂ' ਕਿਹਾ ਜਾਂਦਾ ਹੈ । ਖੇਡਣ ਸਮੇਂ ਬੱਚੇ ਬਹੁਤ ਫੁਰਤੀ ਤੇ ਚਲਾਕੀ ਨਾਲ ਦਰੱਖਤ ਤੋਂ ਹੇਠਾਂ ਲਮਕਦੇ ਛਾਲਾਂ ਮਾਰਦੇ ਹਨ ਦਾਹੀ ਵਾਲਾ ਬੱਚਾ ਪੂਰੇ ਦਾਅ ਉਹਨਾਂ ਨੂੰ ਛੂਹਣ ਦਾ ਯਤਨ ਕਰਦਾ ਹੈ । 'ਬਿੱਲ ਬੱਚਿਆਂ ਦੀ ਮਾਂ / 'ਛੂਣ, ਲੂਣ, ਮਿਆਈ' ਖੇਡ ਹਰੇਕ ਉਮਰ ਦੇ ਬੱਚੇ ਅਤੇ ਗੱਭਰੂ ਖੇਡਦੇ ਹਨ । ਪੰਜਾਬ ਦੇ ਮੁੰਡਿਆਂ ਦੀ ਖੇਡ 'ਕਾਨਾ ਘੋੜੀ' (ਕਾਵਾਂ ਘੋੜੀ) ਜਿਸ ਨੂੰ ਘੜਮੱਸ ਘੋੜੀ' , ਜਾਂ,'ਸ਼ੱਕਰ ਭਿੱਜੀ' ਵੀ ਕਿਹਾ ਜਾਂਦਾ ਹੈ , ਵਿੱਚ ਘੋੜੀਆਂ ਬਣੇ ਖਿਡਾਰੀਆਂ ਉੱਤੇ ਦੂਸਰਿਆਂ ਨੇ ਦੂਰੋਂ ਦੌੜ ਕੇ ਛੜੱਪਾ ਮਾਰ ਕੇ ਸਵਾਰ ਹੋਣਾ ਹੁੰਦਾ ਹੈ । ਇਸ ਸਰੀਰਕ ਕਾਰਜ ਦੇ ਸਵਾਰਾਂ ਨੂੰ ਡੇਗਣ ਅਤੇ ਭੌਏ ਤੇ ਲਾਉਣਾ ਵਿੱਚ ਸਫਲਤਾ ਪ੍ਰਾਪਤ ਨਾ ਕਰਨ ਦੇਣ ਲਈ ਮਾਨਸਿਕ ਚੇਤੰਨਤਾ ਦੀ ਲੋੜ ਹੁੰਦੀ ਹੈ । ਪੋਠੋਹਾਰ ਵਿੱਚ ਪ੍ਰੱਚਿਲਤ ਖੇਡ ' ਆਂਟੜੇ ਮਨ ਮਾਂਟੜੇ' ਅਤੇ ਉਸਦਾ ਖੇਤਰੀ ਰੂਪ 'ਈਚਣਾ ਮੀਚਣਾ' ਸਮਭਾਵੀ ਖੇਡਾਂ ਹਨ ।

ਸਰੀਰਕ ਰੂਪ ਦੀ ਇੱਕ ਖੇਡ 'ਆਤੇ ਹੈ ਹਮ ਆਤੇ ਹੈਂ ਠੰਢੇ ਮੋਸਮ ਮੇਂ' ਦਾ ਮੁੱਖ ਲੱਛਣ ਜ਼ੋਰ ਅਜ਼ਮਾਈ ਹੈ । ਦੋ ਟੋਲੀਆਂ ਵਿੱਚੋਂ ਇੱਕ ਟੋਲੀ ਹੇਠ ਲਿਖੇ-ਗੀਤ ਦੇ ਅਲਾਪ ਨਾਲ ਅੱਗੇ ਵੱਧਦੀ ਹੈ । ਦੂਸਰੀ ਧਿਰ ਦਾ ਆਗੂ ਸੰਕੇਤਕ ਬੱਚੇ ਨੂੰ ਖਿੱਚਣ ਦਾ ਯਤਨ ਕਰਦਾ ਹੈ:

ਆਤੇ ਹੈਂ ਹਮ ਆਤੇ ਹੈਂ ਠੰਡੇ ਮੋਸਮ ਮੇਂ
ਆਤੇ ਹੋ ਆਤੇ ਹੋ ਕਿਸਕੋ ਲੇਣੇ ਆਤੇ ਹੋ
ਆਤੇ ਹੈਂ ਆਤੇ ਹੈਂ ਰਾਣੀ ਕੋ ਲੇਣੇ ਆਤੇ ਹੈਂ ।

ਪੱਛਮ ਵਿੱਚ ਪ੍ਰਚਲਿਤ ਖੇਡ 'Kings of Spain' ਅਤੇ ਇਸ ਖੇਡ ਵਿੱਚ ਸਾਂਝ ਹੈ। ਸਰੀਰਕ ਪੱਧਰ ਦੀਆਂ ਕੁੱਝ ਖੇਡਾਂ ਵਿੱਚ ਪਕੜ ਦਾ ਅਭਿਆਸ ਹੁੰਦਾ ਹੈ। ਇਸ ਪ੍ਰਕਾਰ ਦੀਆਂ ਖੇਡਾਂ ਵਿੱਚ ਮਾਨਸਿਕ ਦ੍ਰਿੜਤਾ, ਸਰੀਰਕ ਤਕੜਾਈ ਅਤੇ ਸਾਹ ਦਾ ਬਲ ਵਧਾਉਂਦੀਆਂ ਹਨ। ਇਸ ਰੂਪ ਦੀ ਪ੍ਰਮੁੱਖ ਖੇਡ 'ਰਾਜੇ ਦਾ ਦਰਬਾਰ' ਹੈ। ਸਾਰੇ ਬੱਚੇ ਇਕ ਦੂਸਰੇ ਦੇ ਪਿੱਛੇ ਜੱਫਾ ਮਾਰ ਕੇ ਸਿੱਧੀ ਰੇਖਾ ਵਿੱਚ ਖੜੇ ਹੋ ਜਾਂਦੇ ਹਨ। ਪਿੱਠ ਦੇਣ ਵਾਲੇ ਖਿਡਾਰੀ ਅਤੇ ਲਾਈਨ ਦੇ ਮੂਹਰਲੇ ਬੱਚੇ ਵਿੱਚ ਸੰਵਾਦ ਗੀਤ ਨਾਲ ਖੇਡ ਆਰੰਭ ਹੁੰਦੀ ਹੈ। ਖੇਡ ਵਿੱਚ ਬੱਚਿਆਂ ਨੂੰ ਪਕੜਣ ਅਤੇ ਬਚਾਉਣ ਦੇ ਕਾਰਜ ਸਮੇਂ ਦੋਵੇ ਧਿਰਾਂ ਸੱਜੀ ਖੱਬੀ ਦਿਸ਼ਾ ਵੱਲ ਗੀਤ ਦੀ ਤੇਜ਼ ਲੈਅ ਦੇ ਸਮਵਿੱਧ ਦੋੜਦੀਆਂ ਹਨ। ਲੈਅ ਹੋਰ ਤੇਜ਼ ਹੁੰਦੀ ਹੈ, ਜਿਵੇਂ:

ਰਾਜੇ ਦੇ ਦਰਬਾਰ ਬੱਕਰਾ ਮੰਗੀਦਾ
ਇੱਕੋ ਮੇਰੀ ਮੇਮਣੀ ਮੈਂ ਕਿੰਨੂੰ ਕਿਨੂੰ ਦੇਵਾਂ
ਰਾਜੇ ਮੰਗੀ ਬੱਕਰੀ ਮੈਂ ਬੱਕਰੀ ਲਿਜਾਈਆਂ
ਇੱਕੋ ਮੇਰੀ ਬੱਕਰੀ ਮੈਂ ਕਿੱਲੇ ਤੇ ਬਿਠਾਈਆਂ
ਕਾਲੀ ਭੇਡ ਦੇਣ ਉ
ਗੋਰੀ ਭੇਡ ਲੈਣੀ ਆਂ........

ਬੱਚਿਆਂ ਦੀਆਂ ਵਧੇਰੇ ਖੇਡਾਂ ਘੇਰਾ ਪ੍ਰਬੰਧ ਦੀਆਂ ਹਨ ਜਿਸ ਨਾਲ ਪਰਸਪਰ ਸੰਪਰਕ ਵਧੇਰੇ ਹੁੰਦਾ ਹੈ। 'ਮੈਂ ਰਾਜਾ ਪਟਵਾਰੀ' ਖੇਡ ਵੀ ਇਸ ਰੂਪ ਦੀ ਹੈ । ਇਸ ਵਿੱਚ ਅੰਗੂਠਿਆਂ ਦੀ ਪਕੜ ਦੇ ਔਖੇ ਕਾਰਜ ਦਾ ਅਭਿਆਸ ਹੈ। ਕਲਪਿਤ ਪਟਵਾਰੀ ਬੱਚੇ ਨੂੰ ਬਾਂਹਵਾਂ ਤੇ ਚੁੱਕ ਕੇ ਲਿਜਾਂਦਾ ਹੈ ਜਿਸ ਵਿੱਚ ਬੱਚੇ ਨੂੰ ਅੰਗੂਠਿਆਂ ਦੀ ਪਕੜ ਢਿੱਲੀ ਹੋਣ ਤੋਂ ਬਚਣਾ ਪੈਂਦਾ ਹੈ , ਵਰਨਾ ਮੀਟੀ ਦੇਣੀਂ ਪੈਂਦੀ ਹੈ । ਇਸ ਖੇਡ ਵਿੱਚ ਵੀ ਗੀਤ ਦੀ ਲੈਅ ਨਾਲ ਬੱਚਾ ਘੇਰੇ ਵਿੱਚ ਟਹਿਲਦਾ ਦੂਸਰਿਆਂ ਦੇ ਸਿਰ ਠਕੋਰਦਾ ਹੈ:

ਮੇਰੇ ਕੱਦੂਆਂ ਦੇ ਬੰਨ੍ਹੇ ਬੰਨ੍ਹੇ ਕੌਣ ਖੰਘੂਰਦਾ
ਮੈਂ ਰਾਜਾ ਪਟਵਾਰੀ
ਕੀ ਕੁੱਝ ਮੰਗਦਾ
ਅੱਧ ਪਾ ਖਿਚੜੀ ਅੱਧ ਪਾ ਦਾਲ
ਰਾਜੇ ਦੀ ਬੇਟੀ ਖਾਏ ਸਵਾਦਾਂ ਨਾਲ।

ਛੂਹਣ ਛੁਪਾਈ ਦੀਆਂ ਸਾਰੀਆਂ ਖੇਡਾਂ ਜਿਵੇਂ ;- 'ਮਾਈ ਮਾਈ ਕੀ ਲੱਭਦੀ', ਭੰਡਾ ਭੰਡਾਰੀਆ', 'ਕੋਟਲਾ ਛਪਾਕੀ', 'ਸਮੁੰਦਰ ਮੱਛੀ'; 'ਆਈ ਜੇ ਆ ਜਾ' ਪੂਛ ਪੂਛ' , 'ਖਾਨ ਘੋੜੀ' , 'ਲੱਕੜ ਕਾਠ' , 'ਉਚ ਨੀਚ' , 'ਘਰ ਮਲਣ', ਰੰਗ ਮਲਣ', 'ਅੰਨਾ ਸੋਟਾ', ਲੰਗੜਾ ਸ਼ੇਰ' , ਆਦਿ ਸਰੀਰਕ ਖੇਡਾਂ ਹਨ ।

ਸਰੀਰਕ ਵਿਕਾਸ ਨਾਲ ਮਨੁੱਖ ਦਾ ਮਾਨਸਿਕ ਵਿਕਾਸ ਵੀ ਲਾਜ਼ਮੀਂ ਹੈ । ਹਰੇਕ ਜਾਤੀ ਦੀਆਂ ਖੇਡਾਂ ਵਿੱਚ ਮਾਨਸਿਕ ਪੱਧਰ ਦੀਆਂ ਸੋਚਣ, ਵਿਚਾਰਨ ਅਤੇ ਬੁੱਝਣ ਦੀਆਂ ਸ਼ਕਤੀਆਂ ਨਾਲ ਸੰਬੰਧਤ ਖੇਡਾਂ ਸ਼ਾਮਲ ਹੁੰਦੀਆਂ ਹਨ । ਕੁੜੀਆਂ ਦੀਆਂ ਖੇਡਾਂ ਵਿੱਚ 'ਗੇਂਦ ਗੀਟੇ'/'ਰੋੜੇ ਬੋਚੋ , 'ਥਾਲ', ਜਾਂ 'ਖਿਹਨੂੰ' ਅਤੇ 'ਗੁੱਡੀ ਪਟੋਲੇ' ਖੇਡ-ਕਾਰਜ ਇਸਤਰੀ ਮਾਨਸਿਕਤਾ ਨੂੰ ਪ੍ਰਗਟਾਉਂਦੀਆ ਹਨ । ਇਹ ਖੇਡ-ਕਾਰਜ ਇਸਤਰੀ ਨੂੰ ਪੰਜਾਬੀ ਸੱਭਿਆਚਾਰ ਦੀ ਰਿਸ਼ਤਾ-ਪ੍ਰਣਾਲੀ ਦੇ ਪ੍ਰਸੰਗ ਵਿੱਚ ਪੇਸ਼ ਕਰਦਾ ਹੈ । ਬੱਚਿਆਂ ਦੀਆਂ ਮਾਨਸਿਕ ਖੇਡਾਂ ਵਿੱਚ 'ਕਲੀ ਕਿ ਜੋਟਾ' , ਲੀਡਰ ਬੁੱਝਣਾ' , ਊਠਕ ਬੈਠਕ' , ਉਂਗਲੀਆਂ ਬੁੱਝਣਾ' , ਆਦਿ ਖੇਡਾਂ ਸ਼ਾਮਿਲ ਹਨ । ਬੱਚਿਆਂ ਦੀ ਇੱਕ ਮਾਨਸਿਕ ਖੇਡ 'ਔਸੀਆਂ', ਅਰਥਾਤ 'ਚੋਰ ਸਿਪਾਹੀ' ਹੈ। ਲੁਕਵੀਆਂ ਥਾਂਵਾ ਉੱਤੇ ਲਕੀਰਾਂ ਮਾਰੀਆਂ ਜਾਂਦੀਆਂ ਹਨ। ਵਧੇਰੇ ਸੰਖਿਆ ਵਿੱਚ ਵਧੇਰੇ ਲਕੀਰਾਂ ਵਾਹੁਣ ਵਾਲੀ ਟੀਮ ਜੇਤੂ ਕਰਾਰ ਦਿੱਤੀ ਜਾਂਦੀ ਹੈ। ਇਹ ਖੇਡ 'ਕੂਕਾਂ ਕਾਂਗੜਾ', 'ਕਾਲੀ ਪੀਲੀ ਟੀਲੋ', 'ਗੁਪੀਆਂ ਨਾਂਵਾਂ ਨਾਲ ਵੀ ਪ੍ਰਸਿੱਧ ਹੈ । ਇਸ ਰੂਪ ਦੀਆਂ ਖੇਡਾਂ ਵਿੱਚ 'ਕਿਣ ਮਿਣ ਕੌਣ ਗਿਣਿਆ', ਪੂਣ ਸਲਾਈ ਐਂ ਗਈ ਐਂ ਗਈ', 'ਇਧਰ ਮਾਰਾਂ ਓਧਰ ਮਾਰਾਂ ਲੋਹੇ ਦੀ ਪੰਸੇਰੀ ਮਾਰਾਂ, ਆਦਿ ਸਭ ਸੋਚ ਸ਼ਕਤੀ ਵਾਲੀਆਂ ਖੇਡਾਂ ਹਨ ।

ਕਿਸੇ ਦੇਸ਼ ਅਤੇ ਜਾਤੀ ਦੀਆਂ ਲੋਕ-ਖੇਡਾਂ ਦੇ ਅਧਿਐਨ ਤੋਂ ਉਸ ਜਾਤੀ ਦੇ ਲੋਕਾਂ ਦੇ ਸੁਭਾਅ' , ਸਾਹਸ, ਸਰੀਰਕ ਸ਼ਕਤੀ ਅਤੇ ਸੱਭਿਆਚਾਰਿਕ ਕਦਰਾਂ-ਕੀਮਤ ਦੀ ਜਾਣਕਾਰੀ ਹੁੰਦੀ ਹੈ। ਪੰਜਾਬੀਆਂ ਦੀਆਂ ਖੇਡਾਂ ਉਹਨਾ ਦੀ ਬਹਾਦਰੀ, ਯੋਗਤਾ, ਸਾਹਸ, ਸੁਭਾਅ, ਭਾਈਚਾਰਕ ਸਾਂਝ, ਖੁਲ੍ਹਾਂ ਮਾਨਣ ਵਾਲੇ ਸੁਭਾਅ ਅਤੇ ਨੈਤਿਕ ਵਿਧਾਨ ਦੀਆਂ ਬੋਧਿਕ ਹਨ। ਇਹ ਖੇਡਾਂ ਇਸ ਖਿਤੇ ਦੇ ਲੋਕਾਂ ਦੇ ਲੋਕ ਵਿਸ਼ਵਾਸ, ਰੁਚੀਆਂ, ਰਸਮਾਂ-ਰਿਵਾਜਾਂ ਅਤੇ ਸਮੇਂ ਸਮੇਂ ਉੱਤੇ ਰਾਜਨੀਤਿਕ, ਸਮਾਜਿਕ ਪ੍ਰਬੰਧਾ ਦੇ ਅੰਤਰਗਤ ਪੈਦਾ ਹੋਈ ਸਥਿਤੀ ਨਾਲ ਜਾਣ-ਪਛਾਣ ਕਰਵਾਉਣ ਵਿੱਚ ਸਹਾਈ ਹੁੰਦੀਆਂ ਹਨ।

## ਸਾਰਾਂਸ਼

ਪੰਜਾਬ ਵਿੱਚ ਲਗਾਤਾਰ ਬਦਲਦੀਆਂ ਪਰਿਸਥਿਤੀਆਂ ਨੇ ਇੱਥੋਂ ਦੇ ਲੋਕ-ਨਾਚਾਂ ਵਿੱਚ ਵੀ ਕਾਫ਼ੀ ਬਦਲਾਵ ਲੈ ਆਂਦਾ ਹੈ। ਪੰਜਾਬ ਦੇ ਲੋਕ-ਨਾਚ ਪੰਜਾਬੀਆਂ ਦੇ ਸੱਭਿਆਚਾਰਿਕ ਕੇਂਦਰਾਂ.....ਪਿੰਡਾਂ, ਪਿੜਾਂ, ਖੇਤਾਂ, ਬੇਲਿਆਂ ਆਦਿ ਤੋਂ ਸਟੇਜ, ਫ਼ਿਲਮਾਂ ਅਤੇ ਟੈਲੀਵੀਜ਼ਨ ਤੱਕ ਦੇ ਸਫ਼ਰ ਨੂੰ ਤਹਿ ਕਰ ਚੁੱਕੇ ਹਨ। ਇਸ ਪੜਾਅ ਤੇ ਆ ਕੇ ਲੋਕ-ਨਾਚ ਆਪਣੇ ਪ੍ਰਯੋਜਨ, ਨਿਭਾਓ-ਪ੍ਰਸੰਗ ਅਤੇ ਨਚਾਰਾਂ ਦੇ ਪੱਧਰ ਤੇ, ਕਈ ਪ੍ਰਕਾਰ ਦੇ ਬਦਲਾਵ ਗ੍ਰਹਿਣ ਕਰ ਚੁੱਕੇ ਹਨ। ਇਹ ਬਦਲਾਵ ਮੁਦਰਾਵਾਂ ਦੇ ਸੰਚਾਲਨ, ਗਤੀ ਦੀ ਤੀਬਰਤਾ, ਨਵ-ਸਿਰਜਕ ਨਿਜੀ ਗੀਤ-ਮੁੱਖੀ ਬੋਲੀਆਂ, ਸਟੇਜੀ ਜ਼ਰੂਰਤਾਂ, ਪੁਸ਼ਾਕ, ਹਾਰ-ਸ਼ਿੰਗਾਰ, ਸਾਜ਼-ਸੰਗੀਤ ਅਤੇ ਵਿਸ਼ੇਸ਼ ਭਾਂਤ ਦੀ ਸਿਖਲਾਈ ਆਦਿ ਦੇ ਕਈ ਪੱਖਾਂ ਵਿੱਚੋਂ ਪ੍ਰਗਟ ਹੁੰਦੇ ਹਨ। ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਕੋਈ ਵੀ ਬਦਲਾਵ ਆਪਣੇ ਸੱਭਿਆਚਾਰਿਕ-ਇਤਿਹਾਸਿਕ ਚੌਖਟੇ ਵਿੱਚ ਰੱਖ ਕੇ ਉਸਾਰੂ ਕਰਦ-ਪ੍ਰਣਾਲੀ ਨੂੰ ਗ੍ਰਹਿਣ ਕਰਨ ਹਿੱਤ ਕਰਨਾ ਹੀ ਉਚਿਤ ਹੈ। ਇਹਨਾਂ ਵਿੱਚ ਵਿਦੇਸੀ ਪ੍ਰਭਾਵ ਪ੍ਰਤੀ ਚੇਤੰਨ ਹੋਣਾ ਲਾਜ਼ਮੀ ਹੈ। ਅਜਿਹਾ ਸੰਭਵ ਹੋਣ ਤੇ ਹੀ ਇਹ ਲੋਕ-ਨਾਚ ਸਮੂਹ ਪੰਜਾਬੀਆਂ ਦੇ ਸਰਬ-ਪੱਖੀ ਸੱਭਿਆਚਾਰਿਕ ਵਰਤਾਰੇ ਦਾ ਪ੍ਰਮਾਣਿਕ ਰੂਪ ਉਘਾੜਨ ਦੇ ਸਮਰੱਥ ਹੋਣਗੇ।

ਪੰਜਾਬ ਦੇ ਲੋਕ, ਕਲਾਕਾਰ ਤੇ ਸਧਾਰਨ ਲੋਕ ਵੀ ਜਦੋਂ ਆਪਣੀ ਕਲਾ ਦੀ ਪੇਸ਼ਕਾਰੀ ਕਰਦੇ ਹਨ ਚਾਹੇ ਉਹ ਲੱਕੜੀ ਦਾ ਕੰਮ ਹੋਵੇ,ਸਿਲਾਈ ਕਢਾਈ ਵਿੱਚ ਸੂਈ, ਕਰੋਛੀਏ ਅਤੇ ਧਾਗੇ ਦੀਆਂ ਯਗਤਾਂ ਨਾਲ ਮਿੱਟੀ ਦੇ ਬਰਤਨਾਂ ਦੀ ਬਣਾਵਟ ਅਤੇ ਸਜਾਵਟ ਜਾਂ ਘਰ ਦੇ ਚੁੱਲੇ ਚੌਕਿਆਂ ਆਹਰਿਆਂ ਅਤੇ ਕੰਧਾਂ ਉੱਪਰ ਹੋਵੇ। ਉਹਨਾਂ ਦੀਆਂ ਕਲਾਂ ਵਿੱਚ ਯੁਗਤਾਂ, ਰੂੜ੍ਹੀਆਂ ਅਤੇ ਸਾਜੋ ਸਮਾਨ ਅਤੇ ਨਿੱਜੀ ਦ੍ਰਿਸ਼ਟੀ ਉੱਪਰ ਹੀ ਨਹੀਂ ਹੁੰਦੀ ਸਗੋਂ ਇਸ ਕਲਾ ਵਿੱਚ ਸੱਭਿਆਚਾਰ ਸਮੂਹ ਦੀ ਸਾਝੀ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਲੋਕਾਂ ਵੱਲੋਂ ਇਸ ਪ੍ਰਗਟਾਵੇ ਲਈ ਵਰਤੀਆਂ ਯੁਗਤਾਂ ਰੂੜ੍ਹੀਆਂ ਅਤੇ ਬਿਨ੍ਹਾਂ ਪ੍ਰਤੀਕ ਆਤਮਿਕ ਵਸਤੂਆਂ ਅਤੇ ਜੀਵਾਂ ਨੂੰ ਕਿਸੇ ਸਖਿਅਤ ਕਲਾਕਾਰ ਵਾਂਗ ਹੂ-ਬ-ਹੂ ਬਣਾਉਣ ਦੀ ਕੋਸ਼ਿਸ਼ ਨਹੀਂ ਕੀਤੀ ਗਈ ਹੁੰਦੀ ਸਗੋਂ ਇਨ੍ਹਾਂ ਦੀ ਬਣਾਟ ਦਾ ਖੁਦਰਾਪਣ ਹੀ ਇਸ ਦੀ ਖੂਬਸੂਰਤੀ ਅਤੇ ਸੋਜ ਦਾ ਗੁਣ ਹੈ। ਜੇਕਰ ਇਸ ਕਲਾ ਨੂੰ ਗੋਰ ਨਾਲ ਵੇਖਿਆ ਜਾਵੇ ਤਾਂ ਇਹ ਗੱਲ ਸਮਝ ਪਵੇਗੀ ਕਿ ਕੱਪੜਿਆ ਦਾ ਕਢਾਈ, ਬਰਤਨਾਂ ਦੀ ਸਜਾਵਟ ਲਈ ਬਣਾਏ ਇਨ੍ਹਾਂ ਚਿੱਤਰਾਂ ਮੋਟਿਫਾ ਗ੍ਰਾਫਾਂ, ਅਤੇ ਖਾਨਿਆਂ ਵਿਚੋਂ ਸਾਨੰ ਪੂਰੇ ਬ੍ਰਹਿਮੰਡ ਦੇ ਦਰਸ਼ਨ ਹੁੰਦੇ ਹਨ। ਇਹ ਲੋਕਾਂ ਦਾ ਬ੍ਰਹਿਮੰਡ ਹੈ ਨਾ ਕਿ ਕਿਸੇ ਵਿਗਿਆਨੀ ਦਾ ਨਹੀਂ। ਜਿਹੜਾ ਕਦੀ ਸਾਡੇ ਪੁਰਖਿਆ ਨੇ ਦੇਖਿਆ ਸੋਚਿਆ ਅਤੇ ਸਿਰਜਿਆ ਹੋਵੇਗਾ ਇਸ ਚਿੱਤਰਕਾਰੀ ਵਿੱਚ ਕਾਂ, ਤੋਤੇ, ਚਿੜ੍ਹਿਆ, ਮੋਰ, ਘੁੱਗੀਆਂ, ਕੁੱਤੇ ਆਦਿ ਜਾਨਵਰ ਪੰਜਾਬੀ ਮਨੁੱਖ ਨਾਲ ਉਹਨਾਂ ਦੇ ਰਿਸ਼ਤਿਆਂ ਦੀ ਗਵਾਹੀ ਭਰਦੇ ਹਨ। ਇਹ ਪਸ਼ੂ ਪੰਛੀ ਅਤੇ ਜੀਵ ਸਾਡੀਆਂ ਹੀ ਮਿੱਥਾਂ, ਦੰਦ ਕਥਾਵਾਂ, ਪਰੀ ਕਹਾਣੀਆਂ ਵਿਚੋਂ ਰੂਪਾਂਤਰਿਤ ਹੋ ਲੋਕ ਰੂੜ੍ਹੀਆਂ ਵਿੱਚ ਸਾਡੀ ਚਿੱਤਰਕਾਰੀ ਕਲਾ ਵਿੱਚ ਪੇਸ਼ ਹੋਏ ਹਨ।

ਪੰਜਾਬੀ ਲੋਕ-ਖੇਡਾਂ ਦਾ ਭੰਡਾਰਾ ਭਰਪੂਰ ਹੈ। ਪੰਜਾਬ ਦੇ ਪਿੰਡਾਂ ਵਿੱਚ ਖੇਡੀਆਂ ਜਾਣ ਵਾਲੀਆਂ ਅਣਗਿਣਤ ਖੇਡਾਂ ਹਨ ਜਿਨ੍ਹਾਂ ਵਿੱਚ ਬਹੁਤ ਵੰਨ-ਸੁਵੰਨਤਾ ਮਿਲਦੀ ਹੈ। ਇਹ ਲੋਕ-ਖੇਡਾਂ ਸਰੀਰਕ ਬਲ ਵਾਲੀਆਂ ਵੀ ਹਨ ਅਤੇ ਮਾਨਸਿਕ ਖੇਡਾਂ, ਬੁੱਧੀ ਨੂੰ ਤੇਜ਼ ਕਰਨ ਵਾਲੀਆਂ ਵੀ ਬਹੁਤ ਹਨ। ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਇਸ ਦੇਸ਼ ਵਿੱਚ ਹਰ ਉਮਰ ਦੇ ਪ੍ਰਾਣੀਆ ਲਈ ਉਨ੍ਹਾਂ ਦੇ ਬਲ, ਸੋਚ, ਪੱਧਰ ਅਤੇ ਸਮਰੱਥਾ ਅਨੁਸਾਰ ਖੇਡਾਂ ਮੌਜੂਦ ਹਨ। ਜਿੱਥੇ ਛੋਟੇ ਬੱਚੇ ਕੋਟਲਾ ਛਪਾਕੀ, ਪਿੱਠੂ, ਗੁੱਲੀ-ਡੰਡਾ ਆਦਿ ਖੇਡਾਂ ਨਾਲ ਮਨ ਪ੍ਰਸੰਨ ਕਰਦੇ ਹਨ ਉੱਥੇ ਜਵਾਨ ਗੱਭਰੂ, ਕਬੱਡੀ, ਕੁਸ਼ਤੀ, ਮੁਗਦਰ ਚੁੱਕਣਾ, ਮੁੰਗਲੀਆਂ ਫੇਰਨੀਆਂ ਆਦਿ ਖੇਡਾਂ ਨਾਲ ਆਪਣਾ ਸਰੀਰ ਬਲਵਾਨ ਅਤੇ ਚੁਸਤ ਰੱਖਦੇ ਹਨ। ਕੁੜੀਆਂ ਵੀ ਆਪਣੇ ਮਨੋਰੰਜਨ ਲਈ ਟਾਹਣਾ, ਖਿੱਦੋ, ਗੀਟੇ, ਸਟਾਪੂ, ਰੰਗ ਮੱਲਣ, ਛੂਹਣ-ਛੁਪਾਈ ਆਦਿ ਖੇਡਾਂ ਖੇਡਦੀਆਂ ਹਨ। ਹੋਰ ਤਾਂ ਹੋਰ ਵਡੇਰੀ ਉਮਰ ਵਾਲੇ ਵੀ ਬਾਰਾਂ ਟਾਹਣ, ਪਾਸਾ, ਚੌਪੜ ਅਤੇ ਸ਼ਤਰੰਜ ਆਦਿ ਖੇਡਾਂ ਨਾਲ ਜੀਅ ਪਰਚਾ ਕੇ ਆਪਣਾ ਵਿਹਲਾ ਸਮਾਂ ਵਾਹਵਾ ਸੁਆਦਲਾ ਬਣਾ ਲੈਂਦੇ ਹਨ।

ਲੋਕ-ਖੇਡਾਂ ਦੇ ਘੇਰੇ ਵਿੱਚ ਉਹੋ ਖੇਡਾਂ ਆਉਂਦੀਆਂ ਹਨ ਜਿਹੜੀਆਂ ਪੇਂਡੂ ਮਾਹੌਲ ਵਿੱਚ ਬਾਲ ਜਦੋ ਚਾਹੁਣ ਆਸਾਨੀ ਨਾਲ ਖੇਡ ਸਕਦੇ ਹੋਣ। ਅਜਿਹੀਆਂ ਲੋਕ ਖੇਡਾਂ ਦੀ ਗਿਣਤੀ ਕਾਫ਼ੀ ਹੈ। ਸਭ ਤੋਂ ਵਿਸ਼ੇਸ਼ ਇਹਨਾਂ ਲੋਕ-ਖੇਡਾਂ ਦੇ ਨਿਯਮ ਮਿੱਥੇ ਤਾਂ ਜਾਂਦੇ ਹਨ ਪਰ ਪੂਰੀ ਤਰ੍ਹਾਂ ਨਿਭਾਏ ਨਹੀਂ ਜਾਂਦੇ। ਇਉਂ ਲੋਕ-ਖੇਡਾਂ ਇੱਕ ਤਰ੍ਹਾਂ ਬੇ-ਨਿਯਮੇ ਨਿਯਮਾਂ ਵਾਲੀਆਂ ਹਨ।

## ਕੇਂਦਰੀ ਸ਼ਬਦ

- **ਲੋਕ ਨਾਚ** ਜਾਤੀ ਦੇ ਚਰਿਤ੍ਰ ਤੇ ਸਾਮੂਹਿਕ ਜਜ਼ਬਿਆਂ ਦਾ ਅੰਗਾਂ ਦੇ ਤਾਲ ਬੱਧ ਲਹਿਰਾਓ ਤੇ ਹਾਵਾਂ ਭਾਵਾਂ ਰਾਹੀਂ ਪ੍ਰਗਟਾਓ ਹੈ। ਕਾਗਜ ਉੱਪਰ ਛੋਟੇ ਆਕਾਰ ਵਿੱਚ ਬਣੇ ਚਿੱਤਰ,
- **ਕਲਮੀ-ਚਿੱਤਰ ਜਾਂ ਨਿੱਕੇ ਚਿੱਤਰ** ਅਖਵਾਉਂਦੇ ਹਨ। ਇਸ ਕਿਸਮ ਦੇ ਚਿੱਤਰ ਪੁਰਾਤਨ ਹੱਥ-ਲਿਖਤ ਜਨਮ ਸਾਖੀਆਂ ਤੇ ਹੋਰਨਾਂ ਕਰੜਿਆਂ ਵਿੱਚ ਮਿਲੇ ਹਨ।
- **ਫਰੈਸਕੋ ਚਿੱਤਰਾਂ** ਵਿੱਚ ਗਿੱਲੇ ਪਲੱਸਤਰ ਨੂੰ ਛਿੱਲ-ਛਿੱਲ ਕੇ ਬਾਅਦ ਉਪਯੁਕਤ ਰੰਗ ਭਰ ਲਏ ਜਾਦੇ ਹਨ।
- **ਮਿਊਰਲ ਚਿੱਤਰ** ਸਿੱਧ ਪੱਧਰੀ ਕੰਧ ਉੱਪਰ ਸਫੈਦੀ ਕਰਕੇ, ਉਸ ਉੱਤੇ ਡਰਾਇੰਗ ਕਰਨ ਉਪਰੰਤ ਰੰਗ ਭਰ ਲਏ ਜਾਦੇ ਹਨ, ਜੋ ਮਿਊਰਲ ਚਿੱਤਰ ਅਖਵਾਉਂਦੇ ਹਨ।

## ਸਵੈ-ਮੁਲਾਂਕਣ

**ਪ੍ਰਸ਼ਨ 1. ਪੰਜਾਬ ਦੀ ਲੋਕ-ਚਿੱਤਰ ਕਲਾ......ਸਮੂਹ ਦੀ ਕਲਾ ਨਹੀਂ ਹੁੰਦੀ ਹੈ।**

ੳ) ਵਿਸ਼ੇਸ

ਅ) ਜਾਤੀਗਤ

ੲ) ਲੋਕ

ਸ) ਧਾਰਮਿਕ

**ਪ੍ਰਸ਼ਨ 2. ਲੋਕ ਕਲਾ ਬਾਰੇ ਕਿਹੜੀ ਧਾਰਨਾ ਸਹੀ ਹੈ?**

ੳ) ਲੋਕ ਕਲਾ ਸਿੱਖਣ ਲਈ ਵਿਸ਼ੇਸ਼ ਸਿਖਲਾਈ ਹੁੰਦੀ ਹੈ।

ਅ) ਲੋਕ ਕਲਾ ਨੂੰ ਲੋਕ ਵੂਡੇ ਨਗਰਾਂ ਤੋਂ ਆਤਮਸਾਤ ਕਰਦੇ ਹਨ।

ੲ) ਲੋਕ ਕਲਾ ਦਾ ਲੋਕ ਸਮੂਹ ਦੀ ਸਿਰਜਣਾ ਹੁੰਦੀ ਹੈ।

ਸ) ਲੋਕ ਕਲਾ ਵਿੱਚ ਕਈ ਦਰਜੇਬੰਦੀਆਂ ਹੁੰਦੀਆਂ ਹਨ।

**ਪ੍ਰਸ਼ਨ 3. ਲੋਕ ਕਲਾਵਾਂ ਦਾ ਬੁਨਿਆਦੀ ਤੱਤ ਨਹੀਂ ਹੈ?**

ੳ) ਪੀੜ੍ਹੀ ਦਰ ਪੀੜ੍ਹੀ

ਅ) ਲੋਕ ਪ੍ਰਵਾਨਗੀ

ੲ) ਲੋਕ ਪਰੰਪਰਾ

ਸ) ਲੋਕ ਸ਼ਾਸਤਰੀ

**ਪ੍ਰਸ਼ਨ 4. ਲੋਕ ਸਾਹਿਤ ਦੀ ਵੰਨਗੀ ਕਿਹੜੀ ਹੈ?**

ੳ) ਚਿਤਰਕਾਰੀ

ਅ) ਮੂਰਤੀਕਾਰੀ

ੲ) ਕੁੰਭਕਾਰੀ

ਸ) ਲੋਕ ਅਖਾਣ

**ਪ੍ਰਸ਼ਨ 5. ਲੋਕ ਕਲਾ ਦੀ ਵੰਨਗੀ ਕਿਹੜੀ ਹੈ?**

ੳ) ਲੋਕ ਬੁਝਾਰਤਾਂ

ਅ) ਲੋਕ ਕਹਾਣੀ

ੲ) ਕੁੰਭਕਾਰੀ

ਸ) ਲੋਕ ਗੀਤ

**ਪ੍ਰਸ਼ਨ 6 ਫੁਲਕਾਰੀ ਪੰਜਾਬ ਦੀ..... ਦਾ ਉੱਤਮ ਨਮੂਨਾ ਹੈ।**

ੳ) ਚਿਤਰਕਲਾ

ਅ) ਸ਼ਿਲਪਕਲਾ

ੲ) ਛਾਪੇ ਦੀ ਕਲਾ ਦਾ

ਸ) ਕੁੰਭਕਲਾ ਦਾ

**ਪ੍ਰਸ਼ਨ 7. ਲੋਕ-ਨਾਚ............ਦੀ ਸਿਰਜਨ ਕਲਾ ਹੈ।**

ੳ) ਵਿਸ਼ੇਸ ਸਮੂਹ

ਅ) ਧਾਰਮਿਕ ਸਮੂਹ

ੲ) ਲੋਕ ਸਮੂਹ

ਸ) ਜਾਤੀ ਸਮੂਹ

**ਪ੍ਰਸ਼ਨ 8. ਲੋਕ-ਨਾਚ ਦਾ ਅੰਗ ਨਹੀਂ ਹੈ।**

ੳ) ਸੰਗੀਤ

ਅ) ਗੀਤ

ੲ) ਤਾਲ

ਸ) ਕਥਾ

**ਪ੍ਰਸ਼ਨ 9. ਪੰਜਾਬ ਦੀ ਲੋਕ-ਚਿੱਤਰ ਕਲਾ......ਸਮੂਹ ਦੀ ਕਲਾ ਹੈ।**

ੳ) ਵਿਸ਼ੇਸ

ਅ) ਧਰਮ

ੲ) ਲੋਕ

ਸ) ਜਾਤੀ

**ਪ੍ਰਸ਼ਨ 10. ਲੋਕ ਕਲਾ ਬਾਰੇ ਕਿਹੜੀ ਧਾਰਨਾ ਸਹੀ ਨਹੀਂ ਹੈ?**

ੳ) ਲੋਕ ਕਲਾ ਲਈ ਵਿਸ਼ੇਸ ਸਿਖਲਾਈ ਹੁੰਦੀ ਹੈ।

ਅ) ਲੋਕ ਕਲਾ ਨੂੰ ਲੋਕ ਪਰੰਪਰਾ ਤੋਂ ਆਤਮਸਾਤ ਕਰਦੇ ਹਨ।

ੲ) ਲੋਕ ਕਲਾ ਦਾ ਮੁਲਾਂਕਣ ਨਹੀਂ ਹੁੰਦਾ।

ਸ) ਲੋਕ ਕਲਾ ਵਿੱਚ ਕੋਈ ਦਰਜੇਬੰਦੀ ਨਹੀਂ ਹੁੰਦੀ।

**ਪ੍ਰਸ਼ਨ 11. ਲੋਕ ਕਲਾ ਦਾ ਵਿਸ਼ੇਸ਼ ਸੰਬੰਧ ਕਿਸ ਨਾਲ ਹੈ?**

ੳ) ਆਰਥਿਕ ਲੋੜਾਂ ਨਾਲ

ਅ) ਅਧਿਆਤਮਕ ਤ੍ਰਿਪਤੀ ਨਾਲ

ੲ) ਸੁਹਜਾਤਮਕ ਤ੍ਰਿਪਤੀ ਨਾਲ

ਸ) ਗਿਆਨ ਦੀ ਤ੍ਰਿਪਤੀ ਨਾਲ

**ਪ੍ਰਸ਼ਨ 12. ਸਾਂਝੀ ਦੇਵੀ ਦੀ ਮੂਰਤੀ ਦਾ ਸਬੰਧ ਕਿਸ ਤਿਉਹਾਰ ਨਾਲ ਹੈ?**

ੳ) ਦਿਵਾਲੀ

ਅ) ਦੁਸਹਿਰਾ

ੲ) ਹੋਲੀ

ਸ) ਵਿਸਾਖੀ

**ਪ੍ਰਸ਼ਨ 13. ਕਿਸ ਲੋਕ ਨਾਚ ਦਾ ਸ਼ਾਬਦਿਕ ਅਰਥ ਖੇਡ-ਕੁੱਦ ਹੈ?**

ੳ) ਸੰਮੀ

ਅ) ਗਿੱਧਾ

ੲ) ਲੁੱਡੀ

ਸ) ਮਲਵਈ ਗਿੱਧਾ

**ਪ੍ਰਸ਼ਨ 14. ਕਿਸ ਗਿੱਧੇ ਦਾ ਸਬੰਧ ਪੰਜਾਬੀ ਮਰਦਾਂ ਨਾਲ ਹੈ?**

ੳ) ਮਲਵਈ ਗਿੱਧਾ

ਅ) ਪੁਆਧ ਦਾ ਗਿੱਧਾ

ੲ) ਗਿੱਧਾ

ਸ) ਮਾਝੇ ਦਾ ਗਿੱਧਾ

**ਪ੍ਰਸ਼ਨ 15. ਕਿਹੜਾ ਲੋਕ ਨਾਚ ਪੰਜਾਬੀਆਂ ਦਾ ਕੌਮੀ ਨਾਚ ਮੰਨਿਆ ਜਾਂਦਾ ਹੈ?**

ੳ) ਮਲਵਈ ਗਿੱਧਾ

ਅ) ਭੰਗੜਾ

ੲ) ਝੂੰਮਰ

ਸ) ਸੰਮੀ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| **1. ਸ** | **2. ੲ** | **3. ਸ** | **4. ਸ** | **5. ੲ** |
| **6. ਅ** | **7. ੲ** | **8. ਸ** | **9. ੲ** | **10. ਅ** |
| **11. ੲ** | **12. ਅ** | **13. ੲ** | **14. ੳ** | **15. ਅ** |

## ਅਭਿਆਸ ਪ੍ਰਸ਼ਨ

1. ਲੋਕ ਕਲਾ ਤੋਂ ਕੀ ਭਾਵ ਹੈ? ਲੋਕ ਕਲਾ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।
2. ਪੰਜਾਬ ਦੇ ਲੋਕ ਨਾਚਾਂ ਦੀਆਂ ਵਿਸ਼ੇਸ਼ਤਾਵਾਂ ਬਾਰੇ ਚਰਚਾ ਕਰੋ।
3. ਪੰਜਾਬ ਦੀ ਲੋਕ ਚਿਤਰਕਾਰੀ ਦੀਆਂ ਵੱਖ-ਵੱਖ ਕਿਸਮਾਂ ਬਾਰੇ ਚਰਚਾ ਕਰੋ।
4. ਪੰਜਾਬ ਦੀਆਂ ਲੋਕ ਖੇਡਾਂ ਬਾਰੇ ਨੋਟ ਲਿਖੋ।
5. ਪੱਛਮੀ ਪੰਜਾਬ ਦੇ ਲੋਕ ਨਾਚਾਂ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ ,1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC%E0%A9%80_%E0%A8%B2%E0%A9%8B%E0%A8%95_%E0%A8%95%E0%A8%B2%E0%A8%BE%E0%A8%B5%E0%A8%BE%E0%A8%82
- https://pa.wikipedia.org/wiki/%E0%A8%AA%E0%A9%B0%E0%A8%9C%E0%A8%BE%E0%A8%AC_%E0%A8%A6%E0%A9%87_%E0%A8%B2%E0%A9%8B%E0%A8%95-%E0%A8%A8%E0%A8%BE%E0%A8%9A
- https://punjabipedia.org/topic.aspx?txt=%E0%A8%B2%E0%A9%8B%E0%A8%95-%E0%A8%96%E0%A9%87%E0%A8%A1%E0%A8%BE%E0%A8%82

*Satwant Singh, Lovely Professional University*

# ਅਧਿਆਇ-13 : ਲੋਕਧਾਰਾ ਤੇ ਤਕਨਾਲੋਜੀ

**ਵਿਸ਼ਾ ਵਸਤੂ (Content)**

1. ਉਦੇਸ਼
2. ਭੂਮਿਕਾ
3. ਲੋਕਧਾਰਾ ਤੇ ਇੰਟਰਨੈਟ
4. ਲੋਕਧਾਰਾ ਤੇ ਮੀਡੀਆ
5. ਲੋਕਧਾਰਾ ਤੇ ਸਿਨੇਮਾ
6. ਸਾਰਾਂਸ਼
7. ਕੇਂਦਰੀ ਸ਼ਬਦ
8. ਸਵੈ-ਮੁਲਾਂਕਣ
9. ਸਵੈ-ਮੁਲਾਂਕਣ ਲਈ ਉੱਤਰ
10. ਅਭਿਆਸ ਪ੍ਰਸ਼ਨ
11. ਸੰਦਰਭ ਪੁਸਤਕਾਂ

## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਲੋਕਧਾਰਾ ਤੇ ਤਕਨਾਲੋਜੀ ਦੇ ਪੈ ਰਹੇ ਪ੍ਰਭਾਵ ਬਾਰੇ ਸਮਝ ਹਾਸਿਲ ਕਰਨਗੇ
- ਇੰਟਰਨੈਟ ਉੱਤੇ ਪੰਜਾਬੀ ਲੋਕਧਾਰਾਈ ਸਮਗੱਰੀ ਦੀ ਵਰਤੋਂ ਵਿਹਾਰ ਬਾਰੇ ਗਿਆਨ ਹਾਸਿਲ ਕਰਨਗੇ
- ਲੋਕਧਾਰਾ ਤੇ ਮੀਡੀਆ ਦੇ ਬਦਲਦੇ ਸਰੂਪ ਨੂੰ ਸਮਝਣਗੇ
- ਸਿਨੇਮਾ 'ਤੇ ਵਰਤੀ ਜਾ ਰਹੀ ਲੋਕਧਾਰਾਈ ਸਮੱਗਰੀ ਬਾਰੇ ਸਮਝ ਹਾਸਿਲ ਕਰਨਗੇ

## ਭੂਮਿਕਾ:

ਅੱਜ ਦੇ ਸਮੇਂ ਵਿਚ ਮੀਡੀਆ ਸਿਰਫ਼ ਪ੍ਰਿੰਟ ਜਾਂ ਛਪਾਈ ਵਾਲੇ ਮੀਡੀਆ ਤਕ ਹੀ ਸੀਮਤ ਨਹੀਂ ਰਿਹਾ ਸਗੋਂ ਇਲੈਕਟ੍ਰੋਨਿਕ/ਇੰਟਰਨੈੱਟ ਸਾਧਨਾਂ ਦੇ ਵਿਕਾਸ ਨਾਲ ਸੰਚਾਰ ਦੇ ਨਵੇਂ ਸਾਧਨਾਂ ਦੀ ਵਰਤੋਂ ਵਿਚ ਵਾਧਾ ਹੋਇਆ ਹੈ। ਸੰਚਾਰ ਦੇ ਨਵੇਂ ਸਾਧਨ ਪੂਰੀ ਤਰ੍ਹਾਂ ਇਲੈਕਟ੍ਰੋਨਿਕ ਤੰਤਰਾਂ ਨਾਲ ਹੀ ਵਿਕਾਸ ਕਰ ਰਹੇ ਹਨ। ਪ੍ਰਿੰਟ ਮੀਡੀਆ ਨੂੰ ਵੀ ਕਾਗ਼ਜ਼ ਦੀ ਛਪਾਈ ਤੋਂ ਇਲਾਵਾ ਇਲੈਕਟ੍ਰੋਨਿਕ ਉਪਕਰਣਾਂ ਦਾ ਵੀ ਉਪਯੋਗ ਕਰਨਾ ਪੈ ਰਿਹਾ ਹੈ। ਇਲੈਕਟ੍ਰੋਨਿਕ ਮੀਡੀਆ ਨੇ ਸਾਡੇ ਰੋਜ਼ਾਨਾ ਜੀਵਨ ਦੇ ਕਾਰ-ਵਿਹਾਰਾਂ ਵਿਚ ਬਹੁਤ ਜ਼ਿਆਦਾ ਸਹੂਲਤ ਵੀ ਲਿਆਂਦੀ ਹੈ। ਸੂਚਨਾਵਾਂ ਦੇ ਸੰਚਾਰ ਦੇ ਪਸਾਰ ਵਿਚ ਇਲੈਕਟ੍ਰੋਨਿਕ ਸਾਧਨਾਂ ਦੇ ਵੱਖ-ਵੱਖ ਰੂਪਾਂ ਨੂੰ ਅਸੀਂ ਸਹਿਜਤਾ ਨਾਲ ਵਰਤਦੇ ਰਹਿੰਦੇ ਹਾਂ। ਇਸ ਪਾਠ ਵਿਚ ਲੋਕਧਾਰਾ ਤੇ ਤਕਨਾਲੋਜੀ ਦੇ ਵਿਭਿੰਨ ਰੂਪਾਂ ਦੀ ਲੋੜੀਂਦੀ ਸੰਖੇਪ ਜਾਣਕਾਰੀ ਦੇਣ ਦਾ ਜਤਨ ਕੀਤਾ ਗਿਆ ਹੈ। ਇੰਟਰਨੈਟ ਅੰਤਰ-ਸੰਬੰਧਤ ਕੰਪਿਊਟਰ ਨੈਟਵਰਕਾਂ ਦੀ ਗਲੋਬਲ ਪ੍ਰਣਾਲੀ ਹੈ ਜੋ ਦੁਨੀਆ ਭਰ ਵਿੱਚ ਇਲੈਕਟ੍ਰੋਨਿਕ ਉਪਕਰਣਾਂ ਨੂੰ ਜੋੜਨ ਲਈ ਹੈ। ਇਹ ਕਈ ਨੈਟਵਰਕਾਂ ਦਾ ਇੱਕ ਸੰਯੁਕਤ ਨੈਟਵਰਕ ਹੈ ਜਿਸ ਵਿੱਚ ਨਿੱਜੀ, ਜਨਤਕ, ਅਕਾਦਮਿਕ, ਵਪਾਰਕ ਅਤੇ ਸਥਾਨਕ ਪੱਧਰ ਤੇ ਸਰਕਾਰੀ ਨੈਟਵਰਕ ਸ਼ਾਮਲ ਹੁੰਦੇ ਹਨ, ਜੋ ਇਲੈਕਟ੍ਰੌਨਿਕ, ਵਾਇਰਲੈਸ, ਅਤੇ ਆਪਟੀਕਲ ਨੈਟਵਰਕਿੰਗ ਤਕਨਿਕਾਂ ਦੀ ਵਿਸ਼ਾਲ ਸ਼੍ਰੇਣੀ ਨਾਲ ਜੁੜਿਆ ਹੋਇਆ ਹੈ। ਇੰਟਰਨੈਟ ਵਿਚ ਬਹੁਤ ਸਾਰੀ ਜਾਣਕਾਰੀਆਂ ਅਤੇ ਸੇਵਾਵਾਂ ਹੁੰਦੀਆਂ ਹਨ, ਜਿਵੇਂ ਵਰਲਡ ਵਾਈਡ ਵੈੱਬ), ਇਲੈਕਟ੍ਰਾਨਿਕ ਮੇਲ, ਟੈਲੀਫੋਨੀ, ਅਤੇ ਫਾਇਲ ਸ਼ੇਅਰਿੰਗ ਦੇ ਐਪਲੀਕੇਸ਼ਨ ਆਦਿ।

## ਲੋਕਧਾਰਾ ਤੇ ਇੰਟਰਨੈਟ

ਇੰਟਰਨੈਟ ਦੀ ਸ਼ੁਰੂਆਤ 1960 ਦੇ ਦਹਾਕੇ ਵਿਚ ਅਮਰੀਕੀ ਸਰਕਾਰ ਵਲੋਂ ਕੰਪਿਊਟਰ ਨੈੱਟਵਰਕ ਰਾਹੀਂ ਇੱਕ ਮਜ਼ਬੂਤ ਸੰਚਾਰ ਵਿਵਸਥਾ ਬਣਾਉਣ ਲਈ ਕੀਤੀ ਗਈ ਸੀ। 1990 ਦੇ ਦਹਾਕੇ ਦੇ ਸ਼ੁਰੂ ਵਿੱਚ ਵਪਾਰਕ ਨੈਟਵਰਕਾਂ ਅਤੇ ਉਦਯੋਗਾਂ ਨੂੰ ਜੋੜਨ ਨਾਲ ਆਧੁਨਿਕ ਇੰਟਰਨੈਟ ਰਾਹੀਂ ਵੱਡੀ ਤਬਦੀਲੀ ਦੀ ਸ਼ੁਰੂਆਤ ਹੋਈ ਅਤੇ ਸੰਸਥਾਗਤ, ਨਿੱਜੀ ਅਤੇ ਮੋਬਾਈਲ ਕੰਪਨੀਆਂ ਦੀਆਂ ਨਵੀਆਂ

ਕਿਸਮਾਂ ਦੇ ਨੈਟਵਰਕ ਨਾਲ ਇੱਕ ਨਿਰੰਤਰ ਵਿਕਾਸ ਪੈਦਾ ਹੋਇਆ। ਇੰਟਰਨੈੱਟ ਦੇ ਆਉਣ ਨਾਲ ਟੈਲੀਫ਼ੋਨ, ਰੇਡੀਓ, ਟੈਲੀਵਿਜ਼ਨ, ਕਾਗਜ਼ ਪੱਤਰ ਅਤੇ ਅਖ਼ਬਾਰਾਂ ਸਮੇਤ ਬਹੁਤ ਸਾਰੇ ਪਰੰਪਰਾਗਤ ਸੰਚਾਰ ਮੀਡੀਆ ਸਾਹਮਣੇ ਈਮੇਲ, ਇੰਟਰਨੈਟ ਟੈਲੀਫੋਨੀ, ਇੰਟਰਨੈਟ ਟੈਲੀਵਿਜ਼ਨ, ਔਨਲਾਈਨ ਸੰਗੀਤ, ਡਿਜੀਟਲ ਅਖ਼ਬਾਰਾਂ, ਅਤੇ ਨਵੀਂਆਂ ਸੇਵਾਵਾਂ ਦੇ ਆਉਣ ਨਾਲ ਕਈ ਚੁਣੌਤੀਆਂ ਸਾਹਮਣੇ ਆਈਆਂ। ਅਖ਼ਬਾਰਾਂ, ਕਿਤਾਬਾਂ, ਵੀਡੀਓ ਸਟਰੀਮਿੰਗ ਵੈੱਬਸਾਈਟ, ਅਤੇ ਹੋਰ ਪ੍ਰਿੰਟ ਪ੍ਰਕਾਸ਼ਨ ਵੈਬਸਾਈਟ ਤਕਨਾਲੋਜੀ ਦੇ ਅਨੁਕੂਲ ਹੁੰਦੇ ਹਨ, ਜਾਂ ਇਹਨਾਂ ਨੂੰ ਬਲੌਗ, ਵੈਬ ਫੀਡ ਅਤੇ ਔਨਲਾਈਨ ਖ਼ਬਰਾਂ ਐਗਰੀਗੇਟਰਾਂ ਵਿਚ ਬਦਲਿਆ ਜਾਂਦਾ ਹੈ। ਇੰਟਰਨੈਟ ਨੇ ਤੁਰੰਤ ਸੁਨੇਹਿਆਂ, ਇੰਟਰਨੈਟ ਗਰੁੱਪਾਂ ਅਤੇ ਸੋਸ਼ਲ ਨੈਟਵਰਕਿੰਗ ਦੁਆਰਾ ਨਿੱਜੀ ਸੰਪਰਕਾਂ ਦੇ ਨਵੇਂ ਰੂਪ ਨੂੰ ਸਥਾਪਿਤ ਕੀਤਾ ਹੈ। ਆਨਲਾਈਨ ਖਰੀਦਦਾਰੀ ਨਾਲ ਵੱਡੇ ਥੋਕ ਵਪਾਰੀਆਂ, ਛੋਟੇ ਕਾਰੋਬਾਰੀਆਂ ਅਤੇ ਉਦਮੀਆਂ ਦੇ ਕਾਰੋਬਾਰ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ, ਕਿਉਂਕਿ ਇਹ ਕੰਪਨੀਆਂ ਨੂੰ ਆਨਲਾਈਨ ਸਾਮਾਨ ਅਤੇ ਸੇਵਾਵਾਂ ਨੂੰ ਵੇਚਣ ਲਈ ਇੱਕ ਵੱਡੇ ਬਾਜ਼ਾਰ ਦੀ ਸਹੂਲਤ ਪ੍ਰਦਾਨ ਕਰਦੀ ਹੈ। ਵਰਲਡ ਵਾਈਡ ਵੈੱਬ, ਇੰਟਰਨੈਟ ਅਤੇ ਈ-ਮੇਲ ਨੇ ਇੱਕ ਦੂਜੇ ਨਾਲ ਗੱਲਬਾਤ ਕਰਨ ਦੇ ਤਰੀਕੇ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿਤਾ ਹੈ। ਕੋਈ ਵੀ ਜਾਣਕਾਰੀ ਹਾਸਲ ਕਰਨ ਲਈ ਦਿਨ ਜਾਂ ਹਫ਼ਤੇ ਉਡੀਕਣ ਦੀ ਬਜਾਏ, ਹੁਣ ਅਸੀਂ ਸਾਰੀ ਜਾਣਕਾਰੀ ਬਹੁਤ ਤੇਜ਼ ਗਤੀ ਨਾਲ ਹਾਸਲ ਕਰ ਸਕਦੇ ਹਾਂ।ਮਿਸਾਲ ਵਜੋਂ ਈ-ਮੇਲ ਨੂੰ ਬੁਨਿਆਦੀ ਤੌਰ 'ਤੇ ਕੰਪਿਊਟਰ ਅੰਦਾਜ਼ਨ 20 ਮਿਲੀਅਨ ਬਾਈਟ ਪ੍ਰਤੀ ਸਕਿੰਟ 'ਤੇ ਡਾਟਾ ਪ੍ਰਕਿਰਿਆ ਕਰ ਸਕਦੇ ਹਨ, ਇਸ ਲਈ ਕਿਸੇ ਵੀ ਈਮੇਲ ਨੂੰ ਡਾਊਨਲੋਡ ਕਰਨਾ ਅਤੇ ਤੁਰੰਤ ਉਸੇ ਤਰ੍ਹਾਂ ਵੇਖਣਾ ਬਹੁਤ ਸੌਖਾ ਹੋ ਗਿਆ ਹੈ। ਵੌਇਸ-ਓਵਰ-ਇੰਟਰਨੈਟ ਪ੍ਰੋਟੋਕੋਲ ਜਾਂ ਵੀਓਆਈਪੀ ਨੇ ਲੈਂਡਲਾਈਨ ਟੈਲੀਫ਼ੋਨ ਦੀ ਲੋੜ ਨੂੰ ਕਾਫ਼ੀ ਹੱਦ ਤਕ ਬਦਲ ਦਿੱਤਾ ਹੈ। ਆਡੀਓ-ਵੀਡੀਓ ਚੈਟ ਨੇ ਰਵਾਇਤੀ ਟੈਲੀਫ਼ੋਨ ਦੀ ਜ਼ਰੂਰਤ ਨੂੰ ਘੱਟ ਕਰ ਦਿੱਤਾ ਹੈ ਕਿਉਂਕਿ ਇਸ ਨਾਲ ਦੋ ਲੋਕ ਇਕ ਦੂਜੇ ਨਾਲ ਗਲਬਾਤ ਤਾਂ ਕਰ ਹੀ ਸਕਦੇ ਨੇ, ਨਾਲ ਹੀ ਇਕ ਦੂਜੇ ਨੂੰ ਵੇਖ ਵੀ ਲੈਂਦੇ ਹਨ। ਇਹ ਵੌਇਸ-ਓਵਰ-ਇੰਟਰਨੈਟ ਪ੍ਰੋਟੋਕੋਲ ਜਾਂ ਵੀਓਆਈਪੀ ਲਾਈਨਾਂ ਇੰਟਰਨੈਟ ਉੱਤੇ ਤੁਰੰਤ ਫੋਨ ਸੰਚਾਰ ਪ੍ਰਦਾਨ ਕਰ ਸਕਦੀਆਂ ਹਨ, ਅਤੇ ਫਿਕਸਡ ਲਾਈਨਾਂ ਨਾਲੋਂ ਸਸਤੀਆਂ ਹੁੰਦੀਆਂ ਹਨ ਇਸ ਨਾਲ ਵੀਡੀਓ ਚੈਟ ਕਰਨ ਦੀ ਸਹੂਲਤ ਵੀ ਮਿਲਦੀ ਹੈ। ਅਜਕਲ੍ਹ ਸਮਾਰਟ-ਫ਼ੋਨ ਦੇ ਹਰ ਡੀਵਾਇਸ ਵਿਚ ਇਹ ਸੁਵਿਧਾ ਆਮ ਹੀ ਮਿਲ ਜਾਂਦੀ ਹੈ।

ਉਪਭੋਗਤਾਵਾਦ, ਅਧੁਨਿਕ ਸੂਚਨਾ ਅਤੇ ਤਕਨਾਲੋਜੀ ਅਜੋਕੇ ਦੌਰ ਦੇ ਅਜਿਹੇ ਵਰਤਾਰੇ ਹਨ, ਜਿਨ੍ਹਾਂ ਨੇ ਨਾ ਕੇਵਲ ਭਾਰਤ ਦੇ ਲੋਕਾਂ ਦੀ ਜ਼ਿੰਦਗੀ ਨੂੰ ਬਲਕਿ ਪੂਰੇ ਵਿਸ਼ਵ ਦੇ ਲੋਕਾਂ ਦੀ ਜੀਵਨ ਸ਼ੈਲੀ ਨੂੰ ਬੜੇ ਗਹਿਰੇ ਢੰਗ ਨਾਲ ਪ੍ਰਭਾਵਿਤ ਕੀਤਾ ਹੈ। ਇਨ੍ਹਾਂ ਵਰਤਾਰਿਆ ਨੇ ਨਾ ਕੇਵਲ ਜਨਸਧਾਰਨ ਦੇ ਦ੍ਰਿਸ਼ਟੀਕੋਣ ਨੂੰ ਪੂਰਨ ਪਰਿਭਾਸ਼ਿਤ ਕੀਤਾ ਹੈ ਸਗੋਂ ਉਨ੍ਹਾਂ ਦੀ ਜ਼ਿੰਦਗੀ ਦੇ ਮਨੋਰਥ ਨੂੰ ਵੀ ਬਦਲ ਕੇ ਰੱਖ ਦਿੱਤਾ ਹੈ। ਇਨ੍ਹਾਂ ਬਾਰੇ ਕਾਫੀ ਵਿਸਥਾਰ ਵਿਚ ਚਰਚਾ ਕੀਤਾ ਜਾ ਸਕਦੀ ਹੈ। ਅਧੁਨਿਕ ਸੂਚਨਾ ਅਤੇ ਤਕਨਾਲੋਜੀ ਨੂੰ ਗੂੰਗੇ ਇਨਕਲਾਬ (Quiet Revolution) ਦਾ ਨਾਮ ਵੀ ਦਿੱਤਾ ਜਾਂਦਾ ਹੈ।

ਇਸ ਦੇ ਅੰਤਰਗਤ ਇੰਟਰਨੈਟ (Internet), ਫੈਕਸ (Fax), ਮੋਬਾਇਲ ਫੋਨ (Moblie Phone), ਸਲਾਈਡਸ (Slides) ਅਤੇ ਪ੍ਰੋਜੈਕਟਰ (Projector) ਆਦਿ ਸੰਚਾਰ ਮਾਧਿਅਮ ਆ ਜਾਂਦੇ ਹਨ। ਇਸ ਗੂੰਗੇ ਇਨਕਲਾਬ (Quiet Revolution) ਨੇ ਅਜੋਕੀ ਜ਼ਿੰਦਗੀ ਦੇ ਹਰ ਖੇਤਰ ਨੂੰ ਵਿਸਤਾਰ ਪ੍ਰਦਾਨ ਕੀਤਾ ਹੈ। ਇਸ ਨੇ ਇਸ ਵਿਚ ਕਈ ਨਵੇਂ ਪਾਸਾਰ ਵੀ ਜੋੜੇ ਹਨ। ਭਾਰਤ ਵਿਚ ਅਜੇ ਜਨ— ਸਾਧਾਰਨ ਵਿਚ ਆਧੁਨਿਕ ਸੂਚਨਾ ਅਤੇ ਤਕਨਾਲੋਜੀ ਦੀ ਵਰਤੋਂ ਬਾਰੇ ਡੂੰਘੀ ਚੇਤਨਾ ਜਾਂ ਜਾਣਕਾਰੀ ਦੀ ਅਣਹੋਂਦ ਹੈ। ਪਰੰਤੂ, ਲੋਕਾਂ ਦੇ ਇਨ੍ਹਾਂ ਨਵੇ ਮਾਧਿਅਮਾਂ ਪ੍ਰਤੀ ਸੁਭਾਵਿਕ ਆਕਰਸ਼ਣ ਨੂੰ ਅੱਖੋਂ ਉਹਲੇ ਨਹੀਂ ਕੀਤਾ ਜਾ ਸਕਦਾ। ਆਧੁਨਿਕ ਸੂਚਨਾ, ਤਕਨਾਲੋਜੀ ਅਤੇ ਲੋਕਧਾਰਾ ਆਪਸੀ ਸੰਬੰਧਾਂ ਬਾਰੇ ਚਰਚਾ ਦਿਲਚਸਪ ਹੈ। ਸਿਰਜਣਾਤਮਕਾ ਅਤੇ ਮਕਾਨਕੀਪਣ ਦੇ ਨਾਲ-ਨਾਲ ਪਰੰਪਰਾ ਅਤੇ ਆਧੁਨਿਕਤਾ ਦੇ ਆਪਸੀ ਜਟਿਲ ਅਤੇ ਵਿਰੋਧਾਭਾਸਕ ਸੰਬੰਧਾਂ ਨਾਲ ਜੁੜੇ ਹੋਣ ਕਰਕੇ ਇਹ ਚਰਚਾ ਕਈ ਪੱਖਾਂ ਤੋਂ ਮਹੱਤਵਪੂਰਨ ਅਜੋਕੇ ਸਮੇਂ ਦੀਆਂ ਵਿਭਿੰਨ ਲੋੜਾਂ ਕਰਕੇ ਉਪਰੋਕਤ ਵਿਰੋਧਾਭਾਸਕ ਵਰਤਾਰੇ ਜਦੋਂ ਇਕ ਦੂਸਰੇ ਦੇ ਪੂਰਕ ਬਣ ਕੇ ਸਾਹਮਣੇ ਲਗਦੇ ਹਨ ਤਾਂ ਇਨ੍ਹਾਂ ਦੇ ਆਪਸੀ ਸੰਬੰਧਾਂ ਬਾਰੇ ਸੋਚਣਾ ਆਵੱਸ਼ਕ ਬਣ ਜਾਂਦਾ ਹੈ।

ਆਧੁਨਿਕ ਸੂਚਨਾ, ਤਕਨਾਲੋਜੀ ਅਤੇ ਲੋਕਧਾਰਾ ਦੇ ਆਪਸੀ ਸੰਬੰਧਾਂ ਦੀ ਚਰਚਾ ਦੋ ਸੰਦਰਭਾਂ ਵਿਚ ਕੀਤੀ ਜਾ ਸਕਦੀ ਹੈ। ਪਹਿਲੇ ਸੰਦਰਭ ਵਿਚ ਆਧੁਨਿਕ ਸੂਚਨਾ ਤੇ ਤਕਨਾਲੋਜੀ ਪਹਿਲਾਂ ਤੋਂ ਸਿਰਜੀ ਹੋਈ ਲੋਕਧਾਰਾ ਦੀ ਪੇਸ਼ਕਾਰੀ ਦਾ ਮਾਧਿਅਮ ਬਣਦੀ ਹੈ। ਦੂਸਰੇ ਪ੍ਰਕਰਣ ਦੇ ਅੰਤਰਗਤ ਆਧੁਨਿਕ ਸਚਨਾ ਤੇ ਤਕਨਾਲੋਜੀ ਦਾ ਨਵੀਂ ਲੋਕਧਾਰਾਈ ਸਮੱਗਰੀ ਦੀ ਸਿਰਜਣਾ ਵਿਚ ਪਾਇਆ ਯੋਗਦਾਨ ਆ ਜਾਂਦਾ ਹੈ। ਜਿਥੇ ਪਹਿਲੇ ਸੰਦਰਭ ਵਿਚ ਆਧੁਨਿਕ ਸੂਚਨਾ ਤੇ ਤਕਨਾਲੋਜੀ ਨੂੰ ਇਕ ਸੰਦ (Tool) ਵਜੋਂ ਵਰਤਿਆ ਜਾਂਦਾ ਹੈ, ਉਥੇ ਦੂਸਰੇ ਪ੍ਰਕਰਣ ਵਿਚ ਇਹ ਇਕ ਸਹਾਇਕ ਵਸੀਲਾ ਜਾਂ ਸਾਜ਼ (Instrument) ਬਣ ਕੇ ਸਾਹਮਣੇ ਆਉਂਦੀ ਹੈ। ਇਸ ਤਰ੍ਹਾਂ ਸੰਦ ਅਤੇ ਸਾਜ਼ ਦਾ ਆਪਸੀ ਅੰਤਰ ਆਧੁਨਿਕ ਸੂਚਨਾ ਅਤੇ ਤਕਨਾਲੋਜੀ ਦੀ ਲੋਕਧਾਰਾਈ ਉਪਯੋਗਤਾ ਵਿਚਲੇ ਨਿਖੇੜੇ ਦਾ ਅਹਿਮ ਆਧਾਰ ਬਣਦਾ ਦ੍ਰਿਸ਼ਟੀਗੋਚਰ ਹੁੰਦਾ ਹੈ। ਪਹਿਲੇ ਵਿਚ ਕੇਵਲ ਤਕਨੀਕ ਸ਼ਾਮਿਲ ਹੈ ਪਰੰਤੂ, ਦੂਸਰੇ ਵਿਚ ਆਧੁਨਿਕ ਜ਼ਿੰਦਗੀ ਦਾ ਜ਼ਾਵੀਆ (vision) ਵੀ ਹਾਜ਼ਰ ਹੈ। ਆਧੁਨਿਕ ਸੂਚਨਾ ਅਤੇ ਤਕਨਾਲੋਜੀ ਦੇ ਵਿਸ਼ਵ-ਵਿਆਪੀ ਸਰੂਪ ਨੂੰ ਧਿਆਨ ਵਿਚ ਰੱਖਦੇ ਹੋਏ ਪ੍ਰਾਪਤ ਪੰਜਾਬੀ ਲੋਕਧਾਰਾਈ ਸਮੱਗਰੀ ਨੂੰ ਸਾਂਭਣ ਦੇ ਪ੍ਰਸੰਗ ਵਿਚ ਹੇਠ ਲਿਖੇ ਪ੍ਰਸਤਾਵ ਪੇਸ਼ ਕੀਤੇ ਜਾ ਸਕਦੇ ਹਨ: —

1. **Encyclopedia of Sikhism** on multimedia and compact discs by Mr. Raghbir Singh Bains ਦੇ ਪੈਟਰਨ ਅਨੁਸਾਰ ਇਕ ਸੀ.ਡੀ. (Compact Disc) ਪੰਜਾਬੀ ਲੋਕਧਾਰਾ ਅਤੇ ਮਿੱਥ-ਪਰੰਪਰਾ ਬਾਰੇ ਵੀ ਤਿਆਰ ਕੀਤੀ ਜਾ ਸਕਦੀ ਹੈ।
2. ਪੰਜਾਬੀ ਲੋਕ ਕਹਾਣੀਆਂ ਦੇ ਬਹੁ-ਭਾਸ਼ਾਈ ਅਨੁਵਾਦ ਨੂੰ ਇੰਟਰਨੈੱਟ (Internet) ਉੱਪਰ ਪੇਸ਼ ਕਰਕੇ ਬਾਕੀ ਕੌਮਾਂ ਨੂੰ ਵੀ ਆਪਣੀ ਲੋਕ ਧਾਰਾਈ ਵਿਰਾਸਤ ਤੋਂ ਜਾਣੂ ਕਰਵਾਇਆ ਜਾ ਸਕਦਾ ਹੈ।
3. ਨਵੀਂ–ਪੀੜ੍ਹੀ ਵਿਚ ਪੰਜਾਬੀ ਲੋਕਧਾਰਾ ਪ੍ਰਤੀ ਦਿਲਚਸਪੀ ਪੈਦਾ ਕਰਨ ਲਈ ਵੀਡੀਉ ਗੇਮਜ਼ (Video Games) ਵਿਚ ਪੰਜਾਬੀ ਲੋਕ ਬਿਰਤਾਂਤਾਂ ਦੇ ਮਾਡਲਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
4. ਪੰਜਾਬੀ ਪਰੀ ਕਹਾਣੀਆਂ (Fairy Tales) ਦੇ ਆਧਾਰ ਉੱਤੇ ਪੰਜਾਬੀ ਅਤੇ ਹੋਰਨਾਂ ਭਾਸ਼ਾਵਾਂ ਵਿਚ ਚਲਚਿੱਤਰਾਂ ਦਾ ਨਿਰਮਾਣ ਕੀਤਾ ਜਾ ਸਕਦਾ ਹੈ। ਇਸ ਪ੍ਰਸੰਗ ਵਿਚ ਵਿਸ਼ਵ ਦੀ ਸਭ ਤੋਂ ਜ਼ਿਆਦਾ ਵਿਕਣਯੋਗ ਪੁਸਤਕ ਅਤੇ ਮਸ਼ਹੂਰ ਚਲ–ਚਿੱਤਰ Harry Potter and the order of the Phoenix ਦੀ ਉਦਾਹਰਣ ਦਿੱਤੀ ਜਾਂ ਸਕਦੀ ਹੈ।
5. ਪੰਜਾਬੀ ਦੇ ਖੇਤਰ ਵਿਚ ਉਪਰੋਕਤ ਚਲ–ਚਿੱਤਰ ਦੇ ਪੈਟਰਨ ਦਾ ਅਨੁਕਰਨ ਕਰਦਿਆਂ ਪਰੀ ਕਹਾਣੀਆਂ ਵਿਚਲੇ ਫੈਂਟਸੀ (Fantasy) ਦੇ ਤੱਤ ਦੀ ਪੇਸ਼ਕਾਰੀ ਲਈ ਨਵੀਂ ਤਕਨਾਲੋਜੀ ਅਹਿਮ ਭੂਮਿਕਾ ਨਿਭਾ ਸਕਦੀ ਹੈ।

ਉਪਰੋਕਤ ਸੁਝਾਵਾਂ ਦੀ ਵਿਹਾਰਕ ਪੂਰਤੀ ਵਿਚ ਮਲਟੀਮੀਡੀਆ ਐਪਲੀਕੇਸ਼ਨ ਦੀ ਵਰਤੋਂ ਸੋਨੇ ਉੱਤੇ ਸੁਹਾਗਾ ਵਾਲੀ ਧਾਰਨਾ ਨੂੰ ਪ੍ਰਮਾਣਿਤ ਕਰ ਸਕਦੀ ਹੈ। ਮਲਟੀਮੀਡੀਆ ਦੀ ਵਰਤੋਂ ਦੇ ਅੰਤਰਗਤ ਸੰਚਾਰ ਦੇ ਇਕ ਤੋਂ ਵਧੇਰੇ ਮਾਧਿਅਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਾਰਾ ਕੁਝ ਇਕ ਕੰਪਿਊਟਰ (computer) ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ। ਇਸ ਵਿਚ ਟੈਕਸਟ (text), ਆਵਾਜ਼ (audio), ਚਿੱਤਰ (pictures) ਵੀਡੀਓ (video), ਨਕਸ਼ੇ (graphics) ਅਤੇ ਜੀਵੰਤ ਚਿੱਤਰ (animation) ਆਦਿ ਸੰਚਾਰ ਮਾਧਿਅਮ ਆ ਜਾਂਦੇ ਹਨ। ਇਹ ਉਪਭੋਗਤਾ–ਸੰਸਕ੍ਰਿਤੀ ਅਤੇ ਸੂਚਨਾ ਦੇ ਵਿਚਕਾਰ ਪਰਸਪਰ ਪ੍ਰਭਾਵ ਪੈਦਾ ਕਰਨ ਵਾਲਾ ਇਕ ਸ਼ਕਤੀਸ਼ਾਲੀ ਅਤੇ ਪ੍ਰਭਾਵਸ਼ਾਲੀ ਮਾਧਿਅਮ ਹੈ। ਮਲਟੀਮੀਡੀਆ ਦੇ ਉਪਰੋਕਤ ਅੰਗਾਂ ਦੀ ਪੇਸ਼ਕਾਰੀ ਲਈ ਕਈ ਸਾਫਟਵੇਅਰ ਉਤਪਾਦ (software products) ਬਾਜ਼ਾਰ ਵਿਚ ਉਪਲੱਬਧ ਹਨ। ਇਨ੍ਹਾਂ ਵਿਚ Corel Draw, Sound Blaster, Macro media flash, MS Office Tools ਆਦਿ ਦੇ ਨਾਮ ਮਹੱਤਵਪੂਰਨ ਹਨ।

ਲੋਕਧਾਰਾ ਅਤੇ ਮਿੱਥ ਪਰੰਪਰਾ ਨਾਲ ਸੰਬੰਧਿਤ ਸੀ.ਡੀ. (compact disc) ਦੀ ਸਿਰਜਣਾ ਵਿਚ ਮਲਟੀਮੀਡੀਆ ਅਤੇ ਉਪਰੋਕਤ ਸੰਚਾਰ ਮਾਧਿਅਮ ਮਹੱਤਵਪੂਰਨ ਭੂਮਿਕਾ ਨਿਭਾ ਸਕਦੇ ਹਨ। ਇਸ ਦੇ ਅੰਤਰਗਤ ਲੋਕ-ਸਾਹਿਤ ਅਤੇ ਲੋਕ-ਵਿਸ਼ਵਾਸ ਆਦਿ ਨੂੰ ਪਾਠਗਤ ਤਤਕਰੇ (textual contents) ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ। ਇਸ ਵਿਚ ਵਰਣਾਂ (alphabets) ਅਤੇ ਅੰਕਾਂ (numerals) ਜਿਵੇਂ ਕਿ @ (at the rate of), $ (dollar) ਆਦਿ ਦੀ ਵਰਤੋਂ ਕੀਤੀ ਜਾਂਦੀ ਹੈ।

ਇਸ ਵਿਚ ਲੋਕਧਾਰਾ ਦੇ ਉਪਰੋਕਤ ਖੇਤਰਾਂ ਨਾਲ ਸੰਬੰਧਿਤ ਸੂਚਨਾ ਇਕੱਤਰ ਕੀਤੀ ਜਾ ਸਕਦੀ ਹੈ। ਪੰਜਾਬੀ ਦੀਆਂ ਲੋਕ-ਕਹਾਣੀਆਂ ਦੇ ਬਹੁ-ਭਾਸ਼ਾਈ ਅਨੁਵਾਦ ਨੂੰ text ਰੂਪ ਵਿਚ store ਕੀਤਾ ਜਾ ਸਕਦਾ ਹੈ। ਇਸ ਤੋਂ ਉਪਰੰਤ ਆਵਾਜ਼ (audio) ਦੁਆਰਾ ਇਸ ਸੂਚਨਾ ਨੂੰ ਭੌਤਿਕ ਰੂਪ ਵਿਚ ਪ੍ਰਸਾਰਿਤ ਵੀ ਕੀਤਾ ਜਾ ਸਕਦਾ ਹੈ। ਇਹੀ ਨਹੀਂ ਲੋਕ-ਸੰਗੀਤ, ਲੋਕ-ਨਾਚ ਅਤੇ ਲੋਕ-ਨਾਟ ਨਾਲ ਸੰਬੰਧਿਤ ਲੋਕ-ਕਲਾਵਾਂ ਦੀ ਪੇਸ਼ਕਾਰੀ ਆਵਾਜ਼ ਦੁਆਰਾ ਕੀਤੀ ਜਾ ਸਕਦੀ ਹੈ। ਵਰਤਮਾਨ ਸਮੇਂ ਵਿਚ ਬਾਜ਼ਾਰ ਵਿਚ ਕਈ ਅਜਿਹੇ software programmes ਉਪਲਬਧ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਆਵਾਜ਼ ਦੀ ਬਹੁਲਤਾ (amplitude), ਪਿੱਚ (pitch), ਆਵਰਤੀ (frequency) ਅਤੇ ਗੰਭੀਰ ਧੁਨੀ ਨੂੰ ਲੋੜ ਅਨੁਸਾਰ ਘਟਾਇਆ ਵਧਾਇਆ ਜਾ ਸਕਦਾ ਹੈ। ਮਲਟੀਮੀਡੀਆ ਵਿਚ ਇਸ ਤੋਂ ਅਗਲਾ ਪੜਾਅ ਬਿੰਬਾਂ ਅਤੇ ਨਕਸ਼ਿਆਂ (images and graphics) ਦਾ ਹੈ। ਇਹ ਮਾਧਿਅਮ ਏਨਾ ਪ੍ਰਭਾਵਸ਼ਾਲੀ ਹੈ ਕਿ ਇਹ ਕਈ ਵਾਰ ਪੇਸ਼ਕਾਰੀ ਵਾਸਤੇ ਇਕੱਲਾ ਹੀ ਕਾਫ਼ੀ ਹੁੰਦਾ ਹੈ। ਇਕ ਸਥਿਰ ਤਸਵੀਰ, ਬਿੰਬ ਜਾਂ ਨਕਸ਼ੇ ਨੂੰ ਡਿਜ਼ੀਟਲ ਰੂਪ ਵਿਚ ਪੇਸ਼ ਕਰਨ ਦੀਆਂ ਇਕ ਤੋਂ ਵਧੇਰੇ ਵਿਧੀਆਂ ਹਨ। ਇਨ੍ਹਾਂ ਵਿਚੋਂ Bit map ਇਕ ਪ੍ਰਮੁੱਖ ਵਿਧੀ ਹੈ। ਇਸ ਦੁਆਰਾ ਸਥਿਰ ਤਸਵੀਰ/ਨਕਸ਼ੇ ਦੇ ਰੰਗਾਂ, ਉਨ੍ਹਾਂ ਦੀ ਤੀਬਰਤਾ ਅਤੇ ਉਨ੍ਹਾਂ ਦੀ ਆਭਾ (Hue) ਨੂੰ ਨਿਯੰਤ੍ਰਿਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ k GIF, JPEG, TIFF ਆਦਿ ਹੋਰ ਅਜਿਹੇ ਚੌਖਟੇ (format) ਹਨ, ਜਿਨ੍ਹਾਂ ਦੀ ਮਦਦ ਨਾਲ ਸਥਿਰ ਤਸਵੀਰਾਂ ਤੇ ਬਿੰਬਾਂ ਦੀ ਪੇਸ਼ਕਾਰੀ ਕੀਤੀ ਜਾ ਸਕਦੀ ਹੈ। ਜ਼ਾਹਰ ਹੈ ਕਿ ਲੋਕਧਾਰਾਈ ਸਮੱਗਰੀ ਨਾਲ ਸੰਬੰਧਿਤ ਚਿੱਤਰਾਂ ਦੀ ਪੇਸ਼ਕਾਰੀ ਸਮੇਂ ਇਹ ਵਿਧੀ ਕਾਫ਼ੀ ਉਪਯੋਗੀ ਸਿੱਧ ਹੋ ਸਕਦੀ ਹੈ। ਸਥਿਰ ਦੇ ਨਾਲ-ਨਾਲ ਜੀਵੰਤ ਚਿੱਤਰਾਂ ਨੂੰ ਵੀ ਮਲਟੀਮੀਡੀਆ ਦੁਆਰਾ ਪੇਸ਼ ਕੀਤਾ ਜਾ ਸਕਦਾ ਹੈ। ਇਸ ਦੁਆਰਾ ਆਵਾਜ਼ ਅਤੇ ਚਿੱਤਰਾਂ ਨੂੰ ਕ੍ਰਮਵਾਰ ਰੂਪ ਵਿਚ ਇਕ ਖ਼ਾਸ ਗਤੀ ਵਿਚ ਚਲਾਇਆ ਜਾਂਦਾ ਹੈ। MPEG ਇਕ ਅਜਿਹਾ ਹੀ format ਹੈ, ਜਿਸ ਦੁਆਰਾ ਵਿਭਿੰਨ ਚਿੱਤਰਾਂ ਨੂੰ ਕ੍ਰਮਵਾਰ ਰੂਪ ਵਿਚ ਸੰਗ੍ਰਹਿਤ ਕੀਤਾ ਜਾ ਸਕਦਾ ਹੈ। ਡਿਜੀਟਲ ਕੈਮਰਾ ਵੀ ਇਸ ਪ੍ਰਸੰਗ ਵਿਚ ਅਹਿਮ ਭੂਮਿਕਾ ਨਿਭਾਉਂਦਾ ਹੈ, ਜਿਸਨੂੰ ਸਿੱਧਾ ਹੀ ਟੀ.ਵੀ. ਜਾਂ ਕੰਪਿਊਟਰ ਨਾਲ ਜੋੜ ਕੇ ਸਿੱਟੇ ਹਾਸਲ ਕੀਤੇ ਜਾ ਸਕਦੇ ਹਨ।

ਆਧੁਨਿਕ ਸੂਚਨਾ ਅਤੇ ਤਕਨਾਲੋਜੀ ਦਾ ਇਕ ਹੋਰ ਪ੍ਰਸੰਗ ਇਹ ਵੀ ਹੈ ਕਿ ਇਹ ਪ੍ਰਾਪਤ ਲੋਕਧਾਰਾਈ ਸਮੱਗਰੀ ਦੀ ਪੁਨਰ ਸਿਰਜਣਾ ਵੀ ਕਰ ਰਹੀ ਹੈ। ਇਸ ਦਿਲਚਸਪ ਨੁਕਤੇ ਦੀਆਂ ਇਕ ਤੋਂ ਵਧੇਰੇ ਉਦਾਹਰਨਾਂ ਦਿੱਤੀਆਂ ਜਾ ਸਕਦੀਆਂ ਹਨ।

ਸਭ ਤੋਂ ਪ੍ਰਥਮ ਉਦਾਹਰਣ ਮੋਬਾਇਲ ਫੋਨ ਨਾਲ ਸੰਬੰਧਿਤ ਸੰਖਿਪਤ ਸਨੇਹਾ ਸੇਵਾ (short message service) ਅਰਥਾਤ SMS ਨਾਲ ਰੱਖਦੀ ਹੈ। ਕਈ ਜਾਣਕਾਰਾਂ, ਮਿੱਤਰਾਂ ਅਤੇ ਨਜ਼ਦੀਕੀਆਂ ਦੁਆਰਾ ਭੇਜੇ ਗਏ SMS ਪੂਰੀ ਤਰ੍ਹਾਂ ਆਧੁਨਿਕ ਸਮੇਂ ਦੀ ਲੋਕਉਕਤੀ ਬਣ ਸਕਣ ਦੀ ਸਮਰੱਥਾ ਰੱਖਦੇ ਹਨ। ਮਿਸਾਲ ਵਜੋਂ

ਹੇਠਾਂ ਕੁਝ SMS ਦੇਖੇ ਜਾ ਸਕਦੇ ਹਨ:

''ਕਿਸਮਤ ਖੁੱਲ੍ਹੀ ਨਹੀਂ
ਵਿਆਹ ਹੋਇਆ ਨਹੀਂ
ਤਾਜਮਹੱਲ ਬਣਵਾਣਾ ਸੀ
ਮੁਮਤਾਜ਼ ਮਿਲੀ ਨਹੀਂ
ਇਕ ਦਿਨ ਕਿਸਮਤ ਖੁੱਲ੍ਹੀ
ਵਿਆਹ ਹੋਇਆ
ਹੁਣ ਤਾਜਮਹੱਲ ਬਣਾਉਣਾ ਹੈ
ਮੁਮਤਾਜ਼ ਮਰਦੀ ਨਹੀਂ**

Without love...
DAYS ARE SADDAY
MOANDAY, TEARDAY, WASTEDAY,
THIRSTDAY, FRIGHTDAY, SHATTERDAY
SO FALL IN LOVE.....

''ਮਿੱਠਾ ਇੰਤਜ਼ਾਰ ਤੇ ਇੰਤਜਾਰ
ਨਾਲੋਂ ਯਾਰ ਮਿੱਠਾ
ਮਿੱਠਾ ਯਾਰ ਤੇ ਯਾਰ ਨਾਲੋਂ ਪਿਆਰ ਮਿੱਠਾ
ਮਿੱਠਾ ਪਿਆਰ ਤੇ ਪਿਆਰ ਨਾਲੋਂ ਮਿੱਠੀ ਸਾਡੀ ਯਾਰੀ,
ਇਸ ਤੋਂ ਮਿੱਠਾ ਕੁਝ ਨਾ ਲੱਭਣਾ
ਲੱਭ ਲੈ ਦੁਨੀਆਂ ਸਾਰੀ''

ਇਸ ਤੋਂ ਇਲਾਵਾ ਵਿਸ਼ਵਵਿਆਪੀ ਅਹਿਮੀਅਤ ਦੀਆਂ ਕਈ ਅੰਤਰਰਾਸ਼ਟਰੀ ਘਟਨਾਵਾਂ ਬਾਰੇ ਵੀ ਵਿਭਿੰਨ Websites ਉਪਰ ਪ੍ਰਗਟ ਹੋਇਆ ਜਨ-ਸਾਧਾਰਨ ਦਾ ਪ੍ਰਤਿਕਰਮ ਵੀ ਲੋਕਧਰਾਈ ਸਮੱਗਰੀ ਦੇ ਘੇਰੇ ਵਿਚ ਆ ਸਕਦਾ ਹੈ। ਉਦਾਹਰਣ ਵਜੋਂ ਅਮਰੀਕਾ ਦੇ ਪਹਿਲਾਂ ਅਫਗਾਨਿਸਤਾਨ ਅਤੇ ਫਿਰ ਇਰਾਕ ਉੱਤੇ ਹੋਏ ਹਮਲੇ ਬਾਰੇ ਵਿਭਿੰਨ ਵੈੱਬਸਾਈਟ ਉੱਪਰ ਕਈ ਤਰ੍ਹਾਂ ਦੇ ਪ੍ਰਤਿਕਰਮ ਚਿੱਤਰਾਂ ਦੇ ਰੂਪ ਵਿਚ ਪੇਸ਼ ਹੋਏ ਮਿਲਦੇ ਹਨ। ਇਕ ਵੈੱਬਸਾਈਟ ਉਪਰ ਅਮਰੀਕਾ ਦੇ ਰਾਸ਼ਟਰਪਤੀ ਜਾਰਜ ਡਬਲਯੂ. ਬੁੱਸ਼ ਨੂੰ ਦਾਨਵ ਦੇ ਰੂਪ ਵਿਚ ਦਿਖਾ ਕੇ ਲੋਕਾਂ ਦੀਆਂ ਖੋਪੜੀਆਂ ਵਿਚੋਂ ਖ਼ੂਨ ਪੀਂਦਾ ਵਿਖਾਇਆ ਗਿਆ ਹੈ। ਇਸ ਤੋਂ ਇਲਾਵਾ ਇਕ ਤਸਵੀਰ ਵਿਚ ਉਸਾਮਾ ਬਿਨ ਲਾਦੇਨ ਦੇ ਮੂੰਹ ਵਿਚ ਲਗਾਮ ਪਾ ਕੇ ਜਾਰਜ ਡਬਲਯੂ. ਬੁੱਸ਼ ਦੁਆਰਾ ਉਸ ਨੂੰ ਜਾਨਵਰਾਂ ਵਾਂਗ ਨਿਯੰਤ੍ਰਿਤ ਕਰਨ ਨਾਲ ਸੰਬੰਧਿਤ ਤਸਵੀਰਾਂ ਮਿਲਦੀਆਂ ਹਨ।

ਤੀਸਰੀ ਉਦਾਹਰਣ UFO (Unidentified Foreign Objects) ਅਰਥਾਤ ਉੱਡਣ ਤਸ਼ਤਰੀਆਂ ਨਾਲ ਸੰਬੰਧਿਤ ਮਿੱਥਾਂ ਦੀ ਦਿੱਤੀ ਜਾ ਸਕਦੀ ਹੈ। ਭਾਵੇਂ ਕਿ ਇਸ ਸੰਬੰਧੀ ਕਾਫ਼ੀ ਖੋਜ ਕੀਤੀ ਜਾ ਚੁੱਕੀ ਹੈ ਪਰੰਤੂ, ਫਿਰ ਵੀ ਇਸ ਬਾਰੇ ਕੋਈ ਦੋ ਰਾਇ ਨਹੀਂ ਕਿ ਆਧੁਨਿਕ ਸੂਚਨਾ ਅਤੇ ਤਕਨਾਲੋਜੀ ਦੇ ਅਧੂਰੇ ਪ੍ਰਯੋਗਾਂ ਨੇ ਇਸ ਸੰਬੰਧੀ ਕਈ ਭ੍ਰਾਂਤੀਆਂ ਵੀ ਪੈਦਾ ਕੀਤੀਆਂ ਹਨ। ਇਸੇ ਕਰਕੇ ਜਨ-ਧਾਰਨ ਦੇ ਮਨਾਂ ਵਿਚ ਪਰਗ੍ਰਹਿਆਂ (aliens) ਬਾਰੇ ਕਈ ਤਰ੍ਹਾਂ ਦੀਆਂ ਮਿੱਥਾਂ ਪ੍ਰਚਲਿਤ ਹੋ ਚੁੱਕੀਆਂ ਹਨ।

ਮਸਲਾ ਭਾਵੇਂ ਆਧੁਨਿਕ ਤਕਨਾਲੋਜੀ ਦੇ ਮਾਧਿਅਮ ਬਣਨ ਦਾ ਹੋਵੇ ਜਾਂ ਸ੍ਰੋਤ ਬਣਨ ਦਾ, ਇਸ ਖੇਤਰ ਵਿਚ ਖੋਜ-ਕਾਰਜ ਕਰਨ ਦੀਆਂ ਅਸੀਮ ਸੰਭਾਵਨਾਵਾਂ ਹਨ। ਸਿਰਜਾਣਤਮਕ ਵਿਰਸੇ ਦੀ ਉਕਤ ਮਕਾਨਕੀ ਵਿਧੀਆਂ ਰਾਹੀਂ ਪੇਸ਼ਕਾਰੀ ਨਾਲ ਲੋਕਧਾਰੀ ਸਮੱਗਰੀ ਦੀ ਕਲਾਤਮਕ ਏਕਤਾ, ਅਦੁੱਤੀਅਤਾ ਅਤੇ ਸਹਿਜ ਪਛਾਣ ਨੂੰ ਠੇਸ ਲੱਗਣ ਦਾ ਖ਼ਤਰਾ ਵੀ ਹੋ ਸਕਦਾ ਹੈ। ਆਧੁਨਿਕ ਸੂਚਨਾ ਅਤੇ ਤਕਨਾਲੋਜੀ ਨੂੰ ਲੋਕਧਾਰਾ ਦੀ ਪੇਸ਼ਕਾਰੀ ਲਈ ਇਕ ਸੰਦ ਵਜੋਂ ਵਰਤਿਆ ਜਾਵੇ ਜਾਂ ਸਹਾਇਕ ਤਰੀਕੇ ਵਜੋਂ ਇਸ ਨੂੰ ਵਰਤਣ ਵਾਲਿਆਂ ਦੇ ਸਲੀਕੇ ਦਾ ਕਮਾਲ ਇਸ ਵਿਚ ਹੈ ਕਿ ਉਹ ਉਪਰੋਕਤ ਸਰੋਕਾਰਾਂ ਨੂੰ ਖੰਡਿਤ ਕੀਤੇ ਬਗ਼ੈਰ ਲੋਕਧਾਰਾ ਨੂੰ ਇਸ ਦੀ ਸਮੁੱਚਤਾ ਵਿਚ ਪ੍ਰਸਤੁੱਤ ਕਰਨ।

## ਲੋਕਧਾਰਾ ਅਤੇ ਮੀਡੀਆ

ਤਕਨੀਕ ਨੇ ਸੰਚਾਰ ਨੂੰ ਸਹਿਜ ਬਣਾਇਆ ਤਾਂ ਉਸਨੇ ਕੁਝ ਮਾਇਨਿਆ ਵਿਚ ਉਸਨੂੰ ਅਸਹਿਜ ਬਣਾ ਦਿੱਤਾ। ਤਕਨੀਕ ਨੇ ਸੰਚਾਰ ਮਾਧਿਅਮ ਦਾ ਵਿਸਥਾਰ ਕੀਤਾ ਤਾਂ ਉਸਨੇ ਕੁਝ ਮਾਇਨਿਆਂ ਵਿਚ ਉਸਨੂੰ ਸੀਮਿਤ ਕਰ ਦਿੱਤਾ। ਤਕਨੀਕ ਨੇ ਸੰਚਾਰ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ੀਆਂ ਤਾਂ ਕਈ ਚੱਲੀਆਂ ਆ ਰਹੀਆਂ ਪਰੰਪਰਾਵਾਂ ਉਪਰ ਵਿਰਾਮ ਵੀ ਲਗਾ ਦਿੱਤਾ।

ਫੋਕਲੋਰ (ਲੋਕਧਾਰਾ) ਮਾਨਵੀ ਜੀਵਨ ਵਾਂਗ ਹੀ ਅਨੰਤ ਪਸਾਰਾਂ ਵਿਚ ਪ੍ਰਗਟ ਹੋਣ ਵਾਲਾ ਮਨੁੱਖ ਸਿਰਜਤ ਵਰਤਾਰਾ ਹੈ। ਇਹ ਅਜਿਹੀਆਂ ਮੌਖਿਕ ਪਰੰਪਰਾਵਾਂ ਹਨ, ਜਿਹੜੀਆਂ ਮਨੁੱਖੀ ਘਾੜਤਾਂ ਦੇ ਵਿਭਿੰਨ ਪੈਟਰਨਾਂ ਦੇ ਰੂਪ ਵਿਚ ਸਦੀਆਂ ਤੋਂ ਤੁਰੀਆਂ ਆ ਰਹੀਆਂ ਹਨ। ਸਮੇਂ ਦੇ ਪਰਿਵਰਤਨ ਦੇ ਨਾਲ ਇਹਨਾਂ ਵਿਭਿੰਨ ਪੈਟਰਨਾਂ ਦੀ ਪੇਸ਼ਕਾਰੀ ਵਿਚ ਵੀ ਪਰਿਵਰਤਨ ਆਇਆ ਹੈ। ਇਹ ਬਦਲਾਵ ਪਿੱਛੇ ਮੀਡੀਆ ਖਾਸ ਭੂਮਿਕਾ ਨਿਭਾਅ ਰਿਹਾ ਹੈ।

ਸਮੇਂ ਦੇ ਨਾਲ ਨਾਲ ਵਿਅਕਤੀ ਦੇ ਚਰਿੱਤਰ ਵਿਚ ਅਤੇ ਉਸਦੇ ਵਿਹਾਰ ਵਿਚ ਵੀ ਪਰਿਵਰਤਨ ਆਉਂਦਾ ਹੈ। ਹਰ ਨਵੇਂ ਪਰਿਵਰਤਨ ਦੇ ਨਾਲ ਵਿਕਾਸ ਦੇ ਨਵੇਂ ਰਸਤੇ ਖੁੱਲਦੇ ਹਨ, ਭਾਵੇਂ ਉਹ ਸਕਰਾਤਮਕ ਹੋਣ ਜਾਂ ਨਕਰਾਤਮਕ, ਪਰਿਵਰਤਨ ਨੂੰ ਰੋਕਿਆ ਨਹੀਂ ਜਾ ਸਕਦਾ। ਪਰ ਸਮਾਜ ਆਪਣੇ ਹਿੱਤ ਵਿਚ ਉਸਦੀ ਦਿਸ਼ਾ ਨੂੰ ਨਿਯੰਤਰਣ ਜ਼ਰੂਰ ਕਰ ਸਕਦਾ ਹੈ ਅਤੇ ਕਰਦਾ ਵੀ ਆ ਰਿਹਾ ਹੈ।ਪਰੰਤੂ ਪਿਛਲੇ ਕੁਝ ਸਾਲਾਂ ਤੋਂ ਵਿਸ਼ਵ ਪੱਧਰ ਉਪਰ ਪਰਿਵਰਤਨ ਦੀ ਗਤੀ ਇੰਨੀ ਤੇਜ਼ ਹੋ ਰਹੀ ਹੈ ਕਿ ਵਿਅਕਤੀ ਉਸਨੂੰ ਸਵੀਕਾਰ ਕਰਨ ਲਈ ਮਜਬੂਰ ਹੋ ਗਿਆ ਹੈ। ਜਦੋਂ ਅਸੀ ਕਿਸੇ ਨਵੇਂ ਪਰਿਵਰਤਨ ਨੂੰ ਸਮਝ ਕੇ ਉਸ ਨਾਲ ਚੱਲਣ ਉਪਰ ਵਿਚਾਰ ਕਰਕੇ ਕਿਸੇ ਨਤੀਜੇ ਤੇ ਪਹੁੰਚਦੇ ਹਾਂ ਉਸ ਸਮੇਂ ਤੱਕ ਉਹ ਪੁਰਾਣਾ ਹੋ ਜਾਂਦਾ ਹੈ ਤੇ ਉਸਦੀ ਥਾਂ ਕੋਈ ਨਵਾਂ ਪਰਿਵਰਤਨ ਲੈ ਲੈਂਦਾ ਹੈ। ਇਲੈਕਟ੍ਰਾਨਿਕ ਮੀਡੀਆ ਵੀ ਅੱਜਕੱਲ ਇਹੀ ਭੂਮਿਕਾ ਨਿਭਾਅ ਰਿਹਾ ਹੈ।

ਇਲੈਕਟ੍ਰਾਨਿਕ ਮੀਡੀਆ ਸੰਚਾਰ ਦਾ ਸ਼ਕਤੀਸ਼ਾਲੀ ਮਾਧਿਅਮ ਹੈ। ਭਾਰਤ ਵਿਚ ਜਿਸ ਤੇਜੀ ਨਾਲ ਇਸਦਾ ਪ੍ਰਸਾਰ ਤੇ ਪ੍ਰਭਾਵ ਵਧਿਆ ਹੈ ਉਸ ਅਨੁਪਾਤ ਅਨੁਸਾਰ ਇਸਦੇ ਪ੍ਰਤੀ ਲੋਕਾਂ ਦੀ ਸਮਝ ਨਹੀ ਵਧੀ।ਇਸੇ ਕਾਰਨ ਰਾਹਨੀਤਿਕ, ਸਮਾਜਿਕ, ਸਾਹਿਤਕ, ਸਭਿਆਚਾਰਕ ਅਤੇ ਭਾਸ਼ਾਈ ਖੇਤਰਾਂ ਲਈ ਇਸਦੀ ਭੂਮਿਕਾ ਤੇ ਸਮਰੱਥਾ ਨੂੰ ਉਸ ਸ਼ਿੱਦਤ ਨਾਲ ਪਹਿਚਾਣਿਆ ਨਹੀਂ ਗਿਆ, ਜਿਸਦੀ ਲੋੜ ਸੀ।ਆਧੁਨਿਕ ਸਮੇਂ ਵਿਚ ਮੀਡੀਆ ਦੀ ਪ੍ਰਸੰਗਿਕਤਾ ਦੇ ਸੰਦਰਭ ਹਰ ਸਮੇਂ ਆਧੁਨਿਕ ਸੂਚਨਾਂ ਪ੍ਰਯੋਗਾਂ ਦੇ ਨਵੇਂ ਸਰੋਕਾਰਾਂ ਨਾਲ ਰੂ-ਬ-ਰੂ ਹੋ ਰਹੀ ਹੈ।ਇਸ ਸਮੇਂ ਵਿਚ ਜਦੋਂ ਇਸ ਸ਼ਕਤੀਸ਼ਾਲੀ ਮਾਧਿਅਮ ਦਾ ਕੋਈ ਹੋਰ ਪ੍ਰਤੀਬੰਧੀ ਸਾਹਮਣੇ ਨਹੀਂ ਹੈ ਉਸ ਸਮੇਂ ਤੱਕ ਇਸਦੀ ਸਮਾਜਿਕ ਪ੍ਰਤੀਬੰਧਤਾ ਅਤੇ ਮਾਨਵੀ ਸਰੋਕਾਰ ਇਸਦੀ ਪਰਿਭਾਸ਼ਾ ਨੂੰ ਨਵੇਂ ਅਮਲਾਂ ਰਾਹੀਂ ਪਰਿਭਾਂਸ਼ਤ ਕਰਦੇ ਹਨ।ਇਹ ਪਰਿਭਾਸ਼ਾ ਅੱਜ ਦੇ ਇਸ ਮੀਡੀਆ ਬਾਜ਼ਾਰ ਨੂੰ ਇਕ ਨਵੇਂ ਉਤਪਾਦਨ ਭਾਵ ਮੰਡੀ ਦੀ ਵਸਤੂ ਦੀ ਤਰ੍ਹਾਂ ਪੇਸ਼ ਕਰਦੀ ਹੈ। ਇਹ ਵੀ ਸੱਚ ਹੈ ਕਿ ਆਧੁਨਿਕ ਵਿਸ਼ਵੀਕਰਨ ਦੇ ਯੁੱਗ ਵਿਚ ਮੀਡੀਆ ਦਾ ਇਹ ਬਾਜ਼ਾਰ ਸਭ ਉਪਰ ਭਾਰੀ ਪੈ ਰਿਹਾ ਹੈ। ਸਿਆਸਤ ਅਤੇ ਉਪਭੋਗਤਾਵਾਦ ਇਸ ਮਾਧਿਅਮ ਉਪਰ ਹਾਵੀ ਹੋ ਗਏ ਹਨ। ਸੂਝਵਾਨ ਲੋਕ ਇਸ ਰੁਝਾਂਨ ਤੋਂ ਚਿੰਤਤ ਹਨ। ਮੀਡੀਆ ਦੇ ਬਦਲਦੇ ਸਰੂਪ ਅਤੇ ਤੇਜ ਗਤੀ ਨਾਲ ਸਾਮਜਿਕ, ਸਭਿਆਚਾਰਕ ਬਦਲਾਅ ਨਾਲ ਇਕ ਨਵੀਂ ਸਭਿਆਚਾਰਕ ਬੈਚੇਨੀ ਪੈਦਾ ਹੋ ਰਹੀ ਹੈ। ਮੀਡੀਆ ਨੇ ਵਿਸ਼ਵ ਪੱਧਰ ਉਪਰ ਮਨੁੱਖੀ ਦੂਰੀ ਖਤਮ ਕਰਕੇ ਗਲੋਬਲੀਕਰਨ ਦਾ ਸੰਕਪਲ ਉਭਾਰਿਆ ਹੈ।

ਪਹਿਲਾ ਚੱਲ ਰਹੀ ਧਾਰਨਾ ਕਿ ਜ਼ਰੂਰਤ ਖੋਜ ਦੀ ਮਾਂ ਹੈ,ਪਰ ਅਜੋਕੇ ਮੀਡੀਏ ਨੇ ਇਸਨੂੰ ਖਾਰਜ ਕਰ ਦਿੱਤਾ ਹੈ, ਹੁਣ ਵਸਤੂਆ ਦੀ ਖੋਜ ਪਹਿਲਾ ਹੁੰਦੀ ਹੈ ਅਤੇ ਉਹਨਾਂ ਦੀ ਜ਼ਰੂਰਤ ਬਾਅਦ ਵਿਚ ਤਲਾਸ਼ੀ ਜਾਂਦੀ ਹੈ।ਹੁਣ ਵਿਅਕਤੀ ਕਿਸੇ ਵਸਤੂ ਦੀ ਜ਼ਰੂਰਤ ਨੂੰ ਨਿਰਧਾਰਤ ਨਹੀਂ ਕਰਦਾ ਬਲਕਿ ਵਸਤੂਆਂ ਆਪਣੇ ਆਪ ਜ਼ਰੂਰਤ ਨੂੰ ਅਕਰਸ਼ਕ ਅੰਦਾਜ਼ ਵਿਚ ਘੋਸ਼ਿਤ ਕਰਦੀਆਂ ਹਨ ਕਿ ਸਮਾਜ ਉਸਦੇ ਜਾਲ ਤੋਂ ਬਚ ਹੀ ਨਹੀਂ ਸਕਦਾ।ਇਸ ਗੱਲ ਦੀ ਪ੍ਰੋੜਤਾ ਸੱਤਿਆਨੰਦ ਜੋਸ਼ੀ ਦੀ ਧਾਰਨਾ ਇਸ ਤਰਾਂ ਕਰਦੀ ਹੈ ਕਿ:

ਮੀਡੀਆ ਕਿਹੜੀ ਸੰਸਕ੍ਰਿਤੀ ਆਪਣੇ ਦਰਸ਼ਕਾਂ ਪਾਠਕਾਂ ਤੱਕ ਪਹੁੰਚਾਉਣ ਦੀ ਕੋਸ਼ਿਸ ਕਰ ਰਿਹਾ ਹੈ, ਉਹ ਜੋ ਸਾਡੇ ਸਾਲਾਂ ਤੋਂ ਪਰੰਪਰਾ ਦੇ ਨਾਲ-ਨਾਲ ਚੱਲੀ ਆ ਰਹੀ ਹੈ ਜਾਂ ਫਿਰ ਉਹ ਜੋ ਹੌਲੀ-ਹੌਲੀ ਉਪਭੋਗਤਾਵਾਦ ਜਾਂ ਬਜ਼ਾਰਵਾਦ ਦਾ ਨਾਲ ਸਾਡੇ ਦੇਸ਼ ਵਿਚ ਪ੍ਰਵੇਸ਼ ਕਰਦੀ ਚਲੀ ਆ ਰਹੀ ਹੈ।

ਇਹ ਹਮੇਸ਼ਾ ਕਿਹਾ ਜਾਂਦਾ ਹੈ ਕਿ ਮੀਡੀਆ ਸਮਾਜ ਦਾ ਦਰਪਣ ਹੈ ਜਿਵੇਂ ਸਮਾਜ ਵਿਚ ਵਾਪਰਦਾ ਹੈ ਉਸੇ ਤਰ੍ਹਾਂ ਮੀਡੀਆ ਦਿਖਾਉਦਾ ਹੈ ਪਰ ਅੱਜ ਸਥਿਤੀ ਉਲਟੀ ਹੈ। ਸਮਾਜ ਦਾ ਚਿੰਤਨ, ਸੋਚ ਰਹਿਣ ਸਹਿਣ ਸਭ ਤੋਂ ਧਿਆਨ ਭੰਗ ਕਰਨ ਵਿਚ ਮੀਡੀਆ ਮਹੱਤਵਪੂਰਨ ਭੂਮਿਕਾ ਹੈ। ਇਹ ਭੂਮਿਕਾ ਦੋ ਵੱਖਰੇ ਵੱਖਰੇ ਵਿਕਲਪਾਂ ਵਿਚ ਉਭਰ ਕੇ ਸਾਹਮਣੇ ਆਉਂਦੀ ਹੈ। ਜਿਵੇਂ: ਕਾਰਪੋਰੇਟ ਮੀਡੀਆ (ਪ੍ਰਿੰਟ ਅਤੇ ਇਲੈਕਟ੍ਰਾਨਿਕ) ਸ਼ੋਸ਼ਲ ਮੀਡੀਆ (ਫੇਸ ਬੁੱਕ, ਵੱਟਸ ਐਪ, ਇਨਸਟਾਗਰਾਮ, ਸਨੈਪਚੈਟ, ਟਵਿੱਟਰ, ਬਲਾਗ, ਨਿਊਜ ਪੋਰਟਲ, ਯੂ, ਟਿਊਬ, ਐੱਸ.ਐੱਮ.ਐੱਸ., ਐੱਮ.ਐੱਮ, ਐੱਸ. ਆਦਿ।

ਮੀਡੀਆ ਕਾਰਪੋਰੇਟ ਮੀਡੀਆ ਸ਼ੋਸ਼ਲ ਮੀਡੀਆ ਲੋਕਧਾਰਾ ਅਤੇ ਮੀਡੀਆ ਦੇ ਸੰਬੰਧਾਂ ਬਾਰੇ ਕਈ ਸਵਾਲ ਹਨ ਜੋ ਸਾਡੀ ਲੋਕਧਾਰਾ ਨੂੰ ਪ੍ਰਫੁਲਿਤ ਕਰਨ ਲਈ ਮਾਨਸਿਕਤਾ ਨੂੰ ਝੰਜੋੜਦੇ ਹਨ ਕਿਉਂਕਿ ਮੀਡੀਆ ਆਪਣੇ ਵਪਾਰਕ ਹਿੱਤ ਨਾਲ ਜੁੜਿਆ ਹੈ ਨਾ ਕਿ ਸਮਾਜਕ ਸਰੋਕਾਰਾਂ ਨਾਲ। ਉਦਾਰੀਕਰਨ ਦੇ ਇਸ ਯੱਗ ਵਿੱਚ ਬਾਜ਼ਾਰ ਦੀਆਂ ਜਰੂਰਤਾਂਵਾ ਦੇ ਅਨੁਸਾਰ ਪ੍ਰਸਤੁਤ ਕੀਤਾ ਜਾ ਰਿਹਾ ਹੈ।

ਮੀਡੀਆ ਵਿੱਚ ਵਰਤੇ ਜਾ ਰਹੇ ਨਵੇਂ ਉਪਕਰਨ ਜਿਵੇਂ ਟੀ.ਵੀ, ਅਖਬਾਰਾਂ, ਸਿਨੇਮਾ, ਲੈਪਟਾਪ, ਮੋਬਾਇਲ ਆਦਿ ਸਾਡੇ ਵਡੇਰਿਆਂ ਨੇ ਪ੍ਰਯੋਗ ਨਹੀਂ ਕੀਤੇ ਸਗੋਂ ਆਧੁਨਿਕ ਪੀੜ੍ਹੀ ਨੇ ਕੀਤੇ ਹਨ। ਪੁਰਾਤਨ ਸਮੇਂ ਵਿੱਚ ਲੋਕਧਾਰਾ ਸਾਂਗ/ਨੁੱਕੜ ਨਾਟਕ/ ਰਾਮ-ਲੀਲਾ, ਰਾਸ-ਲੀਲਾ, ਨੋਟੰਕੀ, ਨਕਲਾਂ, ਲੋਕਨਾਚ, ਲੋਕਗੀਤ, ਲੋਕਤਮਾਸ਼ਾ, ਲੋਕ-ਖੇਡਾਂ ਆਦਿ ਦੀ ਪ੍ਰਸਤੁਤੀ ਪਿੰਡ ਪੱਧਰ ਤੇ ਮੇਲਿਆਂ ਆਦਿ

ਵਿੱਚ ਕੀਤੀ ਜਾਂਦੀ ਸੀ। ਕਿਉਂਕੀ ਉਸ ਸਮੇਂ ਇਹਨਾ ਦੀ ਪ੍ਰਸਤੁਤੀਕਰਨ ਦਾ ਹੋਰ ਕੋਈ ਵੀ ਸਾਧਨ ਉਪਲੱਬਧ ਨਹੀਂ ਸੀ।ਹੁਣ ਆਧਨਿਕ ਦੌਰ ਵਿੱਚ ਇਹਨਾਂ ਸਾਧਨਾਂ ਦਾ ਰੂਪ ਪਰਿਵਰਤਿਤ ਹੋ ਕੇ ਨਵੇ ਵਿਕਲਪਾਂ ਦੇ ਰੂਪ ਵਿੱਚ ਉਭਰ ਕੇ ਸਾਹਮਣੇ ਆ ਰਿਹਾ ਹੈ। ਜਿਵੇਂ ਟੀ.ਵੀ ਸ਼ੋਅ, ਪੁਰਾਤਨ ਸਮੇ ਵਿਚ ਨੌਟੰਕੀ, ਨਕਲਾਂ, ਸਾਂਗ ਆਦਿ ਰਾਹੀਂ ਪੰਜਾਬੀ ਲੋਕਧਾਰਾ ਤੇ ਨੈਤਿਕਤਾ ਨੂੰ ਆਮ ਜਨਤਾ ਤੱਕ ਪਹੁੰਚਾਇਆ ਜਾਂਦਾ ਸੀ ਪ੍ਰੰਤੂ ਅੱਜ ਕਮੇਡੀ ਨਾਈਟਸ ਵਿੱਚ ਕਪਿਲ, ਕਮੇਡੀ ਸਰਕਸ, ਲਾਫਟਰ ਦੀ ਮਾਸਟਰ, ਕੌਣ ਬਨੇਗਾ ਕਰੋੜਪਤੀ, ਸੱਤਿਆ ਮੇਵ ਜਯਤੇ, ਬਿੱਗ ਬੌਸ, ਖਤਰੋਂ ਕੇ ਖਿਲਾੜੀ, ਇੰਡੀਆ ਗੋਟਸ ਟੈਲੇਂਟ, ਬੈਂਸਟ ਡਰਾਮੇਬਾਜ਼, ਰਾਇਜ਼ਿੰਗ ਸਟਾਰ ਆਦਿ ਸ਼ੋਅ ਇਸਨੂੰ ਵਿਸ਼ਵ ਪੱਧਰ ਤੇ ਬਦਲਵੇਂ ਰੂਪ ਵਿੱਚ ਪੇਸ਼ ਕਰ ਰਹੇ ਹਨ। ਪਿੰਡਾਂ ਦੀਆਂ ਗਲੀਆਂ ਵਿੱਚੋਂ ਨਿਕਲ ਕੇ ਇਸਨੂੰ ਵਿਸ਼ਵ ਪੱਧਰ ਦਾ ਮੰਚ ਪ੍ਰਾਪਤ ਹੋ ਚੁੱਕਾ ਹੈ। ਸਾਡੀ ਲੋਕਧਾਰਾ ਵਿਚ ਜਨਮ ਵਿਆਹ ਤੇ ਮੌਤ ਦੀਆਂ ਰਸਮਾਂ ਨੂੰ ਆਧੁਨਿਕ ਪੀੜ੍ਹੀ ਦੇ ਸਨਮੁੱਖ ਰੱਖ ਕੇ ਪੇਸ਼ ਕੀਤਾ ਜਾ ਰਿਹਾ ਹੈ।

ਤਿਉਹਾਰ ਨੂੰ ਵੀ ਮੀਡੀਆ ਦਾ ਹਿੱਸਾ ਬਣਾ ਕੇ ਵਿਸ਼ਵ ਪੱਧਰ ਤੇ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਲੋਹੜੀ, ਵਿਸਾਖੀ, ਦਿਵਾਲੀ, ਹੋਲੀ, ਰੱਖੜੀ ਆਦਿ ਤਿਉਹਾਰ ਨੂੰ ਸਿਨੇਮਾ ਅਤੇ ਟੀ.ਵੀ. ਸੀਰੀਅਲਾਂ ਵਿਚ ਪੇਸ਼ ਕੀਤਾ ਜਾਂਦਾ ਹੈ।

ਲੋਕਧਾਰਾ ਵਿਚ ਲੋਕ ਪਹਿਰਾਵਾ ਅਤੇ ਲੋਕ ਖੇਡਾਂ ਵੀ ਇਕ ਦਾਇਰੇ ਵਿਚੋਂ ਬਾਹਰ ਨਿਕਲੇ ਕੇ ਅੰਤਰ ਰਾਸ਼ਟਰੀ ਪੱਧਰ ਉਪਰ ਪ੍ਰਚਲਿਤ ਹੋ ਰਹੇ ਹਨ।ਲੋਕ ਖੇਡਾਂ ਵਿਚ ਕਬੱਡੀ ਨੂੰ ਅੰਤਰ-ਰਾਸ਼ਟਰੀ ਯੋਗਦਾਨ ਰਿਹਾ ਹੈ। ਇਸੇ ਤਰਾਂ ਪੰਜਾਬੀ ਪਹਿਰਾਵਾ ਸੂਟ ਸਲਵਾਰ ਨੂੰ ਸਿਨੇਮਾ ਨੇ ਬਹੁਤ ਜਿਆਦਾ ਬੜਾਵਾਂ ਦਿੱਤਾ ਹੈ। ਪੰਜਾਬੀ ਸਿਨੇਮੇ ਤੋਂ ਇਲਾਵਾ ਹਿੰਦੀ ਸਿਨੇਮੇ ਵਿਚ ਵੀ ਪੰਜਾਬੀ ਪਹਿਰਾਵੇ ਨੂੰ ਪਹਿਲ ਦਿੱਤੀ ਜਾ ਰਹੀ। ਜਿਵੇਂ ਜਬ ਵੁਈ ਮੈਟ, ਬਾਡੀਗਾਰਡ, ਤਨੂੰ ਵੈਡਜ ਮੰਨੂੰ ਆਦਿ ਵਿਚ ਪੰਜਾਬੀ ਸੂਟ ਕਾਫੀ ਪ੍ਰਸਿੱਧ ਹੋਏ ਹਨ।

ਕਾਰਪੋਰੇਟ ਮੀਡੀਆ ਵਿਚ ਪ੍ਰਿੰਟ ਮੀਡੀਆ ਵੀ ਲੋਕਾਂ ਨੂੰ ਧਾਰਮਿਕ, ਸਮਾਜਿਕ, ਰਾਜਨੀਤਿਕ ਤੇ ਸਭਿਆਚਾਰਕ ਸਰਗਰਮੀਆਂ ਦੀ ਜਾਣਕਾਰੀ ਪ੍ਰਦਾਨ ਕਰਦਾ ਹੈ। ਅਖਬਾਰਾਂ ਮੈਗਜੀਨਾਂ ਵਿਚ ਹਰ ਵਰਗ ਦੀ ਲੋੜ ਨੂੰ ਧਿਆਨ ਵਿਚ ਰੱਖਦੇ ਹੋਏ ਵਿਸ਼ੇਸ਼ ਅੰਕ ਛਾਪੇ ਜਾਂਦੇ ਹਨ ਜਿਵੇਂ: ਧਰਮ ਤੇ ਵਿਰਸਾ, ਧਰਮ ਤੇ ਸਭਿਆਚਾਰ ਤੇ ਲੋਕਧਾਰਾ, ਖੇਡ ਸੰਸਾਰ ਆਦਿ। ਇਹਨਾਂ ਵਿਸ਼ੇਸ ਅੰਕਾਂ ਰਾਹੀਂ ਮਾਨਸਿਕ ਸੰਤੁਸ਼ਟੀ ਦੇ ਨਾਲ ਨਾਲ ਸਭਿਆਚਾਰਕ ਤੇ ਲੋਕਧਾਰਾ, ਖੇਡ ਸੰਸਾਰ ਆਦਿ। ਇਹਨਾਂ ਵਿਸ਼ੇਸ ਅੰਕਾਂ ਰਾਹੀਂ ਮਾਨਸਿਕ ਸੰਤੁਸ਼ਟੀ ਦੇ ਨਾਲ ਨਾਲ ਸਭਿਆਚਾਰ ਤੇ ਲੋਕਧਾਰਾ ਤੋਂ ਵੀ ਜਾਣੂ ਕਰਵਾਇਆ ਜਾਂਦਾ ਹੈ।

ਸਾਡੇ ਆਲੋਪ ਹੋ ਰਹੀ ਪੁਰਾਤਨ ਲੋਕਧਾਰਾਈ ਸਮੱਗਰੀ (ਜੁੱਤੀ, ਚਰਖਾ, ਦਰਵਾਜੇ, ਰਸਮੋ-ਰਿਵਾਜ, ਲੋਕ ਵਿਸਵਾਸ) ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਲਿਖਤ ਰੂਪ ਵਿਚ ਭੇਜਿਆ ਜਾ ਰਿਹਾ ਹੈ। ਕਾਰਪੋਰੇਟ ਮੀਡੀਆ ਤੋਂ ਇਲਾਵਾ ਸ਼ੋਸਲ ਮੀਡੀਆ ਵੀ ਲੋਕਧਾਰਾ ਨੂੰ ਪੇਸ਼ ਕਰਨ ਵਿਚ ਆਪਣੀ ਵੱਖਰੀ ਭੂਮਿਕਾ ਨਿਭਾਅ ਰਿਹਾ ਹੈ। ਜਿਵੇਂ ਫੇਸ ਬੁੱਕ, ਇਨਸਟਾਗਰਾਮ, ਸਨੈਪਚੈਟ, ਵਟਸ ਐਪ ਯੂ,ਟਿਊਬ ਆਦਿ। ਨੌਜਵਾਨ ਵਰਗ ਦੀਆਂ ਰੁਚੀਆ, ਸੁਹਜ ਸਵਾਦ ਵੱਖਰੀ ਭਾਂਤ ਦੇ ਹੋ ਗਏ ਹਨ। ਇਸੇ ਵੱਖਰਤਾ ਉਪਰ ਮੀਡੀਆ ਸਿਰਫ ਆਪਣੀ ਟੀ.ਆਰ.ਪੀ. ਨੂੰ ਵਧਾ ਰਿਹਾ ਹੈ। ਸਮਾਜ ਦੀ ਭਲਾਈ ਇਕ ਪਾਸੇ ਟੀ.ਆਰ.ਪੀ. ਦੇ ਨੀਚੇ ਦੱਬ ਕੇ ਰਹਿ ਗਈ ਹੈ।

ਇਸ ਤਰਾਂ ਵੀ ਨਹੀਂ ਕਿ ਇਸਦੇ ਹਿੱਸੇ ਸਿਰਫ ਬੁਰਾਈਆ ਹੀ ਆਈਆ ਹਨ। ਇਸਨੇ ਕਈ ਅਹਿਮ ਕੰਮ ਵੀ ਕੀਤੇ ਹਨ। ਪਰ ਦੋਸ਼ਾਂ ਦਾ ਪੱਲੜਾ ਜਿਆਦਾ ਭਾਰੀ ਹੈ। ਮੌਜੂਦਾ ਮੀਡੀਆ ਆਮ ਆਦਮੀ ਦੇ ਦਰਦ ਨੂੰ ਮੰਚ ਦੇ ਰਿਹਾ ਹੈ। ਡਾ. ਰਣਜੀਤ ਸਿੰਘ ਬਾਜਵਾ ਇਸ ਸੰਬੰਧੀ ਆਪਣੀ ਧਾਰਨਾ ਪੇਸ਼ ਕਰਦੇ ਹਨ ਕਿ, ਅੱਜ ਦੀ ਘੜੀ ਵਿਚ ਮੀਡੀਆ ਦਾ ਮੁੱਖ ਕਰਤੱਵ ਪੰਜਾਬ ਦੇ ਸਮਾਜਿਕ ਯਥਾਰਥ ਨੂੰ ਸਮਝ ਕੇ ਵਧੀਆ ਨੀਤੀ ਅਪਨਾਉਣ ਦਾ ਹੈ। ਸਾਡੇ ਲੋਕ ਵਿਰਸੇ, ਲੋਕ ਕਲਾਵਾਂ, ਲੋਕ ਸੰਗੀਤ ਅਤੇ ਸਾਹਿਤਕ ਕ੍ਰਿਤਾਂ ਤੇ ਅਧਾਰਿਤ ਪ੍ਰੋਡਕਸ਼ਨ ਤਿਆਰ ਕਰਨ ਦੀ ਲੋੜ ਹੈ।

ਸਮੇਂ ਦੀ ਤੋਰ ਅਤੇ ਤਬਦੀਲੀਆਂ ਦਾ ਸੁਆਗਤ ਕਰਨਾ ਬਣਦਾ ਹੈ ਪ੍ਰੰਤੂ ਮੀਡੀਆ ਲਈ ਵੀ ਜ਼ਰੂਰੀ ਹੈ ਕਿ ਉਹ ਸਮਾਜ ਦੇ ਦਿਸ਼ਾਹੀਨ ਰੁਝਾਨਾਂ ਨੂੰ ਰੋਕਣ ਲਈ ਲੋਕਾਂ ਦਾ ਜੀਵੰਤ ਸੰਵਾਦ ਰਚਾਏ। ਇਸਨੂੰ ਕੇਵਲ ਵਿਵੇਕ ਦ੍ਰਿਸ਼ਟੀ ਅਪਨਾਉਣ ਦੀ ਲੋੜ ਹੈ। ਵਿਸ਼ੇਸ ਤੌਰ ਤੇ ਗਿਆਨ, ਸੋਚ ਅਤੇ ਰਾਜਨੀਤਿਕ ਸ਼ਕਤੀ ਤੇ ਸੁਚੱਜੇ ਸੁਮੇਲ ਨਾਲ ਇਕ ਨਵੀਂ ਮੀਡੀਆ ਨੀਤੀ ਉਸਾਰਨ ਦੀ ਲੋੜ ਹੈ, ਜੋ ਸਾਡੀ ਸੁਚੱਜੀ ਲੋਕਧਾਰਾ ਦੀ ਤਰਜਮਾਨੀ ਕਰ ਸਕਣ।

## ਲੋਕਧਾਰਾ ਤੇ ਪੰਜਾਬੀ ਸਿਨੇਮਾ

ਲੋਕਧਾਰਾ ਅਨੁਸ਼ਾਸ਼ਨ ਦਾ ਅਧਿਐਨ ਅੱਜਕੱਲ੍ਹ ਬਹੁਤ ਚਰਚਾ ਦੇ ਵਿੱਚ ਹੈ। ਨਵੀਆਂ ਤਕਨੀਕਾਂ ਦਾ ਵਿਸਤਾਰ ਹੋਣ ਦੇ ਨਾਲ ਦੁਨੀਆ ਦਾ ਹਰ ਵਰਗ ਬਦਲਾਅ ਦੀ ਪ੍ਰਕ੍ਰਿਆ ਦੇ ਵਿਚੋਂ ਗੁਜ਼ਰ ਰਿਹਾ ਹੈ। ਇਹ ਬਦਲਾਅ ਚੰਗੇ ਅਤੇ ਮਾੜੇ ਦੋਵੇਂ ਤਰ੍ਹਾਂ ਦੇ ਪ੍ਰਭਾਵ ਪਾ ਰਿਹਾ ਹੈ। ਹਰ ਸਮਾਜ ਦੀ ਆਪਣੀ ਵੱਖਰੀ ਲੋਕਧਾਰਾ ਹੁੰਦੀ ਹੈ। ਲੋਕਧਾਰਾ ਆਪਣੇ ਆਪ ਵਿੱਚ ਇੱਕ ਜਟਿਲ ਪ੍ਰਕ੍ਰਿਆ ਹੈ। ਇਸ ਦੀ ਕੋਈ ਇੱਕ ਪਰਿਭਾਸ਼ਾ ਨਹੀਂ ਕੀਤੀ ਜਾ ਸਕੀ ਹੈ। ਡਾ. ਸੋਹਿੰਦਰ ਸਿੰਘ ਬੇਦੀ ਅਨੁਸਾਰ, "ਲੋਕ-ਧਾਰਾ ਮਨੁੱਖ ਦੇ ਜੀਵਨ, ਸਾਹਿਤ, ਕਲਾ ਤੇ ਧਰਮ ਵਿੱਚ ਇੱਕ ਗਤੀਸ਼ੀਲ ਪ੍ਰਵਾਹ ਵਾਂਗ ਸਮਾਈ ਹੋਈ ਹੈ। ਜੀਵਨ ਦੇ ਵਿਕਾਸ ਵਿੱਚ ਲੋਕ-ਧਾਰਾ ਨੇ ਭਰਪੂਰ ਤੇ ਮਹੱਤਵਪੂਰਨ ਹਿੱਸਾ ਪਾਇਆ ਹੈ। ਕਲਾ, ਸਾਹਿਤ, ਨ੍ਰਿਤ-ਨਾਟ, ਧਰਮ, ਵਿਗਿਆਨ ਆਦਿ ਸਭ ਡਿਸਪਲਿਨ ਲੋਕ-ਧਾਰਾ ਦੀਆਂ ਹੂੜੀਆਂ ਤੋਂ ਉਭਰੇ ਤੇ ਵਿਗਸਿਤ ਹੋਏ ਹਨ।"

ਡਾ. ਗੁਰਮੁਖ ਸਿੰਘ ਦੇ ਅਨੁਸਾਰ, ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਇਹ ਪੂੰਜੀਵਾਦੀ ਮੀਡੀਏ ਦਾ ਯੁੱਗ ਹੈ। ਇਸ ਦਾ ਉਦੇਸ਼ ਕਿਸੇ ਸਾਰਥਕ ਮਾਨਵੀ ਸਰਗਰਮੀ ਦੀ ਥਾਂ ਵਪਾਰ ਅਤੇ ਮੁਨਾਫ਼ਾ ਹੈ। ਇਸ ਉਦੇਸ਼ ਦੀ ਪ੍ਰਾਪਤੀ ਲਈ ਇਹ ਇੱਕ ਤੋਂ ਵੱਧ ਜੁਗਤਾਂ ਵਰਤਦਾ ਹੈ। ਪਹਿਲੀ ਜੁਗਤ ਅਧੀਨ ਇਹ ਦਰਸ਼ਕ/ਸਰੋਤੇ ਦੀ ਭਾਲ ਕਰਦਾ ਹੈ ਅਤੇ ਫਿਰ ਲੋਕ-ਮਨ ਦੀਆਂ ਇੱਛਾਵਾਂ, ਰੀਝਾਂ ਅਤੇ

ਉਮੰਗਾਂ ਅਨੁਸਾਰੀ ਸਿਰਜੇ ਦ੍ਰਿਸ਼ਾਂ ਅਤੇ ਘਟਨਾਵਾਂ ਦੇ ਮਾਇਆ ਜਾਲ ਰਾਹੀਂ ਉਸ ਦੇ ਧੁਰ ਅੰਦਰ ਤੱਕ ਰਸਾਈ ਬਣਾਉਂਦਾ ਹੈ। ਮੀਡੀਆ ਲੋਕ-ਮਨ ਨੂੰ ਆਪਣੇ ਨਾਲ ਇਸ ਕਦਰ ਜੋੜ ਲੈਂਦਾ ਹੈ ਕਿ ਉਸ ਤੋਂ ਬਿਨਾਂ ਲੋਕ-ਮਨ ਨੂੰ ਆਪਦਾ ਅਸਤਿਤਵ ਹੀ ਅਧੂਰਾ ਨਜ਼ਰ ਆਉਣ ਲੱਗਦਾ ਹੈ। ਇਸ ਸਥਿਤੀ ਵਿੱਚ ਉਹ ਲੋਕ-ਮਨ ਨੂੰ ਉਸ ਦੀ ਹੋਂਦ ਬਾਬਤ ਦਿਸ਼ਾ ਨਿਰਦੇਸ਼ ਦੇਣ ਲੱਗਦਾ ਹੈ। ਉਸ ਦੇ ਚਰਿੱਤਰ ਦੀ ਉਸਾਰੀ ਦਾ ਸਭ ਤੋਂ ਪ੍ਰਭਾਵਸ਼ਾਲੀ ਨਿਰਧਾਰਕ ਬਣ ਬੈਠਦਾ ਹੈ।"

ਡਾ. ਗੁਰਮੁਖ ਸਿੰਘ ਇਸ ਨੂੰ ਇੰਝ ਵਿਚਾਰਦੇ ਹਨ, "ਪੁਨਰ-ਸੁਰਜੀਤੀ ਦੇ ਦੌਰ ਵਿਚੋਂ ਗੁਜ਼ਰ ਰਿਹਾ ਪੰਜਾਬੀ ਸਿਨੇਮਾ ਵੀ ਇਸ ਪ੍ਰਸੰਗ ਵਿੱਚ ਕੁਝ ਘੱਟ ਨਹੀਂ ਗੁਜ਼ਾਰ ਰਿਹਾ ਹੈ। ਸੰਸਾਰ ਪੂੰਜੀਵਾਦ ਦੇ ਅਮਲ ਨੂੰ ਉਸਨੇ ਵੀ ਆਤਮ-ਸਾਤ ਕਰ ਲਿਆ ਹੈ ਅਤੇ ਉਹ ਵੀ ਪੰਜਾਬੀ 'ਮੈਂ' ਨੂੰ ਪੂੰਜੀਵਾਦ ਦੇ ਏਜੰਡੇ ਅਨੁਸਾਰ ਢਾਲਣ ਵਿੱਚ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਉਦਾਹਰਨ ਲਈ ਮਨਮੋਹਨ ਸਿੰਘ ਦੁਆਰਾ ਨਿਰਦੇਸ਼ਤ ਅਤੇ ਪ੍ਰਸਿੱਧ ਗਾਇਕ ਹਰਭਜਨ ਮਾਨ ਨੂੰ ਬਤੌਰ ਨਾਇਕ ਪੇਸ਼ ਕਰਨ ਵਾਲੀਆਂ ਪੰਜਾਬੀ ਫ਼ਿਲਮਾਂ ਇਸ ਪ੍ਰਸੰਗ ਵਿੱਚ ਦੇਖੀਆਂ ਜਾ ਸਕਦੀਆਂ ਹਨ। ਪੰਜਾਬ ਦੇ ਨੌਜਵਾਨਾਂ ਦੀ ਅਮਰੀਕਾ, ਕੈਨੇਡਾ ਆਦਿ ਹੋਰ ਦੇਸ਼ਾਂ ਵੱਲ ਜਾਣ ਦੀ ਚਾਹਤ ਪਹਿਲਾਂ ਹੀ ਘੱਟ ਨਹੀਂ ਸੀ ਪਰ ਇਨ੍ਹਾਂ ਫ਼ਿਲਮਾਂ ਦੀ ਆਮਦ ਬਲਦੀ ਤੇ ਤੇਲ ਪਾਉਂਦੀ ਹੈ ਅਤੇ ਨਤੀਜੇ ਵਜੋਂ ਪੰਜਾਬੀ ਗੱਭਰੂ ਦੀ ਆਪਣੀ ਭੋਇੰ ਨਾਲ ਜੁੜਨ ਦੀ ਆਪ ਹੋਰ ਮੱਧਮ ਪੈ ਜਾਂਦੀ ਹੈ। ਇਹ ਫ਼ਿਲਮਾਂ ਪੰਜਾਬੀਆਂ ਦੇ ਬਾਹਰ ਜਾਣ ਦੇ ਸੁਪਨੇ ਨੂੰ ਆਪਣੀ ਆਰਥਿਕ ਕਮਾਈ ਦੇ ਮਾਧਿਅਮ ਵਜੋਂ ਵਰਤਦੀਆਂ ਹਨ। ਇਹ ਫ਼ਿਲਮਾਂ ਪਹਿਲਾਂ ਸੁਪਨੇ ਸਿਰਜਦੀਆਂ ਹਨ ਅਤੇ ਫਿਰ ਉਨ੍ਹਾਂ ਸੁਪਨਿਆਂ ਦਾ ਕਾਰੋਬਾਰ ਕਰਦੀਆਂ ਹਨ। ਇਹ ਸੁਪਨਿਆਂ ਦਾ ਅਜਿਹਾ ਕਾਰੋਬਾਰ ਹੈ, ਜਿਸ ਦਾ ਪੰਜਾਬ ਦੇ ਅਸਲ ਸੰਕਟਾਂ ਨਾਲ ਕੋਈ ਦੂਰ ਨੇੜੇ ਦਾ ਵੀ ਵਾਸਤਾ ਨਹੀਂ। ਇਹ ਸੁਪਨੇ ਕੇਵਲ ਏਧਰਲੇ ਪੰਜਾਬੀਆਂ ਨੂੰ ਹੀ ਨਹੀਂ ਵੇਚੇ ਜਾਂਦੇ ਇਹ ਉੱਪਰਲੇ (ਪਰਵਾਸੀ) ਪੰਜਾਬੀਆਂ ਨੂੰ ਵੀ ਵੇਚੇ ਜਾਂਦੇ ਹਨ। ਏਧਰਲੀਆਂ ਨੂੰ ਪਰਵਾਸ ਦੇ ਖ਼ੂਬਸੂਰਤ ਨਜ਼ਾਰਿਆਂ ਅਤੇ ਮਨਭਾਉਂਦੀਆਂ ਆਰਥਿਕ ਅਤੇ ਭਾਵੁਕ ਸਫ਼ਲਤਾਵਾਂ ਦੇ ਅਤੇ ਉਧਰਲਿਆਂ ਨੂੰ ਏਧਰਲੇ ਪੰਜਾਬ ਦੇ 'ਸ਼ਾਨਾਮੱਤੇ' ਵਿਰਸੇ, ਨਿੱਘੇ ਰਿਸ਼ਤਿਆਂ, ਅਮੀਰ ਘਰਾਂ ਅਤੇ ਖ਼ੂਬਸੂਰਤ ਪਿੰਡਾਂ ਦੇ ਇਨ੍ਹਾਂ ਫ਼ਿਲਮਾਂ ਦੁਆਰਾ ਸਿਰਜੇ ਸੁਪਨਿਆਂ ਦੇ ਸੰਸਾਰ ਵਿੱਚ ਗੁਆਚਿਆ ਪੰਜਾਬੀ ਬੰਦਾ ਅਛੋਪਲੇ ਹੀ ਅਮਲੀ ਜੀਵਨ ਦੀਆਂ ਦੁਸ਼ਵਾਰੀਆ ਤੋਂ ਪਾਸਾ ਵੱਟ ਜਾਂ ਤਾਂ ਭੂਤ ਦੇ ਰੋਮਾਂਟਿਕ ਵਾਤਾਵਰਨ, (ਲੋਕ-ਧੁਨਾਂ, ਲੋਕ-ਨਾਚ, ਪਰੰਪਰਕ ਸਜਾਵਟੀ ਕੱਪੜੇ, ਉਚੇਰੇ ਰਿਸ਼ਤੇ) ਵਿੱਚ ਅਤੇ ਜਾਂ ਫਿਰ ਵਿਦੇਸ਼ਾਂ ਦੀ ਭਰਮਾਊ ਚਕਾਚੌਂਧ (ਵੱਡੀਆਂ ਕਾਰਾਂ, ਵੱਡੇ ਘਰ ਅਤੇ ਸੁਹਣੀਆਂ ਕੁੜੀਆਂ) ਵਿੱਚ ਮਗਨ ਹੋ ਜਾਂਦਾ ਹੈ।"

ਅੱਜਕੱਲ ਪੰਜਾਬੀ ਸਿਨੇਮਾ ਦੇ ਰੁਝਾਨ ਪੁਰਾਣੇ ਕਿੱਸਿਆਂ ਦੀ ਤਰਜ ਉੱਤੇ ਫਿਲਮਾਂ ਬਣਾਉਣ ਦਾ ਹੈ। ਗਿੱਪੀ ਗਰੇਵਾਲ ਸਟਾਰਰ ਫ਼ਿਲਮ 'ਮਿਰਜ਼ਾ' ਅਤੇ ਗੁਰਦਾਸ ਮਾਨ ਦੀ ਪਹਿਲਾਂ ਆਈ ਫ਼ਿਲਮ 'ਵਾਰਿਸ-ਇਸ਼ਕ ਦਾ ਵਾਰਿਸ' ਅਜਿਹੀਆਂ ਉਦਾਹਰਨਾਂ ਹਨ।

### ਸਾਰਾਂਸ਼

ਸਭਿਆਚਾਰ ਲੋਕ ਸਮੂਹ ਦੁਆਰਾ ਬਣਾਏ ਜੀਵਨ ਦੇ ਇੱਕ ਵਿਸ਼ੇਸ਼ ਜੀਵਨ ਜਾਚ ਦਾ ਨਾਮ ਹੈ। ਪਸ਼ੂ ਜੀਵਨ ਤੋਂ ਉੱਪਰ ਉੱਠ ਕੇ, ਮਨੁੱਖ ਆਪਣੀਆਂ ਅੰਦਰੂਨੀ ਕਰਤਾਰੀ ਸ਼ਕਤੀਆਂ ਨੂੰ ਪ੍ਰਗਟ ਕਰਨ ਅਤੇ ਵਿਉਂਤਣ ਲਈ ਸਭਿਆਚਾਰ ਸਿਰਜਦਾ ਹੈ। ਸਭਿਆਚਾਰ ਦਾ ਮੁੱਖ ਟੀਚਾ ਮਨ, ਸਰੀਰ ਅਤੇ ਆਤਮਾ ਦੀ ਸਦਭਾਵਨਾ ਪੈਦਾ ਕਰਦੇ ਹੋਏ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਨੂੰ ਪੂਰਾ ਕਰਨਾ ਅਤੇ ਉਸੇ ਸਮੇਂ ਮਨੁੱਖ ਦੀ ਵਿਅਕਤੀਗਤ ਅਤੇ ਸਮੂਹਕ ਸੰਭਾਵਨਾ ਦਾ ਪਾਲਣ ਪੋਸ਼ਣ ਕਰਨਾ ਹੈ। ਖ਼ਾਸ ਭੂਗੋਲਿਕ ਖਿੱਤੇ ਦੀਆਂ ਸਰੀਰਕ, ਕੁਦਰਤੀ ਅਤੇ ਜਲਵਾਯੂ ਦੀਆਂ ਸਥਿਤੀਆਂ ਦੇ ਅਧਾਰ ਤੇ, ਲੋਕ ਜ਼ਿੰਦਗੀ ਦੇ ਛੋਟੇ ਪਹਿਲੂ ਤੋਂ ਲੈ ਕੇ ਮਹਾਨ ਉਦੇਸ਼ ਤੱਕ ਕਈ ਤਰ੍ਹਾਂ ਦੇ ਸਭਿਆਚਾਰਕ ਪ੍ਰਬੰਧਾਂ ਦਾ ਨਿਰਮਾਣ ਕਰ ਰਹੇ ਹਨ। ਸਭਿਆਚਾਰ ਇਕ ਗਤੀਸ਼ੀਲ ਵਰਤਾਰਾ ਹੈ। ਸਰੀਰਕ, ਰਾਜਨੀਤਿਕ ਅਤੇ ਹੋਰ ਤਬਦੀਲੀਆਂ ਇਸਨੂੰ ਬਦਲਦੀਆਂ ਰਹਿੰਦੀਆਂ ਹਨ। ਪੰਜਾਬ ਦਾ ਸਭਿਆਚਾਰ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ, ਲਿਖਤ ਸਾਹਿਤ, ਰਸੋਈ, ਵਿਗਿਆਨ, ਟੈਕਨੋਲੋਜੀ, ਸੈਨਿਕ ਯੁੱਧ, ਰਵਾਇਤਾਂ, ਕਦਰਾਂ ਕੀਮਤਾਂ ਅਤੇ ਪੰਜਾਬੀ ਲੋਕਾਂ ਦੇ ਇਤਿਹਾਸ ਨੂੰ ਸ਼ਾਮਲ ਕਰਦਾ ਹੈ।

ਇਸ ਗਤੀਸ਼ੀਲ ਸਮੇਂ ਵਿੱਚ ਪੰਜਾਬੀ ਸਭਿਆਚਾਰ ਦੇ ਅਸਲ ਸੁਭਾਅ ਦੀ ਪਛਾਣ ਕਰਨ ਦੀ ਲੋੜ ਹੈ। ਬਹੁਤ ਵਾਰ ਅਸੀਂ ਅਣਦੇਖੀ ਨੂੰ ਸਭਿਆਚਾਰ ਦੀ ਪ੍ਰਾਚੀਨਤਾ ਬਣਾਉਣ ਦੀ ਕੋਸ਼ਿਸ਼ ਕਰਦੇ ਹਾਂ। ਦਰਅਸਲ, ਸਭਿਆਚਾਰ ਇੱਕ ਸਾਂਝਾ ਪ੍ਰਬੰਧ ਹੈ ਜੋ ਮਨੁੱਖ ਦੁਆਰਾ ਇੱਕ ਸੱਚੀ ਅਤੇ ਸ਼ੁੱਧ, ਮਹਾਨ ਅਤੇ ਬੁੱਧੀਮਾਨ ਸ਼ਖਸੀਅਤ ਨੂੰ ਬਣਾਉਣ ਲਈ ਬਣਾਇਆ ਗਿਆ ਹੈ। ਇਸ ਜ਼ਰੂਰਤ ਨਾਲ ਘਰਾਂ, ਪਰਿਵਾਰਾਂ, ਫਿਰਕਿਆਂ, ਰਿਸ਼ਤੇ, ਵਿਆਹ, ਰਿਵਾਜ਼ਾਂ, ਵਿਸ਼ਵਾਸਾਂ, ਕਦਰਾਂ ਕੀਮਤਾਂ, ਨਮੂਨਿਆਂ, ਕਲਾਵਾਂ, ਪਹਿਰਾਵੇ, ਸ਼ਿੰਗਾਰੇ, ਲੋਕ ਕਥਾਵਾਂ ਅਤੇ ਹੋਰ ਬਹੁਤ ਸਾਰੇ ਪੈਦਾ ਹੋਏ ਹਨ। ਇਹ ਸਾਰੀਆਂ ਰਚਨਾਵਾਂ ਮਨੁੱਖ ਨੂੰ ਜਾਨਵਰਾਂ ਦੇ ਰਾਜ ਤੋਂ ਉੱਪਰ ਉੱਠ ਕੇ ਉਸਾਰੂ ਅਤੇ ਖੁਸ਼ਹਾਲ ਬਣਾਉਣ ਲਈ ਸਾਧਨ ਬਣੀਆਂ ਹਨ।

## ਕੇਂਦਰੀ ਸ਼ਬਦ

- **ਗੂੰਗਾ ਇਨਕਲਾਬ** ਅਧੁਨਿਕ ਸੂਚਨਾ ਅਤੇ ਤਕਨਾਲੋਜੀ ਨੂੰ ਗੂੰਗੇ ਇਨਕਲਾਬ (Quiet Revolution) ਦਾ ਨਾਮ ਵੀ ਦਿੱਤਾ ਜਾਂਦਾ ਹੈ।
- **ਸਭਿਆਚਾਰਕ ਖੇਤਰ** ਦਾ ਨਿਰਣਾ, ਸਭਿਆਚਾਰਕ ਅਤੇ ਭੂਗੋਲ ਦੇ ਅੰਤਰ ਸਬੰਧਾਂ ਤੇ ਵੀ ਨਿਰਭਰ ਕਰਦਾ ਹੈ। ਲੋਕਾਂ ਦਾ ਰਹਿਣ ਸਹਿਣ, ਖਾਣ ਪੀਣ ਬਹੁਤ ਹੱਦ ਤੱਕ ਭੂਗੋਲਿਕ ਹਾਲਤਾਂ ਤੇ ਨਿਰਭਰ ਕਰਦਾ ਹੈ। ਕਿਸੇ ਖਿਤੇ ਦੇ ਪ੍ਰਾਪਤ ਜਲਵਾਯੂ

ਵਸੀਲੇ ਬਨਸਪਤੀ, ਦਰਿਆ, ਪੌਣ ਪਾਣੀ, ਧਰਤੀ ਹੇਠਲੇ ਪਾਣੀ ਦੀ ਸਥਿਤੀ, ਮਾਂਹ ਦੀ ਅਵਸਥਾ, ਜਮੀਨ ਦੀ ਕਿਸਮ ਸਭਿਆਚਾਰ ਦੀਆਂ ਮੂਲ ਧਾਰਨਾਵਾਂ ਸਥਾਪਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ।

- **ਕਦਰ ਪ੍ਰਣਾਲੀ** ਕਿਸੇ ਸਭਿਆਚਾਰਕ ਸਮੂਹ ਦੀ ਜੀਵਨ ਸ਼ੈਲੀ।
- **ਖਪਤਵਾਦ** ਬੇਲੋੜੀਆਂ ਚੀਜਾਂ/ਵਸਤਾਂ ਨੂੰ ਭੋਗਣ ਦੀ ਮਾਨਸਿਕਤਾ।

## ਸਵੈ-ਮੁਲਾਂਕਣ

**ਪ੍ਰਸ਼ਨ 1. ...............ਮੀਡੀਏ ਦਾ ਯੁੱਗ ਹੈ।**

ੳ) ਪੂੰਜੀਵਾਦੀ

ਅ) ਸਮਾਜਵਾਦੀ

ੲ) ਵਿਦੇਸ਼ੀ

ਸ) ਨਸਲਵਾਦੀ

**ਪ੍ਰਸ਼ਨ 2. ਅਧੁਨਿਕ ਸੂਚਨਾ ਅਤੇ ਤਕਨਾਲੋਜੀ ਨੂੰ ਕਿਸ ਇਨਕਲਾਬ ਨਾਮ ਵੀ ਦਿੱਤਾ ਜਾਂਦਾ ਹੈ।**

ੳ) ਕੁਦਰਤੀ ਇਨਕਲਾਬ

ਅ) ਅੰਤਰਾਸ਼ਟਰੀ ਇਨਕਲਾਬ

ੲ) ਬਿਜਲਈ ਇਨਕਲਾਬ

ਸ) ਗੂੰਗੇ ਇਨਕਲਾਬ

**ਪ੍ਰਸ਼ਨ 3. ਮਲਟੀਮੀਡੀਆ ਦੇ ਕਿਸ ਸਭ ਤੋਂ ਉੱਤਮ ਢੰਗ ਰਾਹੀਂ ਲੋਕ ਨਾਚ ਨੂੰ ਪੇਸ਼ ਕੀਤਾ ਜਾ ਸਕਦਾ ਹੈ?**

ੳ) ਟੈਕਸਟ

ਅ) ਆਡੀਓ-ਵੀਡੀਓ

ੲ) ਚਿਤਰ

ਸ) ਜੀਵੰਤ ਚਿਤਰ

**ਪ੍ਰਸ਼ਨ 4. ਇੰਟਰਨੈਰ ਅਤੇ ਲੋਕਧਾਰਾ ਸੰਬੰਧੀ ਕੀ ਸਹੀ ਹੈ?**

ੳ) ਲੋਕਧਾਰਾਈ ਸਮਗਰੀ ਦੀ ਸੰਭਾਲ ਨਹੀਂ ਹੁੰਦੀ।

ਅ) ਲੋਕਧਾਰਾਈ ਸਮਗਰੀ ਆਦਾਨ ਪ੍ਰਦਾਨ ਨਹੀਂ ਹੁੰਦੀ।

ੲ) ਲੋਕਧਾਰਾਈ ਸਮਗਰੀ ਰਿਕਾਰਡ ਨਹੀਂ ਹੁੰਦੀ।

ਸ) ਲੋਕਧਾਰਾਈ ਸਮਗਰੀ ਦੀ ਪ੍ਰਮਾਣਿਕਤਾ ਨਿਸ਼ਚਿਤ ਨਹੀਂ ਹੁੰਦੀ।

**ਪ੍ਰਸ਼ਨ 5. ਲੋਕਧਾਰਾ ਸੰਬੰਧੀ ਮਲਟੀਮੀਡੀਆ ਐਪਲੀਕੇਸ਼ਨ ਦੇ ਕਿਹੜੇ ਸੰਚਾਰ ਮਾਧਿਅਮ ਦੀ ਵਰਤੋਂ ਕੀਤੀ ਜਾ ਸਕਦੀ ਹੈ?**

ੳ) ਟੈਕਸਟ ਅਤੇ ਚਿਤਰ

ਅ) ਆਡੀਓ ਤੇ ਵੀਡੀਓ

ੲ) ਨਕਸ਼ੇ ਤੇ ਜੀਵੰਤ ਚਿਤਰ

ਸ) ਉਪਰੋਕਤ ਸਾਰੇ

**ਪ੍ਰਸ਼ਨ 6. ਕਿਸ ਨੂੰ ਗੂੰਗੇ ਇਨਕਲਾਬ ਦਾ ਨਾਮ ਦਿੱਤਾ ਗਿਆ ਹੈ?**

ੳ) ਸੂਚਨਾ ਤੇ ਤਕਨਾਲੋਜੀ

ਅ) ਸੰਚਾਰ ਸਾਧਨ

ੲ) ਮੀਡੀਆ ਤੇ ਮਲਟੀਮੀਡੀਆ

ਸ) ਪ੍ਰਿੰਟ ਮੀਡੀਆ

**ਪ੍ਰਸ਼ਨ 7. ਡਾ. ਗੁਰਮੁਖ ਸਿੰਘ ਦੇ ਅਨੁਸਾਰ, ਜਿਸ ਯੁੱਗ ਵਿੱਚ ਅਸੀਂ ਰਹਿ ਰਹੇ ਹਾਂ ਇਹ..............ਮੀਡੀਏ ਦਾ ਯੁੱਗ ਹੈ।**

ੳ) ਪੂੰਜੀਵਾਦੀ

ਅ) ਸਾਮੰਤਵਾਦੀ

ੲ) ਸਮਾਜਵਾਦੀ

ਸ) ਉਪਰੋਕਤ ਸਾਰੇ

**ਪ੍ਰਸ਼ਨ 8. ................ਤੋਂ ਇਲਾਵਾ..........ਵੀ ਲੋਕਧਾਰਾ ਨੂੰ ਪੇਸ਼ ਕਰਨ ਵਿਚ ਆਪਣੀ ਵੱਖਰੀ ਭੂਮਿਕਾ ਨਿਭਾਅ ਰਿਹਾ ਹੈ।**

ੳ) ਪੰਜਾਬ, ਕਨੈਡਾ

ਅ) ਲੋਕਾਂ, ਸੰਸਾਰ

ੲ) ਕਾਰਪੋਰੇਟ ਮੀਡੀਆ, ਸ਼ੋਸਲ ਮੀਡੀਆ

ਸ) ਪੁਸਤਕਾਂ, ਅਖ਼ਬਾਰ

**ਪ੍ਰਸ਼ਨ 9. ਇਲੈਕਟ੍ਰਾਨਿਕ ਮੀਡੀਆ ਵਿਚ ਕੀ ਸ਼ਾਮਿਲ ਨਹੀਂ ਹੈ?**

ੳ) ਟਵਿਟਰ

ਅ) ਬਲਾਗ

ੲ) ਈ-ਨਿਊਜ਼

ਸ) ਪ੍ਰਿੰਟ-ਨਿਊਜ਼

**ਪ੍ਰਸ਼ਨ 10. ਪ੍ਰਿੰਟ ਮੀਡੀਆ ਵਿਚ ਕੀ ਸ਼ਾਮਿਲ ਨਹੀਂ ਹੈ?**

ੳ) ਪ੍ਰਿੰਟ-ਨਿਊਜ਼

ਅ) ਈ-ਨਿਊਜ਼

ੲ) ਅਖ਼ਬਾਰ

ਸ) ਰਸਾਲਾ

**ਪ੍ਰਸ਼ਨ 11. ਇਲੈਕਟ੍ਰਾਨਿਕ ਮੀਡੀਆ ਕਿਸ ਦਾ ਸ਼ਕਤੀਸ਼ਾਲੀ ਮਾਧਿਅਮ ਹੈ?**

ੳ) ਮੁਨਾਫੇ ਦਾ

ਅ) ਖਪਤ ਦਾ

ੲ) ਆਵਾਜਾਈ ਦਾ

ਸ) ਸੰਚਾਰ ਦਾ

**ਪ੍ਰਸ਼ਨ 12. ਆਧੁਨਿਕ ਸੂਚਨਾ ਅਤੇ ਤਕਨਾਲੋਜੀ ਨੂੰ ਲੋਕਧਾਰਾ ਦੀ ਪੇਸ਼ਕਾਰੀ ਲਈ ਇਕ...........ਵਜੋਂ ਵਰਤਿਆ ਜਾਣਾ ਚਾਹੀਦਾ ਹੈ।**

ੳ) ਵਸਤੂ

ਅ) ਸੰਦ

ੲ) ਹਾਸਿਲ

ਸ) ਰੂਪ

**ਪ੍ਰਸ਼ਨ 13. ਉਦਾਰੀਕਰਨ ਦੇ ਇਸ ਯੁੱਗ ਵਿੱਚ ਲੋਕਧਾਰਾ ਨੂੰ ...........ਦੀਆਂ ਜਰੂਰਤਾਂਵਾ ਦੇ ਅਨੁਸਾਰ ਪ੍ਰਸਤੁਤ ਕੀਤਾ ਜਾ ਰਿਹਾ ਹੈ।**

ੳ) ਕੰਮ

ਅ) ਬਾਜ਼ਾਰ

ੲ) ਸਮਾਜ

ਸ) ਭਾਈਚਾਰੇ

**ਪ੍ਰਸ਼ਨ 14. ਮਲਟੀਮੀਡੀਆ ਦੀ ਵਰਤੋਂ ਦੇ ਅੰਤਰਗਤ ਸੰਚਾਰ ਦੇ ਇਕ ਤੋਂ ਵਧੇਰੇ ਮਾਧਿਅਮਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਾਰਾ ਕੁਝ ਇਕ..............ਦੁਆਰਾ ਨਿਯੰਤ੍ਰਿਤ ਕੀਤਾ ਜਾਂਦਾ ਹੈ।**

ੳ) computer

ਅ) Text

ੲ) Software

ਸ) facebook

**ਪ੍ਰਸ਼ਨ 15. ਸੰਚਾਰ ਦੇ ਨਵੇਂ ਸਾਧਨ ਪੂਰੀ ਤਰ੍ਹਾਂ…………ਤੰਤਰਾਂ ਨਾਲ ਹੀ ਵਿਕਾਸ ਕਰ ਰਹੇ ਹਨ।**

ੳ) ਮੀਡਆ ਦੇ

ਅ) ਪ੍ਰਿੰਟ

ੲ) ਇਲੈਕਟ੍ਰੋਨਿਕ

ਸ) ਸਾਫਟਵੇਅਰ ਦੇ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੳ | 2 ਸ | 3. ਅ | 4. ਸ | 5. ਸ |
| 6. ੳ | 7. ੳ | 8. ੲ | 9. ਸ | 10. ਅ |
| 11. ਸ | 12. ਅ | 13. ਅ | 14. ੳ | 15. ੲ |

## ਅਭਿਆਸ ਪ੍ਰਸ਼ਨ

1. ਲੋਕਧਾਰਾ ਤੇ ਇੰਟਰਨੈਟ ਦੇ ਆਧੁਨਿਕ ਸਬੰਧਾਂ ਬਾਰੇ ਚਰਚਾ ਕਰੋ।
2. ਤਕਨਾਲੋਜੀ ਦੇ ਪੰਜਾਬੀ ਲੋਕਧਾਰਾ ਤੇ ਪੈ ਰਹੇ ਪ੍ਰਭਾਵਾਂ ਬਾਰੇ ਚਰਚਾ ਕਰੋ।
3. ਲੋਕਧਾਰਾ ਅਤੇ ਮੀਡੀਆ ਬਾਰੇ ਨੋਟ ਲਿਖੋ।
4. ਲੋਕਧਾਰਾ ਤੇ ਸਿਨੇਮਾ ਦੇ ਅੰਤਰ-ਸਬੰਧਾਂ ਨੂੰ ਉਲੀਕੋ।
5. ਇਲੈਕਟ੍ਰੋਨਿਕ ਮੀਡੀਆ ਦੇ ਵੱਖ-ਵੱਖ ਮਾਧਿਅਮਾਂ ਬਾਰੇ ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ


- https://pa.wikipedia.org/wiki/%E0%A8%B8%E0%A9%B1%E0%A8%AD%E0%A8%BF%E0%A8%86%E0%A8%9A%E0%A8%BE%E0%A8%B0
- https://punjabipedia.org/topic.aspx?txt=%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0+%28culture%29
- https://punjabipedia.org/topic.aspx?txt=%E0%A8%B2%E0%A9%8B%E0%A8%95%E0%A8%BE%E0%A8%9A%E0%A8%BE%E0%A8%B0+%28folk+ways%29&k=4
- https://pa.wikipedia.org/wiki/%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0_%E0%A8%A6%E0%A9%80_%E0%A8%AA%E0%A8%B0%E0%A8%BF%E0%A8%AD%E0%A8%BE%E0%A8%B8%E0%A8%BC%E0%A8%BE_%E0%A8%85%E0%A8%A4%E0%A9%87_%E0%A8%B2%E0%A9%B1%E0%A8%9B%E0%A8%A3

*Satwant Singh, Lovely Professional University*

# ਅਧਿਆਇ-14 : ਪੰਜਾਬੀ ਲੋਕਧਾਰਾ ਅਤੇ ਵਿਸ਼ਵੀਕਰਨ

**ਵਿਸ਼ਾ ਵਸਤੂ (Content)**


1. ਉਦੇਸ਼
2. ਭੂਮਿਕਾ
3. ਪੰਜਾਬੀ ਲੋਕਧਾਰਾ ਅਤੇ ਵਿਸ਼ਵੀਕਰਨ
4. ਪੰਜਾਬੀ ਲੋਕਧਾਰਾ ਵਿਚ ਨਵੇਂ ਪਰਿਵਰਤਨ ਤੇ ਚੁਣੌਤੀਆਂ
5. ਸਾਰਾਂਸ਼
6. ਕੇਂਦਰੀ ਸ਼ਬਦ
7. ਸਵੈ-ਮੁਲਾਂਕਣ
8. ਸਵੈ-ਮੁਲਾਂਕਣ ਲਈ ਉੱਤਰ
9. ਅਭਿਆਸ ਪ੍ਰਸ਼ਨ
10. ਸੰਦਰਭ ਪੁਸਤਕਾਂ


## ਉਦੇਸ਼

**ਇਸ ਯੂਨਿਟ ਦਾ ਅਧਿਐਨ ਕਰਨ ਤੋਂ ਬਾਅਦ ਵਿਦਿਆਰਥੀ:**

- ਪੰਜਾਬੀ ਸਭਿਆਚਾਰ ਦੇ ਨਿਖੜਵੇਂ ਲੱਛਣਾਂ ਬਾਰੇ ਸਮਝ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੀ ਕਦਰ ਪ੍ਰਣਾਲੀ ਬਾਰੇ ਗਿਆਨ ਹਾਸਿਲ ਕਰਨਗੇ
- ਪੰਜਾਬੀ ਸਭਿਆਚਾਰ ਦੇ ਬਦਲਦੇ ਸਰੂਪ ਨੂੰ ਸਮਝਣਗੇ
- ਪੰਜਾਬੀ ਸਭਿਆਚਾਰ ਨੂੰ ਆਧੁਨਿਕ ਸਮੇਂ ਵਿਚ ਦਰਪੇਸ਼ ਚੁਣੌਤੀਆਂ ਦੀ ਸਮਝ ਹਾਸਿਲ ਕਰਨਗੇ

## ਭੂਮਿਕਾ

ਲੋਕਧਾਰਾ ਵਿਸ਼ੇਸ਼ ਸੱਭਿਆਚਾਰਕ ਭਾਈਚਾਰੇ ਦੇ ਸਾਂਝੇ ਜੀਵਨ ਅਨੁਭਵਾਂ ਵਿੱਚੋਂ ਉਪਜਿਆ ਸੁਹਜਭਾਵੀ ਵਰਤਾਰਾ ਹੈ ਜੋ ਨਿਰੰਤਰ ਸਿਰਜਿਆ ਮਾਣਿਆਂ ਹੁੰਦਾ ਹੈ। ਆਧੁਨਿਕ ਯੁੱਗ ਦੇ ਨਵੇਂ ਸਿਸਟਮਾਂ, ਸੰਗਠਨਾਂ ਨੂੰ ਜਨਮ ਦਿੱਤਾ ਹੈ। ਇਸਨੇ ਤਰਕਵਾਦ, ਪ੍ਰਮਾਣਵਾਦ ਦੇ ਤੌਰ 'ਤੇ ਚਿੰਤਨ ਪ੍ਰਣਾਲੀਆਂ ਨੂੰ ਪ੍ਰਮੁੱਖਤਾ ਦਿੱਤੀ ਹੈ। ਲੋਕਧਾਰਾ ਪੁਰਾਣੇ ਜਮਾਨੇ ਦੀ ਨਿਰਜਿੰਦ ਵਸਤ ਮਾਤਰ ਨਹੀਂ ਸਗੋਂ ਇਹ ਵਿਸ਼ੇਸ਼ ਲੋਕ ਸਮੂਹ ਦੀ ਉਚੇਰੀ ਸਿਰਜਣਾਤਮਕ ਸਮਰੱਥਾ ਦਾ ਆਪਣੇ ਯੁੱਗ ਬੋਧ ਦੀ ਚਿੰਤਨ ਵਿੱਧੀ ਅਨੁਕੂਲ ਉਚਿਤ ਮੁਹਾਵਰੇ ਵਿੱਚ ਸਾਰਥਿਕ ਪ੍ਰਗਟਾਵਾ ਹੈ। ਲੋਕ ਧਰਾਈ ਸੰਸਾਰ ਦੀ ਇੱਕ ਅਹਿਮ ਵਿਸ਼ੇਸ਼ਤਾ ਇਹ ਹੁੰਦੀ ਹੈ ਕਿ ਇਹ ਦਾਇਰਾਗਤ ਹੁੰਦਾ ਹੈ। ਆਧੁਨਿਕ ਯੁੱਗ ਵਿੱਚ

ਲੋਕਧਰਾਈ ਸਮੱਗਰੀ ਰੂਪਾਂ, ਵਿਧੀਆਂ ਦਾ ਜੋ ਰੂਪਾਂਤਰਣ ਹੋ ਰਿਹਾ ਉਹ ਵੀ ਕਾਫੀ ਦਿਲਚਸਪ ਹੈ। ਆਧੁਨਿਕ ਯੁੱਗ ਦੀ ਬੁਨਿਆਦੀ ਤਬਦੀਲੀਆਂ ਦੇ ਸਨਮੁੱਖ ਹੋਰ ਪ੍ਰਾਚੀਨ ਬਣਤਰਾਂ ਵਾਂਗ ਲੋਕਧਾਰਾ ਦਾ ਰੂਪਾਂਤਰਣ ਅਟੱਲ ਹੈ। ਲੋਕ ਧਰਾਈ ਰੂਪਾਂਤਰਣ ਦਾ ਅਹਿਮ ਪਸਾਰ ਇਸ ਦੇ ਨਵ ਸਿਰਜਣ ਨਾਲ ਸਬੰਧਤ ਹੈ। ਪਹਿਲੀ ਲੋਕਧਾਰਾ ਨੂੰ ਦੇਸੀ ਅਸਿੱਖਿਅਤ ਲੋਕਾਂ ਦੀ ਕਹਿ ਕੇ ਛੁਟਿਆਉਣਾ, ਦੂਸਰਾ ਆਧੁਨਿਕ ਜੀਵਨ ਦੀ ਵਿਪਰੀਤ ਮੰਨਣਾ, ਤੀਸਰਾ ਆਧੁਨਿਕ ਯੁੱਗ ਵਿੱਚ ਲੋਕਧਾਰਾ ਦੇ ਖਤਮ ਹੋ ਜਾਣ ਨੂੰ ਕਿਆਸ ਕਰਨਾ। ਲੋਕਧਾਰਾ ਨਿਰੰਤਰ ਵਿਕਸਣਸੀਲ ਪਸਾਰ ਹੈ। ਹਰ ਬਦਲਦੇ ਦੌਰ ਵਿਚ ਲੋਕਮਨ ਆਪਣੀਆਂ ਮੂਲ ਸੱਭਿਆਚਾਰ ਵਿੱਚ ਸਾਡੀ ਖਸਲਤ ਮੁਤਾਬਕ ਲੋਕਧਾਰਾ ਨੂੰ ਰੂਪਾਂਤਰਿਤ ਕਰਦਾ ਤੇ ਸਿਰਜਦਾ ਰਹਿੰਦਾ ਹੈ।

## ਪੰਜਾਬੀ ਲੋਕਧਾਰਾ ਤੇ ਵਿਸ਼ਵੀਕਰਨ

ਵਿਸ਼ਵੀਕਰਨ ਅੰਗਰੇਜ਼ੀ ਸ਼ਬਦ Globalisation ਦਾ ਪੰਜਾਬੀ ਅਨੁਵਾਦ ਹੈ। ਇਸ ਲਈ ਸੰਸਾਰੀਕਰਨ ਅਤੇ ਭੂਮੰਡਲੀਕਰਨ ਵੀ ਸ਼ਬਦ ਵਰਤੇ ਜਾਂਦੇ ਹਨ। ਅੱਜ ਦੇ ਸਮੇਂ ਵਿੱਚ ਬਹੁਤ ਚਰਚਿਤ ਵਰਤਾਰਾ ਹੈ, ਜਿਸ ਨੇ ਜੀਵਨ ਦੇ ਹਰ ਖੇਤਰ ਵਿੱਚ ਜਿਵੇਂ ਖੇਤੀ, ਉਦਯੋਗ, ਸਿਹਤ ਤੇ ਸਿੱਖਿਆ, ਰਾਜਨੀਤੀ, ਸਮਾਜ ਸੂਚਨਾ ਤੇ ਸੰਚਾਰ-ਕਲਾਵਾਂ ਅਤੇ ਚਿੰਤਨ ਨੂੰ ਵੀ ਪ੍ਰਭਾਵਿਤ ਕੀਤਾ ਹੈ। ਇਸ ਦਾ ਅਰਥ ਹੈ ਕਿ-ਆਰਥਿਕ ਕਿਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ 'ਤੇ ਪੂੰਜੀ, ਤਕਨੀਕ ਤੇ ਜਾਣਕਾਰੀ ਦੇ ਵਹਾਅ ਨੂੰ ਹੋਰ ਵਿਸ਼ਾਲ ਕਰਨਾ ਤੇ ਹੋਰ ਡੂੰਘਾਈ ਤੱਕ ਲੈ ਜਾਣਾ। ਇਸੇ ਕਰਕੇ ਦੁਨੀਆਂ ਨੂੰ 'ਵਿਸ਼ਵ ਪਿੰਡ' ਦੇ ਤੌਰ ਤੇ ਵਿਖਾਉਣ ਦੀ ਕੋਸ਼ਿਸ਼ ਕੀਤੀ ਗਈ। ਸ਼ੁਰੂ ਵਿੱਚ ਵਿਸ਼ਵੀਕਰਨ ਨੂੰ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਜਾਦੂ ਦੇ ਬਕਸੇ ਦੇ ਤੌਰ ਤੇ ਪੇਸ਼ ਕੀਤਾ ਗਿਆ।ਇਸ ਵਿੱਚ ਸ਼ਾਮਿਲ ਸੀ ਬੇਰੁਜ਼ਗਾਰੀ ਤੇ ਗਰੀਬੀ ਦੀ ਸਮੱਸਿਆ। ਪਰ ਵਸਤੂ ਸਥਿਤੀ ਇਹ ਹੈ ਕਿ ਵਿਕਾਸਸ਼ੀਲ ਦੇਸ਼ਾਂ ਵਿੱਚ ਬਹੁਤਿਆਂ ਦੀ ਸੋਚ ਇਹ ਹੈ ਕਿ ਵਿਸ਼ਵੀਕਰਨ ਨੇ ਕੀਤੇ ਹੋਏ ਆਰਥਿਕ ਫ਼ਾਇਦਿਆਂ ਨਾਲ ਜੁੜੇ ਵਾਅਦਿਆਂ ਨੂੰ ਨਹੀਂ ਨਿਭਾਇਆ।

**ਡਾ. ਸੁਰਜੀਤ ਲੀ** ਦਾ ਵਿਚਾਰ ਹੈ ਕਿ ਵਿਸ਼ਵੀਕਰਨ ਉਦਯੋਗਿਕ ਪੂੰਜੀਵਾਦ ਦੇ ਵਿਕਾਸ ਦਾ ਨਵਾਂ ਪੜਾਅ ਹੈ। ਵੱਖ ਵੱਖ ਉੱਨਤ ਦੇਸ਼ਾਂ ਦੀਆਂ ਪੂੰਜੀਪਤੀ ਤਾਕਤਾਂ ਆਪਣੇ ਸਾਂਝੇ ਹਿੱਤਾਂ ਦੀ ਪੂਰਤੀ ਲਈ ਇੱਕਠੇ ਹੋ ਕੇ ਵਿਸ਼ਵੀਕਰਨ ਦੇ ਪ੍ਰੋਗਰਾਮ ਹੇਠ ਪੱਛੜੇ, ਗਰੀਬ ਦੇਸ਼ਾਂ ਨੂੰ ਆਪਣੀਆਂ ਬਸਤੀਆਂ ਬਣਾਉਣ ਲਈ ਨਿਕਲੀਆਂ ਹਨ।ਇਸ ਦ੍ਰਿਸ਼ਟੀ ਤੋਂ ਵਿਸ਼ਵੀਕਰਨ ਅੰਤਰਰਾਸ਼ਟਰੀ ਬਸਤੀਵਾਦ ਦਾ ਹੀ ਨਵਾਂ ਰੂਪ ਹੈ।

**ਡਾ. ਗੁਰਭਗਤ ਸਿੰਘ** ਨੇ ਆਪਣੇ ਇੱਕ ਚਰਚਿਤ ਖੋਜ ਪੱਤਰ ਵਿੱਚ 'ਗਲੋਬਲਾਈਜੇਸ਼ਨ ਐਂਡ ਕਲਚਰ' ਪੁਸਤਕ ਦੇ ਕਰਤਾ ਜੋਹਨ ਟੈਮਿਲਸਨ ਦਾ ਹਵਾਲਾ ਦੇ ਕੇ ਵਿਸ਼ਵੀਕਰਨ ਦੇ ਸਿਧਾਂਤ ਅਤੇ ਚਰਿੱਤਰ ਬਾਰੇ ਕਿਹਾ ਹੈ ਕਿ ਵਿਸ਼ਵੀਕਰਨ ਉਹ ਪ੍ਰਕਿਰਿਆ ਹੈ ਜਿਸ ਨਾਲ ਕੁੱਲ ਸਭਿਆਚਾਰ, ਕੌਮਾਂ, ਰਾਜ ਇੱਕ ਪੇਚੀਦਾ ਸੰਬੰਧ ਵਿੱਚ ਲਚਕ ਨਾਲ ਇੱਕਠੇ ਹੋ ਗਏ ਹਨ। ਨਵੀਆਂ ਸੰਸਥਾਵਾਂ, ਚਿੰਤਨ, ਇਮੈਜਿਨਰੀ ਹੋਂਦ ਵਿੱਚ ਆਏ ਅਤੇ ਸਥਾਨਕ ਵੀ।ਰਫ਼ਤਾਰ, ਤਬਦੀਲੀ ਜਾਂ ਨਿਰੰਤਰ ਮੈਨੀਟਰਿਗ ਨਾਲ ਸਥਾਨਕ ਵਿਸ਼ਵੀ ਬਣ ਰਿਹਾ ਹੈ ਅਤੇ ਵਿਸ਼ਵੀ ਸਥਾਨਕ।

ਵਿਸ਼ਵੀਕਰਨ ਦਾ ਸਭ ਤੋਂ ਵੱਧ ਅਸਰ ਉਹਨਾਂ ਦੇਸ਼ਾਂ ਤੇ ਪੈਂਦਾ ਹੈ, ਜਿਹਨਾਂ ਨੂੰ ਤੀਜੇ ਸੰਸਾਰ ਦੇ ਦੇਸ਼ ਆਖਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਦੇਸ਼ਾਂ ਨੂੰ ਆਪਣੇ ਵਿਕਾਸ ਲਈ ਉਸ ਵਿਚਾਰਧਾਰਾ ਤੇ ਵਿਹਾਰ ਵਾਲੇ ਦੇਸ਼ਾਂ ਉੱਤੇ।ਨਿਰਭਰ ਹੋਣਾ ਪੈਂਦਾ ਹੈ।ਇਸ ਲਈ ਤੀਜੀ ਦੁਨੀਆਂ ਦੇ ਆਮ ਕਰਕੇ ਅਤੇ ਭਾਰਤ ਦੇ ਪ੍ਰਸੰਗ ਵਿੱਚ ਖ਼ਾਸ ਕਰਕੇ ਡਾ. ਸੁੱਚਾ ਸਿੰਘ ਗਿੱਲ ਨੇ ਇਸ ਵਿਸ਼ਵੀਕਰਨ ਨੂੰ 'ਲੰਗੜੇ ਵਿਸ਼ਵੀਕਰਨ' ਦਾ ਨਾਂ ਦਿੱਤਾ ਹੈ।

ਸਭਿਆਚਾਰ ਤੇ ਲੋਕਧਾਰਾ ਤੋਂ ਭਾਵ ਇੱਕ ਸਮੁੱਚੀ ਜੀਵਨ-ਸ਼ੈਲੀ ਹੈ, ਜਿਸ ਉਪਰ ਇਸ ਵਿਸ਼ਵੀਕਰਨ ਬਹੁਤ ਪ੍ਰਭਾਵ ਪਿਆ ਹੈ। ਵਿਸ਼ਵੀਕਰਨ ਦੀ ਇਸ ਪ੍ਰਕਿਰਿਆ ਦਾ ਪੰਜਾਬ ਦੀ ਸਮਾਜਿਕ ਜ਼ਿੰਦਗੀ, ਰਹਿਣ-ਸਹਿਣ, ਖ਼ਾਦ-ਖ਼ੁਰਾਕ, ਕਦਰਾਂ-ਕੀਮਤਾਂ, ਰੀਤੀ-ਰਿਵਾਜਾਂ, ਮਨੋਰੰਜਨ ਅਤੇ ਸਾਹਿਤ ਉਪਰ ਬਹੁਪੱਧਰੀ ਅਤੇ ਬਹੁਪਾਸਾਰੀ ਪ੍ਰਭਾਵ ਪਿਆ ਅਤੇ ਪੈ ਰਿਹਾ ਹੈ। ਜਿਸ ਨਾਲ ਸਾਡਾ ਬੰਦ ਸਭਿਆਚਾਰ ਤੇ ਲੋਕਧਾਰਾ ਖੁੱਲ੍ਹੇ ਸਰੂਪ ਵਿੱਚ ਬਦਲ ਗਏ ਹਨ।

ਉਂਞ ਭਾਵੇਂ ਗਲੋਬਲਾਈਜੇਸ਼ਨ ਦਾ ਸ਼ਿਕਾਰ ਸਮੁੱਚਾ ਭਾਰਤੀ ਸਭਿਆਚਾਰ ਹੋ ਰਿਹਾ ਹੈ, ਜਿਸ ਨਾਲ ਪੰਜਾਬੀ ਸਭਿਆਚਾਰ ਅੰਤਰ-ਸੰਬੰਧਿਤ ਵੀ ਹੈ। ਵਿਸ਼ਵੀਕਰਨ ਅਤੇ ਪੰਜਾਬੀ ਸਭਿਆਚਾਰ ਦਾ ਮਸਲਾ ਇਸ ਕਰਕੇ ਕੁਝ ਵੱਖਰਾ ਹੈ ਕਿਉਂਕਿ ਇਹ ਇਕੋ ਸਮੇਂ

ਪੰਜਾਬ ਦੇ ਪਿੰਡਾਂ ਨਾਲ, ਭਾਰਤ ਦੇ ਨਗਰ-ਮਹਾਂਨਗਰ ਤੇ ਵਿਦੇਸ਼ ਖ਼ਾਸ ਕਰਕੇ ਪੱਛਮ ਵਿਚ ਉੱਥੋਂ ਦੇ ਉਪਭੋਗਤਾਵਾਦੀ ਸਭਿਆਚਾਰ ਦੇ ਸਾਹਮਣੇ ਵੀ ਹੈ। ਇਸ ਪ੍ਰਕਾਰ ਪੰਜਾਬੀ ਸਭਿਆਚਾਰ ਦੀ ਸਥਿਤੀ ਇਕੋ ਸਮੇਂ ਪ੍ਰਾਂਤਕ, ਰਾਸ਼ਟਰੀ ਪੱਧਰ ਅਤੇ ਅੰਤਰਰਾਸ਼ਟਰੀ ਹੈ। ਵਿਸ਼ਵੀਕਰਨ ਦੇ ਅਸਰ ਨਾਲ ਪੰਜਾਬੀ-ਭਾਰਤੀ ਸਮਾਜ ਦੇ ਸਭਿਆਚਾਰਕ ਰੂਪਾਂਤਰਣ ਦਾ ਘੇਰਾ ਸਿਰਫ਼ ਸਰਮਾਏਦਾਰੀ ਕਿਸਾਨੀ ਤੇ ਦਰਮਿਆਨੀ ਕਿਸਾਨੀ ਅਤੇ ਸ਼ਹਿਰਾਂ ਵਿੱਚ ਵਸਦੇ ਜਨ-ਸਮੂਹ ਤੱਕ ਹੀ ਸੀਮਿਤ ਹੈ। ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬ ਦੇ ਸਭਿਆਚਾਰ ਅਤੇ ਕਲਾ ਦਾ ਉਦਯੋਗੀਕਰਨ ਹੋਇਆ।

## ਪੰਜਾਬੀ ਲੋਕਧਾਰਾ ਵਿਚ ਨਵੇਂ ਪਰਿਵਰਤਨ ਤੇ ਚੁਣੌਤੀਆਂ

ਪੰਜਾਬੀ ਸਭਿਆਚਾਰ ਤੇ ਲੋਕਧਾਰਾ ਉਪਰ ਹੋਏ ਹਮਲੇ ਨੇ ਖਾਣ ਪੀਣ ਦੀਆਂ ਆਦਤਾਂ ਉਪਰ ਵੀ ਅਸਰ ਪਿਆ ਹੈ।ਸਮੇਂ ਦੀ ਘਾਟ, ਭੱਜ ਨੱਠ, ਪੈਸੇ ਦੀ ਬਹੁਤਾਤ, ਰਸੋਈ ਘਰਾਂ ਵਿੱਚ ਬਾਕਾਇਦਾ ਭੋਜਨ ਤਿਆਰ ਨਾ ਹੋਣ ਕਰਕੇ ਫਾਸਟ ਫੂਡ ਨੇ ਜਨਮ ਲਿਆ ਹੈ। ਪੰਜਾਬੀ ਘਰਾਂ ਵਿਚ ਰਸੋਈ ਦਾ ਪਰੰਪਰਾਗਤ ਰੂਪ, ਖਾਣਾ ਬਣਾਉਣ ਦੇ ਤੌਰ ਤਰੀਕਿਆਂ ਉੱਤੇ ਪੰਜਾਬੀ ਲੋਕਾਂ ਦੀ ਖ਼ੁਰਾਕ ਬਹੁਤ ਅਲੱਗ ਸੀ। ਘਰਾਂ ਵਿੱਚ ਮਿੱਟੀ ਦੇ ਬਣੇ ਚੁੱਲਿਆਂ ਵਿੱਚ ਪਾਥੀਆਂ ਤੇ ਲੱਕੜਾਂ ਦੀ ਵਰਤੋਂ ਅੱਗ ਬਾਲਣ ਲਈ ਹੁੰਦਾ ਸੀ। ਸਾਗ,ਮੱਕੀ ਦੀ ਰੋਟੀ, ਖੱਟੀ ਲੱਸੀ ਪੰਜਾਬੀਆਂ ਦੀ ਮਨਭਾਂਉਦੀਆਂ ਖੁਰਾਕਾਂ ਸਨ। ਭਾਂਡੇ ਮਾਜਣ ਲਈ ਚੁੱਲ੍ਹੇ ਦੀ ਸੁਆਹ ਵਰਤੀ ਜਾਂਦੀ ਸੀ।ਹੋਲੀ ਹੋਲੀ ਚੁੱਲ੍ਹੇ ਦੀ ਥਾਂ ਸਟੋਵ, ਚਾਟੀਆਂ ਤੇ ਤੌੜੀਆਂ ਦੀ ਥਾਂ ਪ੍ਰੈਸ਼ਰ ਕੁੱਕਰਾਂ ਨੇ ਲੈ ਲਈ।ਪੱਛਮੀ ਪ੍ਰਭਾਵ ਕਾਰਨ ਗੈਸ ਦੇ ਚੁੱਲ੍ਹਿਆ ਨੇ ਲੈ ਲਈ। ਭਾਂਡੇ ਧੋਣ ਲਈ ਡਿਟਰਜੈਂਟ ਪਾਊਡਰ ਆ ਗਏ। ਪੰਜਾਬ ਦੇ ਲੋਕਾਂ ਮੰਨਣਾ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਸੁਧਾਰ ਹੋਇਆ ਹੈ। ਮਾਈਕਰੋਵੇਵ ਫਰਿੱਜ ਆਦਿ ਹੁਣ ਰਸੋਈ ਦਾ ਸ਼ਿੰਗਾਰ ਬਣ ਗਏ। ਕੋਕ, ਪੈਪਸੀ, ਮੈਕਡਾਨਲਡ, ਡਾਮੀਨੋਜ਼, ਪੀਜ਼ਾ ਹੱਟ ਆਦਿ ਨੂੰ ਤਰਜੀਹ ਮਿਲਣ ਲੱਗੀ। ਵਕਤ ਦੇ ਗੁਜ਼ਰਨ ਨਾਲ ਪੰਜਾਬੀ ਦੇ ਖਾਂਦੇ ਪੀਂਦੇ ਵਰਗ ਦੇ ਲੋਕ ਵਿਰਸੇ ਤੋਂ ਦੂਰ ਹੁੰਦੇ ਜਾਂਦੇ ਹਨ।ਇਸ ਵਰਗ ਨੇ ਫ਼ਰੀਦ ਦੇ ਪੈਗ਼ਾਮ "ਰੁੱਖੀ ਮਿੱਸੀ ਖਾਇ ਕੇ ਠੰਡਾ ਪਾਣੀ ਪੀ, ਵੇਖ ਪਰਾਈ ਚੋਪੜੀ ਨਾ ਤਰਸਾਈ ਜੀਅ"ਨੂੰ ਵਿਸਾਰ ਕੇ ਸਾਦਾ ਜੀਵਨ ਤਿਆਗ ਦਿੱਤਾ।

ਵਿਸ਼ਵੀਕਰਨ ਨਾਲ ਪੰਜਾਬੀ ਸਮਾਜ ਵਿੱਚਲੇ ਰਿਸ਼ਤਾ ਨਾਤਾ ਪ੍ਰਬੰਧ ਵਿੱਚ ਵੀ ਤਬਦੀਲੀ ਆਈ। ਰਿਸ਼ਤੇ ਨਾਤੇ ਗਰਜ਼ ਨਾਲ ਬੱਝ ਗਏ।ਮਤਲਬ ਪ੍ਰਸਤੀ ਸੁਨਹਿਰੀ ਅਸੂਲ ਹੋ ਨਿਬੜਿਆ। ਖ਼ੂਨ ਦੇ ਰਿਸ਼ਤਿਆਂ ਦਾ ਲਿਹਾਜ ਨਾ ਰਿਹਾ। ਇਸ ਵਿੱਚ ਮੀਡੀਆ ਦਾ ਮਹੱਤਵਪੂਰਨ ਰੋਲ ਰਿਹਾ। ਹਲਕੇ ਅਸ਼ਲੀਲ, ਹਿੰਸਕ ਤੇ ਕਲਾਹੀਣ ਪ੍ਰੋਗਰਾਮਾਂ ਵਿੱਚ ਵਾਧਾ ਹੋਇਆ।

ਪਿਛਲੇ ਕੁਝ ਸਮੇਂ ਤੋਂ ਪਹਿਨਣ ਵਾਲੇ ਕੱਪੜਿਆਂ ਵਿੱਚ ਤੂਫ਼ਾਨੀ ਪਰਿਵਰਤਨ ਆਇਆ ਹੈ ਲਿਬਾਸ ਦੇ ਵਿਸ਼ਵੀਕਰਨ ਨੇ ਸਾਨੂੰ ਲਿਬਾਸਾਂ ਵਿੱਚ ਵੀ ਨੰਗਾ ਕਰ ਦਿੱਤਾ ਹੈ। ਪੰਜਾਬ ਵਿੱਚ ਨਵੇਂ ਸ਼ੌਕੀਨ ਮੁੰਡਿਆਂ ਵਿੱਚ ਕੈਜ਼ੂਅਲ ਫ਼ੈਸ਼ਨ ਦਾ ਅਸਰ ਵੱਧਦਾ ਜਾ ਰਿਹਾ ਹੈ ਅਤੇ ਰਸਮੀ ਕਿਸਮ ਦੀ ਕਮੀਜ਼ ਤੇ ਪੈਂਟਾਂ ਨਾਲੋਂ ਡਿਜ਼ਾਈਨਰ ਕਿਸਮ ਦੀਆਂ ਟੀ ਸ਼ਰਟਾਂ ਅਤੇ ਜ਼ੀਨਾਂ ਤੇ ਕਾਰਗੋ ਪੈਂਟਾਂ ਦਾ ਰਿਵਾਜ ਵੱਧ ਰਿਹਾ ਹੈ। ਕੁੜੀਆਂ ਨੇ ਵੀ ਡਿਜ਼ਾਈਨਰ ਟਾਪਸ ਤੇ ਜੀਨਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। ਕੈਪਰੀ ਪਾਉਣ ਦਾ ਫ਼ੈਸ਼ਨ ਵੱਧ ਰਿਹਾ ਹੈ।

ਉਤਪਾਦਨ ਦੇ ਨਵੀਨ ਢੰਗ ਨਾਲ, ਆਵਾਜਾਈ ਦੇ ਆਧੁਨਿਕ ਸਾਧਨ, ਸੰਚਾਰ ਸਾਧਨਾਂ, ਬਹੁ-ਕੌਮੀ ਕੰਪਨੀਆਂ ਦਾ ਪਾਸਾਰ ਅਤੇ ਸੂਚਨਾ ਤਕਨਾਲੋਜੀ ਆਦਿ ਦਾ ਪੰਜਾਬੀ ਰਹਿਣ-ਸਹਿਣ ਉਪੱਰ ਪ੍ਰਭਾਵ ਪਿਆ ਹੈ। ਪੰਜਾਬੀ ਲੋਕਾਂ ਦੇ ਖਾਣਾ-ਪੀਣ ਦੇ ਢੰਗ ਵਿੱਚ ਉਕਾ ਹੀ ਤਬਦੀਲੀ ਆਈ ਹੈ। ਲੱਸੀ, ਸਰ੍ਹੋਂ ਦਾ ਸਾਗ, ਮੱਕੀ ਦੀ ਰੋਟੀ, ਖੀਰ-ਪੂੜੇ ਪੰਜਾਬੀਆਂ ਦਾ ਮਨ-ਪੰਸਦ ਪਕਵਾਨ ਰਹੇ ਹਨ, ਜਦਕਿ ਇਸ ਦੀ ਥਾਂ ਜੰਕ ਫੂਕ ਨੇ ਲੈ ਲਈ ਹੈ। ਵਿਕਸਿਤ ਮੁਲਕਾਂ ਵਿੱਚ ਪਰਿਵਾਰਕ ਢਾਂਚੇ ਦੀ ਇਕਹਿਰੀ ਇਕਾਈ, ਸਮੇਂ ਦੀ ਘਾਟ ਆਦਿ ਕਾਰਨਾਂ ਵਿਚੋਂ ਫਾਸਟ ਫੂਡ ਦਾ ਪ੍ਰਚਲਨ ਹੋਇਆ। ਬਹੁ-ਕੌਮੀ ਕੰਪਨੀਆਂ ਵਲੋਂ ਵੰਨ-ਸੁਵੰਨੇ ਖਾਣੇ ਪੰਜਾਬੀ ਬਾਜ਼ਾਰ ਵਿੱਚ ਪਰੋਸੇ ਜਾ ਰਹੇ ਹਨ। ਜਦਕਿ ਪੰਜਾਬੀ ਲੋਕਾਂ ਦੇ ਖਾਣ-ਪੀਣ ਵਿਚ ਇਨ੍ਹਾਂ ਚੀਜ਼ਾਂ ਦਾਖਲਾ ਇੱਕ ਫੈਸ਼ਨ ਵਜੋਂ ਹੋਇਆ। ਹੈ। ਇਸ ਭੋਜਨ ਦੇ ਪੌਸ਼ਟਿਕ ਮਿਆਰ ਨੂੰ ਅਣਗੌਲਿਆਂ ਹੀ ਜੀਵਨ-ਸ਼ੈਲੀ ਦਾ ਹਿੱਸਾ ਬਣਾ ਲਿਆ ਗਿਆ ਹੈ।

ਖਾਣ-ਪੀਣ ਦੇ ਨਾਲ ਹੀ ਪਹਿਰਾਵੇਂ ਵਿਚ ਵੀ ਢੇਰ ਅੰਤਰ ਆਇਆ ਹੈ। ਪਹਿਰਾਵਾ ਤਨ ਢਕਣ ਜਾਂ ਮੌਸਮੀ ਬਚਾਅ ਲਈ ਨਾ ਹੋ ਕੇ ਫੈਸ਼ਨ ਦੀ ਦੁਨੀਆ ਦਾ ਹਿੱਸੇਦਾਰ ਬਣਦਾ ਹੈ। ਟੀ. ਵੀ ਚੈਨਲਾਂ ਤੇ ਅਰਧ-ਨੰਗੇ ਜਿਸਮ ਨੇ ਪਹਿਰਾਵੇਂ ਨੂੰ ਅੰਗ-ਪ੍ਰਦਰਸ਼ਨ ਦਾ ਵਸੀਲਾ ਬਣਾਇਆ ਹੈ। ਪੰਜਾਬੀ ਰਹਿਣ-ਸਹਿਣ ਵਿਚ ਵਿਆਹ ਜਸ਼ਨੀ ਪਲਾਂ ਦੇ ਲਖਾਇਕ ਨਾ ਰਹਿ ਕੇ ਪੈਲੇਸ ਸੱਭਿਆਚਾਰ ਤੱਕ ਸੀਮਤ ਹੋ ਗਿਆ ਹੈ। ਪਹਿਲਾਂ ਵਿਆਹਾਂ ਦੇ ਜਸ਼ਨ ਕਈ-ਕਈ ਦਿਨਾਂ ਤੱਕ ਚੱਲਦੇ ਸਨ ਅਤੇ ਆਪਸੀ ਭਾਈਚਾਰੇ ਦੀ ਮਿਲਵਰਤਨ ਸਾਂਝ ਦਾ ਮੋਹ ਤੇ ਨਿੱਘ ਭਰਿਆ ਵਾਤਾਵਰਨ ਉਸਾਰਦਾ ਸੀ। ਅੱਜਕੇ ਦੌਰ ਵਿਚ ਮਾਨਵੀ ਰਿਸ਼ਤਿਆਂ ਵਿਚਲੇ ਨਿੱਘ, ਵਿਡੱਪਣ, ਪਿਆਰ, ਮਿਲਵਰਤਨ,

ਸਹਿਯੋਗ ਆਦਿ ਮਾਨਵੀ ਮੁਲਾਂ ਨੂੰ ਕਿਨਾਰੇ ਤੇ ਧੱਕ ਦਿੱਤਾ ਗਿਆ। ਪਿੰਡ ਸੱਭਿਆਚਾਰਕ ਪਛਾਣ ਦਾ ਮਹੱਤਵਪੂਰਨ ਹਿੱਸਾ ਸਨ। ਪਿੰਡਾਂ ਵਿੱਚ ਰਹਿਣ ਵਾਲੇ ਲੋਕ ਆਪਣੇ ਕੰਮ ਧੰਦਿਆਂ ਰਾਹੀਂ ਆਪਣੀਆਂ ਜਰੂਰਤਾਂ ਦੀ ਪੂਰਤੀ ਕਰਦੇ ਹਨ। ਪਿੰਡਾਂ ਵਿੱਚ ਤਿਆਰ ਕੀਤੀਆਂ ਕਲਾ ਕ੍ਰਿਤਾਂ, ਦਸਤਕਾਰੀ ਅਤੇ ਤਰਖਾਣ, ਘੁਮਿਆਰਾ, ਲੁਹਾਰ, ਨਾਈ, ਦੁਰਾਹੇ ਆਦਿ ਵਰਗਾਂ ਦੇ ਕਿੱਤਿਆਂ ਦੀ ਥਾਂ ਮਸ਼ੀਨੀਕਰਨ ਨੇ ਲੈ ਲਈ ਸੀ। ਹਰੇ ਇਨਕਲਾਬ ਤੋਂ ਬਾਅਦ ਕਿਸਾਨਾਂ ਵੀ ਕਰਜ਼ੇ ਦੀ ਮਾਰ ਹੇਠ ਆ ਚੁੱਕੀ ਹੈ। ਪੰਜਾਬ ਦੀ ਕਿਸਾਨੀ ਸੰਘਰਸ਼ ਦੀ ਥਾਂ ਖੁਦਕੁਸ਼ੀਆਂ ਕਰ ਕਰ ਰਹੀ ਹੈ। ਬਹੁਕੌਮੀ ਕਾਰਪੋਰੇਸ਼ਨਾਂ ਦੁਆਰਾ ਮੁਕਤ ਬਾਜ਼ਾਰ ਦੇ ਨਾਂਅ ਹੇਠ ਨਵੇਂ ਉਤਪਾਦ, ਐਸ਼ੋ-ਆਰਾਮ ਦੀਆਂ ਵਸਤੂਆਂ ਖਾਣ-ਪੀਣ ਦੀਆਂ ਚੀਜ਼ਾਂ ਬਾਜ਼ਾਰ ਵਿੱਚ ਸੁੱਟੀਆਂ ਜਾ ਰਹੀਆਂ ਹਨ। ਇੰਨ੍ਹਾਂ ਦੀ ਚਕਾਚੌਂਧ ਮਨੁੱਖੀ ਮਨ ਵਿੱਚ ਉਪਭੋਗੀ ਰੁਚੀਆਂ ਨੂੰ ਪ੍ਰੋਤਸਾਹਨ ਕਰਦੀ ਹੈ। ਮਾਨਵੀ ਮੁੱਲਾਂ ਦੀ ਥਾਂ ਪੂੰਜੀ ਦੀ ਅਹਿਮੀਅਤ ਨੂੰ ਬੜ੍ਹਾਵਾ ਲਿਆ।

ਮੁਕਤੀ ਦਾ ਸਾਧਨ ਸਮਝੇ ਜਾਂਦੇ ਗਿਆਨ ਨੂੰ ਵੀ ਬਜ਼ਾਰੂ ਵਸਤਾਂ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਮਨੁੱਖ ਨੂੰ ਇੱਕ ਚੰਗਾ ਇਨਸਾਨ ਬਣਾਉਣ, ਸੁਚਾਰੂ ਕਦਰਾਂ-ਕੀਮਤਾਂ ਦਾ ਵਿਕਾਸ ਕਰਨ, ਰਾਸ਼ਟਰ ਨਿਰਮਾਣ, ਸਿਰਜਣਾਤਮਕਤਾ, ਨਿਤਾਪ੍ਰਤੀ, ਦੀਆਂ ਸਮੱਸਿਆਵਾਂ ਤੋਂ ਨਿਜਾਤ ਹਾਸਲ ਕਰਨ ਆਦਿ ਵਿਚ ਗਿਆਨ ਦਾ ਨਿਰਪੱਖ ਯੋਗਦਾਨ ਹੈ। ਜਦਕਿ" ਗਿਆਨ ਹੁਣ ਸ਼ਖਸੀਅਤ ਦਾ ਹਿੱਸਾ ਨਹੀਂ, ਮੰਡੀ ਦਾ ਮਾਲ ਹੈ, ਜਿਸਦੀ ਖਰੀਦੋ ਫ਼ਰੋਖਤ ਸੰਭਵ ਹੈ। ਪਿਛਲੇ ਸਮਿਆਂ ਵਿੱਚ ਗਿਆਨ ਪ੍ਰਾਪਤੀ ਲਈ ਜੀਵਨ ਖਪਾਏ ਜਾਂਦੇ ਸਨ। ਹੁਣ ਗਿਆਨ ਦਾ ਮੰਡੀ ਦੀਆਂ ਵਸਤੂਆਂ ਦੇ ਨਾਲ ਉਤਪਾਦਨ ਹੋ ਰਿਹਾ ਹੈ ਅਤੇ ਸਾਬਣ ਤੇ ਟੁੱਥਪੇਸਟ ਵਾਂਗ ਗਿਆਨ ਵੀ ਵਿਕਾਊ ਹੈ। ਗਿਆਨ ਹੁਣ ਹਾਕਮ ਨਹੀਂ ਮਹਿਕੂਮ ਹੈ। ਸਮਕਾਲੀ ਸਮੇਂ ਵਿੱਚ ਜੋ ਨਵਾਂ ਆਲਮੀ ਨਿਜ਼ਾਮ ਸ਼ਕਲ ਅਖਤਿਆਰ ਕਰ ਰਿਹਾ ਹੈ ਉਸ ਵਿੱਚ ਜਿਸ ਕਿਸਮ ਦੇ ਮਨੁੱਖ ਦੀ ਲੋੜ ਨਜ਼ਰ ਆਉਂਦੀ ਹੈ ਉਹ ਨਿਰੋਲ ਇੱਕ ਖਪਤਕਾਰ ਹੀ ਹੈ, ਕੋਈ ਸੋਚਵਾਨ ਵਿਅਕਤੀਤੱਤ ਨਹੀਂ। ਉਸਦੀ ਸੱਭਿਆਚਾਰਕ ਪਛਾਣ ਬਾਜ਼ਾਰ ਦੀਆਂ ਨਵੀਂ ਪੂੰਜੀਵਾਦੀ ਤਾਕਤਾਂ ਹੀ ਤੈਅ ਕਰ ਰਹੀਆਂ ਹਨ।

ਜਿੱਥੇ ਵਿਸ਼ਵੀਕਰਨ ਦੇ ਦੌਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਦੇ ਆਉਣ ਨਾਲ 'ਬਰੈਂਡਡ' ਵਸਤਾਂ ਦਾ ਰੁਝਾਨ ਵਧਿਆ ਹੈ, ਉਥੇ ਸਾਡੀਆਂ ਸਥਾਨਕ ਲੋਕ ਕਲਾਵਾਂ ਨੂੰ ਵੀ ਵਧੀਆ ਹੁੰਗਾਰਾ ਮਿਲ ਰਿਹਾ ਹੈ। ਹੁਣ ਹੱਥ ਦੀਆਂ ਬਣੀਆਂ ਵਸਤਾਂ ਦੀਆਂ ਪ੍ਰਦਰਸ਼ਣੀਆਂ ਲੱਗਦੀਆਂ ਹਨ ਅਤੇ ਦਿੱਲੀ ਵਰਗੇ ਸ਼ਹਿਰਾਂ ਵਿੱਚ ਫੁਲਕਾਰੀ, ਦਰੀਆਂ ਅਤੇ ਹੋਰ ਹੱਥ ਦੀਆਂ ਬਣੀਆਂ ਵਸਤਾਂ ਲੱਖਾਂ ਦੀ ਕੀਮਤ ਵਿੱਚ ਵਿਕ ਰਹੀਆਂ ਹਨ।

ਪੰਜਾਬੀ ਜੀਵਨ ਪ੍ਰਣਾਲੀ ਵਿਚ ਇਲੈਕਟ੍ਰਾਨਿਕ ਵਸਤਾਂ ਦੀ ਬਹੁਤਾਤ, ਹੱਥੀ ਕਾਰਜਾਂ ਦੀ ਥਾਂ ਮਸ਼ੀਨਾਂ ਦਾ ਆਉਣਾ ਆਦਿ ਨਾਲ ਸੁਖੈਨਤਾ ਤਾਂ ਮਿਲੀ ਹੈ। ਪਰ ਇਸ ਸਦਕਾ ਉਪਜੀ ਵਿਹਲ ਅਤੇ ਮਾਨਸਿਕਤਾ ਤਣਾਅ ਅਨੇਕਾਂ ਸੰਕਟਾਂ ਦਾ ਕਾਰਨ ਬਣਦੇ ਹਨ। ਮਨੁੱਖੀ ਮਾਨਸਿਕਤਾ ਵਿੱਚ ਵਿਅਕਤੀਵਾਦ, ਬੇਗਾਨਗੀ, ਲਾਲਸਾ ਜਿਹੀਆਂ ਭਾਵਨਾਵਾਂ ਦੀ ਉਪਜ ਮਾਨਵੀ ਰਿਸ਼ਤਿਆਂ ਦੀ ਵਿਚਲੇ ਨਿੱਘ ਨੂੰ ਖੋਰਾ ਲਾਉਂਦੀ ਹੈ ਜਿਸ ਨਾਲ ਪੰਜਾਬੀ ਜੀਵਨ ਸ਼ੈਲੀ ਪ੍ਰਭਾਵਿਤ ਹੋਈ ਹੈ।ਟੀ. ਵੀ, ਸੈਟੇਲਾਈਟ ਚੈਨਲ, ਕੰਪਿਊਟਰ ਇੰਟਰਨੈੱਟ, ਅਖਬਾਰਾਂ ਆਦਿ ਜਨ - ਸੰਚਾਰ ਦਾ ਮਾਧਿਅਮ ਹਨ। ਇਨ੍ਹਾਂ ਦਾ ਪ੍ਰਚਲਨ ਵਿਆਪਕ ਪੱਧਰ ਤੇ ਹੈ। ਪੰਜਾਬੀ ਮੀਡੀਆ ਦੀ ਗੱਲ ਕਰੀਏ ਤਾਂ ਅਖਬਾਰਾਂ, ਪ੍ਰਿੰਟ ਮੀਡੀਆ, ਟੀ. ਵੀ., ਇੰਟਰਨੈੱਟ, ਕੰਪਿਊਟਰ ਆਦਿ ਤੇ ਇਸ ਦਾ ਪ੍ਰਭਾਵ ਸਪੱਸ਼ਟ ਦਿਖਾਈ ਦਿੰਦਾ ਹੈ। ਜਨ ਸੰਚਾਰ ਸਾਧਨਾਂ ਦੀ ਕੁਵਰਤੋਂ ਰਾਹੀਂ ਲੋਕ-ਹਿੱਤਾਂ, ਸੁਹਜਾਤਮਿਕ ਰੁਚੀਆਂ ਅਤੇ ਉਨ੍ਹਾਂ ਦੀਆਂ ਤਤਕਾਲੀ ਸਮੱਸਿਆਵਾਂ ਤੋਂ ਧਿਆਨ ਹਟਾਇਆ ਜਾਂਦਾ ਹੈ। ਜਨ ਸੰਚਾਰ ਸਾਧਨ ਕੇਵਲ ਮਨੋਰੰਜਨ ਜਾਂ ਚੇਤਨਾ ਦਾ ਸਾਧਨ ਨਹੀਂ ਰਹੇ, ਸਗੋਂ ਲੋਕਾਂ ਨੂੰ ਪੂੰਜੀ ਖਪਤ ਲਈ ਆਪਣੇ ਵੱਲ ਖਿੱਚਿਆ ਜਾ ਰਿਹਾ ਹੈ। ਟੀ. ਵੀ. ਸੀਰੀਅਲ ਜਾਂ ਫਿਰ ਗੀਤ-ਸੰਗੀਤ ਵਿਚ ਜੀਵਨ ਦੇ ਜੋ ਦ੍ਰਿਸ਼ ਪੇਸ਼ ਕੀਤੇ ਜਾਂਦੇ ਹਨ। ਪੰਜਾਬੀ ਆਮ ਜੀਵਨ ਦੀਆਂ ਸਮੱਸਿਆਵਾਂ ਤੋਂ ਇੱਕ ਵਿੱਥ ਥਾਪ ਲੈਂਦੇ ਹਨ। ਸੀਰੀਅਲ ਵਿਚ ਅਮੀਰਾਂ ਦੀ ਐਸ਼ੋ-ਆਰਾਮ ਵਾਲੀ ਜੀਵਨ ਸ਼ੈਲੀ ਹੀ ਪ੍ਰਸਤੁਤ ਹੁੰਦੀ ਹੈ।

ਜਨ-ਸੰਚਾਰ ਦੁਆਰਾ ਜਿਹੜੇ ਵੀ ਪ੍ਰੋਗਰਾਮ ਅਤੇ ਵਿਗਿਆਪਨ ਪੇਸ਼ ਕੀਤੇ ਜਾਂਦੇ ਹਨ, ਉਨ੍ਹਾਂ ਦੀ ਪਿੱਠਭੂਮੀ ਵਿਚ ਬਹੁ-ਕੌਮੀ ਕੰਪਨੀਆਂ ਦੁਆਰਾ ਉਤਪਾਦਨ ਖਪਤ ਦਾ ਢੰਗ ਕਾਰਜਸ਼ੀਲ ਹੁੰਦਾ ਹੈ। ਮੀਡੀਆ ਦੁਆਰਾ ਪ੍ਰਸਾਰਿਤ ਪ੍ਰੋਗਰਾਮਾਂ ਵਿਚ ਮੁੰਡੇ - ਕੁੜੀਆਂ ਲਈ ਜਿਹੜੇ ਰੋਲ ਮਾਡਲ ਪੇਸ਼ ਕੀਤੇ ਜਾਂਦੇ ਹਨ, ਉਹ ਨੌਜਵਾਨਾਂ ਨੂੰ ਨਵੇਕਲੀ ਪਹਿਚਾਣ ਬਣਾਉਣ ਵੱਲ ਸੇਧਿਤ ਨਾ ਕਰਕੇ ਇੱਕ ਨਿਸ਼ਚਿਤ ਢਾਂਚੇ ਵਿੱਚ ਫਿੱਟ ਕਰਨ ਤਕ ਸੰਕੁਚਿਤ ਹਨ। ਟੈਲੀਵਿਜ਼ਨ ਦੁਆਰਾ ਦਿੱਤੇ ਵਿਗਿਆਪਨ ਹੀ ਮਨੁੱਖ ਦੀ ਪਛਾਣ ਨਿਰਧਾਰਿਤ ਕਰਦੇ ਹਨ। ਇਸ ਪ੍ਰਸੰਗ ਵਿਚ ਔਰਤ ਦੀ ਸਥਿਤੀ ਨੂੰ ਵੇਖਿਆ ਜਾ ਸਕਦਾ ਹੈ।"ਜਿਵੇਂ ਵਿਗਿਆਪਨ ਮਾਂ" ਪਰਿਭਾਸ਼ਾ ਮਿੱਥਦੇ ਹਨ ਕਿ ਸੁਪਰ ਮੰਮੀ ਆਪਣੀਆਂ ਬੱਚਿਆਂ ਲਈ ਅਨੇਕਾਂ ਪ੍ਰਕਾਰ ਦੇ ਤੋਹਫੇ ਖਰੀਦ ਕੇ ਦਿੰਦੀ ਹੈ। ਜੋ ਸਾਫ਼ ਸੁਥਰੀ ਤੇ ਹੱਸਮੁੱਖ ਹੈ। ਇਸ ਤੋਂ ਬਾਹਰੇ ਰੂਪ ਵਿਚ ਉਹ ਮਾਂ ਹੀ ਨਹੀਂ ਹੈ। ਮਨੋਰੰਜਨ ਚੈਨਲਾਂ ਦੁਆਰਾ ਪੇਸ਼ ਪ੍ਰੋਗਰਾਮ ਲੋਕ ਮਾਨਸਿਕਤਾ ਨੂੰ ਬਦਲਣ ਲਈ ਹਰ ਹੀਲਾ-ਵਸੀਲਾ

ਵਰਤਦੇ ਹਨ। ਇਹ ਚੈਨਲ ਪੰਜਾਬੀ ਪਛਾਣ ਨੂੰ ਰਿਵਾਲਵਰ ਚੁੱਕਣ ਵਾਲੇ, ਬੰਦਾ ਮਾਰਨ ਵਾਲੇ ਗੈਂਗਸਟਰ ਦੇ ਰੂਪ ਵਿਚ ਉਭਾਰ ਰਹੇ ਹਨ। ਪੰਜਾਬੀ ਗੀਤ-ਸੰਗੀਤ ਵਿਚੋਂ ਸੱਭਿਆਚਾਰ, ਮੁੱਲ-ਵਿਧਾਨ ਅਲੋਪ ਜਿਹਾ ਹੋ ਗਿਆ ਹੈ।

ਵਿਸ਼ਵੀਕਰਨ ਦੇ ਪ੍ਰਭਾਵ ਹੇਠ ਬਹੁ-ਕੌਮੀ ਕੰਪਨੀਆਂ ਜਦੋਂ ਤੋਂ ਮਨੋਰੰਜਨ ਦੇ ਵਿਭਿੰਨ ਪ੍ਰੋਗਰਾਮਾਂ ਨੂੰ ਸਪਾਂਸਰ ਕਰਨ ਲੱਗੀਆਂ ਹਨ, ਉਦੋਂ ਤੋਂ ਪੰਜਾਬੀਆਂ ਦੀ ਵਿਵਿਧਤਾ ਤੇ ਮੌਲਿਕਤਾ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਹੈ, ਭਾਵ ਪੰਜਾਬੀ ਮੀਡੀਏ ਰਾਹੀਂ ਇੱਕ ਅਜਿਹਾ ਵਿਸ਼ਵ ਸੱਭਿਆਚਾਰ ਪੇਸ਼ ਕੀਤਾ ਜਾ ਰਿਹਾ ਹੈ, ਜਿਸ ਦਾ ਨਾ ਤਾਂ ਕੋਈ ਮੌਲਿਕ ਸਰੂਪ ਹੈ, ਨਾ ਕੋਈ ਦ੍ਰਿਸ਼ ਹੈ। ਟੈਲੀਵਿਜ਼ਨ ਚੈਨਲਾਂ ਰਾਹੀਂ ਦਿੱਤੇ ਜਾ ਰਹੇ ਪਾਪੂਲਰ ਪ੍ਰੋਗਰਾਮਾਂ ਰਾਹੀਂ ਸਾਡੇ ਸੁਆਦ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਜਾ ਹੈ।ਇਸ ਤਰ੍ਹਾਂ ਪੰਜਾਬੀ ਮੀਡੀਆ ਵਿਸ਼ਵੀਕਰਨ ਦੇ ਦਬਾਅ ਹੇਠ ਆਪਣੀ ਸਮਾਜਿਕ ਸਾਰਥਿਕਤਾ ਵੀ ਹਰ ਦਿਨ ਗੁਆ ਰਿਹਾ ਹੈ। ਮਨੁੱਖੀ ਜੀਣ-ਥੀਣ, ਨਵੀਂ ਰਹਿਣੀ-ਬਹਿਣੀ ਨੇ ਮੱਧਵਰਗੀ ਜਾਂ ਨਿਮਨ ਵਰਗ ਅੱਗੇ ਜੋ ਮ੍ਰਿਗਤ੍ਰਿਸ਼ਨਾ ਪੈਦਾ ਕੀਤੀ ਹੈ, ਉਹ ਉਨ੍ਹਾਂ ਦੇ ਸੁਪਨਿਆਂ ਅਤੇ ਆਰਥਿਕਤਾ ਵਿੱਚ ਬੇਜੋੜ ਹੈ। ਪੰਜਾਬੀ ਬੰਦੇ ਦੀ ਮਾਨਸਿਕ ਤਬਦੀਲੀ ਉਸਦੀ ਹੋਂਦ ਨੂੰ ਖੋਰਾ ਲਾ ਰਹੀ ਹੈ। ਉਪਭੋਗੀ ਬਿਰਤੀ ਨੇ ਸੱਭਿਆਚਾਰਕ ਮੁੱਲ ਵਿਧਾਨ ਨੂੰ ਮੂਲੋਂ ਹੀ ਢਾਹ ਲਾਈ ਹੈ। ਮਨੁੱਖੀ ਮਾਨਸਿਕਤਾ ਨੂੰ ਚਕਾਚੌਂਧ ਕਰਨ ਵਾਲੀਆਂ ਵਸਤੂਆਂ ਤੇ ਵਪਾਰੀਕਰਨ ਨਾਲ ਉਪਭੋਗੀ ਲਾਲਸਾ ਨੂੰ ਉਕਸਾਇਆ ਜਾਂਦਾ ਹੈ। ਮਨੁੱਖ ਨਿੱਜੀ ਹੋਂਦ ਤੱਕ ਸਿਮਟ ਜਾਂਦਾ ਹੈ। ਉਸ ਦੀ ਮਾਨਸਿਕਤਾ ਵਿੱਚ ਪਦਾਰਥਕ ਵਸਤਾਂ ਦੀ ਲਾਲਸਾ ਭਾਰੂ ਰਹਿੰਦੀ ਹੈ। ਜਿਸ ਨਾਲ ਇੱਕ ਤਰ੍ਹਾਂ ਉਪਭੋਗੀ ਸੱਭਿਆਚਾਰ ਉਸਾਰਿਆ ਗਿਆ ਹੈ।

ਕਿਸੇ ਵੀ ਸਮਾਜ ਦੇ ਨਿਰਮਾਣ ਅਤੇ ਪ੍ਰਗਤੀ ਵਿੱਚ ਭਾਸ਼ਾ ਦੀ ਭੂਮਿਕਾ ਅਹਿਮ ਰਹੀ ਹੈ। ਕਿਸੇ ਖਿੱਤੇ ਵਿਸ਼ੇਸ਼ ਵਿਚ ਬੋਲੀ ਜਾਂਦੀ ਭਾਸ਼ਾ ਹੀ ਮਨੁੱਖ ਦੀਆਂ ਮਾਨਸਿਕ ਕਿਰਿਆਵਾਂ ਦੀ ਪੇਸ਼ਕਾਰੀ ਕਰਦੀ ਹੈ। ਪੰਜਾਬੀ ਸੱਭਿਆਚਾਰ ਦੇ ਸੰਦਰਭ ਵਿਚ ਵੇਖੀਏ ਤਾਂ ਸਾਡੀ ਮਾਂ-ਬੋਲੀ ਪੰਜਾਬੀ ਭਾਸ਼ਾ ਪ੍ਰਤੀ ਤਤਕਾਲੀ ਰੁਖ ਚਿੰਤਾਜਨਕ ਹੈ। ਪੰਜਾਬੀ ਭਾਸ਼ਾ ਦੀ ਥਾਂ ਅੰਗਰੇਜ਼ੀ ਨੂੰ ਹੀ ਪਹਿਲ ਦਿੱਤੀ ਜਾਂਦੀ ਹੈ। ਵਿਸ਼ਵੀਕਰਨ ਦੁਆਰਾ ਆਪਣੇ ਵਪਾਰਕ ਹਿੱਤਾਂ ਦੇ ਬੇਲਗਾਮ ਵਾਧੇ ਲਈ ਅੰਗਰੇਜ਼ੀ ਭਾਸ਼ਾ ਨੂੰ ਹੀ ਸਰਵਸ੍ਰੇਸ਼ਠ ਸਿੱਧ ਕੀਤਾ ਜਾ ਰਿਹਾ ਹੈ। ਅਮਰੀਕੀ ਸਾਮਰਾਜ ਅੰਗਰੇਜ਼ੀ ਭਾਸ਼ਾ ਨੂੰ ਵਿਸ਼ਵ ਭਾਸ਼ਾ ਦਰਜਾ ਦੇਣ ਤੇ ਤੁਲਿਆ ਹੋਇਆ ਹੈ। ਵਿਸ਼ਵੀਕਰਨ ਦੀ ਨਜ਼ਰ ਵਿਚ ਅੰਗਰੇਜ਼ੀ ਉਦਾਰਤਾ ਦੀ ਅਤੇ ਪੰਜਾਬੀ ਸੰਕੀਰਨਤਾ ਦੀ ਚਿਹਨ ਬਣਾ ਕੇ ਉਭਰ ਰਹੀ ਹੈ। ਅੰਗਰੇਜ਼ੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਤੋਂ ਸ੍ਰੇਸ਼ਠ ਦੱਸਣਾ ਅਤੇ ਸਾਡੀ ਭਾਸ਼ਾ ਉਪਰ ਥੋਪਣਾ ਇੱਕ ਅਣਮਨੁੱਖੀ ਕਾਰਵਾਈ ਹੈ। ਇਹ ਕਾਰਵਾਈ ਸਾਡੀ ਸੁਤੰਤਰਤਾ, ਬਰਾਬਰੀ ਅਤੇ ਪੰਜਾਬੀ ਭਾਈਚਾਰੇ ਦੇ ਲੋਕਤੰਤਰੀ ਮੁੱਲਾਂ ਦੇ ਵਿਰੁੱਧ ਵੀ ਹੈ। ਇਹ ਨਹੀਂ ਕਿ ਕਿ ਅੰਗਰੇਜ਼ੀ ਭਾਸ਼ਾ ਦੀ ਨਿਵੇਕਲੀ ਭਾਸ਼ਾਈ ਨਿਪੁੰਨਤਾ ਹੈ, ਜਿਸ ਕਾਰਨ ਬਹੁ-ਕੌਮੀ ਕੰਪਨੀਆਂ ਦੁਆਰਾ ਪੈਦਾ ਕੀਤੇ ਜਾਂਦੇ ਰੁਜ਼ਗਾਰ ਦੇ ਮੌਕਿਆਂ ਵਿਚ ਇਸ ਨੂੰ ਰੁਜ਼ਗਾਰ ਦੀ ਭਾਸ਼ਾ ਬਣਾਇਆ ਜਾਂਦਾ ਹੈ। ਸਗੋਂ ਸਮੇਂ ਦੀਆਂ ਸਰਕਾਰਾਂ ਨੇ ਵੀ ਪੰਜਾਬੀ ਭਾਸ਼ਾ ਦੇ ਵਿਕਾਸ ਲਈ ਠੋਸ ਕਦਮ ਨਹੀਂ ਚੁੱਕੇ। ਅਜੋਕੀ ਪੰਜਾਬੀ ਭਾਸ਼ਾ ਵਿੱਚ ਵੀ ਅੰਗਰੇਜ਼ੀ ਸ਼ਬਦਾਂ ਏਨੀ ਭਰਪੂਰ ਵਰਤੋਂ ਕੀਤੀ ਜਾਂਦੀ ਹੈ, ਕਿ ਪੰਜਾਬੀ ਭਾਸ਼ਾ ਦਾ ਭਾਸ਼ਾਈ ਰੂਪ ਹੀ ਬਦਲਿਆ ਨਜ਼ਰ ਆਉਂਦਾ ਹੈ। ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਉਨੱਤੀ ਲਈ ਜਰੂਰੀ ਹੈ, ਪੰਜਾਬੀ ਭਾਸ਼ਾ ਨੂੰ ਰੁਜ਼ਗਾਰ ਦਾ ਮਾਧਿਅਮ ਬਣਾਇਆ ਜਾਵੇ, ਜਿਸ ਲਈ ਸਾਂਝੇ ਯਤਨਾਂ ਦੀ ਲੋੜ ਹੈ।

ਸਮੁੱਚੇ ਤੌਰ ਤੇ ਕਿਹਾ ਜਾ ਸਕਦਾ ਹੈ ਕਿ ਵਿਸ਼ਵੀਕਰਨ ਦੀ ਪ੍ਰਕਿਰਿਆ ਪੂੰਜੀ ਦੇ ਇਕੱਤੀਕਰਨ ਤੱਕ ਕੇਂਦਰਤ ਹੈ। ਜਿਸ ਦਾ ਮਨੋਰਥ ਵਧੇਰੇ ਮੁਨਾਫ਼ਾ ਕਮਾਉਣਾ ਹੈ। ਵਿਸ਼ਵੀਕਰਨ ਤਹਿਤ ਵਿਸ਼ਵ ਆਰਥਿਕਤਾ ਅਤੇ ਮੁਕਤ ਬਾਜ਼ਾਰ, ਵਿਸ਼ਵ ਪਿੰਡ ਆਦਿ ਧਾਰਨਾਵਾਂ ਦੇ ਪ੍ਰਚਲਨ ਨਾਲ ਤੀਜੀ ਦੁਨੀਆਂ ਦੇ ਪੱਛੜੇ ਮੁਲਕਾਂ ਦੇ ਹਾਲਾਤ ਸੁਧਾਰੇ ਨਹੀਂ, ਸਗੋਂ ਉਨ੍ਹਾਂ ਦੀ ਆਪਣੀ ਆਜ਼ਾਦੀ ਨੂੰ ਢਾਹ ਲੱਗੀ ਹੈ। ਜਿਸ ਦਾ ਪ੍ਰਭਾਵ ਪੰਜਾਬੀ ਸੱਭਿਆਚਾਰ ਉਪੱਰ ਪ੍ਰਤੱਖ ਨਜ਼ਰ ਆਉਂਦਾ ਹੈ। ਸੱਭਿਆਚਾਰ ਪਰਿਵਰਤਨ ਕੋਈ ਨਾਂਹਮੁਖੀ ਵਰਤਾਰਾ ਨਹੀਂ, ਬਲਕਿ ਇਹ ਪੰਜਾਬੀ ਲੋਕਾਂ ਦੀ ਜੀਵਨ-ਸ਼ੈਲੀ ਦੀਆਂ ਜ਼ਰੂਰਤਾਂ ਵਿਚੋਂ ਉਪਜਿਆ ਨਹੀਂ ਸਗੋਂ ਠੋਸਿਆ ਜਾ ਰਿਹਾ ਹੈ। ਵਿਸ਼ਵੀਕਰਨ ਦੀਆਂ ਮਾਰੂ ਨੀਤੀਆਂ ਤੋਂ ਬਚਣ ਲਈ ਤੀਜੀ ਦੁਨੀਆ ਦੇ ਪੱਛੜੇ ਮੁਲਕਾਂ ਨੂੰ ਆਪਣੀ ਆਜ਼ਾਦ ਅਤੇ ਸੁਤੰਤਰ ਹੋਂਦ ਨੂੰ ਅਪਣਾਉਣ ਦੀ ਜ਼ਰੂਰਤ ਹੈ।

## ਸਾਰਾਂਸ਼

ਵਿਸ਼ਵੀਕਰਨ ਦੀ ਪ੍ਰਕ੍ਰਿਆ ਤੋਂ ਬਾਅਦ ਸਾਰਾ ਵਿਸ਼ਵ ਇੱਕ ਪਿੰਡ ਬਣ ਗਿਆ ਹੈ, ਜਿਸ ਕਾਰਨ ਲੋਕਾਂ ਦੀ ਦੂਸਰੇ ਦੇਸ਼ਾਂ ਵਿੱਚ ਜਾਣ ਦੀ ਪ੍ਰਕ੍ਰਿਆ ਤੇਜ਼ ਹੋਈ ਹੈ। ਉਹ ਦੌਰ ਵੀ ਖ਼ਤਮ ਹੋ ਚੁੱਕਾ ਹੈ ਜਦੋਂ ਪੰਜਾਬੀ ਸਭਿਆਚਾਰ ਕੇਵਲ ਪੰਜਾਬ ਦੇ ਪਿੰਡ ਭਾਰਤ ਦੇ ਨਗਰ ਜਾਂ ਮਹਾਂਨਗਰ ਤੱਕ ਸੀਮਤ ਰਹਿ ਗਿਆ ਹੋਵੇ, ਇਸ ਦਾ ਵਿਸ਼ਵ ਦੇ ਅੰਤਰਰਾਸ਼ਟਰੀ ਮਹਾਂਨਗਰਾਂ ਤੱਕ ਫੈਲਾਅ, ਪੰਜਾਬੀਆਂ ਦਾ ਵਿਸ਼ਵ ਦੇ ਕੋਨਿਆਂ ਤੱਕ ਜਾਂ ਪਹੁੰਚਣਾ ਅਜਿਹਾ ਯਥਾਰਥ ਹੈ ਜਿਸ ਦਾ ਪ੍ਰਭਾਵ ਉਸ ਦੀ ਸਭਿਆਚਾਰਕ ਪਹਿਚਾਣ ਤੇ ਪਿਆ ਹੈ। ਜਿੱਥੇ ਵਿਸ਼ਵੀਕਰਨ

ਦੇ ਦੌਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਦੇ ਆਉਣ ਨਾਲ 'ਬਰੈਂਡਡ' ਵਸਤਾਂ ਦਾ ਰੁਝਾਨ ਵਧਿਆ ਹੈ, ਉਥੇ ਸਾਡੀਆਂ ਸਥਾਨਕ ਲੋਕ ਕਲਾਵਾਂ ਨੂੰ ਵੀ ਵਧੀਆ ਹੁੰਗਾਰਾ ਮਿਲ ਰਿਹਾ ਹੈ। ਹੁਣ ਹੱਥ ਦੀਆਂ ਬਣੀਆਂ ਵਸਤਾਂ ਦੀਆਂ ਪ੍ਰਦਰਸ਼ਣੀਆਂ ਲੱਗਦੀਆਂ ਹਨ ਅਤੇ ਦਿੱਲੀ ਵਰਗੇ ਸ਼ਹਿਰਾਂ ਵਿੱਚ ਫੁਲਕਾਰੀ, ਦਰੀਆਂ ਅਤੇ ਹੋਰ ਹੱਥ ਦੀਆਂ ਬਣੀਆਂ ਵਸਤਾਂ ਲੱਖਾਂ ਦੀ ਕੀਮਤ ਵਿੱਚ ਵਿਕ ਰਹੀਆਂ ਹਨ।

ਇਸ ਪ੍ਰਕਾਰ ਵਿਸ਼ਵੀਕਰਨ ਦੀ ਪ੍ਰਕ੍ਰਿਆ ਰਾਹੀਂ ਅਮਰੀਕਾ ਇੰਗਲੈਂਡ ਅਤੇ ਜਪਾਨ ਵਰਗੇ ਵਿਕਸਿਤ ਦੇਸ਼ ਆਪਣੇ ਪੂੰਜੀ ਦੇ ਫੈਲਾਅ ਰਾਹੀਂ ਵਿਕਾਸਸ਼ੀਲ ਦੇਸ਼ਾਂ ਤੇ ਆਪਣਾ ਪ੍ਰਭਾਵ ਜਮਾ ਰਹੇ ਹਨ।

## ਕੇਂਦਰੀ ਸ਼ਬਦ

- **ਵਿਸ਼ਵੀਕਰਨ** ਦਾ ਅਰਥ ਹੈ ਕਿ ਆਰਥਿਕ ਕਿਰਿਆਵਾਂ ਨੂੰ ਦੇਸ਼ਾਂ ਦੀਆਂ ਸੀਮਾਵਾਂ ਤੋਂ ਅੱਗੇ ਸੰਸਾਰ ਪੱਧਰ 'ਤੇ ਪੂੰਜੀ, ਤਕਨੀਕ ਤੇ ਜਾਣਕਾਰੀ ਦੇ ਵਹਾਅ ਨੂੰ ਹੋਰ ਵਿਸ਼ਾਲ ਕਰਨਾ ਤੇ ਹੋਰ ਡੂੰਘਾਈ ਤੱਕ ਲੈ ਜਾਣਾ
- **ਉਪਭੋਗਤਾ** ਉਹ ਵਿਅਕਤੀ ਜੋ ਨਿਯਮਤ ਅਧਾਰ ਤੇ ਉਤਪਾਦ ਜਾਂ ਸੇਵਾ ਦੀ ਵਰਤੋਂ ਕਰਦਾ ਹੈ
- **ਉਪਭੋਗਤਾਵਾਦੀ ਸਭਿਆਚਾਰ** ਤੋਂ ਭਾਵ ਮਾਨਵੀ ਮੁੱਲਾਂ ਦੀ ਥਾਂ ਪੂੰਜੀ ਦੀ ਅਹਿਮੀਅਤ ਨੂੰ ਬੜ੍ਹਾਵਾ ਦੇਣਾ ਹੈ।

## ਸਵੈ-ਮੁਲਾਂਕਣ

**ਪ੍ਰਸ਼ਨ 1 ਵਿਸ਼ਵੀਕਰਨ ਦਾ ਸੰਬਧ ਕਿਸ ਵਿਵਸਥਾ ਨਾਲ ਹੈ?**

ੳ) ਗੁਲਾਮਦਾਰੀ

ਅ) ਜਗੀਰਦਾਰੀ

ੲ) ਪੂੰਜੀਵਾਦੀ

ਸ) ਸਮਾਜਵਾਦੀ

**ਪ੍ਰਸ਼ਨ 2. ਵਿਸ਼ਵੀਕਰਨ ਦੀ ਪ੍ਰਕਿਰਿਆ.............ਦੇ ਇਕੱਤੀਕਰਨ ਤੱਕ ਕੇਂਦਰਤ ਹੈ।**

ੳ) ਭਾਈਚਾਰੇ

ਅ) ਵਸਤਾਂ

ੲ) ਪੂੰਜੀ

ਸ) ਰਿਸ਼ਤੇ ਨਾਤਿਆਂ

**ਪ੍ਰਸ਼ਨ 3. ਵਿਸ਼ਵੀਕਰਨ ਦੀ ਨਜ਼ਰ ਵਿਚ.........ਉਦਾਰਤਾ ਦੀ ਅਤੇ........ਸੰਕੀਰਨਤਾ ਦੀ ਚਿਹਨ ਬਣਾ ਕੇ ਉਭਰ ਰਹੀ ਹੈ।**

ੳ) ਅੰਗਰੇਜ਼ੀ..... ਅੰਗਰੇਜ਼ੀ..................

ਅ) ਹਿੰਦੀ...... ਅੰਗਰੇਜ਼ੀ.........

ੲ) ਪੰਜਾਬੀ...... ਅੰਗਰੇਜ਼ੀ.........

ਸ) ਅੰਗਰੇਜ਼ੀ..... ਪੰਜਾਬੀ........

**ਪ੍ਰਸ਼ਨ 4. ਵਿਸ਼ਵੀਕਰਨ ਦੇ ਦੌਰ ਵਿੱਚ ਮਲਟੀਨੈਸ਼ਨਲ ਕੰਪਨੀਆਂ ਦੇ ਆਉਣ ਨਾਲ ਕਿਹੜੀਆਂ ਵਸਤਾਂ ਦਾ ਰੁਝਾਨ ਵਧਿਆ ਹੈ?**

ੳ) ਪੇਂਡੂ

ਅ) ਸ਼ਹਿਰੀ

ੲ) ਦੇਸੀ

ਸ) ਬਰੈਂਡਡ

**ਪ੍ਰਸ਼ਨ 5. ਡਾ. ਸੁੱਚਾ ਸਿੰਘ ਗਿੱਲ ਨੇ ਵਿਸ਼ਵੀਕਰਨ ਨੂੰ ਕੀ ਨਾਂ ਦਿੱਤਾ ਹੈ।**

ੳ) ਸਾਰਥਿਕ ਵਿਸ਼ਵੀਕਰਨ

ਅ) ਲੰਗੜਾ ਵਿਸ਼ਵੀਕਰਨ

ੲ) ਸੁਚਾਰੂ ਵਿਸ਼ਵੀਕਰਨ

ਸ) ਉਸਾਰੂ ਵਿਸ਼ਵੀਕਰਨ

**ਪ੍ਰਸ਼ਨ 6. ਪਦਾਰਥਕ ਵਸਤਾਂ ਦੀ ਲਾਲਸਾ ਨੇ.............ਉਸਾਰ ਦਿੱਤਾ ਹੈ।**

ੳ) ਮੁੱਲਵਾਨ ਸੱਭਿਆਚਾਰ

ਅ) ਉਸਾਰੂ ਸਭਿਆਚਾਰ

ੲ) ਉਪਭੋਗੀ ਸਭਿਆਚਾਰ

ਸ) ਵਿਸ਼ਵੀ ਸਭਿਆਚਾਰ

**ਪ੍ਰਸ਼ਨ 7. ਪੰਜਾਬੀ ਰਹਿਣਸਹਿਣ ਵਿਚ ਵਿਆ-ਹ ਜਸ਼ਨੀ ਪਲਾਂ ਦੇ ਲਖਾਇਕ ਨਾ ਰਹਿ ਕੇ........ਤੱਕ ਸੀਮਤ ਹੋ ਗਿਆ ਹੈ।**

ੳ) ਪੈਲੇਸ ਸਭਿਆਚਾਰ

ਅ) ਦੇਸੀ ਸਭਿਆਚਾਰ

ੲ) ਬਰੈਂਡਡ ਸਭਿਆਚਾਰ

ਸ) ਅੰਗਰੇਜ਼ੀ ਸਭਿਆਚਾਰ

**ਪ੍ਰਸ਼ਨ 8. ਪਿੰਡਾਂ ਵਿੱਚ ਤਿਆਰ ਕੀਤੀਆਂ ਕਲਾ ਕ੍ਰਿਤਾਂ ਤੇ ਦਸਤਕਾਰੀ ਦੀ ਥਾਂ.............ਨੇ ਲੈ ਲਈ ਹੈ।**

ੳ) ਰੀਤੀ-ਰਿਵਾਜ਼

ਅ) ਵਿਸ਼ਵਾਸ਼

ੲ) ਸੰਦਾਂ

ਸ) ਮਸ਼ੀਨੀਕਰਨ

**ਪ੍ਰਸ਼ਨ 9. ..................ਦੁਆਰਾ ਮੁਕਤ ਬਾਜ਼ਾਰ ਦੇ ਨਾਂਅ ਹੇਠ ਨਵੇਂ ਉਤਪਾਦ, ਐਸ਼ੋਪੀਣ ਦੀਆਂ -ਆਰਾਮ ਦੀਆਂ ਵਸਤੂਆਂ ਖਾਣ-ਚੀਜ਼ਾਂ ਬਾਜ਼ਾਰ ਵਿੱਚਵੱਡੀ ਮਾਤਰਾ ਵਿਚ ਸੁੱਟੀਆਂ ਜਾ ਰਹੀਆਂ ਹਨ।**

ੳ) ਬਹੁਕੌਮੀ ਕਾਰਪੋਰੇਸ਼ਨਾਂ

ਅ) ਦੇਸੀ ਕਾਰਪੋਰੇਸ਼ਨਾਂ

ੲ) ਸਰਕਾਰਾਂ

ਸ) ਵਿਦੇਸ਼ੀ ਸਰਕਾਰਾਂ

**ਪ੍ਰਸ਼ਨ 10. ਵਿਸ਼ਵੀਕਰਨ ਅੰਗਰੇਜ਼ੀ ਸ਼ਬਦ.............ਦਾ ਪੰਜਾਬੀ ਅਨੁਵਾਦ ਹੈ।**

ੳ) Libralisation

ਅ) Civilisation

ੲ) Globalisation

ਸ) Modernization

**ਪ੍ਰਸ਼ਨ 11. ਵਿਸ਼ਵੀਕਰਨ ਉਹ ਪ੍ਰਕਿਰਿਆ ਹੈ ਜਿਸ ਨਾਲ ਕੁੱਲ ਸਭਿਆਚਾਰ, ਕੌਮਾਂ, ਰਾਜ ਇੱਕ ਪੇਚੀਦਾ ਸੰਬੰਧ ਵਿੱਚ.......ਹੋ ਗਏ ਹਨ।**

ੳ) ਬੇਖ਼ਬਰ

ਅ) ਇੱਕਠੇ

ੲ) ਅਲੱਗ

ਸ) ਦੂਰ

**ਪ੍ਰਸ਼ਨ 12. ਵਿਸ਼ਵੀਕਰਨ ਦੇ ਪ੍ਰਭਾਵ ਹੇਠ ਪੰਜਾਬ ਦੇ ਸਭਿਆਚਾਰ ਅਤੇ ਕਲਾ ਦਾ.............ਹੋਇਆ।**

ੳ) ਭੰਡਾਰ

ਅ) ਪਾਸਾਰ

ੲ) ਉਦਯੋਗੀਕਰਨ

ਸ) ਉਪਰੋਕਤ ਵਿਚੋਂ ਕੋਈ ਨਹੀਂ।

**ਪ੍ਰਸ਼ਨ 13. ਵਿਸ਼ਵੀਕਰਨ ਤਹਿਤ ਵਿਸ਼ਵ ਆਰਥਿਕਤਾ ਅਤੇ ਮੁਕਤ ਬਾਜ਼ਾਰ, ਵਿਸ਼ਵ ਪਿੰਡ ਆਦਿ ਧਾਰਨਾਵਾਂ ਦੇ ਪ੍ਰਚਲਨ ਨਾਲ..........ਦੇ ਪੱਛੜੇ ਮੁਲਕਾਂ ਵਿਚ ਸੰਕਟ ਵਧੇ ਹਨ।**

ੳ) ਤੀਜੀ ਦੁਨੀਆਂ

ਅ) ਪਹਿਲੀ ਦੁਨੀਆਂ

ੲ) ਵਿਕਸਤ ਦੇਸ਼ਾਂ

ਸ) ਬਹੁਕੌਮੀ ਕੰਪਨੀਆਂ

**ਪ੍ਰਸ਼ਨ 14. ਵਿਸ਼ਵੀਕਰਨ ਦੀ ਪ੍ਰਕ੍ਰਿਆ ਤੋਂ ਬਾਅਦ ਸਾਰਾ ਵਿਸ਼ਵ ਇੱਕ.............ਬਣ ਗਿਆ ਹੈ।**

ੳ) ਪਿੰਡ

ਅ) ਗਲੋਬ

ੲ) ਸ਼ਹਿਰ

ਸ) ਮਹਾਂਨਗਰ

**ਪ੍ਰਸ਼ਨ 15. ਵਿਸ਼ਵੀਕਰਨ ਕਾਰਨ ਫੁਲਕਾਰੀਆਂ, ਦਰੀਆਂ ਅਤੇ ਹੋਰ ਹੱਥ ਦੀਆਂ ਬਣੀਆਂ ਵਸਤਾਂ..............ਵਿੱਚ ਵਿਕ ਰਹੀਆਂ ਹਨ।**

ੳ) ਸਹੀ ਕੀਮਤ

ਅ) ਸਸਤੀ ਕੀਮਤ

ੲ) ਮਹਿੰਗੀ ਕੀਮਤ

ਸ) ਬਹੁਤ ਸਸਤੀ ਕੀਮਤ

## ਸਵੈ-ਮੁਲਾਂਕਣ ਦਾ ਉੱਤਰ

| | | | | |
|---|---|---|---|---|
| 1 ੲ | 2 ੲ | 3. ਸ | 4. ਸ | 5. ਅ |
| 6. ੲ | 7. ੳ | 8. ਸ | 9. ੳ | 10. ੲ |
| 11. ੲ | 12. ੲ | 13. ੳ | 14. ੳ | 15. ੲ |

## ਅਭਿਆਸ ਪ੍ਰਸ਼ਨ

1. ਵਿਸ਼ਵੀਕਰਨ ਤੋਂ ਕੀ ਭਾਵ ਹੈ? ਵਿਸ਼ਵੀਕਰਨ ਦੇ ਸੰਕਲਪ ਨੂੰ ਪਰਿਭਾਸ਼ਤ ਕਰੋ।

2. ਲੋਕਧਾਰਾ ਤੇ ਵਿਸ਼ਵੀਕਰਨ ਦੇ ਸਬੰਧਾਂ ਬਾਰੇ ਚਰਚਾ ਕਰੋ।

3. ਪੰਜਾਬੀ ਲੋਕਧਾਰਾ ਉੱਤੇ ਵਿਸ਼ਵੀਕਰਨ ਦੇ ਪੈ ਰਹੇ ਪ੍ਰਭਾਵਾਂ ਬਾਰੇ ਨੋਟ ਲਿਖੋ।

੪. ਉਪਭੋਗੀ ਸਭਿਆਚਾਰ ਉੱਤੇ ਵਿਸਥਾਰ ਵਿਚ ਲਿਖੋ।

5. ਵਿਸ਼ਵੀਕਰਨ ਕਰਕੇ ਤੀਜੀ ਦੁਨੀਆਂ ਦੇ ਪੱਛੜੇ ਮੁਲਕਾਂ ਵਿਚ ਸਭਿਆਚਾਰਕ ਸੰਕਟ ਉੱਭਰੇ ਹਨ। ਚਰਚਾ ਕਰੋ।

## ਸੰਦਰਭ ਪੁਸਤਕਾਂ


- ਗੁਰਬਖਸ਼ ਸਿੰਘ ਫਰੈਂਕ, ਸੱਭਿਆਚਾਰ ਅਤੇ ਪੰਜਾਬੀ ਸੱਭਿਆਚਾਰ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ, 1987.
- ਟੀ. ਆਰ. ਵਿਨੋਦ, ਸੰਸਕ੍ਰਿਤੀ ਸਿਧਾਂਤ ਤੇ ਵਿਹਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003.
- ਜਸਵਿੰਦਰ ਸਿੰਘ, ਪੰਜਾਬੀ ਸੱਭਿਆਚਾਰ ਪਛਾਣ ਚਿੰਨ੍ਹ, ਪੁਨੀਤ ਪ੍ਰਕਾਸ਼ਨ, ਪਟਿਆਲਾ, 2014.
- ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਪੰਜਾਬੀ ਰਾਈਟਰਸ ਕੋਆਪਰੇਟਿਵ ਸੋਸਾਈਟੀ ਲਿਮਟਿਡ, ਲੁਧਿਆਣਾ , 1985.
- ਕਰਨਜੀਤ ਸਿੰਘ, ਪੰਜਾਬ ਦੀ ਲੋਕਧਾਰਾ ਤੇ ਪੰਜਾਬੀ ਜੀਵਨ, ਨਵਯੁੱਗ ਪਬਲਸ਼ਿਰਜ਼, ਨਵੀਂ ਦਿੱਲੀ, 1988.


## ਵੈਬ ਲਿੰਕ

- https://pa.wikipedia.org/wiki/%E0%A8%B2%E0%A9%8B%E0%A8%95%E0%A8%A7%E0%A8%BE%E0%A8%B0%E0%A8%BE_%E0%A8%AA%E0%A8%B0%E0%A9%B0%E0%A8%AA%E0%A8%B0%E0%A8%BE_%E0%A8%A4%E0%A9%87_%E0%A8%86%E0%A8%A7%E0%A9%81%E0%A8%A8%E0%A8%BF%E0%A8%95%E0%A8%A4%E0%A8%BE
- https://pa.wikipedia.org/wiki/%E0%A8%B5%E0%A8%BF%E0%A8%B8%E0%A8%BC%E0%A8%B5%E0%A9%80%E0%A8%95%E0%A8%B0%E0%A8%A8_%E0%A8%85%E0%A8%A4%E0%A9%87_%E0%A8%AA%E0%A9%B0%E0%A8%9C%E0%A8%BE%E0%A8%AC%E0%A9%80%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE%E0%A8%BE

0%A8%AC%E0%A9%80_%E0%A8%B8%E0%A8%AD%E0%A8%BF%E0%A8%86%E0%A8%9A%E0%A8%BE%E0%A8%B0

**LOVELY PROFESSIONAL UNIVERSITY**
Jalandhar-Delhi G.T. Road (NH-1)
Phagwara, Punjab (India)-144411
For Enquiry: +91-1824-521360
Fax.: +91-1824-506111
Email: odl@lpu.co.in